ਸ੍ਰੀ ਸਪੀਕਰ : ਇਹ ਅੱਜ ਹੀ ਬਿਜ਼ਨੈਸ ਐਡਵਾਈਜ਼ਰੀ ਕ[illegible] ਵਿਚ ਆ ਜਾਏਗੀ । ਇਸ ਕਮੇਟੀ ਦੇ ਵਿਚ ਤੁਸੀਂ ਆਪ ਹੀ ਮੈਂਬਰ ਹੋ, ਜਿਹੜਾ ਟਾਈਮ [illegible]ਨੂੰ ਸੂਟ ਕਰੇ ਰਖ ਲੈਣਾ । ਸਾਨੂੰ ਹੈਪਹੈਜ਼ਰਡਲੀ ਕੋਈ ਕੰਮ ਨਹੀਂ ਕਰਨਾ ਚਾਹੀਦਾ । ਸਿਸ[illegible]ਟਕ ਢੰਗ ਨਾਲ ਜੇ ਇਹ ਕੀਤਾ ਜਾਵੇ ਤਾਂ ਬਿਹਤਰ ਰਹੇਗਾ । (This matter will come before the Business Advisory Committee to-day. You are also a Member of that committee. You may fix any suitable time for this discussion. We Should not proceed in a haphazard manners it would be better, if everything is done systematically.)

ਸਰਦਾਰ ਉਮਰਾਓ ਸਿੰਘ : ਹੁਣੇ ਹੀ ਫੈਸਲਾ ਕਰ ਲਿਆ ਜਾਵੇ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੇਰੀਆਂ ਦੋ ਐਡਜਰਨਮੈਂਟ ਮੋਸ਼ਨਜ਼ ਹਨ, ਇਕ ਮੁਲਾਜ਼ਮਾਂ ਬਾਰੇ ਅਤੇ ਦੂਜੀ ਬਿਜਲੀ ਬਾਰੇ । ਐਮਪਲਾਈਜ਼ ਬਾਰੇ ਤੁਸੀਂ ਰੂਲਿੰਗ ਦੇ ਦਿਤੀ ਹੈ, ਪਰ ਜਿਹੜੀ ਬਿਜਲੀ ਬਾਰੇ ਮੋਸ਼ਨ ਹੈ, ਕੋਈ ਰੂਲਿੰਗ ਨਹੀਂ ਦਿਤੀ । ਜਿਹੜੀ ਬਿਜਲੀ ਦੀ ਸ਼ਾਰਟੇਜ਼ ਰਹੀ ਹੈ ਇਸ ਦੇ ਨਾਲ ਸਾਰੀ ਸਟੇਟ ਦੀ ਪ੍ਰੋਡਕਸ਼ਨ ਤੇ ਅਸਰ ਪਿਆ ਹੈ । ਇੰਡਸਟਰੀ ਦੀ ਪ੍ਰੋਡਕਸ਼ਨ, ਐਗਰੀਕਲਚਰ ਦੀ ਪ੍ਰੋਡੈਕਸ਼ਨ ਤੇ ਅਸਰ ਪੈਣ ਦੇ ਨਾਲ ਨਾਲ ਪੰਜਾਬ ਦੀ ਅਕਾਨੌਮੀ ਬਹੁਤ ਹੀ ਖਰਾਬ ਹੋਈ ਹੈ ਅਤੇ ਤੁਸੀਂ ਇਸ ਦੇ ਬਾਰੇ ਟਾਈਮ ਹੀ ਅਲਾਟ ਨਹੀਂ ਕੀਤਾ । ਇਹ ਬਹੁਤ ਜ਼ਰੂਰੀ ਮਾਮਲਾ ਹੈ ਅਤੇ ਪੰਜਾਬ ਦੀ ਜ਼ਰੱਈ ਪੈਦਾਵਾਰ, ਇੰਡਸਟਰੀ ਆਦਿ ਤਬਾਹ ਹੋ ਗਈ ਹੈ ਇਸ ਦੇ ਨਾਲ ਹੀ ਬਿਜਲੀ ਨਾ ਮਿਲਣ ਕਾਰਨ ਕੰਨਜ਼ਿਊਮਰ ਨੂੰ ਬਹੁਤ ਨੁਕਸਾਨ ਹੋਇਆ ਹੈ । ਇਸ ਦੇ ਲਈ ਕਿਰਪਾ ਕਰਕੇ ਟਾਈਮ ਅਲਾਟ ਕੀਤਾ ਜਾਏ ਤਾਂ ਕਿ ਅਸੀਂ ਆਪਣਾ ਪੁਆਇੰਟ ਆਫ਼ ਵਿਊ ਰਖ ਸਕੀਏ । ਅਗਰ ਬਿਜਲੀ ਦੀ ਸਪਲਾਈ ਠੀਕ ਢੰਗ ਨਾਲ ਨਹੀਂ ਹੋਵੇਗੀ ਤਾਂ ਪੰਜਾਬ ਦੀ ਪ੍ਰਾਸਪੈਰਿਟੀ ਖ਼ਤਰੇ ਵਿਚ ਪੈ ਜਾਏਗੀ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਹ ਸਟੇਟ ਦੀ ਅਕਾਨੌਮੀ ਦਾ ਸੁਆਲ ਹੈ । ਐਪਲਾਈਜ਼ ਲਈ ਦੋ ਘੰਟੇ ਦਾ ਟਾਈਮ ਮੁਕੱਰਰ ਕਰ ਦਿਤਾ ਹੈ ਅਤੇ ਬਿਜਲੀ ਬਾਰੇ ਕੋਈ ਟਾਈਮ ਮੁਕੱਰਰ ਨਹੀਂ ਕੀਤਾ, ਇਸ ਲਈ ਵੀ ਟਾਈਮ ਮੁਕੱਰਰ ਕਰਨਾ ਚਾਹੀਦਾ ਹੈ । ਤੁਹਾਡੀ ਗੱਲ ਬਾਤ ਕੈਪਟਨ ਸਾਹਿਬ ਨਾਲ ਤਾਂ ਚਲ ਜਾਂਦੀ ਹੈ ਤੁਸੀਂ ਉਨ੍ਹਾਂ ਦੀ ਤਾਂ ਮੰਨ ਲੈਂਦੇ ਹੋ, ਪਰ ਸਾਡੀ ਨਹੀਂ ਮੰਨਦੇ । (ਵਿਘਨ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅੱਜ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਹਾਊਸ ਦੀ ਅਪਰੂਵਲ ਲਈ ਸਦਨ ਦੀ ਮੇਜ਼ ਤੇ ਹੈ । ਇਹ ਜਿਹੜਾ ਤੁਸੀਂ ਦੋ ਘੰਟੇ ਦਾ ਟਾਈਮ ਮੁਕੱਰ ਕੀਤਾ ਹੈ, ਇਹ ਟਾਈਮ ਉਸ ਰਿਪੋਰਟ ਵਿਚ ਇਨਕਾਰਪੋਰੇਟ ਕਰ ਲਿਆ ਜਾਵੇ ਅਤੇ ਇਸ ਤੇ ਅਜ ਹੀ ਬਹਿਸ ਹੋ ਜਾਣੀ ਚਾਹੀਦੀ ਹੈ ।

ਦੂਸਰੀ ਮੇਰੀ ਅਰਜ਼ ਇਹ ਹੈ ਕਿ ਬਿਜਲੀ ਦੇ ਮੁਤਲਕ ਮੇਰੀ ਇਕ ਐਡਜਰਨਮੈਂਟ ਮੋਸ਼ਨ ਤੁਹਾਡੇ ਕੋਲ ਪਹੁੰਚੀ ਹੈ, ਉਸ ਦਾ ਤੁਸੀਂ ਇਥੇ ਕੋਈ ਜ਼ਿਕਰ ਤਕ ਨਹੀਂ ਕੀਤਾ ਅਤੇ ਸਾਰੀਆਂ ਐਡਜਰਨਮੈਂਟ ਮੋਸ਼ਨਾਂ ਐਵੇਂ ਨਥੀ ਹੀ ਕਰ ਦਿਤੀਆਂ ਹਨ । ਇਸ ਬਾਰੇ ਨਹੀਂ ਦਸਿਆ ਕਿ ਕਦੋਂ ਬਹਿਸ ਹੋਵੇਗੀ ।

ਸਟੇਟ ਦੀ ਇਕਾਨੌਮੀ ਦਾ ਸਵਾਲ ਹੈ, ਨਾਰਮਲ ਲਾਈਫ ਖਰਾਬ ਹੋ ਰਹੀ ਹੈ ਇਸ ਬਾਰ ਆਪ ਨੇ ਕੁਝ ਨਹੀਂ ਦਸਿਆ ।

ਸ੍ਰੀ ਸਪੀਕਰ : ਮੈਂ ਕਿਹਾ ਹੈ ਕਿ ਗਵਰਨਰਜ਼ ਐਡਰੈਸ ਤੇ ਬਹਿਸ ਦਾ ਸਕੋਪ ਇਤਨਾ ਵਾਈਡ ਹੈ ਕਿ ਇਸ ਵਿਚ ਇਹ ਸਾਰੀਆਂ ਗਲਾਂ ਵਿਸਥਾਰ ਵਿਚ ਲਈਆਂ ਜਾ ਸਕਦੀਆਂ ਹਨ । (ਵਿਘਨ) (I have said that the scope of the discussion on the Governor's Address is so wide that all the matters can be referred to in detail.) (*Interruptions*)

ਆਵਾਜ਼ਾਂ : ਇਹ ਬਹੁਤ ਜ਼ਰੂਰੀ ਹਨ, ਇਨਾਂ ਲਈ ਟਾਈਮ ਅਲਾਟ ਕਰੋ । (ਸ਼ੋਰ) ਪੰਜਾਬ ਦੀ ਇੰਡਸਟਰੀ ਤਬਾਹ ਹੋ ਜਾਵੇਗੀ । (ਵਿਘਨ)

ANNOUNCEMENT BY THE SPEAKER

Mr. Speaker : I have to in form the House that Sardar Basant Singh, a Member of this House representing Dakala Constituency of the Patiala District, died on the 8th August, 1970.

I have also to inform the House that Sant Sadhu Singh, a Member of this House representing Anandpur Constituency of the Ropar District, died on the 15th October, 1970.

(ਇਸ ਸਮੇਂ ਸਪੀਕਰ ਸਾਹਿਬ ਆਪਣੀ ਸੀਟ ਤੇ ਖੜੇ ਅਨਾਊਂਸਮੈਂਟਸ ਪੜ੍ਹ ਰਹੇ ਸਨ ਕਿ ਸਰਦਾਰ ਰਾਜਾ ਸਿੰਘ ਨੇ ਬੋਲਣਾ ਸ਼ੁਰੂ ਕਰ ਦਿਤਾ ।)

WALK OUT

ਸਰਦਾਰ ਰਾਜਾ ਸਿੰਘ : [** *** *** ***]

Mr. Speaker : Order, please.

ਸਰਦਾਰ ਰਾਜਾ ਸਿੰਘ : [** *** *** ***]
** ** ** ** ** **]
** ** ** ** ** *

ਸ੍ਰੀ ਸਪੀਕਰ : ਮੈਨੂੰ ਆਪ ਨੂੰ ਨੇਮ ਕਰਨਾ ਪਵੇਗਾ । (I shall have to name you.)

ਸਰਦਾਰ ਰਾਜਾ ਸਿੰਘ : [** ** ** **
** ** ** ** ** **

Mr. Speaker ; Whatever is being said without the permission of the Chair should not form part of the proceedings.

ਸਰਦਾਰ ਰਾਜਾ ਸਿੰਘ : ਪੁਲਿਸ ਨੂੰ ਇਨ੍ਹਾਂ ਗਲਾਂ ਤੋਂ ਰੋਕਿਆ ਜਾਵੇ . .(ਵਿਘਨ) ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਬੜੇ ਇੰਪਾਰਟੈਂਟ ਇਸ਼ੂ ਹਨ, ਆਪ ਸਾਨੂੰ ਆਗਿਆ ਦੇਵੋ । ਇਨ੍ਹਾਂ ਤੇ ਬਹਿਸ ਹੋਣੀ ਚਾਹੀਦੀ ਹੈ ।

Mr. Speaker : Please resume your seat.

ਸਰਦਾਰ ਰਾਜਾ ਸਿੰਘ : [* * * *]

Mr. Speaker : Whatever is being said without the permission of the Chair should not be recorded.

(ਇਸ ਸਮੇਂ ਸਰਦਾਰ ਰਾਜਾ ਸਿੰਘ ਪਰੋਟੈਸਟ ਦੇ ਤੌਰ ਤੇ ਵਾਕ ਆਊਟ ਕਰ ਗਏ ।)

---

*Expunged as ordered by the Chair.
*Not recorded as ordered by the Chair

ANNOUNCEMENTS BY THE SPEAKER

RE. PANEL OF CHAIRMEN

Mr. Speaker : Under rule 13(2) of the Rules of Procedure and Conduct of Business in the Punjab Legislative Assembly, I nominate the following Members to serve on the Panel of Chairman :—

1. Sardar Shashpal Singh,
2. Sardar Beant Singh,
3. Master Gurbanta Singh, and
4. Sardar Harcharan Singh Brar.

RE. PRIVILEGES COMMITTEE

Mr. Speaker : I have to inform the House that the Committee of Privileges could not answer the references made to it by the House regarding:—

(i) the threatening behaviour of Sardar Harbhagwan Singh, ex-M.L.A. towards Sardar Trilochan Singh Riyasti, within the precincts of the Punjab Vidhan Sabha;

(i) News-item published in the daily 'Hind Samachar" dated 23rd February, 1970 mentioning certain information regarding the Report of the Committee on Estimates

by the stipulated date, i. e., the 30th September, 1970; and

(iii) the assault on Sardar Umrao Singh, M. L. A. by some Members and outsiders on 26th March, 1970 in the Chamber of the Punjab Vidhan Sabha after the House was adjourned on that day;

within one month of the date on which reference to the Committee was made, i. e. before 30th April, 1970 under the proviso to rule 279(1) of the Rules of Procedure and Conduct of Business in the Punjab Legislative Assembly.

As the House was not in Session, I was approached by the Committee to extend the time for making of the Reports upto 31st January, 1971. I have on behalf of the House granted extention of time for presentation of the Reports up to the commencement of this Session of the House.

Now I am making report to the House in these matters accordingly.

ਸ੍ਰੀ ਬਲਰਾਮ ਦਾਸ ਟੰਡਨ : ਆਨ ਏ ਪੁਆਇੰਟ ਆਫ਼ ਆਰਡਰ, ਸਰ ।

Mr. Speaker : No point of order. please.

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਤਾਂ ਇਹੀ ਅਰਜ਼ ਕਰਨੀ ਹੈ ਕਿ ਆਰਡਰ ਪੇਪਰ ਮੁਤਾਬਿਕ ਬਿਜ਼ਨੈਸ ਹੋਰ ਹੈ....(ਵਿਘਨ) ਆਪ ਹੋਰ ਬਿਜ਼ਨੈਸ ਲੈ ਰਹੇ ਹੋ....(ਵਿਘਨ), ਮੈਂ ਕਮੇਟੀ ਦੀ ਰਿਪੋਰਟ ਬਾਰੇ ਹੀ ਦਸ ਰਿਹਾ ਹਾਂ ..(1)

Mr. Speaker : Please resume your seat. It is in accordance with the rules.

RE. GOVERNOR'S ADDRESS

Mr. Speaker ; In pursuance of Rules 18 of the Rules of Pocedure and Condnct of Business in the Punjab Legislative Assembly, I have to report that the Governor was pleased to address the Punjab Vidhan Sabha on the 15th January, 1971 under Article 176 (1) of the Constitution. A copy of the Address is laid on the Table of the House.

ਰਾਜਪਾਲ ਜੀ ਦਾ ਭਾਸ਼ਨ

ਦੋਸਤੋ,

ਰਾਜ ਵਿਧਾਨ ਸਭਾ ਦੇ ਇਸ ਸਾਲ ਦੇ ਪਹਿਲੇ ਸਮਾਗਮ ਵਿਚ ਸ਼ਾਮਲ ਹੋਣ ਤੇ ਮੈਂ ਆਪ ਜੀ ਨੂੰ ਜੀ-ਆਇਆਂ ਆਖਦਾ ਹਾਂ । ਨਾਲ ਹੀ ਮੈਂ ਵਿਧਾਨ ਸਭਾ ਦੇ ਨਵੇਂ ਚੁਣੇ ਮੈਂਬਰਾਂ ਨੂੰ ਵਧਾਈ ਦਿੰਦਾ ਹਾਂ । ਪਿਛਲੇ ਸਾਲ ਦੇ ਦੌਰਾਨ ਸੰਤ ਸਾਧੂ ਸਿੰਘ ਉਪ-ਮੰਤਰੀ ਦੇ ਸਵਰਗਵਾਸ ਹੋਣ ਨਾਲ ਅਤੇ ਸ: ਬਸੰਤ ਸਿੰਘ ਐਮ. ਐਲ. ਏ. ਦੀ ਦੁਖਦਾਇਕ ਮੌਤ ਨਾਲ ਰਾਜ ਨੂੰ ਜਿਹੜਾ ਨੁਕਸਾਨ ਹੋਇਆ ਹੈ ਉਸ ਦਾ ਮੈਨੂੰ ਅਤੇ ਮੇਰੀ ਸਰਕਾਰ ਨੂੰ ਬਹੁਤ ਦੁਖ ਹੈ ।

2. ਇਹ ਪੰਜਾਬੀਆਂ ਲਈ ਬੜੇ ਮਾਣ ਤੇ ਸੰਤੋਖ ਦੀ ਗੱਲ ਹੈ ਕਿ ਉਨ੍ਹਾਂ ਦਾ ਚੰਡੀਗੜ੍ਹ ਬਾਰੇ ਉਚਿਤ ਦਾਅਵਾ ਭਾਰਤ ਸਰਕਾਰ ਦੁਆਰਾ ਮੰਨ ਲਿਆ ਗਿਆ ਹੈ । ਸਾਨੂੰ ਹੁਣ ਉਸ ਦਿਨ ਦੀ ਉਡੀਕ ਹੈ ਜਦ ਇਹ ਖ਼ੂਬਸੂਰਤ ਸ਼ਹਿਰ ਮੁੜ ਪੰਜਾਬ ਕੋਲ ਹੀ ਆ ਜਾਵੇਗਾ ।

ਫਿਰ ਵੀ, ਇਹ ਬਦਕਿਸਮਤੀ ਦੀ ਗਲ ਹੈ ਕਿ ਫ਼ਾਜ਼ਿਲਕਾ ਦੇ ਇਲਾਕੇ ਸਬੰਧੀ ਇਕ ਕੱਚਾ ਪੱਕਾ ਜਿਹਾ ਫੈਸਲਾ ਕੀਤਾ ਗਿਆ ਹੈ । ਫਾਜ਼ਿਲਕਾ ਦਾ ਇਲਾਕਾ ਇਕ ਪੰਜਾਬੀ ਬੋਲਦਾ ਇਲਾਕਾ ਹੈ । ਮੇਰੀ ਸਰਕਾਰ ਸਾਰੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬੀ ਵਿਚ ਰਖਣ ਅਤੇ ਰਹਿ ਗਏ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਾਉਣ ਲਈ ਪੂਰੀ ਤਰ੍ਹਾਂ ਵਚਨ-ਬੱਧ ਹੈ । ਸਬੰਧਤ ਰਾਜਾਂ ਦੀਆਂ ਹੱਦਾਂ ਦਾ ਕੋਈ ਵੀ ਪੁਨਰਗਠਨ, ਬੋਲੀ ਜਾਂਦੀ ਭਾਸ਼ਾ ਦੇ ਆਧਾਰ ਤੇ ਜਿਹੜੀ ਯੋਗ ਢੰਗ ਨਾਲ ਸਥਾਪਤ ਕੀਤੇ ਕਮਿਸ਼ਨ ਦੁਆਰਾ ਜਿਸ ਵਿਚ ਭਾਸ਼ਾ ਵਿਗਿਆਨੀ ਸ਼ਾਮਲ ਹੋਏ, ਨਿਸਚਿਤ ਹੋਣਾ ਚਾਹੀਦਾ ਹੈ ।

3. ਇਸ ਸਾਲ ਦੇ ਦੌਰਾਨ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਕੰਟਰੋਲ ਵਿਚ ਰਹੀ । ਰਾਜ ਦੁਆਰਾ ਚਾਲੂ ਕੀਤੇ ਮਹਾਨ ਵਿਕਾਸ ਪ੍ਰੋਗਰਾਮਾਂ ਨੂੰ ਯਕੀਨੀ ਬਣਾਉਣ ਲਈ ਕਈ ਕਦਮ ਉਠਾਏ ਗਏ ਤਾਂ ਜੋ ਲੋਕਾਂ ਦੇ ਦਿਲਾਂ ਅੰਦਰ ਕਿਸੇ ਕਿਸਮ ਦੀ

[ਸ੍ਰੀ ਸਪੀਕਰ]

ਬੇਯਕੀਨੀ ਕਾਰਨ ਇਨ੍ਹਾਂ ਪਰੋਗਰਾਮਾਂ ਦੀ ਪ੍ਰਗਤੀ ਉੱਤੇ ਮਾੜਾ ਅਸਰ ਨਾ ਪਵੇ ਮੇਰੀ ਸਰਕਾਰ ਜਨਤਾ ਨੂੰ ਇਕ ਸਵੱਛ ਪ੍ਰਸ਼ਾਸਨ ਦੇਣ ਦੀ ਵੀ ਤੀਬਰ ਇੱਛਾ ਰਖਦੀ ਹੈ। ਇਸ ਲਈ ਭ੍ਰਿਸ਼ਟਾ ਚਾਰ ਵਿਰੁੱਧ ਮੁਹਿੰਮ ਹੋਰ ਤੇਜ਼ ਕੀਤੀ ਗਈ। 108 ਸਰਕਾਰੀ ਕਰਮਚਾਰੀਆਂ, ਜਿਨ੍ਹਾਂ ਵਿਚ ਪੰਜ ਗਜ਼ਟਿਡ ਅਫ਼ਸਰ ਹਨ, ਨੂੰ ਰਿਸ਼ਵਤ ਲੈਂਦਿਆਂ ਫੜਿਆ ਗਿਆ। 12 ਗਜ਼ਟਿਡ ਅਫਸਰਾਂ ਸਮੇਤ 40 ਹੋਰ ਕਰਮਚਾਰੀਆਂ ਨੂੰ ਭ੍ਰਿਸ਼ਟਾ-ਚਾਰ ਨਾਲ ਸਬੰਧਤ ਫੌਜਦਾਰੀ ਕੇਸਾਂ ਵਿਚ ਗ੍ਰਿਫਤਾਰ ਕੀਤਾ ਗਿਆ। ਸਾਲ ਦੇ ਦੌਰਾਨ 30 ਸਰਕਾਰੀ ਕਰਮਚਾਰੀਆਂ ਨੂੰ ਸਜ਼ਾਵਾਂ ਦਿਤੀਆਂ ਗਈਆਂ ਅਤੇ ਹੋਰ 24 ਕਰਮਚਾਰੀਆਂ ਵਿਰੁਧ, ਜਿਨ੍ਹਾਂ ਵਿਚ 7 ਗਜ਼ਟਿਡ ਅਫ਼ਸਰ ਵੀ ਸ਼ਾਮਲ ਹਨ, ਅਨੁਸ਼ਾਸਨੀ ਕਾਰਵਾਈ ਕੀਤੀ ਗਈ।

ਭ੍ਰਿਸ਼ਟਾਚਾਰ ਨੂੰ ਨਜਿਠਣ ਲਈ ਵਿਸ਼ੇਸ਼ ਤਫਤੀਸ਼ ਏਜੰਸੀ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਉਸ ਦਾ ਪੁਨਰਗਠਨ ਕੀਤਾ ਗਿਆ ਹੈ।

ਸ਼ਹਿਰਾਂ ਦੇ ਤੇਜ਼ੀ ਨਾਲ ਵਿਕਾਸ ਹੋਣ ਕਾਰਨ ਕੁਝ ਸੱਮਸਿਆਵਾਂ ਦਾ ਪੈਦਾ ਹੋ ਜਾਣਾ ਕੁਦਰਤੀ ਹੈ ਜਿਨ੍ਹਾਂ ਵਲ ਖਾਸ ਧਿਆਨ ਦੇਣ ਦੀ ਲੋੜ ਹੈ। ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਜਿਹੇ ਮਹੱਤਵਪੂਰਣ ਸ਼ਹਿਰਾਂ ਦੀ ਪੁਲਿਸ ਦੇ ਪ੍ਰਬੰਧ ਨੂੰ ਮਾਡਰਨ ਬਣਾਇਆ ਜਾ ਰਿਹਾ ਹੈ। ਇਨ੍ਹਾਂ ਸ਼ਹਿਰਾਂ ਵਿਚ 7 ਫਲਾਇੰਗ ਸਕਵਾਡ ਵੀ ਕੰਮ ਕਰਨਗੇ। ਇਸ ਨਾਲ ਘੱਟ ਤੋਂ ਘੱਟ ਸਮੇਂ ਵਿਚ ਪੁਲਿਸ ਦੀ ਸਹਾਇਤਾ ਪ੍ਰਾਪਤ ਕਰਨੀ ਸੰਭਵ ਹੋ ਸਕੇਗੀ।

4. ਮੇਰੀ ਸਰਕਾਰ ਨੇ ਦਿਹਾਤੀ ਲੋਕਾਂ ਨੂੰ ਸਹੂਲਤਾਂ ਦੇਣ ਦੇ ਮੰਤਵ ਨਾਲ 16 ਨਵੀਆਂ ਸਬ-ਤਸੀਲਾਂ, 4 ਨਵੀਆਂ ਤਸੀਲਾਂ ਅਤੇ ਤਿੰਨ ਨਵੀਆਂ ਸਬ-ਡਵੀਜ਼ਨਾਂ ਬਣਾ ਦਿਤੀਆਂ ਹਨ।

5. ਮੈਨੂੰ ਇਹ ਦਸਣ ਵਿਚ ਬੜੀ ਪ੍ਰਸੰਨਤਾ ਹੈ ਕਿ ਮੇਰੀ ਸਰਕਾਰ ਨੇ ਰਾਜ ਵਿਚ ਵਿਕਾਸ ਦੀ ਰਫਤਾਰ ਨੂੰ ਤੇਜ਼ ਕਰਨ ਲਈ ਕਈ ਤਰ੍ਹਾਂ ਦੀਆਂ ਕਾਰਵਾਈਆਂ ਕੀਤੀਆਂ ਹਨ। ਆਉਣ ਵਾਲੇ ਸਾਲਾਂ ਦੇ ਦੌਰਾਨ ਜ਼ਰਾਇਤੀ ਪੈਦਾਵਾਰ ਵਧਾਉਣ ਅਤੇ ਪ੍ਰਾਪਤ ਬਿਜਲੀ ਦੀ ਮਿਕਦਾਰ ਨੂੰ ਕਾਇਮ ਰਖਣ ਵਲ ਖਾਸ ਧਿਆਨ ਦਿਤਾ ਜਾ ਰਿਹਾ ਹੈ। ਆਸ ਹੈ ਕਿ ਚਾਲੂ ਸਾਲ ਦੇ ਦੌਰਾਨ ਕਣਕ ਅਤੇ ਚੌਲਾਂ ਦੀ ਪੈਦਾਵਾਰ ਇਕ ਨਵੀਂ ਸ਼ਿਖਰ ਛੂਹ ਲਵੇਗੀ। ਪਿਛਲੇ ਸਾਲ ਮਾਡਲ ਪਿੰਡਾਂ ਦੇ ਵਿਕਾਸ ਲਈ ਇਕ ਉਤਸ਼ਾਹਜਨਕ ਪ੍ਰੋਗਰਾਮ ਚਾਲੂ ਕੀਤਾ ਗਿਆ ਸੀ, ਜਿਸ ਨੂੰ ਪੂਰੇ ਜ਼ੋਰ ਨਾਲ ਚਲਾਇਆ ਜਾ ਰਿਹਾ ਹੈ। 902 ਪਿੰਡਾਂ ਨੂੰ ਚੁਣ ਕੇ ਉਨ੍ਹਾਂ ਦਾ ਮਾਡਲ ਪਿੰਡਾਂ ਦੇ ਤੌਰ ਤੇ ਵਿਕਾਸ ਕੀਤਾ ਜਾ ਰਿਹਾ ਹੈ। ਥੇਨ ਬਹੁ-ਮੰਤਵੀ ਪ੍ਰਾਜੈਕਟ ਨੂੰ ਹੱਥ ਵਿਚ ਲੈਣ ਲਈ ਵੀ ਅੰਤਮ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਜਿਸ ਦਾ ਪੰਜਾਬ ਦੇ ਭਵਿਖਤ ਵਿਕਾਸ ਉੱਤੇ ਦੂਰ-ਰਸੀ ਪ੍ਰਭਾਵ ਪਵੇਗਾ।

ਇਨ੍ਹਾਂ ਸਾਰੇ ਪ੍ਰੋਗਰਾਮਾਂ ਦਾ ਉਪਬੰਧ ਕਰਨ ਲਈ ਰਾਜ ਦੀ ਚੌਥੀ ਪੰਜ-ਸਾਲਾ ਯੋਜਨਾਂ ਲਈ 293.56 ਕਰੋੜ ਰੁਪਏ ਦੀ ਐਲੋਕੇਸ਼ਨ ਨੂੰ, ਵਧਾਉਣ ਦੀ ਸੰਭਾਵਨਾ ਹੈ।

ਯੋਜਨਾ ਬਣਾਈ ਗਈ ਹੈ ਕਿ ਰਾਜ ਵਿਚ ਸਮੁੱਚੇ ਵਿਕਾਸ ਦੀ ਰਫ਼ਤਾਰ 6.7 ਫ਼ੀ ਸਦੀ ਪ੍ਰਤੀ ਸਾਲ ਪ੍ਰਾਪਤ ਕੀਤੀ ਜਾਵੇ, ਜਦ ਕਿ ਰਾਸ਼ਟਰੀ ਟੀਚਾ 5.6 ਫ਼ੀ ਸਦੀ ਪ੍ਰਤੀ ਸਾਲ ਹੈ ।

ਸਾਲ 1970-71 ਦੇ ਦੌਰਾਨ ਯੋਜਨਾ ਉਤੇ 64.10 ਕਰੋੜ ਰੁਪਏ ਖਰਚ ਹੋਣ ਦੀ ਉਮੀਦ ਹੈ । ਸਾਲ 1971-72 ਲਈ ਮੂਲ ਖਰਚ 65.93 ਕਰੋੜ ਰੁਪਏ ਤੋਂ ਵਧਾ ਕੇ 68.05 ਕਰੋੜ ਰੁਪਏ ਕਰ ਦਿਤਾ ਗਿਆ ਹੈ । ਇਸ ਨਾਲ ਹੁਣ ਚਾਲੂ ਕੀਤੀਆਂ ਜਾ ਰਹੀਆਂ ਵੱਖ ਵੱਖ ਜ਼ਰੂਰੀ ਸਕੀਮਾਂ ਵਿਚ ਮਹੱਤਵਪੂਰਣ ਪ੍ਰਗਤੀ ਪ੍ਰਾਪਤ ਕਰਨੀ ਸੰਭਵ ਹੋ ਸਕੇਗੀ ।

6. ਵੱਖ ਵੱਖ ਵਿਭਾਗਾਂ ਦੇ ਖਰਚ ਨੂੰ ਕੰਟਰੋਲ ਅਧੀਨ ਰੱਖਣ ਵਿੱਚ ਉਨ੍ਹਾਂ ਦੀ ਸਹਾਇਤਾ ਲਈ ਸਰਕਾਰ ਨੇ ਸੀਨੀਅਰ ਆਡੀਟਰਾਂ, ਸਹਾਇਕ ਲੇਖਾ ਅਫ਼ਸਰਾਂ ਅਤੇ ਲੇਖਾ ਅਫਸਰਾਂ ਦਾ ਇਕ ਸਾਂਝਾ ਪੂਲ ਬਣਾਇਆ ਹੈ । ਲੇਖੇ ਦੇ ਮਾਮਲਿਆਂ ਵਿਚ ਵੱਖ ਵੱਖ ਦਫ਼ਤਰਾਂ ਦੇ ਕਰਮਚਾਰੀਆਂ ਨੂੰ ਸਿਖਲਾਈ ਦੇਣ ਲਈ ਲੇਖਾ ਸਿਖਲਾਈ ਸੰਸਥਾ ਸਥਾਪਤ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ ।

7. ਲਾਟਰੀਆਂ ਦੀ ਸਕੀਮ, ਜੋ ਮੁੱਖ ਰੂਪ ਵਿਚ ਰਾਜ ਦੀਆਂ ਯੋਜਨਾਵਾਂ ਲਈ ਹੋਰ ਸਾਧਨ ਪੈਦਾ ਕਰਨ ਅਤੇ ਵਿਕਾਸ ਦੀ ਰਫਤਾਰ ਨੂੰ ਕਾਇਮ ਰੱਖਣ ਦੇ ਮੰਤਵ ਨਾਲ ਸ਼ੁਰੂ ਕੀਤੀ ਗਈ ਸੀ, ਕਾਮਯਾਬ ਸਿੱਧ ਹੋਈ ਹੈ । ਸ਼ੁਰੂ ਹੋਣ ਤੋਂ ਲੈ ਕੇ, ਫਰਵਰੀ, 1971 ਦੇ ਅੰਤ ਤਕ, ਇਸ ਸਕੀਮ ਤੋਂ 418 ਲੱਖ ਰੁਪਏ ਦੀ ਆਮਦਨ ਹੋਵੇਗੀ ।

8. ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੇ ਸਿੱਟੇ ਵੱਜੋਂ ਸਰਕਾਰੀ ਕਰਮਚਾਰੀਆਂ ਦੇ ਤਨਖਾਹ ਸਕੇਲਾਂ ਵਿਚ ਰਹਿ ਗਈਆਂ ਤਰੁੱਟੀਆਂ ਨਾਲ ਸਬੰਧਤ ਪ੍ਰਤਿਬੇਨਤੀਆਂ ਉਤੇ ਵਿਚਾਰ ਕਰਨ ਲਈ ਵਿਸ਼ੇਸ਼ ਕਾਰਵਾਈਆਂ ਕੀਤੀਆਂ ਗਈਆਂ । ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਇਸ ਕੰਮ ਨੂੰ ਤਸੱਲੀਬਖਸ਼ ਢੰਗ ਨਾਲ ਮੁਕੰਮਲ ਕਰ ਲਿਆ ਗਿਆ ਹੈ ਅਤੇ ਸਾਰੇ ਵਰਗਾਂ ਦੇ ਕਰਮਚਾਰੀਆਂ ਨਾਲ ਪੂਰਾ ਇਨ-ਸਾਫ ਕੀਤਾ ਗਿਆ ਹੈ ।

ਅਧਿਆਪਕਾਂ ਦੀਆਂ ਤਨਖਾਹਾਂ ਵਿਚ ਕਾਫੀ ਵਾਧਾ ਕੀਤਾ ਗਿਆ ਹੈ । ਸਾਲ 1969-70 ਤੋਂ ਪੰਜਾਬ ਅਤੇ ਪੈਪਸੂ ਰੋਡਵੇਜ਼ ਦੇ ਕਰਮਚਾਰੀਆਂ ਨੂੰ ਕੁਲ ਉਜਰਤ ਬਿਲ ਦੇ 10 ਫ਼ੀ ਸਦੀ ਦਰ ਅਨੁਸਾਰ ਐਕਸ-ਗਰੇਸ਼ੀਆ ਗਰਾਂਟਾਂ ਦਿਤੀਆਂ ਗਈਆਂ ਹਨ । ਪਹਿਲੇ ਸਾਲਾਂ ਵਿਚ ਐਕਸ-ਗਰੇਸ਼ੀਆ ਗਰਾਂਟਾਂ ਕੁਲ ਉਜਰਤ ਬਿਲ ਦੇ 4 ਫ਼ੀ ਸਦੀ ਦਰ ਅਨੁਸਾਰ ਦਿਤੀਆਂ ਜਾਂਦੀਆਂ ਸਨ ।

9. ਵੱਖ ਵੱਖ ਟੈਕਸਾਂ ਨੂੰ ਚੰਗੇਰੀ ਤਰ੍ਹਾਂ ਲਾਗੂ ਕਰਨ ਦੇ ਸਿੱਟੇ ਵੱਜੋਂ 1970-71 ਦੇ ਪਹਿਲੇ ਅੱਧ ਦੇ ਦੌਰਾਨ ਉਗਰਾਹੇ ਗਏ ਟੈਕਸ ਦੀ ਕੁਲ ਰਕਮ ਵਿਚ 4.62 ਕਰੋੜ ਰੁਪਏ ਦਾ ਵਾਧਾ ਹੋਇਆ ਹੈ । ਨਜਾਇਜ਼ ਸ਼ਰਾਬ ਕੱਢਣ ਅਤੇ ਉਸ ਦੀ ਖਪਤ ਨੂੰ ਰੋਕਣ ਲਈ ਲਾਗੂ ਕੀਤੀ ਆਬਕਾਰੀ ਦੀ ਨੀਤੀ ਵੀ ਬਹੁਤ ਸਫਲ ਰਹੀ ਹੈ ।

[ਸ਼੍ਰੀ ਸਪੀਕਰ]

10. ਵਿਕਾਸ ਦੇ ਖੇਤਰ ਵਿਚ ਖੇਤੀਬਾੜੀ ਦੀ ਉਪਜ ਨੂੰ ਲਗਾਤਾਰ ਪਹਿਲ ਦਿਤੀ ਜਾ ਰਹੀ ਹੈ । ਸਾਲ 1970-71 ਲਈ 66·25 ਲੱਖ ਟਨੀਜ਼ ਖੁਰਾਕ ਪੈਦਾ ਕਰਨ ਦੇ ਟੀਚੇ ਦੇ ਮੁਕਾਬਲੇ ਤੇ ਅਗਲੇ ਸਾਲ ਲਈ ਘੱਟ ਤੋਂ ਘੱਟ 68·80 ਲੱਖ ਟਨੀਜ਼ ਦਾ ਟੀਚਾ ਮਿਥਿਆ ਗਿਆ ਹੈ । ਆਸ ਹੈ ਕਿ ਚਾਲੂ ਸਾਲ ਵਿਚ ਅਸਲ ਉਤਪਾਦਨ ਇਸ ਤੋਂ ਵੀ ਵੱਧ ਜਾਵੇਗਾ । ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਪ੍ਰੋਗਰਾਮ ਅਧੀਨ ਚਾਲੂ ਸਾਲ ਦੇ 17.82 ਲੱਖ ਹੈਕਟੇਅਰ ਦੇ ਟੀਚੇ ਦੇ ਮੁਕਾਬਲੇ ਤੇ ਸਾਲ 1971-72 ਦੇ ਦੌਰਾਨ ਕਣਕ, ਮੱਕੀ, ਚੌਲ ਅਤੇ ਬਾਜਰੇ ਲਈ 18·62 ਲੱਖ ਹੈਕਟੇਅਰ ਰਕਬਾ ਕਾਸ਼ਤ ਅਧੀਨ ਲਿਆਂਦਾ ਜਾਵੇਗਾ । ਖੇਤੀਬਾੜੀ ਦੀ ਵੱਧ ਉਪਜ ਸਿੱਧੇ ਤੌਰ ਤੇ ਰਸਾਇਣਕ ਖਾਦਾਂ ਦੀ ਵਰਤੋਂ ਉਤੇ ਅਧਾਰਿਤ ਹੈ । ਇਸ ਲਈ ਖਾਦਾਂ ਦੀ ਖਪਤ ਨੂੰ ਮੌਜੂਦਾ ਮਿਕਦਾਰ ਤੋਂ ਘੱਟੋ ਘੱਟ 3 ਲੱਖ ਟਨੀਜ਼ ਵਧਾ ਦੇਣ ਦੀ ਤਜਵੀਜ਼ ਹੈ । ਛੋਟੇ ਕਿਸਾਨਾਂ ਨੂੰ ਖਾਦਾਂ, ਬੀਜਾਂ ਅਤੇ ਟਿਊਬਵੈਲ ਲਾਉਣ ਲਈ ਥੋੜੇ ਸਮੇ/ਲੰਮੇ ਸਮੇਂ ਦੇ ਕਰਜ਼ੇ ਦੇਣ ਲਈ ਜ਼ਿਲ੍ਹਾ ਸੰਗਰੂਰ ਅਤੇ ਫਿਰੋਜ਼ਪੁਰ ਵਿਚ, ਵਿਕਾਸ ਏਜੰਸੀਆਂ ਸਥਾਪਤ ਕਰਨ ਦੀ ਤਜਵੀਜ਼ ਹੈ । ਪੌਦਿਆਂ ਦੀ ਸੁਰੱਖਿਆ ਅਤੇ ਏਰੀਅਲ ਸਪ੍ਰੇ ਨੂੰ ਪਹਿਲਾਂ ਵਾਂਗ ਹੀ ਪਹਿਲ ਦਿਤੀ ਜਾਵੇਗੀ । ਜ਼ਰਾਇਤੀ ਉਪਜ ਨੂੰ ਵਧਾਉਣ ਲਈ ਬਹੁਤ ਵੱਡੇ ਰਕਬੇ ਵਿਚ ਭੋਂ ਅਤੇ ਜਲ ਸੁਰਖਿਆ ਦੀਆਂ ਕਾਰ-ਵਾਈਆਂ ਕੀਤੀਆਂ ਜਾ ਰਹੀਆਂ ਹਨ ।

11. ਵਪਾਰਕ ਬੈਂਕਾਂ ਨੂੰ ਦਿਹਾਤੀ ਖੇਤਰ ਵਿਚ ਹੋਰ ਜ਼ਿਆਦਾ ਕਰਜ਼ੇ ਦੇਣ ਦਾ ਉਤਸ਼ਾਹ ਦੇਣ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਕਿਸਾਨਾਂ ਦੁਆਰਾ ਕਿਸੇ ਅਨੁਸੂਚਿਤ ਬੈਂਕ ਪਾਸੋਂ ਜ਼ਰਾਇਤੀ ਮਨੋਰਥਾਂ ਲਈ ਲਏ ਕਰਜ਼ਿਆਂ ਸਬੰਧੀ ਕਬਜ਼ੇ-ਬਿਨਾਂ ਰਹਿਨ-ਨਾਮਿਆਂ ਉਤੇ ਭਾਰਤੀ ਸਟੈਂਪ ਐਕਟ, 1899 ਅਧੀਨ ਵਸੂਲੀ ਯੋਗ ਡਿਊਟੀ ਤੋਂ ਛੋਟ ਦਿਤੀ ਜਾਵੇ ਇਸ ਫੈਸਲੇ ਨਾਲ ਰਾਜ ਵਿਚ ਜ਼ਰਾਇਤੀ ਪੈਦਾਵਾਰ ਦੇ ਵਾਧੇ ਨੂੰ ਹੋਰ ਉਤਸ਼ਾਹ ਮਿਲੇਗਾ ।

12. 30 ਜੂਨ, 1970 ਨੂੰ ਖਤਮ ਹੋਣ ਵਾਲੇ ਸਹਿਕਾਰਤਾ ਸਾਲ ਦੇ ਦੌਰਾਨ ਵੱਖ ਵੱਖ ਸਹਿਕਾਰੀ ਸੰਸਥਾਵਾਂ ਦੁਆਰਾ ਥੋੜੇ ਸਮੇਂ ਅਤੇ ਦਰਮਿਆਨੇ ਸਮੇਂ ਲਈ ਕ੍ਰਮਵਾਰ 49.90 ਕਰੋੜ ਰੁਪਏ ਅਤੇ 2.92 ਕਰੋੜ ਰੁਪਏ ਦੇ ਕਰਜ਼ੇ ਦਿਤੇ ਗਏ । ਰਾਜ ਸਹਿਕਾਰੀ ਭੋਂ ਰਹਿਨ ਬੈਂਕ ਨੇ ਵੀ, ਕਿਸਾਨਾਂ ਨੂੰ ਜ਼ਰਾਇਤੀ ਉਦੇਸ਼ਾਂ ਹਿਤ ਜਿਵੇਂ ਕਿ ਟਰੈਕਟਰ ਅਤੇ ਜ਼ਰਾਇਤੀ ਮਸ਼ੀਨਰੀ ਖਰੀਦਨ ਅਤੇ ਟਿਊਬਵੈਲ ਆਦਿ ਲਾਉਣ ਲਈ 17.89 ਕਰੋੜ ਰੁਪਏ ਦੇ ਲੰਮੇ ਸਮੇਂ ਦੇ ਕਰਜ਼ੇ ਦਿਤੇ । ਸਾਲ 1971-72 ਵਿਚ ਅਜਿਹੇ ਕਰਜ਼ਿਆਂ ਨੂੰ 20 ਕਰੋੜ ਰੁਪਏ ਤਕ ਵਧਾਉਣ ਦੀ ਤਜਵੀਜ਼ ਹੈ ।

ਜ਼ਰਾਇਤੀ ਇਨਕਲਾਬ ਆਉਣ ਨਾਲ ਟਰੈਕਟਰਾਂ ਅਤੇ ਜ਼ਰਾਇਤੀ ਮਸ਼ੀਨਰੀ ਦੀ ਮੰਗ ਵਿਚ ਕਾਫੀ ਵਾਧਾ ਹੋਇਆ ਹੈ । ਪੰਜਾਬ ਐਗਰੋ-ਇੰਡਸਟ੍ਰੀਜ਼ ਕਾਰਪੋਰੇਸ਼ਨ ਦੁਆਰਾ ਜ਼ਰਾਇਤੀ ਮਸ਼ੀਨਰੀ ਦਰਾਮਦ ਕਰਨ ਲਈ ਇਕ ਵਿਸ਼ੇਸ਼ ਪ੍ਰਾਜੈਕਟਰ ਬਣਾਇਆ ਗਿਆ ਸੀ । ਇਸ ਸਬੰਧ ਵਿਚ ਵਿਸ਼ਵ ਬੈਂਕ ਨਾਲ 8,000 ਟਰੈਕਟਰ ਦਰਾਮਦ ਕਰਨ ਦੇ ਇਕ ਇਕਰਾਰ-ਨਾਮੇ ਉਤੇ ਹਸਤਾਖਰ ਵੀ ਹੋ ਚੁਕੇ ਹਨ । ਇਹ ਟਰੈਕਟਰ ਲਗ ਭਗ ਦੋ ਸਾਲ ਦੇ ਸਮੇਂ ਦੇ ਅੰਦਰ ਅੰਦਰ ਦਰਾਮਦ ਕਰ ਲਏ ਜਾਣਗੇ । ਕਿਸਾਨਾਂ ਦੀਆਂ ਕਰਜ਼ਾ ਲੋੜਾਂ ਦਾ 80 ਫੀ ਸਦੀ ਭਾਗ ਪੰਜਾਬ ਰਾਜ ਸਹਿਕਾਰੀ ਭੋਂ ਰਹਿਨ ਬੈਂਕ ਦੁਆਰਾ ਪੂਰਾ ਕੀਤਾ ਜਾਵੇਗਾ ।

ਜੂਨ, 1970 ਨੂੰ ਖਤਮ ਹੋਣ ਵਾਲੇ ਸਹਿਕਾਰੀ ਸਾਲ ਵਿਚ ਰਾਜ ਸਹਿਕਾਰੀ ਸਪਲਾਈ ਅਤੇ ਮਾਰਕੀਟਿੰਗ ਫੈਡਰੇਸ਼ਨ ਨੇ ਕਿਸਾਨਾਂ ਨੂੰ 34.92 ਕਰੋੜ ਰੁਪਏ ਦੀਆਂ ਖਾਦਾਂ ਸਪਲਾਈ ਕੀਤੀਆਂ। ਪ੍ਰਾਇਮਰੀ ਸਹਿਕਾਰੀ ਮਾਰਕੀਟਿੰਗ ਸੋਸਾਇਟੀਆਂ ਨੇ ਵੀ ਅਨਾਜ ਵੇਚਣ ਵਿਚ ਕਿਸਾਨਾਂ ਦੀ ਮਦਦ ਕੀਤੀ ਅਤੇ 56.55 ਕਰੋੜ ਰੁਪਏ ਦਾ ਅਨਾਜ ਖਰੀਦਿਆ। ਮਾਰਕੀਟਿੰਗ ਫੇਡਰੇਸ਼ਨ ਨੇ ਅਨਾਜ ਦੀ ਪ੍ਰਾਪਤੀ ਦੇ ਕੰਮ ਨੂੰ ਵੀ ਹੱਥ ਵਿਚ ਲਿਆ ਅਤੇ 51.13 ਕਰੋੜ ਰੁਪਏ ਦੇ ਮੁਲ ਦੀ ਕਣਕ ਖਰੀਦੀ।

ਖੇਤੀ ਬਾੜੀ ਨੂੰ ਮਾਡਰਨ ਬਣਾਉਣ ਦੇ ਨਾਲ ਨਾਲ ਇਹ ਵੀ ਜ਼ਰੂਰੀ ਹੈ ਕਿ ਜ਼ਰਾਇਤ ਉਤੇ ਅਧਾਰਤ ਉਦਯੋਗਾਂ ਦੇ ਵਿਕਾਸ ਵਲ ਵੀ ਯੋਗ ਧਿਆਨ ਦਿਤਾ ਜਾਵੇ। ਇਸ ਸਬੰਧ ਵਿਚ ਇਕ ਮਹੱਤਵਪੂਰਣ ਵਾਧਾ ਕੀਤਾ ਗਿਆ ਹੈ। ਜਲੰਧਰ ਵਿਖੇ ਫੈਡਰੇਸ਼ਨ ਇਕ ਸਹਿਕਾਰੀ ਕੇਨਿੰਗ ਫੈਕਟਰੀ ਲਾ ਰਹੀ ਹੈ। ਅੰਗੂਰਾਂ ਦੀ ਸ਼ਰਾਬ ਤਿਆਰ ਕਰਨ ਅਤੇ ਅੰਡਿਆਂ ਦਾ ਪਾਊਡਰ ਬਣਾਉਣ ਦਾ ਇਕ ਇਕ ਕਾਰਖਾਨਾ ਲਾਉਣ ਦੀ ਵੀ ਤਜਵੀਜ਼ ਹੈ।

ਲੁਧਿਆਣੇ ਵਿਖੇ ਇਕ ਫਰਟੇਲਾਈਜ਼ਰ ਗਰੇਨੂਲੇਟਿੰਗ ਪਲਾਟ ਸਥਾਪਤ ਕੀਤਾ ਗਿਆ ਹੈ। ਫੈਡਰੇਸ਼ਨ ਨੇ ਫਸਲਾਂ ਉਦੇ ਕੀੜੇ ਮਾਰ ਦਵਾਈਆਂ ਛਿੜਕਣ ਲਈ ਹੈਲੀਕੈਪਟਰਾਂ ਦਾ ਆਪਣਾ ਫਲੀਟ ਪ੍ਰਾਪਤ ਕਰਨ ਦਾ ਵੀ ਫੈਸਲਾ ਕਰ ਲਿਆ ਹੈ।

13. ਭਾਵੇਂ ਪਿਛਲੇ ਸਾਲਾਂ ਦੇ ਦੌਰਾਨ ਜ਼ਰਾਇਤੀ ਉਤਪਾਦਨ ਵਿਚ ਅਦਭੁਤ ਵਾਧਾ ਹੋਇਆ ਹੈ ਫਿਰ ਵੀ ਖੇਤੀ ਬਾੜੀ ਦੇ ਆਧੁਨਿਕ ਢੰਗਾਂ ਦੀ ਵਰਤੋਂ ਕਰਨ ਨਾਲ ਹੋਰ ਵਾਧਾ ਹੋਣ ਦੀ ਵੀ ਬਹੁਤ ਆਸ ਹੈ। ਮੇਰੀ ਸਰਕਾਰ ਕਿਸਾਨਾਂ ਨੂੰ ਲੋੜੀਂਦੀਆਂ ਸਹੂਲਤਾਂ ਦੇਣ ਲਈ ਪੂਰੀ ਤਰ੍ਹਾਂ ਵਚਨ-ਬੱਧ ਹੈ। ਖੇਤੀ ਬਾੜੀ ਦੇ ਵੱਖ ਵੱਖ ਢੰਗਾਂ ਨੂੰ ਮਾਡਰਨ ਬਣਾਉਣਾ ਬਹੁਤ ਜ਼ਰੂਰੀ ਹੈ। ਆਉਣ ਵਾਲੇ ਸਾਲਾਂ ਵਿਚ ਖੇਤੀ ਦੀ ਕਸਟਮ ਕਾਸ਼ਤ ਅਤੇ ਕਟਾਈ ਮਾਡਰਨ ਜ਼ਰਾਇਤੀ ਮਸ਼ੀਨਰੀ ਨਾਲ ਕਰਨ ਦੀ ਮੰਗ ਤੇਜ਼ੀ ਨਾਲ ਵੱਧ ਜਾਵੇਗੀ। ਕਪਾਹ, ਚੌਲ, ਮੂੰਗਫਲੀ ਦੀਆਂ ਫਸਲਾਂ ਉਤੇ ਜੇ ਏਰੀਅਲ ਸਪ੍ਰੇ ਕਰਨ ਦਾ ਪ੍ਰਬੰਧ ਹੋਵੇ ਤਾਂ ਇਨ੍ਹਾਂ ਫਸਲਾਂ ਦੀ ਪੈਦਾਵਾਰ ਵਿਚ ਕਾਫੀ ਵਾਧਾ ਹੋ ਸਕਦਾ ਹੈ। ਇਸ ਲਈ ਕਪਾਹ, ਚੌਲ, ਅਤੇ ਮੂੰਗਫਲੀ ਵਾਲੇ ਕੁਲ ਰਕਬੇ ਵਿਚ ਕਸਟਮ ਕਾਸ਼ਤ ਕਰਨ, ਫਸਲਾਂ ਕੱਟਣ ਅਤੇ ਉਨ੍ਹਾਂ ਉਤੇ ਏਰੀਅਲ ਸਪ੍ਰੇ ਕਰਨ ਲਈ ਕਦਮ ਚੁਕੇ ਜਾ ਰਹੇ ਹਨ।

ਜੇ ਕਿਸਾਨ ਵੱਧ ਤੋਂ ਵੱਧ ਸੰਭਵ ਸਿੱਟੇ ਪ੍ਰਾਪਤ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਦੁਆਰਾ ਖੇਤੀ ਬਾੜੀ ਦੇ ਉੱਨਤ ਢੰਗਾਂ ਦਾ ਅਪਣਾਇਆ ਜਾਣਾ ਜ਼ਰੂਰੀ ਹੈ। ਇਸ ਲਈ ਇਸ ਸਬੰਧੀ ਸਾਰੇ ਬਲਾਕਾਂ ਵਿਚ ਪ੍ਰਚਾਰ ਅਤੇ ਡਿਮਾਂਸਟਰੇਸ਼ਨ ਯੂਨਿਟਾਂ ਨੂੰ ਸਥਾਪਤ ਕਰਨ ਦੇ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ।

14. ਸਾਲ 1970 ਦੇ ਦੌਰਾਨ ਭਾਰੀ ਫਸਲ ਹੋਣ ਕਾਰਨ, ਕੇਵਲ ਮਈ ਅਤੇ ਜੂਨ ਦੇ ਮਹੀਨਿਆਂ ਵਿਚ ਹੀ 21.60 ਲੱਖ ਟਨੀਜ਼ ਕਣਕ ਮੰਡੀਆਂ ਵਿਚ ਆਈ ਸੀ ਜਦ ਕਿ ਪਿਛਲੇ ਸਾਲ ਦਸੰਬਰ, 1969 ਤਕ 20.60 ਲੱਖ ਟਨੀਜ਼ ਆਈ ਸੀ। ਖਰਾਕ ਅਤੇ

[ਸ੍ਰੀ ਸਪੀਕਰ]

ਸਪਲਾਈ ਵਿਭਾਗ, ਭਾਰਤੀ ਖੁਰਾਕ ਕਾਰਪੋਰੇਸ਼ਨ ਅਤੇ ਮਾਰਕੀਟਿੰਗ ਫੈਡਰੇਸ਼ਨ ਨੇ ਪਿਛਲੇ ਸਾਲ ਦੇ 18.70 ਲੱਖ ਟਨੀਜ਼ ਦੇ ਮੁਕਾਬਲੇ ਤੇ ਇਸ ਸਾਲ ਓਨੇ ਸਮੇਂ ਦੇ ਦੌਰਾਨ 23.62 ਲੱਖ ਟਨੀਜ਼ ਕਣਕ ਖਰੀਦੀ। ਇਸ ਸਬੰਧੀ ਸਮੁਚੇ ਭਾਰਤ ਦਾ ਟੀਚਾ 37 ਲੱਖ ਟਨੀਜ਼ ਸੀ। ਅਗਲੇ ਸਾਲ ਲਈ ਕਣਕ ਖਰੀਦਣ ਦਾ ਰਾਜ ਦਾ ਟੀਚਾ 26 ਲੱਖ ਟਨੀਜ਼ ਨਿਯਤ ਕੀਤਾ ਗਿਆ ਹੈ। ਪਿਛਲੇ ਸਾਲ ਦੇ 13.87 ਲੱਖ ਟਨੀਜ਼ ਦੇ ਮੁਕਾਬਲੇ ਤੇ ਓਨੇ ਸਮੇਂ ਦੇ ਦੌਰਾਨ ਦਸੰਬਰ, 1970 ਤਕ ਪ੍ਰਾਪਤ ਕੀਤੀ 16.45 ਲੱਖ ਟਨੀਜ਼ ਕਣਕ ਦੂਜੇ ਰਾਜਾਂ ਨੂੰ ਭੇਜੀ ਗਈ।

ਕੇਂਦਰੀ ਪੂਲ ਲਈ ਚੌਲ ਖਰੀਦਣ ਦੇ 3 ਲੱਖ ਟਨੀਜ਼ ਦੇ ਟੀਚੇ ਦੇ ਮੁਕਾਬਲੇ ਤੇ ਦਸੰਬਰ, 1970 ਤਕ 2.28 ਲੱਖ ਟਨੀਜ਼ ਚੌਲ ਖਰੀਦੇ ਜਾ ਚੁਕੇ ਹਨ। ਇਹ ਸਾਰਾ ਸਟਾਕ ਦੂਜੇ ਰਾਜਾਂ ਨੂੰ ਭੇਜਿਆ ਜਾ ਚੁਕਾ ਹੈ। ਕੀਮਤਾਂ ਨੂੰ ਸਥਿਰ ਰੱਖਣ ਲਈ ਭਾਰਤੀ ਖੁਰਾਕ ਕਾਰਪੋਰੇਸ਼ਨ ਨੇ ਵੀ 1.30 ਲੱਖ ਟਨੀਜ਼ ਪੈਡੀ ਖਰੀਦਿਆ ਹੈ।

ਸਰਕਾਰ ਨੇ ਗੁਦਾਮਾਂ ਦੀ ਉਸਾਰੀ ਲਈ ਦੋ ਪੜਾਵਾਂ ਵਿਚ ਇਕ ਕਰੈਸ਼ ਪ੍ਰੋਗਰਾਮ ਚਾਲੂ ਕੀਤਾ ਹੈ ਜਿਸ ਨਾਲ ਹਰ ਪੜਾ ਵਿਚ 40,000 ਅਤੇ 60,000 ਟਨੀਜ਼ ਦੀ ਸਮਰੱਥਾ ਦੇ ਗੁਦਾਮਾਂ ਵਿਚ ਅਨਾਜ ਸਟੋਰ ਕਰਨ ਦਾ ਉਚਿਤ ਪ੍ਰਬੰਧ ਹੋ ਸਕੇਗਾ। ਹੁਣ ਤਕ 70,000 ਟਨੀਜ਼ ਦੀ ਸਮਰੱਥਾ ਵਾਲੇ ਗੁਦਾਮ ਬਣਾਏ ਜਾ ਚੁਕੇ ਹਨ ਅਤੇ ਬਾਕੀ ਰਹਿੰਦੇ ਗੁਦਾਮਾਂ ਦੇ ਮੁਕੰਮਲ ਕਰਨ ਦਾ ਕੰਮ ਪੂਰਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪ੍ਰਾਈਵੇਟ ਪਾਰਟੀਆਂ ਨੇ ਸਰਕਾਰ ਦੁਆਰਾ ਨਿਸਚਿਤ ਕੀਤੇ ਵਿਵਰਣ ਅਨੁਸਾਰ ਲਗਭਗ ਇਕ ਲੱਖ ਟਨੀਜ਼ ਦੀ ਸਮਰੱਥਾ ਦੇ ਗੁਦਾਮ ਬਣਾਏ ਹਨ ਅਤੇ ਇਹ ਵੀ ਸਰਕਾਰ ਦੁਆਰਾ ਕਿਰਾਏ ਤੇ ਲੈ ਲਏ ਗਏ ਹਨ।

ਥੁੜ ਵਾਲੇ ਮਹੀਨਿਆਂ ਦੇ ਦੌਰਾਨ ਕੀਮਤਾਂ ਵਧਣ ਦੀ ਸੰਭਾਵਨਾ ਨੂੰ ਖਤਮ ਕਰਨ ਲਈ ਸਸਤੇ ਭਾਵ ਦੀਆਂ ਸਰਕਾਰੀ ਦੁਕਾਨਾਂ ਨੇ ਕਣਕ ਦਾ ਆਟਾ ਅਤੇ ਚੌਲ ਦੇਣੇ ਸ਼ੁਰੂ ਕਰ ਦਿਤੇ ਹਨ।

15. ਇਹ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਕੇਂਦਰੀ ਪ੍ਰਾਜੈਕਟ ਸਥਾਪਤ ਕਰਨ ਵਿਚ ਸਾਡੇ ਰਾਜ ਦਾ ਕੋਈ ਖਿਆਲ ਨਹੀਂ ਰੱਖਿਆ ਗਿਆ। ਰਾਜ ਨੂੰ ਕੇਂਦਰੀ ਪ੍ਰਾਜੈਕਟਾਂ ਦਾ ਉਚਿਤ ਹਿੱਸਾ ਦਿਵਾਉਣ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਕੀਤੇ ਜਾਂਦੇ ਰਹਿਣਗੇ।

ਪੰਜਾਬ ਉਦਯੋਗ ਵਿਕਾਸ ਕਾਰਪੋਰੇਸ਼ਨ ਚੌਥੀ ਪੰਜ-ਸਾਲਾ ਯੋਜਨਾ ਦੇ ਦੌਰਾਨ ਪੋਲੀ-ਐਸਟਰ ਰੇਸ਼ੇ, ਟਰੈਕਟਰ, ਸਟੀਲ ਬਿਲੈਟਸ, ਸਟਾਰਚ ਅਤੇ ਗੁਲੂਕੋਸ, ਸ਼ੀਸ਼ੇ ਦੀਆਂ ਬੋਤਲਾਂ, ਸਿਨਥੈਟਿਕ ਡਿਟਰਜੈਂਟਸ, ਇਲੈਕਟ੍ਰਾਨਿਕ ਪੁਰਜ਼ੇ, ਸ਼ੁੱਧ ਮਾਪ-ਯੰਤਰ ਅਤੇ ਲਾਗਰ (ਬੀਅਰ) ਤਿਆਰ ਕਰਨ ਲਈ 35 ਕਰੋੜ ਰੁਪਏ ਦੇ ਪੂੰਜੀਗਤ ਖਰਚੇ ਨਾਲ ਪ੍ਰਾਜੈਕਟ ਚਾਲੂ ਕਰਨ ਦਾ ਵਿਚਾਰ ਰਖਦੀ ਹੈ। ਇਨ੍ਹਾਂ ਪ੍ਰਾਜੈਕਟਾਂ ਨਾਲ ਵਧੀਕ ਰੋਜ਼ਗਾਰ ਦੇ ਅਵਸਰ

ਮਿਲਣ ਤੋਂ ਇਲਾਵਾ ਰਾਜ ਨੂੰ ਚੋਖੀ ਆਮਦਨ ਵੀ ਹੋਵੇਗੀ । ਇਸ ਸਾਲ ਦੇ ਦੌਰਾਨ ਕਾਰਪੋਰੇਸ਼ਨ ਨੇ ਬਹੁਤ ਸਾਰੇ ਕਾਰਖਾਨੇਦਾਰਾਂ ਨੂੰ ਪ੍ਰਾਈਵੇਟ ਜੈਨਰੇਟਿੰਗ ਸੈਟ ਖਰੀਦਣ ਲਈ 52·46 ਲਖ ਰੁਪਏ ਦੇ ਕਰਜ਼ੇ ਦੇਣੇ ਪਰਵਾਨ ਕੀਤੇ ਹਨ । ਢੰਡਾਰੀ, ਰਾਜਪੁਰਾ ਅਤੇ ਮੁਹਾਲੀ ਵਿਖੇ ਉਦਯੋਗ ਵਿਕਾਸ ਕੇਂਦਰ ਨੂੰ ਉੱਨਤ ਕੀਤਾ ਗਿਆ ਹੈ ਅਤੇ ਤਸੱਲੀ-ਬਖਸ਼ ਤਰੀਕੇ ਨਾਲ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ ।

ਸਰਕਾਰ ਦੁਆਰਾ ਕੀਤੇ ਗਏ ਜ਼ੋਰਦਾਰ ਯਤਨਾਂ ਦੇ ਸਿਟੇ ਵਜੋਂ ਇਸ ਸਾਲ ਦੇ ਦੌਰਾਨ ਰਾਜ ਦੇ ਕੱਚੇ ਲੋਹੇ ਦੀ ਐਲੋਕੇਸ਼ਨ 56,000 ਮੀਟਰਕ ਟਨ ਤੋਂ ਵੱਧ ਕੇ 1,35,000 ਮੀਟਰਕ ਟਨ ਹੋ ਗਈ ਹੈ । ਇਸੇ ਤਰ੍ਹਾਂ ਲੋਹੇ ਅਤੇ ਸਟੀਲ ਦੀ ਐਲੋ-ਕੇਸ਼ਨ ਵੀ ਦੇਸ਼ ਦੀ ਸਮੁੱਚੀ ਪ੍ਰਾਪਤ ਮਿਕਦਾਰ ਵਿਚੋਂ 3 ਫੀ ਸਦੀ ਤੋਂ ਵਧ ਕੇ 7 ਫੀ ਸਦੀ ਹੋ ਗਈ ਹੈ ।

ਦਿਹਾਤੀ ਇਲਾਕਿਆਂ ਵਿਚ ਉਦਯੋਗਾਂ ਦੇ ਵਿਕਾਸ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ । ਮੁਰਗੀ ਪਾਲਣ ਤੇ ਡੇਅਰੀ ਫ਼ਾਰਮਾਂ ਨੂੰ ਉਦਯੋਗ ਰਾਜ ਸਾਹਾਇਤਾ ਐਕਟ ਅਧੀਨ ਕਰਜ਼ੇ ਲੈਣ ਲਈ ਪਾਤਰ ਉਦਯੋਗ ਕਰਾਰ ਦਿਤਾ ਗਿਆ ਹੈ । ਰੇਸ਼ਮੀ ਕੀਟ ਪਾਲਣ ਉਦਯੋਗ ਨੂੰ ਉਤਸਾਹਿਤ ਕਰਨ ਲਈ ਬਿਮਾਰੀ-ਰਹਿਤ ਕੀੜੇ ਪੈਦਾ ਕਰਨ ਦੇ ਕੰਮ ਨੂੰ ਤੇਜ਼ ਕੀਤਾ ਜਾ ਰਿਹਾ ਹੈ ।

16. ਜ਼ਰਾਇਤੀ ਅਤੇ ਉਦਯੋਗਿਕ ਵਿਕਾਸ, ਸਿੰਜਾਈ ਅਤੇ ਬਿਜਲੀ ਦੀਆਂ ਸਹੂਲਤਾਂ ਮਿਲਣ ਤੇ ਨਿਰਭਰ ਕਰਦਾ ਹੈ । ਨਹਿਰ ਅਪਰਬਾਰੀ ਦੁਆਬਾ ਦੇ ਇਲਾਕੇ ਵਿਚ ਮੌਸਮੀ ਸਿੰਜਾਈ ਦੇ ਸਾਧਨ ਵਧਾਉਣ, ਕੱਸੀਆਂ ਤੇ ਰਜਵਾਹਿਆਂ ਦੇ ਵਿਸਤਾਰ ਤੇ ਨਵਰੂਪਣ, ਵਧੀਕ ਟਿਊਬਵੈਲ ਲਾਉਣ ਅਤੇ ਕੱਸੀਆਂ ਤੇ ਰਜਵਾਹਿਆਂ ਨੂੰ ਪੱਕਾ ਕਰਨ ਨਾਲ ਸਬੰਧਤ ਸਕੀਮਾਂ ਦਾ ਕੰਮ ਚਾਲੂ ਹੈ । ਇਨ੍ਹਾਂ ਸਕੀਮਾਂ ਨਾਲ ਸਿੰਜਾਈ ਦੀਆਂ ਅਤਿ ਲੋੜੀਂਦੀਆਂ ਸਹੂਲਤਾਂ ਵਿਚ ਵਾਧਾ ਹੋਵੇਗਾ । ਉਤਲੀ ਸਤ੍ਹਾ ਦੇ ਪਾਣੀ ਦੀ ਵਰਤੋਂ ਕਰਨ ਦੇ ਨਾਲ ਨਾਲ ਜ਼ਮੀਨ ਹੇਠਲੇ ਪਾਣੀ ਦੀ ਵੀ ਉਚਿਤ ਵਰਤੋਂ ਕਰਨੀ ਚਾਹੀਦੀ ਹੈ । ਇਸ ਅਨੁਸਾਰ 10 ਕਰੋੜ ਰੁਪਏ ਦੀ ਅਧਿਕਾਰਤ ਪੂੰਜੀ ਨਾਲ ਇਕ ਟਿਊਬਵੈਲ ਕਾਰਪੋਰੇਸ਼ਨ ਕਾਇਮ ਕੀਤੀ ਜਾ ਰਹੀ ਹੈ । ਇਹ ਕਾਰਪੋਰੇਸ਼ਨ ਅਜਿਹੇ ਇਲਾਕਿਆਂ ਵਿਚ ਜਿਥੇ ਲੋਕ ਆਪ ਟਿਊਬਵੈਲ ਨਹੀਂ ਲਵਾ ਸਕਦੇ, ਸਰਕਾਰੀ ਟਿਊਬਵੈਲ ਲਵਾਏਗੀ । ਪਾਕਿਸਤਾਨ ਨੂੰ ਰਾਵੀ ਦੇ ਪਾਣੀ ਦੀ ਸਪਲਾਈ ਬੰਦ ਕਰਨ ਨਾਲ ਅਜਿਹੇ ਪਾਣੀ ਦੀ ਪੂਰੀ ਤਰ੍ਹਾਂ ਵਰਤੋਂ ਕਰਨ ਲਈ ਰਾਜ ਸਰਕਾਰ ਥੇਨ ਡੈਮ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਵਚਨ-ਬੱਧ ਹੈ ਅਤੇ ਕੇਂਦਰੀ ਜਲ ਸ਼ਕਤੀ ਕਮਿਸ਼ਨ ਦੁਆਰਾ ਸਕੀਮ ਦੀ ਤੁਰਤ ਪ੍ਰਵਾਨਗੀ ਦੇ ਪ੍ਰਸ਼ਨ ਸਬੰਧੀ ਭਾਰਤ ਸਰਕਾਰ ਨਾਲ ਗੱਲ ਬਾਤ ਕਰ ਰਹੀ ਹੈ । ਇਸ ਡੈਮ ਦੀ ਜਾਂਚ ਪੜਤਾਲ ਅਤੇ ਯੋਜਨਾਬੰਦੀ ਦਾ ਕੰਮ ਜਾਰੀ ਹੈ । ਇਸ ਮੰਤਵ ਲਈ ਸਾਲ 1971-72 ਦੀ ਸਾਲਾਨਾ ਯੋਜਨਾ ਵਿਚ ਇਕ ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ ।

ਹੜ-ਰੋਕੂ ਸਕੀਮਾਂ ਅਧੀਨ 139 ਮੀਲ ਲੰਮੇ ਨਾਲੇ ਬਣਾਉਣ ਲਈ ਮੌਜੂਦਾ ਵਿੱਤੀ ਸਾਲ ਦੇ ਦੌਰਾਨ 250 ਲੱਖ ਰੁਪਏ ਖਰਚ ਕੀਤੇ ਜਾਣਗੇ । ਅਗਲੇ ਸਾਲ

[ਸ੍ਰੀ ਸਪੀਕਰ]

ਦੀ ਯੋਜਨਾ ਵਿਚ ਇਸ ਮੰਤਵ ਲਈ 275 ਲਖ ਰੁਪਏ ਦੀ ਰਕਮ ਰਖਣ ਦੀ ਤਜਵੀਜ਼ ਹੈ ।

620 ਮੈਗਾਵਾਟ ਦੀ ਸਥਾਪਤ ਸਮਰਥਾ ਵਾਲੇ ਗੁਰੂ ਨਾਨਕ ਬਠਿੰਡਾ ਥਰਮਲ ਪਲਾਂਟ ਦਾ ਕੰਮ ਪੂਰੇ ਜ਼ੋਰ ਨਾਲ ਕੀਤਾ ਜਾ ਰਿਹਾ ਹੈ । ਨੇਪਰੇ ਚਾੜ੍ਹੇ ਜਾਣ ਵਾਲੇ ਹੋਰ ਪ੍ਰਾਜੈਕਟਾਂ ਵਿਚ ਨਹਿਰ ਅਪਰਬਾਰੀ ਦੁਆਬ ਹਾਈਡਲ ਸਕੀਮ ਅਤੇ ਸ਼ਨਾਨ ਬਿਜਲੀ ਘਰ ਦਾ ਨਵਰੂਪਣ ਆਦਿ ਸ਼ਾਮਲ ਹੈ । ਫੌਰੀ ਬਿਜਲੀ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਰਾਜ ਬਿਜਲੀ ਬੋਰਡ 63.24 ਮੈਗਵਾਟ ਦੀ ਕੁਲ ਸਮਰੱਥਾ ਵਾਲੇ 54 ਡੀਜ਼ਲ ਸੈਟ ਵੀ ਪ੍ਰਾਪਤ ਕਰ ਰਿਹਾ ਹੈ । ਜਿਥੋਂ ਤਕ ਬਿਜਲੀ ਦੀ ਪ੍ਰਾਪਤੀ ਦਾ ਸਵਾਲ ਹੈ ਚਾਲੂ ਸਾਲ ਵਿਚ ਬਿਜਲੀ ਦੀ ਬਹੁਤ ਘਾਟ ਰਹੀ ਹੈ । ਇਸ ਦਾ ਮੁੱਖ ਕਾਰਨ ਸਤਲੁਜ ਦਰਿਆ ਵਿਚ ਮੁਕਾਬਲਤਨ ਪਾਣੀ ਦਾ ਘਟ ਹੋਣਾ ਹੈ । ਇਸ ਕਰਕੇ ਮਜਬੂਰਨ ਬਿਜਲੀ ਵਿਚ ਕਟੌਤੀ ਕਰਨੀ ਪਈ ਪਰੰਤੂ ਇਸ ਘਾਟੇ ਨੂੰ ਪੂਰਾ ਕਰਨ ਲਈ ਹੋਰਨਾਂ ਰਾਜਾਂ ਤੋਂ ਬਿਜਲੀ ਖਰੀਦ ਕੇ ਉਚਿਤ ਕਾਰਵਾਈ ਕੀਤੀ ਗਈ ਹੈ ।

ਭਾਵੇਂ ਬਿਜਲੀ ਦੀ ਸਖਤ ਥੁੜ ਇਕ ਰੋਕ ਪਾਉਣ ਵਾਲਾ ਕਾਰਣ ਹੈ ਫਿਰ ਵੀ ਅਕਤੂਬਰ, 1970 ਤਕ 7,881 ਟਿਊਬਵੈਲਾਂ ਨੂੰ ਬਿਜਲੀ ਦਿਤੀ ਗਈ ਹੈ ਅਤੇ ਅਕਤੂਬਰ, 1970 ਤਕ 6,131 ਪਿੰਡਾਂ ਨੂੰ ਬਿਜਲੀ ਦਿਤੀ ਜਾ ਚੁੱਕੀ ਹੈ । ਸਾਲ 1971-72 ਲਈ 20,000 ਟਿਊਬਵੈਲਾਂ ਨੂੰ ਬਿਜਲੀ ਦੇਣ ਦਾ ਟੀਚਾ ਮਿਥਿਆ ਗਿਆ ਹੈ ।

17. ਮੇਰੀ ਸਰਕਾਰ, ਪੇਂਡੂ ਇਲਾਕਿਆਂ ਤਕ ਪਹੁੰਚਣ ਲਈ ਉਚਿਤ ਸਾਧਨ ਮੁਹੱਈਆ ਕਰਨ ਦੀ ਲੋੜ ਤੋਂ ਪੂਰੀ ਤਰ੍ਹਾਂ ਜਾਣੂ ਹੈ ਅਤੇ ਅਜਿਹੇ ਇਲਾਕਿਆਂ ਵਿਚ ਲਿੰਕ ਸੜਕਾਂ ਬਣਾਉਣ ਦੇ ਕੰਮ ਨੂੰ ਪਹਿਲ ਦੇ ਰਹੀ ਹੈ । ਚਾਲੂ ਸਾਲ ਦੇ ਦੌਰਾਨ 1,200 ਕਿਲੋ-ਮੀਟਰ ਲੰਮੀਆਂ ਸੜਕਾਂ ਦੇ ਬਣਾਏ ਜਾਣ ਦੀ ਸੰਭਾਵਨਾ ਹੈ । ਜਿਸ ਲਈ 2.83 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ । ਇਸ ਮੰਤਵ ਲਈ ਅਗਲੇ ਸਾਲ ਦੀ ਯੋਜਨਾ ਵਿਚ 6 ਕਰੋੜ ਰੁਪਏ ਦੀ ਰਕਮ ਰੱਖੀ ਜਾ ਰਹੀ ਹੈ ।

18. ਸਾਲ ਦੇ ਦੌਰਾਨ 255 ਪ੍ਰਾਇਮਰੀ ਅਤੇ 146 ਮਿਡਲ ਸਕੂਲਾਂ ਨੂੰ ਕ੍ਰਮਵਾਰ ਮਿਡਲ ਅਤੇ ਹਾਈ ਸਕੂਲ ਬਣਾ ਦਿਤਾ ਗਿਆ ਜਦੋਂ ਕਿ ਪਿਛਲੇ ਸਾਲ 114 ਪ੍ਰਾਇਮਰੀ ਸਕੂਲਾਂ ਅਤੇ 44 ਮਿਡਲ ਸਕੂਲਾਂ ਨੂੰ ਅਪਗਰੇਡ ਕੀਤਾ ਗਿਆ ਸੀ । 88 ਨਵੇਂ ਪ੍ਰਾਇਮਰੀ ਸਕੂਲ ਅਤੇ ਇਕ ਲੜਕੀਆਂ ਦ ਸਕੂਲ ਵੀ ਖੋਲ੍ਹ ਦਿਤਾ ਗਿਆ ਹੈ । 7 ਹੋਰ ਕਾਲਜਾਂ ਵਿਚ ਵੱਖ ਵੱਖ ਵਿਸ਼ਿਆਂ ਸਬੰਧੀ ਪੋਸਟ-ਗਰੈਜੂਏਟ ਕਲਾਸਾਂ ਸ਼ੁਰੂ ਕਰ ਦਿਤੀਆਂ ਗਈਆਂ ਹਨ ।

ਜੇ. ਬੀ. ਟੀ. ਕਲਾਸੀਕਲ ਤੇ ਰਿਜਨਲ ਭਾਸ਼ਾ ਦੇ ਅਧਿਆਪਕਾਂ ਅਤੇ ਸਿਖਲਾਈ-ਪ੍ਰਾਪਤ ਗਰੈਜੂਏਟਾਂ ਦੇ ਤਨਖਾਹ-ਸਕੇਲਾਂ ਵਿਚ ਸਾਲਾਨਾ ਤਰੱਕੀ ਦੇ ਦਰਾਂ ਨੂੰ ਵਧਾ ਕੇ ਇਨ੍ਹਾਂ ਨੂੰ ਬਿਹਤਰ ਬਣਾਇਆ ਗਿਆ ਹੈ । ਅਜਿਹਾ, ਮੇਰੀ ਸਰਕਾਰ ਦੀ ਆਪਣੇ ਮੁਲਾਜ਼ਮਾਂ ਪ੍ਰਤੀ ਚੰਗਾ ਵਰਤਾਉ ਕਰਨ ਦੀ ਪ੍ਰਤੱਖ ਨੀਤੀ ਅਨੁਸਾਰ ਕੀਤਾ ਗਿਆ ਹੈ । ਅਧਿਆਪਕਾਂ ਦੀਆਂ ਤਨਖਾਹਾਂ ਦੇਸ਼ ਵਿਚ ਸਭ ਤੋਂ ਵਧ ਹਨ । ਇਸ ਸਬੰਧ ਵਿਚ

ਕੁਲ ਖਰਚਾ ਤਿੰਨ ਕਰੋੜ ਰੁਪਏ ਸਾਲਾਨਾ ਹੋਵੇਗਾ । ਇਸ ਨਾਲ ਅਧਿਆਪਕਾਂ ਦੇ ਗਰੇਡ ਦੇ ਵਕਫ਼ੇ ਨੂੰ ਘਟਾਉਣ ਦੀ ਕਾਫ਼ੀ ਅਰਸੇ ਤੋਂ ਕੀਤੀ ਜਾ ਰਹੀ ਮੰਗ ਪੂਰੀ ਕਰ ਦਿਤੀ ਗਈ ਹੈ ।

ਸਰਕਾਰ ਨੇ ਸਾਲ ਦੇ ਦੌਰਾਨ 88 ਪ੍ਰਾਈਵੇਟ ਕਾਲਜਾਂ ਅਤੇ 571 ਪ੍ਰਾਈਵੇਟ ਸਕੂਲਾਂ ਨੂੰ 2.10 ਕਰੋੜ ਰੁਪਏ ਦੀਆਂ ਗ੍ਰਾਂਟਾਂ ਦਿਤੀਆਂ ਹਨ । ਯੋਗ ਵਿਦਿਆਰਥੀਆਂ ਨੂੰ .12 ਲੱਖ ਰੁਪਏ ਦੇ ਯੋਗਤਾ ਵਜੀਫ਼ੇ ਵੀ ਦਿਤੇ ਗਏ ਹਨ ।

ਭਾਸ਼ਾ ਵਿਭਾਗ ਨੇ ਪ੍ਰਬੰਧਕੀ ਸਮਗਰੀ ਅਤੇ ਤਕਨੀਕੀ ਡੇਟਾ ਦਾ ਪੰਜਾਬੀ ਵਿਚ ਅਨੁਵਾਦ ਕਰਨ ਲਈ ਕਾਫ਼ੀ ਕੰਮ ਕੀਤਾ ਹੈ । ਸਰਕਾਰੀ ਪ੍ਰੈਸ ਵਿਚ ਪੰਜਾਬੀ ਦੀ ਮਸ਼ੀਨਾਂ ਨਾਲ ਕੰਪੋਜ਼ਿੰਗ ਕਰਨ ਲਈ ਤਿੰਨ ਮੋਨੋ-ਟਾਈਪ ਮਸ਼ੀਨਾਂ, ਚਾਰ ਕਾਸਟਰ ਅਤੇ ਇਕ ਕੰਪਰੈਸ ਬਾਹਰੋਂ ਮੰਗਵਾਏ ਗਏ ਹਨ ।

ਰਾਸ਼ਟਰੀ ਭਾਸ਼ਾ ਹਿੰਦੀ ਦੇ ਵਿਕਾਸ ਵਲ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ । ਸਾਲ 1970-71 ਦੇ ਦੌਰਾਨ ਇਸ ਮੰਤਵ ਲਈ 2,13,600 ਰੁਪਏ ਖਰਚ ਹੋਣ ਦੀ ਸੰਭਾਵਨਾ ਹੈ ।

19. ਸਿਹਤ ਅਤੇ ਪਰਿਵਾਰ ਨਿਯੋਜਨ ਵਿਭਾਗ ਦੇ ਲੋਕਾਂ ਦੀ ਯੋਗ ਸੇਵਾ ਕਰਨ ਦਾ ਕੰਮ ਜਾਰੀ ਰਖਿਆ ਜਿਸ ਦੇ ਸਿੱਟੇ ਵਜੋਂ ਪੰਜਾਬ ਵਿਚ ਪੈਦਾਇਸ਼ ਅਤੇ ਮੌਤ ਦੇ ਦਰਾਂ ਵਿਚ ਕਾਫ਼ੀ ਕਮੀ ਆਈ ਹੈ ਰਾਜ ਦੀ ਸਾਲ 1971-72 ਲਈ ਸਿਹਤ-ਯੋਜਨਾ ਖਰਚ ਵਿਚ ਸਿਹਤ ਸੇਵਾਵਾਂ ਲਈ 163 ਲੱਖ ਰੁਪਏ ਅਤੇ ਵੱਖ ਵੱਖ ਜਲ ਸਪਲਾਈ ਸਕੀਮਾਂ ਲਈ 150 ਲੱਖ ਰੁਪਏ ਸ਼ਾਮਲ ਹਨ ।

20. ਮੇਰੀ ਸਰਕਾਰ ਟਰਾਂਸਪੋਰਟ ਦੇ ਦਰਜੇ-ਬੱਧ ਰਾਸ਼ਟਰੀਕਰਣ ਦੀ ਨੀਤੀ ਵੱਲ ਵੀ, ਉਚੇਚਾ ਧਿਆਨ ਦਿੰਦੀ ਰਹੀ ਹੈ । ਸਰਕਾਰ ਨੇ ਫੈਸਲਾ ਕੀਤਾ ਹੈ ਕਿ 60 ਫੀ ਸਦੀ ਪੈਸੰਜਰ ਟਰਾਂਸਪੋਰਟ ਤੁਰੰਤ ਹੀ ਆਪਣੇ ਹੱਥ ਵਿਚ ਲੈ ਲਈ ਜਾਵੇ । ਆਸ ਹੈ ਕਿ ਬਾਕੀ ਰਹਿੰਦਾ 40 ਪ੍ਰਤੀਸ਼ਤ ਪ੍ਰਾਈਵੇਟ ਸੈਕਟਰ ਦਾ ਕੰਮ 7 ਸਾਲ ਦੇ ਸਮੇਂ ਮਗਰੋਂ ਹਰੇਕ ਸਾਲ ਇਕ ਤਿਹਾਈ ਦੀ ਦਰ ਨਾਲ ਆਪਣੇ ਹੱਥ ਵਿਚ ਲੈ ਲਿਆ ਜਾਵੇਗਾ ।

ਸੜਕਾਂ ਉਤੇ ਵਧ ਰਹੀ ਟਰੈਫਿਕ ਦੀ ਲੋੜ ਨੂੰ ਪੂਰਾ ਕਰਨ ਲਈ ਰਾਜ ਟਰਾਂਸਪੋਰਟ ਸੰਸਥਾ ਦੀਆਂ ਬੱਸਾਂ ਦੀ ਗਿਣਤੀ ਕਾਫ਼ੀ ਵਧਾ ਦਿਤੀ ਗਈ ਹੈ ਜੋ ਕਿ ਹੁਣ 1,193 ਹੈ । ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਚੌਥੀ ਯੋਜਨਾ ਦੇ ਦੌਰਾਨ ਹਰ ਸਾਲ ਇਸ ਵਿਚ 180 ਬੱਸਾਂ ਦਾ ਵਾਧਾ ਕਰਕੇ ਇਸ ਨੂੰ ਸ਼ਕਤੀਸ਼ਾਲੀ ਕੀਤਾ ਜਾਵੇ । ਪੈਪਸੂ ਰੋਡਵੇਜ਼ ਦੀਆਂ ਬੱਸਾਂ ਦੀ ਗਿਣਤੀ ਵਿਚ ਵੀ ਚੋਖਾ ਵਾਧਾ ਕੀਤਾ ਜਾ ਰਿਹਾ ਹੈ ।

ਰਾਜ ਦੁਆਰਾ ਚਲਾਈਆ ਜਾਂਦੀਆਂ ਬੱਸਾਂ ਵਿਚ ਸਫ਼ਰ ਕਰਨ ਵਾਲੇ ਮੁਸਾਫਰਾਂ ਲਈ ਉਚਿਤ ਸਹੂਲਤਾਂ ਮੁਹੱਈਆ ਕਰਨ ਦਾ ਇਕ ਕਰੈਸ਼ ਪਰੋਗਰਾਮ ਆਰੰਭ ਕੀਤਾ ਗਿਆ ਹੈ । ਜਲੰਧਰ, ਪਠਾਨਕੋਟ, ਮੋਗਾ, ਪਟਿਆਲਾ, ਬਠਿੰਡਾ, ਮੁਕਤਸਰ ਅਤੇ ਸੰਗਰੂਰ ਵਿਖੇ ਨਵੇਂ ਬੱਸ ਅੱਡਿਆਂ ਦੀ ਉਸਾਰੀ ਦਾ ਕੰਮ ਵੀ ਸ਼ੁਰੂ ਕੀਤਾ ਗਿਆ ਹੈ । ਲਗਭਗ 40 ਬੱਸ-ਕਿਊ

[ਸ੍ਰੀ ਸਪੀਕਰ]

ਸ਼ੈਲਟਰ ਵੀ ਬਣਾਏ ਜਾ ਚੁਕੇ ਹਨ ਅਤੇ ਇਸੇ ਤਰ੍ਹਾਂ ਦੇ 200 ਹੋਰ ਸ਼ੈਲਟਰ ਚੌਥੀ ਯੋਜਨਾ ਵਿਚ ਬਣਾਏ ਜਾਣਗੇ । ਜਲੰਧਰ-ਲੁਧਿਆਣਾ ਰੂਟ ਨੂੰ ਮਾਡਲ ਰੂਟ ਕਰਾਰ ਦਿਤਾ ਗਿਆ ਹੈ ਅਤੇ ਇਸ ਰੂਟ ਵਿਚ ਬੱਸਾਂ ਦੀਆਂ ਸੀਟਾਂ ਵਿਚ ਕਾਫੀ ਸੁਧਾਰ ਕੀਤਾ ਗਿਆ ਹੈ, ਬੱਸ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਵਿਸ਼ੇਸ਼ ਵਰਦੀਆਂ ਦਿਤੀਆਂ ਗਈਆਂ ਹਨ, ਨਾਨ-ਸਟਾਪ ਬੱਸ ਸੇਵਾ ਚਾਲੂ ਕੀਤੀ ਗਈ ਹੈ, ਅਤੇ ਪਹਿਲਾਂ ਸੀਟਾਂ ਰੀਜ਼ਰਵ ਕਰਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਫੀਰੋਜ਼ਪੁਰ ਦੇ ਸੱਬ-ਡੀਪੂ ਨੂੰ ਇਕ ਬਕਾਇਦਾ ਮੁਕੰਮਲ ਡੀਪੂ ਬਣਾਇਆ ਜਾ ਰਿਹਾ ਹੈ ।

ਰੋਡਵੇਜ਼ ਦੀ ਆਮਦਨ ਵਿਚ ਹੇਰਾ ਫੇਰੀ ਨਾਲ ਹੋਣ ਵਾਲੇ ਨੁਕਸਾਨ ਨੂੰ ਰੋਕਣ ਲਈ ਟਿਕਟਾਂ ਦੀ ਛਪਾਈ ਵਾਸਤੇ ਇਕ ਸਰਕਾਰੀ ਪ੍ਰਿੰਟਿੰਗ ਪ੍ਰੈਸ ਲਾਇਆ ਜਾ ਰਿਹਾ ਹੈ। ਸਪੇਅਰ ਪਾਰਟ ਦੀ ਖਰੀਦ ਦਾ ਕੰਮ ਤੇਜ਼ੀ ਨਾਲ ਕਰਨ ਲਈ ਇਕ ਕੇਦਰੀ ਖਰੀਦ ਏਜੰਸੀ ਵੀ ਸਥਾਪਤ ਕੀਤੀ ਗਈ ਹੈ।

21. ਮੇਰੀ ਸਰਕਾਰ ਮਕਾਨ-ਉਸਾਰੀ ਦੀ ਗੰਭੀਰ ਸਮੱਸਿਆ ਵਲ ਪੂਰਾ ਧਿਆਨ ਦਿੰਦੀ ਰਹੀ ਹੈ । ਹਰ ਜ਼ਿਲ੍ਹੇ ਵਿਚ ਸ਼ੁਰੂ ਕੀਤੇ ਕਰੈਸ਼ ਮਕਾਨ-ਉਸਾਰੀ ਪ੍ਰੋਗਰਾਮ ਲਈ ਚਾਲੂ ਸਾਲ ਦੇ ਦੌਰਾਨ 75 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਇਸੇ ਤਰ੍ਹਾਂ ਦਾ ਉਪਬੰਧ ਅਗਲੇ ਦੋ ਸਾਲਾਂ ਵਿਚ ਵੀ ਕੀਤਾ ਜਾਵੇਗਾ । ਮੁਹਾਲੀ, ਰਾਜਪੁਰਾ ਅਤੇ ਢੰਡਾਰੀ ਕਲਾਂ ਦੀਆਂ ਸ਼ਹਿਰੀ ਰਿਹਾਇਸ਼ੀ ਐਸਟੇਟਾਂ ਵਿਚ ਪਲਾਟ ਅਲਾਟ ਕੀਤੇ ਜਾ ਚੁਕੇ ਹਨ । ਆਸ ਹੈ ਕਿ ਸ਼ਹਿਰੀ ਐਸਟੇਟ, ਪਟਿਆਲਾ ਵਿਚ ਵੀ ਪਲਾਟਾਂ ਦੀ ਅਲਾਟਮੈਂਟ ਛੇਤੀ ਹੀ ਸ਼ੁਰੂ ਕਰ ਦਿਤੀ ਜਾਵੇਗੀ ।

ਅਨੰਦਪੁਰ ਸਾਹਿਬ ਅਤੇ ਮੁਕਤਸਰ ਦੇ ਵਿਕਾਸ ਲਈ ਸੰਗਠਿਤ ਯੋਜਨਾਵਾਂ ਨੂੰ ਨੇਪਰੇ ਚਾੜ੍ਹਨ ਦੇ ਕੰਮ ਵਿਚ ਕਾਫੀ ਜ਼ਿਆਦਾ ਪ੍ਰਗਤੀ ਹੋਈ ਹੈ। ਅੰਮ੍ਰਿਤਸਰ, ਰਾਮ ਤੀਰਥ, ਲੁਧਿਆਣਾ ਅਤੇ ਫਤਿਹਗੜ੍ਹ ਸਾਹਿਬ ਜਿਹੇ ਮਸ਼ਹੂਰ ਸ਼ਹਿਰਾਂ ਦਾ ਵਿਕਾਸ ਤੇਜ਼ੀ ਨਾਲ ਕਰਨ ਲਈ ਵਿਕਾਸ ਬੋਰਡ ਕਾਇਮ ਕੀਤੇ ਗਏ ਹਨ ।

22. ਮੇਰੀ ਸਰਕਾਰ ਨੇ ਸ਼ਹਿਰੀ ਇਲਾਕਿਆਂ ਦੇ ਵਿਕਾਸ ਸਬੰਧੀ ਪ੍ਰੋਗਰਾਮਾਂ ਵਲ ਵੀ ਵਿਸ਼ੇਸ਼ ਧਿਆਨ ਦਿਤਾ ਹੈ । ਸੁਲਤਾਨਪੁਰ ਲੋਧੀ, ਮੁਕਤਸਰ, ਜਲੰਧਰ ਅਤੇ ਅੰਮ੍ਰਿਤਸਰ ਵਿਖੇ ਜਲ ਸਪਲਾਈ, ਗੰਦੇ ਨਾਲਿਆਂ ਅਤੇ ਸੜਕਾਂ ਦੇ ਸੁਧਾਰ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਚੁਕੀ ਹੈ । ਜੀਵਨ ਬੀਮਾ ਕਾਰਪੋਰੇਸ਼ਨ ਤੋਂ ਵਧੀਕ ਫੰਡ ਪ੍ਰਾਪਤ ਕਰਨ ਦੀ ਇਕ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਜੋ ਸ਼ਹਿਰੀ ਇਲਾਕਿਆਂ ਵਿਚ ਰਹਿਣ-ਸਹਿਣ ਦੀਆਂ ਹਾਲਤਾਂ ਨੂੰ ਚੰਗੇਰਾ ਬਣਾਉਣ ਨਾਲ ਸਬੰਧਤ ਸਕੀਮਾਂ ਨੂੰ ਅਮਲ ਵਿਚ ਲਿਆਉਣ ਲਈ ਵੱਖ ਵੱਖ ਨਗਰ-ਪਾਲਕਾਵਾਂ ਅਤੇ ਨਗਰ ਸੁਧਾਰ ਟਰੱਸਟਾਂ ਨੂੰ ਕਾਫ਼ੀ ਕਰਜ਼ੇ ਦਿਤੇ ਜਾ ਸਕਣ ।

23. ਮੇਰੀ ਸਰਕਾਰ, ਜਿਥੋਂ ਤਕ ਸੰਭਵ ਹੋ ਸਕਦਾ ਹੈ, ਸਮੁੱਚੇ ਰਾਜ ਵਿਚ ਇਕਸਾਰ ਵਿਕਾਸ ਕਰਨ ਦੀ ਲੋੜ ਤੋਂ ਭਲੀਭਾਂਤ ਜਾਣੂ ਹੈ । ਇਸ ਲਈ ਰਾਜ ਦੇ ਹੇਠਲੇ ਪਹਾੜੀ, ਪਛੜੇ ਹੋਏ ਅਤੇ ਸਰਹੱਦੀ ਇਲਾਕਿਆ ਦੇ ਵਿਕਾਸ ਵਲ ਵਿਸ਼ੇਸ਼ ਧਿਆਨ ਦਿਤਾ

ਜਾ ਰਿਹਾ ਹੈ । ਇਨ੍ਹਾਂ ਵਿਚੋਂ ਕੁਝ ਇਲਾਕਿਆਂ ਵਿਚ ਪੀਣ ਵਾਲਾ ਪਾਣੀ ਸਪਲਾਈ ਕਰਨਾ ਵੀ ਇੱਕ ਵੱਡੀ ਸਮੱਸਿਆ ਹੈ । ਇਸ ਅਨੁਸਾਰ ਜਲ ਸਪਲਾਈ ਸਕੀਮਾਂ ਦਾ ਕੰਮ ਬੜੀ ਤੇਜ਼ੀ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ । ਸਰਕਾਰ ਨੇ ਖਾਸ ਕਰਕੇ ਹੇਠਲੇ ਪਹਾੜੀ ਇਲਾ-ਕਿਆਂ ਦੇ ਯੋਗ ਵਿਅਕਤੀਆਂ ਨੂੰ ਲੋਕਾਂ ਦੇ ਅੰਸ਼ਦਾਨ ਦੀ ਥਾਂ ਉਚਿਤ ਗਰਾਂਟਾਂ ਦੇਣ ਦਾ ਵੀ ਫੈਸਲਾ ਕੀਤਾ ਹੈ ।

24. ਮੇਰੀ ਸਰਕਾਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਦੇ ਮੈਂਬਰਾਂ ਨੂੰ ਵੱਧ ਤੋਂ ਵੱਧ ਸੰਭਵ ਅਵਸਰ ਮੁਹੱਈਆ ਕਰਨ ਦੀ ਜ਼ਿੰਮੇਵਾਰੀ ਤੋਂ ਭਲੀ ਭਾਂਤ ਜਾਣੂ ਹੈ ਤਾਂ ਜੋ ਉਨ੍ਹਾਂ ਦੇ ਸਮਾਜਕ, ਵਿਦਿਅਕ ਅਤੇ ਆਰਥਕ ਪੱਧਰ ਨੂੰ ਉਚੇਰਾ ਕੀਤਾ ਜਾ ਸਕੇ । ਇਸ ਕਰਕੇ ਇਸ ਮੰਤਵ ਲਈ ਬਣਾਈਆਂ ਗਈਆਂ ਭਿਨ-ਭਿੰਨ ਸਕੀਮਾਂ ਨੂੰ ਸਭ ਤੋਂ ਵੱਧ ਪਹਿਲ ਦਿਤੀ ਜਾ ਰਹੀ ਹੈ । ਛੇਤੀ ਹੀ ਪੰਜ ਕਰੋੜ ਰੁਪਏ ਦੀ ਪੂੰਜੀਗਤ ਲਾਗਤ ਨਾਲ ਪੰਜਾਬ ਅਨੁਸੂਚਿਤ ਜਾਤੀ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਕਾਇਮ ਕੀਤੀ ਜਾ ਰਹੀ ਹੈ । ਖੇਤੀਬਾੜੀ ਵਿਕਾਸ, ਮਾਰਕੀਟਿੰਗ, ਪਰੋਸੈਸਿੰਗ, ਸਪਲਾਈ ਅਤੇ ਸਟੋਰੇਜ, ਛੋਟੇ ਪੈਮਾਨੇ ਦੇ ਉਦਯੋਗ, ਮਕਾਨ ਉਸਾਰੀ, ਟਰਾਂਸਪੋਰਟ ਅਤੇ ਇਨ੍ਹਾਂ ਸ਼ਰੇਣੀਆਂ ਦੀ ਆਰਥਕ ਭਲਾਈ ਨਾਲ ਸਬੰਧਤ ਹੋਰ ਸਰਗਰਮੀਆਂ ਦੇ ਪਰੋਗਰਾਮਾਂ ਸਬੰਧੀ ਯੋਜਨਾ ਬਣਾਉਣ, ਇਨ੍ਹਾਂ ਨੂੰ ਉੱਨਤ ਕਰਨ ਅਤੇ ਇਨ੍ਹਾਂ ਨੂੰ ਹੱਥ ਵਿਚ ਲੈਣ ਦੀ ਜ਼ਿੰਮੇਵਾਰੀ ਇਸ ਕਾਰਪੋਰੇਸ਼ਨ ਦੀ ਹੋਵੇਗੀ । ਇਹ ਕਾਰਪੋਰੇਸ਼ਨ ਵਿੱਤੀ ਸਹਾਇਤਾ ਦਾ ਵੀ ਉਪਬੰਧ ਕਰੇਗੀ ਅਤੇ ਇਸ ਤਰ੍ਹਾਂ ਬੈਂਕਾਂ ਦੁਆਰਾ ਦਿਤੀ ਜਾਂਦੀ ਸਾਧਾਰਣ ਸਹਾਇਤਾ ਦੀ ਪੂਰਕ ਹੋਵੇਗੀ । ਇਸ ਤਰ੍ਹਾਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼ਰੇਣੀਆਂ ਦੀ ਤਰੱਕੀ ਸਬੰਧੀ ਪਰੋਗਰਾਮ ਪਹਿਲੀਵਾਰ, ਸਹੀ ਅਰਥਾਂ ਵਿਚ ਪੱਕੀਆਂ ਲੀਹਾਂ ਤੇ ਰਖਿਆ ਜਾਵੇਗਾ ।

ਵਿਦਿਅਕ ਸਹੂਲਤਾਂ ਦੇ ਉਪਬੰਧ ਲਈ ਅਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼ਰੇਣੀਆਂ ਦੇ ਮੈਂਬਰਾਂ ਲਈ ਸੁਰਖਿਅਤ ਆਸਾਮੀਆਂ ਨਾਲ ਸਬੰਧਤ ਸਕੀਮਾਂ ਦੇ ਲਾਗੂ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਸਾਲ 1969 ਦੇ ਦੌਰਾਨ ਇਕ ਉਚ-ਅਧਿਕਾਰਤ ਕਮੇਟੀ ਬਣਾਈ ਗਈ ਸੀ । ਬੇਰੁਜ਼ਗਾਰਾਂ ਦੀ ਸਹਾਇਤਾ ਕਰਨ ਲਈ ਲੋਕ ਭਲਾਈ ਵਿਭਾਗ ਵਿਚ ਇਸ ਮੰਤਵ ਦੀ ਪੂਰਤੀ ਵਾਸਤੇ ਇਕ ਵਿਸ਼ੇਸ਼ ਰੋਜ਼ਗਾਰ ਸੈੱਲ ਵੀ ਬਣਾਇਆ ਗਿਆ ਹੈ ।

ਧਰਮਸਾਲਾਂ/ਚੌਪਾਲਾਂ ਬਣਾਉਣ ਦੇ ਪ੍ਰੋਗਰਾਮ ਵਲ ਖਾਸ ਧਿਆਨ ਦਿਤਾ ਗਿਆ ਹੈ ਅਤੇ ਆਸ ਹੈ ਕਿ ਚਾਲੂ ਸਾਲ ਦੇ ਦੌਰਾਨ 1,000 ਪਿੰਡ ਇਸ ਸਕੀਮ ਹੇਠ ਆ ਜਾਣਗੇ । ਮਿਹਤਰਾਂ ਦੇ ਘਰਾਂ ਦੀ ਹਾਲਤ ਨੂੰ ਸੁਧਾਰਨ ਅਤੇ ਕੰਮ ਕਰਨ ਵਾਲੀਆਂ ਮਾਤਾਵਾਂ ਦੇ ਬੱਚਿਆਂ ਲਈ ਬੱਚਾ-ਘਰਾਂ ਦਾ ਪ੍ਰਬੰਧ ਕਰਨ ਦੀਆਂ ਸਕੀਮਾਂ ਵੀ ਵਿਚਾਰ ਅਧੀਨ ਹਨ ।

ਸਕੂਲਾਂ ਵਿਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਨਾਲ ਸਬੰਧ ਰੱਖਣ ਵਾਲੇ ਉਹ ਵਿਦਿਆਰਥੀ ਜਿਨ੍ਹਾਂ ਨੇ ਫ਼ਸਟ ਅਤੇ ਸੈਕਿੰਡ ਡਵੀਜ਼ਨ ਵਿਚ ਇਮ-ਤਿਹਾਨ ਪਾਸ ਕੀਤਾ ਹੋਵੇ, ਦੇ ਵਜ਼ੀਫਿਆਂ ਦੀ ਦਰ 6 ਰੁਪਏ ਤੋਂ ਵਧਾ ਕੇ 10 ਰੁਪਏ

[ਸ੍ਰੀ ਸਪੀਕਰ

ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ ਕਰ ਦਿਤੀ ਗਈ ਹੈ । ਅੰਮ੍ਰਿਤਸਰ, ਪਟਿਆਲਾ ਅਤੇ ਰਾਜਪੁਰਾ ਦੀਆਂ ਗੰਦੀਆਂ ਬਸਤੀਆਂ ਵਿਚ ਤਿੰਨ ਸਾਲ ਤਕ ਦੀ ਉਮਰ ਦੇ ਬਚਿਆਂ ਨੂੰ ਪੌਸ਼ਟਿਕ ਖੁਰਾਕ ਦੇਣ ਲਈ ਇਕ ਵਿਸ਼ੇਸ਼ ਪ੍ਰੋਗਰਾਮ ਵੀ ਸ਼ੁਰੂ ਕੀਤਾ ਗਿਆ ਹੈ ।

25. ਬੁਢੇ ਅਤੇ ਨਿਆਸਰੇ ਵਿਅਕਤੀਆਂ ਦੀ ਸੁਰੱਖਿਆ ਲਈਂ ਚਾਲੂ ਸਾਲ ਦੇ ਬੱਜਟ ਵਿਚ ਉਪਬੰਧ ਕੀਤੇ ਗਏ 30 ਲੱਖ ਰੁਪਏ ਦੇ ਮੁਕਾਬਲੇ ਵਿਚ ਸਾਲ 1971-72, ਦੇ ਦੌਰਾਨ ਬੁਢਾਪਾ ਪੈਨਸ਼ਨਾਂ ਲਈ 39 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਜਾ ਰਿਹਾ ਹੈ । ਭੀਖ ਮੰਗਣ ਨੂੰ ਖਤਮ ਕਰਨ ਲਈ ਉਚਿਤ ਕਦਮ ਉਠਾਏ ਜਾ ਰਹੇ ਹਨ ।

26. ਦਿਹਾਤੀ ਨਿਕਾਸੀ ਭੋਂ ਨੂੰ ਸਿਰਫ ਭੋਂ ਹੀਣ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼ਰੇਣੀਆਂ ਦੇ ਮੈਂਬਰਾਂ ਵਿਚ ਨਿਲਾਮੀਆਂ ਦੁਆਰਾ ਵੇਚਣ ਦੇ ਸਰਕਾਰ ਦੇ ਫੈਸਲੇ ਦੇ ਨਤੀਜੇ ਵਜੋਂ 6,755 ਸਾਧਾਰਣ ਏਕੜ ਜ਼ਮੀਨ 746 ਪਰਿਵਾਰਾਂ ਵਿਚ ਵੰਡੀ ਗਈ ਹੈ । ਨਿਲਾਮੀ ਦੀ ਰਕਮ ਦਾ 5 ਫ਼ੀ ਸਦੀ ਮੌਕੇ ਤੇ ਹੀ ਅਤੇ ਬਕਾਇਆ ਰਕਮ ਸੂਦ-ਰਹਿਤ 19 ਛਿਮਾਹੀ ਕਿਸ਼ਤਾਂ ਵਿਚ ਲੈ ਕੇ ਹਰ ਪਰਿਵਾਰ ਨੂੰ 5 ਸਟੈਂਡਰਡ ਏਕੜ ਜ਼ਮੀਨ ਦਿਤੀ ਗਈ ਹੈ, ਜਿਸ ਵਿਚ ਉਨ੍ਹਾਂ ਦੀ ਆਪਣੀ ਮਲਕੀਅਤ ਵੀ ਸ਼ਾਮਲ ਹੈ ।

27. ਚੀਨ ਅਤੇ ਪਾਕਿਸਤਾਨੀ ਹਮਲਿਆਂ ਦੇ ਦੌਰਾਨ ਸਦਾ ਲਈ ਨਕਾਰਾ ਹੋਏ ਫੌਜੀਆਂ ਨੂੰ ਮੁੜ ਵਸਾਉਣ ਦੀ ਸਮੱਸਿਆ ਵਲ ਵੀ ਮੇਰੀ ਸਰਕਾਰ ਪੂਰਾ ਧਿਆਨ ਦਿੰਦੀ ਰਹੀ ਹੈ ਇਨ੍ਹਾਂ ਦੋ ਹਮਲਿਆਂ ਵਿਚ ਮਾਰੇ ਗਏ 190 ਫੌਜੀਆਂ ਦੀਆਂ ਵਿਧ-ਵਾਵਾਂ ਅਤੇ ਸਦਾ ਲਈ ਨਕਾਰਾ ਹੋਏ ਫੌਜੀਆਂ ਨੂੰ ਰਿਆਇਤੀ ਦਰਾਂ ਤੇ 1,045 ਸਟੈਂਡ-ਰਡ ਏਕੜ ਨਿਕਾਸੀ ਜ਼ਮੀਨ ਅਲਾਟ ਕੀਤੀ ਗਈ ਹੈ । 722 ਏਕੜ ਨਿਕਾਸੀ ਜ਼ਮੀਨ ਕੁਆਰੇ ਫੌਜੀਆਂ ਦੇ 83 ਮਾਪਿਆਂ ਅਤੇ ਇਨ੍ਹਾਂ ਹਮਲਿਆਂ ਵਿਚ ਮਾਰੇ ਗਏ ਫੌਜੀਆਂ ਦੀਆਂ ਵਿਧਵਾਵਾਂ ਉਪਰ ਆਸਰਿਤ ਬੱਚਿਆਂ ਨੂੰ ਅਲਾਟ ਕੀਤੀ ਗਈ ਹੈ । 450 ਰੁਪਏ ਪ੍ਰਤੀ ਸਟੈਂਡਰਡ ਏਕੜ ਦੀ ਕੀਮਤ ਨਾਲ, ਜੋ ਕਿ ਸੂਦ-ਰਹਿਤ 20 ਛਿਮਾਹੀ ਕਿਸ਼ਤਾਂ ਵਿਚ ਲਈ ਜਾਵੇਗੀ, ਹਰ ਇਕ ਯੋਗ ਵਿਅਕਤੀ ਨੂੰ ਉਸ ਦੀ ਆਪਣੀ ਮਲਕੀਅਤ ਸਮੇਤ, ਜੇ ਕੋਈ ਹੋਵੇ, 10 ਏਕੜ ਜ਼ਮੀਨ ਅਲਾਟ ਕੀਤੀ ਗਈ ।

28. ਇਹ ਜਾਣ ਕੇ ਖੁਸ਼ੀ ਹੁੰਦੀ ਹੈ ਕਿ ਮਜ਼ਦੂਰ ਭਲਾਈ ਲਈ ਸਰਕਾਰ ਦੁਆਰਾ ਕੀਤੇ ਗਏ ਲਗਾਤਾਰ ਤੇ ਠੋਸ ਯਤਨਾਂ ਦੇ ਫਲਸਰੂਪ ਪਿਛਲੇ ਕੁਝ ਸਾਲਾਂ ਵਿਚ ਹੋਈਆਂ ਹੜਤਾਲਾਂ ਦੀ ਗਿਣਤੀ ਦੇ ਮੁਕਾਬਲੇ ਸਾਲ 1970 ਵਿਚ ਹੜਤਾਲਾਂ ਦੀ ਗਿਣਤੀ ਘਟ ਗਈ ਹਾਲਾਂ ਕਿ ਰਜਿਸਟਰਡ ਫੈਕਟਰੀਆਂ ਦੀ ਗਿਣਤੀ 4, 718 ਤੋਂ ਵੱਧ ਕੇ 4,969 ਹੋ ਗਈ । ਘੱਟੋ ਘੱਟ ਮਜਦੂਰੀ ਐਕਟ ਅਧੀਨ ਤਿੰਨ ਹੋਰ ਰੋਜ਼ਗਾਰਾਂ ਲਈ ਘੱਟੋ ਘੱਟ ਮਜਦੂਰੀ ਦੇ ਦਰ ਮਹਿੰਗਾਈ ਦੇ ਹਿਸਾਬ ਸੋਧੇ ਗਏ । ਫੈਕਟਰੀਆਂ ਵਿਚ ਦੁਰਘਟਨਾਵਾਂ ਦੀ ਗਿਣਤੀ ਨੂੰ ਘਟਾਉਣ ਦੇ ਖਿਆਲ ਨਾਲ ਭਿੰਨ ਭਿੰਨ ਉਦਯੋਗਿਕ ਕਸਬਿਆਂ ਵਿਚ ਸਿਖਲਾਈ ਕੋਰਸ ਚਾਲੂ ਕੀਤੇ ਗਏ । ਮਾਲਕਾਂ ਤੇ ਕਾਮਿਆਂ ਵਿਚ ਬਚਾਓ ਦੀਆਂ ਆਦਤਾਂ ਦੇ ਪ੍ਰਚਾਰ ਲਈ, ਪੰਜਾਬ ਉਦਯੋਗ ਬਚਾਓ ਕੌਂਸਲ ਨੂੰ ਵੀ ਖੁਲੀ ਸਹਾਇਤਾ ਦਿਤੀ ਗਈ ।

29. ਅੰਮ੍ਰਿਤਸਰ ਵਿਚ ਸੈਰ ਕਰਨ ਆਏ ਸੈਲਾਨੀਆਂ ਨੂੰ ਉਚਿਤ ਸਹੂਲਤਾਂ ਦੇਣ ਦੇ ਖਿਆਲ ਨਾਲ 25.77 ਲੱਖ ਰੁਪਏ ਦੀ ਕੀਮਤ ਦਾ ਇਕ ਸੈਲਾਨੀ ਹੋਟਲ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਅਨੰਦਪੁਰ ਸਾਹਿਬ ਵਿਖੇ ਵੀ ਇਕ ਹੋਟਲ ਤੇ ਸੈਲਾਨੀ ਸੂਚਨਾ ਕੇਂਦਰ ਬਣਾਉਣ ਦੀ ਤਜਵੀਜ਼ ਹੈ।

30. ਮੈਂ ਸੰਖੇਪ ਵਿੱਚ ਹੀ ਕੁਝ ਕੁ ਮਹੱਤਵਪੂਰਣ ਵਿਕਾਸ ਸਕੀਮਾਂ ਦਾ ਅਤੇ ਰਾਜ ਦੇ ਲੋਕਾਂ ਵਿਚ ਖੁਸ਼ਹਾਲੀ ਤੇ ਬਿਹਤਰੀ ਲਿਆਉਣ ਲਈ ਮੇਰੀ ਸਰਕਾਰ ਵਲੋਂ ਚੁਕੇ ਗਏ ਜਾਂ ਚੁਕੇ ਜਾਣ ਵਾਲੇ ਕਦਮਾਂ ਦਾ ਜ਼ਿਕਰ ਕੀਤਾ ਹੈ। ਇਹ ਸਾਲ ਕੌਮ ਦੀ ਜ਼ਿਦਗੀ ਵਿਚ ਬਹੁਤ ਮਹੱਤਵਪੂਰਣ ਹੈ। ਰਾਸ਼ਟਰ ਦੀ ਕਿਸਮਤ ਨੂੰ ਸੇਧ ਦੇਣ ਵਿਚ ਰਾਜ ਦੀ ਵਿਧਾਨ ਸਭਾ ਦੇ ਮੈਂਬਰਾਂ, ਰਾਜ ਸਰਕਾਰ ਅਤੇ ਸਮੁੱਚੇ ਤੌਰ ਤੇ ਰਾਜ ਦੇ ਲੋਕਾਂ ਦਾ ਅਹਿਮ ਰੋਲ ਹੈ। ਮੈਨੂੰ ਨਿਸਚਾ ਹੈ ਕਿ ਇਹ ਸਾਰੇ ਕਰਤਵ ਪੂਰੀ ਤਰ੍ਹਾਂ ਨਿਭਾਏ ਜਾਣਗੇ ਅਤੇ ਰਾਜ ਨੂੰ ਦੇਸ਼ ਵਿਚ ਉਘਾ ਸਥਾਨ ਪ੍ਰਾਪਤ ਰਹੇਗਾ।

ਰਾਜ ਵਿਧਾਨ ਸਭਾ ਦੇ ਮੈਂਬਰਾਂ ਨੇ ਲੋਕਾਂ ਦੇ ਹਿੱਤਾਂ ਨੂੰ ਪੂਰਿਆਂ ਕਰਨ ਲਈ ਸਦਾ ਹੀ ਉਸਾਰੂ ਕੰਮ ਕੀਤਾ ਹੈ। ਮੈਨੂੰ ਭਰੋਸਾ ਹੈ ਕਿ ਆਪ ਪੂਰੀ ਲਗਨ ਅਤੇ ਗੰਭੀਰਤਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੋਗੇ।

ਮੈਂ, ਆਪ ਸਾਰਿਆਂ ਦੇ, ਰਾਜ ਅਤੇ ਇਸ ਦੇ ਲੋਕਾਂ ਦੇ ਸੁਨਹਿਰੇ ਭਵਿਖ, ਪ੍ਰਸੰਨਤਾ ਅਤੇ ਖੁਸ਼ਹਾਲੀ ਲਈ ਸ਼ੁਭ ਕਾਮਨਾ ਕਰਦਾ ਹਾਂ।

ਜੈ ਹਿੰਦ

ANNOUNCEMENTS BY THE SECRETARY

ਸਕੱਤਰ : ਮੈਂ ਪਤਝੜ ਸਮਾਗਮ 1969 ਅਤੇ ਬਜਟ ਸਮਾਗਮ 1970 ਦੇ ਦੌਰਾਨ ਪੰਜਾਬ ਵਿਧਾਨ ਸਭਾ ਦੁਆਰਾ ਪਾਸ ਕੀਤੇ ਗਏ ਮਤਿਆਂ ਅਤੇ ਉਨ੍ਹਾਂ ਤੇ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦਾ ਵਿਵਰਣ ਸਦਨ ਦੀ ਮੇਜ਼ ਤੇ ਰਖਦਾ ਹਾਂ।

Statement showing implementation of the resolutions adopted by the Punjab Vidhan Sabha during its Autumn Session, 1969 and Budget Session, 1970

S. No.	Subject of the resolution	Date on which the resolution was adopted	Action taken by the Government
1	On the occasion of the 500th Birth Anniversary of Guru Nanak, this House places on record its tribute to the sacred memory of the great Emancipator of the suffering humanity. His message of Love, Truth and Equality tra scends all barriers of time and space. The great Guru envisioned a new social order based on justice. and without any discriminating distinction of sex, birth, caste, creed or class, by the dynamism of his teachings and personality. Guru Nanak has left an indelible mark on the culture and history of our country. Realising that the message of Guru Nanak has great significance for the tension-ridden world of to-day, this House re-dedicates itself to the realisation of the values and ideal preached by the Guru.	24th October, 1969	A copy of the resolution has been placed on the record.
2	On the first birth centenary of Mahatma Gandhi, this House places on record its high appreciation of the services rendered by the Father of the Nation in winning freedom for the motherland. This House joins the millions of people within the country and abroad in celebrating the first birth centenary and pay their grateful tributes to Mahatma Gandhi. Mahatma Gandhi had close association with the people of the Punjab. Since the Jallianwala Bagh tragedy, all the sacrifices and the struggles launched by the Punjabis bear indelible mark of teachings of Gandhi ji. The Punjab has extended wholehearted co-operation to the various freedom movements launched by Gandhiji such as non-co-operation with the alien rulers, boycott of foreign goods and boycott of Simon Commission. This House feels that the impact of Gandhi's life and teachings would be a source of inspiration to all of us for generations to come. The members of this august House pledge that they would follow the example of Mahatma Gandhi, work for the happiness and prosperity of the country and its downtrodden people.	24th October, 1969	A copy of the resolution was sent to the Government of India for being placed on the record.

3	This House recommends to the Government of India to decide the question of Chandigarh without further delay and to include it in Punjab as it is definitely Punjabi-speaking and is not even contiguous to any Hindi-speaking area. The Government of India should also take steps to restore a status quo as it existed before Re-organisation about the question of Bhakra Complex at an early date and to set up a Commissioner of Linguistic experts to redemarcate the boundaries of Punjab on the basis of spoken languages.	30th October, 1959	Since action on the resolution was to be taken by the Government of India, a copy thereof was forwarded to them. Attention is invited to the Press communique dated 29th January, 1970 of the Govt. of India *vide* which they have indicated the following decisions that : (1) Capital Project area of Chandigarh should, as a whole, go to Punjab. (2) For the re-adjustment of existing inter-State boundaries, the Government propose to appoint a Commission with suitable terms of reference; and (3) As regards the Bhakra and Beas Projects, it has been indicated by the Govt. of India that the present arrangements have been made, keeping in view the Integrated Irrigation and Power systems based on these Projects and in the interest of the beneficiary States. However, such modifications in these arrangements, as are necessary, will be considered.
4	That this House recommends unanimously to the State Government that the Central Government be approached with a request that Chandigarh and other Punjabi-speaking areas be transferred immediately to Punjab and that the Administration of Bhakra Board be restored as it existed in 1966, and that the Punjab Government should not enter into any bargain or make any compromise in this connection.	19th January, 1970	As in the case of Serial No. 3.
5	That this House ratifies the amendments to the Constitution of India falling within the purview of the proviso to Article 368 thereof, proposed to be made by the Constitution (Twenty Third Amendment Bill, 1969, as passed by the both Houses of Parliament.)	19th January, 1970	The resolution was transmitted to the Government of India. The Bill received the assent of the President of India on the 23rd January, 1970 and the corresponding Act was publis ed in the *Gazette of India*, Parth I1 Section I, on the same day.

ਸਕੱਤਰ : ਮੈਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਪਿਛਲੀ ਜੁਲਾਈ, 1970 ਵਿਚ ਹੋਏ ਸਮਾਗਮ ਵਿਚ ਪਾਸ ਕੀਤੇ ਗਏ ਬਿਲਾਂ ਦਾ ਵਿਵਰਨ ਜਿਨ੍ਹਾਂ ਤੇ ਰਾਜਪਾਲ ਦੁਆਰਾ ਸਹਿਮਤੀ ਪਰਗਟ ਕੀਤੀ ਗਈ ਹੈ, ਸਦਨ ਦੀ ਮੇਜ਼ ਤੇ ਰਖਦਾ ਹਾਂ ।

STATEMENT

1. The Punjab Legislative Assembly (Allowances of Member) Amendment Bill, 1970.
2. The East Punjab Ministers' Salaries (Amendment) Bill, 1970.
3. The Punjab Legislative Assembly Speaker's and Deputy Speaker's Salaries (Amendment) Bill, 1970.
4. The Salaries and Allowances of Deputy Ministers, Punjab (Amendment) Bill, 1970.
5. The Punjab Scheduled Castes and Development and Finance Corporation Bill, 1970.
6. The Punjabi University (Amendment) Bill, 1970.

Mr. Speaker : Now the House will make obituary references to some leaders who have passed away.

ਮੁੱਖ ਮੰਤਰੀ : ਸਪੀਕਰ ਸਾਹਿਬ, ਬੜੇ ਅਫ਼ਸੋਸ ਦੀ ਗੱਲ ਹੈ....।

CALL ATTENTION NOTICES

ਕਾਮਰੇਡ ਸਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਕਾਲ ਅਟੈਨਸ਼ਨ ਮੋਸ਼ਨਜ਼ ਪਹਿਲਾਂ ਲਈਆਂ ਜਾਣੀਆਂ ਚਾਹੀਦੀਆਂ ਸਨ ।

ਸ੍ਰੀ ਸਪੀਕਰ : ਜੋ ਕਾਲ ਅਟੈਨਸ਼ਨ ਮੋਸ਼ਨਜ਼ ਅਜ ਡਿਊ ਸਨ ਉਹ ਡਿਸਐਲਾਊ ਕਰ ਦਿਤੀਆਂ ਗਈਆਂ ਹਨ । (ਵਿਘਨ) ਤੁਸੀਂ ਮੇਰੇ ਚੈਂਬਰ ਵਿੱਚ ਤਸ਼ਰੀਫ਼ ਲੈ ਆਉ ਉਥੇ ਗਲ ਕਰ ਲਵਾਂਗੇ। (The Call Attention Motions, which were due for today have been disallowed. (interruption) please come to my Chamber and we will discuss the matter there.)

ਕਾਮਰੇਡ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨਜ਼ ਚਾਰ ਦਿਨ ਪਹਿਲਾਂ ਦਿਤੀਆਂ ਸਨ ਪਰ ਇਨ੍ਹਾਂ ਬਾਰੇ ਇਕ ਬਲੈਂਕਟ ਆਰਡਰ ਪਾਸ ਕਰ ਕੇ ਅਧਾ ਮਿੰਟ ਪਹਿਲਾਂ ਸਾਨੂੰ ਦਸਿਆਂ ਗਿਆ ਹੈ ਕਿ ਸਾਰੀਆਂ ਹੀ ਰਿਜੈਕਟ ਕਰ ਦਿੱਤੀਆਂ ਗਈਆਂ ਹਨ । ਇਸ ਬਾਰੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੀ ਲੇਬਰ ਸਿਚੂਏਸ਼ਨ ਬਾਰੇ ਜੋ ਕਾਲ ਅਟੈਨਸ਼ਨ ਹੈ ਉਸ ਬਾਰੇ ਇਹ ਕਿਹਾ ਗਿਆ ਹੈ ਕਿ ਇਹ ਬੜੀ ਲੰਬੀ ਹੈ । ਇਕ ਥਾਣੇਦਾਰ ਦੀ ਕਾਰ ਦੀ ਡਿਗੀ ਵਿਚੋਂ ਇਕ ਹਰੀਜਨ ਮੁੰਡੇ ਨੂੰ ਲੋਕਾਂ ਨੇ ਕਢਿਆ ਅਤੇ ਇਸ ਤੇ ਮਨਿਸਟਰ ਦੀ ਗਵਾਹੀ ਪਵਾਈ । ਉਹ ਇਸ ਕਰਕੇ ਰਿਜੈਕਟ ਹੋ ਗਈ ਕਿ ਉਸ ਵਿਚ ਮਨਿਸਟਰ ਦਾ ਨਾਂ ਆ ਗਿਆ ਹੈ । ਇਸ ਤਰ੍ਹਾਂ

ਕੋਈ ਨਾ ਕੋਈ ਗਲ ਕਰਕੇ ਸਾਰੀਆਂ ਹੀ ਰਿਜੈਕਟ ਕਰ ਦਿਤੀਆਂ ਗਈਆਂ ਹਨ। ਮੁਕਤਸਰ ਵਿੱਚ 12 ਸਟੂਡੈਂਟਸ ਨੂੰ ਅੰਦਰ ਕਰ ਦਿਤਾ, ਉਨ੍ਹਾਂ ਨੇ ਹੜਤਾਲ ਕੀਤੀ ਹੈ। ਇਸ ਨੂੰ ਆਰਡੀਨਰੀ ਐਡਮਿਨਿਸਟਰੇਸ਼ਨ ਦਾ ਮੈਟਰ ਕਹਿ ਕੇ ਰਿਜੈਕਟ ਕਰ ਦਿੱਤਾ। ਅਗੇ ਇਨ੍ਹਾਂ ਦੇ ਕੋਟੇ ਬਾਰੇ ਫੈਸਲਾ ਹੋਇਆ ਸੀ ਉਸ ਮੁਤਾਬਿਕ ਐਡਮਿਟ ਕਰਦੇ ਸੀ (ਵਿਘਨ) ਸਵੇਰੇ ਮੈਂ ਆਪ ਦੇ ਚੈਂਬਰ ਵਿਚ ਗਿਆ ਤਾਂ ਆਪ ਨੇ ਨਹੀਂ ਦੱਸਿਆ ਕਿ ਇਹ ਰਿਜੈਕਟ ਕੀਤੀਆਂ ਗਈਆਂ ਹਨ। (ਵਿਘਨ) ਉਸ ਥਾਣੇਦਾਰ ਨੂੰ ਬਚਾਉਂਦੇ ਹਨ, ਕਹਿੰਦੇ ਹਨ ਉਸ ਨਾਲ ਸਮਝੌਤਾ ਕਰ ਲਉ। ਉਸ ਨੂੰ ਕਿਉਂ ਨਹੀਂ ਸਸਪੈਂਡ ਕਰਦੇ ? (ਵਿਘਨ)

ਸ੍ਰੀ ਗੁਰਦਿਆਲ ਸੈਣੀ : ਗਵਰਨਮੈਂਟ ਸਰਵੈਂਟਸ ਤੋਂ 25,000, 25,000 ਰੁਪਏ ਦੀ ਜ਼ਮਾਨਤ ਮੰਗਦੇ ਹਨ.. (ਵਿਘਨ) ਕੀ ਇੰਨੀ ਜ਼ਮਾਨਤ ਕੋਈ ਦੇ ਸਕਦਾ ਹੈ.. (ਵਿਘਨ)

ਸ੍ਰੀ ਸਪੀਕਰ : ਤਸ਼ਰੀਫ਼ ਰਖੋ (Please resume your seat.)

Mr. Speaker : I would like the hon. Members to be apprised of the correct and prevalent system in the Lok Sabha about the Calling Attention Notices. In this connection, I would like to quote from the Practice and Procedure of Parliament by Kaul and Shakdher page 369 which is as under :—

"Calling Attention Notices on the following matters are usually not admitted :

(i) Law and order matters in States,

(ii) Strikes, lockouts, fasts and agitation,

(iii) Terms and conditions of service of employees;

(iv) Accidents ;

(v) Matter likely to be debated in the near future or discussion on which has already been fixed;

(vi) Matters which do not involve the primary responsibility of the Government of India;

(vii) Day-to.day administrative matters;

(viii) Frivolous or trivial matters;

(ix) Minor matters involving normal relations between the Centre and the States or between the States inter se;

(x) Matters relating to autonomous corporations and local bodies;

(xi) Arrests, searches, confiscation of goods or issue of prohibitory orders under the normal process of law;...."

I would, therefore, request that the hon. Members may please keep this in view while giving Call Attention Notices.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਕਾਲ ਅਟੈਂਨਸ਼ਨਾਂ ਦੇ ਬਾਰੇ ਵਿਚ ਰੂਲਜ਼ ਹਨ ਉਨ੍ਹਾਂ ਦੇ ਬਾਵਜੂਦ ਤੁਸਾਂ ਇਕ ਸੈਪਰੇਟ ਪਰੋਸੀਜਰ

(ਕਾਮਰੇਡ ਸਤਪਾਲ ਡਾਂਗ)

ਸੈਟ ਕੀਤਾ ਹੈ ਜਿਹੜਾ ਕਿ ਰੂਲਜ਼ ਦੇ ਮੁਤਾਬਿਕ ਫਿਟ ਇਨ ਨਹੀਂ ਹੁੰਦਾ। ਤੁਸੀਂ ਸਾਰੇ ਪਾਰਟੀਜ਼ ਦੇ ਲੀਡਰਜ਼ ਨੂੰ ਆਪਣੇ ਚੈਂਬਰ ਵਿਚ ਬੁਲਾ ਕੇ ਇਕ ਕਾਮਨ ਐਗਰੀਮੈਂਟ ਕਾਲ ਅਟੈਂਨਸ਼ਨਾਂ ਦੇ ਬਾਰੇ ਵਿਚ ਤਹਿ ਕੀਤਾ ਸੀ ਪਰ ਹੁਣ ਤੁਸੀਂ ਲੋਕ ਸਭਾ ਦਾ ਹਵਾਲਾ ਦੇ ਦਿਤਾ ਅਤੇ ਉਥੇ ਦੀ ਪਰੈਕਟਿਸ ਅਸਾਨੂੰ ਦਸ ਦਿਤੀ। ਜੇਕਰ ਲੋਕ ਸਭਾ ਦੀ ਪਰੈਕਟਿਸ ਨੂੰ ਹੀ ਫਾਲੋ ਕਰਨਾ ਹੈ ਤਾਂ ਉਥੇ ਤਾਂ ਇਹ ਰੂਲ ਹੈ ਕਿ ਇਕ ਕਾਲ ਅਟੈਂਨਸ਼ਨ ਲਈ 15 ਮੈਂਬਰਾਂ ਦੇ ਦਸਖਤ ਹੋਣੇ ਚਾਹੀਦੇ ਹਨ ਅਤੇ ਫਿਰ ਉਸ ਕਾਲ ਅਟੈਂਨਸ਼ਨ ਦਾ ਜਦ ਜਵਾਬ ਆਵੇ ਤਾਂ ਉਹੀ 15 ਮੈਂਬਰ ਉਸ ਦੇ ਬਾਰੇ ਵਿਚ ਸਵਾਲ ਕਰ ਸਕਦੇ ਹਨ ਅਤੇ ਉਸ ਤੇ ਬਹਿਸ ਹੋ ਸਕਦੀ ਹੈ ਪਰ ਇਥੇ ਤੁਸੀਂ ਸਿਰਫ ਇਕ ਸਵਾਲ ਕਰਨ ਦੀ ਆਗਿਆ ਦਿੰਦੇ ਹੋ ਬਾਕੀਆਂ ਨੂੰ ਕੋਈ ਬੋਲਣ ਦਾ ਹੱਕ ਨਹੀਂ ਦਿੱਤਾ ਜਾਂਦਾ। ਇਸ ਤਰ੍ਹਾਂ ਤੁਸੀਂ ਆਪ ਹੀ ਪਾਰਟੀਜ਼ ਦੇ ਲੀਡਰਾਂ ਨਾਲ ਇਹ ਗਲ ਤਹਿ ਕਰ ਲਈ ਸੀ ਕਿ ਇਨ੍ਹਾਂ ਗਲਾਂ ਤੇ ਕਾਲ ਅਟੈਂਨਸ਼ਨਾਂ ਐਕਸੈਪਟ ਕੀਤੀਆਂ ਜਾਣਗੀਆਂ ਪਰ ਹੁਣ ਅਸਾਨੂੰ ਬਿਨਾਂ ਕਨਸਲਟ ਕੀਤੇ, ਨਾ ਕਾਂਗਰਸ ਪਾਰਟੀ ਨੂੰ ਕਨਸਲਟ ਕੀਤਾ ਗਿਆ ਨਾ ਸਾਨੂੰ ਪੁਛਿਆ ਗਿਆ, ਹਾਂ ਅਕਾਲੀ ਪਾਰਟੀ ਨੂੰ ਪੁਛਿਆ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ, ਯੂਨੀਲੇਟਰਲੀ ਇਕ ਹੁਕਮ ਜਾਰੀ ਕਰ ਦਿਤਾ ਅਤੇ ਬਲੈਂਕਟ ਹੁਕਮ ਸੁਣਾ ਦਿਤਾ ਅਤੇ ਲੋਕ ਸਭਾ ਦਾ ਹਵਾਲਾ ਦੇ ਦਿਤਾ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜੀਆਂ ਗਲਾਂ ਲੋਕ ਸਭਾ ਵਿਚ ਅਪੋਜ਼ੀਸ਼ਨ ਦੇ ਹੱਕ ਵਿਚ ਜਾਂਦੀਆਂ ਹਨ ਉਨ੍ਹਾਂ ਨੂੰ ਤਾਂ ਤੁਸੀਂ ਕਦੇ ਨਹੀਂ ਸੁਣਾਇਆ ਅਤੇ ਨਾ ਹੀ ਕੋਟ ਕੀਤਾ ਹੈ ਜਿਹੜੀਆਂ ਟ੍ਰੇਜ਼ਰੀ ਬੈਂਚਿਜ਼ ਦੇ ਹੱਕ ਵਿਚ ਜਾਂਦੀਆਂ ਹਨ ਉਨ੍ਹਾਂ ਨੂੰ ਹੀ ਕੋਟ ਕਰਦੇ ਹੋ। ਕਾਲ ਅਟੈਂਨਸ਼ਨਾਂ ਦੇ ਬਾਰੇ ਵਿਚ ਜਿਹੜਾ ਤੁਸੀਂ ਬਲੈਂਕਟ ਮਰਡਰ ਆਰਡਰ ਕੀਤਾ ਹੈ ਠੀਕ ਨਹੀਂ। ਕਾਲ ਅਟੈਂਨਸ਼ਨਾਂ ਬਾਰੇ ਜਿਹੜਾ ਤੁਸੀਂ ਇਹ ਹੁਕਮ ਸੁਣਾਇਆ ਹੈ ਇਹ ਨਾ-ਮੁਨਾਸਿਬ ਹੈ। ਇਸ ਲਈ ਬੇਨਤੀ ਹੈ ਕਿ ਜਿਹੜਾ ਤੁਹਾਡਾ ਪਹਿਲਾ ਆਰਡਰ ਸੀ ਉਸ ਨੂੰ ਹੀ ਲਾਗੂ ਕੀਤਾ ਜਾਣਾ ਚਾਹੀਦਾ ਹੈ।

चौधरी बलबीर सिंह : अध्यक्ष महोदय, आप ने पिछले सैशन में एक तरीका अपनाया था जिस से काल अटेंन्शनों की गिनती भी कम हो गई थी और जवाब भी आ जाते थे। मैंने भी एक काल अटेंन्शन नोटिस दिया है कि एग्रो इन्डस्टरीयल कारपोरेशन ने जरमनी से ट्रैक्टर मंगवाए थे जो सारे के सारे नाकारा साबित हुए हैं और जिन किसानों ने इन्हें खरीद किया है उन्हें भारी नुकसान उठाना पड़ा है और वह ट्रैक्टर काम में नहीं लाए जा सके। इस के बारे में आप ने इजाजत नहीं दी और यह कहा जाता है कि अटानोमिस बाड़ीज़ के बारे में कोई मामला इस सदन में नहीं लाया जा सकता। लेकिन जहां कारपोरेशन की बात हो और जहां पर बड़े बड़े स्कैंडल हों उन के बारे में अगर इस हाऊस में विचार नहीं किया जा सकता तो और कहां पर यह मामला लाया जा सकता है। ऐसी संस्थाओं को ग्रांट दी जाती है और रकमें दी जाती हैं और उन के बारे में पालीसी मैटर पर तो सरकार का जवाब आ सकता है। इस में करोड़ों रुपये का नुकसान हुआ है और अगर कारपोरेशन भी हो तो सरकार को हक्क है कि वह इस के बारे में कारवाई करे। और एक्शन ले।

सरकार इस बात से बरीउलज़िमा नहीं हो सकती यह कह कर कि यह अटानोमिस बाडी है और इस के बारे में मामला रेज़ नहीं किया जा सकता। कोई भी अटानोमिस बाडी हो और वहां पर कोई गड़ बड़ हो जाए तो कारवाई सरकार को करनी जरूरी है। और इस का फर्ज़ है कि जंप इन करे और एक्शन ले। इस तरह अगर लोगों का करोढों रूपया नुकसान हो जाए और अगर हम कोई ध्यान आकर्षण प्रस्ताव लाएं तो आप इजाज़त न दें तो क्या किया जाए। अध्यक्ष महोदय, आप तो कागज़ात देख रहे हैं अगर आप मेरी बात को सुनेंगे तो ही जवाब दे सकेंगे। अगर आप लोक सभा की बात करते हैं तो वहां पर तो बड़ी बड़ी बातें डिसक्स हो जाती हैं किसी एक मिनिस्टर के कान्डक्ट को डिसक्स किया जाता है जिस के बारे में मोशन दिया जाए और इन्क्वायरी भी होती है लेकिन यहां पर नहीं होती वहां पर सारी मिनिस्टरी के खिलाफ कोई नो-कान्फीडैंस पेश नहीं किया जाता ऐसा करने के लिए। आप के सामने वहां के कृश्नमचारी का केस मौजूद है। बिरला कनसर्न्ज़ का केस है इन के बारे में बहस भी हुई है। ध्यान आकर्षण प्रस्ताव का मकस्द ही यही है कि कोई काम अगर ठीक ढंग से नहीं चल रहा तो उस के बारे में नोटिस सरकार के पास आए और सरकार एक्शन ले सके। हम तो एक तरह से सरकार की सहायता करते हैं कि इस किस्म की चीज़ें इन के नोटिस में लाते हैं इस लिए यह कह कर कि कोई अटानोमिस बाडी है सरकार को अपनी जिम्मेवारी से पीछे नहीं हटना चाहिए। अगर ट्रैक्टर ठीक नहीं सपलाई किए गए और इस में उच्च अधिकारियों का हाथ है और मंत्रियों का हाथ है तो इस के बारे में इन्क्वारी की जानी चाहिए और अगर और कहीं स्कैंडल है तो विजिलैंस आफीसर मुकरर किया जाना चाहिए इस लिए मैं प्रार्थना करूंगा कि इन मामलों पर विचार करने की इजाज़त दी जानी चाहिए।

Mr. Speaker: Please resume your seat.

ਸ੍ਰੀ ਮਨਮੋਹਨ ਕਾਲੀਆ : ਮੇਰਾ ਪੁਆਇੰਟ ਆਫ ਆਰਡਰ ਇਹ ਹੈ, ਸਪੀਕਰ ਸਾਹਿਬ, ਕਿ ਜਿਹੜਾ ਤੁਸੀਂ ਲੋਕ ਸਭਾ ਦੇ ਬਾਰੇ ਵਿਚ ਪਰੋਸੀਜ਼ਰ ਪੜ੍ਹ ਕੇ ਸੁਣਾਇਆ ਹੈ ਇਹ ਸਾਡੇ ਤੇ ਲਾਗੂ ਨਹੀਂ ਹੁੰਦਾ ਇਸ ਵਿਚ ਕੇਵਲ ਇਕ ਗੱਲ ਹੈ ਕਿ ਰਿਲੇਸ਼ਨਸ਼ਿਪ ਬਿਟਵੀਨ ਏ ਸਟੇਟ ਐਂਡ ਏ ਸਟੇਟ।

Mr. Speaker ; Please resume your seat.

ਸ੍ਰੀ ਮਨਮੋਹਨ ਕਾਲੀਆ : ਜਿਥੇ ਤੱਕ ਲਾ ਐਂਡ ਆਰਡਰ ਦਾ ਤਆਲਕ ਹੈ ਇਹ ਇਕ ਸਟੇਟ ਸਬਜੈਕਟ ਹੈ। (ਵਿਘਨ)

Mr. Speaker : Kalia Sahib, please resume your seat.

ਸ੍ਰੀ ਮਨਮੋਹਨ ਕਾਲੀਆ : ਜਨਾਬ, ਜਿੰਨਾ ਵਕਤ ਤੁਸੀਂ ਚੌਧਰੀ ਬਲਬੀਰ ਸਿੰਘ ਨੂੰ ਦਿਤਾ ਹੈ ਉਸ ਤੋਂ ਵਨ ਫਿਫਥ ਤਾਂ ਦਿਓ (ਵਿਘਨ) ਮੈਂ ਅਰਜ਼ ਕਰ ਰਿਹਾ ਸਾਂ ਕਿ ਲੋਕ ਸਭਾ ਦੇ ਸਬਜੈਕਟ ਕਾਨਸਟੀਚੂਸ਼ਨ ਵਿਚ ਦਿਤੇ ਹੋਏ ਹਨ ਪਰ ਇਥੇ ਸਬਜੈਕਟ ਹੋਰ ਹਨ ਇਸ ਲਈ ਉਹ ਪਰੋਸੀਜ਼ਰ ਸਟੇਟ ਲੈਜਿਸਲੇਚਰ ਵਿਚ ਲਾਗੂ ਨਹੀਂ ਕੀਤਾ ਜਾ ਸਕਦਾ। (ਵਿਘਨ)

Mr. Speaker : Please resume your seat.

ਸ੍ਰੀ ਮਨਮੋਹਨ ਕਾਲੀਆ : ਤੁਸੀਂ ਜਾਂ ਤਾਂ ਕੋਈ ਅਜਿਹੇ 10 ਵਿਸ਼ੇ ਦਸ ਦਿਉ ਜਿਨ੍ਹਾਂ ਤੇ ਕਾਲ ਅਟੈਂਨਸ਼ਨ ਆ ਸਕਦੀ ਹੈ ਤਾਂ ਕਿ ਪਤਾ ਲਗ ਜਾਵੇ (ਵਿਘਨ)

Mr. Speaker : Please resume your seat. ਮੈਂ ਇਸ ਬਾਰੇ ਹਾਉਸ ਦੇ ਜਜ਼ਬਾਤ ਸੁਣੇ ਹਨ। ਜਿਹੜੀ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੈ ਇਸ ਵਿਚ ਮੈਂ ਸਾਰੇ ਪਾਰਟੀਆਂ ਦੇ ਲੀਡਰਜ਼ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਆਣ ਤਾਂ ਕਿ ਇਸ ਪੋਜ਼ੀਸ਼ਨ ਤੇ ਮੁੜ ਕੇ ਗੌਰ ਕਰ ਲਿਆ ਜਾਵੇ ਅਤੇ ਜਿਹੜਾ ਫਿਰ ਕੋਈ ਪਰੋਸੀਜਰ ਤੁਸੀਂ ਮੁਕੱਰਰ ਕਰੋਗੇ ਉਸ ਦੀ ਲਾਈਟ ਵਿਚ ਇਨ੍ਹਾਂ ਕਾਲ ਅਟੈਂਨਸ਼ਨ ਮੋਸ਼ਨਜ਼ ਬਾਰੇ ਦੁਬਾਰਾ ਗੌਰ ਕਰ ਲਵਾਂਗੇ। (Please resume your seat. I have heard the views expressed by the hon. Members of this House. I would request all the Leaders of the Parties to attend the meeting of the Business Advisory Committee. We would discuss this matter and the procedure which you would decide would be followed and these Call Attention Notices would be reconsidered in the light of that decision.)

ਸ੍ਰੀ ਮਨਮੋਹਨ ਕਾਲੀਆ : ਫਿਰ, ਸਪੀਕਰ ਸਾਹਿਬ, ਇਨ੍ਹਾਂ ਕਾਲ ਅਟੈਂਨਸ਼ਨਾਂ ਨੂੰ ਪੈਂਡਿੰਗ ਰਖ ਲਓ।

ਸ੍ਰੀ ਸਪੀਕਰ : ਮੈਂ ਤਾਂ ਇਹ ਪਹਿਲਾਂ ਹੀ ਕਹਿ ਦਿਤਾ ਹੈ ਕਿ ਉਸ ਫੈਸਲੇ ਦੇ ਅਧਾਰ ਤੇ ਇਨ੍ਹਾਂ ਕਾਲ ਅਟੈਂਨਸ਼ਨਾਂ ਦੇ ਬਾਰੇ ਵਿਚ ਦੁਬਾਰਾ ਗੌਰ ਕਰ ਲਵਾਂਗੇ। (I have already said that the decision on these Call Attention Notices would be reconsidered in the light of the decision taken on this issue in the meeting of the Business Advisory Committee. (Interruptions)

Mr. Speaker : Now the House will make references to the deaths....

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਤੁਹਾਡੇ ਰਾਹੀਂ ਇਹ ਆਵਾਜ਼ ਸਰਕਾਰ ਅਤੇ ਮੁੱਖ ਮੰਤਰੀ ਦੇ ਕੰਨਾਂ ਤਕ ਪਹੁੰਚਾਣਾ ਚਾਹੁੰਦਾ ਹਾਂ ਕਿ ਕਾਲ ਅਟੈਂਨਸ਼ਨਾਂ ਦਾ ਮਕਸਦ ਤਾਂ ਇਹ ਹੁੰਦਾ ਹੈ ਕਿ ਜਿਹੜੀ ਤਕਲੀਫ ਹੈ ਉਸ ਦਾ ਫੌਰੀ ਤੌਰ ਤੇ ਹਲ ਹੋ ਜਾਵੇ ਪਰ ਕਿੰਨੇ ਅਫਸੋਸ ਦੀ ਗਲ ਹੈ ਕਿ ਪਿਛਲੇ ਸੈਸ਼ਨ ਦੀਆਂ ਕਾਲ ਅਟੈਂਨਸ਼ਨਾਂ ਦੇ ਜਵਾਬ ਹੁਣ ਆ ਰਹੇ ਹਨ ਅਤੇ ਕਈਆਂ ਕਾਲ ਅਟੈਂਨਸ਼ਨਾਂ ਦੇ ਅਜੇ ਤਕ ਆਏ ਹੀ ਨਹੀਂ। ਇਸ ਲਈ ਤੁਸੀਂ ਇਸ ਸਰਕਾਰ ਨੂੰ ਅਤੇ ਵਜ਼ੀਰ ਸਾਹਿਬਾਨ ਨੂੰ ਪੁਲ ਅਪ ਕਰੋ ਤਾਂ ਕਿ ਜਵਾਬ ਛੇਤੀ ਦਿਆ ਕਰਨ। ਤੁਹਾਡੇ ਪਾਸ ਇਸ ਲਈ ਸੁਪਰੀਮ ਪਾਵਰ ਹੈ।

Mr. Speaker : This is no point of order. The business before the House is obituary references and not Calling Attention Notices.

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਤੁਹਾਡੇ ਹੁਕਮ ਦੀ ਪਾਲਨਾ ਕਰਾਂਗਾ, ਤੁਸੀਂ ਇਕ ਮਿੰਟ ਦੇ ਲਈ ਪਹਿਲਾਂ ਜ਼ਰਾ ਮੇਰੀ ਗੱਲ ਤਾਂ ਸੁਣ ਲਉ......

ਸ੍ਰੀ ਸਪੀਕਰ : ਜਦੋਂ ਇਕ ਫੈਸਲਾ ਹੋ ਚੁਕਾ ਹੈ ਕਿ ਇਸ ਮੁਆਮਲੇ ਤੇ ਅਜੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਨੇ ਵਿਚਾਰ ਕਰਨਾ ਹੈ ਤਾਂ ਫਿਰ ਇਸ ਤੇ ਹੁਣ ਬਹੁਤੀ ਟੀਕਾ ਟਿੱਪਣੀ ਦੀ ਕੀ ਜ਼ਰੂਰਤ ਹੈ । (When it has already been decided that this matter is yet to be considered by the Business Advisory Committee then what is the use of discussing it here at length.)

OBITUARY REFERENCES

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਮੈਨੂੰ ਇਹ ਗੱਲ ਬੜੇ ਹੀ ਦੁੱਖ ਅਤੇ ਅਫ਼ਸੋਸ ਨਾਲ ਕਹਿਣੀ ਪੈਂਦੀ ਹੈ ਕਿ ਪਿਛਲੇ ਕੁਝ ਮਹੀਨਿਆਂ ਦੇ ਵਿਚ ਇਸ ਦੇਸ਼, ਪਰਦੇਸ਼ ਦੀਆਂ ਉਘੀਆਂ ਸ਼ਖਸ਼ੀਅਤਾਂ ਅਕਾਲ ਚਲਾਣਾ ਕਰ ਗਈਆਂ ਹਨ ।

ਸਭ ਤੋਂ ਪਹਿਲਾਂ ਮੈਂ ਅਰਜ਼ ਕਰਾਂ ਕਿ ਇਸ ਹਾਊਸ ਦੇ ਸਾਰਿਆਂ ਤੋਂ ਉਮਰ ਵਿਚ ਸੀਨੀਅਰ ਮੈਂਬਰ ਸੰਤ ਸਾਧੂ ਸਿੰਘ ਜੀ ਜਿਹੜੇ ਕਿ 75 ਸਾਲ ਦੀ ਉਮਰ ਦੇ ਸਨ ਅਕਾਲ ਚਲਾਣਾ ਕਰ ਗਏ ਹਨ । ਆਪ ਨਾ ਸਿਰਫ਼ ਇਕ ਪਾਰਲੀਮੈਂਟੇਰੀਅਨ ਹੀ ਸਨ ਸਗੋਂ ਇਕ ਉਘੇ ਸੋਸ਼ਲ ਵਰਕਰ ਵੀ ਸਨ । ਲਗਾਤਾਰ 30 ਸਾਲ ਤੱਕ ਉਹ ਆਪਣੇ ਹਲਕੇ ਦੇ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਲਗੇ ਰਹੇ ਅਤੇ 20 ਸਾਲ ਤੱਕ ਉਹ ਜ਼ਿਲ੍ਹਾ ਪ੍ਰੀਸ਼ਦ ਦੇ ਪ੍ਰੈਜ਼ੀਡੈਂਟ ਰਹੇ । ਕਈ ਤਾਲੀਮੀ ਸੰਸਥਾਵਾਂ ਵਿਚ ਭੀ ਉਨ੍ਹਾਂ ਨੇ ਆਪਣੇ ਵਕਤ ਨੁਮਾਇਆਂ ਹਿੱਸਾ ਪਾਇਆ । ਉਨ੍ਹਾਂ ਦੀ ਮੌਤ ਦਾ ਨਾ ਸਿਰਫ ਇਸ ਹਾਊਸ ਨੂੰ ਹੀ ਨੁਕਸਾਨ ਹੋਇਆ ਹੈ ਬਲਕਿ ਇਹ ਭਾਰੀ ਨੁਕਸਾਨ ਸਮੁੱਚੇ ਪੰਜਾਬ ਨੂੰ ਹੋਇਆ ਹੈ ।

ਇਸ ਹਾਊਸ ਦੇ ਮੁਅਜ਼ਜ਼ ਮੈਂਬਰ ਸਰਦਾਰ ਬਸੰਤ ਸਿੰਘ ਜੀ ਦੀ ਵੀ ਪਿਛਲੇ ਦਿਨਾਂ ਦੇ ਵਿਚ ਬੜੀ ਦਰਦ-ਨਾਕ ਮੌਤ ਹੋਈ ਹੈ । ਇਸ ਦਾ ਅਫ਼ਸੋਸ ਨਾ ਸਿਰਫ਼ ਪੰਜਾਬ ਨੂੰ ਹੀ ਹੈ ਬਲਕਿ ਇਹ ਅਫਸੋਸ ਸਾਰੇ ਹਿੰਦੁਸਤਾਨ ਨੂੰ ਹੈ । ਅਸੀਂ ਸਾਰੇ ਮੈਂਬਰ ਉਨ੍ਹਾਂ ਦੀ ਨੇਕ ਸ਼ਖਸ਼ੀਅਤ ਨੂੰ ਜਾਣਦੇ ਹਾਂ ਕਿ ਉਹ ਇਕ ਉਚ ਕੋਟੀ ਦੇ ਪਾਰਲੀਮੈਂਟੇਰੀਅਨ ਸਨ । ਜਿਸ ਵਕਤ ਉਹ ਹਾਊਸ ਵਿਚ ਸਪੀਚ ਕਰਨ ਲਗਦੇ ਸਨ ਮੈਂ ਵੇਖਿਆ ਹੈ ਕਿ ਮੈਂਬਰ ਸਾਹਿਬਾਨ ਬਾਹਰੋਂ ਲਾਉਂਜ ਵਿਚੋਂ ਉਠ ਕੇ ਆਪਣੀਆਂ ਸੀਟਾਂ ਤੇ ਆ ਜਾਂਦੇ ਸਨ, ਇਹ ਸੋਚ ਕੇ ਕਿ ਪਤਾ ਨਹੀਂ ਇਸ ਵੇਲੇ ਸਰਦਾਰ ਸਾਹਿਬ ਦੇ ਮੂੰਹੋਂ ਕੀ ਗੱਲ ਨਿਕਲ ਜਾਣੀ ਹੈ; ਜਿਸ ਦਾ ਅਸਰ ਸਾਰਿਆਂ ਤੇ ਪੈਣਾ ਹੈ । ਉਹ ਕਿਸਾਨਾਂ ਦੇ ਇਕ ਬਹੁਤ ਵੱਡੇ ਹਮਦਰਦ ਸਨ । ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਕਿਸਾਨਾਂ ਦੀ ਇਮਦਾਦ ਤੇ ਲਾਈ, ਉਨ੍ਹਾਂ ਵਰਗੇ ਕਿਸਾਨਾਂ ਦੇ ਹਮਦਰਦ ਮੈਨੂੰ ਬਹੁਤ ਹੀ ਘਟ ਨਜ਼ਰ ਆਉਂਦੇ ਹਨ ।

ਇਨ੍ਹਾਂ ਦੇ ਨਾਲ ਹੀ ਚੌਧਰੀ ਕਰਤਾਰ ਸਿੰਘ ਜੀ ਦੇ ਅਕਾਲ ਚਲਾਣੇ ਦਾ ਵੀ ਸਾਨੂੰ

(ਮੁਖ ਮੰਤਰੀ)

ਬੜਾ ਭਾਰੀ ਦੁਖ ਹੋਇਆ ਹੈ । ਉਹ ਕਾਫੀ ਦੇਰ ਕੌਂਸਲ ਦੇ ਮੈਂਬਰ ਰਹੇ ਅਤੇ ਇਸ ਹਾਊਸ ਦੇ ਵੀ ਮੈਂਬਰ ਬਣੇ ਰਹੇ । ਚੌਧਰੀ ਕਰਤਾਰ ਸਿੰਘ ਜੀ 13 ਸਾਲ ਦੀ ਉਮਰ ਦੇ ਵਿਚ ਆਪਣੀ ਤਾਲੀਮ ਛੱਡ ਕੇ ਜੰਗੇ ਆਜ਼ਾਦੀ ਵਿਚ ਹਿੱਸਾ ਲੈਣ ਲਈ ਨਿਕਲ ਆਏ ਸਨ । ਇਸ ਦੌਰਾਨ ਵਿੱਚ ਉਨ੍ਹਾਂ ਨੇ 10 ਸਾਲ ਜੇਲ੍ਹ ਕੱਟੀ ਅਤੇ ਕਾਫੀ ਅਰਸਾ ਤੱਕ ਕਾਂਗਰਸ ਪਾਰਟੀ ਦੇ ਵਿਚ ਕੰਮ ਕਰਦੇ ਰਹੇ । ਉਹ ਅਕਾਲੀ ਪਾਰਟੀ ਦੇ ਐਡਵਾਈਜ਼ਰ ਭੀ ਰਹੇ । ਬਹੁਤ ਸਾਲ ਤੱਕ ਉਹ ਹੁਸ਼ਿਆਰਪੁਰ ਡਿਸਟਰਿਕਟ ਬੋਰਡ ਦੇ ਨਾਨ ਆਫਿਸ਼ਲ ਚੇਅਰਮੈਨ ਰਹੇ ਅਤੇ ਕਈ ਹੋਰ ਸੰਸਥਾਵਾਂ ਵਿਚ ਭੀ ਕੰਮ ਕਰਦੇ ਰਹੇ । ਅੱਜ ਉਨ੍ਹਾਂ ਦੀ ਮੌਤ ਨੇ ਸਾਡੇ ਤੋਂ ਜੰਗੇ ਆਜ਼ਾਦੀ ਦਾ ਇਕ ਬਹੁਤ ਵੱਡਾ ਘੁਲਾਟੀਆ ਖੋਹ ਲਿਆ ਹੈ ।

ਸਰਦਾਰ ਸੁਰਮੁਖ ਸਿੰਘ ਜੀ ਦੀ ਵੀ ਪਿਛਲੇ ਦਿਨਾਂ ਵਿਚ ਮੌਤ ਹੋਈ । ਉਹ ਸਾਬਕ ਐਮ. ਐਲ. ਏ. ਸਨ । ਆਪ ਜ਼ਿਲ੍ਹਾ ਰੋਪੜ ਦੇ ਰਹਿਣ ਵਾਲੇ ਸਨ । ਉਹ ਆਪਣੇ ਇਲਾਕੇ ਵਿਚ ਹਰ ਸਭਾ, ਸੋਸਾਇਟੀ ਦੇ ਮੈਂਬਰ ਸਨ । ਉਨ੍ਹਾਂ ਦੀ ਮੌਤ ਨੇ ਇਸ ਸੂਬੇ ਦੇ ਲੋਕਾਂ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ ।

ਮੈਂ ਇਥੇ ਇਕ ਹੋਰ ਉਘੇ ਮੈਂਬਰ ਮਹਾਸ਼ਾ ਬਨਾਰਸੀ ਦਾਸ ਜੀ ਦਾ ਵੀ ਜ਼ਿਕਰ ਕਰ ਦੇਣਾ ਜ਼ਰੂਰੀ ਸਮਝਦਾ ਹਾਂ । ਆਪ ਜੀ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਮਨਿਸਟਰੀ ਦੇ ਵਿੱਚ ਰਹਿ ਚੁਕੇ ਹਨ, ਪਰ ਅਜ ਉਹ ਅਕਾਲ ਚਲਾਣਾ ਕਰ ਗਏ ਹਨ । ਮਹਾਸ਼ਾ ਜੀ ਆਜ਼ਾਦੀ ਦੀ ਲਹਿਰ ਦੇ ਇਕ ਬੜੇ ਵੱਡੇ ਪਰਵਾਨੇ ਹੋਏ ਹਨ, ਉਨ੍ਹਾਂ ਨੇ ਕਾਂਗਰਸ ਪਾਰਟੀ ਦੇ ਵਿਚ ਰਹਿ ਕੇ ਵੱਖੋ ਵੱਖ ਤਰੀਕਿਆਂ ਨਾਲ ਇਸ ਮੁਲਕ ਦੀ ਸੇਵਾ ਕੀਤੀ । ਸਾਨੂੰ ਉਨ੍ਹਾਂ ਦੇ ਵਿਛੜ ਜਾਣ ਦਾ ਬਹੁਤ ਹੀ ਅਫਸੋਸ ਹੈ ।

ਇਸ ਤੋਂ ਇਲਾਵਾ ਮੈਨੂੰ ਇਸੇ ਹਾਊਸ ਵਿਚ ਸ੍ਰੀ ਨਾਥ ਪਾਈ ਜੀ ਦੇ ਅਕਾਲ ਚਲਾਣੇ ਦੀ ਖਬਰ ਮਿਲੀ ਹੈ । ਉਹ ਇਕ ਉਚ ਕੋਟੀ ਦੇ ਪਾਰਲੀਮੈਂਟੇਰੀਅਨ ਸਨ, ਸਾਨੂੰ ਉਨ੍ਹਾਂ ਦੇ ਅਕਾਲ ਚਲਾਣੇ ਦਾ ਬਹੁਤ ਹੀ ਅਫਸੋਸ ਹੈ ।

ਅੰਤ ਵਿਚ ਮੈਂ ਕਰਨਲ ਨਾਸਰ ਦੀ ਮੌਤ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਉਨ੍ਹਾਂ ਦੀ ਮੌਤ ਦਾ ਅਫਸੋਸ ਸਾਰੇ ਹਿੰਦੁਸਤਾਨ ਨੂੰ ਹੀ ਨਹੀਂ ਬਲਕਿ ਸਾਰੀ ਦੁਨੀਆ ਨੂੰ ਹੈ । ਕਰਨਲ ਨਾਸਰ ਨੇ ਸੰਸਾਰ ਵਿਚ ਅਮਨ ਅਤੇ ਯਕਜਹਿਤੀ ਕਾਇਮ ਰੱਖਣ ਲਈ ਬੜਾ ਭਾਰੀ ਹਿੱਸਾ ਪਾਇਆ ਹੈ। ਕਰਨਲ ਨਾਸਰ ਹਿੰਦੁਸਤਾਨ ਦੇ ਇੱਕ ਸੱਚੇ ਦੋਸਤ ਸਨ । ਉਹ ਅਰਬਾਂ ਦੇ ਬਹੁਤ ਪਿਆਰੇ ਸਨ ਅਤੇ ਉਨ੍ਹਾਂ ਨੇ ਆਪਣੇ ਦੇਸ਼ ਨੂੰ ਇਕ ਵੱਡੀ ਤਾਕਤ ਬਣਾਉਣ ਵਿਚ ਬਹੁਤ ਹਿਸਾ ਪਾਇਆ ਹੈ । ਕਰਨਲ ਨਾਸਰ ਦੀ ਮੌਤ ਦਾ ਹਿੰਦੁਸਤਾਨ ਨੂੰ ਬੜਾ ਭਾਰੀ ਨੁਕਸਾਨ ਹੋਇਆ ਹੈ ।

ਮੈਂ ਇਹੋ ਹੁਣ ਹਾਊਸ ਅਗੇ ਬੇਨਤੀ ਕਰਾਂਗਾ ਕਿ ਇਨ੍ਹਾਂ ਉਘੀਆਂ ਸ਼ਖਸ਼ੀਅਤਾਂ ਦੇ ਅਕਾਲ ਚਲਾਣੇ ਤੇ ਇਕ ਅਫਸੋਸ ਦਾ ਮਤਾ ਸਾਨੂੰ ਉਨ੍ਹਾਂ ਦੇ ਖਾਨਦਾਨ ਦੇ ਮੈਂਬਰਾਂ ਨੂੰ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਭੇਜ ਦੇਣਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਦੇ ਨਾਲ ਹਮਦਰਦੀ ਪਰਗਟ ਹੋ ਸਕੇ ।

ਸਰਦਾਰ ਉਮਰਾਓ ਸਿੰਘ (ਬੜਾ ਪਿੰਡ) : ਮੈਨੂੰ ਇਹ ਗਲ ਬੜੇ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਸਾਡੇ ਵਿਚੋਂ ਅੱਜ ਉਚ ਕੋਟੀ ਦੀਆਂ ਵਿਅਕਤੀਆਂ ਚਲੀਆਂ ਗਈਆਂ ਹਨ, ਮੈਂ ਆਪਣੀ ਪਾਰਟੀ ਵਲੋਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਦੇ ਵਿਚਾਰ ਉਨ੍ਹਾਂ ਨੇ ਇਸ ਹਾਊਸ ਵਿਚ ਦਿਤੇ ਹਨ ਅਸੀਂ ਉਨ੍ਹਾਂ ਦੇ ਨਾਲ ਸਹਿਮਤ ਹਾਂ। ਇਨਾਂ ਵਿਚੋਂ ਬਹੁਤ ਸਾਰੇ ਸਜਣ ਇਸ ਹਾਊਸ ਦੇ ਮੈਂਬਰ ਰਹੇ ਹਨ ਅਤੇ ਉਹ ਆਪਣੀ ਜ਼ਿੰਦਗੀ ਦੇ ਨਚੋੜ ਤੋਂ ਬੜੀਆਂ ਚੰਗੀਆਂ ਮਿਸਾਲਾਂ ਪੈਦਾ ਕਰ ਗਏ ਹਨ। ਸੰਤ ਸਾਧੂ ਸਿੰਘ ਜੀ ਇਸ ਹਾਊਸ ਦੇ ਇਕ ਬੜੇ ਸੀਨੀਅਰ ਮੈਂਬਰ ਰਹੇ ਹਨ ਅਤੇ ਆਪ ਬਹੁਤ ਦੇਰ ਤਕ ਇਸ ਹਾਊਸ ਦੇ ਮੈਂਬਰ ਰਹਿੰਦੇ ਹੋਏ ਸੇਵਾ ਕਰਦੇ ਰਹੇ ਹਨ, ਸਾਨੂੰ ਉਨ੍ਹਾਂ ਦੇ ਵਿਛੋੜੇ ਦਾ ਬਹੁਤ ਹੀ ਦੁਖ ਹੈ।

ਸ੍ਰ. ਬਸੰਤ ਸਿੰਘ ਜੀ ਦੇ ਅਕਾਲ ਚਲਾਣੇ ਦਾ ਸਾਨੂੰ ਬਹੁਤ ਹੀ ਦੁਖ ਹੈ। ਇਹ ਨਾ ਸਿਰਫ ਸਾਨੂੰ ਹੀ ਸਗੋਂ ਸਾਰੇ ਪੰਜਾਬ ਨੂੰ ਦੁਖ ਹੈ। ਸਭ ਤੋਂ ਵਡਾ ਦੁਖ ਸਾਨੂੰ ਇਸ ਗੱਲ ਦਾ ਹੈ ਕਿ ਅਜੇ ਤਕ ਉਹਨਾਂ ਦੇ ਕਾਤਲ ਫੜੇ ਹੀ ਨਹੀਂ ਗਏ, ਇਹ ਇਕ ਬੜੀ ਭਾਰੀ ਜ਼ਿਮੇਵਾਰੀ ਦਾ ਸਵਾਲ ਹੈ ਜਿਹੜਾ ਕਿ ਹੁਣ ਤਕ ਨਿਭਾਉਣਾ ਚਾਹੀਦਾ ਸੀ। ਉਹ ਇਸ ਹਾਊਸ ਦੇ ਇਕ ਸਰਕਰਦਾ ਮੈਂਬਰ ਸਨ, ਅਤੇ ਉਨ੍ਹਾਂ ਦੇ ਕਾਤਲ ਹੁਣ ਤੱਕ ਗਰਿਫਤਾਰ ਹੋਣੇ ਚਾਹੀਦੇ ਸਨ।

ਚੌਧਰੀ ਕਰਤਾਰ ਸਿੰਘ ਜੀ ਵੀ ਇਕ ਬੜੇ ਭਾਰੀ ਨੀਤੀਵਾਨ ਮੈਂਬਰ ਸਨ, ਬੜੀ ਦੇਰ ਤੱਕ ਉਹ ਕੌਂਸਲ ਦੇ ਮੈਂਬਰ ਰਹੇ। ਜਦੋਂ ਹਿੰਦੁਸਤਾਨ ਦੇ ਦੋ ਟੁਕੜੇ ਹੋਏ ਤਾਂ ਆਪ ਨੇ ਬੜਾ ਵਧ ਚੜ੍ਹ ਕੇ ਹਿੰਦੁਸਤਾਨ ਦੇ ਲੋਕਾਂ ਵਿਚ ਅਮਨ ਕਾਇਮ ਰਖਣ ਲਈ ਵਧ ਚੜ੍ਹ ਕੇ ਹਿੱਸਾ ਪਾਇਆ।

ਇਸ ਤੋਂ ਇਲਾਵਾ ਸ੍ਰ: ਸੁਰਮੁਖ ਸਿੰਘ ਜੀ ਜ਼ਿਲ੍ਹਾ ਰੋਪੜ ਦੇ ਇਕ ਸਿਰਕਢਵੇਂ ਮੈਂਬਰ ਸਨ। ਉਨ੍ਹਾਂ ਦਾ ਇਸ ਮੌਕੇ ਅਕਾਲ ਚਲਾਣਾ ਕਰ ਜਾਣਾ ਇਕ ਬੜਾ ਭਾਰੀ ਘਾਟੇ ਵਾਲਾ ਕੰਮ ਹੋਇਆ ਹੈ।

ਮਹਾਸ਼ਾ ਬਨਾਰਸੀ ਦਾਸ ਜੀ ਦੇ ਮੁਤਾਲਿਕ ਵੀ ਅਰਜ਼ ਕਰ ਦਿਆਂ ਕਿ ਉਹ ਬੜੀ ਦੇਰ ਤੱਕ ਇਸ ਹਾਊਸ ਦੇ ਮੈਂਬਰ ਰਹੇ ਅਤੇ ਇਸ ਦੇ ਨਾਲ ਹੀ ਮਨਿਸਟਰ ਵੀ ਰਹੇ ਪਰ ਉਨ੍ਹਾਂ ਦੀ ਜ਼ਿੰਦਗੀ ਬੜੀ ਹੀ ਸਾਦਾਂ ਸੀ। ਉਹ ਹਮੇਸ਼ਾ ਜ਼ਮੀਨ ਤੇ ਬੈਠ ਕੇ ਖਾਣਾ ਖਾਂਦੇ ਸਨ ਅਤੇ ਆਪਣੇ ਟੂਰ ਪ੍ਰੋਗਰਾਮ ਦੇ ਵਿੱਚ ਕਹਿ ਦਿਆ ਕਰਦੇ ਸਨ ਕਿ ਸਾਦਾ ਭੋਜਨ ਸਾਡੇ ਲਈ ਬਣੇ। ਉਹ ਬੜੀ ਉਚੀ ਅਤੇ ਸੁਚੀ ਸ਼ਖਸ਼ੀਅਤ ਦੇ ਇਨਸਾਨ ਸਨ। ਸਾਦਾ ਆਦਤਾਂ ਦੇ ਉਹ ਇਕ ਮੁਜਸਮਾ ਸਨ।

ਅਜ ਹੀ ਦੁਪਹਿਰ ਦੀਆਂ ਖਬਰਾਂ ਵਿਚ ਜਦੋਂ ਸ੍ਰੀ ਨਾਥ ਪਾਈ ਜੀ ਦੇ ਅਕਾਲ ਚਲਾਣੇ ਦੀ ਖਬਰ ਆਈ ਤਾਂ ਮੈਂ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਦੇ ਵਿਚ ਇਹ ਗੱਲ ਲਿਆਂਦੀ ਸੀ। ਉਹ ਇਕ ਉਚੀ ਨੀਤੀ ਦੇ ਪਾਰਲੀਮੈਂਟੇਰੀਅਨ ਸਨ ਚਾਹੇ ਕੋਈ ਕਿਸੇ ਪਾਰਟੀ ਦਾ ਕਿਉਂ ਨਾ ਹੋਵੇ ਪਰ ਉਨ੍ਹਾਂ ਦੇ ਵਿਚਾਰ ਸਾਰਿਆਂ ਨੂੰ ਪਸੰਦ ਸਨ। ਉਨ੍ਹਾਂ ਦੀ ਹੀ ਦੇਣ ਹੈ ਜੋ ਡੈਮੋਕਰੈਟਿਕ ਸੈਟ-ਅਪ ਦਾ ਢਾਂਚਾ, ਪਾਰਲੀਮੈਂਟਰੀ ਪ੍ਰੋਸੀਜਰਲ ਢਾਂਚਾ ਉਨ੍ਹਾਂ ਦੇ ਦਿਮਾਗ ਦੇ ਵਿਚ ਆਇਆ ਅਤੇ ਉਨ੍ਹਾਂ ਨੇ ਇਸ ਮੁਲਕ ਵਿਚ ਲਾਗੂ ਕਰਨ ਲਈ ਲੋਕਾਂ ਨੂੰ ਪਰੇਰਿਆ।

[ਸਰਦਾਰ ਉਮਰਾਓ ਸਿੰਘ]

ਪਹਿਲਾਂ ਇਸ ਤੇ ਬੜੀ ਕੰਟਰੋਵਰਸੀ ਚਲੀ ਪਰ ਫੇਰ ਇਹੀ ਕੰਸਟੀਚੀਊਸ਼ਨ ਬਣ ਜਾਣ ਤੇ ਕੰਸਟੀਚੀਊਸ਼ਨ ਅਸੈਂਬਲੀ ਬਣ ਜਾਣ ਤੇ ਇਸ ਦੇਸ਼ ਦੇ ਵਿਧਾਨ ਅਨੁਸਾਰ ਲੋਕਾਂ ਨੂੰ ਉਨ੍ਹਾਂ ਦੀ ਦਿਮਾਗੀ ਇਖਤਰਾਹ ਨੂੰ ਸਰਾਹਿਆ । ਇਹ ਅਜ ਸੰਸਾਰ ਦੇ ਲਈ ਇਕ ਨਮੂਨਾ ਹੈ ।

ਕਰਨਲ ਨਾਸਰ ਦੀ ਮੌਤ ਦਾ ਜ਼ਿਕਰ ਕਰਨਾ ਵੀ ਮੈਂ ਇਥੇ ਜ਼ਰੂਰੀ ਸਮਝਦਾ ਹਾਂ ਜਿਸ ਨੇ ਕਿ ਭਾਰਤ ਨੂੰ ਇਕ ਵਡੀਆਂ ਤਾਕਤ ਵਿਚ ਲਿਆਂਦਾ, ਅਜ ਅਸੀਂ ਬੜੀ ਸ਼ਾਨ ਨਾਲ ਸੰਸਾਰ ਪ੍ਰਸਿਧ ਤਾਕਤਾਂ ਵਿਚ ਆਪਣੇ ਆਪ ਨੂੰ ਦਸਦੇ ਹਾਂ, ਇਹ ਕਿਸੇ ਵੇਲੇ ਕਰਨਲ ਨਾਸਰ ਨੇ ਪੰਡਿਤ ਜਵਾਹਰ ਲਾਲ ਨਾਲ ਮਿਲਕੇ ਜਿਹੜੀ ਵਦੇਸ਼ੀ ਨੀਤੀ ਅਪਣਾਈ ਗਈ ਸੀ ਉਸ ਦਾ ਹੀ ਸਿੱਟਾ ਹੈ ਕਿ ਅਸੀਂ ਬਾਹਰਲੇ ਮੁਲਕਾਂ ਨਾਲ ਮਿਲਕੇ ਇਕ ਬੜੀ ਭਾਰੀ ਫੋਰਸ ਪੈਦਾ ਕੀਤੀ । ਉਸੇ ਫੋਰਸ ਦਾ ਨਤੀਜਾ ਹੈ ਕਿ ਅਜ ਅਫ਼ਰੀਕਾ ਦੇ ਕਈ ਛੋਟੇ-ਛੋਟੇ ਕੰਟਰੀਜ਼ ਨੂੰ ਆਜ਼ਾਦੀ ਮਿਲ ਗਈ ਹੈ । ਅਤੇ ਅਜ ਉਹ ਦੇਸ਼ ਨਾਨ-ਅਲਾਈਨਮੈਂਟ ਦੀ ਜਿਹੜੀ ਪਾਲੀਸੀ ਹੈ ਉਸ ਨਾਲ ਹਮਦਰਦੀ ਰਖਦੇ ਹਨ । ਇਸ ਤੋਂ ਬਿਨਾਂ ਨਾਸਰ ਤੇ ਅਰਬ ਦੇਸ਼ਾਂ ਨੂੰ ਸੰਗਠਤ ਕਰਨ ਦਾ ਸਿਹਰਾ ਹੈ । ਮੈਂ ਸਮਝਦਾ ਹਾਂ ਕਿ ਸਾਡੇ ਦੇਸ਼ ਵਲੋਂ ਜਿੰਨੀ ਵੀ ਹਮਦਰਦੀ ਕੀਤੀ ਜਾਵੇ ਉਹ ਥੋੜ੍ਹੀ ਹੈ ਕਿ ਉਨ੍ਹਾਂ ਦੇ ਅਤੇ ਸਾਡੇ ਦੇਸ਼ ਦੀ ਫਾਰਨ ਪਾਲਿਸੀ ਦੇ ਅਸੂਲ ਰਲਦੇ ਮਿਲਦੇ ਹੀ ਨਹੀਂ ਸਗੋਂ ਇਕ ਸੀ । ਇਸ ਲਈ ਮੈਂ ਸਮਝਦਾ ਹਾਂ ਕਿ ਇਸ ਹਾਊਸ ਵਲੋਂ ਉਨ੍ਹਾਂ ਦੀ ਮੌਤ ਦਾ ਅਫਸੋਸ ਮਿਸਰ ਦੇ ਲੋਕਾਂ ਨੂੰ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਕਨਵੇ ਕਰ ਦਿਤਾ ਜਾਵੇ ।

ਸ੍ਰੀ ਬਲਰਾਮ ਦਾਸ ਟੰਡਨ (ਅੰਮ੍ਰਿਤਸਰ ਸੈਂਟਰਲ) : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਜਿਹੜਾ ਮਤਾ ਹਾਊਸ ਦੇ ਸਾਹਮਣੇ ਰਖਿਆ ਹੈ ਮੈਂ ਆਪਣੇ ਅਤੇ ਆਪਣੀ ਪਾਰਟੀ ਵਲੋਂ ਇਸ ਦਾ ਹਾਰਦਿਕ ਸਮਰਥਨ ਕਰਦਾ ਹਾਂ । ਇਹ ਬੜੇ ਅਫਸੋਸ ਦਾ ਮੁਕਾਮ ਹੈ ਕਿ ਕਈ ਉਘੀਆਂ ਹਸਤੀਆਂ ਜੋ ਕਿ ਸਾਡੇ ਨਾਲ ਹੀ ਇਸ ਹਾਊਸ ਦੀਆਂ ਮੈਂਬਰ ਰਹੀਆਂ ਔਰ ਜਿਨ੍ਹਾਂ ਦੇ ਨਾਲ ਕਿ ਅਸੀਂ ਇਸ ਹਾਊਸ ਦੀਆਂ ਪ੍ਰੋਸੀਡਿੰਗਜ਼ ਵਿਚ ਹਿਸਾ ਲਿਆ ਸੀ, ਅਜ ਸਾਡੇ ਵਿਚ ਨਹੀਂ ਹਨ । ਸੰਤ ਸਾਧੂ ਸਿੰਘ ਜੀ, ਮੈਂ ਸਮਝਦਾ ਹਾਂ ਕਿ ਉਹ ਸਿਰਫ ਨਾਂ ਕਰਕੇ ਹੀ ਨਹੀਂ ਸਗੋਂ ਤਬੀਅਤ ਅਤੇ ਗੁਣਾਂ ਕਰਕੇ ਵੀ ਇਸ ਨਾਂ ਦੇ ਅਧਿਕਾਰੀ ਸੀ । ਉਹ ਨਿਹਾਇਤ ਨੇਕ ਅਤੇ ਆਪਣੀ ਬਿਰਾਦਰੀ ਦੇ ਉਘੇ ਆਗੂ ਸੀ । ਸਾਨੂੰ ਉਨ੍ਹਾਂ ਦੀ ਮੌਤ ਤੇ ਹਾਰਦਿਕ ਅਫਸੋਸ ਹੈ ।

ਸਪੀਕਰ ਸਾਹਿਬ, ਸਰਦਾਰ ਬਸੰਤ ਸਿੰਘ ਜਿਹੜੇ ਕਿ ਇਸ ਹਾਊਸ ਦੇ ਉਘੇ ਮੈਂਬਰ ਸੀ, ਅਜ ਸਾਡੇ ਵਿਚ ਨਹੀਂ ਹਨ । ਉਹ ਪੰਜਾਬ ਦੇ ਕੁਝ ਇਕ ਉਘੇ ਨੇਤਾਵਾਂ ਵਿਚੋਂ ਸੀ । ਪੰਜਾਬ ਦੀ ਪਾਲਟਿਕਸ ਵਿਚ ਉਨ੍ਹਾਂ ਦਾ ਹਿਸਾ ਬੜਾ ਸੀ । ਉਹ ਦਿਹਾਤਾਂ ਅਤੇ ਜ਼ਿਮੀਦਾਰਾਂ ਦੇ ਬਹੁਤ ਵਡੇ ਦੋਸਤ ਸੀ । ਜਿਹੜਾ ਵੀ ਕੋਈ ਉਨ੍ਹਾਂ ਦੇ ਨਾਲ ਦਿਹਾਤਾਂ ਅਤੇ ਜ਼ਿਮੀਦਾਰਾਂ ਦੇ ਮਸਲਿਆਂ ਤੇ ਗਲ ਕਰਦਾ ਸੀ, ਉਹ ਇਹ ਪ੍ਰਭਾਵ ਲਏ ਬਗੈਰ ਨਹੀਂ ਸੀ ਰਹਿ ਸਕਦਾ ਕਿ ਉਹ ਇਕ ਜੈਮ ਹਨ । ਇਸ ਦੇ ਨਾਲ ਹੀ ਉਨ੍ਹਾਂ ਨੂੰ ਆਪਣੇ ਸੂਬੇ ਦੀ ਸਿਆਸਤ ਦਾ ਅਤੇ ਦੇਸ਼ ਦੀ ਸਿਆਸਤ ਦਾ ਬੜਾ ਗਿਆਨ ਸੀ । ਉਨ੍ਹਾਂ ਦੇ ਨਾਲ ਇਨ੍ਹਾਂ ਮਸਲਿਆਂ ਤੇ ਗੱਲ ਕਰਨ ਵਾਲਾ ਹਰ ਬੰਦਾ ਇਹ ਪ੍ਰਭਾਵ ਲੈਂਦਾ ਸੀ ਕਿ ਇਕ ਗੁਝਾ ਸਿਆਸਤਦਾਨ ਪੰਜਾਬ ਵਿਚ ਹੈ । ਸਪੀਕਰ ਸਾਹਿਬ, ਇਹ ਬੜੇ ਅਫਸੋਸ ਦੀ ਗੱਲ ਹੈ ਕਿ ਪੰਜਾਬ ਵਿੱਚ ਜੇ ਇਕ ਐਮ.ਐਲ.ਏ. ਦਾ ਇਸ ਤਰ੍ਹਾਂ ਕਤਲ ਹੋ ਸਕਦਾ ਹੈ ਤਾਂ ਆਮ ਆਦਮੀ ਕਿਸ ਤਰ੍ਹਾਂ ਪੰਜਾਬ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਖਿਆਲ ਕਰ ਸਕਦਾ ਹੈ ।

ਸਪੀਕਰ ਸਾਹਿਬ, ਮੈਂ ਗੱਲ ਨੂੰ ਹੋਰ ਪਾਸੇ ਨਹੀਂ ਲੈ ਜਾਣਾ ਚਹੁੰਦਾ ਪਰ ਇਤਨੀ ਅਰਜ਼ ਚੀਫ ਮਨਿਸਟਰ ਸਾਹਿਬ ਨੂੰ ਜ਼ਰੂਰ ਕਰਾਂਗਾ ਕਿ ਜੇ ਐਮ. ਐਲ. ਏ. ਦਾ ਇਹ ਹਾਲ ਹੈ ਤਾਂ ਸਾਨੂੰ ਆਪਣੀਆਂ ਕਮਜ਼ੋਰੀਆਂ ਅਤੇ ਘਾਟਿਆਂ ਤੇ ਨਜ਼ਰਸਾਨੀ ਕਰਨੀ ਚਾਹੀਦੀ ਹੈ। ਕਿਉਂਕਿ ਇਕ ਐਮ.ਐਲ.ਏ. ਤਾਂ ਪਬਲਿਕ ਲਈ ਓਪਨ ਹੁੰਦਾ ਹੈ। ਜੇ ਕੋਈ ਚਾਹੇ ਤਾਂ ਉਹ ਰਾਤ ਨੂੰ ਵੀ ਉਸ ਨੂੰ ਅਵਾਜ਼ ਮਾਰ ਸਕਦਾ ਹੈ। ਪਬਲਿਕ ਦੇ ਆਦਮੀਆਂ ਨੇ ਉਸ ਨੂੰ ਆਪਣੇ ਦੁਖ ਦਰਦ ਦਸਣੇ ਹੁੰਦੇ ਹਨ। ਅਗਰ ਉਸ ਨਾਲ ਇਹ ਹਾਲ ਰਿਹਾ ਤਾਂ ਸਾਨੂੰ ਆਪਣੇ ਡੈਮੋਕਰੇਸੀ ਦਾ ਮੁੜ ਅਵਲੋਕਨ ਕਰਨਾ ਪਏਗਾ। ਇਹ ਸਿਰਫ ਸਰਕਾਰ ਵਾਸਤੇ ਹੀ ਨਹੀਂ ਸਗੋਂ ਸਾਡੇ ਸਾਰਿਆਂ ਵਾਸਤੇ ਸ਼ਰਮਨਾਕ ਗੱਲ ਹੋਵੇਗੀ ਜੇ ਅਸੀਂ ਉਨ੍ਹਾਂ ਦੇ ਕਾਤਲਾਂ ਨੂੰ ਫੜ ਕੇ ਕਾਨੂੰਨ ਅਤੇ ਕੋਰਟ ਦੇ ਹਵਾਲੇ ਨਹੀਂ ਕਰਾਂਗੇ। ਇਸ ਲਈ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕੋਈ ਜ਼ਰੀਆ ਬਾਕੀ ਨਹੀਂ ਰਹਿਣ ਦੇਣਾ ਚਾਹੀਦਾ ਕਿ ਅਜਿਹਾ ਸੀਰੀਅਸ ਕ੍ਰਾਈਮ ਕਰਨ ਵਾਲੇ ਕਾਤਲ ਬਚ ਕੇ ਨਿਕਲ ਜਾਣ।

ਫਿਰ, ਸਪੀਕਰ ਸਾਹਿਬ, ਮੈਂ ਚੌਧਰੀ ਕਰਤਾਰ ਸਿੰਘ ਜੀ ਦੇ ਅਕਾਲ ਚਲਾਣੇ ਤੇ ਸ਼ੋਕ ਪ੍ਰਗਟ ਕਰਦਾ ਹਾਂ। ਚੌਧਰੀ ਸਾਹਿਬ ਇਸ ਹਾਊਸ ਦੇ, ਕੌਂਸਿਲ ਦੇ ਮੈਂਬਰ ਰਹੇ ਹਨ ਅਤੇ ਇਸ ਦੇ ਨਾਲ ਹੀ ਉਹ ਪੰਜਾਬ ਕੈਬਿਨਿਟ ਦੇ ਵਿੱਚ ਕੈਬਨਿਟ ਰੈਂਕ ਦੇ ਮਨਿਸਟਰ ਵੀ ਰਹੇ ਹਨ। ਉਹ ਇਕ ਦ੍ਰਿੜ੍ਹ ਇਰਾਦੇ ਵਾਲੇ ਅਤੇ ਸੁਲਝੇ ਹੋਏ ਸਿਆਸਤਦਾਨ ਸੀ। ਫਿਰ, ਸਪੀਕਰ ਸਾਹਿਬ, ਸਰਦਾਰ ਸੁਰਮੁਖ ਸਿੰਘ ਜੀ ਦੀ ਮੌਤ ਦਾ ਸਾਨੂੰ ਅਫਸੋਸ ਹੈ, ਉਹ ਵੀ ਇਸ ਹਾਊਸ ਦੇ ਇਕ ਪ੍ਰੋਮੀਨੈਂਟ ਮੈਂਬਰ ਸੀ।

ਫਿਰ, ਸਪੀਕਰ ਸਾਹਿਬ, ਨਾਥਪਾਈ ਸਾਹਿਬ ਦੀ ਮੌਤ ਦੀ ਖਬਰ ਸੁਣ ਕੇ ਬੜਾ ਗਹਿਰਾ ਸਦਮਾ ਲਗਿਆ ਹੈ, ਜਿਹੜਾ ਕਿ ਮੈਂ ਦਸ ਨਹੀਂ ਸਕਦਾ। ਨਾਥਪਾਈ ਜੀ ਉਨ੍ਹਾਂ 2, 4 ਪਾਰਲੀਮੈਂਟ ਦੇ ਮੈਂਬਰਾਂ ਵਿਚੋਂ ਸੀ ਜਿਹੜੇ ਕਿ ਸਾਰੇ ਹਾਊਸ ਨੂੰ ਆਪਣੀ ਸਪੀਚ ਨਾਲ ਸਪੈਲ-ਬਾਊਂਡ ਕਰ ਲੈਂਦੇ ਸੀ ਅਤੇ ਆਪਣੀਆਂ ਆਰਗੂਮੈਂਟਸ ਦੇ ਨਾਲ ਕੋਈ ਵੀ ਕੇਸ ਹੋਵੇ ਬੜੀ ਚੰਗੀ ਤਰ੍ਹਾਂ ਹਾਊਸ ਦੇ ਵਿਚ ਰਖਦੇ ਸੀ। ਇਕ ਉਹ ਹੀ ਅਜਿਹੇ ਵਾਹਿਦ ਮੈਂਬਰ ਸੀ ਜਿਹੜੇ ਕਿ 1952 ਤੋਂ, ਜਦੋਂ ਤੋਂ ਕਿ ਇਹ ਪਾਰਲੀਮੈਂਟ ਬਣੀ ਹੈ, ਮੈਂਬਰ ਚਲੇ ਆ ਰਹੇ ਸੀ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਮੌਤ ਦੇ ਨਾਲ ਦੇਸ਼ ਨੂੰ, ਅਤੇ ਪਾਰਲੀਮੈਂਟ ਨੂੰ ਕਿਤਨਾ ਨੁਕਸਾਨ ਹੋਇਆ ਹੈ, ਇਹ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਫਿਰ ਮਹਾਸ਼ਾ ਬਨਾਰਸੀ ਦਾਸ ਜੀ ਵੀ ਸਾਡੇ ਕੋਲੋਂ ਵਿਛੜ ਗਏ ਹਨ ਮੈਨੂੰ ਉਨ੍ਹਾਂ ਦੀ ਮੌਤ ਦਾ ਵੀ ਹਾਰਦਿਕ ਅਫਸੋਸ ਹੈ। ਫਿਰ ਜਨਰਲ ਨਾਸਰ ਵੀ ਅਜ ਸਾਡੇ ਵਿੱਚ ਨਹੀਂ। ਜਨਰਲ ਨਾਸਰ ਨੇ ਦੁਨੀਆਂ ਦੀ ਸਿਆਸਤ ਵਿਚ ਜਿਸ ਤਰ੍ਹਾਂ ਆਪਣੀ ਥਾਂ ਬਣਾਈ ਸੀ, ਉਹ ਕੋਈ ਲੁਕੀ ਛਿਪੀ ਗਲ ਨਹੀਂ ਹੈ। ਉਨ੍ਹਾਂ ਨੇ ਛੋਟੇ ਛੋਟੇ ਮੁਲਕਾਂ ਦੀ ਅਜ਼ਾਦੀ ਲਈ ਸਟਰਗਲ ਵਿਚ ਬੜੀ ਮਦਦ ਕੀਤੀ। ਜਿਨ੍ਹਾਂ ਦੀ ਆਜ਼ਾਦੀ ਲਈ ਕਿ ਵਡੀਆਂ-ਵਡੀਆਂ ਪਾਵਰਜ਼ ਅਜੇ ਫਿਰ ਖਤਰਾ ਬਣਦੀਆਂ ਜਾ ਰਹੀਆਂ ਹਨ। ਜਿਸ ਤਰ੍ਹਾਂ ਉਹ ਛੋਟੇ ਛੋਟੇ ਮੁਲਕਾਂ ਦੇ ਸਰਬਰਾਹ ਬਣ ਗਏ ਸੀ ਉਹ ਸਭ ਆਪਣੀ ਲਿਆਕਤ ਸਦਕਾ ਸੀ। ਅਸੀਂ ਉਨ੍ਹਾਂ ਦੀ ਸ਼ਖਸੀਅਤ ਦੇ ਅੱਗੇ ਸਿਰ ਝੁਕਾਉਂਦੇ ਹਾਂ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਚੀਫ ਮਨਿਸਟਰ ਸਾਹਿਬ ਵਲੋਂ ਜੋ ਸ਼ੋਕ ਮਤਾ ਪੇਸ਼ ਕੀਤਾ ਗਿਆ ਹੈ ਉਸ ਦਾ ਸਮਰਥਨ ਕਰਦਾ ਹਾਂ ਅਤੇ ਅਰਜ਼ ਕਰਦਾ ਹਾਂ ਕਿ ਹਾਊਸ ਦੇ ਸੈਂਟੀਮੈਂਟ ਵਿਛੜੇ ਹੋਏ ਨੇਤਾਵਾਂ ਦੇ ਪਰਿਵਾਰ ਨੂੰ ਭੇਜ ਦਿਤੇ ਜਾਣ।

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪਛਮੀ) : ਸਪੀਕਰ ਸਾਹਿਬ, ਚੀਫ਼ ਮਨਿਸਟਰ

[ਕਾਮਰੇਡ ਸਤਪਾਲ ਡਾਂਗ]

ਸਾਹਿਬ ਨੇ ਜੋ ਮਤਾ ਇਸ ਹਾਊਸ ਵਿਚ ਪੇਸ਼ ਕੀਤਾ ਹੈ ਮੈਂ ਆਪਣੀ ਪਾਰਟੀ ਵਲੋਂ ਪੂਰੀ ਤਰ੍ਹਾਂ ਇਸ ਵਿਚ ਸ਼ਰੀਕ ਹੋਣ ਅਤੇ ਆਪਣੀ ਸਹਿਮਤੀ ਜ਼ਾਹਰ ਕਰਨ ਲਈ ਖੜਾ ਹੋਇਆ ਹਾਂ ।

ਸਪੀਕਰ ਸਾਹਿਬ, ਕਰਨਲ ਨਾਸਰ ਦੀ ਮੌਤ ਤੇ ਹਿੰਦੁਸਤਾਨ ਦੀ ਸਰਕਾਰ ਅਤੇ ਲੋਕਾਂ ਵਲੋਂ ਜਿਸ ਤਰ੍ਹਾਂ ਆਪਣੀਆਂ ਪੁਰਾਣੀਆਂ ਰਵਾਇਤਾਂ ਤੋੜ ਕੇ ਮੋਰਨ ਕੀਤਾ ਗਿਆ ਅਤੇ ਸਰਕਾਰੀ ਦਫਤਰ ਆਦਿ ਬੰਦ ਕੀਤੇ ਗਏ, ਇਹ ਇਕ ਦਰੁਸਤ ਕਦਮ ਸੀ । ਇਸ ਗੱਲ ਲਈ ਕਾਫੀ ਵਜੂਹਾਤ ਸਨ । ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦੀ ਸਰਕਾਰ ਨੇ ਅਜਿਹਾ ਕਦਮ ਚੁਕ ਕੇ ਬਿਲਕੁਲ ਦਰੁਸਤ ਕੀਤਾ ਹੈ। ਮੈਂ ਸਮਝਦਾ ਹਾਂ ਕਿ ਨਾਸਰ ਇਸ ਸਮੇਂ ਦਾ ਹੀ ਨਹੀਂ ਸਗੋਂ ਸਭ ਸਮਿਆਂ ਵਿਚ ਹੋਏ ਸਿਆਸਤਦਾਨਾਂ ਵਿਚੋਂ ਸਭ ਤੋਂ ਵਡਾ ਸਿਆਸਤਦਾਨ ਸੀ ਜਿਹੜਾ ਕਿ ਅਰਬਾਂ ਨੇ ਪੈਦਾ ਕੀਤਾ ਜੋ ਕਿ ਐਂਟੀ ਇੰਮਪਰੀਲਿਜ਼ਮ ਸੀ । ਉਹ ਸਾਮਰਾਜ ਦੇ ਵਿਰੁਧ ਲੜਾਈ ਦਾ ਇਕ ਸਿੰਬਲ ਸੀ । ਉਸ ਨੇ ਅਰਬ ਮੁਲਕਾਂ ਨੂੰ ਇਕੱਠਾ ਕਰਨ ਤੋਂ ਛੁੱਟ ਸਾਮਰਾਜ ਤੋਂ ਛੋਟੇ ਛੋਟੇ ਮੁਲਕਾਂ ਨੂੰ ਅਜ਼ਾਦੀ ਦਿਵਾਉਣ ਲਈ ਬਹੁਤ ਕੰਮ ਕੀਤਾ । ਨਾ ਕੇਵਲ ਉਹ ਆਪਣੇ ਦੇਸ਼ ਦੀ ਅਜ਼ਾਦੀ ਲਈ ਲੜਿਆ ਸਗੋਂ ਜੋ ਕਝ ਉਸ ਨੇ ਆਪਣੇ ਦੇਸ਼ ਵਿਚ ਅਜ਼ਾਦੀ ਤੋਂ ਬਾਦ ਕੀਤਾ ਉਸ ਤੋਂ ਮੈਂ ਸਮਝਦਾ ਹਾਂ ਕਿ ਅਜ ਵੀ ਅਸੀਂ ਸਬਕ ਸਿਖ ਸਕਦੇ ਹਾਂ । ਅਜ਼ਾਦ ਹੋਣ ਤੋਂ ਬਾਦ ਉਸਨੇ ਉਹ ਹੌਸਲਾ ਕੀਤਾ ਜੋ ਕਿ ਵਡੇ ਵਡੇ ਦੇਸ਼ ਇਥੋਂ ਤਕ ਕਿ ਹਿੰਦੁਸਤਾਨ ਵੀ ਨਹੀਂ ਕਰ ਸਕਿਆ । ਉਸ ਨੇ ਅਜ਼ਾਦ ਹੋਣ ਦੇ ਬਾਦ ਜਦੋਂ ਨਹਿਰ ਸੁਏਜ਼ ਦਾ ਕੌਮੀਕਰਨ ਕੀਤਾ ਤਾਂ ਇਹ ਖਤਰਨਾਕ ਕਦਮ ਸੀ। ਪਰ ਸਾਰੀ ਦੁਨੀਆਂ ਦੇ ਲੋਕਾਂ ਨੇ ਜੋ ਕਿ ਸਾਮਰਾਜ ਦੇ ਖਿਲਾਫ ਸੀ, ਉਸ ਨੂੰ ਦਾਦ ਦਿਤੀ । ਪਰ ਅੰਗਰੇਜ਼ ਅਤੇ ਫਰਾਂਸ ਦੇ ਸਾਮਰਾਜੀਆਂ ਨੇ ਉਸ ਤੇ ਹਮਲਾ ਕਰ ਦਿਤਾ ਜਿਸ ਦਾ ਉਸ ਨੇ ਬੜੀ ਦਲੇਰੀ ਦੇ ਨਾਲ ਟਾਕਰਾ ਕੀਤਾ ਫਿਰ ਸਾਮਰਾਜੀਆਂ ਦੇ ਇਕ ਅਡੇ ਨੇ ਜਿਹੜਾ ਕਿ ਅਰਬਾਂ ਦੇ ਵਿੱਚ ਹੀ ਉਨ੍ਹਾਂ ਨੇ ਕਾਇਮ ਕੀਤਾ ਹੈ, ਇਸਰਾਈਲ, ਉਸ ਨੇ ਵੀ ਹਮਲਾ ਕੀਤਾ ਪਰ ਨਾਸਰ ਆਪਣੇ ਇਰਾਦੇ ਤੇ ਕਾਇਮ ਰਿਹਾ ਤੇ ਉਨ੍ਹਾਂ ਦਾ ਮੁਕਾਬਲਾ ਕੀਤਾ। ਸਪੀਕਰ ਸਾਹਿਬ, ਅਮਰੀਕਾ ਨੇ ਇਹ ਵਾਹਿਦਾ ਕੀਤਾ ਸੀ ਕਿ ਉਹ ਆਸਵਾਨ ਬੰਧ ਉਸਾਰਨ ਵਿਚ ਮਦਦ ਕਰੇਗਾ, ਪਰ ਉਹ ਵੀ ਉਸ ਤੋਂ ਮੁਕਰ ਗਿਆ । ਅਜ ਨਾਸਰ ਇਸ ਦੁਨੀਆਂ ਵਿਚ ਨਹੀਂ ਪਰ ਮਿਸਰ ਨੇ ਉਹ ਡੈਮ ਰੂਸ ਦੀ ਮਦਦ ਦੇ ਨਾਲ ਉਸਾਰ ਕੇ ਦੁਨੀਆਂ ਦੇ ਸਭ ਤੋਂ ਵੱਡੇ ਸਾਮਰਾਜ ਦੇ ਮੂੰਹ ਤੇ ਚਪੇੜ ਮਾਰ ਕੇ ਦਸ ਦਿਤਾ ਹੈ ਕਿ ਉਹ ਸੋਸ਼ਲਿਸਟ ਤਾਕਤਾਂ ਦੇ ਨਾਲ ਰਲ ਕੇ ਉਨ੍ਹਾਂ ਸਾਮਰਾਜੀਆਂ ਤੋਂ ਬਿਨਾਂ ਵੀ ਗੁਜ਼ਾਰਾ ਕਰ ਸਕਦੇ ਹਨ ਅਤੇ ਇਸ ਤਰੀਕੇ ਦੇ ਨਾਲ ਅਗੇ ਵਧ ਸਕਦੇ ਹਨ । ਨਾਸਰ ਕਿੰਨੇ ਮੁਸ਼ਕਲ ਹਾਲਾਤ ਵਿਚ ਕੰਮ ਕਰਦਾ ਰਿਹਾ ਸੀ ਅਤੇ ਉਨ੍ਹਾਂ ਮੁਸ਼ਕਿਲ ਹਾਲਾਤ ਦੀ ਵਜ੍ਹਾ ਨਾਲ ਹੀ ਉਸ ਦੀ ਮੌਤ ਹੋਈ । ਇਸ ਚੀਜ਼ ਦਾ ਕਿਸੇ ਨੂੰ ਭੁਲੇਖਾ ਨਹੀਂ ਕਿ ਅਮਰੀਕਾ ਨੇ ਉਥੇ ਇਜ਼ਰਾਈਲ ਨੂੰ ਸਾਮਰਾਜ ਦਾ ਆਪਣਾ ਅਡਾ ਬਣਾਇਆ ਹੋਇਆ ਸੀ ਇਜ਼ਰਾਇਲ ਰਾਹੀਂ ਅਮਰੀਕਾ ਅਰਬ ਦੀ ਧਰਤੀ ਉਤੇ ਕਬਜ਼ ਕਰਨਾ ਚਾਹੁੰਦੀ ਸੀ । ਲੇਕਿਨ ਨਾਸਰ ਇਸ ਸਾਮਰਾਜੀਅਤ ਦੇ ਖਿਲਾਫ ਲਗਾਤਾਰ ਲੜਿਆ । ਜਦੋਂ ਅਰਬਾਂ ਨੂੰ ਅਰਬਾਂ ਨਾਲ ਲੜਾਉਣ ਲਈ ਫਲਸਤੀਨ ਤੇ ਜਾਰਡਨ ਵਿਚ ਅਰਬਾਂ ਵਿਚ ਝਗੜਾ ਹੋਇਆ, ਜਾਰਡਨ ਦੇ ਬਾਦਸ਼ਾਹ ਨੇ ਅਮਰੀਕਾ ਦੀ ਸ਼ਹਿ ਤੇ ਉਥੋਂ ਦੇ ਗੁਰੀਲਿਆਂ ਨੂੰ ਕਤਲ ਕਰਨਾ ਸ਼ੁਰੂ ਕੀਤਾ । ਤਾਂ ਨਾਸਰ ਨੇ ਵਿਚ ਪੈਕੇ ਉਹ ਝਗੜਾ ਨਿਪਟਾਇਆ। ਲੇਕਿਨ ਨਾਸਰ ਨੇ ਉਹ ਝਗੜਾ ਜੋ ਕਿ ਸਾਮਰਾਜੀਅਤ ਦੀ ਇਕ ਸਾਜ਼ਿਸ਼ ਸੀ. ਉਸ ਨੂੰ ਨਿਪਟਾਉਣ ਵਿਚ ਇੰਨਾ ਸਟਰੇਨ ਮੁਲ ਲੈ ਲਿਆ ਕਿ ਉਸ ਨਾਲ ਉਸ ਦੀ ਮੌਤ ਹੋ ਗਈ । ਨਾਸਰ ਦੀ ਜ਼ਿੰਦਗੀ ਬੜੀ ਛੋਟੀ ਸੀ, ਬੜੀ

ਛੋਟੀ ਉਮਰ ਸੀ ਉਨ੍ਹਾਂ ਦੀ ਪਰ ਅਸੀਂ ਉਨ੍ਹਾਂ ਦੀ ਇੰਨੀ ਛੋਟੀ ਉਮਰ ਤੋਂ ਵੀ ਬੜੇ ਸਬਕ ਸਿਖ ਸਕਦੇ ਹਾਂ । ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਮਰਾਜ ਦੇ ਖਿਲਾਫ ਕਿਸ ਤਰ੍ਹਾਂ ਲੜਿਆ ਜਾਂਦਾ ਹੈ । ਉਨ੍ਹਾਂ ਦੇ ਆਪਣੇ ਦੇਸ਼ ਵਿਚ ਮੁਸਲਮਾਨਾਂ ਦੀ ਬਹੁਤ ਗਿਣਤੀ ਸੀ ਲੇਕਿਨ ਮੁਸਲਮਾਨਾਂ ਦੀ ਫਿਰਕਾਪ੍ਰਸਤੀ ਦੇ ਖਿਲਾਫ ਉਹ ਆਪਣੇ ਮੁਲਕ ਵਿਚ ਲੜੇ । ਇਕ ਹੋਰ ਨਾਸਰ ਵਿਚ ਬੜੀ ਸਿਫਤ ਸੀ ਕਿ ਉਹ ਆਪਣੀਆਂ ਗਲਤੀਆਂ ਨੂੰ ਮੰਨ ਜਾਂਦਾ ਸੀ ਅਤੇ ਫੇਰ ਦਰੁਸਤ ਕਰ ਲੈਂਦਾ ਸੀ । ਉਹ ਲਗਾਤਾਰ ਸੋਸ਼ਲਿਜ਼ਮ ਵਲ ਵਧਿਆ । ਜਦੋਂ 1967 ਵਿਚ ਅਰਬ ਅਤੇ ਇਜ਼ਰਾਈਲ ਦੀ ਲੜਾਈ ਹੋਈ ਤਾ ਨਾਸਰ ਨੇ ਹਾਰ ਖਾਧੀ ਲੇਕਿਨ ਜਨਤਾ ਵਿਚ ਉਸ ਦਾ ਇੰਨਾ ਵਿਸ਼ਵਾਸ ਸੀ ਕਿ ਜਨਤਾ ਨੇ ਨਾਸਰ ਨੂੰ ਹੀ ਆਪਣ ਆਗੂ ਮੰਨਿਆ ਅਤੇ ਆਖਰੀ ਦਮ ਤਕ ਉਹ ਅਰਬਾਂ ਦਾ ਆਗੂ ਹੀ ਰਿਹਾ । ਉਹ ਆਖਰੀ ਦਮ ਤਕ ਸਾਮਰਾਜੀਅਤ ਦੇ ਖਿਲਾਫ ਲੜਦਾ ਹੀ ਰਿਹਾ । ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ ।

ਸ੍ਰੀ ਨਾਥਪਾਈ ਦੀ ਮੌਤ ਦਾ ਸੁਣ ਕੇ ਬੜਾ ਦੁਖ ਹੋਇਆ । ਬੇਲਗਾਮ ਵਿਚ ਤਕਰੀਰ ਕਰਦੇ ਹੀ ਉਨ੍ਹਾਂ ਦਾ ਹਾਰਟ ਫੇਲ੍ਹ ਹੋ ਗਿਆ ਅਤੇ ਚੰਦ ਮਿਨਟਾਂ ਵਿਚ ਹੀ ਉਹ ਕੁਲੈਪਸ ਹੋ ਗਏ । ਉਨ੍ਹਾਂ ਦੇ ਬਾਰੇ ਸਾਥੀ ਉਮਰਾਓ ਸਿੰਘ ਨੇ ਜ਼ਿਕਰ ਕੀਤਾ, ਉਹ ਬੜੇ ਦਰੁਸਤ ਤੌਰ ਤੇ ਜ਼ਿਕਰ ਕੀਤਾ ਹੈ । ਉਹ ਇਕ ਬੜੇ ਵਡੇ ਪਾਰਲੀਮੈਂਟੇਰੀਅਨ ਸੀ । ਜਿਸ ਵੇਲੇ ਸੁਪਰੀਮ ਕੋਰਟ ਦੇ ਛੇ ਜੱਜਾਂ ਨੇ ਇਹ ਫੈਸਲਾ ਕੀਤਾ ਕਿ ਪਾਰਲੀਮੈਂਟ ਨੂੰ ਫੰਡਾਮੈਂਟਲ ਰਾਈਟਸ ਨੂੰ ਖੋਹਣ ਦਾ ਹੱਕ ਨਹੀਂ ਤਾਂ ਸਭ ਤੋਂ ਪਹਿਲਾਂ ਇਸ ਗਲ ਨੂੰ ਮੁੜ ਕੇ ਬਹਾਲ ਕਰਾਉਣ ਲਈ ਨਾਥਪਾਈ ਨੇ ਬਿਲ ਪੇਸ਼ ਕੀਤਾ । ਪਾਰਲੀਮੈਂਟ ਤੋਂ ਬਾਹਰ ਵੀ ਉਨ੍ਹਾਂ ਨੇ ਹਿੰਦੁਸਤਾਨ ਦੀ ਗਰੀਬ ਜਨਤਾ ਨੂੰ ਅੱਗੇ ਲਿਜਾਣ ਲਈ ਬੜਾ ਕੰਮ ਕੀਤਾ ਹੈ । ਉਨ੍ਹਾਂ ਦੀ ਮੌਤ ਨਾਲ ਸਿਰਫ ਉਨ੍ਹਾਂ ਦੀ ਪਾਰਟੀ ਨੂੰ ਹੀ ਨਹੀਂ ਨੁਕਸਾਨ ਹੋਇਆ ਹੈ ਬਲਕਿ ਸਾਰੇ ਹਿੰਦੁਸਤਾਨ ਨੂੰ ਨੁਕਸਾਨ ਹੋਇਆ ਹੈ । ਇਸ ਵੇਲੇ ਹਿੰਦੁਸਤਾਨ ਐਸੇ ਮੋੜ ਉਤੇ ਖੜਾ ਹੈ ਕਿ ਇਸ ਵੇਲੇ ਅਜਿਹੇ ਲੀਡਰਾਂ ਦੀ ਬੜੀ ਲੋੜ ਹੈ । ਸਾਨੂੰ ਇਨ੍ਹਾਂ ਦੀ ਮੌਤ ਤੇ ਬੜਾ ਦੁਖ ਹੈ ।

ਸਰਦਾਰ ਬਸੰਤ ਸਿੰਘ ਸਾਡੇ ਹਾਊਸ ਦੇ ਮੈਂਬਰ ਸਨ । ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਉਨ੍ਹਾਂ ਦੀ ਪਾਰਟੀ ਦੀ ਸਿਆਸਤ ਅਤੇ ਸਾਡੀ ਪਾਰਟੀ ਦੀ ਸਿਆਸਤ ਬਿਲਕੁਲ ਉਲਟ ਹੈ । ਮੈਨੂੰ ਉਨ੍ਹਾਂ ਦੀ ਸਿਆਸਤ ਨਾਲ ਕੁਝ ਬੜਾ ਮਤ ਭੇਦ ਰਿਹਾ ਲੇਕਿਨ ਉਨ੍ਹਾਂ ਦੀ ਸ਼ਰਾਫ਼ਤ, ਉਨ੍ਹਾਂ ਦੀ ਕਾਬਲੀਅਤ, ਉਨ੍ਹਾਂ ਦੀ ਫੇਅਰ ਪਲੇ, ਉਨ੍ਹਾਂ ਦੀ ਸਪੋਰਟਸਮੈਨਸ਼ਿਪ ਦੀ ਦਾਦ ਹਰ ਕੋਈ ਦਿੰਦਾ ਹੈ । ਜਿਨ੍ਹਾਂ ਸਰਕਮਸਟਾਸਿਜ਼ ਵਿਚ ਇਨ੍ਹਾਂ ਦੀ ਮੌਤ ਹੋਈ ਹੈ ਉਸ ਦਾ ਜਿੰਨਾਂ ਵੀ ਦੁਖ ਪਰਗਟ ਕੀਤਾ ਜਾਵੇ ਉਨਾਂ ਹੀ ਘਟ ਹੈ । ਉਨ੍ਹਾਂ ਦੇ ਕਾਤਲ ਹਾਲੇ ਤਕ ਨਹੀਂ ਲਭੇ ਜਾ ਸਕੇ । ਮੈਨੂੰ ਨਹੀਂ ਪਤਾ ਉਨ੍ਹਾਂ ਦੇ ਕਾਤਲ ਕੌਣ ਸੀ । ਕੁਝ ਨੌਜਵਾਨਾਂ ਨੇ ਜੋ ਕਿ ਭਟਕੇ ਹੋਏ ਸੀ ਇਹ ਕੰਮ ਕੀਤਾ ਲੇਕਿਨ ਪੁਲਿਸ ਉਨ੍ਹਾਂ ਨੂੰ ਹਾਲੇ ਤਕ ਲਭ ਨਹੀਂ ਸਕੀ ਹੈ । ਇਸ ਚੀਜ਼ ਦੀ ਸਾਰੇ ਪੰਜਾਬ ਨੂੰ ਤਸਵੀਸ਼ ਹੋਣੀ ਚਾਹੀਦੀ ਹੈ । ਇਹ ਬੜੇ ਸ਼ਰੀਫ, ਕਾਬਲ ਅਤੇ ਸਪੋਰਟਸਮੈਨਸ਼ਿਪ ਦੀ ਸਪਿਰਟ ਰਖਣ ਵਾਲੇ ਸੀ ਅਤੇ ਇਨ੍ਹਾਂ ਦੀ ਮਿਰਤੂ ਉਤੇ ਅਸੀਂ ਅਫਸੋਸ ਦਾ ਇਜ਼ਹਾਰ ਕਰਦੇ ਹਾਂ :

ਸੰਤ ਸਾਧੂ ਸਿੰਘ ਸਾਡੇ ਮਨਿਸਟਰ ਰਹੇ ਹਨ । ਚੌਧਰੀ ਕਰਤਾਰ ਸਿੰਘ ਵੀ ਸਾਡੇ ਮਨਿਸਟਰ ਰਹੇ ਹਨ । ਸਰਦਾਰ ਸਰਮੁਖ ਸਿੰਘ ਅਤੇ ਸ੍ਰੀ ਬਨਾਰਸੀ ਦਾਸ, ਇਨ੍ਹਾਂ ਸਾਰਿਆਂ ਬਾਰੇ ਸਰਦਾਰ ਉਮਰਾਓ ਸਿੰਘ ਅਤੇ ਟੰਡਨ ਸਾਹਿਬ ਨੇ ਜਿਹੜੇ ਜਜ਼ਬਾਤ ਦਾ ਇਜਹਾਰ ਕੀਤਾ ਹੈ । ਮੈਂ ਆਪਣੇ

[ਕਾਮਰੇਡ ਸੱਤ ਪਾਲ ਡਾਂਗ]

ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਖਿਆਲਾਤ ਨਾਲ ਸਹਿਮਤੀ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਨਾਲ ਹੀ ਇਹ ਵੀ ਰਿਕੁਐਸਟ ਕਰਦਾ ਹਾਂ ਕਿ ਇਹ ਸ਼ੋਕ ਮਤੇ, ਪ੍ਰੈਸਨਾਵ ਦੀਆਂ ਕਾਪੀਆਂ ਉਨ੍ਹਾਂ ਦੇ ਲਵਾਹਕੀਨ ਅਤੇ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਭੇਜੀਆਂ ਜਾਣ ।

चौधरी बलबीर सिंह (होशियारपुर) : मुख्य मन्त्री ने जो एमैंडमैंट प्रस्ताव पेश किया है और उसके दौरान जो आखरी खबर कही श्री नाथ पाई की मौत की उस से जो सदमा हुआ उस का तो बयान ही नहीं किया जा सकता । वह हिन्दुस्तान के बड़े पार्लीमैंटेरीयन थे । जब भी वह पार्लीमैंट में बोलते थे तो उस वक्त वहां पर पिन-डराप साइलैंस हो जाती थी । हाउस में उस वक्त कोई सैक्शन या कोई आदमी ऐसा नहीं होता था जो कि चुप चाप उन को सुनता नहीं था। किस ढंग से उन्होंने कान्स्टीच्यूशन को अमैंड करने के लिए रैज़ोल्यूशन रखा लेकिन अफसोस की बात है कि वह रैजोल्यूशन आखरी स्टेज तक न पहुंचने पाया । हिन्दुस्तान की सोशलिस्ट फोरसिज जो हैं उनको बहुत नुकसान हुआ है । जो लोग हिन्दुस्तान का भला चाहते हैं और चाहते हैं कि हिन्दुस्तान में कामकाज जम्हूरी ढंग से चले, यहां समाजबाद कायम हो, उन मे से बहुत बड़ा जरनैल हमेशा के लिए हम से जुदा हो गया है । इनकी मौत बहुत अफसोसनाक है और हिन्दुस्तान की समाजवाद की तहरीक में इनके जाने से एक बड़ा खला पैदा हो गया है जो पूरा नहीं हों सकेगा ।

"यह महफिल अब तो परवानों
से खाली होती जाती है ।"

सन्त साधु सिंह मेरे रिश्तेदार भी थे। वह बहुत मिलनसार थे। अजीब हालात में इनकी मौत हुई जिस से सारे पंजाब को सदमा हुआ है । यह बहुत ही शरीफ इनसान थे ।

चौधरी करतार सिंह वह तो मेरे जिले से ताल्लुक रखते थे । पालेटिक्स में कभी हम इकडे रहे और कभी एक दूसरे के खिलाफ रहे । यह बहुत बड़े फाइटर थे और अगर कोई बात इनको ठीक न लगे तो यह उसके खिलाफ लड़ाई शुरू कर देते थे।

वह विना किसी डर के लड़ते थे । जिस बात को मुनासब समझते थे, करते थे । आप जेल भी गए। पंजाबी सूबे की ऐजीटेशन और अकालियों की मूवमैंट में आप ने भाग लिया । आप नाभा जेल में भी रहे । उस वक्त मैं सैंट्रल सरकार के एम्पलाईज़ की हड़ताल के सिलसिले मे गिफतार था और आप पंजाबी सूबा और अकाली दल की मूवमैंट में गिफतार होकर जेल में गए । महीना डेढ़ महीना हम दोनों इक्कठे जेल में रहे । उनका मेरे साथ ज़ाती तालुक था । चौधरी करतार सिंह जी इस हाउस के मैंबर रहे हैं और डिप्टी वजीर भी रहे हैं । उनके खानदान को जो सदमा हुआ है मैं उस में शामिल हूं सरदार बसंत सिंह इस

हाउस के मैंबर रहे हैं । जब वह बोलते थे तो पूरी तैयारी के साथ बोलते थे । हर एक प्वांयट को आप पूरे ढंग से कहते थे । उनकी हाउस में बड़ी इज्जत थी । सरदार सुरमुख सिंह भी पंजाब विधान सभा के मैंबर रहे हैं । आप रोपड़ में एडवोकेट थे । करनल नासर ने नहर सवेज़ के बारे में बरतानियां के खिलाफ टकर ली । आप सामराजवादी थे । और उन्होंने संपतशाही के खिलाफ लड़ाई की । उनकी मौत पर बड़ा अफसोस है । हम प्रमात्मा के आगें अरदास करते हैं कि उनके लुआकीन के सारे परिवार को इस सदमे को बरदाश्त करने की शक्ति दे । मैं अपने और अपनी पार्टी की तर्फ से इन तमाम को श्रधांजली अर्पण करता हूं और अर्ज करता हूं इन के परिवार को इसकी इतलाह दी जाए ।

ਜਥੇਦਾਰ ਹਰਦਿੱਤ ਸਿੰਘ ਭੱਠਲ (ਧਨੌਲਾ) : ਸਪੀਕਰ ਸਾਹਿਬ, ਇਹ ਜਿਹੜਾ ਸ਼ੋਕ ਦਾ ਮਤਾ ਚੀਫ਼ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ, ਮੈਂ ਇਸ ਦੀ ਤਾਈਦ ਕਰਦਾ ਹਾਂ । ਦੂਸਰੀ ਗੱਲ ਇਹ ਹੈ ਕਿ ਮੇਰੇ ਤੋਂ ਪਹਿਲਾਂ ਹੀ ਬਹੁਤ ਸਾਰੇ ਮੈਂਬਰ ਸਾਹਿਬ ਨੇ ਕਾਫੀ ਕੁਝ ਦੱਸ ਦਿੱਤਾ ਹੈ ਮੁੜ ਮੁੜ ਕੇ ਉਨ੍ਹਾਂ ਨੂੰ ਦੁਹਰਾਉਣਾ ਕੋਈ ਅੱਛੀ ਗੱਲ ਨਹੀਂ ਹੁੰਦੀ । ਸੰਤ ਸਾਧੂ ਸਿੰਘ ਅਤੇ ਸਰਦਾਰ ਬਸੰਤ ਸਿੰਘ ਜੀ ਦੀ ਮੌਤ ਤੇ ਬੜਾ ਅਫਸੋਸ ਹੈ । ਇਹ ਸਾਡੇ ਹਾਊਸ ਦੇ ਮੈਂਬਰ ਰਹੇ ਹਨ । ਸਰਦਾਰ ਬਸੰਤ ਸਿੰਘ ਜੀ ਬੜੇ ਸਿਆਣੇ ਅਤੇ ਤਜਰਬਾਕਾਰ ਇਨਸਾਨ ਸਨ । ਉਨ੍ਹਾਂ ਦਾ ਬੋਲਣ ਦਾ ਅਤੇ ਤਕਰੀਰ ਕਰਨ ਦਾ ਢੰਗ ਬੜਾ ਸ਼ਾਨਦਾਰ ਸੀ। ਬੜੇ ਅੱਛੇ ਅੱਛੇ ਸੁਝਾਉ ਦਿੰਦੇ ਹੁੰਦੇ ਸਨ । ਉਹ ਅੱਛੇ ਦੇਸ਼ ਭਗਤ ਸਨ ।

ਚੌਧਰੀ ਕਰਤਾਰ ਸਿੰਘ ਜੀ ਬੜੇ ਵੱਡੇ ਦੇਸ਼ ਭਗਤ ਸਨ । ਉਹ ਕਾਂਗਰਸ ਵਿਚ ਰਹਿ ਕੇ, ਕਈ ਵਾਰੀ ਜੇਲ੍ਹਾਂ ਵਿਚ ਰਹੇ । ਉਹ ਬੜੀ ਬਹਾਦਰੀ ਦੇ ਨਾਲ ਲੜਾਈਆਂ ਲੜਦੇ ਰਹੇ । ਉਨ੍ਹਾਂ ਦਾ ਮੇਰੇ ਨਾਲ ਵੀ ਖਾਸ ਤਾਲੁਕ ਰਿਹਾ ਹੈ । ਸਰਦਾਰ ਸਰਮੁਖ ਸਿੰਘ ਜੋ ਕਿ ਐਕਸ ਐਮ.ਐਲ.ਏ ਰਹੇ ਹਨ.ਮੇਰਾ ਉਨ੍ਹਾਂ ਦੇ ਨਾਲ ਵਾਹ ਤਾਂ ਨਹੀਂ ਪਿਆ ਪਰ ਕੁਝ ਸਾਥੀ ਦਸਦੇ ਹਨ ਕਿ ਉਹ ਬੜੇ ਦੇਸ਼ ਭਗਤ ਸਨ । ਇਸਤੋਂ ਬਾਅਦ ਸ੍ਰੀ ਨਾਥਪਾਈ ਜੀ ਦੀ ਅਚਾਨਕ ਮੌਤ ਹੋ ਗਈ ਹੈ । ਉਹ ਸਾਰੇ ਹਿੰਦੁਸਤਾਨ ਦੇ ਵਿਚੋਂ ਸਿਆਣਿਆਂ ਬੰਦਿਆਂ ਵਿਚੋਂ ਸਨ । ਉਹ ਆਮ ਜਨਤਾ, ਹਰ ਇਕ ਲਈ ਹਰ ਤਰੀਕੇ ਨਾਲ ਬਹਾਦਰੀ ਨਾਲ ਲੜਨ ਵਾਲੇ ਇਨਸਾਨ ਸਨ । ਕਰਨਲ ਨਾਸਰ ਇਕ ਬੜੇ ਬਹਾਦਰ ਇਨਸਾਨ ਸਨ । ਉਨ੍ਹਾਂ ਨੇ ਦੁਨੀਆਂ ਨੂੰ ਆਪਣੇ ਹੱਕ ਲਈ ਲੜਨ ਦਾ ਤਰੀਕਾ ਦਸਿਆ ਅਤੇ ਦੁਸ਼ਮਣ ਦੇ ਦੰਦ ਭੰਨਣ ਅਤੇ ਸਿਰ ਭੰਨਣ ਦਾ ਤਰੀਕਾ ਦਸਿਆ । ਉਨ੍ਹਾਂ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਕੀ ਬਲਕਿ ਸਾਰਿਆਂ ਨੂੰ ਬਹਾਦਰ ਬਣਨ ਅਤੇ ਦੁਸ਼ਮਣ ਦਾ ਮੁਕਾਬਲਾ ਕਰਨ ਦੇ ਨਕਸ਼ੇ ਲੋਕਾਂ ਦੇ ਸਾਹਮਣੇ ਰੱਖੇ । ਲੋਕਾਂ ਨੂੰ ਆਪਣੇ ਹੱਕ ਲਈ ਲੜਨ ਦਾ ਰਾਹ ਦਸਿਆ । ਇਹ ਜਿਹੜਾ ਮੁਖ ਮੰਤਰੀ ਜੀ ਨੇ ਸ਼ੋਕ ਦਾ ਪ੍ਰਸਤਾਵ ਪੇਸ਼ ਕੀਤਾ ਹੈ ਮੈਂ ਆਪ ਅਤੇ ਆਪਣੀ ਪਾਰਟੀ ਦੀ ਤਰਫੋਂ ਉਨ੍ਹਾਂ ਦੇ ਨਾਲ ਸਹਿਮਤ ਹਾਂ ਅਤੇ ਉਨ੍ਹਾਂ ਨੂੰ ਸਰਧਾਂਜਲੀ ਅਰਪਣ ਕਰਦਾ ਹਾਂ ਅਤੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖਸ਼ੇ ਅਤੇ ਉਨ੍ਹਾਂ ਦੇ ਪਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਇਹ ਜਿਹੜਾ ਸ਼ੋਕ ਪ੍ਰਸਤਾਵ ਮੁੱਖ ਮੰਤਰੀ ਜੀ ਨੇ ਹਾਊਸ ਵਿਚ ਲਿਆਂਦਾ ਹੈ, ਮੈਂ ਇਸ ਦੀ ਤਾਈਦ ਕਰਦਾਂ ਹਾਂ ਔਰ ਦੂਸਰੇ ਅੱਜ ਖਾਸ ਤੌਰ ਤੇ ਜਿਸ ਤਾਜ਼ਾ ਖਬਰ, ਹਿੰਦੁਸਤਾਨ ਦੀ ਹਰ ਗੱਲ ਵਿਚ ਭਲਾਈ

[ਸਰਦਾਰ ਕਿਰਪਾਲ ਸਿੰਘ]

ਚਾਹੁਣ ਵਾਲੇ ਜੋ ਸ੍ਰੀ ਨਾਥਪਾਈ ਜੀ ਸਨ, ਉਨ੍ਹਾਂ ਦੇ ਚਲਾਣਾ ਕਰਨ ਤੇ ਜੋ ਸਦਮਾ ਹੋਇਆ ਹੈ, ਉਹ ਬਿਆਨ ਨਹੀਂ ਕਰ ਸਕਦਾ । ਕਰਨਲ ਨਾਸਰ, ਜਿਨ੍ਹਾਂ ਦਾ ਜ਼ਿਕਰ ਇਸ ਰੈਜ਼ੂਲੂਸ਼ਨ ਵਿਚ ਆਇਆ ਹੈ, ਸਰਦਾਰ ਬਸੰਤ ਸਿੰਘ ਔਰ ਸੰਤ ਸਾਧੂ ਸਿੰਘ ਜੀ ਜਿਨ੍ਹਾਂ ਦੀਆਂ ਕਿ ਕੁਝ ਅਰਸਾ ਪਹਿਲਾਂ ਮੌਤਾਂ ਹੋਈਆਂ ਹਨ, ਉਹ ਜ਼ਖਮ ਅਜੇ ਸਾਡੇ ਭਰੇ ਹੀ ਨਹੀਂ ਸਨ ਕਿ ਅੱਜ ਸ੍ਰੀ ਨਾਥਪਾਈ ਜੀ ਦੀ ਅਚਾਨਕ ਮੌਤ ਦੀ ਖਬਰ ਆ ਗਈ ਹੈ । ਇਸ ਨੇ ਬਿਲਕੁਲ ਹੈਰਾਨ ਕਰ ਦਿਤਾ ਹੈ । ਉਹ ਵੀ ਮੌਤ ਉਸ ਸੂਰਤ ਵਿਚ ਹੋਈ ਹੈ ਜਦ ਕਿ ਸਾਡਾ ਦੇਸ਼ ਇਸ ਵੇਲੇ ਬੜੇ ਭਿਆਨਕ ਮੋੜ ਤੇ ਖੜਾ ਹੈ । ਉਨ੍ਹਾਂ ਨੇ ਦੇਸ਼ ਨੂੰ ਇਕ ਨਾਹਰਾ ਦਿਤਾ, ਸਲੋਗਨ ਦਿੱਤਾ, ਉਸ ਨੂੰ ਜਨਮ ਦੇਣ ਵਾਲੇ ਸ੍ਰੀ ਨਾਥਪਾਈ ਸਨ ।

ਜਹਾਂਨੇ ਆਰਜ਼ੂ ਮੇਂ ਮਰਦ ਕੁਝ ਐਸੇ ਭੀ ਮਿਲਤੇ ਹੈਂ,
ਕਿ ਜਿਨ ਕੇ ਨਕਸ਼ੇ ਪਾਏ ਜ਼ਿੰਦਗੀ ਪਰ ਲੋਗ ਚਲਤੇ ਹੈਂ ।

ਉਨ੍ਹਾਂ ਦੇ ਪਾਏ ਨਕਸ਼ੇ ਕਦਮ ਤੇ ਚਲਣਾ ਫਖਰ ਦੀ ਗੱਲ ਹੈ। ਹਿੰਦੁਸਤਾਨ ਦੀ ਪਾਰਲੀਮੈਂਟ ਵਿਚ ਜਾਂ ਕਿਸੇ ਪਬਲਿਕ ਜਲਸੇ ਵਿਚ ਜਿਸ ਨੇ ਵੀ ਸ੍ਰੀ ਨਾਥਪਾਈ ਨੂੰ ਸੁਣਿਆ ਉਹ ਕਹਿ ਸਕਦਾ ਹੈ ਕਿ ਇਸ ਵੇਲੇ ਸਮੁਚੇ ਹਿੰਦੁਸਤਾਨ ਵਿਚ ਨਾ ਕੋਈ ਪਾਰਲੀਮੈਂਟੇਰੀਅਨ ਔਰ ਨਾ ਹੀ ਕੋਈ ਉਨ੍ਹਾਂ ਵਰਗਾ ਕੋਈ ਸਪੀਕਰ ਹੈ। ਉਨ੍ਹਾਂ ਨੇ ਦੇਸ਼ ਲਈ ਬਹੁਤ ਕੁਝ ਕੀਤਾ । ਲੇਕਿਨ ਅੱਜ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਨਾਥਪਾਈ ਵਰਗਾ ਪਾਰਲੀਮੈਂਟ ਵਿਚ ਉਨ੍ਹਾਂ ਵਾਂਗਰ ਜਜ਼ਬਾਤ ਨਾਲ ਗੱਲ ਕਰਨ ਵਾਲਾ ਇਸ ਵੇਲੇ ਹੋਰ ਕੋਈ ਨਹੀਂ । ਉਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਅੱਜ ਜਿਹੜੇ ਨਕਸ਼ੇ ਉਹ ਛੱਡ ਗਏ ਹਨ, ਉਨਾਂ ਉਤੇ ਚਲਣਾ ਹਿੰਦੁਸਤਾਨ ਦੇ ਲੋਕਾਂ ਲਈ ਰਾਹਤ ਪੈਦਾ ਕਰਨਾ ਹੈ ।

ਬੜੇ ਬੜੇ ਮਸਲਿਆਂ ਤੇ ਝਗੜਿਆਂ ਦੇ ਹਲ ਕਰਨ ਵਾਲੇ ਕਰਨਲ ਨਾਸਰ ਨੇ ਉਸ ਵੇਲੇ ਦੇਸ਼ ਦੀ ਵਾਗ ਡੋਰ ਸੰਭਾਲੀ ਜਿਸ ਵੇਲੇ ਸਾਰੇ ਸਾਮਰਾਜ ਮੁਲਕਾਂ ਤੇ ਇਕ ਐਸ਼ ਪਰਸਤ ਰਾਜਾ ਬੈਠਾ ਸੀ । ਉਸ ਨੂੰ ਦੁਹਰਾਉਣ ਦਾ ਕੋਈ ਫ਼ਾਇਦਾ ਨਹੀਂ । ਮੈਂ ਕਹਾਂਗਾ ਕਿ ਉਹ ਲੋਕ ਜਿਨ੍ਹਾਂ ਨੇ ਜ਼ਿੰਦਗੀ ਵਿਚ ਕੁਝ ਹਾਸਲ ਕਰਨਾ ਹੈ ਉਹ ਕਰਨਲ ਨਾਸਰ ਵਰਗੀ ਮਹਾਨ ਸ਼ਖਸੀਅਤ ਦੇ ਪਾਏ ਹੋਏ ਨਕਸ਼ਿਆਂ ਤੇ ਚੱਲਣ ।

ਹਾਏ ਗੁਲਚੀਨੇ ਅਜਲ ਸੇ ਕਿਆ ਯਿਹ ਨਾਦਾਨੀ ਹੁਈ,
ਫੂਲ ਵੋ ਤੋੜਾ ਕਿ ਗੁਲਸ਼ਨ ਭਰ ਮੇਂ ਵੀਰਾਨੀ ਹੋਈ ।

ਔਰ ਅਜੇ ਇਸ ਵੀਰਾਨੀ ਦਾ ਅਸੀਂ ਸਾਹਮਣਾ ਕਰਨਾ ਹੈ ਜਿਹੜਾ ਦੇਸ਼ ਚੁਰਾਹੇ ਦੇ ਮੋੜ ਤੇ ਖੜਾ ਹੈ । ਜਿਸ ਨੇ ਸੋਸ਼ਲਿਜ਼ਮ ਤੇ ਚੱਲਣਾ ਹੈ ਅਤੇ ਡਿਕਟੇਟਰਸ਼ਿਪ ਤੋਂ ਬਚਣਾ ਹੈ । ਜਿਹੜੇ ਬੰਦੂਕ ਦੀ ਗੋਲੀ ਨਾਲ ਗੱਲ ਕਰਦੇ ਹਨ ਉਨ੍ਹਾਂ ਨੂੰ ਸਹੀ ਰਸਤਿਆਂ ਤੇ ਲਿਆਉਣ ਲਈ ਕਰਨਲ ਨਾਸਰ ਨੇ ਲੋਕਾਂ ਨੂੰ ਅਪੀਲ ਕੀਤੀ । ਕਰਨਲ ਨਾਸਰ ਨੇ ਦਿਲ ਵਿਚ ਜ਼ਿੰਦਾ ਰਖਣ ਵਾਲੀਆ ਗੱਲਾਂ ਕੀਤੀਆਂ ।

ਇਸ਼ਕ ਕੁਛ ਮਹਿਬੂਬ ਕੇ ਮਰਨੇ ਸੇ ਮਰ ਜਾਤਾ ਨਹੀਂ ।
ਰੂਹ ਮੇਂ ਗਮ ਬਨ ਕੇ ਰਹਤਾ ਹੈ ਮਗਰ ਜਾਤਾ ਨਹੀਂ ।
ਹੈ ਬਕਾਏ ਇਸ਼ਕ ਸੇ ਪੈਦਾ ਬਕਾਂ ਮਹਿਬੂਬ ਕੀ ।
ਜ਼ਿੰਦਗਾਨੀ ਹੈ ਅਦਮ ਨਾ ਆਸ਼ਨਾ ਮਹਿਬੂਬ ਕੀ ।

ਜੋ ਉਨ੍ਹਾਂ ਦੇ ਦਿਲ ਵਿਚ ਸੀ, ਉਨ੍ਹਾਂ ਦੇ ਦਿਮਾਗ ਵਿਚ ਸੀ ਅਤੇ ਜੋ ਕੁਝ ਉਨ੍ਹਾਂ ਨੇ ਕੀਤਾ, ਉਹ ਸਾਡੇ ਦਿਲ ਅਤੇ ਦਿਮਾਗ ਵਿਚ ਜ਼ਿੰਦਾ ਰਹੇਗਾ । ਸਰਦਾਰ ਬਸੰਤ ਸਿੰਘ ਜੀ, ਜੋ ਕਿ ਇਸ ਹਾਊਸ ਦੇ ਮੈਂਬਰ ਰਹੇ ਹਨ ਬੜੇ ਖੂਬਸੂਰਤ ਅਤੇ ਬੜੀ ਤਰਤੀਬ ਨਾਲ ਆਪਣੇ ਖਿਆਲਾਤ ਪ੍ਰਗਟ ਕਰਦੇ ਸਨ ਅਤੇ ਬੜਾ ਡਸਿਪਲਿਨ ਰੱਖ ਕੇ ਬਿਆਨ ਕਰਦੇ ਸਨ । ਉਹ ਬੜੇ ਮਿਲਵਰਤਣ ਵਾਲੇ ਸਨ । ਉਨ੍ਹਾਂ ਦੇ ਵਿਛੋੜੇ ਨਾਲ ਸਾਨੂੰ ਬੜਾ ਅਫਸੋਸ ਹੈ । ਸੰਤ ਸਾਧੂ ਸਿੰਘ ਜੀ ਬੜੇ ਅੱਛੇ ਇਨਸਾਨ ਸਨ । ਚੌਧਰੀ ਕਰਤਾਰ ਸਿੰਘ ਜੀ ਨੇ ਸਾਰੀ ਜ਼ਿੰਦਗੀ ਨੂੰ ਲਾਈਟਲੀ ਲੈ ਕੇ ਉਸ ਤੇ ਐਕਟ ਕੀਤਾ । ਜਿਸ ਢੰਗ ਨਾਲ ਇਨ੍ਹਾਂ ਮਹਾਨ ਹਸਤੀਆਂ ਨੇ ਕੰਮ ਕੀਤੇ ਹਨ ਅੱਜ ਉਨ੍ਹਾਂ ਦੇ ਨਕਸ਼ੇ ਕਦਮ ਸਾਡੇ ਦਿਲ ਤੇ ਉਜਾਗਰ ਨੇ ।

ਅੱਜ ਬਹੁਤ ਲੋਕ ਇਥੇ ਪਾਲਿਟਿਕਸ ਵਿਚ ਬੜੀਆਂ ਬੜੀਆਂ ਥਾਵਾਂ ਤੇ ਕਾਬਜ਼ ਹਨ । ਲੇਕਿਨ ਉਹ ਲੋਕ, ਜਿਨ੍ਹਾਂ ਨੇ ਇਸ ਦੇਸ਼ ਦੀ ਆਜ਼ਾਦੀ ਨੂੰ ਕਰੀਬ ਲਿਆਉਣ ਲਈ ਜੋ ਕੁਝ ਵੀ ਕੀਤਾ ਹੈ, ਉਹ ਸਾਡਾ ਸਰਮਾਇਆ ਹੈ ਔਰ ਉਸ ਸਰਮਾਏ ਤੇ ਅਸੀਂ ਜਿੰਨਾ ਵੀ ਫਖਰ ਕਰੀਏ ਉਹ ਘੱਟ ਹੈ । ਅੱਜ ਅਸੀਂ ਉਨ੍ਹਾਂ ਤੋਂ ਆਪਣੇ ਆਪ ਨੂੰ ਵੱਖ ਨਹੀਂ ਕਰ ਸਕਦੇ । ਉਨ੍ਹਾਂ ਦੀ ਯਾਦ ਹਮੇਸ਼ਾ ਤਾਜ਼ਾ ਰਹੇਗੀ । ਜੋ ਕੁਝ ਵੀ ਅਸੀਂ ਗਵਾਇਆ ਹੈ ਉਸ ਨੂੰ ਤਾਂ ਹੀ ਜ਼ਿੰਦਾ ਰਖ ਸਕਦੇ ਹਾਂ ਜੇ ਅਸੀਂ ਉਨ੍ਹਾਂ ਦੇ ਪਾਏ ਨਕਸ਼ਿਆਂ ਤੇ ਚਲਣ ਦੀ ਕੋਸ਼ਿਸ਼ ਕਰੀਏ । ਸ੍ਰੀ ਨਾਬਪਾਈ ਦਾ ਜ਼ਿਕਰ ਕਰਦਿਆਂ ਮੈਂ ਕਹਾਂਗਾ..

ਤੂੰ ਮਰਾ ਕਿਆ ਕੌਮ ਕਾ ਮੁਕੱਦਰ ਫਿਰ ਗਿਆ ।

ਇਸੇ ਤਰ੍ਹਾਂ ਹੋਰ ਮੈਂਬਰ ਸਾਹਿਬਾਨ ਬਾਰੇ ਮੈਂ ਆਪਣੇ ਵਲੋਂ ਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਦੁਖ ਪਰਗਟ ਕਰਦਾ ਹਾਂ ਅਤੇ ਸਾਰਿਆਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ਅਤੇ ਉਨ੍ਹਾਂ ਸਾਰਿਆਂ ਦੇ ਪਰੀਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਾ ਹਾਂ । ਇਹ ਜਿਹੜਾ ਮਤਾ ਲੀਡਰ ਆਫ ਦੀ ਹਾਊਸ ਨੇ ਪੇਸ਼ ਕੀਤਾ ਹੈ ਉਸ ਦੀ ਤਾਈਦ ਕਰਦਾ ਹਾਂ ।

ਸ੍ਰੀ ਸਪੀਕਰ : ਜਿਨ੍ਹਾਂ ਮਹਾਨ ਹਸਤੀਆਂ ਦੇ ਅਕਾਲ ਚਲਾਣਾ ਕਰ ਜਾਣ ਦੇ ਸਬੰਧ ਵਿਚ ਲੀਡਰ ਆਫ ਦੀ ਹਾਊਸ ਨੇ ਅਤੇ ਦੂਸਰੀਆਂ ਪਾਰਟੀਆਂ ਦੇ ਨੇਤਾਵਾਂ ਨੇ ਜਿਹੜਾ ਦੁਖ ਭਰੇ ਤੇ ਅਕੀਦਤ ਭਰਪੂਰ ਵਿਚਾਰ ਪਰਗਟ ਕੀਤੇ ਹਨ ਮੈਂ ਉਨ੍ਹਾਂ ਦੇ ਨਾਲ ਸਹਿਮਤ ਹਾਂ । ਔਰ ਹਾਊਸ ਨੇ ਜਿਹੜੀ ਇਹ ਇਛਾ ਪਰਗਟ ਕੀਤੀ ਹੈ ਇਸ ਸ਼ੋਕ ਪ੍ਰਸਤਾਵ ਦੁਆਰਾ ਇਸ ਹਾਊਸ ਦੀ ਅਕੀਦਤ ਅਤੇ ਉਨ੍ਹਾਂ ਦੇ ਪਰੀਵਾਰਾਂ ਨਾਲ ਹਮਦਰਦੀ ਨੂੰ ਉਨ੍ਹਾਂ ਦੇ ਲਵਾਹਕੀਨ ਤਕ ਪਹੁੰਚਾਈ ਜਾਵੇ. ਉਹ ਪੂਰੀ ਕੀਤੀ ਜਾਵੇਗੀ । ਹੁਣ ਮੈਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਅਕੀਦਤ ਵਜੋਂ ਅਤੇ ਉਨ੍ਹਾਂ ਮਹਾਨ ਰੂਹਾਂ ਦੀ ਸ਼ਾਂਤੀ ਦੀ ਪ੍ਰਾਰਥਨਾ ਲਈ ਦੋ ਮਿੰਟਾਂ ਲਈ ਆਪਣੀ ਸੀਟ ਤੇ ਖੜੇ ਹੋ ਜਾਣ ।

(ਇਸ ਵਕਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਦੋ ਮਿੰਟਾਂ ਲਈ ਖੜੇ ਹੋ ਗਏ ।)

(I associate myself with the sentiments of grief expressed by the Leader of the House and the Leaders of the various groups in this House on the said demise of there well-known personalities. I also pay my homage to the departed souls. As desired by the House I shall convey the sentiments of the hon. Members to the bereaved

[Mr. Speaker]

families as expressed in his resolution. I would now request the hon. Members to stand in their respective seats to observe silence for two minutes as a ma k of respect to the memory of the departed souls and pray for their peace.)

चौधरी बलबीर सिंह : स्पीकर साहिब, इस रैज़ोल्युशन को पास कर लें जो कोयले के बारे में है । सारे पंजाब को इंडस्टरी ठप्प हो चुकी है..(विघ्न) 22 से ऊपर गाड़ियाँ दिल्ली जा चुकी हैं—(विघ्न)

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਮੇਰੇ ਚੈਂਬਰ ਵਿਚ 5.00 ਵਜੇ ਤਸ਼ਰੀਫ ਲੈ ਆਉਣਾ, ਕੋਈ ਪ੍ਰੋਸੀਜਰ ਬਣਾ ਕੇ ਕਰ ਲਵਾਂਗੇ। (ਵਿਘਨ) ਹੁਣ ਤੁਸੀਂ ਤਸ਼ਰੀਫ ਰਖੋ।
(I would request Chaudhri Balbir Singh to come to my Chamber at 5.00 P.M. today. We would evolve a proceoure in this respect. (Interruption) The hon. Member may please resume his seat now.)

FIRST REPORT OF THE BUSINESS ADVISORY COMMITTEE— PRESENTATION OF

Mr. Speaker : I have to report the time-table of the Punjab Vidhan Sabha as contained in the First Report of the Business Advisory Committee for the period from the 18th to 29th January, 1971. The Report reads.—

The Committte after considering the date-wise programme as suggested by Government, recommended the same to be followed in the House from Monday the 18th January, 1971, onwards as under :—

Monday, the 18th January	Discussion on Governor's Address.
Tuesday, the 19th January	(i) Presentation of Supplementary Estimates 1970-71. (ii) Resumption of Discussion on Governor's Address.
Wednesday, the 20th January, (Forenoon)	Presentation of the Budget Estimates, 1971-72 and vote-on-Accounts Budget for three months.
(Afternoon)	Discussion and Voting of Supplementary Estimates 1970-71.
Thursday, the 21st January	Non-official business.
Friday, the 22nd January	Appropriation Bill on the Supplementary Estimates, 1970-71.
Saturday, the 23rd January Sunday, the 22nd January	Holiday
Monday, the 25th January	Discussion and Voting on the Vote-on Account Budget, 1971-72.
Tuesday, the 26th January	Holiday
Wednesday, the 27th January	Legislative Business. (If necessary there will be a second sitting for the transaction of the remaining Legislative business)
Thursday, the 28th January (Forenoon)	Non.official business.
(Afternoon)	Appropriation Bill on the Vote-on-Account Budget, 1971-72.

Friday, the 29th January

Resumption of Discussion and Vote of Thanks on the Governor's Address.

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਇਹ ਸਰਕੂਲੇਟ ਨਾਲ ਦੀ ਨਾਲ ਕਿਉਂ ਨਹੀਂ ਕਰ ਰਹੇ (ਵਿਘਨ)

ਸ੍ਰੀ ਸਪੀਕਰ : ਸਰਕੂਲੇਟ ਹੋ ਜਾਵੇਗੀ ਜੀ । (It will be circulated.)

Minister for Finance (Sardar Balwant Singh) : Sir, I beg to move—

That this House agrees with the recommendations contained in the First Report of the Business Advisory Committee.

Mr. Speaker : Motion moved—

That this House agrees with the recommendations contained in the First Report of the Business Advisory Committee.

ਮੇਜਰ ਹਰਿੰਦਰ ਸਿੰਘ (ਅਜਨਾਲਾ) : ਸਪੀਕਰ ਸਾਹਿਬ, ਜੋ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਫਾਈਨੈਂਸ ਮਨਿਸਟਰ ਸਾਹਿਬ ਨੇ ਹਾਊਸ ਵਿਚ ਪੇਸ਼ ਕੀਤੀ ਹੈ ਅਤੇ ਜਿਸ ਤੇ ਤੁਸੀਂ ਪਹਿਲਾਂ ਰੋਸ਼ਨੀ ਪਾਈ ਹੈ ਉਸ ਦੇ ਮੁਤਾਬਕ ਮੇਰੀ ਬੇਨਤੀ ਹੈ ਕਿ ਮਿਤੀ 23, 24 ਜਨਵਰੀ, 1971 ਨੂੰ ਛੁੱਟੀ ਹੈ ਔਰ 25 ਜਨਵਰੀ, 1971 ਨੂੰ ਫਿਰ ਸੈਸ਼ਨ ਰਖ ਲਿਆ ਹੈ ਅਤੇ 26 ਜਨਵਰੀ, 1971 ਨੂੰ ਫਿਰ ਛੁੱਟੀ ਹੈ । ਮੈਂ ਇਹ ਤਜਵੀਜ਼ ਕਰਦਾ ਹਾਂ ਕਿ ਉਸ ਵਿਚ ਇਤਨੀ ਤਰਮੀਮ ਹੋਣੀ ਚਾਹੀਦੀ ਹੈ ਕਿ ਇਨ੍ਹਾਂ ਦਿਨਾਂ ਵਿਚ ਕੇਵਲ ਇਕ ਦਿਨ ਵਾਸਤੇ ਅਰਥਾਤ 25 ਜਨਵਰੀ, 1971 ਨੂੰ ਮੈਂਬਰ ਸਾਹਿਬਾਨ ਨੇ ਆਉਣਾ ਹੈ ਅਤੇ 26 ਜਨਵਰੀ, 1971 ਨੂੰ ਫਿਰ ਛੁਟੀ ਹੈ ਔਰ ਫਿਰ 27 ਜਨਵਰੀ, 1971 ਨੂੰ ਸੈਸ਼ਨ ਹੋਣਾ ਹੈ । ਇਸ ਕਰਕੇ ਮੇਰੀ ਬੇਨਤੀ ਹੈ ਕਿ ਮਿਤੀ 23, 24, 25 ਅਤੇ 26 ਜਨਵਰੀ, 1971 ਨੂੰ ਆਫ ਡੇਜ਼ ਕਰ ਦਿਓ ਅਤੇ ਜਿਹੜਾ 25 ਜਨਵਰੀ, 1971 ਦਾ ਬਿਜ਼ਨੈਸ ਹੈ ਉਹ ਕਿਸੇ ਦਿਨ ਡਬਲ ਸਿਟਿੰਗ ਰਖ ਲਓ । ਜੇ ਡਬਲ ਸਿਟਿੰਗ ਵਿਚ ਮੈਂਬਰ ਸਾਹਿਬਾਨ ਨੂੰ ਕੋਈ ਇਤਰਾਜ਼ ਹੈ ਤਾਂ ਫਿਰ 30 ਜਨਵਰੀ, 1971 ਤਕ ਸੈਸ਼ਨ ਐਕਸਟੈਂਡ ਕਰ ਲਉ । (ਵਿਘਨ)

ਵਿਤ ਮੰਤਰੀ : ਸਪੀਕਰ ਸਾਹਿਬ, ਮੇਜਰ ਸਾਹਿਬ ਨੇ ਜੋ ਸੁਜੈਸ਼ਨ ਦਿਤੀ ਹੈ, ਗੌਰਮੈਂਟ ਨੂੰ ਇਸ ਦੇ ਲਈ ਕੋਈ ਇਤਰਾਜ ਨਹੀਂ । ਇਸ ਦੇ ਲਈ, ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਹੜੀ ਡੇਟ ਇਨ੍ਹਾਂ ਵਿਚੋਂ ਤੁਹਾਡੀ ਮਰਜ਼ੀ ਹੈ ਫਿਕਸ ਕਰ ਲਓ ਅਤੇ ਉਸ ਦਿਨ ਡਬਲ ਸਿਟਿੰਗ ਕਰ ਲਓ । (ਵਿਘਨ) ।

ਅਵਾਜ਼ਾਂ : ਸੈਸ਼ਨ ਲੰਮਾ ਕਰ ਲਓ ।

ਸ੍ਰੀ ਸਪੀਕਰ : ਮੇਜਰ ਸਾਹਿਬ ਵਲੋਂ ਜੋ ਸੁਜੈਸ਼ਨ ਆਈ ਹੈ ਉਸ ਦੇ ਵਾਸਤੇ ਮੈਂ ਇਹ ਕਹਾਂਗਾ ਕਿ 25 ਜਨਵਰੀ, 1971 ਦੀ ਸਿਟਿੰਗ ਦੀ ਬਜਾਏ ਮਿਤੀ 22 ਜਨਵਰੀ, 1971 ਨੂੰ ਡਬਲ ਸਿਟਿੰਗ ਕਰ ਲਓ । (ਵਿਘਨ) (Keeping in view the suggestion made by the hon. Member, Major Harinder Singh, I would suggest that we should have a double sitting on 22nd January, 1971 instead of the sitting on 25th January, 1971.)

ਆਵਾਜ਼ਾਂ : ਸਪੀਕਰ ਸਾਹਿਬ, 22 ਤਾਰੀਖ ਨੂੰ ਘਰਾਂ ਨੂੰ ਜਾਣਾ ਹੈ।

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਅਸੀਂ ਵੀ ਗਲ ਕਰਨੀ ਹੈ, ਉਸ ਦੇ ਬਾਦ ਫੈਸਲਾ ਕਰ ਲੈਣਾ। (ਵਿਘਨ)।

Mr. Speaker : Chaudhri Balbir Singh........(Interruption)

चौधरी बलबीर सिंह (हुशियारपुर) : स्पीकर साहिब, जिस ढंग से यह (विघ्न)

ਵਿੱਤ ਮੰਤਰੀ : ਸਪੀਕਰ ਸਾਹਿਬ, ਜੇ ਇਨ੍ਹਾਂ ਡਬਲ ਸਿਟਿੰਗ ਨਹੀਂ ਰਖਣੀ ਤਾਂ ਨਾਨ-ਆਫਿਸ਼ਲ ਡੇ ਜੋ ਇਨ੍ਹਾਂ ਦਾ ਹੈ ਜੇ ਉਹ ਡਰਾਪ ਕਰਨਾ ਹੈ ਤਾਂ ਉਹ ਕਰ ਲੈਣ ......

(ਵਿਘਨ) (ਸ਼ੋਰ)

(ਅਪੋਜ਼ੀਸ਼ਨ ਬੈਂਚਾਂ ਵਲੋਂ ਨੋ ਨੋ ਦੀਆਂ ਆਵਾਜ਼ਾਂ)

चौधरी बलबीर सिंह : स्पीकर साहिब, जिस ढंग से यह विधान सभा की कारवाई चल रही है वह बहुत ही अजीब है, और जमहुरीयत को खत्म करने की कोशिश की जा रही है। (विघ्न) कांग्रेस पार्टी के राज में साल में 2-3 बार मीटिंग हो ही जाया करती थी ..... (कांग्रेस पार्टी की तर्फ से थंपिंग) लेकिन अब यह जो सरकारें बनी हैं—पहले फरंट सरकार फिर अकाली जनसंघ सरकार और अब अकाली सरकार, इस की पोज़ीशन और भी खराब है ....

(विघ्न)

ਸ੍ਰੀ ਸਪੀਕਰ : ਚੌਧਰੀ ਸਾਹਿਬ ਤੁਸੀਂ ਇਲੈਕਸ਼ਨ ਵਗੈਰਾ ਲੜਨੀ ਹੈ ਇਸ ਲਈ ਤੁਹਾਡਾ ਸਮਾਂ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। (ਵਿਘਨ) (The Government have tried to save the time of the hon. Members who want to participate in the election to the Lok Sabha.)

चौधरी बलबीर सिंह : स्पीकर साहिब, बजट सैशन बाकायदा तौर पर होना चाहिए। (विघ्न) स्पीकर साहिब, बजट सैशन बाकायदा तौर पर 7 मार्च से शुरु होना चाहिए था। एक साल में एक बार सैशन आता है और उस में भी 2-2 मिटिंगज रख कर आप ऐसा कर रहे हैं यह ढंग ठीक नहीं है। आप चाहते हैं कि हम इलाके के लोगों की बातें ना कह सकें। स्पीकर साहिब, मैं यह कहना चाहता हूं कि ऐसे हालात में हर महकमे के बारे मैंबर्ज़ साहिबान जो अपनी राये देना चाहते हैं, वे नहीं दे सकते। जिस ढंग से यह सरकार काम करना चाहती है, इस से हमारे हक्कों की हिफाजत नहीं हो सकती। आप हमारे हक्कों के कस्टोडियन हैं। हमें जो हक्क विधान ने दिये हैं, हम उन हक्कों द्वारा ठीक ढंग से काम नहीं कर सकते (विघ्न) मैं कह रहा था कि आप हमारे हक्कों की रक्षा करें। अगर आप इजलास का वक्त और सारा प्रोगाम

कैंसल करने की सोच रहे हैं तो यह ठीक है, अगर नहीं सोच रहे तो यह सोचने का ढँग गलत है। आप का फर्ज़ है कि आप हमें हाऊस की कार्यवाही में भाग लेने का पूरा पूरा मौका दें। इस हाऊस की सारी सत्ता आप के हाथ में है। मैम्बरों के हक्कों की हिफाजत करें। आप जिस ढंग से चाहें करें, लेकिन दूसरा बजट सैशन जरूर हो जाये। इस भगदौड़ में इजलास का क्या हो सकता है? मार्च या अप्रैल में सैशन हो जाये और उसमें यह बजट ठीक ढ़ंग से पास होना चाहिए। अगर आप इस मौजूदा ढंग से बजट पास करेंगे तो यह तानाशाही होगी। इस लिये यह इस तरह नहीं होना चाहिए। यह तो कल को कह सकते हैं कि नान-स्टाप सिटिंग है जब तक कार्यवाई पास नहीं हो जाती, और जिसने बैठना है बैठे नहीं तो चला जाये और इस तरह यह कार्यवाही एक-दो दिन में खत्म हो जायेगी। मैं दर्खास्त करूंगा कि इनका यह ढंग द्रुस्त नहीं है। इस तरह यह जो हाऊस को खत्म करने की बात करते हैं ठीक नहीं। इस तरह हम अपने-अपने इलाकों के बारे में हर महक्मों के बारे में बोल नहीं सकते और न ही अपने इलाके के लोगों की तकलीफों को हाऊस के सामने रख सकते हैं। आप कहते हैं कि ऐडजर्नमैंट मोशन नहीं आ सकती, ध्यानाकर्षक प्रस्ताव नहीं आ सकते क्योंकि लोक सभा का यह प्रोसीजर है। मैं कहता हूं कि लोक सभा साल में छे महीने चलती है, वहाँ के मैम्बरों को हर बात के कहने का मौका मिल जाता है .. .. विघन।

श्री स्पीकर : आप को बात करने के हक पर गिला है। (Does the hon. Member want to say that he gets no apportunity to have his say ?)

चौधरी बलबीर सिंह : नहीं जी मुझे कोई एतराज़ नहीं। मैं तो यह कहता हूं कि यहां पर भी लोक सभा की तरह सैशन चलना चाहिए ता कि मैंबर साहिबान को अपनी बात कहने का मौका मिल सके।

श्री स्पीकर : आप के मुतालिक दूसरे मैंबर साहिबान को गिला हो सकता है कि आप उनको बात नहीं करने देते। (The other hon. Members might have a feeling about you that you do not allow them to speak.)

चौधरी बलबीर सिंह : स्पीकर साहिब, आप पिछले सालों का रिकार्ड मंगवा कर देखें कि कितने दिन विधान सभा का इजलास चलता रहता था। कोई एमर्जेंसी आ जाती तो डबल सिटिंग हो जाती, वरना ऐसी चीज नहीं होती थी। और अब दो दिन गवर्नर साहिब का एड्रैस, फिर सप्लीमैंट्री ऐस्टीमेटस और फिर वोट-आन-अकाऊंट और इजलास खत्म। आप हमारे हकों की रक्षा करके हमें मौका दें कि हम जो कुछ कहना चाहते हैं कह पायें। अगर यह इस तरह से पास किया गया तो यह बिल्कुल गलत होगा और इस के लिये आप को मन्जूरी नहीं देनी चाहिए।

श्री स्पीकर : इस की मन्जूरी तो हाऊस ने देनी है, मैं कम्पीटेंट नहीं हूं । (Only the House is competent to grant the leave for this and not I.)

चौधरी बलबीर सिंह : आप के पास पावर्ज़ हैं अगर आप समझते हैं कि किसी चीज के लिये टाईम पूरा नहीं है तो आप उसका टाईम बढा सकते हैं यहाँ तक कि बिजनैस ऐडवाईजरी कमेटी को ऐडवाईज कर सकते हैं टाईम बढ़ाने के लिये । जिस ढंग से यह हाऊस चल रहा है मैं इस की पुरज़ोर मुखालफत करता हूं और अर्ज़ करता हूं कि यह पास नहीं होना चाहिए ।

ਸ੍ਰੀ ਸਪੀਕਰ : ਇਹ ਤਾਂ ਹਾਊਸ ਦੀ ਮਰਜ਼ੀ ਹੈ । It depends on the sense of the House.

चौधरी बलबीर सिंह : आप को भी अखत्यार है अगर आप चाहें तो टाईम बढ़ा सकते हैं । आपके पास पूरी पावर्ज़ हैं इस के लिये ।

ਵਿੱਤ ਮੰਤਰੀ : ਸਰ, ਮੇਰੀ ਅਰਜ਼ ਹੈ ਕਿ ਰੂਲ 37 ਦੇ ਮੁਤਾਬਕ ਜਿਹੜੀ ਰਿਪੋਰਟ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਆਵੇ, ਉਹ ਉਸੇ ਤਰ੍ਹਾਂ ਮਨਜ਼ੂਰ ਕਰਨੀ ਹੁੰਦੀ ਹੈ ਅਤੇ ਜੇ ਕਰ ਉਸ ਵਿਚ ਕੋਈ ਅਮੈਂਡਮੈਂਟ ਵੀ ਕਰਨੀ ਹੋਵੇ ਤਾਂ ਉਹ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਨੂੰ ਦੋਬਾਰਾ ਰੈਫਰ ਕੀਤੀ ਜਾਵੇ । ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਹੈ ਇਹ ਯੂਨਾਨਿਮਸ ਹੈ ਅਤੇ ਹੁਣ ਇਕ ਰੀਅਲਿਸਟਿਕ ਡਿਫੀਕਲਟੀ ਪੇਸ਼ ਆਈ ਹੈ ਹਾਊਸ ਨੂੰ, ਇਸ ਬਾਰੇ ਮੈਂ ਅਰਜ਼ ਕਰਾਂਗਾ ਕਿ ਅਜ 5 ਵਜੇ ਦੋਬਾਰਾ ਕਮੇਟੀ ਦੀ ਮੀਟਿੰਗ ਰਖੀ ਹੈ, ਜਿਸ ਦੇ ਵਿਚ ਦੋ ਘੰਟੇ ਦਾ ਟਾਈਮ ਐਲੋਕੇਟ ਕਰਨਾ ਹੈ, ਉਸ ਕਮੇਟੀ ਦੀ ਮੀਟਿੰਗ ਵਿਚ ਇਹ ਚੀਜ਼ ਵੀ ਰਖ ਲਈ ਜਾਵੇ ਅਤੇ ਜ਼ਰੂਰਤ ਅਨੁਸਾਰ ਅਮੈਂਡਮੈਂਟ ਕੀਤੀ ਜਾਵੇ ।

ਸ੍ਰੀ ਬਲਰਾਮ ਦਾਸ ਟੰਡਨ (ਅੰਮ੍ਰਿਤਸਰ ਕੇਂਦਰੀ) : ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਹ ਠੀਕ ਹੈ ਕਿ ਇਹ ਕਮੇਟੀ ਦੀ ਰਿਪੋਰਟ ਯੂਨਾਨੀਮੈਸ ਹੈ, ਪਰ ਉਥੇ ਵੀ ਅਸੀਂ ਰਿਕੂਐਸਟ ਕੀਤੀ ਸੀ ਕਿ ਜਿਹੜੀਆਂ ਚੀਜ਼ਾਂ ਅਸੀਂ ਛੋੜ ਸਕਦੇ ਹਾਂ ਅਤੇ ਜਿਹੜੀਆਂ ਚੀਜਾਂ ਦੀ ਕੋਈ ਖ਼ਾਸ ਜ਼ਰੂਰਤ ਨਹੀਂ ਉਨ੍ਹਾਂ ਨੂੰ ਸਰਕਾਰ ਅਵਾਇਡ ਕਰ ਦੇਵੇ ਅਤੇ ਬਾਕੀ ਲੈ ਲਵੇ । ਅਤੇ ਹਾਊਸ ਦੀਆਂ ਸਿਟਿੰਗਜ਼ ਘੱਟ ਤੋਂ ਘੱਟ ਕੀਤੀਆਂ ਜਾਣ । ਅਸੀਂ ਉਥੇ ਇਹ ਵੀ ਪੁਆਇੰਟ ਆਊਟ ਕੀਤਾ ਸੀ ਕਿ ਗਵਰਨਰ ਦਾ ਐਡਰਸ ਅਤੇ ਵੋਟ ਆਫ ਅਕਾਊਂਟ ਆਦਿ ਡੇਫਰ ਹੋ ਸਕਦੇ ਹਨ । 7 ਮਾਰਚ ਨੂੰ ਅਸੀਂ ਸਾਰੇ ਫਾਰਗ਼ ਹੋ ਜਾਵਾਂਗੇ ਅਤੇ ਉਸ ਦੇ ਬਾਅਦ ਸੈਸ਼ਨ ਬੁਲਾ ਲਵੋ 25-26 ਤਾਰੀਖ ਤਕ ਜਾਂ ਹੋਰ ਜਿੰਨੇ ਸਮੇਂ ਤਕ ਇਹ ਚਾਹੁੰਣ ਕੰਮ ਖਤਮ ਹੋਣ ਤਕ ਸੈਸ਼ਨ ਜਾਰੀ ਰਖ ਸਕਦੇ ਹਨ, ਐਸੀ ਕੋਈ ਗੱਲ ਨਹੀਂ ਹੈ । ਜਿਸ ਤਰ੍ਹਾਂ ਹਾਊਸ ਵਿਚ ਸੈਂਟੀਮੈਂਟਸ ਪ੍ਰਗਟ ਕੀਤੇ ਗਏ ਹਨ ਕਿ ਮਾਰਚ ਵਿਚ ਸੈਸ਼ਨ ਬੁਲਾ ਲਿਆ ਜਾਵੇ । ਇਸ ਬਾਰੇ ਮੈਨੂੰ ਕੰਮ-ਅਜ਼-ਕੰਮ ਕੋਈ ਆਪੱਤੀ ਨਹੀਂ ਹੈ । ਬੁਲਾ ਲਿਆ ਜਾਵੇ ਤਾਂ ਚੰਗਾ ਹੋਵੇਗਾ ।

ਸ੍ਰੀ ਗਿਆਨ ਚੰਦ ਖਰਬੰਦਾ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਐਮਪਲਾਈਜ਼ ਬਾਰੇ ਤਾਂ ਦੋ ਘੰਟੇ ਡਿਸਕਸ਼ਨ ਵਾਸਤੇ ਮੁਕਰੱਰ ਕੀਤੇ ਗਏ ਹਨ, ਪਰ ਬਿਜ਼ਲੀ ਦੇ ਬਾਰੇ

ਕੋਈ ਟਾਈਮ ਮੁਕੱਰਰ ਨਹੀਂ ਕੀਤਾ ਗਿਆ । ਮੇਰੀ ਅਰਜ਼ ਹੈ ਕਿ ਹਾਊਸ ਦੀ ਰਾਏ ਲੈ ਕੇ ਬਿਜਲੀ ਸੰਕਟ ਵਾਸਤੇ ਵੀ ਦੋ ਘੰਟੇ ਦੀ ਬਹਿਸ ਦਾ ਟਾਈਮ ਮੁਕੱਰਰ ਕੀਤਾ ਜਾਵੇ ।

Mr. Speaker : Question is—

That this House agrees with the recommendations contained in the First Report of the Business Advisory Committee.

The motion was carried

PAPERS LAID ON THE TABLE

Minister of State for Excise and Taxation (Sardar Narinder Singh): Sir, I beg to lay on the Table—

1. the Punjab Entertainments Duty (Amendment) Ordinance, 1970 (Punjab Ordinance No. 5 of 1970);
2. the Punjab Entertainments Tax (Cinematograph Shows) Amendment Ordinance, 1970 (Punjab Ordinance No. 6 of 1970);
3. the Punjab Prevention of Beggary Ordinance, 1970 (Punjab Ordinance No. 8 of 1970);
4. the Punjab Urban Immovable Property Tax (Amendment) Ordinance 1970 (Punjab Ordinance No. 9 of 1970);
5. the Punjab Motor Vehicles Taxation (Amendment) Ordinance, 1970 (Punjab Ordinance No. 10 of 1970);
6. the Punjab Contingency Fund (Amendment) Ordinance, 1970 (Punjab Ordinance No. 11 of 1970);
7. the Audit Report on the Accounts of the Punjab Financial Corporation for the year ended 31st March, 1969, as required under section 37 (7) of the State Financial Corporation Act, 1951;
8. the Fourth Annual Report and Accounts of the Land Development and Seed Corporation Limited for the year 1968-69, as required under section 619 A (3) of the Companies Act, 1956; and
9. the Fourth Annual Report and Accounts of the Punjab Export Corporation Limited for the year 1966-67, as required under section 619 A (3) of the Companies Act, 1956.

(*At this stage the Deputy Speaker occupied the Chair*)

FOURTH PRELIMINARY REPORT OF THE COMMITTEE OF PRIVILEGES REGARDING THE THREATENING BEHAVIOUR OF SARDAR HARBHAGWAN SINGH EX-M.L.A. TOWARDS SARDAR TRILOCHAN SINGH RIYASTI, M.L.A. IN THE PRECINCTS OF THE PUNJAB VIDHAN SABHA

Chairman, Committee of Privileges (Sardar Beant Singh) : Sir, I beg to present the Fourth Preliminary Report of the Committee of Privileges regarding the threatening behaviour of Sardar Harbhagwan Singh, Ex-M. L. A. towards Sardar Trilochan Singh Riyasti, M.L.A. in the precincts of the Punjab Vidhan Sabha.

Sir I beg to moved—

That the time fixed for presenting the Report of the Committee of Privileges be extended till the 31st March, 1971.

Mr. Deputy Speaker : Motion moved—

That the time fixed for presenting the Report of the Committee of Privileges be extended till the 31st March, 1971.

Mr. Deputy Speaker : Question is—

That the time fixed for presenting the Report of the Committee of Privileges be extended till the 31st March, 1971.

The motion was Carried

SECOND PRELIMINARY REPORT OF THE COMMITTEE OF PRIVILEGES REGARDING THE QUESTION TO A NEWS ITEM PUBLISHED IN DAILY 'HIND SAMACHAR' DATED 23RD FEBRUARY, 1970 MENTIONING CERTAIN INFORMATION REGARDING REPORT OF COMMITTEE ON ESTIMATES OF PRIVILEGES RELATING

Chairman Committee of Privileges (Sardar Beant Singh) : Sir, I beg to present the Second Priliminary Report of the Committee of Privileges relating to a news item published in the daily 'Hind Samachar' dated the 23rd February 1970 mentioning certain information regarding the Report of the Committee on Estimates.

Sir. I beg to move—

That the time for presenting the Report of the Committee of Privileges to extended till the 31st March 1971.

Mr Deputy Speaker : Motion moved—

That the time for presenting the Report of the Committee of Privileges be extended till the 31st March, 1971.

Mr. Deputy Speaker : Question is—

That the time for presenting the Report of the Committee of Privileges be extended till the 31st March, 1971.

The motion was carried.

PRELIMINARY REPORT OF THE COMMITTEE OF PRIVILEGES REGARDING THE QUESTION OF PRIVILEGES RELATING TO ASSAULT ON SARDAR UMRAO SINGH M.L.A. BY SOME MEMBERS AND OUTSIDERS ON 26TH MARCH 1970 IN THE CHAMBER OF PUNJAB VIDHAN SABHA AFTER THE HOUSE WAS ADJOURNED ON THAT DAY.

Chairman, Committee of Privileges (Sardar Beant Singh) : Sir I beg to present the preliminary Report of the Committee of Privileges relating to assault on Sardar Umrao Singh, M.L.A. by some Members and outsiders on 26th March, 1970 in the Chamber of Punjab Vidhan Sabha after the House was adjourned on that day.

Sir, I beg to move—

That the time fixed for presenting the Report of the Committee of Privileges be extended till the 31st March, 1971.

Mr. Deputy Speaker : Motion moved—

That the time fixed for presenting the Report of the Committee of Privileges be extended till the 31st March, 1971.

ਸ੍ਰੀ ਬਲਰਾਮ ਦਾਸ ਟੰਡਨ (ਅੰਮ੍ਰਿਤਸਰ ਕੇਂਦਰੀ) : ਡਿਪਟੀ ਸਪੀਕਰ ਸਾਹਿਬ, ਇਹ ਜੋ ਇਨ੍ਹਾਂ ਸਾਰੇ ਆਈਟਮਜ਼ ਬਾਰੇ 31 ਮਾਰਚ ਤਕ ਐਕਸਟੈਨਸ਼ਨ ਮੰਗੀ ਜਾ ਰਹੀ ਹੈ, ਪਤਾ ਨਹੀਂ ਕਮੇਟੀ ਨੇ ਇਹ ਰਿਕੁਮੈਂਡੇਸ਼ਨ ਕਿਸ ਤਰ੍ਹਾਂ ਕੀਤੀ ਹੈ । ਹੁਣ ਇਲੈਕਸ਼ਨ ਆ ਰਹੀ ਹੈ ਅਤੇ ਉਸ ਤੋਂ ਮਗਰੋਂ ਚੀਫ਼ ਮਨਿਸਟਰ ਸਾਹਿਬ ਨੇ ਸੈਸ਼ਨ ਬੁਲਾਉਣਾ ਹੈ, 8 ਮਾਰਚ ਨੂੰ ,ਜਾਂ ਨਹੀਂ ਬੁਲਾਉਣਾ ਅਤੇ ਅਗਰ ਉਹ ਸੈਸ਼ਨ ਹੁੰਦਾ ਹੈ ਤਾਂ ਇਹ ਕਮੇਟੀ ਬੈਠੇਗੀ ਜਾਂ ਨਹੀਂ ।

ਮੈਂ ਮਹਿਸੂਸ ਕਰਦਾ ਹਾਂ ਕਿ ਪ੍ਰਿਵਲਿਜਜ਼ ਕਮੇਟੀ ਨੇ ਸੀਰੀਅਸਲੀ ਕੰਮ ਨਹੀਂ ਕੀਤਾ ਅਤੇ ਇਸ ਤਰ੍ਹਾਂ ਇਹ 31 ਮਾਰਚ ਤਕ ਐਕਸਟੈਨਸ਼ਨ ਮੰਗੀ ਹੈ । ਮੈਂ ਕਹਿੰਦਾ ਹਾਂ ਕਿ ਬਾਰ ਬਾਰ ਐਕਸਟੈਨਸ਼ਨ ਨਹੀਂ ਮੰਗੀ ਜਾਣੀ ਚਾਹੀਦੀ । ਮਹੀਨਾ ਡੇਢ੍ਹ ਮਹੀਨਾ ਭਾਵੇਂ ਹੋਰ ਮੰਗ ਲਿਆ ਜਾਂਦਾ ਪਰ ਇਕ ਬਾਰ ਹੀ ਐਕਸਟੈਨਸ਼ਨ ਮੰਗਣੀ ਚਾਹੀਦੀ ਸੀ । ਇਹ ਨਹੀਂ ਕਿ ਕਦੇ ਸਪੀਕਰ ਸਾਹਿਬ ਤੋਂ ਮੰਗ ਲਈ ਅਤੇ ਕਦੇ ਹਾਊਸ ਤੋਂ । ਇਹ ਚੰਗਾ ਨਹੀਂ ਲਗਦਾ । ਮੈਂ ਸਮਝਦਾ ਹਾਂ ਕਿ ਕਮੇਟੀ ਨੇ ਸੀਰੀਅਸਲੀ ਮਾਮਲਿਆਂ ਨੂੰ ਫ਼ਾਈਨਲਾਈਜ਼ ਕਰਨ ਦੀ ਕੋਸ਼ਿਸ਼ ਨਹੀਂ ਕੀਤੀ । ਮੈਂ ਇਹ ਨਹੀਂ ਕਹਿੰਦਾ ਕਿ ਐਕਸਟੈਨਸ਼ਨ ਨਾ ਦਿਤੀ ਜਾਵੇ ਪਰ ਬਾਰ ਬਾਰ ਇਸ ਦੀ ਮੰਗ ਨਹੀਂ ਹੋਣੀ ਚਾਹੀਦੀ । ਹੁਣ ਭਾਵੇਂ 30 ਅਪ੍ਰੈਲ ਤਕ ਲੈ ਲਉ, ਪਰ ਇਸ ਕੰਮ ਨੂੰ ਉਸ ਵਿਚ ਪੂਰਾ ਕਰਨਾ ਚਾਹੀਦਾ ਹੈ ।

ਸਰਦਾਰ ਬੇਅੰਤ ਸਿੰਘ (ਪਾਇਲ) : ਡਿਪਟੀ ਸਪੀਕਰ ਸਾਹਿਬ, ਇਹ ਕਮੇਟੀ ਬਣੀ ਹੀ ਬੜੀ ਲੇਟ ਸੀ । ਇਹ ਸਤੰਬਰ, 1970 ਵਿਚ ਬਣੀ ਅਤੇ ਇਸ ਦੀ ਪਹਿਲੀ ਮੀਟਿੰਗ 6 ਅਕਤੂਬਰ, 1970 ਨੂੰ ਹੋਈ ਸੀ ਯਾਨੀ 3 ਮਹੀਨਿਆਂ ਵਿਚ ਇਸ ਨੇ ਕੰਮ ਮੁਕਾਉਣਾ ਸੀ । ਇਸ ਦੀਆਂ ਸਿਟਿੰਗਜ਼ ਵੀ ਬਹੁਤ ਹੋਈਆਂ ਪਰ ਬਹੁਤ ਸਾਰੇ ਵਿਟਨੈਸਿਜ਼ ਨੂੰ ਬੁਲਾਉਣਾ ਸੀ । ਫਿਰ ਸਾਰੀ ਰਿਪੋਰਟ ਤਕਰੀਬਨ ਤਿਆਰ ਹੈ । ਸਿਰਫ਼ ਫਾਈਨਲ ਟਚ ਹੀ ਦੇਣ ਵਾਲਾ ਹੈ । ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਇਹ ਪੰਜ ਬੜੇ ਭਾਰੀ ਆਈਟਮ ਸਨ ਜਿਨ੍ਹਾਂ ਨੂੰ ਇਸ ਕਮੇਟੀ ਨੇ ਸਟੱਡੀ ਕਰਨਾ ਸੀ । ਇਨ੍ਹਾਂ ਨੇ ਜੋ ਨਾਨ-ਸੀਰੀਅਸ ਹੋਣ ਦੀ ਗੱਲ ਕਹੀ ਹੈ, ਇਹ ਬੁਰੀ ਗੱਲ ਕਹੀ ਹੈ । ਇਨ੍ਹਾਂ ਦੇ ਸਾਥੀ ਕਾਲੀਆ ਜੀ ਵੀ ਇਸ ਕਮੇਟੀ ਵਿਚ ਸਨ । ਇਹ ਉਨ੍ਹਾਂ ਤੋਂ ਪੁਛ ਲੈਣ ਕਿ ਕਮੇਟੀ ਨੇ ਕਿਸ ਤਰ੍ਹਾਂ ਤਨਦੇਹੀ ਨਾਲ ਅਤੇ ਸੀਰੀਅਸਲੀ ਕੰਮ ਕੀਤਾ ਹੈ। ਇਸ ਨੂੰ ਦੇਖਦੇ ਹੋਏ ਇਨ੍ਹਾਂ ਨੂੰ ਆਪਣੇ ਲਫਜ਼ ਵਿਦਡਰਾ ਕਰਨੇ ਚਾਹੀਦੇ ਹਨ। ਜਿੰਨੀਆਂ ਮੀਟਿੰਗਾਂ ਇਸ ਕਮੇਟੀ ਨੇ ਕੀਤੀਆਂ ਉਹ ਪਹਿਲਾਂ ਸ਼ਾਇਦ ਕਦੇ ਨਾ ਹੋਈਆਂ ਹੋਣ । ਹੁਣ ਬਸ ਫਾਈਨਲ ਟਚ ਹੀ ਦੇਣ ਵਾਲਾ ਹੈ ਜੋ 31 ਮਾਰਚ ਤਕ ਹੋ ਜਾਵੇਗਾ । ਮੈਂ ਅਰਜ਼ ਕਰਦਾਂ ਹਾਂ ਕਿ ਇਹ ਸੀਨੀਅਰ ਮੈਂਬਰ ਹਨ, ਇਨ੍ਹਾਂ ਨੂੰ ਆਪਣੇ ਇਹ ਲਫ਼ਜ਼ ਵਾਪਸ ਲੈਣੇ ਚਾਹੀਦੇ ਹਨ ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਡਿਪਟੀ ਸਪੀਕਰ ਸਾਹਿਬ, ਇਕ ਸੀਨੀ-ਅਰ ਮੈਂਬਰ ਨੇ ਕਮੇਟੀ ਤੇ ਨਾਨ-ਸੀਰੀਅਸ ਹੋਣ ਦਾ ਐਲੀਗੇਸ਼ਨ ਲਾਇਆ ਹੈ । ਇਹ ਠੀਕ ਨਹੀਂ ਹੈ। ਇਸ ਕਮੇਟੀ ਦੀਆਂ ਕਾਫੀ ਸਿਟਿੰਗਜ਼ ਹੋਈਆਂ ਸਨ। ਕਾਲੀਆ ਸਾਹਿਬ ਤੋਂ ਪੁਛ ਲੈਂਦੇ ਤੇ ਫਿਰ ਐਲੀਗੇਸ਼ਨ ਲਗਾਉਂਦੇ । ਇਨ੍ਹਾਂ ਤਾਂ ਬਸ ਇਕ ਲੈਕਚਰ ਝਾੜਨਾ ਸੀ ਝਾੜ ਲਿਆ ਹੋਰ ਕੋਈ ਗੱਲ ਨਹੀਂ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਕਮੇਟੀ ਨੇ ਬੜਾ ਸੀਰੀਅਸਲੀ ਕੰਮ ਕੀਤਾ ਹੈ ਮਗਰ ਜੇ ਗਵਾਹ ਹੀ ਨਾ ਆਉਣ ਤਾਂ ਕਮੇਟੀ ਦਾ ਕਸੂਰ ਨਹੀਂ ।

ਸ੍ਰੀ ਮਨਮੋਹਨ ਕਾਲੀਆ (ਜਲੰਧਰ, ਦਖਣ) : ਡਿਪਟੀ ਸਪੀਕਰ ਸਾਹਿਬ, ਚੂੰਕਿ

[ਸ੍ਰੀ ਮਨਮੋਹਨ ਕਾਲੀਆ]

ਮੇਰਾ ਵੀ ਇਸ ਵਿਚ ਜ਼ਿਕਰ ਕੀਤਾ ਗਿਆ ਹੈ ਇਸ ਲਈ ਮੈਂ ਇੰਨੀ ਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹੁਣ ਇਸ ਦੇ ਬਾਦ ਸਾਰੇ ਮੈਂਬਰਾਂ ਨੇ ਇਲੈਕਸ਼ਨਾਂ ਵਿਚ ਬਿਜੀ ਹੋ ਜਾਣਾ ਹੈ ਇਸ ਲਈ ਇਕ ਮਹੀਨੇ ਦੀ ਥਾਂ ਇਸ ਨਾਲੋਂ ਵੀ ਵਧ ਸਮਾਂ ਦੇਣਾ ਚਾਹੀਦਾ ਹੈ । ਮਹੀਨੇ ਦੀ ਥਾਂ ਡੇਢ੍ਹ ਮਹੀਨਾ ਦੇਣਾ ਚਾਹੀਦਾ ਹੈ । ਜਿਹੜੀ ਗੱਲ ਟੰਡਨ ਸਾਹਿਬ ਨੇ ਕਹੀ ਹੈ ਮੈਂ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਕਮੇਟੀ ਨੇ ਬੜੀ ਮਿਹਨਤ ਨਾਲ ਕੰਮ ਕੀਤਾ ਹੈ ਪਰ ਗਵਾਹ ਹੀ ਹਾਜ਼ਰ ਨਹੀਂ ਹੁੰਦੇ ਰਹੇ, ਇਸ ਕਰਕੇ ਦੇਰ ਹੋਈ ਹੈ ।

ਸ੍ਰੀ ਡਿਪਟੀ ਸਪੀਕਰ : ਕਾਲੀਆ ਸਾਹਿਬ, ਸਮੇਂ ਬਾਰੇ ਠੀਕ ਤਰੀਕਾ ਇਹ ਸੀ ਕਿ ਕਮੇਟੀ ਪਹਿਲਾਂ ਹੀ ਪੂਰੀ ਤਰ੍ਹਾਂ ਸਲਾਹ ਮਸ਼ਵਰਾ ਕਰਕੇ ਵਧ ਸਮਾਂ ਮੰਗਦੀ । ਹੁਣ ਇਹ ਮਾਮਲਾ ਹਾਊਸ ਦੇ ਸਾਹਮਣੇ ਹੈ, ਹੁਣ ਇਹ ਹਾਊਸ ਦੀ ਮਰਜ਼ੀ ਹੈ ਕਿ ਕਿੰਨਾ ਸਮਾਂ ਦੇਣਾ ਹੈ (The proper procedure for the committee would have been to ask for more time after due deliberation in the very first instance. Now the matter is before the House and it is for the House to take a decision about it.)

ਸ੍ਰੀ ਬਲਰਾਮ ਦਾਸ ਟੰਡਨ : ਅਗਰ ਇਹ 31 ਮਾਰਚ ਤਕ ਹੀ ਕੰਮ ਪੂਰਾ ਕਰ ਲੈਣ ਤਾਂ ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ, ਬਸ ਹੋਰ ਐਕਸਟੈਨਸ਼ਨ ਨਾ ਮੰਗਣ ।

Mr. Deputy Speaker : Question is—

That the time fixed for presenting the Report of the Committee of Privileges be extended till the 31st March, 1971.

The motion was carried

DISCUSSION ON GOVERNORS ADDRESS

Sardar Ravi Inder Singh (Ropar) : Sir I beg to move—

That an Address be presented to the Governor in the following terms—"That the Members of this House assembled in this Session are deeply grateful to the Governor for the Address which he has been pleased to deliver to the House on the 15th January, 1971."

ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਦੇ ਖਿਆਲਾਂ ਦਾ ਇਹਤਰਾਮ ਕਰਦੇ ਹੋਏ ਮੈਂ ਇਸ ਐਡਰੈਸ ਦੇ ਬਾਰੇ ਵਿਚ ਪੰਜਾਬੀ ਬੋਲੀ ਵਿਚ ਹੀ ਕੁਝ ਅਰਜ਼ ਕਰਾਂਗਾ । ਚੰਡੀਗੜ੍ਹ ਦੇ ਬਾਰੇ ਵਿਚ ਜਿਹੜਾ ਫੈਸਲਾ ਹਿੰਦ ਦੀ ਸਰਕਾਰ ਨੇ ਕੀਤਾ ਹੈ ਇਹ ਸ਼ਲਾਘਾਯੋਗ ਹੈ ਜਿਸ ਦੇ ਬਾਰੇ ਵਿਚ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਜ਼ਿਕਰ ਕੀਤਾ ਹੈ । ਇਹ ਪੰਜਾਬੀਆਂ ਲਈ ਮਾਣ ਦੀ ਗੱਲ ਹੈ (ਵਿਘਨ) ਪਰ ਇਸ ਦੇ ਨਾਲ ਹੀ ਜਿਹੜਾ ਫੈਸਲਾ ਫਾਜ਼ਿਲਕਾ ਅਤੇ ਅਬੋਹਰ ਦੇ ਬਾਰੇ ਵਿਚ ਕੀਤਾ ਹੈ ਇਹ ਸ਼ਲਾਘਾਯੋਗ ਨਹੀਂ ਅਤੇ ਕੋਈ ਮੈਂਬਰ ਵੀ ਮੇਰੀ ਇਸ ਗੱਲ ਦੀ ਵਿਰੋਧਤਾ ਨਹੀਂ ਕਰੇਗਾ । ਪੰਜਾਬ ਵਿਚ ਇਸ ਗੱਲ ਦਾ ਚਰਚਾ ਹੈ ਕਿ ਸੈਂਟਰ ਦੀ ਸਰਕਾਰ ਨੇ ਪੰਜਾਬੀ ਬੋਲੀ ਨਾਲ ਵਿਤਕਰੇ ਭਰਿਆ ਸਲੂਕ ਕੀਤਾ ਹੈ ਅਤੇ ਪੰਜਾਬੀ ਬੋਲਦੇ ਇਲਾਕੇ ਨੂੰ ਪੰਜਾਬ ਤੋਂ ਬਾਹਰ ਦੇ ਦਿਤਾ ਹੈ । (ਵਿਘਨ) ਸੰਤ ਬਾਬਾ ਫਤਿਹ ਸਿੰਘ ਨੂੰ ਪੁਛੋ) ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਜਿਹੜਾ ਫੈਸਲਾ ਕੀਤਾ ਗਿਆ ਹੈ ਇਸ ਵਿਚ ਭੀ ਅਸਾਡੇ ਨਾਲ ਧਰੋਹ ਕੀਤਾ ਗਿਆ ਹੈ । (ਵਿਘਨ) ਇਹ ਇਕ ਅਜੀਬ ਫੈਸਲਾ ਹੈ ਕਿ ਦਿੱਲੀ ਦੀ ਸਰਕਾਰ ਨੇ ਚੰਡੀਗੜ੍ਹ ਦੇ ਬਾਰੇ ਵਿਚ ਫੈਸਲਾ ਕਰਦਿਆਂ ਇਸ

(ਸਰਦਾਰ ਰਵੀਇੰਦਰ ਸਿੰਘ)

ਸਾਰੇ ਜ਼ੋਰ ਲਾ ਕੇ 13 ਦੇ 13 ਹੀ ਆਪਣੇ ਪੰਜਾਬ ਦੇ ਹਿਤੈਸ਼ੀ ਅਤੇ ਪੰਜਾਬ ਦੀ ਵੈਲ-ਬੀਅੰਗ ਨੂੰ ਮੁਖ ਰਖ ਕੇ ਕੰਮ ਕਰਨ ਵਾਲੇ ਭੇਜ ਦੇਣ ਤਾਂ ਵੀ ਕੋਈ ਬਹੁਤਾ ਨਹੀਂ ਸੰਵਰ ਸਕਦਾ। ਮੈਂ ਸਮਝਦਾ ਹਾਂ ਕਿ 521 ਵਿਚ 13 ਮੈਂਬਰ ਕੁਝ ਕਹਿਣ ਵੀ ਤਾਂ ਉਨ੍ਹਾਂ ਦਾ ਐਨਾ ਵਜ਼ਨ ਨਹੀਂ ਹੋ ਸਕਦਾ। (ਸਾਰੇ ਕਿਕਰ ਸਿੰਘ ਉਥੇ ਭੇਜ ਦਿਓ) ਇਸ ਲਈ ਮੈਂ ਬੇਨਤੀ ਕਰਾਂਗਾ ਕਿ ਅਸਾਨੂੰ ਸਾਰਿਆਂ ਨੂੰ ਇਸ ਪੱਖ ਵਿਚ ਇਕ ਮੁਠ ਹੋ ਜਾਣਾ ਚਾਹੀਦਾ ਹੈ ਕਿ ਸਾਡੀ ਜਿਹੜੀ ਸਟੇਟ ਹੈ ਇਸ ਨੂੰ ਬਾਕੀ ਰਾਜਾਂ ਜਿੰਨੀ ਈਕਵਲ ਰਿਪਰੇਜ਼ੇਂਟੇਸ਼ਨ ਮਿਲੇ ਅਤੇ ਅਸਾਨੂੰ ਇਸ ਪਖ ਵਿਚ ਕਦਮ ਉਠਾਣੇ ਚਾਹੀਦੇ ਹਨ ਅਤੇ ਇਸ ਗਲ ਤੇ ਸੈਂਟਰ ਦੀ ਸਰਕਾਰ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਜੇਕਰ ਇਸ ਕੰਮ ਲਈ ਕਾਨਸਟੀਚਿਊਸ਼ਨ ਵਿਚ ਕੋਈ ਅਮੈਂਡਮੈਂਟ ਲਿਆਣੀ ਪਏ ਤਾਂ ਲਿਆਂਦੀ ਜਾਵੇ। (ਵਿਘਨ)

Shri Manmohan Kalia : Which paragraph of the Governor's Address the hon. Member is referring to ?

Sardar Ravi Inder Singh : Sir, I am referring to paragraph No. 2 of the Governor's Address relating to Chandigarh.

ਇਹ ਗੱਲ ਮੈਂ ਇਸ ਲਈ ਅਰਜ਼ ਕਰ ਰਿਹਾ ਹਾਂ ਕਿ ਇਹ ਪੰਜਾਬ ਦੇ ਹਿਤ ਵਿਚ ਹੈ ਇਸ ਲਈ ਸਾਰਿਆਂ ਨੂੰ ਭਾਵੇਂ ਉਹ ਅਕਾਲੀ ਪਾਰਟੀ ਦਾ ਹੋਵੇ ਜਾਂ ਕਮਿਊਨਿਸਟ ਪਾਰਟੀ ਦਾ ਹੋਵੇ ਜਾਂ ਕਾਂਗਰਸ ਪਾਰਟੀ ਦਾ ਹੋਵੇ ਪੰਜਾਬ ਦੇ ਹਿਤ ਵਿੱਚ ਇਹ ਕਦਮ ਚੁਕਣੇ ਚਾਹੀਦੇ ਹਨ ਅਤੇ ਪੰਜਾਬ ਨੂੰ ਸਹੀ ਥਾਂ ਲੋਕ ਸਭਾ ਵਿਚ ਮਿਲਣੀ ਚਾਹੀਦੀ ਹੈ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੀ ਬੇਹਤਰੀ ਤਾਂ ਹੀ ਹੋ ਸਕਦੀ ਹੈ ਜੇ ਕਰ ਅਸਾਡੀ ਕੋਈ ਠੋਸ ਆਵਾਜ਼ ਸੈਂਟਰ ਵਿਚ ਹੋਵੇ ਜਿੰਨੀ ਕਿ ਬਾਕੀ ਦੀਆਂ ਸਟੇਟਾਂ ਦੀ ਹੈ। ਮੈਂ ਖਾਸ ਤੌਰ ਤੇ ਕਾਂਗਰਸ ਪਾਰਟੀ ਨੂੰ ਕਹਾਂਗਾ ਕਿ ਇਹ ਜਿਹੜੀ ਨਮਕ ਅਸੂਲੀ ਵਿਖਾਣਾ ਚਾਹੁੰਦੇ ਹਨ ਇਨ੍ਹਾਂ ਲਈ ਇਹ ਵਕਤ ਹੈ ਕਿ ਪੰਜਾਬ ਦੇ ਇਨਟਰੈਸਟ ਨੂੰ ਸਾਹਮਣੇ ਰਖਣ ਅਤੇ ਇਸ ਗੱਲ ਤੇ ਸੈਂਟਰ ਦੀ ਸਰਕਾਰ ਨੂੰ ਜ਼ੋਰ ਦੇਣ ਅਤੇ ਜੇਕਰ ਇਹ ਨਹੀਂ ਕਰ ਸਕਦੇ ਤਾਂ ਇਨ੍ਹਾਂ ਦਾ ਇਥੇ ਮੈਂਬਰ ਬਣ ਕੇ ਲੋਕਾਂ ਦੇ ਹਿਤਾਂ ਦੀ ਪਰਵਾਹ ਨਾ ਕਟਨਾ ਇਨ੍ਹਾਂ ਨੂੰ ਇਥੇ ਬੈਠਣਾ ਵਾਜਬ ਨਹੀਂ।

ਇਕ ਗਲ ਮੈਂ ਹੋਰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਥੋਂ ਤਕ ਬਿਜਲੀ ਦੀ ਸਪਲਾਈ ਦਾ ਤਅਲੁਕ ਹੈ ਪੰਜਾਬ ਦੇ ਲੋਕਾਂ ਨਾਲ ਜ਼ਬਰਦਸਤ ਧਰੋਹ ਕੀਤਾ ਗਿਆ ਹੈ। ਇਹ ਹਿੰਦ ਸਰਕਾਰ ਨੇ ਕੀਤਾ ਹੈ। ਅਜ ਇਹ ਹਾਲਤ ਹੈ ਕਿ ਪੰਜਾਬ ਦੇ ਕਿਸਾਨ ਦੇ ਜਜ਼ਬਾਤ ਕਿਥੇ ਤਕ ਪਹੁੰਚ ਗਏ ਹਨ ਅਤੇ ਉਨ੍ਹਾਂ ਦੇ ਟੈਂਪਰ ਨੂੰ ਹੋਰ ਠਲਣਾ ਮੁਸ਼ਕਲ ਹੋ ਜਾਵੇਗਾ। ਬਿਜਲੀ ਦੀ ਸਖਤ ਘਾਟ ਹੈ। ਜਦ ਭਾਖੜਾ ਡੈਮ ਬਣਾਇਆ ਗਿਆ ਸੀ ਤਾਂ ਉਸ ਸਮੇਂ ਦੀ ਸਰਕਾਰ ਨੇ ਇਨ੍ਹਾਂ ਗੱਲਾਂ ਦੇ ਪਰੋਸਪੈਕਟਿਵ ਵਲ ਧਿਆਨ ਨਹੀਂ ਦਿਤਾ ਅਤੇ ਸਾਰੀ ਦੀ ਸਾਰੀ ਬਿਜਲੀ ਦਿਲੀ ਨੂੰ ਅਤੇ ਨੰਗਲ ਫਰਟੇਲਾਈਜ਼ਰ ਨੂੰ ਦੇ ਦਿਤੀ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਹੁਣ ਵੀ ਵੇਲਾ ਹੈ ਇਸ ਨੂੰ ਠੀਕ ਕਰਨ ਦਾ ਜੇਕਰ ਸਾਹਮਣੇ ਕਾਂਗਰਸੀ ਬੈਂਚਾਂ ਤੇ ਬੈਠੇ ਮੈਂਬਰ ਸਾਡਾ ਸਾਥ ਦੇਣ। ਇਸ ਸਬੰਧ ਵਿੱਚ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਟਾਮਿਕ ਪਾਵਰ ਪਲਾਂਟ ਜਿਹੜਾ ਕਿ ਨਾਰਦਰਨ ਇੰਡੀਆ ਵਿਚ ਲਗਾਇਆ ਜਾ ਰਿਹਾ ਹੈ ਇਸ ਦੀ ਕੈਪਿਸਟੀ ਨੂੰ 1,000 ਮੈਗਾਵਾਟ ਤਕ ਵਧਾ ਦਿਤਾ ਜਾਵੇ ਅਤੇ ਇਹ ਪਲਾਂਟ ਪੰਜਾਬ ਨੂੰ

ਅਲਾਟ ਕੀਤਾ ਜਾਵੇ ਤਾਂ ਹੀ ਆਉਂਦੇ 6 ਸਾਲਾਂ ਦੇ ਅੰਦਰ ਜੋ ਬਿਜਲੀ ਦੀ ਮੰਗ ਪੰਜਾਬ ਵਿਚ ਹੋਵੇਗੀ ਉਸਨੂੰ ਪੂਰਾ ਕੀਤਾ ਜਾ ਸਕੇਗਾ ਅਤੇ ਤਾਂ ਹੀ ਬਿਜਲੀ ਪੰਜਾਬ ਦੀ ਕੰਜ਼ੰਪਸ਼ਨ ਯੋਗ ਹੋ ਸਕੇਗੀ । ਅਤੇ ਜੇ ਕਰ ਇਸ ਪਲਾਂਟ ਨੂੰ ਹੋਰ ਕਿਸੇ ਰਾਜ ਨੂੰ ਅਲਾਟ ਕਰ ਦਿਤਾ ਗਿਆ ਤਾਂ ਅਸੀਂ ਪੰਜਾਬ ਦੀ ਬਿਜਲੀ ਦੀ ਭੁਖ ਨੂੰ ਨਹੀਂ ਮਿਟਾ ਸਕਾਂਗੇ । ਇਸ ਲਈ ਇਸ ਗੱਲ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਇਸ ਵਿਚ ਸਿਆਸੀ ਪੱਖ ਨੂੰ ਸਾਹਮਣੇ ਰਖ ਕੇ ਫੈਸਲਾ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਪੰਜਾਬ ਦੀ ਇਕਾਨੋਮੀ ਨਸ਼ਟ ਹੋ ਜਾਵੇਗੀ । ਇਸ ਇਕਾਨੋਮੀ ਨੂੰ ਕਾਇਮ ਰਖਣ ਲਈ ਅਤੇ ਡਿਵੈਲਪਮੈਂਟ ਦੀ ਰਫ਼ਤਾਰ ਨੂੰ ਵਧਾਣ ਲਈ ਇਹ ਜ਼ਰੂਰੀ ਹੈ ਕਿ ਇਸ ਪਲਾਂਟ ਨੂੰ ਪੰਜਾਬ ਨੂੰ ਦਿਤਾ ਜਾਵੇ । ਪੰਜਾਬ ਦੀ ਇਕਾਨੋਮੀ ਵਿਚ 6.5% ਵਾਧਾ ਲਿਆਂਦਾ ਗਿਆ ਹੈ ਜਿਥੇ ਕਿ ਬਾਕੀ ਦੀਆਂ ਸਟੇਟਾਂ ਵਿਚ 5.9% ਵਾਧਾ ਲਿਆਂਦਾ ਗਿਆ ਹੈ ।

ਇਕ ਤਾਂ ਇਹ ਡੈਮੋਕਰੈਟਿਕ ਢਾਂਚਾ ਹੀ ਇਸ ਤਰ੍ਹਾਂ ਦਾ ਹੈ ਕਿ ਸਾਡੀ ਸਟੇਟ ਦੇ ਐਮਪੀਜ਼. ਦੀ ਤਾਦਾਦ 13 ਹੋਣ ਕਰਕੇ ਕੋਈ ਸੁਣਦਾ ਹੀ ਨਹੀਂ, ਸਾਡੀ ਗਲ ਦੂਸਰੀਆਂ ਸਟੇਟਸ ਦੇ ਮੁਕਾਬਲੇ ਤੇ ਵਜ਼ਨਦਾਰ ਨਹੀਂ ਸਮਝੀ ਜਾਂਦੀ । ਉਨ੍ਹਾਂ ਦੇ ਮਕਾਬਲੇ ਵਿਚ ਜੇ ਕੋਈ ਗੱਲ ਯੂ.ਪੀ. ਵਾਲੇ ਮਨਾਉਣੀ ਚਾਹੁੰਦੇ ਹਨ ਤਾਂ ਉਨ੍ਹਾਂ ਦੀ ਗਿਣਤੀ 80 ਮੈਂਬਰਾਂ ਤੋਂ ਜ਼ਿਆਦਾ ਹੈ, ਉਹ ਸਾਡੀ ਸਟੇਟ ਦਾ ਫਾਇਦਾ ਨਹੀਂ ਸੋਚਦੇ ਅਤੇ ਆਪੋ ਆਪਣੀ ਸਟੇਟ ਨੂੰ ਹਰ ਸਕੀਮ ਖਿਚਦੇ ਹਨ । ਮੈਂ ਹਾਊਸ ਦੀ ਵਾਕਫੀਅਤ ਲਈ ਅਰਜ਼ ਕਰ ਦਿਆਂ ਕਿ ਸੈਂਟਰ ਦੀ ਸਰਕਾਰ ਦਾ ਇਰਾਦਾ ਅਟਾਮਿਕ ਪਾਵਰ ਪਲਾਂਟ ਲਾਉਣ ਦਾ ਨਾਰਥ-ਵੈਸਟਰਨ ਏਰੀਆਜ਼ ਦੇ ਵਿਚ ਹੈ ਜੇ ਇਹ ਪਲਾਂਟ ਲਗ ਜਾਵੇ ਤਾਂ ਬਹੁਤ ਫ਼ਾਇਦਾ ਸਾਡੇ ਇਲਾਕੇ ਨੂੰ ਹੋ ਸਕਦਾ ਹੈ। ਮੈਂ ਇਹ ਕਹਾਂਗਾ ਕਿ ਜੇ ਕਾਂਗਰਸ ਸਰਕਾਰ ਨੇ ਵੋਟਾਂ ਲੈਣੀਆਂ ਹਨ ਤਾਂ ਉਹ ਘਟ ਤੋਂ ਘਟ ਪੰਜਾਬ ਦੀ ਇਕਾਨਮੀ ਨੂੰ ਤਾਂ ਬਰਕਰਾਰ ਰਖਣ । ਇਹ ਇਲਾਕੇ ਦੇ ਲੋਕ ਖੁਦਦਾਰ ਹਨ, ਮੁਗ਼ਲ ਰਾਜ ਵੇਲੇ ਵੀ ਇਸ ਇਲਾਕੇ ਤੇ ਇਤਨੇ ਅਤਿਆਚਾਰ ਹੋਏ ਪਰ ਇਨ੍ਹਾਂ ਨੇ ਆਪਣਾ ਸਿਰ ਉਸ ਵੇਲੇ ਵੀ ਨਹੀਂ ਸੀ ਝੁਕਾਇਆ ਅਜ ਵੀ ਇਨ੍ਹਾਂ ਨਾਲ ਜਿਸ ਤਰ੍ਹਾਂ ਦਾ ਸਲੂਕ ਹੋ ਰਿਹਾ ਹੈ ਉਹ ਕਿਸੇ ਨੂੰ ਭੁਲਿਆ ਹੋਇਆ ਨਹੀਂ । ਕਿਸੇ ਸਟੇਟ ਦੀ ਇਕਾਨਮੀ ਉਸ ਸਟੇਟ ਦੀ ਇੰਡਸਟਰੀਅਲ ਪਾਲਿਸੀ ਤੇ ਨਿਰਭਰ ਕਰਦੀ ਹੈ, ਜਦੋਂ ਤਕ ਪੰਜਾਬ ਦੀ ਸਟੇਟ ਨੂੰ ਇਸ ਪਾਸੇ ਤਕੜਾ ਨਹੀਂ ਕੀਤਾ ਜਾਂਦਾ ਅਸੀਂ ਤਰੱਕੀ ਨਹੀਂ ਕਰ ਸਕਦੇ । ਅਸੀਂ ਆਪਣੇ ਸੂਬੇ ਦੀ ਕੋਈ ਸੇਵਾ ਨਹੀਂ ਕਰ ਸਕਦੇ ।

ਬਹੁਤ ਸਾਰੀਆਂ ਸਕੀਮਾਂ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਦੀਆਂ ਹਨ ਮੈਂ ਆਪਦਾ ਧਿਆਨ ਉਸ ਪਾਸੇ ਵਲ ਦਿਵਾਉਣਾਂ ਚਾਹੁੰਦਾ ਹਾਂ । ਸਭ ਤੋਂ ਪਹਿਲਾਂ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਬੜੀ ਕੋਸ਼ਿਸ਼ ਕਰਨ ਦੇ ਸਿੱਟੇ ਵਜੋਂ ਪੋਲੀਐਸਟਰ ਫਾਈਬਰ ਪ੍ਰਾਜੈਕਟ ਪੰਜਾਬ ਵਿਚ ਲਗ ਰਿਹਾ ਹੈ । ਮੈਨੂੰ ਇਹ ਗੱਲ ਦੇ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਇਹ ਪ੍ਰਾਜੈਕਟ ਵੀ ਯੂ. ਪੀ. ਨੂੰ ਚਲਿਆ ਜਾਣਾ ਸੀ ਪਰ ਮੈਂ ਸ੍ਰੀ ਬਲਰਾਮ ਦਾਸ ਟੰਡਨ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਦੀ ਜਨਸੰਘ ਪਾਰਟੀ ਨੇ ਵੀ ਬੜਾ ਉਦਮ ਕੀਤਾ ਕਿ ਇਹ ਪੋਲੀਐਸਟਰ ਫਾਈਬਰ ਪ੍ਰਾਜੈਕਟ ਪੰਜਾਬ ਨੂੰ ਮਿਲਿਆ ਇਹ ਬਾਕੀਆਂ ਨੂੰ ਵੀ ਮਹਿਸੂਸ ਕਰਾ ਦਿਓ ।

ਸਰਦਾਰ ਰਵੀਇੰਦ ਸਿੰਘ ; ਇਸ ਗੱਲ ਦਾ ਸਾਰਿਆਂ ਨੂੰ ਅਹਿਸਾਸ ਹੈ ਹੁਣ ਤਕ ਜਿਤਨੀ ਵੀ ਇੰਡਸਟਰੀ ਲਗੀ ਹੈ ਉਹ ਸਾਰੀ ਦੀ ਸਾਰੀ ਦੂਸਰੇ ਸੂਬਿਆਂ ਨੂੰ ਗਈ ਹੈ, 30-40 ਕਰੋੜ ਤਕ ਦੀਆਂ ਇੰਡਸਟਰੀਆਂ ਅਤੇ ਕਾਰਖਾਨੇ ਸਾਰੇ ਸਾਊਥ ਨੂੰ ਮਿਲੇ ਅਤੇ ਹੁਣ ਤਾਈਂ ਪੰਜਾਬ ਘਾਟੇ ਦੇ ਵਿਚ ਹੀ ਰਿਹਾ, ਪੰਜਾਬ ਨੂੰ ਕੋਈ ਫਾਇਦਾ ਨਹੀਂ । 30 ਕਰੋੜ

(ਸਰਦਾਰ ਰਵੀਇੰਦਰ ਸਿੰਘ)

ਦਾ ਨੰਗਲ ਫਰਟੀਲਾਈਜ਼ਰ ਦਾ ਕਾਰਖਾਨਾ ਇਕ ਪੰਜਾਬ ਵਿਚ ਜ਼ਰੂਰ ਲਗਾ ਹੈ ਪਰ ਇਹਦਾ ਪੰਜਾਬ ਨੂੰ ਕੋਈ ਫਾਇਦਾ ਨਹੀਂ, ਇਹਦਾ ਫ਼ਾਇਦਾ ਦੂਸਰੀਆਂ ਸਟੇਟਸ ਨੂੰ ਹੈ ਬਿਜਲੀ ਸਾਰੀ ਦੀ ਸਾਰੀ ਪੰਜਾਬ ਦੀ ਖਪਤ ਹੁੰਦੀ ਹੈ, ਮੈਂ ਸਰਕਾਰ ਨੂੰ ਕਹਾਂਗਾ ਕਿ ਇਹ ਕਾਰਖਾਨਾ ਬੰਦ ਕਰਕੇ ਇਸ ਦੇ ਸਟਾਫ ਨੂੰ ਪੰਜਾਬ ਵਿਚ ਕਿਤੇ ਐਡਜਸਟ ਕਰ ਦੇਣਾ ਚਾਹੀਦਾ ਹੈ, ਮੈਨੂੰ ਇਹ ਵੀ ਪਤਾ ਲਗਾ ਹੈ ਕਿ ਪੰਜਾਬ ਦੀ ਸਰਕਾਰ ਇਸ ਸਟਾਫ ਨੂੰ ਤਨਖਾਹ ਦੇਣ ਲਈ ਤਿਆਰ ਹੈ ਪਰ ਸੈਂਟਰ ਦੀ ਸਰਕਾਰ ਇਸ ਨਾਲ ਸਹਿਮਤ ਨਹੀਂ ਹੁੰਦੀ। ਜੇ ਸੈਂਟਰ ਨੇ ਇਸ ਤਰ੍ਹਾਂ ਦੇ ਕਾਰਖਾਨੇ ਦੇਣੇ ਹਨ ਤਾਂ ਇਸ ਤੋਂ ਚੰਗਾ ਹੈ ਕਿ ਉਹ ਸਾਫ ਇਨਕਾਰ ਹੀ ਕਰ ਦੇਣ। ਬਿਹਾਰ ਵਰਗੀ ਸਟੇਟ ਨੇ ਕਰੋੜਾਂ ਰੁਪਏ ਦੀ ਇੰਡਸਟਰੀ ਆਪਣੇ ਇਲਾਕੇ ਵਿਚ ਆਜ਼ਾਦੀ ਮਿਲਣ ਤੋਂ ਬਾਅਦ ਲਗਾਈ ਪਰ ਪੰਜਾਬ ਦੀ ਸਟੇਟ ਨੂੰ ਹਮੇਸ਼ਾ ਇਗਨੋਰ ਕੀਤਾ ਗਿਆ। ਪੰਜਾਬ ਦਾ ਲੜਾਕਾ ਨੌਜਵਾਨ ਫੌਜ ਵਿਚ ਤਾਂ ਭਰਤੀ ਕੀਤਾ ਜਾ ਸਕਦਾ ਹੈ, ਪਰ ਇਹ ਵੀ ਇਕ ਬੜੇ ਅਫਸੋਸ ਦੀ ਗਲ ਹੈ ਕਿ ਹੁਣ ਭਰਤੀ ਵਿਚ ਵੀ ਇਹ ਪਰਸੈਂਟੇਜ ਘਟਾ ਦਿਤੀ ਗਈ ਹੈ। ਅਜ ਪੰਜਾਬ ਇੰਡਸਟਰੀਅਲਾਈਜ਼ ਨਾ ਹੋਣ ਕਰਕੇ ਇਸ ਸਟੇਟ ਲਈ ਅਨ-ਇੰਪਲਾਇਮੈਂਟ ਦਾ ਮਸਲਾ ਬੜਾ ਵਡਾ ਬਣਿਆ ਹੋਇਆ ਹੈ।

ਲੇਬਰ ਪਾਲਿਸੀ ਦੇ ਮੁਤਾਲਿਕ ਮੈਂ ਇਕ ਗੱਲ ਹਾਊਸ ਅਗੇ ਕਰਨੀ ਚਾਹੁੰਦਾ ਹਾਂ। ਉਹ ਇਹ ਕਿ ਮਿਨੀਮਮ ਵੇਜ਼ਜ਼ ਦਾ ਬੜਾ ਭਾਰੀ ਫਰਕ ਹੈ। ਪ੍ਰਾਈਵੇਟ ਇੰਡਸਟਰੀ ਦੇ ਵਿਚ ਮਿਨੀ-ਮਮ ਵੇਜਿਜ਼ ਮਹਿਜ਼ 90/— ਰੁਪਏ ਪਰ ਹੈਡ ਫ਼ਿਕਸ ਕੀਤਾ ਹੈ ਅਤੇ ਜਿਥੇ ਸਰਕਾਰੀ ਇੰਡਸਟਰੀ ਦੇ ਲਈ 156/- ਰੁਪਏ ਪਰ ਹੈਡ ਬਣਾਇਆ ਹੈ। ਇਸ ਲਈ ਪਿੰਡਾਂ ਵਿਚ ਦਿਹਾੜੀਆਂ ਤੇ ਕੰਮ ਕਰਨ ਵਾਲੇ ਜਿਨ੍ਹਾਂ ਨੂੰ ਕਿ 4-5 ਰੁਪਏ ਆਮ ਦਿਹਾੜੀ ਦੇ ਮਿਲ ਜਾਂਦੇ ਹਨ ਉਹ 90/—ਰੁਪਏ ਮਹੀਨੇ ਤੇ ਕਿਉਂ ਆਪਣੇ ਘਰੋਂ ਬਾਹਰ ਜਾਕੇ ਕੰਮ ਕਰਨ ਲਈ ਤਿਆਰ ਹੋਣਗੇ। ਸਾਨੂੰ ਮਿਨੀਮਮ ਵੇਜਿਜ਼ ਦੇ ਪ੍ਰਾਈਵੇਟ ਅਤੇ ਸਰਕਾਰੀ ਸਤਰ ਦੇ ਇਤਨੇ ਵਿਤਕਰੇ ਨੂੰ ਦੂਰ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਮ ਦਿਹਾਤੀ ਆਦਮੀਆਂ ਨੂੰ ਵੀ ਅਕਸੈਪਟੇਬਲ ਹੋਵੇ।

ਡਿਪਟੀ ਸਪੀਕਰ ਸਾਹਿਬ, ਇਸ ਗੱਲ ਨੂੰ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਆਜ਼ਾਦੀ ਮਿਲਣ ਤੋਂ ਬਾਅਦ ਜੇ ਕਿਸੇ ਸਰਕਾਰ ਨੇ ਪਿੰਡਾਂ ਵਲ ਤਵੱਜੋ ਦਿਤੀ ਹੈ ਤਾਂ ਉਹ ਅਕਾਲੀ ਦਲ ਦੀ ਹੀ ਸਰਕਾਰ ਹੈ ਜਿਨ੍ਹਾਂ ਨੇ ਪਿੰਡਾਂ ਨੂੰ ਦੂਜੇ ਸ਼ਹਿਰੀਆਂ ਦੇ ਬਰਾਬਰ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਸ ਗੱਲ ਦੀ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਅਤੇ ਮੈਂ ਇਸ ਗਲ ਵਿਚ ਫਖਰ ਮਹਿਸੂਸ ਕਰਦਾ ਹਾਂ ਕਿ ਪੰਜਾਬ ਸਰਕਾਰ ਨੇ ਰੋਡਜ਼ ਦਾ ਪ੍ਰੋਗਰਾਮ ਵਿਲੇਜਿਜ਼ ਦੇ ਲਈ ਬਣਾਇਆ ਹੈ। ਇਹ ਕੋਈ 1800 ਕਿਲੋਮੀਟਰ ਸੜਕਾਂ ਹਨ ਜਿਹੜੀਆਂ ਕਿ ਦਿਹਾਤਾਂ ਦੇ ਵਿਚ ਬਣਨੀਆਂ ਹਨ। ਅਜ ਪਿੰਡਾਂ ਦੇ ਲੋਕ ਇਹ ਮਹਿ-ਸੂਸ ਕਰਦੇ ਹਨ ਕਿ ਅਕਾਲੀ ਦਲ ਨੇ ਉਨ੍ਹਾਂ ਦੇ ਲਈ ਕੁਝ ਕੰਮ ਕੀਤਾ ਹੈ। ਫੇਰ ਜਿਹੜਾ ਮਾਡਲ ਗਰਾਮ ਦਾ ਪ੍ਰੋਗਰਾਮ ਚਲ ਰਿਹਾ ਹੈ ਇਹ ਇਕ ਸਰਦਾਰ ਪਰਕਾਸ਼ ਸਿੰਘ ਬਾਦਲ ਦਾ ਸੁਪਨਾ ਹੈ ਜੋ ਉਨ੍ਹਾਂ ਦੇ ਦਿਮਾਗ ਵਿਚ ਪਿੰਡਾਂ ਦੀ ਉਸਾਰੀ ਦੇ ਮੁਤਾਲਿਕ ਆਇਆ ਹੈ। ਇਹ ਇਕ ਬੜੀ ਕਰੈਡੀਟੇਬਲ ਗੱਲ ਹੈ ਜੋ ਪੰਜਾਬ ਸਰਕਾਰ ਦੇ ਹਕ ਵਿਚ ਜਾਂਦੀ ਹੈ। ਇਸ ਸਕੀਮ ਅਨੁਸਾਰ 902 ਪਿੰਡਾਂ ਨੂੰ ਮਾਡਲ ਗਰਾਮ ਦੇ ਹੇਠ ਲਿਆ ਗਿਆ ਹੈ ਜਿਨ੍ਹਾਂ ਦੀ ਉਸਾਰੀ ਵਖੋ ਵਖ ਡੀਪਾਰਟਮੈਂਟਸ ਨੂੰ ਦਿਤੀ ਗਈ ਹੈ। ਮੈਂ ਸਮਝਦਾ ਹਾਂ ਕਿ ਇਸ ਸਕੀਮ ਰਾਹੀਂ ਜੇ ਹੋਰ ਕੁਝ ਵੀ ਨਾ ਹੋਵੇ ਅਤੇ ਮਹਿਜ਼ ਗਲੀਆਂ ਹੀ ਪੱਕੀਆਂ ਕਰ ਦਿਤੀਆਂ ਜਾਣ ਤਾਂ

ਇਹ ਇਕ ਬਹੁਤ ਵਡਾ ਕੰਮ ਹੋਵੇਗਾ । ਪਿੰਡਾਂ ਵਿਚ ਜਦੋਂ ਮੈਂ ਜਾ ਕੇ ਵੇਖਦਾ ਹਾਂ ਤਾਂ ਉਥੇ ਹਰ ਪਾਸੇ ਉਨਤੀ ਨਜ਼ਰ ਆਉਂਦੀ ਹੈ, ਪਾਣੀ ਦੇ ਪੰਪ ਚਾਲੂ ਹਨ, ਇਸ ਤਰ੍ਹਾਂ ਬਿਜਲੀ ਦੀ ਸਹੂਲਤ ਵੀ ਉਨ੍ਹਾਂ ਨੂੰ ਮਿਲ ਜਾਣੀ ਹੈ । ਮੈਂ ਸਮਝਦਾ ਹਾਂ ਇਸ ਤਰ੍ਹਾਂ ਉਨ੍ਹਾਂ ਨੂੰ ਬੜਾ ਭਾਰੀ ਫਾਇਦਾ ਹੋਵੇਗਾ । ਸਰਕਾਰ ਦਾ ਇਹ ਇਕ ਬੜਾ ਭਾਰੀ ਸ਼ਲਾਘਾ ਯੋਗ ਕਦਮ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਐਗਰੋ-ਇੰਡਸਟਰੀ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਐਤਕੀ 2 ਸਾਲਾਂ ਦੇ ਵਿਚ 8,000 ਟਰੈਕਟਰ ਬਾਹਰੋਂ ਇਮਪੋਰਟ ਕਰਨ ਦਾ ਟੀਚਾ ਰਖਿਆ ਹੈ । ਟਰੈਕਟਰਾਂ ਦੀ ਇਸ ਵੇਲੇ ਪੰਜਾਬ ਦੇ ਵਿਚ ਬਹੁਤ ਘਾਟ ਮਹਿਸੂਸ ਕੀਤੀ ਜਾ ਰਹੀ ਹੈ । ਕਾਰਪੋਰੇਸ਼ਨ ਦੇ ਕੋਲ ਇਸ ਵੇਲੇ ਲਗਪਗ 20 ਹਜ਼ਾਰ ਐਪਲੀਕੇਸ਼ਨਜ਼ ਟਰੈਕਟਰਾਂ ਦੇ ਲਈ ਪਈਆਂ ਹਨ ਅਤੇ ਲਗ ਪਗ ਇਤਨੀਆਂ ਹੀ ਐਪਲੀਕੇਸ਼ਨਜ਼ ਪ੍ਰਾਈਵੇਟ ਏਜੰਸੀਆਂ ਕੋਲ ਵੀ ਹਨ । ਸਾਡੀ ਸਟੇਟ ਇਕ ਐਗਰੀਕਲਚਰਲ ਸਟੇਟ ਹੈ ਅਤੇ ਅਗਲੇ 15—20 ਸਾਲ ਤਕ ਇਹ ਐਗਰੀਕਲਚਰਲ ਸਟੇਟ ਹੀ ਰਹੇਗੀ, ਇਹ ਮੇਰਾ ਅੰਦਾਜ਼ਾ ਹੈ, ਇਸ ਲਈ ਇਸ ਵਿਚ ਟਰੈਕਟਰਾਂ ਦੀ ਘਾਟ ਬਹੁਤ ਬੁਰੀ ਤਰ੍ਹਾਂ ਮਹਿਸੂਸ ਕੀਤੀ ਜਾ ਰਹੀ ਸੀ । ਹੁਣ 2 ਸਾਲਾਂ ਦੇ ਵਿਚ 8 ਹਜ਼ਾਰ ਟਰੈਕਟਰ ਆਉਣ ਨਾਲ ਇਹ ਘਾਟ ਕਾਫੀ ਹਦ ਤਕ ਪੂਰੀ ਹੋ ਜਾਵੇਗੀ । ਇਸ ਦੇ ਨਾਲ ਨਾ ਸਿਰਫ ਫ਼ਾਇਦਾ ਹੀ ਹੋਵੇਗਾ ਸਗੋਂ ਸਭ ਤੋਂ ਵਡੀ ਗਲ ਇਹ ਹੋਵੇਗੀ ਕਿ ਟਰੈਕਟਰਾਂ ਦੀ ਬਲੈਕ ਖ਼ਤਮ ਹੋ ਜਾਵੇਗੀ ।

ਫਿਰ, ਡਿਪਟੀ ਸਪੀਕਰ ਸਾਹਿਬ, ਸੈਂਟਰ ਦੀ ਸਰਕਾਰ ਇਕ ਨਾਰਦਨ ਇੰਡੀਆ ਵਿਚ ਰੀਫਾਇਨਰੀ ਲਗਾ ਰਹੀ ਹੈ । ਅਖਬਾਰਾਂ ਦੇ ਵਿਚ ਪਿਛੇ ਜਹੇ ਛਪਿਆ ਸੀ ਕਿ ਇਹ ਰੀਫਾਇਨਰੀ ਫਰੀਦਾਬਾਦ ਵਿਚ ਲਗਾਈ ਜਾ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਰੀਫਾਇਨਰੀ ਦੀ ਪਰੋਡਕਸ਼ਨ ਜੋ ਹੈ ਜਿਵੇਂ ਕਿ ਪਟਰੋਲ, ਡੀਜ਼ਲ, ਲੁਬਰੀਕੇਟਿੰਗ ਆਇਲ ਆਦਿ ਇਹ ਸਭ ਤੋਂ ਜ਼ਿਆਦਾ ਨਾਰਦਰਨ ਇੰਡੀਆ ਵਿਚ, ਪੰਜਾਬ ਵਿਚ ਹੀ ਕਨਜ਼ੂਮ ਹੁੰਦੇ ਹਨ ਕਿਉਂਕਿ ਇਥੇ ਹੀ ਸਭ ਤੋਂ ਵਧ ਟਰੈਕਟਰ, ਟਰਕ ਅਤੇ ਬਸਾਂ ਆਦਿ ਹਨ । ਫਿਰ ਇਸ ਵਿਚ ਇਕ ਹੋਰ ਗਲ ਵੀ ਹੈ । ਉਹ ਇਹ ਹੈ ਕਿ ਇਸ ਰੀਫਾਇਨਰੀ ਦੇ ਰਾਅ ਮੈਟੀਰੀਅਲ ਦੀ ਟਰਾਂਸਪੋਟੇਸ਼ਨ ਤੇ ਇਤਨਾ ਖਰਚ ਨਹੀਂ ਆਉਂਦਾ ਜਿਤਨਾ ਕਿ ਪਰੋਡਕਟਸ ਦੀ ਟਰਾਂਸਪੋਰਟੇਸ਼ਨ ਤੇ । ਇਸ ਲਈ ਇਹ ਯੋਗ ਥਾਂ ਤੇ ਲਾਉਣੀ ਚਾਹੀਦੀ ਹੈ । ਮੈਂ ਸਾਰੇ ਮੈਂਬਰ ਸਾਹਿਬਾਨ ਦੀ ਇਨਫਾਰਮੇਸ਼ਨ ਲਈ ਅਰਜ਼ ਕਰਦਾ ਹਾਂ । ਇਸ ਇਕੱਲੀ ਰੀਫਾਈਨਰੀ ਤੇ ਹੀ 2 ਕਰੋੜ ਰੁਪਏ ਲਗਣੇ ਹਨ । ਇਹ ਇਕ ਬੜੀ ਵਡੀ ਚੀਜ਼ ਹੈ । ਜੇ ਇਹ ਰੀਫਾਇਨਰੀ ਪੰਜਾਬ ਵਿਚ ਲਿਆਂਦੀ ਜਾ ਸਕੇ ਤਾਂ ਇਹ ਇਕ ਬੜੀ ਵਡੀ ਚੀਜ਼ ਹੋਵੇਗੀ । ਇਸ ਦੇ ਨਾਲ ਹੀ ਮੈਂ ਇਹ ਅਰਜ਼ ਵੀ ਕਰ ਦਿਆਂ ਕਿ ਇਸ ਦੀ ਇੰਪਲਾਇਮੈਂਟ ਪੋਟੈਂਸ਼ੀਅਲ ਵੀ ਬੇਹਦ ਹੈ । ਬੇਸ਼ਕ ਇਹ ਚੀਜ਼ ਗਵਰਨਰ ਸਾਹਿਬ ਦੇ ਐਡਰੈਸ ਵਿਚ ਨਹੀਂ ਪਰ ਮੈਂ ਹਾਊਸ ਦੇ ਮਾਨਯੋਗ ਮੈਂਬਰਜ਼ ਦਾ ਧਿਆਨ ਵੀ ਇਧਰ ਦਿਵਾਉਣਾ ਚਾਹੁੰਦਾ ਹਾਂ ।

ਇਕ ਮਾਨਯੋਗ ਮੈਂਬਰ : ਤੁਹਾਨੂੰ ਤਾਂ ਇੰਡਸਟਰੀ ਮਨਿਸਟਰ ਹੋਣਾ ਚਾਹੀਦਾ ਸੀ ।

ਸਰਦਾਰ ਰਵੀਇੰਦਰ ਸਿੰਘ : ਫਿਰ, ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਦੇ ਵਿਚ ਇਕ ਹੋਰ ਚੀਜ਼ ਮੈਨਸ਼ਨ ਕੀਤੀ ਹੋਈ ਹੈ । ਉਹ ਹੈ ਕੇਟਲ ਬਰੀਡਿੰਗ ।

(ਸਰਦਾਰ ਰਵੀਇੰਦਰ ਸਿੰਘ)

ਮੈਂ ਇਸ ਗਲ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ। ਇਹ ਇਕ ਅਜਿਹਾ ਪ੍ਰੋਗਰਾਮ ਹੈ ਜਿਸਦੇ ਸ਼ੁਰੂ ਕਰਨ ਨਾਲ ਸਾਰੇ ਪੰਜਾਬ ਦੀ ਕੈਟਲ ਬਰੀਡਿੰਗ ਵਿਚ 7 ਸਾਲਾਂ ਵਿਚ ਰੈਵੋਲੀਊਸ਼ਨ ਆ ਜਾਵੇਗਾ। ਜਿਹੜੀਆਂ ਨਾਭੇ ਵਿਚ 250 ਗਾਵਾਂ ਮੰਗਵਾਈਆਂ ਗਈਆਂ ਹਨ ਅਤੇ ਜਿਹੜੀਆਂ ਇਕ ਇਕ ਦਿਨ ਵਿਚ 40, 40 ਕਿਲੋ ਦੁਧ ਦਿੰਦੀਆਂ ਹਨ ਉਹੋ ਜਿਹੀ ਹੀ ਸਾਰੇ ਪੰਜਾਬ ਵਿਚ ਕੈਟਲ ਬਰੀਡਿੰਗ ਪੈਦਾ ਕਰ ਦਿਤੀ ਜਾਵੇਗੀ। ਮੈਂ ਮਹਿਸੂਸ ਕਰਦਾ ਹਾਂ ਕਿ ਜੇ ਇਸ ਸਕੀਮ ਨੂੰ ਸਹੀ ਢੰਗ ਨਾਲ ਚਲਾਇਆ ਜਾਵੇ ਅਤੇ ਸਰਕਾਰ ਡੇਰੀ ਫ਼ਾਰਮਾਂ ਨੂੰ ਆਪਣੇ ਹਥ ਵਿਚ ਲੈ ਲਵੇ ਤਾਂ ਇਹ ਇਕ ਵਡੀ ਗੱਲ ਹੋਵੇਗੀ ਅਤੇ ਜਿਸ ਤਰ੍ਹਾਂ ਪੰਜਾਬ ਗਰੀਨ ਰੈਵੋਲੀਊਸ਼ਨ ਵਿਚ ਮੁਲਕ ਦੀ ਅਗਵਾਈ ਕਰ ਰਿਹਾ ਹੈ, ਉਸੇ ਤਰ੍ਹਾਂ ਮਿਲਕ ਪਰੋਡਕਸ਼ਨ ਵਿਚ ਵੀ ਸਾਰੇ ਦੇਸ਼ ਦੇ ਅਗਵਾਈ ਕਰ ਸਕਦਾ ਹੈ।

ਸ੍ਰੀ ਡਿਪਟੀ ਸਪੀਕਰ : ਤੁਸੀਂ ਕਿੰਨੇ ਸਾਲਾਂ ਵਿਚ ਰੈਵੋਲੀਊਸ਼ਨ ਆਉਣ ਦੀ ਗਲ ਕਹੀ ਹੈ ? (I would like to know from the hon. Member as to in how much time he expects this revolution?)

ਸਰਦਾਰ ਰਵੀਇੰਦਰ ਸਿੰਘ : 7 ਸਾਲਾਂ ਵਿਚ ਜੀ।

ਸ੍ਰੀ ਡਿਪਟੀ ਸਪੀਕਰ: ਤਾਂ ਮੈਂ ਕਹਾਂਗਾ ਕਿ ਜਿਨ੍ਹਾਂ ਕਰਮਚਾਰੀਆਂ ਤੁਹਾਨੂੰ ਇਹ ਸਲਾਹ ਦਿਤੀ ਹੈ ਉਨ੍ਹਾਂ ਨੂੰ ਇਕਦਮ ਡਿਸਮਿਸ ਕਰ ਦਿਤਾ ਜਾਣਾ ਚਾਹੀਦਾ ਹੈ। (ਆਪੋਜ਼ੀਸ਼ਨ ਬੈਂਚਾਂ ਵਲੋਂ ਥੰਪਿੰਗ) (ਵਿਘਨ) (ਸ਼ੋਰ) (Then I would say that officers who have advised you on this point should be dismissed forth with.)

ਸਰਦਾਰ ਰਵੀਇੰਦਰ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਾਰੇ ਨਿਪੁਨ ਹੋਣ ਦਾ ਤਾਂ ਦਾਵਾ ਨਹੀਂ ਕਰਦਾ। ਪਰ ਮੈਨੂੰ ਇਸ ਬਾਰੇ ਸ਼ੌਕ ਜ਼ਰੂਰ ਹੈ ਅਤੇ ਜਦੋਂ ਇਸ ਬਾਰੇ ਕੋਈ ਕਿਤਾਬ ਮਿਲ ਜਾਂਦੀ ਹੈ ਮੈਂ ਪੜ੍ਹ ਲੈਂਦਾ ਹਾਂ। ਇਸ ਬਾਰੇ ਜੇ ਤੁਸੀਂ ਮੁਨਾਸਿਬ ਸਮਝੋ ਤਾਂ ਅਸੀ ਬਾਅਦ ਵਿਚ ਡਿਸਕਸ਼ਨ ਕਰ ਲਈਏ। ਸ਼ਾਇਦ ਮੈਂ ਤੁਹਾਨੂੰ ਕਨਵਿਨਸ ਕਰ ਸਕਾਂ।

ਸ੍ਰੀ ਡਿਪਟੀ ਸਪੀਕਰ : ਬੜੀ ਖੁਸ਼ੀ ਨਾਲ (With pleasure)

ਸਰਦਾਰ ਰਵੀਇੰਦਰ ਸਿੰਘ : ਅਖ਼ੀਰ ਵਿਚ ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗਲ ਕਰਨੀ ਚਾਹੁੰਦਾ ਹਾਂ।

ਇਕ ਮਾਨਯੋਗ ਮੈਂਬਰ : ਹੁਣ ਤਾਂ ਬਹਿ ਜਾ। (ਵਿਘਨ) (ਸ਼ੋਰ)

ਕਾਮਰੇਡ ਬਾਬੂ ਸਿੰਘ ਮਾਸਟਰ : ਡਿਪਟੀ ਸਪੀਕਰ ਸਾਹਿਬ ਇਸ ਮਨਿਸਟਰੀ ਦਾ ਕੀ ਬਣੇਗਾ ? (ਸ਼ੋਰ)

ਸਰਦਾਰ ਰਵੀਇੰਦਰ ਸਿੰਘ: ਡਿਪਟੀ ਸਪੀਕਰ ਸਾਹਿਬ ਮੈਂ ਅਖੀਰ ਵਿਚ ਇਕ ਗੱਲ ਅਰਜ਼ ਕਰਨੀ ਚਾਹੁੰਦਾ ਹਾਂ ਜਿਸ ਨਾਲ ਕਿ ਮੇਰੇ ਇਨ੍ਹਾਂ ਦੋਸਤਾਂ ਨੂੰ ਜਿਹੜੇ ਕਿ ਕਹਿ ਰਹੇ ਹਨ ਕਿ ਬਹਿ ਜਾ, ਹੋਰ ਬੋਲਣ ਦਾ ਮਸਾਲਾ ਮਿਲ ਜਾਵੇਗਾ। (ਵਿਘਨ)

ਸਰਦਾਰ ਸਰੂਪ ਸਿੰਘ : ਪੰਜਾਬ ਦੀਆਂ ਗਾਈਆਂ ਦੀ ਬਰੀਡ ਤਾਂ ਚੰਗੀ ਨਹੀਂ ਹੋਣੀ ਪਰ ਅਕਾਲੀਆਂ ਦੀਆਂ ਗਾਈਆਂ ਦੀ ਬਰੀਡ ਚੰਗੀ ਹੋ ਜਾਵੇਗੀ । (ਵਿਘਨ) (ਸ਼ੋਰ)

ਸਰਦਾਰ ਗੁਰਦੀਪ ਸਿੰਘ ਸ਼ਹੀਦ : [* × × × ×]

ਸਰਦਾਰ ਰਵੀਇੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਪੰਜਾਬ ਦੇ ਕਰਮਚਾਰੀਆਂ ਨੇ ਮਿਲ ਕੇ ਇਕ ਬਹੁਤ ਵੱਡੀ ਹੜਤਾਲ ਕੀਤੀ ਸੀ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ

ਚੌਧਰੀ ਜਗਤ ਰਾਮ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਥੇ ਹਾਊਸ ਦੇ ਇਕ ਸੀਨੀਅਰ ਮੈਂਬਰ ਨੇ ਹਾਊਸ ਵਿਚ ਕੁਝ ਅਜਿਹੇ ਸ਼ਬਦ ਕਹੇ ਹਨ ਜਿਨ੍ਹਾਂ ਨੂੰ ਦੁਹਰਾਉਣ ਵਿਚ ਵੀ ਮੈਨੂੰ ਸ਼ਰਮ ਆਉਂਦੀ ਹੈ ਕਿਉਂਕਿ ਹਾਊਸ ਵਿਚ ਇਕ ਲੇਡੀ ਮੈਂਬਰ ਵੀ ਹੁਣ ਆ ਗਏ ਹਨ। ਉਨ੍ਹਾਂ ਨੇ ਕਿਹਾ ਹੈ ਕਿ [* × × × ×]

ਸ੍ਰੀ ਡਿਪਟੀ ਸਪੀਕਰ : ਇਹ ਸ਼ਬਦ ਐਕਸਪੰਜ ਕੀਤੇ ਜਾਂਦੇ ਹਨ । (These words are expunged).

ਸਰਦਾਰ ਗੁਰਮੀਤ ਸਿੰਘ ; ਆਨ ਏ ਪੁਆਇੰਟ ਆਫ ਆਫਡਰ, ਸਰ । ਡਿਪਟੀ ਸਪੀਕਰ ਸਾਹਿਬ, ਸਰਦਾਰ ਗੁਰਦੀਪ ਸਿੰਘ ਜੀ ਨੇ ਜੋ ਕੁਝ ਕਿਹਾ ਹੈ ਉਹ ਇਨ੍ਹਾਂ ਨੇ ਮਜ਼ਾਕ ਵਿਚ ਲੈ ਲਿਆ ਹੈ । ਉਹ ਹਾਊਸ ਦੇ ਇਕ ਸੀਨੀਅਰ ਮੈਂਬਰ ਹਨ ਅਤੇ ਉਨ੍ਹਾਂ ਨੇ ਇਹ ਗੱਲ ਸੀਰੀ-ਅਸਲੀ ਕਹੀ ਹੈ । ਸਚਮੁਚ ਪੰਜਾਬ ਸਰਕਾਰ ਬਾਹਰੋਂ ਚੰਗੀ ਨਸਲ ਦੇ ਸਾਹਨ ਮੰਗਵਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਕਿ ਨਸਲ ਇੰਪਰੂਵ ਕੀਤੀ ਜਾ ਸਕੇ ।

ਸ੍ਰੀ ਡਿਪਟੀ ਸਪੀਕਰ : ਚਲੋ ਇਸ ਗੱਲ ਦਾ ਹੁਣ ਭੋਗ ਹੀ ਪਾਓ । (Let us leave it now.)

ਸਰਦਾਰ ਰਵੀਇੰਦਰ ਸਿੰਘ ; ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰੀ ਮੁਲਾਜ਼ਮਾਂ ਦੀ ਹੜਤਾਲ ਬਾਰੇ ਗੱਲ ਕਰ ਰਿਹਾ ਸੀ ਜਿਸ ਬਾਰੇ ਇਥੇ ਬੜਾ ਰੌਲਾ ਰਪਾ ਪਾਇਆ ਗਿਆ ਹੈ । ਮੈਂ ਅਰਜ਼ ਕਰਦਾ ਹਾਂ ਕਿ 1976 ਵਿਚ ਜਦੋਂ ਇਥੇ ਪਹਿਲੀ ਵਾਰ ਅਕਾਲੀ ਪਾਰਟੀ ਦੀ ਹਕੂਮਤ ਆਈ ਉਸ ਵੇਲੇ ਸਰਕਾਰੀ ਮੁਲਾਜ਼ਮਾਂ ਨੂੰ ਜ ਤਨਖਾਹ ਮਿਲਦੀ ਸੀ ਉਸ ਦੇ ਗਰੋਸ ਟੋਟਲ ਦੇ ਨਾਲੋਂ ਹੁਣ ਜੋ ਉਨ੍ਹਾਂ ਨੂੰ ਤਨਖਾਹ ਦਿੱਤੀ ਜਾਂਦੀ ਹੈ ਉਸਦੇ ਗਰੋਸ ਟੋਟਲ ਵਿਚ 17 ਕਰੋੜ ਦਾ ਫਰਕ ਹੈ । ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿਚ ਨਵੇਂ ਮੁਲਾਜ਼ਮਾਂ ਦੀਆਂ ਨਵੀਆਂ ਤਨਖਾਹਾਂ ਦਾ ਵੀ ਖਰਚ ਸ਼ਾਮਲ ਹੈ । ਪਰ ਇਹ ਸਾਰਾ ਫਰਕ ਤਾਂ ਉਨ੍ਹਾਂ ਨਵੀਆਂ ਤਨਖਾਹਾਂ ਦੇ ਨਾਲ ਨਹੀਂ ਪਾਇਆ ਜਾ ਸਕਦਾ । 1976 ਤੋਂ ਬਾਦ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚ ਭਾਰੀ ਵਾਧਾ ਹੋਇਆ ਹੈ । (ਹਾਸਾ)

ਸਰਦਾਰ ਸੁਰਜੀਤ ਸਿੰਘ ਅਟਵਾਲ : ਪਰ 1976 ਤਾਂ ਅਜੇ ਆਇਆ ਵੀ ਨਹੀਂ 1967 ਕਹੋ ।

Expunged as ordered by the Chair.

ਸਰਦਾਰ ਰਵੀਇੰਦਰ ਸਿੰਘ : ਅਜ ਪੰਜਾਬ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਬਾਕੀ ਸਾਰੀਆਂ ਸਟੇਟਾਂ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਨਾਲੋਂ ਵਧ ਹਨ । ਜੇ ਇਸ ਦੇ ਬਾਵਜੂਦ ਵੀ ਰੌਲਾ ਪਾਇਆ ਜਾਂਦਾ ਹੈ ਤਾਂ ਇਸ ਦੀ ਜ਼ਿਮੇਵਾਰ ਸਰਕਾਰ ਨਹੀਂ ਸਗੋਂ ਬਾਕੀ ਦੀਆਂ - ਪਾਰਟੀਆਂ ਹਨ ਜੋ ਕਿ ਉਨ੍ਹਾਂ ਨੂੰ ਇਨਸਟੀਗੇਟ ਕਰਦੀਆਂ ਹਨ ਅਤੇ ਮੁਲਕ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਫਸਾਦ ਮਚਾਉਣਾ ਚਾਹੁੰਦੀਆਂ ਹਨ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਅਜਿਹੀਆਂ ਪਾਰਟੀਆਂ ਵੀ ਇਸ ਰੌਲੇ ਰਪੇ ਵਿਚ ਸ਼ਾਮਿਲ ਹੋ ਜਾਂਦੀਆਂ ਹਨ ਜੋ ਕਿ ਇਹ ਵੀ ਨਹੀਂ ਜਾਣਦੀਆਂ ਕਿ ਉਨ੍ਹਾਂ ਦੇ ਇਮੇਜ ਕਿਸ ਤਰ੍ਹਾਂ ਇੰਪਰੂਵ ਹੋ ਸਕਦਾ ਹੈ । ਅਸੀਂ ਪੇਂਡੂ ਹਾਂ ਪਿੰਡਾਂ ਵਿਚ ਰਹਿਣ ਵਾਲੇ ਹਾਂ । ਪਿੰਡਾਂ ਦੇ ਮਸਲਿਆਂ ਨੂੰ ਸਮਝਦੇ ਹਾਂ ਪਰ ਜੇ ਇਥੇ ਕੈਟਲ ਬਰੀਡਿੰਗ ਇੰਪਰੂਵ ਕਰਨ ਦੀ ਗੱਲ ਆ ਜਾਵੇ ਤਾਂ ਉਹ ਸਾਨੂੰ ਮਜ਼ਾਕ ਲਗਦੀ ਹੈ । ਸਾਨੂੰ ਇੰਡਸਟ੍ਰੀਅਲ ਰਿਲੇਸ਼ਨਜ਼ ਵਲ ਅਤੇ ਲੋਕਾਂ ਦੀਆਂ ਤਨਖਾਹਾਂ ਵਲ. . . . . (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਇਹ ਇਨ੍ਹਾਂ ਨੇ ਆਪਦੇ ਰਿਮਾਰਕਸ ਉਤੇ ਰਿਫਲੈਕਟ ਕੀਤਾ ਹੈ ।

ੀ **ਡਿਪਟੀ ਸਪੀਕਰ** ; ਕੋਈ ਗੱਲ ਨਹੀਂ । Please take your seat. (Does not matter. Please take your seat.)

ਸਰਦਾਰ ਰਵੀਇੰਦਰ ਸਿੰਘ : ਫੂਡ ਪਰੋਡਕਸ਼ਨ ਦਾ ਸਵਾਲ ਹੈ. ਇਹ ਸਾਰੇ ਪੰਜਾਬੀਆਂ ਦਾ ਸਿਰ ਉਚਾਂ ਰਖਣ ਵਾਲੀ ਗੱਲ ਹੈ । ਸਾਡਾ ਛੋਟਾ ਜਿਹਾ ਸੂਬਾ ਹੈ ਲੇਕਿਨ ਸਭ ਤੋਂ ਜ਼ਿਆਦਾ ਕਣਕ ਦੀ ਉਪਜ ਕਰ ਰਿਹਾ ਹੈ । ਇਹ ਜਿਹੜੀ ਕਣਕ ਦੀ ਉਪਜ ਵਧੀ ਹੈ ਜੇ ਇਹ ਇੰਞ ਕਹੀਏ ਕਿ ਇਹ ਇਮਪਰੂਵਡ ਸੀਡਜ਼ ਨਾਲ ਵਧੀ ਹੈ ਤਾਂ ਇਹ ਗਲਤ ਗੱਲ ਹੈ । ਇਸ ਵਿਚ ਵਾਧੇ ਦਾ ਬੜਾ ਵੱਡਾ ਹਿੱਸਾ ਫਰਟੇਲਾਈਜ਼ਰ ਦਾ ਹੈ । ਇਸ ਵਿਚ ਮਾਰਕੀਟਿੰਗ ਫੈਡਰੇਸ਼ਨ ਦਾ ਬੜਾ ਵਡਾ ਰੋਲ ਹੈ । ਮਾਰਕੀਟਿੰਗ ਫੈਡਰੇਸ਼ਨ ਨੇ ਪਿੰਡ ਦੀਆਂ ਸੋਸਾਈਟੀਆਂ ਨੂੰ ਖਾਦ ਪਹੁੰਚਾਉਣ ਵਿਚ ਬੜਾ ਵਡਾ ਹਿੱਸਾ ਪਾਇਆ ਹੈ । ਇਹੋ ਜਿਹੀ ਕੋਆਪਰੇਸ਼ਨ ਮੂਵਮੈਂਟ ਦੇ ਸਦਕੇ ਹੀ ਅੱਜ ਹਰ ਛੋਟੇ ਅਤੇ ਵੱਡੇ ਕਿਸਾਨ ਨੂੰ ਪੰਜਾਬ ਵਿਚ ਖਾਦ ਪਹੁੰਚ ਰਹੀ ਹੈ । ਇਨ੍ਹਾਂ ਲਫਜ਼ਾਂ ਨਾਲ ਮੈਂ ਇਸ ਮੋਸ਼ਨ ਨੂੰ ਮੂਵ ਕਰਦਾ ਹਾਂ ਅਤੇ ਗਵਰਨਰ ਸਾਹਿਬ ਦਾ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਭਾਸ਼ਨ ਇਸ ਹਾਊਸ ਵਿਚ ਮਿਤੀ 15 ਜਨਵਰੀ, 1971 ਨੂੰ ਦਿੱਤਾ ਹੈ ।

(ਥੰਪਿੰਗ)

Mr. Deputy Speaker : Sardar Shashpal Singh to please second the motion.

ਸਰਦਾਰ ਸ਼ਸ਼ਪਾਲ ਸਿੰਘ (ਮਜੀਠਾ) : ਜੋ ਮਤਾ ਸਰਦਾਰ ਰਵੀਇੰਦਰ ਸਿੰਘ ਨੇ ਪੇਸ਼ ਕੀਤਾ ਹੈ ਮੈਂ ਉਸ ਦੀ ਤਾਈਦ ਕਰਨ ਵਾਸਤੇ ਖੜਾ ਹੋਇਆ ਹਾਂ । ਗਵਰਨਰ ਸਾਹਿਬ ਦੇ ਐਡਰੈਸ ਦੇ ਮੁਤੱਲਕ ਅਰਜ਼ ਕਰਨ ਤੋਂ ਪਹਿਲਾਂ ਮੈਂ ਇਕ ਬੇਨਤੀ ਕਰਨੀ ਹੈ । ਜੋ ਵਾਕਿਆਤ 15 ਜਨਵਰੀ, 1971 ਨੂੰ ਹਾਊਸ ਵਿਚ ਹੋਏ ਉਸ ਦੇ ਮੁਤੱਲਕ ਮੈਂ ਕੁਝ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ । ਗਵਰਨਰ ਸਾਡੀ ਸਟੇਟ ਦੇ ਹੈਡ ਹਨ । ਹੈਡ ਆਫ਼ ਦੀ ਸਟੇਟ ਦੇ ਨਾਤੇ ਸਾਡਾ ਫਰਜ਼ ਹੈ ਕਿ ਅਸੀਂ ਉਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ ਇਜ਼ਤ ਕਰੀਏ । ਅਤੇ ਵਧ ਤੋਂ ਵਧ ਉਨਾਂ ਦੀ ਇਜ਼ਤ ਕਰਨਾ ਉਨ੍ਹਾਂ ਦੇ ਕੰਸਟੀਚਿਊਸ਼ਨਲ ਹੈਡ ਹੋਣ ਦੇ ਨਾਤੇ ਸਾਡਾ ਫਰਜ਼ ਬਣਦਾ ਹੈ । ਇਸ ਆਫਿਸ ਨੂੰ ਜਿੰਨੀ ਮਹਾਨਤਾ ਸਾਨੂੰ ਦੇਣੀ ਚਾਹੀਦੀ ਹੈ, ਉਹ

ਸਾਨੂੰ ਦੇਣੀ ਚਾਹੀਦੀ ਹੈ । ਵਿਧਾਨ ਵਿਚ ਉਨ੍ਹਾਂ ਦੀ ਬਹੁਤ ਉਚੀ ਹਸਤੀ ਹੈ । ਜਿਸ ਵਕਤ ਉਹ ਹਾਊਸ ਵਿਚ ਆਉਂਦੇ ਹਨ ਉਨ੍ਹਾਂ ਵਾਸਤੇ ਰੈਡ ਕਾਰਪਟ ਵਿਛਾਈ ਜਾਂਦੀ ਹੈ, ਸੈਰੇਮਨੀ ਨਾਲ ਉਨ੍ਹਾਂ ਨੂੰ ਲਿਆਇਆ ਜਾਂਦਾ ਹੈ ਅਤੇ ਇਸੇ ਤਰ੍ਹਾਂ ਹੀ ਸੈਰੇਮਨੀ ਨਾਲ ਉਨ੍ਹਾਂ ਨੂੰ ਵਾਪਸ ਲਿਜਾਇਆ ਜਾਂਦਾ ਹੈ । ਮੇਰੀ ਅਰਜ਼ ਕਰਨ ਦਾ ਭਾਵ ਇਹ ਹੈ ਕਿ ਜਿਸ ਐਡੇ ਵਡੇ ਔਹਦੇਦਾਰ ਨੂੰ ਐਨੀ ਇਜ਼ਤ ਦੇਣੀ ਹੈ ਹਾਊਸ ਵਿਚ ਉਸ ਦੇ ਖਿਲਾਫ ਵਾਕ ਆਊਟ ਕਰਨਾ ਇਹ ਇਕ ਬੜੀ ਮਾੜੀ ਗੱਲ ਹੈ । ਇਹ ਨਹੀਂ ਹੋਣੀ ਚਾਹੀਦੀ । (ਸ਼ੇਮ) (ਸ਼ੇਮ) ਅਸੀਂ ਇਹ ਕੋਈ ਚੰਗੀ ਰਿਵਾਇਤ ਆਉਣ ਵਾਲੀ ਨਸਲ ਵਾਸਤੇ ਨਹੀਂ ਰਖੀ । ਜੇ ਗੌਰਮਿੰਟ ਦੀ ਨੀਤੀਆਂ ਦੇ ਮੁਤਲੱਕ ਰੋਸ ਹੋਵੇ ਤਾਂ ਉਸ ਨੂੰ ਐਕਸਪਰੈਸ ਕਰਨ ਵਾਸਤੇ ਹੋਰ ਕਈ ਢੰਗ ਹਨ । ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਆਪ ਲੀਡਰ ਆਫ ਦੀ ਹਾਊਸ ਨੂੰ ਔਰ ਦੂਸਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਸ਼ਾਮਿਲ ਕਰਕੇ ਮੀਟਿੰਗ ਕਰੋ ਤਾਂਕਿ ਆਈਂਦਾ ਵਾਸਤੇ ਇਸ ਬੀਮਾਰੀ ਨੂੰ ਰੋਕਿਆ ਜਾਵੇ ।

ਸ੍ਰੀ ਡਿਪਟੀ ਸਪੀਕਰ : ਮੈਂ ਇਸ ਵਿਚ ਤੁਹਾਡੇ ਨਾਲ ਸਹਿਮਤ ਹਾਂ । (I agree with the views of the hon. Member.)

ਸਰਦਾਰ ਸਤਪਾਲ ਸਿੰਘ: ਇਸ ਐਡਰੈਸ ਵਿਚ ਪੰਜਾਬੀਆਂ ਦੀ ਖਾਸ ਤੌਰ ਤੇ ਪੇਂਡੂ ਜਨਤਾ ਦੀਆਂ ਸਧਰਾਂ ਤੇ ਉਮੀਦਾਂ ਦੀ ਰੀਝ ਹੈ । ਇਸ ਐਡਰੈਸ ਵਿਚ ਲੋਕਾਂ ਦੀ ਉੱਨਤੀ ਅਤੇ ਤਰਕੀ ਦੇ ਪ੍ਰੋਗਰਾਮ ਐਨੇ ਅੱਛੇ ਹਨ ਕਿ ਅੱਜ ਤਕ ਐਸਾ ਅੱਛਾ ਐਡਰੈਸ ਇਸ ਹਾਊਸ ਦੇ ਸਾਹਮਣੇ ਪੇਸ਼ ਹੀ ਨਹੀਂ ਹੋਇਆ ਹੈ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇਸ ਵਿਚ ਜੋ ਚੰਡੀਗੜ੍ਹ, ਫ਼ਾਜ਼ਿਲਕਾ ਦੇ ਮੁਤਾਲਕ ਜ਼ਿਕਰ ਹੈ, ਜਿਸ ਬਾਰੇ ਮੇਰੇ ਮਾਨਯੋਗ ਮੈਂਬਰ ਨੇ ਹਾਊਸ ਦੇ ਸਾਹਮਣੇ ਦਸਿਆ ਹੈ ਇਹ ਉਹ ਪਾਲਿਸੀ ਹੈ ਜੋ ਕਿ ਇਕ ਇਕ ਪੰਜਾਬੀ ਦੇ ਦਿਲ ਤੇ ਦਿਮਾਗ ਵਿਚ ਹੈ । ਇਸ ਗੱਲ ਵਿਚ ਦੂਜੀ ਓਪੀਨੀਅਨ ਕਿਸੇ ਸ਼ਖਸ ਨੂੰ ਪੰਜਾਬ ਵਿਚ ਨਹੀਂ ਰਖਣੀ ਚਾਹੀਦੀ ਹੈ । (ਸ਼ੋਰ)

ਦੂਸਰੀ ਚੰਗੀ ਚੀਜ਼ ਇਸ ਐਡਰੈਸ ਵਿਚ ਜੋ ਹੈ ਉਹ ਹੈ ਭਰਿਸ਼ਟਾਚਾਰ ਔਰ ਕੁਰੱਪਸ਼ਨ ਨੂੰ ਰੋਕਣ ਦੀ । ਇਹ ਕਿੰਨੇ ਅਛੇ ਕਦਮ ਗੌਰਮਿੰਟ ਨੇ ਉਠਾਏ ਹਨ । 108 ਸਰਕਾਰੀ ਕਰਮਚਾਰੀਆਂ ਦੇ ਖਿਲਾਫ ਐਕਸ਼ਨ ਲਿਆ ਗਿਆ ਹੈ । ਇਹ ਬੜਾ ਸ਼ਲਾਘਾਯੋਗ ਕਦਮ ਹੈ । ਅਜਿਹੇ ਕੇਸਿਜ਼ ਦੀ ਇਨਵੈਂਸਟੀਗੇਸ਼ਨ ਲਈ ਜੋ ਡਿਪਾਰਟਮੈਂਟ ਹੈ ਉਹਦੇ ਵਿਚ ਵਾਧਾ ਕੀਤਾ ਗਿਆ ਹੈ । ਅਸੀਂ ਇਸ ਬੀਮਾਰੀ ਨੂੰ ਆਪਣੇ ਸੂਬੇ ਵਿਚੋਂ ਕੱਢ ਸਕੀਏ ਤਾਂ ਇਹ ਬੜਾ ਸ਼ਲਾਘਾਯੋਗ ਕਦਮ ਹੋਵੇਗਾ । ਇਹ ਬੜੀ ਅੱਛੀ ਚੀਜ਼ ਹੈ ।

ਇਸ ਤੋਂ ਬਾਅਦ ਹੋਰ ਚੰਗੀ ਚੀਜ਼ ਇਸ ਐਡਰੈਸ ਵਿਚ ਹੈ, ਤਿੰਨ ਸ਼ਹਿਰਾਂ ਨੂੰ ਮਾਡਲ ਬਨਾਉਣ ਬਾਰੇ । ਇਹ ਤਿੰਨ ਸ਼ਹਿਰ ਹਨ - ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ। ਇਸ ਐਡਰੈਸ ਵਿਚ ਦਸਿਆ ਗਿਆ ਹੈ ਕਿ ਇਨ੍ਹਾਂ ਤਿੰਨ੍ਹਾ ਸ਼ਹਿਰਾਂ ਵਿਚ ਪੁਲਿਸ ਨੂੰ ਮੌਡਰਨਾਈਜ਼ਡ ਕੀਤਾ ਜਾਵੇਗਾ । ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਜਿੰਨੀ ਦੇਰ ਤਕ ਅਸੀਂ ਪੁਲਿਸ ਨੂੰ ਰੀਇਨਫੋਰਸਮੈਂਟ ਨਾ ਦੇਈਏ ਔਰ ਉਨ੍ਹਾਂ ਨੂੰ ਮੌਡਰਨ ਤਰੀਕੇ ਦੇ ਸਾਧਨ ਨ ਦੇਈਏ, ਲਾ ਐਂਡ ਆਰਡਰ ਹਾਊਸ ਵਿਚ ਨਿਰਾ ਪੁਰਾ ਗੱਲਾਂ ਬਾਤਾ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਦਾ ਹੈ । ਜੋ ਇੰਟਰਨੈਸ਼ਨਲ ਲਾਅਜ਼ ਹਨ ਕਿ ਐਨੀ ਆਬਾਦੀ ਪਿਛੇ ਐਨੀ

[ਸਰਦਾਰ ਸ਼ਸ਼ਪਾਲ ਸਿੰਘ]

ਪੁਲਿਸ ਫ਼ੋਰਸ ਹੋਣੀ ਚਾਹੀਦੀ ਹੈ. ਉਸ ਦੇ ਮੁਤਾਬਿਕ ਜੇ ਪੁਲਿਸ ਸਟੇਸ਼ਨ ਉਤੇ ਉਨੀ ਪੁਲਿਸ ਫੋਰਸ ਨਾ ਦੇਵਾਂਗੇ ਤਾਂ ਲਾ ਐਂਡ ਆਰਡਰ ਗੱਲਾਂ ਬਾਤਾ ਨਾਲ ਠੀਕ ਨਹੀਂ ਹੋ ਸਕਦਾ ਹੈ । ਇਹ ਚੀਜ਼ ਜੋ ਗੌਰਮਿੰਟ ਨੇ ਚੁਕੀ ਹੈ ਅਤੇ ਇਸ ਐਂਡਰੈਸ ਵਿਚ ਹੈ, ਇਹ ਬੜੀ ਸ਼ਲਾਘਾ-ਯੋਗ ਹੈ । (ਸ਼ੋਰ) ਵਿਲੇਜਿਜ਼ ਦੀ ਤਰਕੀ ਦੀ ਸਕੀਮ ਜੋ ਚੀਫ ਮਨਿਸਟਰ ਸਾਹਿਬ ਦੇ ਦਿਮਾਗ ਵਿਚ ਹੈ ਇਸ ਨਾਲ ਜੋ ਪਿੰਡਾਂ ਵਿਚ ਤਰੱਕੀ ਹੋਣੀ ਹੈ ਉਸ ਦਾ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ । ਇਕ ਇਕ ਪਿੰਡ ਵਿਚ ਤਕਰੀਬਨ ਤਿੰਨ ਤਿੰਨ ਲੱਖ ਰੁਪਏ ਖਰਚ ਕਰਨੇ ਹਨ । (ਸ਼ੋਰ) ਉਥੇ ਵਾਟਰ ਸਪਲਾਈ ਦੇਣੀ ਹੈ ਅਤੇ ਇਲੈਕਟ੍ਰੀਸਿਟੀ ਦੇਣੀ ਹੈ । ਤਾਂ ਕਿਤੇ ਜਾ ਕੇ ਮਾਡਲ ਵਿਲੇਜ ਬਣਦਾ ਹੈ। ਆਪ ਨੂੰ ਚਾਹੀਦਾ ਹੈ ਕਿ ਸਬਰ ਨਾਲ ਇੰਤਜ਼ਾਰ ਕਰੋ । ਇਹ ਕੰਮ ਜਿਹੜਾ ਕਿਸੇ ਸਰਕਾਰ ਨੇ ਅਜ ਤਕ ਨਹੀਂ ਕੀਤਾ, ਮੁਸਲਮਾਨਾਂ ਦੀ ਸਰਕਾਰ ਤੋਂ ਲੈਕੇ ਕਿਸੇ ਸਰਕਾਰ ਨੇ ਨਹੀਂ ਕੀਤਾ ਅੱਜ ਤੱਕ, ਉਹ ਇਸ ਸਰਕਾਰ ਨੇ ਕਮ ਕੀਤਾ ਹੈ ।

ਫਾਈਵ-ਈਅਰ ਪਲੈਨ ਵਿਚ ਤਰੱਕੀ ਦੇ ਕੰਮਾਂ ਵਾਸਤੇ, ਕਾਰਖਾਨਿਆਂ ਵਾਸਤੇ 1970-71 ਵਿਚ 64.10 ਕਰੋੜ ਰੁਪਏ ਦਾ ਇੰਤਜ਼ਾਮ ਕੀਤਾ ਗਿਆ । 1971-72 ਵਿਚ 68.05 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ । ਇਹ ਜੋ ਵਾਧਾ ਕੀਤਾ ਹੈ, ਇਹ ਬੜੀ ਸ਼ਲਾਘਾਯੋਗ ਗੱਲ ਹੈ । ਇਸ ਦੇ ਨਾਲ ਬੜੀ ਤਰੱਕੀ ਹੋਵੇਗੀ ।

ਇਸ ਤੋਂ ਅੱਗੇ ਮੈਂ ਲਾਟਰੀ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ । ਇਹ ਬੜਾ ਅੱਛਾ ਤਰੀਕਾ ਹੈ ਰੈਵੇਨਿਊ ਵਧਾਉਣ ਦਾ ਅਤੇ ਇਨਕਮ ਵਧਾਉਣ ਦਾ । 418 ਲੱਖ ਰੁਪਏ ਇਸ ਤਰੀਕੇ ਨਾਲ ਸਟੇਟ ਨੂੰ ਆਇਆ ਹੈ । ਇਹ ਬੜਾ ਅੱਛਾ ਸਰਕਾਰ ਦਾ ਕਦਮ ਹੈ । ਇਸ ਦੇ ਨਾਲ ਸਾਡੀ ਸਟੇਟ ਦੀ ਆਮਦਨ ਵਧੇਗੀ । ਮੈਂ ਤਾਂ ਕਹਿੰਦਾ ਹਾਂ ਕਿ ਜੋ ਇਸ ਨੂੰ ਹੋਰ ਭੀ ਅੱਛੇ ਢੰਗ ਨਾਲ ਚਲਾਇਆ ਜਾਵੇ ਤਾਂ ਇਸ ਦੇ ਨਾਲ ਹੋਰ ਵੀ ਜ਼ਿਆਦਾ ਇਨਕਮ ਸਟੇਟ ਨੂੰ ਹੋ ਸਕਦੀ ਹੈ ।

ਇਸ ਤੋਂ ਅੱਗੇ ਪੇ-ਕਮਿਸ਼ਨ ਦੇ ਮੁਤੱਲਕ ਮੈਂ ਅਰਜ਼ ਕਰਦਾ ਹਾਂ । ਜਿੰਨੀਆਂ ਵੀ ਐਨਾਮਲੀਜ਼ ਸਨ. ਇਸ ਸਰਕਾਰ ਨੇ ਬੜੇ ਸੁਹਣੇ ਢੰਗ ਨਾਲ ਉਨ੍ਹਾਂ ਨੂੰ ਰੀਮੂਵ ਕਰਨ ਦੀ ਕੋਸ਼ਿਸ਼ ਕੀਤੀ ਹੈ । ਕੋਈ ਇਕ ਅੱਧੀ ਜੇ ਰਹਿ ਗਈ ਹੈ ਤਾਂ ਮੈਨੂੰ ਆਸ ਹੈ ਕਿ ਜਿਹੜੀ ਤਰੀਕ ਮੁਕੱਰਰ ਕੀਤੀ ਹੈ ਉਸ ਤਰੀਕ ਤੱਕ ਬੜੀ ਜਲਦੀ ਉਸ ਐਨਾਮਲੀ ਨੂੰ ਵੀ ਦੂਰ ਕੀਤਾ ਜਾਵੇਗਾ ਤਾਕਿ ਸਾਰੇ ਕਰਮਚਾਰੀ ਸੰਤੁਸ਼ਟ ਹੋ ਜਾਣ ।

ਟੀਚਰਜ਼ ਦੀਆਂ ਪੇਜ਼ ਬੜੀਆਂ ਅੱਛੀਆਂ ਹਨ । ਤੁਸੀਂ ਜਾਣਦੇ ਹੀ ਹੋ ਹਿੰਦੁਸਤਾਨ ਦੇ ਵਿਚੋਂ ਸਾਰੀਆਂ ਸਟੇਟਾਂ ਦੇ ਨਾਲੋਂ ਇਨ੍ਹਾਂ ਦੀਆਂ ਤਨਖਾਹਾਂ ਅੱਛੀਆਂ ਹਨ ।

ਰੋਡਵੇਜ਼ ਦੇ ਇੰਮਪਲਾਈਜ਼ ਨੂੰ ਵੀ ਇਸ ਵੇਲੇ ਐਕਸਗਰੇਸ਼ੀਆ ਜੋ ਉਨ੍ਹਾਂ ਨੂੰ ਦਿਤਾ ਗਿਆ ਹੈ ਉਹ 4% ਹੈ, ਜਿੰਨੀ ਕਿ ਉਨ੍ਹਾਂ ਨੂੰ ਸਾਲ ਵਿਚ ਪੇ ਦੇਣੀ ਹੈ, ਉਹ ਉਸ ਦੇ ਬਰਾਬਰ ਹੈ । ਇਹ ਵੀ ਸਰਕਾਰ ਦਾ ਬੜਾ ਅੱਛਾ ਕਦਮ ਹੈ । ਇਸੇ ਤਰ੍ਹਾਂ ਹੀ ਹੋਰ ਵੀ ਬਹੁਤ ਸਾਰੇ ਅੱਛੇ ਅੱਛੇ ਪੁਆਇੰਟਸ ਹਨ ਜੋ ਕਿ ਇਸ ਐਡਰੈਸ ਵਿਚ ਹਨ ।

ਬੈਂਕਾਂ ਦੇ ਮੁਤੱਲਕ ਮੈਂ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਹੁਣ ਮੰਡੀਆਂ ਨੂੰ ਪਿੰਡਾਂ ਵਿਚੋਂ ਲਿਜਾਇਆ ਗਿਆ ਹੈ, ਨੈਸ਼ਨੇਲਾਈਜ਼ੇਸ਼ਨ ਹੋਣ ਦੇ ਬਾਅਦ ਬੈਂਕਾਂ ਨੇ ਵੀ ਪਿੰਡਾਂ ਵੱਲ

ਮੂੰਹ ਮੋੜਿਆ ਹੈ । ਇਸ ਦੇ ਨਾਲ ਪੇਂਡੂਆਂ, ਜ਼ਿਮੀਦਾਰਾਂ ਨੂੰ ਫਾਇਦਾ ਪਹੁੰਚੇਗਾ । ਇਸ ਦੇ ਨਾਲ ਹੀ ਸਟੇਟ ਸਰਕਾਰ ਨੇ ਸੈਂਟਰਲ ਗੌਰਮਿੰਟ ਕੋਲ ਰੀਕੂਐਸਟ ਕੀਤੀ ਹੈ ਕਿ ਜੋ ਕਰਜ਼ਾ ਜ਼ਿਮੀਦਾਰ ਲੈਂਦਾ ਹੈ ਜ਼ਮੀਨ ਗਹਿਣੇ ਰੱਖ ਕੇ ਉਸ ਤੇ ਜੋ ਸਟੈਂਪ ਡਿਊਟੀ ਲਗਦੀ ਹੈ, ਉਸ ਨੂੰ ਮੁਆਫ ਕੀਤਾ ਜਾਵੇ । ਇਹ ਕਦਮ ਸਰਕਾਰ ਦਾ ਬੜਾ ਅੱਛਾ ਹੈ । ਇਸ ਦੇ ਨਾਲ ਜ਼ਿਮੀਦਾਰਾਂ ਨੂੰ ਫਾਇਦਾ ਹੋਵੇਗਾ ।

ਲੌਂਗ-ਟਰਮ ਲੋਨ ਜਿਹੜੇ ਹਨ, ਇਨ੍ਹਾਂ ਦੇ ਵਿਚ ਵੀ ਵਾਧਾ ਕੀਤਾ ਹੈ । 17.89 ਕਰੋੜ ਤੋਂ 20 ਕਰੋੜ ਰੁਪਿਆ ਕੀਤਾ ਗਿਆ ਹੈ । ਇਹ ਸਰਕਾਰ ਦਾ ਬੜਾ ਅੱਛਾ ਕਦਮ ਹੈ, ਜਿਸ ਦਾ ਕਿ ਇਸ ਐਡਰੈਸ ਵਿਚ ਜ਼ਿਕਰ ਕੀਤਾ ਗਿਆ ਹੈ ।

ਖੇਤੀ ਬਾੜੀ ਦੇ ਵਿਚ ਵੀ ਵਾਧਾ ਹੋਇਆ ਹੈ । ਨਾਲ ਦੇ ਨਾਲ 3-4 ਫੈਕਟਰੀਆਂ ਜੋ ਲਾਉਣ ਦੀ ਤਜਵੀਜ਼ ਹੈ, ਇਹ ਬੜੀ ਅੱਛੀ ਤਜਵੀਜ਼ ਹੈ । ਅੰਡਿਆਂ ਦਾ ਪਾਊਡਰ ਔਰ ਅੰਗੂਰਾਂ ਦੀ ਸ਼ਰਾਬ ਆਦਿ ਬਣਾਉਣ ਦੇ ਸਾਧਨ, ਖਾਦ ਦੇ ਪਲਾਂਟ, ਜੋ ਕਿ ਲੁਧਿਆਣਾ ਵਿਚ ਲੱਗਣਾ ਹੈ, ਇਹ ਬੜਾ ਅੱਛਾ ਸਰਕਾਰ ਦਾ ਕਦਮ ਹੈ । ਇਸ ਦੇ ਨਾਲ ਸਾਰੇ ਪੰਜਾਬ ਨੂੰ ਫਾਇਦਾ ਹੋਵੇਗਾ ।

ਹੈਲੀਕਾਪਟਰ ਪੰਜਾਬ ਵਿਚ ਲਿਆਉਣੇ ਬੜੇ ਜ਼ਰੂਰੀ ਹਨ । ਕਿਉਂਕਿ ਕਪਾਹ ਅਤੇ ਨਰਮੇ ਦੀਆਂ ਫਸਲਾਂ ਤੇ ਦਵਾਈਆਂ ਛਿੜਕਣੀਆਂ ਬੜੀਆਂ ਜ਼ਰੂਰੀ ਹਨ । ਹੈਲੀਕਾਪਟਰ ਲੈਣ ਦਾ ਵੀ ਇਸ ਐਡਰੈਸ ਦੇ ਵਿਚ ਜ਼ਿਕਰ ਕੀਤਾ ਗਿਆ ਹੈ । ਇਹ ਵੀ ਬੜਾ ਅੱਛਾ ਕਦਮ ਹੈ ।

ਮੰਡੀਆਂ ਦੇ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਆਪ ਨੇ ਮੰਡੀਆਂ ਵਿਚ ਦੇਖਿਆ ਹੋਣਾ ਹੈ ਕਿ ਅਨਾਜ ਦਾ ਬੜਾ ਨੁਕਸਾਨ ਹੋਇਆ ਕਰਦਾ ਸੀ । ਕਿਉਂਕਿ ਵਰਖਾ ਨਾਲ ਪਿਛਲੇ ਦੋ ਸਾਲਾਂ ਵਿਚ ਕਾਫੀ ਨੁਕਸਾਨ ਹੋਇਆ ਹੈ । ਵਰਖਾ ਹੋ ਜਾਂਦੀ ਸੀ ਅਤੇ ਅਨਾਜ ਵਕਤ ਸਿਰ ਨਹੀਂ ਸੀ ਚੁੱਕਿਆ ਜਾਂਦਾ । ਗੁਦਾਮ ਨਹੀਂ ਸਨ । ਪਰ ਹੁਣ ਸਾਡੀ ਸਰਕਾਰ ਨੇ ਗੁਦਾਮ ਬਨਾਉਣ ਬਾਰੇ ਇਸ ਐਡਰੈਸ ਵਿਚ ਜ਼ਿਕਰ ਕੀਤਾ ਹੈ ਔਰ ਇਹ ਬੜਾ ਅੱਛਾ ਇੰਤਜ਼ਾਮ ਹੈ । 70 ਹਜ਼ਾਰ ਟਨ ਦੀ ਕਪੈਸਿਟੀ ਦੇ ਗੁਦਾਮ ਬਣਾਏ ਹਨ । ਕੁਝ ਪ੍ਰਾਈਵੇਟ ਲੋਕਾਂ ਨੇ ਵੀ ਬਣਾਏ ਹਨ, ਉਨ੍ਹਾਂ ਕੋਲੋਂ ਵੀ ਕਿਰਾਏ ਤੇ ਲਏ ਹਨ ਅਤੇ ਲਏ ਜਾਣਗੇ, ਇਹ ਸਰਕਾਰ ਦਾ ਬੜਾ ਅੱਛਾ ਕਦਮ ਹੈ । ਇਸ ਤਰ੍ਹਾਂ ਹੋਰ ਗੁਦਾਮ ਬਣਾ ਕੇ ਜ਼ਿਮੀਦਾਰਾਂ ਨੂੰ ਖੁਰਾਕ ਠੀਕ ਢੰਗ ਨਾਲ ਰੱਖਣ ਵਿਚ ਕਾਫੀ ਸਹੂਲਤ ਹੋਵੇਗੀ ਅਤੇ ਇਸ ਤਰ੍ਹਾਂ ਜ਼ਿਮੀਦਾਰਾਂ ਨੂੰ ਫਾਇਦਾ ਹੋਵੇਗਾ ।

ਇਸ ਤੋਂ ਅੱਗੇ ਮੈਂ ਵਾਟਰ-ਲਾਗਿੰਗ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ । ਵਾਟਰ-ਲਾਗਿੰਗ ਸਟੇਟ ਦੇ ਵਿਚ ਬਹੁਤ ਭੈੜੀ ਬੀਮਾਰੀ ਹੈ । ਇਸ ਨੂੰ ਦੂਰ ਕਰਨ ਦੇ ਲਈ ਜੋ ਸਾਧਨ ਇਸ ਐਡਰੈਸ ਵਿਚ ਦੱਸੇ ਗਏ ਹਨ, ਉਹ ਬੜੇ ਸ਼ਲਾਘਾਯੋਗ ਹਨ । ਸੂਇਆਂ ਤੇ ਨਹਿਰਾਂ ਉਤੇ ਇਟਾਂ ਦੇ ਨਾਲ ਫਰਸ਼ ਬਨਾਉਣ ਦਾ ਇਹ ਜਿਹੜਾ ਸਰਕਾਰ ਦਾ ਤਰੀਕਾ ਹੈ, ਇਹ ਬੜਾ ਅੱਛਾ ਤਰੀਕਾ ਹੈ । ਇਸ ਦੇ ਵਾਸਤੇ 10 ਕਰੋੜ ਰੁਪਏ ਰੱਖੇ ਗਏ ਹਨ ਜਿਸ ਦੇ ਨਾਲ ਵਾਟਰ ਲਾਗਿੰਗ ਦੀ ਬਿਮਾਰੀ ਸਾਡੇ ਸੂਬੇ ਵਿਚੋਂ ਕੱਢੀ ਜਾਵੇਗੀ । ਇਹ ਸਰਕਾਰ ਦਾ ਕਦਮ ਬੜਾ ਸ਼ਲਾਘਾ ਯੋਗ ਹੈ । 10 ਕਰੋੜ ਰੁਪਏ ਟਿਊਬਵੈਲਾਂ ਲਈ

[ਸਰਦਾਰ ਜਸਪਾਲ ਸਿੰਘ]

ਰੱਖੇ ਗਏ ਹਨ। ਜਿਨ੍ਹਾਂ ਇਲਾਕਿਆਂ ਵਿਚ ਪਾਣੀ ਦੀ ਘਾਟ ਹੈ ਅਤੇ ਜਿਥੇ ਨਹਿਰਾਂ ਨਹੀਂ ਜਾਂਦੀਆਂ ਉਥੇ ਟਿਊਬਵੈਲ ਲਾਕੇ ਜ਼ਿਮੀਦਾਰਾਂ ਨੂੰ ਪਾਣੀ ਦਿਤਾ ਜਾਵੇਗਾ । ਔਰ ਇਹ ਐਨੀ ਅੱਛੀ ਸਕੀਮ ਹੈ ਕਿ ਇਸ ਵੇਲੇ ਸਾਡੀ ਸਟੇਟ ਵਿਚ ਜਿਹੜੀ ਉਪਜ ਹੈ, ਉਹ ਇਕ ਦੋ ਸਾਲਾਂ ਵਿਚ ਡਿਉੜੀ ਹੋ ਜਾਵੇਗੀ ।

ਹੁਣ ਮੈਂ ਡਰੇਨਾਂ ਦੇ ਮੁਤੱਲਕ ਅਰਜ਼ ਕਰਦਾ ਹਾਂ। 250 ਲੱਖ ਰੁਪਏ ਇਸ ਸਾਲ ਵਿਚ ਇਨ੍ਹਾਂ ਤੇ ਖਰਚ ਹੋ ਜਾਣਗੇ। ਅਗਲੇ ਸਾਲ ਵਾਸਤੇ 275 ਲੱਖ ਰੁਪਏ ਰੱਖੇ ਜਾਣੇ ਹਨ। ਜਿੰਨਾਂ ਚਿਰ ਤੱਕ ਪੰਜਾਬ ਦੇ ਵਿਚ ਡਰੇਨਾਂ ਦੀ ਖ਼ੁਦਾਈ ਨਾ ਕੀਤੀ ਜਾਵੇ ਅਤੇ ਚੰਗੀਆਂ ਡਰੇਨਾਂ ਨਾ ਬਣਨ, ਖੇਤੀਬਾੜੀ ਦਾ ਬਹੁਤ ਨੁਕਸਾਨ ਹੁੰਦਾ ਹੈ। ਸੋ ਇਸ ਸਰਕਾਰ ਨੇ ਡਰੇਨਾਂ ਵਾਸਤੇ ਰਕਮ ਵਧਾਈ ਹੈ, ਇਸ ਲਈ ਇਹ ਬੜਾ ਸ਼ਲਾਘਾਯੋਗ ਕਦਮ ਹੈ। ਇਸ ਦੇ ਨਾਲ ਡਰੇਨਾਂ ਠੀਕ ਢੰਗ ਦੀਆਂ ਬਣਨਗੀਆਂ ਜਿਸ ਦੇ ਨਾਲ ਪੰਜਾਬ ਦੇ ਕਿਸਾਨਾਂ, ਜ਼ਿਮੀਦਾਰਾਂ ਨੂੰ ਬੜਾ ਫਾਇਦਾ ਹੋਵੇਗਾ ।

ਇਲੈਕਟ੍ਰਿਸਿਟੀ ਦੇ ਮੁਤੱਲਕ ਹੋਰ ਸਾਥੀਆਂ ਨੇ ਦੱਸਿਆ ਹੈ । ਪਰ ਮੈਂ ਤਾਂ ਇਤਨਾ ਹੀ ਕਹਾਂਗਾ ਕਿ :

ਮਰਜ਼ ਬੜਤਾ ਗਿਆ, ਜਿਉਂ ਜਿਉਂ ਦਵਾ ਕੀ ।

ਸਰਕਾਰ ਦੀ ਕੋਸ਼ਿਸ਼ ਹੈ ਕਿ ਇਸ ਨੂੰ ਠੀਕ ਕੀਤਾ ਜਾਵੇ ਪਰ ਕੁਝ ਕੁਦਰਤ ਸਾਡੇ ਨਾਲ ਨਰਾਜ਼ ਹੈ ਅਤੇ ਕੁਝ ਸੈਂਟਰ ਸਾਡੇ ਨਾਲ ਨਰਾਜ਼ ਹੈ। ਇਸ ਦਾ ਹੱਲ ਨਹੀਂ ਲੱਭਿਆ, ਪਤਾ ਨਹੀਂ ਕਦੋਂ ਤੱਕ ਇਸ ਦਾ ਘਾਟਾ ਰਹੇਗਾ।

ਐਜੂਕੇਸ਼ਨ ਦੇ ਮੁਤਲੱਕ ਆਪ ਨੇ ਦੇਖਿਆ ਹੈ ਕਿ ਬਹੁਤ ਸਾਰੇ ਪ੍ਰਾਇਮਰੀ ਸਕੂਲ ਮਿਡਲ ਸਕੂਲ ਬਣਾਏ ਗਏ ਹਨ ਔਰ ਮਿਡਲ ਸਕੂਲ ਹਾਈ ਸਕੂਲ ਬਣਾਏ ਗਏ ਹਨ । ਇਹ ਇਕ ਰੀਕਾਰਡ ਹੈ । ਪਿਛਲਾ ਸਾਲ ਜੋ ਗੁਜ਼ਰਿਆ ਹੈ, ਉਸ ਦੇ ਵਿਚ ਐਨੇ ਸਕੂਲ ਬਣਾਏ ਅਤੇ ਅਪਗਰੇਡ ਕੀਤੇ ਕਿ ਹਿੰਦੁਸਤਾਨ ਦੇ ਇਤਿਹਾਸ ਵਿਚ ਅਜੇ ਤੱਕ ਕਿਸੇ ਸਾਲ ਵਿਚ ਕਿਸੇ ਗੌਰਮਿੰਟ ਨੇ ਐਨੇ ਸਕੂਲ ਅਪਗਰੇਡ ਨਹੀਂ ਕੀਤੇ ਜਿੰਨੇ ਕਿ ਪੰਜਾਬ ਸਰਕਾਰ ਨੇ ਪਿਛਲੇ ਸਾਲ ਵਿਚ ਕੀਤੇ ਸਨ । (ਪ੍ਰਸ਼ੰਸਾ)

ਹਿੰਦੀ ਦੇ ਵਾਸਤੇ ਖਾਸ ਕਰਕੇ ਇਸ ਸਾਲ ਜਿਹੜੇ ਪੈਸੇ ਰੱਖੇ ਗਏ ਹਨ, 2,13,600 ਲੱਖ ਰੁਪਏ, ਹਿੰਦੀ ਦੀ ਡੀਵੈਲਪਮੈਂਟ ਵਾਸਤੇ ਰੱਖੇ ਗਏ ਹਨ । ਆਸ ਹੈ ਕਿ ਇਸ ਰਕਮ ਦੇ ਨਾਲ ਹਿੰਦੀ ਦੀ ਕਾਫੀ ਡੀਵੈਲਪਮੈਂਟ ਹੋਵੇਗੀ ।

ਟਰਾਂਸਪੋਰਟ ਦੇ ਮੁਤਲਕ ਇਸ ਐਡਰੈਸ ਦੇ ਵਿਚ ਜ਼ਿਕਰ ਆਇਆ ਹੈ । ਤੁਸੀਂ ਇਹ ਸੁਣ ਕੇ ਖੁਸ਼ ਹੋਵੋਗੇ ਕਿ 60% ਇਸ ਦੀ ਨੈਸ਼ਨੇਲਾਈਜ਼ੇਸ਼ਨ ਇਸ ਸਾਲ ਹੋ ਜਾਣੀ ਹੈ ਔਰ ਬਾਕੀ ਜੋ ਟਰਾਂਸਪੋਰਟ ਹੈ ਉਸ ਨੂੰ ਸਤ ਸਾਲਾਂ ਵਿਚ ਕੰਪਲੀਟਲੀ ਨੈਸ਼ਨੇਲਾਈਜ਼ ਕਰਨਾ ਹੈ । ਇਹ ਸਰਕਾਰ ਦਾ ਬੜਾ ਅੱਛਾ ਕਦਮ ਹੈ । ਅਤੇ ਇਹ ਬੜਾ ਸ਼ਲਾਘਾਯੋਗ ਕਦਮ ਹੈ । ਇਸ ਦੇ ਨਾਲ ਸਾਡੀ ਸਟੇਟ ਨੂੰ ਬੜਾ ਫਾਇਦਾ ਪਹੁੰਚੇਗਾ । ਔਰ ਟਰਾਸਪੋਰਟ ਦੀ ਵਰਕਿੰਗ ਇੰਪਰੂਵ ਹੋਵੇਗੀ । ਜਿੰਨੀ ਦੇਰ ਤੱਕ ਇਸ ਦੀ ਟੋਟਲ ਨੈਸ਼ਨੇਲਾਈਜ਼ੇਸ਼ਨ ਨਹੀਂ ਹੁੰਦੀ, ਉਤਨੀ ਦੇਰ ਤੱਕ ਇਸ ਦੇ ਵਿਚ ਐਫੀਸ਼ੈਂਸੀ ਨਹੀਂ ਆਵੇਗੀ ਅਤੇ ਇਸ ਦਾ ਸਹੀ

ਢੰਗ ਦੇ ਨਾਲ ਚੱਲਣਾ ਕਾਫੀ ਮੁਸ਼ਕਲ ਹੈ । ਪ੍ਰਾਈਵੇਟ ਆਪਰੇਟਰਾਂ ਨਾਲ ਇਨਾ ਕੰਪੀਟੀਸ਼ਨ ਹੈ ਅਤੇ ਜਿਹੜੇ ਰੂਟ ਸਰਕਾਰ ਨੇ ਲਏ ਹਨ ਉਨ੍ਹਾਂ ਤੇ ਇਨ੍ਹਾਂ ਨੂੰ ਕਾਫੀ ਨੁਕਸਾਨ ਹੁੰਦਾ ਹੈ । ਸੋ 11,93 ਬੱਸਾਂ ਚਾਲੂ ਕੀਤੀਆਂ ਗਈਆਂ ਹਨ । ਇਸ ਦੇ ਨਾਲ ਲੋਕਾਂ ਨੂੰ ਬੜੀ ਸਹੂਲਤ ਹੋਵੇਗੀ । ਇਸ ਦੇ ਨਾਲ ਹੀ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ 180 ਬੱਸਾਂ ਹਰ ਸਾਲ ਵੱਧ ਕੀਤੀਆਂ ਜਾਣਗੀਆਂ, ਇਸ ਦੇ ਨਾਲ ਮਹਿਕਮੇ ਦੀ ਨਿਪੁਨਤਾ ਵਧੇਗੀ ਔਰ ਆਮਦਨ ਵਿਚ ਵੀ ਕਾਫੀ ਵਾਧਾ ਹੋਵੇਗਾ । ਮੁਸਾਫਰਾਂ ਦੇ ਵਾਸਤੇ ਸ਼ੈਲਟਰ ਵੀ ਬਣਾਏ ਗਏ ਹਨ । ਇਹ ਵੀ ਬੜਾ ਅੱਛਾ ਕੰਮ ਹੈ । ਇਸ ਦੇ ਨਾਲ ਸਫਰ ਕਰਨ ਵਾਲਿਆਂ ਨੂੰ ਵੀ ਫਾਇਦਾ ਪਹੁੰਚੇਗਾ । ਡਿਪਟੀ ਸਪੀਕਰ ਸਾਹਿਬ, ਜਲੰਧਰ ਤੇ ਲੁਧਿਆਣਾ ਦਾ ਜਿਹੜਾ ਰੂਟ ਹੈ ਉਸ ਨੂੰ ਮਾਡਲ ਰੂਟ ਕਰਾਰ ਦਿਤਾ ਗਿਆ ਹੈ। ਅੱਛੀਆਂ ਤੋਂ ਅੱਛੀਆਂ ਬਸਾਂ ਹੋਣਗੀਆਂ ਅੱਛੇ ਤੋਂ ਅੱਛੇ ਕਰਮਚਾਰੀ ਹੋਣਗੇ ਔਰ ਸੀਟਾਂ ਵੀ ਬਸਾਂ ਦੀਆਂ ਅੱਛੀਆਂ ਤੋਂ ਅੱਛੀਆਂ ਹੋਣਗੀਆਂ ਇਹ ਇਕ ਬੜਾ ਅੱਛਾ ਤਜਰਬਾ ਹੈ ਅਤੇ ਆਸ ਹੈ ਕਿ ਇਹ ਤਜਰਬਾ ਕਾਮਯਾਬ ਰਹੇਗਾ ਅਤੇ ਫਿਰ ਇਹ ਤਜਰਬਾ ਸਾਰੀ ਸਟੇਟ ਵਿਚ ਲਾਗੂ ਕੀਤਾ ਜਾਵੇਗਾ । ਇਸ ਦੇ ਨਾਲ ਜਨਤਾ ਨੂੰ ਬੜਾ ਲਾਭ ਪਹੁੰਚੇਗਾ । ਇਹ ਸਰਕਾਰ ਦਾ ਬੜਾ ਅੱਛਾ ਕਦਮ ਹੈ । (ਵਿਘਨ)

ਡਿਪਟੀ ਸਪੀਕਰ ਸਾਹਿਬ, ਪਹਾੜੀ ਇਲਾਕੇ ਦੇ ਵਾਸਤੇ ਜੋ ਪਾਣੀ ਪੰਹੁਚਾਉਣ ਦੀਆਂ ਸਕੀਮਾਂ ਹਨ ਜਿਸ ਦਾ ਜ਼ਿਕਰ ਇਸ ਐਡਰੈਸ ਵਿਚ ਆਇਆ ਹੈ ਉਹ ਵੀ ਇਕ ਬੜਾ ਸ਼ਲਾਘਾ ਯੋਗ ਕਦਮ ਹੈ । ਇਸ ਦੇ ਨਾਲ ਪਛੜੇ ਹੋਏ ਇਲਾਕਿਆਂ ਨੂੰ ਜਿਨ੍ਹਾਂ ਨੂੰ ਪਾਣੀ ਨਹੀਂ ਸੀ ਮਿਲ ਰਿਹਾ ਉਥੇ ਸਰਕਾਰ ਨੇ ਇਸ ਸਕੀਮ ਦੇ ਨਾਲ ਪਾਣੀ ਪੰਹੁਚਾਣ ਦੇ ਵਾਸਤੇ ਫ਼ੈਸਲਾ ਕੀਤਾ ਹੈ, ਇਹ ਵੀ ਬੜਾ ਅੱਛਾ ਕਦਮ ਹੈ । ਇਸ ਦੇ ਨਾਲ ਉਸ ਇਲਾਕੇ ਦੇ ਲੋਕਾਂ ਨੂੰ ਫਾਇਦਾ ਪੰਹੁਚੇਗਾ ।

ਡਿਪਟੀ ਸਪੀਕਰ ਸਾਹਿਬ, ਹਰੀਜਨਾਂ ਦੇ ਵਾਸਤੇ ਮੈਂ ਆਖਿਰ ਵਿਚ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਭਲਾਈ ਦੇ ਵਾਸਤੇ ਇਸ ਸਰਕਾਰ ਨੇ ਕਾਫੀ ਅੱਛੇ ਕਦਮ ਚੁਕੇ ਹਨ ਜੋ ਕਿ ਅੱਜ ਤੱਕ ਕਿਸੇ ਦੂਜਰੀ ਹੋਰ ਸਰਕਾਰ ਨੇ ਇਹੋ ਜਿਹਾ ਕਦਮ ਇਥੇ ਨਹੀਂ ਸੀ ਚੁਕਿਆ । ਪੰਜਾਬ ਵਿਚ ਛੇਤੀ ਹੀ ਪੰਜ ਕਰੋੜ ਰੁਪਏ ਦੀ ਪੂੰਜੀਗਤ ਲਾਗਤ ਨਾਲ ਪੰਜਾਬ ਅਨੁਸੂਚਿਤ ਜਾਤੀ ਤੋਂ ਵਿਕਾਸ ਅਤੇ ਵਿੱਤ-ਕਾਰਪੋਰੇਸ਼ਨ ਕਾਇਮ ਕੀਤੀ ਜਾ ਰਹੀ ਹੈ । ਔਰ ਇਸ ਦੇ ਨਾਲ ਹਰੀਜਨ ਭਰਾਵਾਂ ਨੂੰ ਔਰ ਪਛੜੀਆਂ ਜਾਤੀਆਂ ਦੇ ਭਰਾਵਾਂ ਨੂੰ ਖਾਸ ਫਾਇਦਾਂ ਪਹੁੰਚੇਗਾ । ਆਸ ਹੈ ਕਿ ਇਹ ਸਕੀਮ ਜਲਦੀ ਤੋਂ ਜਲਦੀ ਚਾਲੂ ਹੋ ਜਾਵੇਗੀ ।

ਡਿਪਟੀ ਸਪੀਕਰ ਸਾਹਿਬ, ਹਰੀਜਨ ਵਿਦਿਆਰਥੀਆਂ ਦੇ ਵਜ਼ੀਫੇ ਵੀ 6 ਰੁਪਏ ਤੋਂ ਵਧਾ ਕੇ 10 ਰੁਪਏ ਕਰ ਦਿਤੇ ਹਨ ਜਿਸ ਦੇ ਨਾਲ ਪਛੜੀਆਂ ਜਾਤੀਆਂ ਦੇ ਬੱਚਿਆਂ ਨੂੰ ਬਹੁਤ ਫਾਇਦਾ ਪੰਹੁਚੇਗਾ । ਇਹ ਵੀ ਇਕ ਬਹੁਤ ਅੱਛਾ ਕਦਮ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਅਰਜ਼ ਮੈਂ ਹੋਰ ਕਰਨੀ ਚਾਹੁੰਦਾ ਹਾਂ ਜਿਸ ਨੂੰ ਸੁਣ ਕੇ ਸਾਰੇ ਮੈਂਬਰ ਸਾਹਿਬਾਨ ਨੂੰ ਖੁਸ਼ੀ ਹੋਵੇਗੀ । ਉਹ ਇਹ ਹੈ ਕਿ ਓਲਡ ਏਜ ਪੈਨਸ਼ਨ ਅਤੇ ਨਿਆਸਰੇ ਲੋਕਾਂ ਵਾਸਤੇ ਇਸ ਦੇ ਵਿਚ 39 ਲੱਖ ਰੁਪਿਆ ਰਖਿਆ ਗਿਆ ਹੈ । ਇਹ ਵੀ ਇਕ ਬੜਾ ਅੱਛਾ ਕਦਮ ਹੈ । ਇਹੋ ਜਿਹਾ ਕਦਮ ਕਿਸੇ ਹੋਰ ਸਰਕਾਰ

[ਸਰਦਾਰ ਸ਼ਸ਼ਪਾਲ ਸਿੰਘ]

ਨੇ ਅਗੇ ਕਦੇ ਨਹੀਂ ਸੀ ਚੁਕਿਆ ਜਿਸ ਵੇਲੇ ਕੋਈ ਓਲਡ ਹੋ ਜਾਵੇਗਾ ਜਾਂ ਕੋਈ ਨਿਆਸਰਾ ਹੋ ਜਾਵੇਗਾ ਤਾਂ ਬਾਦ ਵਿਚ ਇਹ ਸਰਕਾਰ ਦਾ ਫਰਜ਼ ਬਣ ਜਾਵੇਗਾ ਕਿ ਉਸ ਵਲ ਧਿਆਨ ਦਿਤਾ ਜਾਵੇ । ਇਹ ਇਕ ਬਹੁਤ ਹੀ ਅੱਛਾ ਕਦਮ ਹੈ ਔਰ ਆਸ ਹੈ ਕਿ ਅਗੇ ਵਾਸਤੇ ਇਸ ਦੇ ਵਾਸਤੇ ਰਕਮ ਹੋਰ ਵੀ ਵਧਾਈ ਜਾਵੇਗੀ ।

ਆਖਿਰ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਇਕ ਹੋਰ ਬੜੀ ਅੱਛੀ ਗੱਲ ਕੀਤੀ ਹੈ ਕਿ ਅੰਮ੍ਰਿਤਸਰ ਵਿਚ ਟੂਰਿਸਟਾਂ ਵਾਸਤੇ ਇਕ ਹੋਟਲ ਬਣਾਇਆ ਜਾਵੇਗਾ ਅਤੇ ਜਿਸ ਤੇ 25 ਲੱਖ ਰੁਪਿਆ ਖਰਚ ਕੀਤਾ ਜਾਵੇਗਾ । ਇਸ ਦੇ ਨਾਲ ਜੋ ਯਾਤਰੂ ਦੂਸਰੇ ਮੁਲਕਾਂ ਵਿਚੋਂ ਜਾਂ ਸਾਰੇ ਹਿੰਦੁਸਤਾਨ ਵਿਚੋਂ ਆਉਂਦੇ ਹਨ ਉਨ੍ਹਾਂ ਨੂੰ ਅਰਾਮ ਪੰਹੁਚੇਗਾ ਅਤੇ ਉਨ੍ਹਾਂ ਦੀ ਤਕਲੀਫ ਦੂਰ ਹੋ ਜਾਵੇਗੀ । ਇਹ ਪਾਲਿਸੀ ਵੀ ਇਸ ਸਰਕਾਰ ਦੀ ਬੜੀ ਅੱਛੀ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਗਵਰਨਰ ਸਾਹਿਬ ਦੇ ਐਡਰੈਸ ਦਾ ਜੋ ਸਰਦਾਰ ਰਵੀਇਦਰ ਸਿੰਘ ਜੀ ਨੇ ਮਤਾ ਪੇਸ਼ ਕੀਤਾ ਹੈ, ਉਸ ਦੀ ਤਾਈਦ ਕਰਦਾ ਹਾਂ ਅਤੇ ਆਪ ਤੋਂ ਆਪਣੀ ਸੀਟ ਲੈਣ ਦੀ ਇਜ਼ਾਜ਼ਤ ਮੰਗਦਾ ਹਾਂ ।

Mr. Deputy Speaker . Motion moved—

That an address be presented to the Governor in the following terms;—

"That the Members of this House assembled in this Session are deeply grate ful to the Governor for the Address which he has been pleased to deliver to the House on the 15th January, 1971.

ਸਰਦਾਰ ਗੁਰਬੰਤਾ ਸਿੰਘ (ਕਰਤਾਰ ਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮੇਰੇ ਦੋਸਤ ਸਰਦਾਰ ਰਵੀਇੰਦਰ ਸਿੰਘ ਨੇ ਰੇਜ਼ੋਲਿਊਸ਼ਨ ਪੇਸ਼ ਕੀਤਾ ਹੈ ਔਰ ਸਰਦਾਰ ਸ਼ਸ਼ਪਾਲ ਸਿੰਘ ਨੇ ਉਸ ਦੀ ਤਾਈਦ ਕੀਤੀ ਹੈ ਕਿ ਗਵਰਨਰ ਸਾਹਿਬ ਨੇ ਇਥੇ ਆ ਕੇ ਜੋ 15 ਜਨਵਰੀ, 1971 ਨੂੰ ਅਡਰੈਸ ਕੀਤਾ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਨਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਸ਼ੁਕਰੀਆ ਅਦਾ ਨਹੀਂ ਕਰ ਸਕਦਾ ਅਤੇ ਨਾ ਹੀ ਮੈਂ ਤਾਈਦ ਕਰ ਸਕਦਾ ਹਾਂ । (ਅਪੋਜ਼ੀਸ਼ਨ ਬੈਂਚਾਂ ਵਲੋਂ ਤਾੜੀਆਂ) ਕਿਉਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਜੋ ਅਜ਼ਾਦੀ ਸਾਨੂੰ ਮਿਲੀ ਹੈ ਔਰ ਉਸ ਦੇ ਬਾਅਦ ਹਿੰਦੁਸਤਾਨ ਵਿਚ 26 ਜਨਵਰੀ, 1950 ਤੋਂ ਮਗਰੋਂ ਹਰ ਸਾਲ ਗਵਰਨਰ ਸਾਹਿਬ ਅਸੈਂਬਲੀ ਵਿਚ ਸਾਲ ਦੇ ਸ਼ੁਰੂ ਵਿਚ ਅਤੇ ਪਾਰਲੀਮੈਂਟ ਵਿਚ ਪ੍ਰੈਜ਼ੀਡੈਂਟ ਸਾਹਿਬ ਐਡਰੈਸ ਕਰਦੇ ਹਨ । ਭਾਵੇਂ ਮੈਂ ਇਸ ਵਾਰ ਗਵਰਨਰ ਸਾਹਿਬ ਨੂੰ ਐਡਰੈਸ ਪੜ੍ਹਦਿਆਂ ਨਹੀਂ ਸੁਣਿਆ ਕਿਉਂਕਿ ਅਸੀਂ ਬਾਹਰ ਚਲੇ ਗਏ ਸੀ (ਵਿਘਨ) ਪਰ ਸਚ ਕਰ ਕੇ ਜਾਣਿਉਂ ਕਿ ਮੈਂ ਇਸ ਐਡਰੈਸ ਨੂੰ 2-3 ਵਾਰੀ ਪੜ੍ਹਿਆ ਹੈ ਔਰ ਮੈਂ ਮਹਿਸੂਸ ਕੀਤਾ ਹੈ ਕਿ ਜਿਦਾਂ ਦਾ ਇਹ ਥੋਥਾ ਅਤੇ ਨਿਕੰਮਾ ਐਡਰੈਸ ਹੈ ਮੈਂ ਆਪਣੀ ਸਾਰੀ ਜ਼ਿੰਦਗੀ ਵਿਚ ਕਦੇ ਵੀ ਕੋਈ ਐਡਰੈਸ ਨਹੀਂ ਦੇਖਿਆ । (ਅਪੋਜ਼ੀਸ਼ਨ ਬੈਂਚਾਂ ਵਲੋਂ ਥੰਪਿੰਗ) ਇਸ ਐਡਰੈਂਸ ਦੇ ਵਿਚ ਕੋਈ ਪਾਲਿਸੀ ਦੀ ਗੱਲ ਨਹੀਂ, ਕੋਈ ਉਤਸ਼ਾਹ ਦੀ ਗਲ ਨਹੀਂ —(ਵਿਘਨ)

ਸ਼ਾਬੀ ਰੂਪ ਲਾਲ : ਆਨ ਏ ਪੁਆਇਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਦਾਰ ਗੁਰਬੰਤਾ ਸਿੰਘ ਨੇ ਜਿਹੜੇ ਇਹ ਲਫਜ਼ ਕਹੇ ਹਨ ਕਿ ਮੈਂ ਅੱਜ ਤਕ ਇਹੋ ਜਿਹਾ ਥੋਥਾ ਤੇ ਨਿੰਕਮਾ ਐਡਰੈਸ ਨਹੀਂ ਦੇਖਿਆ ਮੈਂ ਸਮਝਦਾ ਹਾਂ ਕਿ— (ਵਿਘਨ) (ਸ਼ੋਰ) ਜੋ ਕੁਝ ਕਰਵਾਇਆ ਹੈ ਇਨ੍ਹਾਂ ਨੇ ਕਰਵਾਇਆ ਹੈ । (ਵਿਘਨ) (ਸ਼ੋਰ)

Mr. Deputy Speaker : This is no Point of Order. Please resume your seat.

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰੇ ਇਕ ਦੋਸਤ ਨੇ ਇਤਰਾਜ਼ ਕੀਤਾ ਹੈ ਕਿ ਇਹ ਅਪੋਜ਼ੀਸ਼ਨ ਵਾਲੇ, ਜਿਸ ਵੇਲੇ ਗਵਰਨਰ ਸਾਹਿਬ ਆਏ, ਵਾਕ ਆਊਟ ਕਰ ਗਏ ਹਨ ਔਰ ਇਹ ਬੜੀ ਮਾੜੀ ਗੱਲ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦਾ ਮਾਣ ਕਰਦਾ ਹਾਂ । ਸਾਡੀ ਪਾਰਟੀ ਉਨ੍ਹਾਂ ਦਾ ਮਾਣ ਕਰਦੀ ਹੈ, ਉਨ੍ਹਾਂ ਦੀ ਇਜ਼ਤ ਕਰਦੀ ਹੈ, ਉਨ੍ਹਾਂ ਦਾ ਸਤਿਕਾਰ ਕਰਦੀ ਹੈ । ਉਹ ਸਾਡੀ ਸਟੇਟ ਦੇ ਕੰਸਟੀਚਿਊਸ਼ਨਲ ਹੈਡ ਹਨ । ਲੇਕਿਨ ਜੋ ਕੁਝ ਇਥੇ ਪੰਜਾਬ ਵਿਚ ਹੋਇਆ ਹੈ ਜ ਕੁਝ ਇਸ ਵੇਲੇ ਪੰਜਾਬ ਦਾ ਵਾਤਾਵਰਣ ਹੈ ਉਨ੍ਹਾਂ ਨੂੰ ਦੇਖ ਕੇ ਸਾਡੀ ਪਾਰਟੀ ਨੇ ਐਜ਼ ਏ ਪ੍ਰੋਟੈਸਟ ਵਾਕ-ਆਊਟ ਕੀਤਾ ਸੀ । ਜਿਹੜੀਆਂ-ਜਿਹੜੀਆਂ ਤਰੁਟੀਆਂ ਜਿਹੜੇ ਜਿਹੜੇ ਤਸ਼ੱਦਦ, ਜਿਹੜੀਆਂ ਜਿਹੜੀਆਂ ਔਕੜਾਂ ਔਰ ਜਿਹੜੇ ਜਿਹੜੇ ਮਾੜੇ ਕੰਮ ਪੰਜਾਬ ਵਿਚ ਇਸ ਵੇਲੇ ਹੋ ਰਹੇ ਹਨ ਉਨ੍ਹਾਂ ਦੇ ਲਈ ਅਸੀਂ ਪ੍ਰੋਟੈਸਟ ਕੀਤਾ ਸੀ ਔਰ ਇਸ ਕਰਕੇ ਵਾਕ-ਆਊਟ ਕੀਤਾ ਸੀ । (ਅਪੋਜ਼ੀਸ਼ਨ ਪਾਰਟੀ ਵਲੋਂ ਥਪਿੰਗ) (ਵਿਘਨ)

ਸ੍ਰੀ ਡਿਪਟੀ ਸਪੀਕਰ : ਮਾਸਟਰ ਜੀ, ਮੈਂ ਤੁਹਾਡੇ ਕੋਲੋਂ ਹੀ ਇਕ ਗੱਲ ਪੁਛਦਾ ਹਾਂ ਕਿ ਤੁਹਾਡਾ ਕੀ ਖਿਆਲ ਹੈ ਕਿ ਇਸ ਤਰ੍ਹਾਂ ਕਰਨ ਨਾਲ ਡੈਮੋਕਰੇਸੀ ਦੀ ਰਵਾਇਤ ਚੰਗੀ ਹੁੰਦੀ ਹੈ ?(I would like to know from Master Jee whether by staging such walk-outs would they be setting up healthy democratic conventions?)

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਗੱਲ ਤਾਂ ਤੁਹਾਡੀ ਠੀਕ ਹੈ । (ਵਿਘਨ) (ਹਾਸਾ)

Dr. Amir Singh Kalkat : Sir, I want to know whe ther the Chair is competent to ask such an irrelevent question.?

Mr. Deputy Speaker : I can certainly do so.

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਇਸ ਅਸੰਬਲੀ ਵਿਚ, ਇਸ ਅਸੰਬਲੀ ਦੇ ਹਾਊਸ ਵਿਚ ਮੈਨੂੰ ਲਗ ਭੱਗ 25 ਸਾਲ ਹੋ ਗਏ ਹਨ ਮੈਂਬਰ ਬਣੇ ਨੂੰ, ਮੈਂ ਵੇਖਿਆ ਕਿ ਅਗਰ ਕੋਈ ਚੀਜ਼ ਆਪੋਜ਼ੀਸ਼ਨ ਨੂੰ ਚੰਗੀ ਨਹੀਂ ਲਗੀ, ਅਗਰ ਸਰਕਾਰ ਨੇ ਆਪੋਜ਼ੀਸ਼ਨ ਦੇ ਸੈਂਟੀਮੈਂਟਸ ਨੂੰ ਕਰਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਆਪੋਜ਼ੀਸ਼ਨ ਦੀ ਇਹ ਰਵਾਇਤ ਰਹੀ ਹੈ ਕਿ ਉਹ ਵਾਕ-ਆਊਟ ਕਰੇ ਅਤੇ ਆਪਣਾ ਰੋਸ ਪ੍ਰਗਟ ਕਰੇ । ਮੈਂ ਸਮਝਦਾ ਹਾਂ ਕਿ ਇਹ ਬੜੀ ਚੰਗੀ ਰਿਵਾਇਤ ਹੈ......(ਵਿਘਨ) ।

ਕੈਪਟਨ ਰਤਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਇਕ ਬੜਾ ਰੈਲੇਵੈਂਟ ਕੁਐਸਚਨ ਪੁਛਿਆ ਹੈ । ਮੈਂ ਪੁਛਦਾ ਹਾਂ ਕਿ ਕੀ ਇਹ ਡੈਮੋਕਰੇਸੀ ਵਿਚ ਠੀਕ ਹੈ ਕਿ ਫਲੋਰ ਕਰਾਸਿੰਗ ਹੋ ਜਾਏ ਔਰ ਗੌਰਮਿੰਟ ਚਲਦੀ ਰਹੇ ? (ਵਿਘਨ) ਮੈਂ ਕਹਿੰਦਾ ਹਾਂ ਕਿ ਡੈਮੋਕਰੇਸੀ ਦੀ ਇਹ ਪਹਿਲੀ ਰਵਾਇਤ ਹੈ ਕਿ ਜਿਸ ਪਾਰਟੀ

[ਕੈਪਟਨ ਰਤਨ ਸਿੰਘ]

ਦੇ ਟਿਕਟ ਤੇ ਜੋ ਮੈਂਬਰ ਸਾਹਿਬ ਚੁਣ ਕੇ ਆਇਆ ਹੋਵੇ, ਉਹ ਉਸ ਪਾਰਟੀ ਵਿਚ ਸਟਿਕ ਕਰੇ, ਨਹੀਂ ਤਾਂ ਆਪਣੀ ਸੀਟ ਤੋਂ ਰੀਜ਼ਾਈਨ ਕਰਕੇ ਦੋਬਾਰਾ ਚੋਣ ਲੜ ਕੇ ਆਵੇ ।

ਸ੍ਰੀ ਡਿਪਟੀ ਸਪੀਕਰ : ਇਹ ਦਰੁਸਤ ਹੈ । (The views expressed by the hon. Member are correct.)

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਹੋ ਜਿਹੀ ਗੱਲ ਨਹੀਂ ਪੁਛਣੀ ਚਾਹੀਦੀ ਸੀ, ਤੁਸੀਂ ਇਕ ਬੜੀ ਉਚੀ ਜਗ੍ਹਾ ਤੇ ਬੈਠੇ ਹੋ, ਮੈਂ ਕੁਐਸਚਨ ਨਹੀਂ ਕਰਦਾ ਤੁਸੀਂ ਆਪੇ ਹੀ ਸੋਚ ਲਵੋ ਕਿ ਤੁਸੀਂ ਇਥੇ ਕਿਸ ਤਰ੍ਹਾਂ ਬੈਠੇ ਹੋ । ਇਹ ਡੈਮੋਕਰੇਸੀ ਤਾਂ ਨਹੀਂ ਕਿ ਇਕ ਪਾਰਟੀ ਤੋਂ ਚੋਣ ਚੁਣ ਕੇ ਆਏ ਹੋਵੋ ਅਤੇ ਸਿਰਫ ਡਿਪਟੀ ਸਪੀਕਰ ਬਣਨ ਦੀ ਖਾਤਰ ਉਸ ਪਾਰਟੀ ਨੂੰ ਛਡ ਕੇ ਦੂਜੀ ਪਾਰਟੀ ਵਿਚ ਸ਼ਾਮਲ ਹੋ ਜਾਵੋ । ਉਹ ਸਰਦਾਰ ਗੁਰਮੀਤ ਸਿੰਘ ਬੈਠੇ ਹਨ, ਬਾਜਵਾ ਸਾਹਿਬ ਬੈਠੇ ਹਨ, ਰਿਆਸਤੀ ਜੀ ਬੈਠੇ ਹਨ, ਇਹ ਕੋਈ ਡੈਮੋਕਰੇਸੀ ਹੈ (ਵਿਘਨ) (ਸ਼ੋਰ)

ਸਰਦਾਰ ਗੁਰਮੀਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਮਨਮੋਹਨ ਕਾਲੀਆ : ਸਾਡੀ ਪਾਰਟੀ ਨੂੰ ਤਾਂ ਜਨਾਬ ਸੈਕੂਲਰ ਤੋਂ ਕਮਿਉਨਲ ਕਰ ਗਏ । (ਵਿਘਨ) । (ਸ਼ੋਰ) ।

ਸਰਦਾਰ ਗੁਰਮੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਦਾਰ ਗੁਰਬੰਤਾ ਸਿੰਘ ਨੇ ਮੇਰਾ ਪਰਸਨਲ ਨਾਂ ਲਿਆ ਹੈ, ਮੈਂ ਅਰਜ਼ ਕਰਾਂ ਕਿ ਮੈਂ ਮੁਢ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਦਾ ਮੈਂਬਰ ਸੀ ਅਤੇ ਮੈਂ ਮੁੜ ਉਸ ਦਲ ਵਿਚ ਸ਼ਾਮਲ ਹੋ ਗਿਆ ਹਾਂ । ਮੈਂ ਅਕਾਲੀ ਦਲ ਵਿਚੋਂ ਹੀ ਗਿਆ ਸੀ ਅਤੇ ਅਕਾਲੀ ਦਲ ਵਿਚ ਹੀ ਆਇਆ ਹਾਂ । ਇਨ੍ਹਾਂ ਨੂੰ ਇਹ ਸ਼ਬਦ ਵਾਪਸ ਲੈਣੇ ਚਾਹੀਦੇ ਹਨ । ਦੂਸਰੇ ਮੈਂ ਹੁਣ ਅਕਾਲੀ ਦਲ ਦੇ ਟਿਕਟ ਤੋਂ ਹੀ ਚੋਣ ਲੜ ਕੇ ਆਇਆ ਹਾਂ (ਵਿਘਨ)

ਦੂਸਰੀ ਗੱਲ ਇਹ ਹੈ ਕਿ ਡਿਪਟੀ ਸਪੀਕਰ ਸਾਹਿਬ ਦੇ ਬਾਰੇ ਵਿਚ ਕੁਝ ਸ਼ਬਦ ਕਹੇ ਗਏ ਹਨ ਜੋ ਕਾਬਲੇ ਇਤਰਾਜ਼ ਹਨ । ਡਿਪਟੀ ਸਪੀਕਰ ਸਾਹਿਬ ਚੂੰਕਿ ਚੇਅਰ ਤੇ ਬਿਰਾਜਮਾਨ ਹਨ ਅਤੇ ਇਹ ਚੇਅਰ ਬੜੀ ਕਾਬਲੇ ਇਹਤਰਾਮ ਹੈ ਇਹ ਕੁਐਸਚਨ ਨਹੀਂ ਹੋਣੇ ਚਾਹੀਦੇ ਸਨ, ਅਤੇ ਚੇਅਰ ਬਾਰੇ ਜੋ ਸ਼ਬਦ ਕਹੇ ਗਏ ਹਨ ਉਹ ਵੀ ਵਾਪਸ ਲੈਣੇ ਚਾਹੀਦੇ ਹਨ (ਵਿਘਨ)

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਤੁਸੀਂ ਇਹ ਗੱਲ ਛੇੜ ਦਿਤੀ ਤੇ ਮੈਂ ਜਵਾਬ ਦੇ ਦਿਤਾ, ਵਰਨਾ ਮੇਰੀ ਕਿਸੇ ਨਾਲ ਜ਼ਾਤੀ ਰੰਜਸ਼ ਨਹੀਂ ਹੈ ਅਤੇ ਨਾ ਹੀ ਮੈਂ ਕੋਈ ਐਸੀ ਗੱਲ ਕਰਨ ਦਾ ਵਿਚਾਰ ਰਖਦਾ ਸੀ । ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਇਹ ਡੈਮੋਕਰੈਸੀ ਹੈ, ਕਿਨੇ ਆਦਮੀ ਇਥੇ ਮੌਜੂਦ ਹਨ ਅਤੇ ਦੂਸਰੇ ਕੁਝ ਇਥੇ ਹਾਜ਼ਰ ਨਹੀਂ ਹਨ ਅਤੇ ਕਿਨੇ ਆਦਮੀ ਇਥੇ ਚੰਗੇ ਚੰਗੇ ਉਹਦਿਆਂ ਤੇ ਬੈਠੇ ਹਨ, ਇਹ ਕੋਈ ਡੈਮੋਕਰੈਸੀ ਹੈ ਇਹ ਤਾਂ ਲੁਟ ਪਈ ਹੋਈ ਹੈ . . . . . . (ਵਿਘਨ) ਮੈਂ ਸਚ ਮੁਚ ਇਹ ਗੱਲ ਨਹੀਂ ਕਰਨਾ ਚਾਹੁੰਦਾ ਸੀ ।

ਸ੍ਰੀ ਡਿਪਟੀ ਸਪੀਕਰ : ਮਾਸਟਰ ਜੀ, ਅਸੀਂ ਤਾਂ ਬੱਚੇ ਹਾਂ ਕਰ ਲਈ, ਪਰ ਤੁਹਾਨੂੰ

ਅਜਿਹੀ ਗਲ ਨਹੀਂ ਕਰਨੀ ਚਾਹੀਦੀ .. .. .. (ਵਿਘਨ) (*Addressing Master Gurbanta Singh* : Being inexperienced we could have committed this mistake but such an experienced and seasoned Parliamentarian like you should not have talked like this.)

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੈਂ ਤਾਂ ਸਾਰੇ ਆਨਰੇਬਲ ਮੈਂਬਰਾਂ ਦਾ ਮਾਣ ਕਰਦਾ ਹਾਂ ਅਤੇ ਸਾਰੇ ਮੇਰੇ ਛੋਟੇ ਭਾਈ ਨੇ, ਮੈਂ ਸਾਰਿਆਂ ਦੀ ਕਦਰ ਕਰਦਾ ਹਾਂ .. .. .. (ਵਿਘਨ) ।

ਡਿਪਟੀ ਸਪੀਕਰ ਸਾਹਿਬ, ਇਸ ਐਡਰੈਸ ਵਿਚ ਜਿਹੜੀ ਪਹਿਲੀ ਗੱਲ ਦਾ ਗਵਰਨਰ ਸਾਹਿਬ ਨੇ ਫਾਜ਼ਿਲਕਾ ਦਾ ਜ਼ਿਕਰ ਕੀਤਾ ਹੈ, ਉਹ ਨਹੀਂ ਸੀ ਕਰਨਾ ਚਾਹੀਦਾ । ਇਹ ਜਿਹੜੀ ਸਰਕਾਰ ਹੈ, ਇਨ੍ਹਾਂ ਦੇ ਪਹਿਲੇ ਚੀਫ ਮਨਿਸਟਰ ਸਾਹਿਬ, ਜਿਹੜੇ ਇਸ ਵਕਤ ਇਥੇ ਹਾਜ਼ਰ ਨਹੀਂ ਹਨ, ਉਨ੍ਹਾਂ ਨੇ ਗੌਰਮਿੰਟ ਆਫ ਇੰਡੀਆ ਨੂੰ ਇਸ ਬਾਰੇ ਲਿਖ ਕੇ ਦਿਤਾ, ਇਨ੍ਹਾਂ ਦੇ ਦਸਤਖਤ ਮੌਜੂਦ ਹਨ । ਇਸ ਖੁਸ਼ੀ ਵਿਚ ਇਨ੍ਹਾਂ ਨੇ ਦੀਪ ਮਾਲਾ ਕੀਤੀਆਂ ਅਤੇ ਬੜੀਆਂ ਖੁਸ਼ੀਆਂ ਮਨਾਈਆਂ, ਇਨ੍ਹਾਂ ਨੇ ਤੇ ਇਨ੍ਹਾਂ ਦੀ ਹਾਈ ਕਮਾਂਡ ਨੇ । ਇਸ ਕਰਕੇ ਇਨ੍ਹਾਂ ਨੂੰ ਇਹ ਚੀਜ਼ ਕਹਿਣੀ ਨਹੀਂ ਸੀ ਚਾਹੀਦੀ । ਇਹ ਤਾਂ ਬਾਦ ਵਿਚ ਇਨ੍ਹਾਂ ਦੀ ਆਪਸ ਵਿਚ ਕੰਟਰੋਵਰਸੀ ਹੋ ਗਈ । ਇਹ ਹੁਣ ਜੋ ਮਰਜ਼ੀ ਆਏ ਕਹਿਣ, ਪਰ ਉਸ ਵਕਤ ਸਰਦਾਰ ਗੁਰਨਾਮ ਸਿੰਘ ਬੀਬੀ ਇੰਦਰਾ ਗਾਂਧੀ ਨੂੰ ਅਤੇ ਚੌਹਾਨ ਜੀ ਨੂੰ ਕਹਿ ਕੇ ਆਏ ਕਿ ਸਾਨੂੰ ਇਹ ਫਾਜ਼ਿਲਕਾ ਦਾ ਫੈਸਲਾ ਮਨਜ਼ੂਰ ਹੈ ਅਤੇ ਇਨ੍ਹਾਂ ਨੇ ਉਸ ਵੇਲੇ ਦੀਪ ਮਾਲਾ ਦਾ ਇਲਾਨ ਕੀਤਾ ।

ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਹੋਰ ਡਰ ਲਗਦਾ ਹੈ, ਮੈਂ ਮਹਿਸੂਸ ਕਰਦਾ ਹਾਂ, ਮੈਂ ਪੰਜਾਬੀ ਹਾਂ, ਪੰਜਾਬ ਦੇ ਰਹਿਣ ਵਾਲਾ ਹਾਂ, ਮੈਂ ਪੰਜਾਬ ਦੀ ਅਸੈਂਬਲੀ ਦਾ ਲੈਜਿਸਲੇਟਰ ਹਾਂ, ਉਹ ਡਰ ਇਹ ਹੈ ਕਿ ਇਹ ਕਹਿਣ ਲਗ ਪਏ ਨੇ ਕਿ ਸਾਡੇ ਪੰਜਾਬ ਦੇ 13 ਮੈਂਬਰ ਹਨ ਅਤੇ ਯੂ. ਪੀ. ਦੇ 85 ਮੈਂਬਰ ਹਨ, ਇਸ ਲਈ ਸਾਡੀ ਵਾਇਸ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਪਹਿਲੇ 26-27 ਮੈਂਬਰਜ਼ ਸਨ 13 ਪੰਜਾਬ ਵਿਚ ਰਹਿ ਗਏ, 9 ਹਰਿਆਣਾ ਵਿਚ ਚਲੇ ਗਏ ਅਤੇ 4 ਹਿਮਾਚਲ ਵਿਚ । ਫਿਰ ਇਹ ਪੰਜਾਬ ਨੂੰ ਆਪ ਹੀ ਛੋਟੇ ਤੋਂ ਛੋਟਾ ਕਰਨ ਲਗੇ ਹੋਏ ਹਨ । ਮੈਨੂੰ ਇਹ ਡਰ ਹੈ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ, ਸ਼੍ਰੀ ਬਾਦਲ ਜੀ, ਵੈਸੇ ਬੜੇ ਮਾਨਯੋਗ ਹਨ, ਮੈਂ ਕਹਿੰਦਾ ਹਾਂ ਕਿ ਜਿਹੜਾ ਗਵਰਨਰ ਸਾਹਿਬ ਦੇ ਐਡਰੈਸ ਵਿਚ ਲਿਖਿਆ ਹੈ ਕਿ ਕੋਈ ਕਮਿਸ਼ਨ ਬਣਾਇਆ ਜਾਵੇ, ਕਿਤੇ ਐਸਾ ਨਾ ਹੋਵੇ ਕਿ ਸ਼੍ਰੀ ਬਾਦਲ ਜੀ ਜਾਂ ਕੋਈ ਹੋਰ ਵਰਤ ਰਖ ਲੈਣ ਅਤੇ ਸਾਡੇ ਦੋ ਤਿੰਨ ਜ਼ਿਲ੍ਹੇ ਹੋਰ ਘੱਟ ਜਾਣ ਅਤੇ ਹਰਿਆਣਾ ਅਤੇ ਹਿਮਾਚਲ ਵਾਲੇ ਛਾਲਾਂ ਮਾਰਦੇ ਇਥੇ ਆ ਜਾਣ । (ਵਿਘਨ)

ਡਿਪਟੀ ਸਪੀਕਰ ਸਾਹਿਬ, ਇਕ ਗੱਲ ਹੋਰ ਇਹ ਹੈ, ਵੈਸੇ ਤੁਸੀਂ ਵੀ ਹਿਸਟਰੀ ਪੜ੍ਹੀ ਹੋਣੀ ਹੈ, ਮੈਂ ਵੀ ਪੜ੍ਹੀ ਹੈ ਅਤੇ ਇਨ੍ਹਾਂ ਸਾਰੇ ਮੈਂਬਰ ਸਾਹਿਬਾਨ ਨੇ ਵੀ ਪੜ੍ਹੀ ਹੋਵੇਗੀ । ਮੁੱਢ ਤੋਂ ਲੈ ਕੇ ਅਸੀਂ ਪੜ੍ਹਦੇ ਆਏ ਹਾਂ ਕਿ ਸਾਰੀ ਦੁਨੀਆਂ ਵਿਚ ਸਾਰੇ ਬਾਦਸ਼ਾਹ, ਸਾਰੀਆਂ ਰਿਆਸਤਾਂ, ਸਾਰੇ ਹੁਕਮਰਾਨ, ਇਹ ਕੋਸ਼ਿਸ਼ ਕਰਦੇ ਰਹੇ, ਲੜਾਈ ਕਰਦੇ ਰਹੇ, ਝਗੜੇ ਕਰਦੇ ਰਹੇ, ਖੂਨਰੇਜ਼ੀਆਂ ਕਰਦੇ ਰਹੇ ਕਿ ਸਾਡੀ ਸਰਕਾਰ "ਰਿਆਸਤ" ਵਡੀ ਹੋਵੇ ਸਾਡਾ ਮੁਲਕ ਵਡਾ ਹੋਵੇ, ਪਰ ਮੈਨੂੰ ਅਫਸੋਸ ਹੈ ਕਿ ਸਾਡਾ ਸੂਬਾ ਛੋਟਾ ਹੋ ਗਿਆ । ਹੁਣ ਕਹਿੰਦੇ ਹਨ ਕਿ ਸਾਡੀ ਸੈਂਟਰ ਵਿਚ ਪੁਛ ਨਹੀਂ । ਮੈਂ ਕਹਿੰਦਾ ਹਾਂ ਕਿ ਤੁਹਾਡੇ 13 ਦੀ ਪੁੱਛ ਨਹੀਂ, ਅਸੀਂ 13 ਪੁਛਾਂਗੇ ਅਤੇ ਦੇਸ਼ ਦੀ ਰਖਵਾਲੀ ਲਈ ਇਕ ਲਾਈਨ ਵਿਚ ਖੜੇ ਕਰ ਦਿਆਂਗੇ ।

[ਸਰਦਾਰ ਗੁਰਬੰਤਾ ਸਿੰਘ]

ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਗਵਰਨਰ ਐਡਰੈਸ ਵਿਚ ਲਿਖਿਆ ਹੈ ਕਿ ਪੰਜਾਬ ਵਿਚ ਕਾਨੂੰਨ ਬੜਾ ਚੰਗਾ ਰਿਹਾ ਹੈ, ਬੜਾ ਤਸੱਲੀਬਖਸ਼ ਰਿਹਾ ਹੈ, ਲਾਅ ਐਂਡ ਆਰਡਰ ਦੀ ਹਾਲਤ ਅੱਛੀ ਰਹੀ ਹੈ, ਪਰ ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਚੀਜ਼ ਵੇਖ ਕੇ ਬੜਾ ਅਫ਼ਸੋਸ ਹੋਇਆ ਹੈ। ਡਿਪਟੀ ਸਪੀਕਰ ਸਾਹਿਬ ਮੈਂ ਅਰਜ਼ ਕਰਾਂ ਕਿ ਸਾਡੇ ਪੰਜਾਬ ਦੇ ਜਿਹੜੇ ਅਫ਼ਸਰ ਹਨ, ਇਨ੍ਹਾਂ ਦਾ ਸਾਰੇ ਹਿੰਦੁਸਤਾਨ ਵਿਚ ਮਾਣ ਹੁੰਦਾ ਸੀ, ਇੱਜ਼ਤ ਹੁੰਦੀ ਸੀ, ਇਨ੍ਹਾਂ ਨੂੰ ਬੜੇ ਚੰਗੇ ਅਫ਼ਸਰ ਸਮਝਿਆ ਜਾਂਦਾ ਸੀ, ਇਸ ਕੇਸ ਵਿਚ ਮੈਂ ਦਸਾਂ ਕਿ ਇਨ੍ਹਾਂ ਅਫ਼ਸਰਾਂ ਨੇ ਜੋ ਕੁਝ ਲਿਖ ਕੇ ਦਿਤਾ, ਗੌਰਮਿੰਟ ਨੇ ਬਿਨਾ ਕੁਝ ਦੇਖਿਆਂ ਅਪਰੂਵਲ ਦੇ ਦਿਤੀ ਅਤੇ ਗਵਰਨਰ ਸਾਹਿਬ ਨੇ ਪੜ੍ਹ ਦਿਤਾ ਕਿ ਲਾਅ ਐਂਡ ਆਰਡਰ ਦੀ ਹਾਲਤ ਅੱਛੀ ਹੈ ਕਾਨੂੰਨ ਸਾਡੇ ਪੰਜਾਬ ਵਿਚ ਚੰਗਾ ਰਿਹਾ। ਮੈਂ ਡਿਪਟੀ ਸਪੀਕਰ ਸਾਹਿਬ, ਅਰਜ਼ ਕਰਾਂ ਕਿ ਇਸ ਦੌਰਾਨ ਕਿੰਨੇ ਮਰਡਰ ਹੋਏ, ਦਿਨ ਦਿਹਾੜੇ ਕਤਲ ਹੋਏ। ਮੇਰੇ ਦੋਸਤ ਸਰਦਾਰ ਬਸੰਤ ਸਿੰਘ ਸਾਡੀ ਪੰਜਾਬ ਦੀ ਅਸੈਂਬਲੀ ਦੇ ਉਘੇ ਲੈਜਿਸਲੇਟਰ ਸਨ ਦਿਨ ਦਿਹਾੜੇ ਉਨ੍ਹਾਂ ਦਾ ਮਰਡਰ ਕੀਤਾ ਗਿਆ। ਸ੍ਰੀ ਹਰੀ ਚੰਦ ਜੀ ਜੋ ਇਸ ਪੰਜਾਬ ਦੀ ਅਸੈਂਬਲੀ ਦੇ ਐਕਸ ਐਮ. ਐਲ. ਏ. ਸਨ ਉਨ੍ਹਾਂ ਦਾ ਵੀ ਦਿਨ ਦਿਹਾੜੇ ਕਤਲ ਹੋਇਆ ਇਸ ਤੋਂ ਇਲਾਵਾ ਇਕ ਰੀਟਾਇਰਡ ਜਨੱਰਲ ਕਤਲ ਹੋਏ ਪਰ ਉਨ੍ਹਾਂ ਦਾ ਹਾਲਾਂ ਤਕ ਸਰਕਾਰ ਨੇ ਕੁਝ ਨਹੀਂ ਪਤਾ ਕੀਤਾ। (ਵਿਘਨ) (ਸ਼ੋਰ)

ਉਪ ਮੰਤਰੀ ਮਾਲ (ਵੈਦ ਕਰਤਾਰ ਸਿੰਘ) : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੇਰੇ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਕਿ ਲਾਅ ਐਂਡ ਆਰਡਰ ਦੀ ਮਿਟੀ ਪਲੀਤ ਹੋਈ ਹੈ ਅਤੇ ਹੋਰ ਵੀ ਇਸ ਬਾਰ ਬਹੁਤ ਕੁਝ ਕਿਹਾ ਹੈ। ਮੈਂ ਅਰਜ਼ ਕਰਾਂ ਕਿ ਇਨ੍ਹਾਂ ਦੇ ਰਾਜ ਵਿਚ ਇਨ੍ਹਾਂ ਦੇ ਮੁੱਖ ਮੰਤਰੀ ਦਾ ਦਿਨ ਦਿਹਾੜੇ ਕਤਲ ਹੋਇਆ....(ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। (This is no point of order.)

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਇੰਨੇ ਜ਼ਿਆਦਾ ਕਤਲ ਹੋਏ, ਡਕੈਤੀਆਂ ਹੋਈਆਂ ਜਿੰਨੀਆਂ ਪਹਿਲਾਂ ਕਦੇ ਨਹੀਂ ਹੋਈਆਂ। ਫਿਰ ਜਿਸ ਨੂੰ ਵੀ ਫੜਨਾ ਹੋਇਆ ਨਕਸਲਾਈਟ ਕਹਿ ਕੇ ਫੜ ਲਿਆ, ਭਾਵੇਂ ਉਸ ਦਾ ਕਸੂਰ ਹੋਵੇ ਜਾਂ ਨਾ। ਜੋ ਭੁਖੇ ਨੌਜਵਾਨ ਸਕੂਲਾਂ ਕਾਲਜਾਂ ਵਿਚੋਂ ਨਿਕਲਦੇ ਹਨ ਉਨ੍ਹਾਂ ਨੂੰ ਕੰਮ ਤਾਂ ਮਿਲਦਾ ਨਹੀਂ, ਉਹ ਕੀ ਕਰਨ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਬੇਕਾਰੀ ਦਾ ਜ਼ਿਕਰ ਹੀ ਨਹੀਂ ਕੀਤਾ। ਇਸ ਨੂੰ ਦੂਰ ਤਾਂ ਕੀ ਕਰਨਾ ਹੈ। ਸੂਬੇ ਵਿਚ ਹਾਲਾਤ ਠੀਕ ਨਹੀਂ ਹਨ। ਮਰਡਰ, ਡਾਕੇ ਅਤੇ ਰੇਪ ਹੋ ਰਹੇ ਹਨ। ਚੀਫ ਮਨਿਸਟਰ ਚੰਗਾ ਨੌਜਵਾਨ ਹੈ, ਉਸ ਦੇ ਦਿਲ ਵਿਚ ਉਤਸ਼ਾਹ ਹੈ। (ਵਿਘਨ) ਮੈਂ ਇਨ੍ਹਾਂ ਪਾਸ ਫ਼ਰਿਆਦ ਕੀਤੀ, ਮੇਰੇ ਨਾਲ 4 ਹੋਰ ਪਤਵੰਤੇ ਆਦਮੀ ਵੀ ਸਨ, ਅਸੀਂ ਕਿਹਾ ਕਿ ਡੀ. ਸੀ. ਦੇ ਹੁਕਮ ਨਾਲ ਹਰੀਜਨਾਂ ਦੇ 18 ਘਰ ਉਜਾੜ ਦਿਤੇ। ਪੁਲਿਸ ਦੇ 25 ਸਿਪਾਹੀ ਗਏ, ਨਾਲ ਗੁੰਡਿਆਂ ਨੂੰ ਲੈ ਗਏ। ਟ੍ਰਕ ਵਿਚ ਮਿਟੀ, ਇੱਟਾਂ ਵੀ ਲੈ ਗਏ। ਮੈਂ, ਕੇ. ਪੀ. ਸਾਹਿਬ ਅਤੇ 3-4 ਹੋਰ ਆਦਮੀ ਡੀ. ਸੀ. ਪਾਸ ਗਏ। ਉਸ ਨੇ ਕਿਹਾ ਕਿ ਇਹ ਘਰ ਉਸ ਦੇ ਹੁਕਮ ਨਾਲ ਉਜਾੜੇ ਗਏ ਹਨ, ਅਸੀਂ ਕਿਹਾ ਕਿ ਇਸ ਗੱਲ ਦਾ ਆਪ ਨੂੰ ਹਕ ਨਹੀ ਹੈ। ਇਸ ਲਈ ਪਹਿਲਾਂ ਜੁਡੀਸ਼ਰੀ ਤੋਂ ਡਿਗਰੀ ਲਉ, ਕੋਈ ਵਾਰੰਟ ਲਉ ਫੇਰ ਉਜਾੜ ਸਕਦੇ ਹੋ। ਪਰ ਇਨ੍ਹਾਂ ਅਫਸਰ ਤਾਂ ਯਤਾਨਿਆਂ ਨਾਲ ਰਖੇ ਹੋਏ ਹਨ। ਮੈਂ ਬਾਦਲ ਸਾਹਿਬ ਨੂੰ ਕਿਹਾ। ਇਨ੍ਹਾਂ ਨੇ ਮਿਹਰਬਾਨੀ ਕਰਕੇ ਇਕ ਅਫ਼ਸਰ ਤਫਤੀਸ਼ ਲਈ ਭੇਜਿਆ, ਉਸ ਨੇ

ਰਿਪੋਰਟ ਦਿਤੀ ਅਤੇ ਕਿਹਾ ਕਿ ਥਾਨੇਦਾਰ ਨੂੰ ਬਦਲ ਦਿਉ । ਉਸ ਨੂੰ ਹੋਰ ਚੰਗੀ ਥਾਂ ਬਦਲ ਦਿਤਾ । ਅਸੀਂ ਫਿਰ ਰਿਕਵੈਸਟ ਕੀਤੀ ਇਨ੍ਹਾਂ ਪਾਸ । ਇਨ੍ਹਾਂ ਨੇ ਫਿਰ ਇਕ ਅਫ਼ਸਰ ਨੂੰ ਭੇਜਿਆ । ਅਸੀਂ ਇਨ੍ਹਾਂ ਨੂੰ ਕਹਿੰਦੇ ਹਾਂ ਕਿ ਜਿਹੜੇ ਘਰਾਨਿਆਂ ਨਾਲ ਅਫਸਰ ਲਾਉਣੇ ਹਨ ਉਨ੍ਹਾਂ ਨੂੰ ਫੀਲਡ ਵਿਚ ਨਾ ਲਾਉ, ਸੈਕਟਰੀ ਲਾ ਲਉ, ਆਪਣੇ ਪੀ. ਏ. ਲਾ ਲਉ । ਕੰਮ ਤਾਂ ਉਹ ਗਲਤ ਕਰਦੇ ਹਨ ਪਰ ਬਦਨਾਮ ਬਾਦਲ ਹੁੰਦਾ ਹੈ । ਲੋਕ ਸਾਨੂੰ ਕਹਿੰਦੇ ਹਨ ਕਿ ਤੁਸੀਂ ਇਸ ਤਰ੍ਹਾਂ ਦੀ ਸਰਕਾਰ ਨੂੰ ਕੋਅਪਰੇਸ਼ਨ ਕਿਉਂ ਦਿੰਦੇ ਹੋ । ਡਿਪਟੀ ਸਪੀਕਰ ਸਾਹਿਬ, ਗੜ੍ਹੇ ਪਿੰਡ ਵਿਚ ਪੁਲਿਸ ਨੇ ਇਕ ਹਰੀਜਨ ਦਾ ਮਕਾਨ ਢਾਹ ਦਿਤਾ । ਉਸ ਨੇ ਸਾਨੂੰ ਕਿਹਾ ਅਸੀਂ D.I.G. ਪਾਸ ਪਰੋਟੈਸਟ ਕੀਤਾ ਇਸ ਤੇ ਪੁਲਿਸ ਦਾ ਇਨਚਾਰਜ ਕਹਿਣ ਲਗਾ ਕਿ ਮਾਸਟਰ ਜੀ ਕਿਉਂ ਗੁਸੇ ਹੁੰਦੇ ਹੋ, ਪਹਿਲਾਂ ਪੁਲਿਸ ਨੇ ਢਾਇਆ ਹੁਣ ਬਣਾ ਵੀ ਦੇਵੇਗੀ । ਫਿਰ ਉਨ੍ਹਾਂ ਨੇ ਉਹ ਘਰ ਬਣਵਾ ਦਿਤਾ । (ਹਾਸਾ) ਫਿਰ ਇਕ ਪਿੰਡ ਹੈ ਸਾਂਗੋ ਸੁਹਲ । ਉਥੇ ਪੁਲਿਸ ਨੇ ਨਾਜਾਇਜ਼ ਇਕ ਕੋਠਾ ਖੜੇ ਹੋਕੇ ਬਣਵਾਇਆ । ਜਟ ਕਹਿੰਦਾ ਰਿਹਾ ਕਿ ਨਹੀਂ ਬਣਨ ਦੇਣਾ ਪਰ ਪੁਲਿਸ ਨੇ ਆਪ ਬਣਵਾਇਆ । ਫਿਰ 7-8 ਆਦਮੀ ਪਕੜ ਲਏ, ਜਿਸ ਦੀ ਜਗ੍ਹਾ ਸੀ ਉਸ ਨੂੰ ਪਕੜ ਲਿਆ ਉਸ ਨੂੰ ਹਥਕੜੀ ਲਾਈ । ਪੁਲਿਸ ਆਪ ਨਾਜਾਇਜ਼ ਗੱਲਾਂ ਕਰਵਾਉਂਦੀ ਹੈ । ਇਹੀ ਨਹੀਂ, ਡਿਪਟੀ ਸਪੀਕਰ ਸਾਹਿਬ, ਸਾਂਧਾਂਵਾਲੀ ਦਾ ਇਕ ਸੂਬੇਦਾਰ ਦਾ ਲੜਕਾ ਚੀਨ ਦੀ ਲੜਾਈ ਵਿਚ ਮਾਰਿਆ ਗਿਆ । ਉਸ ਦੇ ਘਰ ਦੇ ਅਗੇ ਕੰਧ ਬਣਾ ਦਿਤੀ ਗਈ । ਅਸੀਂ ਅਫਸਰਾਂ ਨੂੰ ਕਿਹਾ, ਪਰ ਅਫ਼ਸਰ ਤਾਂ ਘਰਾਨਿਆਂ ਨਾਲ ਲਾਏ ਹੋਏ ਹਨ, ਅਸੀਂ ਕਿਸ ਨੂੰ ਪੁਛੀਏ ।

ਸਰਦਾਰ ਸ਼ਸ਼ਪਾਲ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਕਿਸ ਪੁਆਇੰਟ ਤੇ ਬੋਲ ਰਹੇ ਹਨ ?

ਸਰਦਾਰ ਗੁਰਬੰਤਾ ਸਿੰਘ : ਮੈਂ ਲਾਅ ਐਂਡ ਆਰਡਰ ਤੇ ਬੋਲ ਰਿਹਾ ਹਾਂ । ਫਿਰ ਇਹੀ ਗਲ ਨਹੀਂ ਗਵਰਨਰ ਸਾਹਿਬ ਨੇ ਐਮਪਲਾਈਜ਼ ਦੀ ਹੜਤਾਲ ਦਾ ਜ਼ਿਕਰ ਵੀ ਨਹੀਂ ਕੀਤਾ । ਉਨ੍ਹਾਂ ਨੂੰ ਬੁਰੀ ਤਰ੍ਹਾਂ ਮਾਰਿਆ ਕੁਟਿਆ ਗਿਆ ਜਿਹੜਾ ਨਜ਼ਰ ਆਇਆ ਪਕੜ ਲਿਆ । ਕਾਨੂੰਨ ਕਹਿੰਦਾ ਹੈ ਕਿ ਅਗਰ ਕਿਸੇ ਆਦਮੀ ਨੂੰ ਭਗੌੜਾ ਕਰਾਰ ਦੇਣਾ ਹੋਵੇ ਤਾਂ ਕੁਝ ਕਾਰਵਾਈ ਕਰਨੀ ਪੈਂਦੀ ਹੈ ਪਰ ਇਥੇ ਤਾਂ ਇਕ ਦਿਨ ਵਿਚ ਹੀ ਕੁਰਕੀਆਂ ਕਰਾ ਦਿਤੀਆਂ, ਬਚਿਆਂ ਅਤੇ ਔਰਤਾਂ ਨੂੰ ਮਾਰਿਆ ਕੁਟਿਆ ਗਿਆ । ਸਾਨੂੰ ਕਹਿੰਦੇ ਹਨ ਕਿ ਤੁਹਾਡੇ ਵੇਲੇ ਵੀ ਤਾਂ ਹੜਤਾਲਾਂ ਹੁੰਦੀਆਂ ਸਨ । ਠੀਕ ਹੈ ਹੁੰਦੀਆਂ ਸਨ । ਇਨ੍ਹਾਂ ਨੇ ਐਜੀਟੇਸ਼ਨ ਕੀਤੀ, 55 ਹਜ਼ਾਰ ਆਦਮੀ ਜ਼ੇਲ੍ਹ ਵਿਚ ਸਨ ਪਰ ਇਸ ਤਰ੍ਹਾਂ ਦੀਆਂ ਵਾਰਦਾਤਾਂ ਕਦੇ ਨਹੀਂ ਹੋਣ ਦਿਤੀਆਂ । (ਵਿਘਨ)

ਇਕ ਆਵਾਜ਼ : 55 ਹਜ਼ਾਰ ਆਦਮੀਆਂ ਤੇ ਜੇਲ੍ਹਾਂ ਵਿਚ ਗੋਲੀਆਂ ਚਲਾਈਆਂ.. ....(ਵਿਘਨ)

Mr. Deputy Speaker : Order please.

ਸਰਦਾਰ ਗੁਰਬੰਤਾ ਸਿੰਘ : ਇਨ੍ਹਾਂ ਗਲਾਂ ਦੀਆਂ ਅਸੀਂ ਇਨਕਵਾਇਰੀਆਂ ਕਰਵਾਉਂਦੇ ਰਹੇ ਹਾਂ । ਸੈਸ਼ਨ ਜਜਾਂ ਨੇ ਇਨਕਵਾਇਰੀਆਂ ਕੀਤੀਆਂ ਅਤੇ ਅਗਰ ਕਿਸੇ ਨੇ ਕੋਈ ਜ਼ਿਆਦਤੀ ਕੀਤੀ ਤਾਂ ਉਸ ਨੂੰ ਸਜ਼ਾ ਦਿਤੀ । ਨੌਕਰੀਉਂ ਕਢਿਆ । ਪਰ ਹੁਣ ਤਾਂ ਖੁਲ੍ਹੇ ਆਮ ਲੋਕਾਂ ਤੇ ਜ਼ਿਆਦਤੀਆਂ ਹੋ ਰਹੀਆਂ ਹਨ । ਕਿਸੇ ਕਿਸਮ ਦਾ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ ਜਾਂਦਾ । ਲੋਕ ਕਹਿੰਦੇ ਹਨ ਕਿ ਤੁਸੀਂ ਇਨ੍ਹਾਂ ਨੂੰ ਕੋਆਪਰੇਸ਼ਨ ਕਿਉਂ ਦੇ ਰਹੇ ਹੋ ।

ਇਥੇ ਇਨ੍ਹਾਂ ਨੇ ਗਾਈਆਂ ਦਾ ਜ਼ਿਕਰ ਕੀਤਾ । ਪਰ ਗਵਰਨਰ ਸਾਹਿਬ ਨੇ ਤਾਂ ਐਨੀਮਲ ਹਜ਼ਬੈਂਡਰੀ ਦਾ ਇਸ ਐਡਰੈਸ ਵਿਚ ਜ਼ਿਕਰ ਵੀ ਨਹੀਂ ਕੀਤਾ । ਇਸ ਤੇ ਇਨ੍ਹਾਂ ਦਾ ਧੰਨਵਾਦ ਕੀ

[ਸਰਦਾਰ ਗੁਰਬੰਤਾ ਸਿੰਘ]

ਕਰੀਏ । ਫਿਰ ਮਹਿੰਗਾਈ ਹੈ । ਕਿੰਨੀ ਜ਼ਿਆਦਾ ਦਿਨ ਪਰ ਦਿਨ ਵਧ ਰਹੀ ਹੈ ਪਰ ਇਸ ਐਡਰੈਸ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਕਿ ਕਿਸ ਤਰ੍ਹਾਂ ਪਰਾਈਸਿਜ਼ ਤੇ ਕੰਟਰੋਲ ਕਰਨਾ ਹੈ ਜਾਂ ਅਨਅੰਮਪਲਾਇਮੈਂਟ ਕਿਸ ਤਰ੍ਹਾਂ ਦੂਰ ਕਰਨੀ ਹੈ । ਅਸੀਂ ਇਸ ਧੰਨਵਾਦ ਦੇ ਰੈਜ਼ੋਲਿਊਸ਼ਨ ਦੀ ਤਾਈਦ ਕਿਸ ਤਰ੍ਹਾਂ ਕਰੀਏ । (ਵਿਘਨ) ਮੈਂ ਮੰਗਤਾ ਨਹੀਂ, ਮਿਹਨਤ ਕਰਕੇ ਰੋਟੀ ਖਾਂਦਾ ਹਾਂ । (ਵਿਘਨ) (ਤਾੜੀਆਂ) ਮੈਂ ਮੰਗਣ ਵਾਲਾ ਸਾਧ ਨਹੀਂ । (ਵਿਘਨ) (ਸ਼ੋਰ)

ਵੈਦ ਕਰਤਾਰ ਸਿੰਘ : ਡਿਪਟੀ ਮਨਿਸਟਰ ਨੇ ਕੁਝ ਕਿਹਾ ਪਰ ਸ਼ੋਰ ਕਰਕੇ ਸੁਣਾਈ ਨਹੀਂ ਦਿਤਾ)

ਸ੍ਰੀ ਡਿਪਟੀ ਸਪੀਕਰ : ਅਗਰ ਆਨਰੇਬਲ ਮੈਂਬਰ ਇਜਾਜ਼ਤ ਦੇਣ ਤਾਂ ਮੈਂ ਕੁਝ ਬੇਨਤੀ ਕਰਨਾ ਚਾਹੁੰਦਾ ਹਾਂ । ਆਪ ਸਭ ਨੂੰ ਗੱਲ ਕਰਨ ਦਾ ਮੌਕਾ ਮਿਲਣਾ ਹੈ । ਜੋ ਮੈਂਬਰ ਖੜਾ ਹੋਕੇ ਸਪੀਚ ਕਰ ਰਿਹਾ ਹੋਵੇ ਉਸ ਨੂੰ ਸੁਣੋ, ਉਸ ਦੀ ਗੱਲ ਸ਼ਾਨਤੀ ਨਾਲ ਸੁਣੋ ਅਤੇ ਅਗਰ ਆਪ ਜਵਾਬ ਦੇਣ ਜੋਗੇ ਹੋ ਤਾਂ ਆਪਣੀ ਵਾਰੀ ਤੇ ਗੱਲਾਂ ਨਾਲ ਉਸ ਦਾ ਜਵਾਬ ਦਿਉ । ਆਪ ਦੀ ਬੜੀ ਮਿਹਰਬਾਨੀ ਹੋਵੇਗੀ । (ਤਾੜੀਆਂ) (I would like to say some thing if the hon. Members permit me to do so. Each one of you is going to get an opportunity to have his say. You should calmly listen to the hon. Member who is making a speech and if you can give a reply, do so through arguments in your own turm. I will be grateful to you.) (*Applause*)

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਜੋ ਹੁਣੇ ਕਲੈਸ਼ ਦੇ ਦੌਰਾਨ ਕਿਹਾ ਗਿਆ ਹੈ ਇਹ ਰਿਕਾਰਡ ਵਿਚੋਂ ਕਢ ਦੇਣਾ ਚਾਹੀਦਾ ਹੈ।

ਸ੍ਰੀ ਡਿਪਟੀ ਸਪੀਕਰ : ਮੈਨੂੰ ਤਾਂ ਸੁਣਾਈ ਹੀ ਨਹੀਂ ਦਿਤਾ, ਇਸੇ ਲਈ ਤਾਂ ਮੈਂ ਬੇਨਤੀ ਕੀਤੀ ਹੈ । (I could not catch the words due to noise. That is why I have made the above submission.)

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਲੜਕੇ ਮੇਰੇ ਅਜ਼ੀਜ਼ ਹਨ। ਅਗਰ ਕੋਈ ਗਲਤ ਗੱਲ ਮੇਰੇ ਮੂੰਹੋਂ ਨਿਕਲ ਗਈ ਹੋਵੇ ਤਾਂ ਮੈਂ ਉਹ ਵਾਪਸ ਲੈਂਦਾ ਹਾਂ ।

ਸਰਦਾਰ ਗੁਰਮੀਤ ਸਿੰਘ (ਰਾਜ ਮੰਤਰੀ ਖੁਰਾਕ ਅਤੇ ਸਪਲਾਈ) : ਡਿਪਟੀ ਸਪੀਕਰ ਸਾਹਿਬ, ਆਪ ਦਾ ਜੋ ਇਹ ਹੁਕਮ ਹੈ ਮੈਂ ਇਸ ਸਿਲਸਿਲੇ ਵਿਚ ਆਪਣੀ ਪਾਰਟੀ ਦੀ ਤਰਫੋਂ ਆਪ ਨੂੰ ਐਸਅਰ ਕਰਾਉਣਾ ਚਾਹੁੰਦਾ ਹਾਂ ਕਿ ਇਹ ਜੋ ਦੋਵੇਂ ਤਰਫ ਤੋਂ ਗੱਲਾਂ ਕੀਤੀਆਂ ਗਈਆਂ ਹਨ ਇਹ ਠੀਕ ਨਹੀਂ । ਦੋਵਾਂ ਪਾਸਿਆਂ ਦਾ ਹੀ ਕਸੂਰ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਪਿਛਲੇ ਕੁਝ ਸਾਲਾਂ ਤੋਂ ਸਾਡੀ ਅਸੈਂਬਲੀ ਵਿਚ ਡੀਬੇਟ ਦਾ ਸਟੈਂਡਰਡ ਬੜਾ ਲੋ ਹੋ ਗਿਆ ਹੈ । ਲੋਕ ਸਭਾ ਵਿਚ ਸਿਚੂਏਸ਼ਨ ਇਸ ਤਰ੍ਹਾਂ ਦੀ ਨਹੀਂ, ਹਾਊਸ ਆਫ ਕਾਮਨਜ਼ ਵਿਚ ਵੀ ਨਹੀਂ । ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੇ ਹੁਕਮ ਨੂੰ ਵੈਲਕਮ ਕਰਦਾ ਹਾਂ ਅਤੇ ਆਫਰ ਕਰਦਾ ਹਾਂ ਕਿ ਅਸੀਂ ਸਾਰੇ, ਜੋ ਮੈਂਬਰ ਬੋਲ ਰਿਹਾ ਹੋਵੇ, ਉਸ ਨੂੰ ਪੇਸ਼ੈਂਟਲੀ ਸੁਣਾਂਗੇ ਅਤੇ ਇਸੇ ਤਰ੍ਹਾਂ ਇਹ ਵੀ ਸਾਡੇ ਮੈਂਬਰਾਂ ਨੂੰ ਪੇਸ਼ੈਂਟਲੀ ਸੁਣਨ । ਅਗਰ ਦੋਵੇਂ ਧਿਰਾਂ ਇਹ ਰਵਾਇਤ ਅਪਣਾਈਏ ਤਾਂ ਇਸ ਨਾਲ ਸਾਡਾ ਸਭ ਦਾ ਸਤਿਕਾਰ ਹੋਵੇਗਾ, ਇਜ਼ਤ ਵਧੇਗੀ।

ਸਰਦਾਰ ਸੁਰਜੀਤ ਸਿੰਘ ਅਟਵਾਲ : ਡਿਪਟੀ ਸਪੀਕਰ ਸਾਹਿਬ; ਤੁਸੀਂ ਜਿਹੜਾ ਹੁਕਮ ਕੀਤਾ ਹੈ ਉਸ ਦੇ ਬਾਰੇ ਵਿਚ ਜਿਹੜਾ ਵਿਸ਼ਵਾਸ ਸਰਦਾਰ ਗੁਰਮੀਤ ਸਿੰਘ ਹੋਰਾਂ ਦਿਵਾਇਆ ਹੈ ਮੈਂ ਅਤੇ ਅਸਾਡੀ ਪਾਰਟੀ ਉਸ ਨਾਲ ਸਹਿਮਤ ਹਾਂ । ਅਸੀਂ ਸਾਰੇ ਸੰਜੋਗ (ਸਹਿਯੋਗ) ਦਿਆਂਗੇ ਅਤੇ ਅਸਾਡ ਵਲੋਂ ਕੋਈ ਗੱਲ ਇਸ ਤਰ੍ਹਾਂ ਦੀ ਨਹੀਂ ਕੀਤੀ ਜਾਵੇਗੀ ਅਤੇ ਜਿਹੜੇ ਮੈਂਬਰ ਸਾਹਿਬਾਨ ਬੋਲਣਗੇ ਉਨ੍ਹਾਂ ਨੂੰ ਪੂਰੇ ਗੌਰ ਨਾਲ ਸੁਣਾਂਗੇ ।

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ ਆਰਡਰ ਸਰ, ਅਟਵਾਲ ਸਾਹਿਬ ਨੇ ਲਫਜ਼ ਸੰਜੋਗ ਵਰਤਿਆ ਹੈ ਕਿ ਅਸੀਂ ਸੰਜੋਗ ਦਿਆਂਗੇ ਇਸ ਨੂੰ ਸਹਿਯੋਗ ਕਰ ਦਿਤਾ ਜਾਵੇ (ਹਾਸਾ)

ਸ੍ਰੀ ਡਿਪਟੀ ਸਪੀਕਰ : ਇਸ ਦਾ ਭਾਵ ਤਾਂ ਆਨਰੇਬਲ ਮੈਂਬਰ ਸਮਝ ਹੀ ਗਏ ਹੋਣਗੇ । (The hon. Members must have followed what he wanted to convey.)

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਅਨਇੰਪਲਾਇਮੈਂਟ ਨੂੰ ਦੂਰ ਕਰਨ ਲਈ ਕੋਈ ਗੱਲ ਨਹੀਂ ਕਹੀ ਗਈ । ਇਸ ਵਿਚ ਪਰਾਇਸ ਕੰਟਰੋਲ ਦੇ ਬਾਰੇ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ । ਸਲਮ ਕਲੀਰੈਂਸ ਬਾਰੇ ਜ਼ਿਕਰ ਤਾਂ ਇਸ ਵਿਚ ਕੀਤਾ ਗਿਆ ਹੈ ਕਿ ਚਾਰ ਸ਼ਹਿਰਾਂ ਨੂੰ ਅਸੀਂ ਬੇਹਤਰ ਬਨਾਣਾ ਹੈ ਪਰ ਇਸ ਬਾਰੇ ਠੋਸ ਕੋਈ ਸੁਝਾਵ ਨਹੀਂ ਦਿਤੇ ਗਏ ।

ਗਵਰਨਰ ਸਾਹਿਬ ਨੇ ਹਰੀਜਨ ਵੈਲਫੇਅਰ ਲਈ ਕਾਰਪੋਰੇਸ਼ਨ ਬਨਾਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ । ਅਗਲੇ ਸੈਸ਼ਨ ਵਿਚ ਵੀ ਇਹ ਕਿਹਾ ਗਿਆ ਸੀ ਪਰ ਇਸ ਨੂੰ ਅਸਾਡੇ ਕਹਿਣ ਤੇ ਵੀ ਪੋਸਟਪੋਨ ਨਾ ਕੀਤਾ ਗਿਆ । ਅਸੀਂ ਵੀ ਕਿਹਾ ਅਤੇ ਹੋਰਨਾਂ ਮੈਂਬਰਾਂ ਨੇ ਵੀ ਕਿਹਾ ਪਰ ਡਾਕਟਰ ਭਗਤ ਸਿੰਘ ਨੇ ਜ਼ਿੱਦ ਪਕੜੀ ਅਤੇ ਇਹ ਐਕਟ ਬਣਾ ਦਿਤਾ ਪਰ ਅਜ ਤਕ ਉਹ ਨਾ ਕਾਇਮ ਹੋ ਸਕੀ । ਜਿਹੜਾ ਪਹਿਲਾਂ 5 ਕਰੋੜ ਰੁਪਿਆ ਰਖਿਆ ਗਿਆ ਸੀ ਉਹ ਪਹਿਲਾਂ ਹੀ ਖਤਮ ਕਰ ਦਿਤਾ ਗਿਆ । ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਤਾ ਲਗਦਾ ਹੈ ਕਿ ਇਹ ਹਰੀਜਨਾਂ ਲਈ ਕਿਨਾ ਕੁ ਹਿਤ ਰੱਖਦੇ ਹਨ ।

ਫਿਰ ਇਨ੍ਹਾਂ ਨੇ ਇਹ ਕਿਹਾ ਸੀ ਕਿ ਹਰੀਜਨਾਂ ਲਈ ਜ਼ਮੀਨ ਨੀਲਾਮ ਕੀਤੀ ਜਾਵੇਗੀ ਇਹ ਪ੍ਰੋਗ੍ਰਾਮ ਸੰਨ 1964 ਦਾ ਹੈ ਅਤੇ 2 ਲਖ ਏਕੜ ਜ਼ਮੀਨ ਅਜੇਹੀ ਸੀ ਜਿਸ ਨੂੰ ਨੀਲਾਮ ਕਰਨਾ ਸੀ ਪਰ ਇਨ੍ਹਾਂ ਨੇ ਨਹੀਂ ਕੀਤੀ ਅਤੇ ਕੇਵਲ 7 ਹਜ਼ਾਰ ਏਕੜ ਜ਼ਮੀਨ ਨੂੰ ਨੀਲਾਮ ਕੀਤਾ ਗਿਆ ਬਾਕੀ ਦੀ ਤੇ ਲੋਕਾਂ ਨੇ ਕਬਜ਼ਾ ਕਰ ਲਿਆ । ਫਿਰ ਜਿਹੜੀ ਨੀਲਾਮ ਕੀਤੀ ਉਹ ਕਲਰ ਦੀ ਮਾਰੀ ਹੋਈ ਅਤੇ ਦਰਿਆ ਵਿਚ ਬੇਟ ਵਿਚ ਸੀ । ਇਸ ਲਈ ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਇਸ ਨੂੰ ਛੇਤੀ ਨੀਲਾਮ ਕਰਵਾ ਦੇਣ ਕਿਉਂਕਿ ਮੁੱਖ ਮੰਤਰੀ ਸਾਹਿਬ ਇਸ ਪਾਸੇ ਧਿਆਨ ਦੇ ਸਕਦੇ ਹਨ ।

ਇਨ੍ਹਾਂ ਨੇ ਧਰਮਸ਼ਾਲਾਂ ਬਨਾਣ ਦਾ ਜ਼ਿਕਰ ਕੀਤਾ ਹੈ, ਇਹ ਇਕ ਸ਼ਲਾਘਾਯੋਗ ਕਦਮ ਹੈ । ਇਸ ਤੋਂ ਪਹਿਲਾਂ ਵੀ ਪੈਪਸੂ ਵਿਚ ਚੌਪਾਲਾਂ ਬਣਾਈਆਂ ਜਾਂਦੀਆਂ ਸਨ । ਪਰ, ਡਿਪਟੀ ਸਪੀਕਰ ਸਾਹਿਬ, ਕਿੰਨੀ ਹੈਰਾਨੀ ਦੀ ਗੱਲ ਹੈ ਕਿ ਅਸਾਡੇ ਇਲਾਕੇ ਵਿਚ ਕੋਈ ਇਕ

(ਸਰਦਾਰ ਗੁਰਬੰਤਾ ਸਿੰਘ)

ਵੀ ਧਰਮਸਾਲਾ ਨਹੀਂ ਦਿਤੀ ਗਈ । ਮੇਰੇ ਪਾਸ ਮੇਰੇ ਪਿੰਡ ਵਾਲੇ ਅਤੇ ਮੇਰੇ ਹਲਕੇ ਵਾਲੇ ਕਈ ਵੇਰ ਆਏ ਅਤੇ ਉਨ੍ਹਾਂ ਕਿਹਾ ਕਿ ਤੁਸੀਂ ਜਾ ਕੇ ਅਸੈਂਬਲੀ ਵਿਚ ਕੁਝ ਬੋਲਦੇ ਨਹੀਂ ਇਸ ਲਈ ਸਾਡੇ ਪਿੰਡਾਂ ਵਿਚ ਧਰਮਸਾਲਾਂ ਨਹੀਂ ਦਿਤੀਆਂ ਜਾਂਦੀਆਂ ਪਰ ਮੈਂ ਉਨ੍ਹਾਂ ਨੂੰ ਕਿਹਾ ਕਿ ਧਰਮਸ਼ਾਲਾ ਲੈਣੀਆਂ ਹਨ ਤਾਂ ਇਕੋ ਹੀ ਤਰੀਕਾ ਹੈ ਕਿ ਮੈਂ ਅਸੈਂਬਲੀ ਦੀ ਸੀਟ ਤੋਂ ਅਸਤੀਫਾ ਦੇ ਦਿੰਦਾ ਹਾਂ ਤੇ ਫਿਰ ਜਦ ਬਾਈ-ਇਲੈਕਸ਼ਨ ਹੋਣਗੇ ਤਾਂ ਫਿਰ ਇਥੇ ਸਰਕਾਰ ਵਲੋਂ ਇਲੈਕ-ਸ਼ਨਾਂ ਜਿਤਣ ਲਈ ਧਰਮਸ਼ਾਲਾਂ ਦਾ ਹੜ੍ਹ ਪੈ ਆਣਗੇ । ਮੈਂ ਇਸ ਸਬੰਧ ਵਿਚ ਚੌਧਰੀ ਜਗਤ ਰਾਮ ਨਾਲ ਵੀ ਸਲਾਹ ਕੀਤੀ ਸੀ । ਅਤੇ ਅਸੀਂ ਇਹ ਵੇਖਿਆ ਹੈ ਕਿ ਹੁਣੇ ਹੀ ਜਿਹੜੀਆਂ ਦੋ ਬਾਈ ਇਲੈਕਸ਼ਨਾਂ ਹੋਈਆਂ ਹਨ ਉਨਾਂ ਵਿਚ ਕਿਸ ਤਰ੍ਹਾਂ ਧਰਮਸ਼ਾਲਾਂ ਦਾ ਹੜ੍ਹ ਲੈ ਆਂਦਾ ਗਿਆ ਹੈ । ਪਰ ਮੇਰੇ ਹਲਕੇ ਵਿਚ ਇਕ ਵੀ ਨਹੀਂ ਦਿਤੀ ਗਈ । ਮੈਂ ਇਸ ਸਬੰਧ ਵਿਚ ਡਾਕਟਰ ਭਗਤ ਸਿੰਘ ਨੂੰ ਵੀ ਮਿਲਿਆ ਸਾਂ ਪਰ ਕੋਈ ਧਰਮਸ਼ਾਲਾ ਨਹੀਂ ਦਿਤੀ ਗਈ । ਹੁਣ ਮੈਂ ਬਾਦਲ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਇਸ ਪਾਸੇ ਧਿਆਨ ਦੇਣ ਅਤੇ ਅਸਾਡੇ ਹਲਕਿਆਂ ਵਿਚ ਵੀ ਧਰਮਸ਼ਾਲਾਂ ਅਲਾਟ ਕੀਤੀਆਂ ਜਾਣ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਮਹਿਸੂਸ ਕਰਦਾ ਹਾਂ ਕਿ ਅਸਾਡੇ ਚੀਫ ਮਨਿਸਟਰ ਸਾਹਿਬ ਆਪ ਬੜੇ ਚੰਗੇ ਆਦਮੀ ਹਨ ਪਰ ਇਨ੍ਹਾਂ ਨੂੰ ਇਨ੍ਹਾਂ ਦੇ ਸਾਥੀ ਕੁਝ ਕਰਨ ਨਹੀਂ ਦਿੰਦੇ । ਅਸਾਡੇ ਇਲਾਕੇ ਵਿਚ ਇਕ ਮਾਰਕਿਟ ਕਮੇਟੀ ਪਿਛਲੇ 8-9 ਸਾਲ ਤੋਂ ਚਲੀ ਆ ਰਹੀ ਸੀ ਅਤੇ ਇਸ ਦੇ ਬਾਰੇ ਵਿਚ ਸਰਦਾਰ ਗੁਰਨਾਮ ਸਿੰਘ ਹੋਰਾਂ ਨੂੰ ਵੀ ਕਿਹਾ ਸੀ ਪਰ ਕੋਈ ਗੱਲ ਨਹੀਂ ਬਣੀ । ਫਿਰ ਅਸੀਂ ਬਾਦਲ ਸਾਹਿਬ ਨੂੰ ਕਿਹਾ ਕਿ ਇਹ ਇਲਲੀਗਲ ਹੈ ਅਤੇ ਇਸ ਦੀ ਥਾਂ ਮਾਰਕਿਟ ਕਮੇਟੀ ਬਣਾ ਦਿਤੀ ਜਾਵੇ ਜਾਂ ਇਲੈਕਸ਼ਨ ਕਰਵਾ ਲਈ ਜਾਵੇ ਇਨ੍ਹਾਂ ਨੂੰ ਗੱਲ ਸਮਝ ਆ ਗਈ । ਇਨਾਂ ਨੇ ਨਵੀਂ ਕਮੇਟੀ ਬਣਵਾ ਦਿਤੀ ਅਤੇ ਇਸ ਤੇ ਹੁਣ 30 ਮੀਲ ਲੰਬੀ ਸੜਕ ਬਣ ਰਹੀ ਹੈ । ਇਹ ਇਕ ਸ਼ਲਾਘਾਯੋਗ ਕਦਮ ਹੈ । ਜਿਸ ਤਰ੍ਹਾਂ ਗਿੱਲ ਸਾਹਿਬ ਵੇਲੇ ਸੜਕਾਂ ਦਾ ਕਰੈਸ਼ ਪ੍ਰੋਗਰਾਮ ਸੀ ਇਸੇ ਤਰ੍ਹਾਂ ਇਹ ਬਣਾਈਆਂ ਜਾ ਰਹੀਆਂ ਹਨ । ਪਰ ਇਕ ਗੱਲ ਮੈਂ ਇਹ ਅਰਜ਼ ਕਰਦਾ ਹਾਂ ਕਿ ਬਾਕੀ ਦੇ ਜ਼ਿਲ੍ਹਿਆਂ ਦਾ ਮੈਨੂੰ ਪਤਾ ਨਹੀਂ ਪਰ ਮੇਰੇ ਇਲਾਕੇ ਵਿਚ ਜਿਥੇ ਗਿੱਲ ਦੇ ਜ਼ਮਾਨੇ ਵਿਚ ਸੜਕਾਂ ਬਨਾਣ ਦਾ ਪ੍ਰੋਗਰਾਮ ਸੁਰੂ ਕੀਤਾ ਗਿਆ ਸੀ ਅਤੇ ਪੱਥਰ ਵੀ ਸੜਕ ਤੇ ਵਿਛਾ ਦਿਤੇ ਗਏ ਸਨ ਉਥੇ ਹੁਣ ਕੋਈ ਕੰਮ ਨਹੀਂ ਕੀਤਾ ਜਾ ਰਿਹਾ ਅਤੇ ਪੱਥਰ ਵੀ ਅਜੇਹੀਆਂ ਸੜਕਾਂ ਤੋਂ ਖਿਲਰ ਗਏ ਹਨ ਅਤੇ ਰਾਹ ਐਨਾ ਮੁਸ਼ਕਲ ਹੋ ਗਿਆ ਹੈ ਕਿ ਸਾਡੇ ਜਿਹੜੇ ਟਾਇਰਾਂ ਵਾਲੇ ਗਡੇ ਹਨ ਜਿਹੜੇ ਕਿ ਮੇਰੇ ਜ਼ਿਲੇ ਵਿਚ ਆਮ ਵਰਤੇ ਜਾਂਦੇ ਹਨ ਉਨਾਂ ਸੜਕਾਂ ਤੋਂ ਨਹੀਂ ਲੰਘ ਸਕਦੇ । ਮੈਂ ਕਈ ਵੇਰ ਬੇਨਤੀ ਕੀਤੀ ਹੈ ਕਿ ਜੇਕਰ ਇਨਾਂ ਨੂੰ ਨਹੀਂ ਬਨਾਣਾ ਤਾਂ ਕਮ-ਸੇ-ਕਮ ਇਨਾਂ ਦੀ ਮੁਰੰਮਤ ਤਾਂ ਕਰ ਦਿਤੀ ਜਾਵੇ । ਪਰ ਇਸ ਗੱਲ ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ। ਜੇਕਰ ਉਥੇ ਮੁਕਾਮੀ ਅਫਸਰਾਂ ਨੂੰ ਕਹਿੰਦੇ ਹਾਂ ਤਾਂ ਉਹ ਨਹੀਂ ਸੁਣਦੇ ਹਲਾਂਕਿ ਮੇਰੇ ਵੀ ਕਈ ਅਫਸਰ ਵਾਕਫ ਹਨ, ਮੈਂ ਜਦ ਉਨਾਂ ਨੂੰ ਕਿਹਾ ਤਾਂ ਉਨਾਂ ਨੇ ਆਪਣੀ ਮਜਬੂਰੀ ਜ਼ਾਹਿਰ ਕੀਤੀ । ਅਫਸਰਾਂ ਤੇ ਇੰਨਾ ਦਬਾ ਪਾਇਆ ਹੋਇਆ ਹੈ ਕਿ ਉਹ ਡਰੇ ਹੋਏ ਹਨ । ਇਸ ਲਈ ਮੈਂ ਤੁਹਾਡੀ ਰਾਂਹੀ ਬਾਦਲ ਸਾਹਿਬ ਨੂੰ ਕਹਾਂਗਾ ਕਿ ਇਸ ਪਾਸੇ ਧਿਆਨ ਦੇਣ । ਅਫ਼ਸਰ ਇੰਨੇ ਡਰੇ ਹੋਏ ਹਨ ਕਿ ਕੋਈ ਖਾਸ ਆਦਮੀ ਕੋਈ ਗਲ ਕਹੇ ਤਾ ਉਨਾਂ ਦੀ ਟੱਟੀ ਨਿਕਲ ਜਾਂਦੀ ਹੈ । ਅਸੀਂ ਰੌਲਾ ਪਾਂਦੇ ਰਹਿੰਦੇ ਹਾਂ ਪਰ ਕੋਈ ਸੁਣਦਾ ਨਹੀਂ ਕਿਉਂਕਿ ਹਦਾਇਤ ਹੀ ਉਪਰ ਤੋਂ ਇਸ ਤਰ੍ਹਾਂ ਦੀ ਹੈ । ਫਿਰ ਅਫਸਰਾਂ ਨੇ ਤਾਂ ਇਥੇ ਤਕ ਕਹਿ ਦਿਤਾ ਹੈ ਕਿ

ਅਸਾਨੂੰ ਹਦਾਇਤ ਹੈ ਕਿ ਕਾਂਗਰਸੀ ਮੈਂਬਰਾਂ ਦਾ ਕੰਮ ਨਾ ਕਰੋ । ਇਸ ਲਈ ਇਹ ਹਾਲਤ ਦੂਰ ਕਰਨੀ ਚਾਹੀਦੀ ਹੈ ।

ਇਸ ਤੋਂ ਅਗੇ ਮੈਂ ਐਜੂਕੇਸ਼ਨ ਦੇ ਬਾਰੇ ਵਿਚ ਜ਼ਿਕਰ ਕਰਨਾ ਚਾਹੁੰਦਾ ਹਾਂ । ਇਨ੍ਹਾਂ ਨੇ ਭਾਸ਼ਨ ਵਿਚ ਕਿਹਾ ਹੈ ਕਿ ਇਕ ਲੜਕੀਆਂ ਦਾ ਸਕੂਲ ਖੋਲ੍ਹਿਆ ਹੈ ਪਰ ਅਸਾਡੇ ਹਲਕਿਆਂ ਵਿਚ ਕੋਈ ਸਕੂਲ ਨਹੀਂ ਖੋਲਿਆ ਗਿਆ ਫਿਰ ਜਿਹੜਾ ਖੋਲ੍ਹਿਆ ਹੈ ਇਸ ਵਿਚ ਦੋ ਪੰਚਾਇਤਾਂ ਦਾ ਹਿਤ ਹੈ ਅਤੇ ਇਕ ਪੰਚਾਇਤ ਬਿਲਡਿੰਗ ਨੂੰ ਹੀ ਨਹੀਂ ਛਡਦੀ। ਇਸ ਸਬੰਧ ਵਿਚ ਐਜੂਕੇਸ਼ਨ ਮਨਿਸਟਰ ਨੂੰ ਲਿਖ ਕੇ ਵੀ ਭੇਜਿਆ ਸੀ ਤੇ ਉਨਾਂ ਕਿਹਾ ਵੀ ਸੀ ਪਰ ਅਫਸਰਾਂ ਨੇ ਅਜੇ ਤਕ ਕੋਈ ਅਮਲ ਨਹੀਂ ਕੀਤਾ ਫਿਰ ਜਦ ਅਫਸਰਾਂ ਨੂੰ ਪੁਛਿਆ ਤਾਂ ਇਨਾਂ ਕਿਹਾ ਕਿ ਇਸ ਤਰ੍ਹਾਂ ਮਨਿਸਟਰਾਂ ਦਾ ਹੁਕਮ ਹੈ ਕਿ ਭਾਵੇਂ ਅਸੀਂ ਜੋ ਕੁਝ ਚਾਹੇ ਲਿਖ ਕੇ ਭੇਜੀਏ ਪਰ ਅਮਲ ਤਦ ਤਕ ਨਹੀਂ ਕਰਨਾ ਜਦ ਤਕ ਕਿ ਅਸੀਂ ਆਪ ਨਹੀਂ ਕਹਿੰਦੇ । ਇਹ ਹਾਲਤ ਜਿਥੇ ਹੋਵੇ ਉਥੇ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਐਡਮਨਿਸਟ੍ਰੇਸ਼ਨ ਦੀ ਕੀ ਹਾਲਤ ਹੋਵੇਗੀ । ਮੇਰੇ ਵਾਕਫ ਅਫਸਰਾਂ ਨੇ ਇਹ ਗਲ ਮੈਨੂੰ ਦਸੀ। ਇਹ ਠੀਕ ਹੈ ਕਿ ਬਾਦਲ ਸਾਹਿਬ ਜੇਕਰ ਹੁਕਮ ਕਰਨ ਤਾਂ ਕੰਮ ਹੋ ਜਾਂਦਾ ਹੈ ਪਰ ਬਾਕੀ ਕਿਸੇ ਵੀ ਪਾਸੇ ਤੋਂ ਕੰਮ ਨਹੀਂ ਹੁੰਦਾ । ਇਹ ਤਰੀਕਾਕਾਰ ਠੀਕ ਕਰਨ ਦੀ ਤਤਪਰ ਲੋੜ ਹੈ ।

ਇਸ ਤੋਂ ਅਗੇ ਖੇਤੀ ਬਾੜੀ ਦਾ ਜ਼ਿਕਰ ਕੀਤਾ ਗਿਆ ਹੈ । ਇਥੇ ਸਾਹਮਣੇ ਬੈਠੇ ਬਹੁਤ ਸਾਰੇ ਮੈਂਬਰ ਖੇਤੀ ਬਾੜੀ ਕਰਨ ਵਾਲਿਆਂ ਨੂੰ ਰਿਪ੍ਰੀਜ਼ੈਂਟ ਕਰਦੇ ਹਨ ਅਤੇ ਦਿਹਾਤਾਂ ਤੋਂ ਆਏ ਹਨ, ਇਨਾਂ ਨੂੰ ਸਭ ਪਤਾ ਹੈ ਕਿ ਕੀ ਹਾਲਤ ਹੈ । ਇਹ ਠੀਕ ਹੈ ਕਿ ਕਰਜ਼ੇ ਦਿਤੇ ਜਾ ਰਹੇ ਹਨ ਅਤੇ ਜਦ ਦੇ ਬੈਂਕਾਂ ਨੂੰ ਕੌਮੀ ਕਰ ਦਿਤਾ ਗਿਆ ਹੈ ਬੈਂਕਾਂ ਵਾਲੇ ਮਗਰ ਮਗਰ ਫਿਰਦੇ ਹਨ ਕਿ ਕਰਜ਼ੇ ਲਉ ਪਰ ਇਸ ਵਿਚ ਵੀ ਚੰਗੇ ਜ਼ਿਮੀਦਾਰਾਂ ਨੂੰ ਹੀ ਫਾਇਦਾ ਹੁੰਦਾ ਹੈ ਛੋਟੇ ਜ਼ਿਮੀਦਾਰ ਨੂੰ ਕਰਜ਼ੇ ਵੀ ਨਹੀਂ ਦਿਤੇ ਜਾਂਦੇ । ਇਸੇ ਕਰਕੇ ਪਿਛੇ ਜਿਹੇ ਕਮਿਊਨਿਸਟ ਪਾਰਟੀ ਨੇ ਬੈਂਕ ਘਿਰਾਓ ਕੀਤਾ ਸੀ ਕਿ ਕਿਸ ਕਿਸ ਨੂੰ ਕਰਜ਼ੇ ਦਿਤੇ ਗਏ ਹਨ ਅਤੇ ਬਾਕੀਆਂ ਨੂੰ ਕਿਉਂ ਨਹੀਂ ਦਿਤੇ ਗਏ । ਮੈਂ ਇਸ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਟਰੈਕਟਰਾਂ ਲਈ 10 ਤੋਂ 15 ਹਜ਼ਾਰ ਤਕ ਕਰਜ਼ਾ ਦਿਤਾ ਜਾਂਦਾ ਹੈ, ਟਿਊਬਵੈੱਲਾਂ ਲਈ ਕਰਜ਼ਾ ਦਿਤਾ ਜਾਂਦਾ ਹੈ ਪਰ ਇਹ ਕੌਮੀ ਬੈਂਕਾਂ ਵਿਚ ਮਿਲਦਾ ਹੈ । ਜਿਥੇ ਤਕ ਸਾਡੇ ਆਪਣੇ ਲੈਂਡ ਮਾਰਟਗੇਜ ਬੈਂਕ ਦਾ ਸਬੰਧ ਹੈ 6-6 ਮਹੀਨਿਆਂ ਤੋਂ ਦਰਖਾਸਤਾਂ ਪੈਂਡਿੰਗ ਪਈਆਂ ਹਨ ਅਤੇ ਕਰਜ਼ੇ ਨਹੀਂ ਦਿਤੇ ਗਏ । ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ।

ਸੜਕਾਂ ਦੇ ਬਾਰੇ ਵਿਚ ਮੈਂ ਜ਼ਿਕਰ ਕਰ ਰਿਹਾ ਸਾਂ ਅਤੇ ਇਕ ਸੜਕ ਤੇ ਬਾਦਲ ਸਾਹਿਬ ਨੂੰ ਕਹਿ ਕੇ ਕੰਮ ਸ਼ੁਰੂ ਕਰਵਾਇਆ ਅਤੇ ਇਨ੍ਹਾਂ ਦੇ ਕਮਰੇ ਵਿਚ ਜਾਕੇ ਕਿਹਾ । ਇਨਾਂ ਨੇ ਰੋਲਰ ਭੇਜ ਦਿਤਾ ਅਤੇ ਕੰਮ ਸ਼ੁਰੂ ਕਰ ਦਿਤਾ ਗਿਆ ਪਰ ਜਦ ਇਕ ਮਨਿਸਟਰ ਨੂੰ ਪਤਾ ਲਗਾ ਤਾਂ ਉਹ ਡਿਪਟੀ ਮਨਿਸਟਰ ਸਾਹਿਬ ਆਪ ਉਥੇ ਗਏ ਅਤੇ ਕੰਮ ਕਰਨ ਵਾਲਿਆਂ ਨੂੰ ਡਰਾਇਆ ਕਿ ਇਸ ਹਲਕੇ ਵਿਚ ਕਿਉਂ ਸੜਕ ਤੇ ਕੰਮ ਸ਼ੁਰੂ ਕੀਤਾ ਗਿਆ ਹੈ ਉਹ ਰੋਲਰ ਹੀ ਉਥੋਂ ਲੈ ਗਏ । (ਕਾਂਗਰਸ ਦਲ ਵਲੋਂ ਸ਼ੇਮ ਸ਼ੇਮ) ਜੇਕਰ ਇਹ ਚਾਹੁਣ ਤਾਂ ਮੈਂ ਇਸ ਗੱਲ ਨੂੰ ਮੌਕੇ ਤੇ ਜਾਕੇ ਆਪਣੇ ਹਲਕੇ ਵਿਚ ਸਾਬਤ ਕਰ ਸਕਦਾ ਹਾਂ ਕਿ ਇਸ ਤਰ੍ਹਾਂ ਦਾ ਸਲੂਕ ਸਾਡੇ ਹਲਕਿਆਂ ਵਿਚ ਇਸ ਸਰਕਾਰ ਵਲੋਂ ਕੀਤਾ ਜਾ ਰਿਹਾ ਹੈ ।

(ਵਿਘਨ)

[ਸਰਦਾਰ ਗਰਬੰਤਾ ਸਿੰਘ]

ਖੇਤੀ ਬਾੜੀ ਦੇ ਸਿਲਸਿਲੇ ਵਿਚ ਇਕ ਗੱਲ ਮੈਂ ਕਹਿ ਦੇਣਾ ਚਾਹੁੰਦਾ ਹਾਂ ਕਿ ਅਸੀਂ ਖੇਤੀ ਦੀ ਉਪਜ ਵਿਚ ਵਾਧਾ ਨਹੀਂ ਕਰ ਸਕਾਂਗੇ ਜੇਕਰ ਅਸੀਂ ਕਰਜਿਆਂ ਤੇ ਸੂਦ ਦੇ ਰੇਟ ਵਿਚ ਇਸ ਤਰ੍ਹਾਂ ਦਾ ਹੀ ਵਿਤਕਰਾ ਜਾਰੀ ਰਖਿਆ । ਜਦ ਸਰਕਾਰ ਇਨਡਸਟਰੀ ਵਾਲਿਆਂ ਨੂੰ ਕਰਜ਼ਾ ਦਿੰਦੀ ਹੈ ਤਾਂ ਉਸ ਤੇ 3% ਸੂਦ ਲਿਆ ਜਾਂਦਾ ਹੈ । ਪਰ ਜਦ ਖੇਤੀਬਾੜੀ ਲਈ ਕਰਜ਼ਾ ਦਿੰਦੀ ਹੈ ਤਾਂ 9% ਸੂਦ ਚਾਰਜ ਕੀਤਾ ਜਾਂਦਾ ਹੈ । ਜੇਕਰ ਕਾਲੀਆ ਸਾਹਿਬ ਦੇ ਦੋਸਤਾਂ ਨੇ ਇਨਡਸਟਰੀ ਲਈ ਕਰਜਾ ਲੈਣਾ ਹੋਵੇ ਤਾਂ ਉਹ ਸੂਦ 3% ਦੇਣ ਤੇ ਜਦ ਯਸ਼ਪਾਲ ਸਿੰਘ ਹੋਰਾਂ ਦੇ ਸਾਥੀਆਂ ਨੇ ਖੇਤੀ ਬਾੜੀ ਲਈ ਕਰਜ਼ਾ ਲੈਣਾ ਹੋਵੇ ਤਾਂ 9% ਸੂਦ ਦੇਣ । ਇਸ ਪਾਸੇ ਕੋਈ ਜ਼ਿਕਰ ਇਸ ਐਡਰੇਸ ਵਿਚ ਨਹੀਂ ਕੀਤਾ ਗਿਆ । ਇਸ ਸੂਦ ਦੇ ਰੇਟ ਨੂੰ ਸਾਰਿਆਂ ਲਈ ਇਕੋ ਜਿਨਾ ਕਰਨਾ ਚਾਹੀਦਾ ਹੈ । ਜ਼ਿਮੀਦਾਰਾਂ ਨੂੰ ਹੋਰ ਵੀ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਦੇ ਬਾਰੇ ਵਿਚ ਅਖਬਾਰਾਂ ਵਿਚ ਵੀ ਜ਼ਿਕਰ ਆਇਆ ਸੀ ਕਿ ਕਿਸ ਤਰ੍ਹਾਂ ਅਸਲੀ ਬੀਜ ਨੂੰ ਵੇਚ ਦਿਤਾ ਗਿਆ ਅਤੇ ਨਿਕੰਮਾਂ ਬੀਜ ਸਰਕਾਰ ਵਲੋਂ ਸਪਲਾਈ ਕੀਤਾ ਗਿਆ ਜਿਨ੍ਹਾਂ ਨੇ ਇਸ ਨੂੰ ਲਿਆ ਉਨ੍ਹਾਂ ਦੇ ਕਣਕ ਹੀ ਨਹੀਂ ਉਗੀ ਅਤੇ ਫਸਲ ਖਰਾਬ ਹੋ ਗਈ ਹੈ । ਮੇਰੇ ਜ਼ਿਲ੍ਹੇ ਵਿਚ ਆਲੂ ਦੀ ਖੇਤੀ ਬਹੁਤ ਕੀਤੀ ਜਾਂਦੀ ਹੈ ਕੈਪਟਨ ਰਤਨ ਸਿੰਘ ਹੋਰੀ ਵੀ ਆਲੂ ਦੀ ਬੀਜਾਈ ਕਰਦੇ ਹਨ ਪਰ ਇਸ ਨੂੰ ਸੂਬੇ ਤੋਂ ਬਾਹਰ ਲਿਜਾਣ ਲਈ ਪੰਜਾਬ ਸਰਕਾਰ ਨੇ ਕੋਈ ਕਦਮ ਨਹੀਂ ਉਠਾਇਆ । ਇਨ੍ਹਾਂ ਨੇ ਆਲੂਆਂ ਲਈ ਗਡੀਆਂ ਰੀਜ਼ਰਵ ਨਹੀਂ ਕਰਵਾਈਆਂ ਜਿਸ ਤਰ੍ਹਾਂ ਕਿ ਕਣਕ ਲਈ ਕਰਵਾਈਆਂ ਜਾਂਦੀਆਂ ਹਨ,ਇਸ ਨਾਲ ਜ਼ਿਮੀਂਦਾਰ ਨੂੰ ਬਹੁਤ ਨੁਕਸਾਨ ਹੋਇਆ । ਪਹਿਲਾਂ ਆਲੂ 60 ਰੁਪਏ ਕਵਿੰਟਲ ਸਨ ਪਰ ਜਦ ਇਹ ਮਾਲ ਬਾਹਰ ਨਾ ਜਾ ਸਕਿਆ ਤਾਂ ਇਸ ਦਾ ਭਾ ਝਟ ਹੀ 30 ਰੁਪਏ ਕਵਿੰਟਲ ਤਕ ਆ ਗਿਆ ਇਸ ਤਰ੍ਹਾਂ ਜਿਹੜੇ ਜ਼ਿਮੀਦਾਰ ਆਲੂ ਦੀ ਕਾਸ਼ਤ ਕਰਦੇ ਸਨ ਉਹ ਮਾਰੇ ਗਏ ।

ਇਹ ਠੀਕ ਹੈ ਕਿ ਇਸ ਸਰਕਾਰ ਨੇ ਗੁਦਾਮ ਬਣਵਾਏ ਹਨ ਅਤੇ ਇਨ੍ਹਾਂ ਦਾ ਇਹ ਉਪਰਾਲਾ ਸ਼ਲਾਘਾ ਯੋਗ ਹੈ ਪਰ ਇਹ ਵੀ ਵੇਖਣਾ ਹੈ ਕਿ ਗੁਦਾਮ ਤਾਂ ਫੂਡ ਕਾਰਪੋਰੇਸ਼ਨ ਆਫ ਇੰਡੀਆ ਨੇ ਬਣਵਾਉਣੇ ਹੁੰਦੇ ਹਨ ਅਤੇ ਬਣਵਾਏ ਹਨ ਪਰ ਫਿਰ ਵੀ ਇਨਾਂ ਦਾ ਕਦਮ ਸ਼ਲਾਘਾ ਯੋਗ ਹੈ ।

ਜਿੱਥੋਂ ਤਕ ਬਿਜਲੀ ਦੀ ਸਪਲਾਈ ਦਾ ਸਵਾਲ ਹੈ, ਮੈਨੂੰ ਇਸ ਗੱਲ ਦੇ ਕਹਿਣੇ ਵਿਚ ਬੜਾ ਭਾਰੀ ਦੁਖ ਹੁੰਦਾ ਹੈ ਕਿ ਸਾਡੇ ਪੰਜਾਬ ਵਿਚ ਜਿਹੜਾ ਨੰਗਲ ਦਾ ਕਾਰਖਾਨਾ ਹੈ ਇਹ ਸਾਰੀ ਦੀ ਸਾਰੀ ਬਿਜਲੀ ਖਾ ਜਾਂਦਾ ਹੈ । ਸਾਨੂੰ ਇਸ ਦਾ ਕੋਈ ਫਾਇਦਾ ਨਹੀਂ । ਜੇਕਰ ਕਿਸੇ ਤਰੀਕੇ ਨਾਲ ਇਹ ਕਾਰਖਾਨਾ ਬੰਦ ਹੋ ਜਾਵੇ ਤਾਂ ਸਾਨੂੰ ਇਸ ਦਾ ਕੋਈ ਫਾਇਦਾ ਹੋ ਸ਼ਕਦਾ ਹੈ । ਇਨਾਂ ਦੇ ਜਿਹੜੇ ਇਮਪਲਾਈਜ਼ ਹਨ ਅਸੀਂ ਉਨਾਂ ਨੂੰ ਕਿਤੇ ਹੋਰ ਐਬਜ਼ਾਰਵ ਕਰ ਸਕਦੇ ਹਾਂ । ਅਸੀਂ ਬਿਜਲੀ ਫਲੈਟ ਰੇਟ ਤੇ ਖਰਚ ਕਰਦੇ ਹਾਂ ਪਰ ਸਾਨੂੰ ਬਿਜਲੀ 8 ਦਿਨਾਂ ਦੇ ਵਿਚ ਬੜੀ ਮੁਸ਼ਕਲ ਨਾਲ ਇਕ ਜਾਂ ਦੋ ਵਾਰੀ ਮਿਲਦੀ ਹੈ। ਜਿਸ ਆਦਮੀ ਨੇ ਮੁਲਾਜ਼ਮ ਰਖ ਕੇ ਖੇਤੀ ਕਰਵਾਉਣੀ ਹੋਵੇ, ਅਤੇ ਉਸਨੇ ਸਾਰਾ ਕੰਮ ਮੁਲ ਦਾ ਕਰਾਉਣਾ ਹੋਵੇ ਉਸ ਨੂੰ ਪੂਰੀ ਬਿਜਲੀ ਨਾ ਮਿਲੀ ਹੋਵੇ ਉਹ ਕਿਸ ਤਰ੍ਹਾਂ ਖੇਤੀ ਵਿਚੋਂ ਕੋਈ ਲਾਭ ਹਾਸਲ ਕਰ ਸਕਦਾ ਹੈ । ਜੇ ਬਿਜਲੀ ਦਾ ਫਾਇਦਾ ਕੁਝ ਹੁੰਦਾ ਵੀ ਹੈ ਤਾਂ ਉਹ ਵਡੇ ਵਡੇ ਜ਼ਿਮੀਦਾਰ ਉਠਾ ਜਾਂਦੇ ਹਨ, ਹਰੀਜਨਾਂ ਨੂੰ ਕੋਈ ਪੁਛਦਾ ਹੀ ਨਹੀਂ । ਮੈਂ ਇਹ ਵੀ ਸਾਬਤ ਕਰ ਸਕਦਾ ਹਾਂ ਕਿ ਜੇ ਕਿਸੇ ਅਫਸਰ ਦੇ ਕੋਲ ਕੋਈ ਸ਼ਕਾਇਤ ਲਾਈ ਵੀ ਜਾਵੇ ਤਾਂ

ਉਹ ਅਫਸਰ ਵੀ ਗਰੀਬ ਨੂੰ ਹੀ ਆਕੇ ਫੜ ਲੈਂਦੇ ਹਨ ਅਸਲ ਕਸੂਰਵਾਰ ਨੂੰ ਕੋਈ ਪੁਛਦਾ ਹੀ ਨਹੀਂ। ਪਹਿਲਾਂ ਗਿੱਲ ਦਾ ਰਾਜ ਆਇਆ ਉਸ ਵੇਲੇ ਵੀ ਹਰੀਜਨਾਂ ਚਾ ਹੀ ਚਮ ਕੁਟਿਆ। ਗਿਆ ਅਜ ਇਹ ਅਕਾਲੀ ਕਹਿੰਦੇ ਹਨ ਕਿ ਅਸੀਂ ਤਾਂ ਵੋਟਾਂ ਪਿੰਡਾਂ ਵਾਲਿਆਂ ਤੋਂ ਹੀ ਲੈਣੀਆਂ ਹਨ ਹੋਰ ਅਸੀਂ ਕਿਸੇ ਤੋਂ ਕੀ ਲੈਣਾ ਹੈ। ਤੁਸੀਂ ਰਸੂਲਪੁਰ ਜਾਕੇ ਵੇਖੋ ਕੀ ਹਾਲਤ ਹੈ ਗ਼ਰੀਬ ਹਰੀਜਨਾਂ ਦੀ। ਮੇਰੇ ਪਾਸ ਇਸ ਹਾਊਸ ਦੇ ਮੈਂਬਰ ਚੌਧਰੀ ਸੁੰਦਰ ਸਿੰਘ ਨੇ ਅਖਿਆ ਕਿ ਉਨ੍ਹਾਂ ਦੇ ਸਰਪੰਚ ਨੂੰ ਪੁਲਿਸ ਵਾਲਿਆਂ ਨੇ ਮਾਰਿਆ ਕੁਟਿਆ, ਉਸ ਦੀ ਜ਼ਮੀਨ ਖੋਹ ਲਈ, ਉਨ੍ਹਾਂ ਦੇ ਪਾਸੋਂ 20-20 ਸਾਲ ਦੀਆਂ ਕਬਜ਼ੇ ਵਾਲੀਆਂ ਜ਼ਮੀਨਾਂ ਖੋਹੀਆਂ ਗਈਆਂ, ਜ਼ਬਰਦਸਤੀ ਕਬਜ਼ੇ ਕੀਤੇ ਗਏ। ਉਹ ਵਿਚਾਰੇ ਦੋਨਾਂ ਪਾਸਿਆਂ ਤੋਂ ਮਾਰੇ ਜਾਂਦੇ ਹਨ, ਜੇ ਕਬਜ਼ਾ ਨਹੀਂ ਦਿੰਦੇ ਤਾਂ ਪੁਲਿਸ ਮਾਰਦੀ ਹੈ ਅਤੇ 107/151 ਦੇ ਕੇਸਿਜ਼ ਚਲਾਉਂਦੀ ਹੈ। ਲੋਕਾਂ ਦੀ ਜਾਨ ਤੇ ਮਾਲ ਬਿਲਕੁਲ ਵੀ ਮਹਿਫੂਜ਼ ਨਹੀਂ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਲਾ ਐਂਡ ਆਰਡਰ ਦੀ ਪੁਜ਼ੀਸ਼ਨ ਬਹੁਤ ਹੀ ਬੁਰੀ ਹੈ। ਇਹ ਲੋਕ ਖਾਸ ਕਰਕੇ ਗਰੀਬ ਤਬਕਾ ਬਹੁਤ ਹੀ ਬੁਰੀ ਹਾਲਤ ਦੇ ਵਿਚ ਹੈ। ਬਾਦਲ ਸਾਹਿਬ, ਜਿਥੋਂ ਤੱਕ ਕੋਈ ਨੇਕ ਕੰਮ ਦਾ ਸਵਾਲ ਹੈ ਤੁਸੀਂ ਫਿਕਰ ਨਾ ਕਰੋ ਅਸੀਂ ਤੁਹਾਡੀ ਬੈਂਕ ਤੇ ਹਾਂ ਅਸੀਂ ਤੁਹਾਨੂੰ ਹਰ ਕੰਮ ਦੇ ਵਿਚ ਕੋਆਪਰੇਸ਼ਨ ਦਿਵਾਂਗੇ, ਪਰ ਤੁਹਾਨੂੰ ਘਟ ਤੋਂ ਘਟ ਲਾ ਐਂਡ ਆਰਡਰ ਦੀ ਪੁਜ਼ੀਸ਼ਨ ਤਾਂ ਠੀਕ ਰਖਣੀ ਚਾਹੀਦੀ ਹੈ। (ਇਕ ਮਾਨਯੋਗ ਮੈਂਬਰ : ਜਿਹੜੀ ਕੋਆਪਰੇਸ਼ਨ ਦੀ ਗਲ ਹੈ ਇਹ ਕਿਤੇ 6-6 ਵਾਲੀ ਕੋਆਪਰੇਸ਼ਨ ਤਾਂ ਨਹੀਂ) (ਹਾਸਾ) ਇਹ ਪੁਆਇੰਟ ਤੁਸੀਂ ਮੈਨੂੰ ਅਲਗ ਪੁਛ ਲੈਣਾ ਤੁਹਾਨੂੰ ਦਸ ਦਿਵਾਂਗਾ। (ਇਕ ਮਾਨਯੋਗ ਮੈਂਬਰ : ਕੀ ਇਹ ਕੋਆਪਰੇਸ਼ਨ ਕਾਲੀਆ ਸਾਹਿਬ ਨੂੰ ਕਢਣ ਦੇ ਵਾਸਤੇ ਤਾਂ ਨਹੀਂ ਸੀ ?) (ਹਾਸਾ) ਇਕ ਦੋ ਬਾਈ-ਇਲੈਕਸ਼ਨਾਂ ਦੇ ਵਿਚ ਅਸੀਂ ਤੁਹਾਡਾ ਸਾਥ ਦਿੱਤਾ ਹੈ, ਮੈਂ ਤਾਂ ਹੁਣ ਵੀ ਇਹੋ ਹੀ ਅਰਜ਼ ਕਰਾਂਗਾ ਕਿ ਅਸੀਂ ਚੰਗੇ ਕੰਮ ਦੇ ਵਿਚ ਹਰ ਤਰਾਂ ਤੁਹਾਡਾ ਸਾਥ ਦੇਵਾਂਗੇ। ਅਸੀਂ ਚਾਹੁੰਦੇ ਹਾਂ ਪੰਜਾਬ ਦੇ ਵਿਚ ਜੇ ਕੋਈ ਗੌਰਮਿੰਟ ਹੋਵੇ, ਉਹ ਸਟੇਬਲ ਹੋਵੇ। (ਇਕ ਮਾਨਯੋਗ ਮੈਂਬਰ : ਕਿਤੇ ਗੁਰਦਾਸਪੁਰ ਵਿਚ ਜਿਸ ਤਰਾਂ ਜ਼ਮਾਨਤ ਜ਼ਬਤ ਕਰਾਈ ਇਸ ਤਰ੍ਹਾਂ ਦੀ ਕੋਆਪਰੇਸ਼ਨ ਦੇਣ ਦਾ ਸਵਾਲ ਤਾਂ ਨਹੀਂ?) (ਹਾਸਾ) ਮੈਂ ਇਕ ਗਲ ਤੁਹਾਡੀ ਮਾਰਫ਼ਤ ਡਿਪਟੀ ਸਪੀਕਰ ਸਾਹਿਬ, ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਜਿਹੜੀਆਂ ਤਰੁਟੀਆਂ ਪੈਦਾ ਹੋ ਗਈਆਂ ਹਨ ਉਹ ਸਾਨੂੰ ਦੂਰ ਕਰਨੀਆਂ ਚਾਹੀਦੀਆਂ ਹਨ। (ਸਰਦਾਰ ਆਤਮਾ ਸਿੰਘ ਅਤੇ ਉਨਾਂ ਦੀ ਪਾਰਟੀ ਵਲ ਇਸ਼ਾਰਾ ਕਰਕੇ) ਇਨਾਂ ਲੋਕਾਂ ਦੇ ਮੂੰਹ ਵਿਚ ਬਾਦਲ ਸਾਹਿਬ ਤੁਹਾਨੂੰ ਲਗਾਮ ਦੇਣੀ ਚਾਹੀਦੀ ਹੈ। ਇਹ ਬਿਨਾ ਸੋਚੇ ਸਮਝੇ ਜੋ ਮੂੰਹ ਵਿਚ ਆਵੇ ਉਸੇ ਤਰ੍ਹਾਂ ਦੇ ਬਿਆਨ ਦੇਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਹ ਐਡਮਨਿਸਟਰੇਸ਼ਨ ਵਿਚ ਸਰੀਹਨ ਦਖਲ ਦਿੰਦੇ ਹਨ ਅਤੇ ਆਈ. ਏ. ਐਸ. ਅਫ਼ਸਰਾਂ ਤਕ ਨੂੰ ਟਾਂਸਫਰਾਂ ਦੇ ਲਈ ਮਜ਼ਬੂਰ ਕਰਦੇ ਹਨ। ਬਾਦਲ ਸਾਹਿਬ ਠੀਕ ਕੰਮ ਵਾਸਤੇ ਤੁਹਾਨੂੰ ਤਕੜੇ ਰਹਿਣਾ ਚਾਹੀਦਾ ਹੈ ਕਿਸੇ ਵੀ ਝੰਪ ਦੇ ਵਿਚ ਨਹੀਂ ਆਉਣਾ ਚਾਹੀਦਾ ਹੈ ਅਸੀਂ ਤੁਹਾਡੀ ਬੈਕ ਤੇ ਹਾਂ। ਇਕ ਮਿਸਾਲ ਦਿੰਦੇ ਹੁੰਦੇ ਹਨ ਕਿ ਫਲਾਣੇ ਨੇ ਇਹ ਕੰਮ ਕਰਕੇ ਹਾਤਮਤਾਈ ਦੀ ਕਬਰ ਤੇ ਲਤ ਮਾਰੀ ਹੈ। ਮੈਂ ਮੰਨਦਾ ਹਾਂ ਕਿ ਅਸੀਂ ਪੰਜਾਬ ਦੇ ਰਹਿਣ ਵਾਲੇ ਹਾਂ ਅਤੇ ਪੰਜਾਬੀ ਸਾਡੀ ਮਾਤਰੀ ਭਾਸ਼ਾ ਹੈ ਪਰ ਹਿੰਦੀ ਸਾਡੀ ਨੈਸ਼ਨਲ ਲੈਂਗੂਏਜ ਹੈ ਉਸ ਦਾ ਵੀ ਕੋਈ ਖਿਆਲ ਤਾਂ ਰਖਣਾ ਚਾਹੀਦਾ ਸੀ। ਡਿਪਟੀ ਸਪੀਕਰ ਸਾਹਿਬ, ਜਦੋਂ ਇਥੇ ਅੰਗਰੇਜ਼ ਦਾ ਰਾਜ ਸੀ ਉਦੋਂ ਜਿਹੜਾ ਵੀ ਕੋਈ ਅੰਗਰੇਜ਼ੀ ਨਹੀਂ ਸੀ ਪੜ੍ਹਦਾ ਉਹ ਅਨਪੜ੍ਹ ਆਖਿਆ ਜਾਂਦਾ। ਇਹ ਸਮਝਦੇ

[ਸਰਦਾਰ ਗੁਰਬੰਤਾ ਸਿੰਘ]
ਹਨ ਇਸੇ ਤਰ੍ਹਾਂ ਹਿੰਦੀ ਨਾ ਪੜ੍ਹਨ ਵਾਲੇ ਵੀ ਅਜ ਅਨਪੜ੍ਹ ਹੀ ਕਰੇ ਜਾਣਗੇ। ਪਰ ਸਰਕਾਰ ਨੇ ਹਿੰਦੀ ਦੀ ਡੀਵੈਲਪਮੈਂਟ ਦੇ ਵਾਸਤੇ ਕੇਵਲ ਦੋ ਲੱਖ ਰੁਪਿਆ ਰੱਖਿਆ ਹੈ। ਕੀ ਇਸ ਦੇ ਨਾਲ ਸਟੇਟ ਦੇ ਵਿਚ ਹਿੰਦੀ ਦੀ ਡੀਵੈਲਪਮੈਂਟ ਹੋ ਜਾਵੇਗੀ। ਜਦੋਂ ਅਸੀਂ ਪੰਜਾਬ ਦੇ ਵਿਚ ਪੰਜਾਬੀ ਨੂੰ ਡੀਵੈਲਪ ਕਰਨ ਦਾ ਬੀੜਾ ਉਠਾਇਆ ਤਾਂ ਉਸ ਵੇਲੇ ਪੰਜਾਬੀ ਯੂਨੀਵਰਸਿਟੀ ਕਾਇਮ ਕੀਤੀ, ਸੰਸਕ੍ਰਿਤ ਅਤੇ ਹਿੰਦੀ ਦੀ ਡੀਵੈਲਪਮੈਂਟ ਵਾਸਤੇ ਕੁਰੂਕਸ਼ੇਤਰਾ ਯੂਨੀਵਰਸਟੀ ਕਾਇਮ ਕੀਤੀ।

ਅਜ ਇਕ ਨੈਸ਼ਨਲ ਲੈਂਗੁਏਜ ਨੂੰ ਲਿੰਕ ਭਾਸ਼ਾ ਕਹਿਣਾ ਮੁਨਾਸਿਬ ਗੱਲ ਨਹੀਂ ਹੈ। ਇਹ ਜਿਹੜਾ ਪੈਸਾ ਰਖਿਆ ਹੈ ਇਸ ਨਾਲ ਹਿੰਦੀ ਦੀ ਕੋਈ ਡੀਵੈਲਪਮੈਂਟ ਨਹੀਂ ਹੋਣੀ, ਇਹ ਤਾਂ ਦੋ ਤਿੰਨ ਅਫਸਰਾਂ ਦੀ ਤਨਖਾਹ ਦੇ ਵਿਚ ਹੀ ਲਗ ਜਾਣੀ ਹੈ, ਇਸ ਤਰ੍ਹਾਂ ਨੈਸ਼ਨਲ ਲੈਂਗੁਏਜ ਡੀਵੈਲਪ ਨਹੀਂ ਹੋਣੀ। ਤੁਹਾਡੀ ਮਾਰਫਤ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਸਰਕਾਰ ਨੂੰ ਹਿੰਦੀ ਦੀ ਡੀਵੈਲਪਮੈਂਟ ਵਾਸਤੇ ਵਧ ਤੋਂ ਵਧ ਪੈਸਾ ਰਖਣਾ ਚਾਹੀਦਾ ਹੈ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਅਸੀਂ ਪੰਜਾਬ ਦੇ ਅੰਦਰ ਹੀ ਪੰਜਾਬੀ ਸੂਬਾ ਬਣਾਇਆ ਹੈ ਪਰ ਜਿਥੋਂ ਤਕ ਹਿੰਦੀ ਦੀ ਡੀਵੈਲਪਮੈਂਟ ਦਾ ਮੁਆਮਲਾ ਹੈ ਇਹ ਸਾਨੂੰ ਇਗਨੋਰ ਨਹੀਂ ਕਰਨਾ ਚਾਹੀਦਾ। ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਗਰੀਬਾਂ ਦੀ ਅਤੇ ਹਰੀਜਨਾਂ ਦੀ ਵੀ ਸਰਕਾਰ ਨੂੰ ਰਖਸ਼ਾ ਕਰਨੀ ਚਾਹੀਦੀ ਹੈ। ਅਜ ਹਰੀਜਨ ਬਸਤੀਆਂ ਦੇ ਵਿਚ ਜਾਕੇ ਵੇਖੋ ਕਿਸ ਤਰ੍ਹਾਂ ਦਾ ਉਨਾਂ ਲੋਕਾਂ ਨਾਲ ਜ਼ੁਲਮ ਹੋ ਰਿਹਾ ਹੈ, ਉਨਾਂ ਤੋਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ ਅਤੇ ਉਹ ਕਈ ਮਨਿਸਟਰ ਸਾਹਿਬਾਨ ਨੇ ਆਪਣੇ ਕਬਜ਼ੇ ਵਿਚ ਕੀਤੀਆਂ ਹੋਈਆਂ ਹਨ। ਮੈਂ ਇਸ ਲਈ ਬਾਦਲ ਸਾਹਿਬ ਨੂੰ ਕਹਾਂਗਾ ਕਿ ਘਟ ਤੋਂ ਘਟ ਉਹ ਪੰਜਾਬ ਦੇ ਵਿਚ ਰਹਿਣ ਵਾਲੇ ਹਰੀਜਨਾਂ ਦਾ ਜ਼ਰੂਰ ਖਿਆਲ ਕਰਨ। ਇਹ ਗਰੀਬ .. ..

Mr. Deputy Speaker : The House stands adjourned till 2.00 P.M. on Tuesday, the 19th January, 1971.

6.30 P.M.

(The Sabha then adjourned till 2.00 P. M. on Tuesday the 19th January, 1971)

2117—24-3-71—280 ਕਾਪੀਆਂ— ਪੰਜਾਬ ਸਰਕਾਰ ਪਰੈਸ, ਪਟਿਆਲਾ।

APPENDIX

to

Punjab Vidhan Sabha Debate

Dated 18th January, 1971

Vol. I—No. 1

UNSTARRED QUESTIONS AND ANSWERS

LETTER FROM AGRICULTURE INSPECTOR QUDIAN, DISTRICT GURDASPUR

725. Comrade Satya Pal Dang: Will the Minister for Agriculture be pleased to state:—

(a) whether the Chief Minister received a letter dated 15th April, 1970 from Shri Narinder Singh Bhandal, Agriculture Inspector, Qadian, district Gurdaspur entitled "Conduct of officers during Sardar Gurnam Singh, Ex-Chief Minister's Regime'; if so, a copy of the same be laid on the Table of the House;

(b) whether the allegations contained in the above-mentioned letter have been enquired into; if so, with what results ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : (ੲ) ਸ੍ਰੀ ਨਰਿੰਦਰ ਸਿੰਘ, ਭੰਡਾਲ ਦੀ ਮਿਤੀ 15 ਅਪਰੈਲ, 1970 ਦੀ ਚਿਠੀ ਚੌਕਸੀ ਵਿਭਾਗ ਵਿਚ ਖੇਤੀਬਾੜੀ ਮੰਤਰੀ ਜੀ ਵਲੋਂ ਆਈ ਸੀ । ਇਹ ਲੋਕ ਹਿਤ ਵਿਚ ਨਹੀਂ ਹੋਵੇਗਾ ਕਿ ਇਸ ਦੀ ਨਕਲ ਇਸ ਮਰਹਲੇ ਤੇ ਵਿਧਾਨ ਸਭਾ ਦੇ ਸਾਹਮਣੇ ਪੇਸ਼ ਕੀਤੀ ਜਾਵੇ ।

(ਬੀ) ਇਸ ਪੱਤਰ ਵਿਚ ਜਿਹੜੇ ਸਪਸ਼ਟ ਦੂਸ਼ਣ ਸਨ ਉਨ੍ਹਾਂ ਬਾਰੇ ਚੌਕਸੀ ਵਿਭਾਗ ਨੇ ਪੜਤਾਲ ਪਹਿਲਾਂ ਹੀ ਕੀਤੀ ਸੀ । ਇਨ੍ਹਾਂ ਵਿਚੋਂ ਕੋਈ ਵੀ ਦੂਸ਼ਣ ਸਿੱਧ ਨਹੀਂ ਹੋਇਆ ਸੀ ।

LOWER OCTROI RATES IN CERTAIN MUNICIPAL COMMITTEES

744. Comrade Satya Pal Dang; Will the Chief Minister be pleased to state;—

(a) the names of Municipal Committees in the State the octroi rates of which are lower than those provided in the Model Schedule;

(b) whether these lower rates have been sanctioned in accordance with or against the wishes of these Committees together with the reasons for the same ?

Sardar Ravel Singh (Minister of State for Local Govt. ; (a) The names of the Municipal Committees in the State wherein octroi rates on certain items (as per statement attached), are lower than those provided in the Model schedule are as under :—

(1) Municipal Committee, Jullundur
(2) Municipal Committee, Hoshiarpur
(3) Municipal Committee, Amritsar
(4) Municipal Committee, Batala
(5) Municipal Committee, Chhehratta
(6) Notified Area Committee, Nangal Township.

(b) These rates have been sanctioned with the concurrence of the concerned Municipal Committees, except in the case of Chhehratta where a general exemption of 50% on all items of the Octroi Schedule has been granted.

This has been done keeping in view local the conditions. In the case of Chhehratta it has been done to encourage industrial growth in this border town.

[(ੲ) ਉਨ੍ਹਾਂ ਨਗਰਪਾਲਕਾਵਾਂ ਦੇ ਨਾਂ ਜਿਨ੍ਹਾਂ ਵਿਚ ਕਈ ਆਈਟਮਾਂ (ਜਿਨ੍ਹਾਂ ਦਾ ਵਿਵਰਣ ਨਾਲ ਨਥੀ ਹੈ) ਉਤੇ ਮਾਡਲ ਆਕਟਰਾਏ ਸ਼ੈਡਿਊਲ ਵਿਚ ਦਿਤੀਆਂ ਦਰਾਂ ਨਾਲੋਂ ਚੁੰਗੀਆਂ, ਦੀਆਂ ਦਰਾਂ ਘਟ ਹਨ, ਹੇਠ ਦਿੱਤੇ ਜਾਂਦੇ ਹਨ :—

(1) ਨਗਰਪਾਲਕਾ, ਜਲੰਧਰ
(2) ਨਗਰਪਾਲਕਾ, ਹੁਸ਼ਿਆਰਪੁਰ
(3) ਨਗਰਪਾਲਕਾ, ਅੰਮ੍ਰਿਤਸਰ
(4) ਨਗਰਪਾਲਕਾ, ਬਟਾਲਾ
(5) ਨਗਰਪਾਲਕਾ, ਛੇਹਰਟਾ
(6) ਨੋਟੀਫਾਈਡ ਏਰੀਆ ਕਮੇਟੀ ਨੰਗਲ ਟਾਊਨਸ਼ਿਪ ।

(ਬੀ) ਇਹ ਰੇਟ ਸਬੰਧਤ ਨਗਰਪਾਲਕਾਵਾਂ ਦੀ ਸਹਿਮਤੀ ਨਾਲ ਮੁਕੱਰਰ ਕੀਤੇ ਗਏ ਹਨ ਸਿਵਾਏ ਛੇਹਰਟਾ ਦੇ ਜਿਥੇ ਕਿ 50% ਦੀ ਆਮ ਛੋਟ ਦਿੱਤੀ ਗਈ ਹੈ

ਇਹ ਲੋਕਲ (ਸਥਾਨਕ) ਹਾਲਾਤ ਨੂੰ ਮੁਖ ਰਖਕੇ ਕੀਤਾ ਗਿਆ ਹੈ । ਛਹਰਟਾ ਦੇ ਕੇਸ ਵਿਚ ਇਹ ਬਾਰਡਰ ਏਰੀਏ ਵਿਚ ਉਦਯੋਗ ਦੀ ਉਨਤੀ ਲਈ ਕੀਤਾ ਗਿਆ ਹੈ ।]

Statement Indicating the names of items on which Octroi rates are lower than those provided in the Model Octroi Schedule in the Municipal Committees/ Notified Area Committees mentioned below:—

Item No.	Description of article	Rate as per Model Schedule	Rate in force
1	2	3	4
	Jullundur Municipality		
3	White sugar or crystalised sugar	1.40 paise per quintal	0.35 paise per quintal
77	Tyres & tubes	4.20 paise per quintal	1.40 paise per quintal
75	Dressed Hides & Manufactured leather	2.80 paise per quintal	1.40 paise per quintal
87	Cycle Rims	5.60 paise per quintal	2.70 paise per quintal
	Hoshiarpur Municipality		
21	Local Mangoes	1.40 paise per quintal	0.35 paise per quintal
112	Rosin/Resin	0.70 paise per quintal	0.18 paise per quintal
	Amritsar Municipality		
6	Tea of all kinds	2.80 paise per quintal	1.40 paise per quintal
18	All kinds of dried fruits & dried vegetables	2.10 paise per quintal	1.05 paise per quintal
23	Articles of grocery etc.	1.40 paise per quintal	0.70 paise per quintal
31	All kinds of foreign and country liquor	1½ paise per Rupee	(i) Foreign liquor 1¼ paise per rupee (ii) Country liquor 7½ paise per rupee
40	Unani & Ayurvedic medicines	1.40 paise per quintal	0.70 paise per quintal
41 (a)	All kinds of spices	1.40 paise per quintal	0.70 paise per quintal
41 (b)	Anardana, Imli, Haldi	1.40 paise per quintal	0.70 paise per quintal
42	All kinds of gums	2.80 paise per quintal	0.70 paise per quintal
48	Silk Yarn or thread	2.10 paise per quintal	1.40 paise per quintal
49	Silk and artificial silk piece goods	5.60 paise per quintal	2.80 paise per quintal
50	Cotton & Linen piece goods	2.80 paise per quintal	1.40 paise per quintal
57	Articles of general merchandise	5.60 paise per quintal	2.80 paise per quintal
72	All kinds of blank Paper	2.10 paise per quintal	1.05 paise per quintal
82	Sheets, bars of metals like brass, copper, bronze, Zinc, lead	2.10 paise per quintal	1.05 paise per quintal

1	2	3	4
85	Articles & utensils made of metals & alloys including moradabadi etc.	3.50 paise per quintal	2.80 paise per quintal
	Batala Municipality		
81	Iron Scrap, Iron slag and Iron dust etc.	0.35 paise per quintal	0.18 paise per quintal
82	Sheets bars of metals like brass copper, bronze, zinc, lead etc.	2.10 paise per quintal	0.53 paise per quintal
	Notified Area Committee Naugal Township		
27	Grass	0.03 paise per maund	1½ paise per maund
105	Timber	0.12 paise per maund	0.03 paise per maund

HOUSING LOANS

807. Doctor Sadhu Ram: Will the Chief Minister be pleased to:—

(a) state the total number of persons, district-wise in the State who have been advanced housing loans during the period from 1967 to date and the percentage of the Harijans amongst them;

(b) lay on the Table of the House a list of the beneficiaries of the said loan during the said period ?

ਸਰਦਾਰ ਪ੍ਰਕਾਸ਼ ਸਿੰਘ ਬਾਦਲ :

(ੳ)		1967 ਤੋਂ ਕੁਲ ਕਰਜ਼ਦਾਰਾਂ ਦੀ ਗਿਣਤੀ	ਹਰੀਜਨਾਂ ਦੀ ਪ੍ਰਤੀਸ਼ਤ ਗਿਣਤੀ
ਜ਼ਿਲ੍ਹਾ			
1.	ਰੋਪੜ ..	177	18.6%
2.	ਅੰਮ੍ਰਿਤਸਰ ..	735	23.26%
3.	ਜਲੰਧਰ ..	289	22.5%
4.	ਹੁਸ਼ਿਆਰਪੁਰ ..	229	31%
5.	ਸੰਗਰੂਰ ..	121	24.8%
6.	ਪਟਿਆਲਾ ..	180	21.1%
7.	ਗੁਰਦਾਸਪੁਰ ..	376	11.4%
8.	ਲੁਧਿਆਣਾ ..	362	14.9%
9.	ਫ਼ਿਰੋਜ਼ਪੁਰ ..	369	5.6%
10.	ਕਪੂਰਥਲਾ ..	72	23.6%
11.	ਬਠਿੰਡਾ ..	388	18.6%
ਨਗਰ ਸੁਧਾਰ ਟਰੱਸਟ			
1.	ਅੰਮ੍ਰਿਤਸਰ ..	174	42.5%

2. ਪਠਾਨਕੋਟ	—		—
3. ਜਲੰਧਰ	150		2%

(ਬੀ) ਸੂਚਨਾ ਇਕੱਤਰ ਕਰਨ ਉਤੇ ਖਰਚ ਹੋਣ ਵਾਲੇ ਸਮੇਂ ਅਤੇ ਮੇਹਨਤ ਦੇ ਟਾਕਰੇ ਉਤੇ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਵੁਕਤ ਨਹੀਂ ਹੋਵੇਗੀ ।

REPRESENTATIHN AGAINST FAVOURITISM SHOWN IN THE MATTER OF SELECTION OF J. B. T. TEACHERS

826. Comrade Satya Pal Dang : Will the Minister for Education be pleased to State:—

(a) whether he received any communication from any legislator in the month of July, 1970 giving specific instances of favouritism etc. shown in the matter of selection of J.B.T. teachers, if so, a copy of the same be laid on the Table of the House ;

(b) the action, if any, taken by the Government on the said representation stating the present position of these cases ?

ਸਰਦਾਰ ਸੁਰਜੀਤ ਸਿੰਘ: (ੲ) ਨਹੀਂ ਜੀ ।

(ਬੀ) ਸਵਾਲ ਨਹੀਂ ਉਠਦਾ ।

PERSONS DIED TO SEVERE COLD

832. Shri Gian Chand Kharbanda : Will the Chief Minister be pleased to State:—

(a) the total number of deaths which took place since 1st October, 1970 uptodate due to severe cold ;

(b) the total number of persons who died for want of night shelter;

(c) the details of the steps, if any, being taken by the Government to provide shelter to such poor persons during the cold season ?

ਸਰਦਾਰ ਤੇਜਾ ਸਿੰਘ: (ਰਾਜ ਮਤਰੀ, ਉਦਯੋਗ ਅਤੇ ਸਿਹਤ) : (ੲ) ਮੁਖ ਮੈਡੀਕਲ ਅਫਸਰਾਂ ਦੀ ਰਿਪੋਰਟ ਅਨੁਸਾਰ ਮਿਤੀ 1 ਅਕਤੂਬਰ, 1970 ਤੋਂ 15 ਜਨਵਰੀ, 1971, ਤੱਕ ਬਹੁਤੀ ਠੰਡ ਨਾਲ ਪੰਜਾਬ ਰਾਜ ਵਿਚ 38 ਮੌਤਾਂ ਹੋਈਆਂ ਹਨ ।

(ਬੀ) ਇਸ ਦੌਰਾਨ ਵਿਚ ਨਾਈਟ ਸ਼ੈਲਟਰਜ਼ (night shelters) ਨਾ ਹੋਣ ਦੇ ਕਾਰਨ ਕੋਈ ਮੌਤ ਨਹੀਂ ਹੋਈ ਹੈ ।

(ਸੀ) ਨਾਈਟ ਸ਼ੈਲਟਰਜ਼ (night shelters) ਬਣਾਉਣ ਸਬੰਧੀ ਸਿਹਤ ਵਿਭਾਗ ਦੇ ਅਧੀਨ ਕੋਈ ਸਕੀਮ ਨਹੀਂ ਕਿਉਂ ਜੋ ਇਹ ਵਿਸ਼ਾ ਸਿਹਤ ਵਿਭਾਗ ਨਾਲ ਸਬੰਧਤ ਨਹੀਂ ਹੈ ।

REGISTRATION AGAINST SARPANCH OF VILLAGE MALOWAL TALWANDI, DISTRICT AMRITSAR

837. **Comrade Satya Pal Dang:-** Will the Minister of State for Community Development and Panchayati Raj be pleased to state:—

(a) whether the Director, Panchayats, Punjab, Chandigarh received a representation dated 16th July, 1970 entitled "Enquiry against Tara Singh Sarpanch son of Chanda Singh Kamboj of village Malowal Talwandi, Tehsil and District Amritsar, Punjab; if so, copy of the same be laid on the table of the House;

(b) the action, if any, taken in connection with this representation and the results thereof ?

Sardar Satnam Singh Bajwa : (a)Yes. A copy of the complaint is laid on the Table of the House.

(b) Enquiry was held and Block Development and Panchayat Officer Tarsika ordered to assess the loss under section 105(2) of Punjab Gram Panchayat Act, 1952 incurred to the Panchayat by the Sarpanch for retaining amounts more than the prescribed limit of Rs. 50 as provided under Rule 23 (iii) of Punjab Gram Panchayat Rules, 1965.

[(ੲ) ਹਾਂ । ਸ਼ਿਕਾਇਤ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਬੀ) ਇਨਕੁਆਇਰੀ ਕੀਤੀ ਗਈ ਸੀ ਅਤੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਤਰਸਿੱਕਾ ਨੂੰ ਹੁਕਮ ਦਿਤਾ ਗਿਆ ਸੀ ਕਿ ਉਹ ਪੰਜਾਬ ਗਰਾਮ ਪੰਚਾਇਤ ਐਕਟ 1952 ਦੀ ਧਾਰਾ 105(2) ਅਧੀਨ ਸਰਪੰਚ ਵਲੋਂ ਪੰਜਾਬ ਗਰਾਮ ਪੰਚਾਇਤ ਰੂਲਜ਼ 1965 ਦੇ ਨਿਯਮ 23 (iii) ਅਧੀਨ ਨੀਯਤ ਕੀਤੀ 50 ਰੁਪਏ ਦੀ ਰਕਮ ਦੀ ਹੱਦ ਤੋਂ ਵੱਧ ਰਕਮ ਆਪਣੇ ਪਾਸ ਰਖਣ ਤੇ ਪੰਚਾਇਤ ਨੂੰ ਹੋਏ ਨੁਕਸਾਨ ਨੂੰ ਨਿਰਧਾਰਣ ਕਰੇ ।]

COPY OF THE COMPLAINT

To

The Director, Gram Panchayats, Punjab,
Chandigarh.

Re—Enquiry against Tara Singh Sarpanch. son of Chanda Singh Kamboj, of V. Malowal Talwandi Tehsil & District Amritsar Punjab.

We the following residents of V. Talwandi Malowal beg to lay the following lines in the sanguine hope that an early action shall be taken thereto :—

(1) That on an application dated 1st February, 1968 made by a voter Shri Dasondha Singh of Talwandi Malowal Tehsil Amritsar to the D. D & P. O. Amritsar for the 14 charges, specified in separate applications enclosed herewith of corruption mis-appropriation of Panchayat funds and abuse and misuse of his authority as Sarpanch against the present Sarpanch Shri Tara Singh mentioned in the heading above.

(2) That the enquiry was sent to the Naib Tehsildar Panchayats Chaudhri Jinda Ram Amritsar., who after holding a thorough enquiry affording opportunity to aduce evidence to both the parties made a report on 26th April 1968 that all the charges stood proved and recommended that stern and strong action be taken against Tara Singh Sarpanch. Inspite of the report no action was taken and the file was consigned to record.

(3) That on 5th July, 1968 another application was made to similar effect. The D. D. and P. O. Amritsar proved into the matter and held that Sarpanch was guilty of all the charges of corruption etc. against him and as such sent the file for necessary sanction for action to the Punjab Government which remanded the case for appropriate action to the Deputy Commissioner, Amritsar. Again enquiry was conducted by the S. D. O (Civil) Amritsar through Shri Man Mohan Singh P. C. S. A. C. 1st Grade Amritsar. It was again held by the Enquiry Officer that the allegations in charges Nos. 2, 3, 7, 8, 9 and 15 had been proved beyond doubt and recommended suitable action against Tara Singh Sarpanch. The S. D. O. Civil Amritsar vide his report dated 14th October, 1969 on the report of Shri Man Mohan Singh P. C. S. remarked and held "that very serious allegations are proved against the said Sarpanch. Very deterrent and exemplary punishment against Sarpanch is called for, Registration of riminal case may also be made." But when the enquiry file was placed before the D. C. Amritsar on 13th January, 1970, the case was remanded without adequate reasons viz. for giving further opportunity to the Sarpanch to aduce his evidence if any, although he had already been given ample time to do so.

(4) That on 31.3.70. on the remand of the case to the S. D. O. Civil Amritsar and Shri Man Mohan Singh P. C. S. the Sarpanch was allowed to file a written reply to the allegations in charges Nos. 2, 3, 7, 8, 9, 15 and further on 1-4-70 one Major Nama along with a common and Joint affidavit of certain persons, his helpers, party-men and Voters numbering about 22 in all was put in before the Enquiry Officer. This was to the effect that, we elected the present Sarpanch Tara Singh and the Ex-Sarpanch Dasondha Singh wants to get him removed. Regretably enough the Petitioner Dasondha Singh was not given any opportunity to produce oral or documentary proof to controvert or rebut the evidence produced by the Sarpanch Tara Singh. This was sheerly against natural justice and equity.

(5) That the Enquiry Officer again made a report almost identical with the earlier report that the charges against the Sarpanch stood proved and strong action is called for. The file was sent to the Deputy Commissioner, Amritsar through proper channel for necessary final orders.

(6) That the D.C. Amritsar without calling the parties vide order dated 25-6-70 took a very lenient view of the serious allegations and has virtually exonerated the Sarpanch of all charges levelled against him and has bye-passed the reports for action against the Sarpanch Tara Singh. As such the order is highly unjust improper and against principles of natural justice. The D. C. Amritsar has ordered that the Sarpanch Tara Singh should pay the entire amount misappropriated by him.

(7) That during the pendancy of the enquiry Dasondha Singh petitioner put in along with seven or eight other residents of the village, an application on 19-1-70 to D.C. Amritsar for enquiry about charges of corruption, misappropriation etc. against the same Sarpanch but so far no enquiry has been made nor any action has been taken thereon. Further no general meeting of the Gram Panchayat as required under the Law has ever been called during the enquiry but all the same the Sarpanch has been expending Gram Panchayat funds in order to cause waste and wrongful loss to the Gram Panchayat. This is quite improper and illegal and called for strong action against the Sarpanch.

In the circumstances specified above we beg to approach your honour that in the Exercise of your powers of Superintendance and Revision, in order, to see the propriety, legality and correctness of the order, the Enquiry file of Tara Singh Sarpanch be called for and after perusal the necessary orders for strong action as recommended by the enquiry officers be ordered so that the culprit Tara Singh Sarpanch may be visited with deterrent and exemplary punishment, in the interest of justice and smooth working of the Panchayat affairs.

Malowal Talwandi.

Tehsil & Distt. Amritsar

Yours faithfully,

Sd/—

1. Dasondha Singh Resident of Talwandi Malowal.
2. Harnam Singh, Distt. Amritsar.
3. Inder Singh.
4. Avtar Singh.
etc.

ਨੋਟ :— ਅਰਜ਼ੀ ਮਿਤੀ 5-7-68 ਅਤੇ 19-1-68 ਇਸ ਅਰਜ਼ੀ ਨਾਲ ਨੱਥੀ ਕੀਤੀ ਜਾਂਦੀ ਹੈ ।

ਸੇਵਾ ਵਿਖੇ

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਤਾਰਾ ਸਿੰਘ ਸਰਪੰਚ ਮਾਲੋਵਾਲ ਤਹਿਸੀਲ ਅੰਮ੍ਰਿਤਸਰ ਬਲਾਕ ਤਰਸਿੱਕਾ ਨੇ ਆਪਣੀ ਪੁਜੀਸ਼ਨ ਦਾ ਨਜਾਇਜ਼ ਫਾਇਦਾ ਲਿਆ ਹੈ ਤੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਬੜੀਆਂ ਬੇਜ਼ਾਬਤਗੀਆਂ ਤੇ ਹੇਰਾ ਫੇਰੀਆਂ ਕੀਤੀਆਂ ਹਨ । ਜੋ ਹੇਠ ਲਿਖੀਆਂ ਹਨ :—

(1) ਇਹ ਕਿ ਸਾਂਝਾ ਪਲਾਟ ਨੰ: 107 ਸਾਲ 1964 ਵਿੱਚ ਪਟੇ ਤੇ 275 ਰੁਪੈ ਵਿੱਚ ਚਾੜ੍ਹਿਆ ਸੀ । ਪਰ ਰਕਮ ਸਰਪੰਚ ਆਪ ਖਾ ਗਿਆ ਹੈ ਅਤੇ ਰਿਕਾਰਡ ਵਿੱਚ ਦਰਜ ਨਹੀਂ ਕੀਤੀ ਹੈ ।

(2) ਇਹ ਕਿ ਸਾਲ 1964 ਵਿੱਚ ਕਿਲਾ ਨੰ: $\frac{52}{19, 20, 21, 22, 23/1}$ ਨਰੈਣ ਸਿੰਘ ਜੋ ਕਿ ਸਰਪੰਚ ਦਾ ਚਾਚਾ ਹੈ ਸਿਰਫ 11 ਰੁਪਏ ਵਿੱਚ ਪੱਟੇ ਤੇ ਦਿੱਤਾ ਤੇ ਫਿਰ ਆਪੇ ਹੀ ਬੋਲੀ ਕੈਂਸਲ ਕਰਕੇ ਹੇਰਾ ਫੇਰੀ ਕਰ ਗਿਆ ਤੇ ਪਤਾ ਲਗਾ ਕਿ ਮਹਿੰਦਰ ਸਿੰਘ ਦੇ ਨਾਂ ਫਿਰ 28 ਰੁਪੈ ਵਿੱਚ ਚਰੀ ਕਰ ਦਿੱਤੀ ਹੈ ਜੋ ਕਿ ਗਰਦਾਵਰੀ ਵਿੱਚ ਦਰਜ ।

(3) ਇਹ ਕਿ ਸਰਪੰਚ ਤਾਰਾ ਸਿੰਘ ਨੇ ਸਾਧੂ ਸਿੰਘ ਮੈਂਬਰ ਨਾਲ ਮਿਲ ਕੇ ਕਿੱਲਾ ਨੰ: $\frac{52}{19,\ 20,\ 21,\ 22,\ 23/1}$ ਸਾਲ 1966 ਵਿੱਚ ਥੋੜ੍ਹੀ ਜਿਹੀ ਰਕਮ 32 ਰੁਪੈ ਵਿੱਚ ਸਾਧੂ ਸਿੰਘ ਮੈਂਬਰ ਦੇ ਨਾਂ ਪਟੇ ਤੇ ਦਿੱਤੀ ਹੈ ਅਤੇ ਅਜੇ ਤਕ 10 ਰੁਪੈ ਬਾਕੀ ਵੀ ਹਨ । ਹੁਣ 160 ਰੁਪੈ ਵਿੱਚ ਉਪਰੋਕਤ ਰਕਬਾ ਪਟੇ ਤੇ ਦਿੱਤਾ ਗਿਆ ਹੈ । ਇਹ ਰੂਲ ਨੰ: 6/1-ਬੀ. ਦੇ ਅਧੀਨ ਕਾਨੂੰਨ ਦੀ ਖਿਲਾਫ ਵਰਜ਼ੀ ਕੀਤੀ ਗਈ ਹੈ ।

(4) ਇਹ ਕਿ ਸਰਪੰਚ ਉਪਰੋਕਤ ਤੇ ਉਸ ਦੇ ਪੁੱਤਰ ਜਗੀਰ ਸਿੰਘ ਨੇ ਫਿਰਨੀ ਪਿੰਡ ਦੇ ਲਹਿੰਦੇ ਤੇ ਚੜ੍ਹਦੇ ਵਿੱਚ ਨਜਾਇਜ਼ ਤੌਰ ਤੇ ਕਬਜ਼ਾ ਕਰ ਰਖਿਆ ਹੈ ।

(5) ਇਹ ਕਿ ਸਰਪੰਚ ਨੇ ਰਸਤਾ ਨੰ: ਖਸਰਾ 123 ਕੋਣ ਖੈਰਾਵਾਲਾ ਵਿੱਚ ਜ਼ਬਰਦਸਤੀ ਖਾਲ ਖੋਦ ਲਿਆ ਹੈ ।

(6) ਇਹ ਕਿ ਕਿੱਲਾ ਨੰ: $\frac{32}{5/2,\ 6/1}$ 3-10 ਸਰਪੰਚ ਨੇ ਸੁੰਦਰ ਸਿੰਘ ਨੂੰ ਬਿਨਾਂ ਨਿਲਾਮ ਕੀਤੇ ਪਟੇ ਤੇ ਦੇ ਰੱਖੀ ਹੈ ।

(7) ਇਹ ਕਿ ਪਿਛਲੇ ਚਾਰ ਸਾਲ ਤੋਂ ਠੇਕੇਵਾਲੀ ਰਕਮ ਆਪਣੇ ਪਾਸ ਰਖਕੇ ਕਾਨੂੰਨ ਦੀ ਖਿਲਾਫ ਵਰਜ਼ੀ ਕੀਤੀ ਹੈ ਜੋ ਕਿ 50 ਰੁਪੈ ਤੋਂ ਵੱਧ ਰਕਮ ਆਪਣੇ ਪਾਸ ਨਹੀਂ ਸੀ ਰੱਖ ਸਕਦਾ ।

(8) ਇਹ ਕਿ ਹੰਨਸਲੀ ਵਾਲੀ ਰਕਮ 1,600 ਰੁਪੈ 2 ਮਹੀਨੇ ਆਪ ਖਰਚਣ ਤੋਂ ਪਿਛੋਂ ਫਿਰ ਵੀ 1,500 ਰੁਪੈ ਜਮ੍ਹਾਂ ਕੀਤੇ ਹਨ ਕਾਨੂੰਨੀ ਖਿਲਾਫ ਵਰਜ਼ੀ ਹੈ ।

(9) ਇਹ ਕਿ ਸਾਲ 1965 ਵਿੱਚ ਮਹਿੰਦਰ ਸਿੰਘ ਪੁੱਤਰ ਪ੍ਰਤਾਪ ਸਿੰਘ ਨੂੰ 62 ਰੁਪੈ ਵਿੱਚ ਠੇਕੇ ਤੇ ਜ਼ਮੀਨ ਦਿੱਤੀ ਅਤੇ 52 ਰੁਪੈ ਵਸੂਲ ਕਰ ਲਏ ਗਏ ਹਨ । ਪਰ ਕੈਸ਼ ਬੁਕ ਵਿੱਚ ਦਰਜ ਨਹੀਂ ਕੀਤੇ ਖੁਦ ਹਜ਼ਮ ਕਰ ਗਿਆ ਹੈ ।

(10) ਇਹ ਕਿ ਪੰਨਾ ਸਿੰਘ ਨੰਬਰਦਾਰ ਦੇ ਨਾਲ 45 ਰੁਪੈ ਬਾਕੀ ਠੇਕੇ ਦਾ ਪੰਚਾਇਤ ਮਾਲੀਏ ਦੇ ਬਦਲੇ ਲੈਣ ਦੇਣ ਕਰ ਲਿਆ ਹੈ ਪਰ ਰਕਮ 45 ਰੁਪੈ ਕੈਸ਼ ਬੁਕ ਵਿੱਚ ਦਰਜ ਨਹੀਂ ਕੀਤੇ ਖੁਦ ਹਜ਼ਮ ਕਰ ਗਿਆ ਹੈ ।

(11) ਇਹ ਕਿ ਸੁਰੈਣ ਸਿੰਘ ਪੁਤਰ ਵਸਾਖਾ ਸਿੰਘ ਤੋਂ 160 ਰੁਪੈ 1964 ਵਿੱਚ ਵਸੂਲ ਕਰ ਲਏ ਗਏ ਹਨ ਪਰ ਕੈਸ਼ ਬੁਕ ਵਿੱਚ 19-1-66 ਨੂੰ ਦਰਜ ਕੀਤੇ ਹਨ। 2 ਸਾਲ ਰਕਮ ਆਪਣੀ ਗਰਜ਼ ਲਈ ਵਰਤੀ ਹੈ ।

(12) ਇਹ ਕਿ ਹਰੀਜਨਾਂ ਤੋਂ ਨਾਲੀਆਂ ਦੇ ਬਹਾਨੇ 5 ਰੁਪੈ ਫੀ ਘਰ ਦੇ ਹਿਸਾਬ ਨਾਲ ਕੁਝ ਹਰੀਜਨਾਂ ਤੋਂ ਰੁਪੈ ਵਸੂਲ ਕੀਤੇ ਗਏ ਹਨ ਪਰ ਕੈਸ਼ ਬੁਕ ਵਿੱਚ ਦਰਜ ਨਹੀਂ ਕੀਤੇ ਗਏ ਪਰ ਨਾਲੀਆਂ ਦਾ ਖਰਚ ਪਾ ਲਿਆ ਹੈ ।

(13) ਇਹ ਕਿ 1964 ਤੋਂ ਪਹਿਲਾਂ ਵਾਲੀ ਗਰਾਂਟ ਕਿਸੇ ਕੰਮ ਤੇ ਨਹੀਂ ਲਾਈ ਗਈ ਹੈ ।

(14) ਇਹ ਕਿ ਸੜਕ ਤੇ ਮਿੱਟੀ ਕੁਝ ਆਦਮੀਆਂ ਵਲੋਂ ਰਜਾਕਾਰਨ ਤੌਰ ਪਰ ਪਾਈ ਗਈ ਹੈ, ਪਤਾ ਲਗਾ ਹੈ ਕਿ ਕੁੱਝ ਦੇ ਨਾਮ ਮਜ਼ਦੂਰੀ ਪਾਈ ਗਈ ਹੈ ।

(15) ਇਹ ਕਿ ਸ਼ੁਰੂ ਤੋਂ ਲੈਕੇ ਹੁਣ ਤੱਕ ਤਾਰਾ ਸਿੰਘ ਸਰਪੰਚ ਨੇ ਕੋਈ ਆਮ ਅਜਲਾਸ ਨਹੀਂ ਕੀਤਾ ਹੈ ਅਤੇ ਨਾ ਹੀ ਕੋਈ ਹਿਸਾਬ ਦਿੱਤਾ ਹੈ ।

(16) ਇਹ ਕਿ ਹੁਣ ਹਰ ਸਾਲ 13 ਪਲਾਟ ਬੋਲੀ ਤੇ ਦਿਤੇ ਜਾਂਦੇ ਹਨ ਪਰ ਪਹਿਲੇ 2 ਸਾਲਾਂ ਵਿੱਚ ਘੱਟ ਵੱਧ ਕਰਕੇ ਹੇਰਾ ਫੇਰੀ ਕਰਦਾ ਰਿਹਾ ਹੈ । ਛੇਤੀ ਤੋਂ ਛੇਤੀ ਇਸ ਦੀ ਪੁੱਛ-ਗਿਛ ਕੀਤੀ ਜਾਵੇ ।

ਸਹੀ/-
ਪ੍ਰਾਰਥਕ
ਦਸੌਂਧਾ ਸਿੰਘ ਪੁਤਰ ਈਸ਼ਰ ਸਿੰਘ
ਵਾਸੀ ਮਾਲੋਵਾਲ, ਬਲਾਕ ਤਰਸਿੱਕਾ,
ਤਹਿਸੀਲ ਅੰਮ੍ਰਿਤਸਰ ।

ਮਿਤੀ 5-7-68

ਸੇਵਾ ਵਿਖੇ
ਸ੍ਰੀ ਮਾਨ ਜੀ,

ਬੇਨਤੀ ਹੈ ਕਿ ਤਾਰਾ ਸਿੰਘ ਸਰਪੰਚ ਪਿੰਡ ਮਾਲੋਵਾਲ ਬਲਾਕ ਤਰਸਿੱਕਾ ਦੇ ਖਿਲਾਫ਼ ਕਾਫ਼ੀ ਸਮੇਂ ਤੋਂ ਪੁਛ ਪੜਤਾਲ ਹੋ ਰਹੀ ਹੈ ਕਿਉਂਜੋ ਉਸਦੇ ਖਿਲਾਫ 15/16 ਦੋਸ਼ ਲਿਖ ਕੇ ਦਿਤੇ ਗਏ ਸਨ । ਜਿਸਦਾ ਅਜੇ ਤਕ ਕੋਈ ਆਪਣਾ ਫੈਸਲਾ ਨਹੀਂ ਹੋਇਆ ।

(1) ਇਹ ਕਿ ਹੁਣ ਫਿਰ ਹੋਰ ਦੋਸ਼ਾਂ ਦਾ ਸੁਰਾਗ਼ ਮਿਲਿਆ ਹੈ ਜੋ ਕਿ ਹੇਠ ਲਿਖੇ ਜਾਂਦੇ ਹਨ । ਇਸ ਲਈ ਪੁਛ ਪੜਤਾਲ ਕਰਕੇ ਵਾਜਬ ਕਾਰਵਾਈ ਕੀਤੀ ਜਾਵੇ । ਸਰਪੰਚ ਤਾਰਾ ਸਿੰਘ ਨੇ ਪਿੰਡ ਵਿਚ ਅਜੇ ਤੱਕ ਕੋਈ ਚੰਗਾ ਕੰਮ ਨਹੀਂ ਕੀਤਾ ਸਗੋਂ ਪਿੰਡ ਵਿਚ ਧੜੇ ਬਾਜ਼ੀ ਪਾਕੇ ਨਜਾਇਜ਼ ਕੰਮ ਕਰਦਾ ਹੈ ਅਤੇ ਝੂਠੀਆਂ ਗਵਾਹੀਆਂ ਦੇਂਦਾ ਹੈ । ਇਸ ਦੇ ਤਾਜ਼ਾ ਸਬੂਤ ਮਿਲ ਸਕਦੇ ਹਨ । (1) ਸੰਨ 1964 ਵਿੱਚ 47/3/2 ਰਕਬਾ ਲਗ ਭਗ ਇਕ ਏਕੜ ਚੋਰੀ ਨਿਲਾਮ ਕਰਕੇ ਲਗਭਗ 270 ਰੁਪੈ ਹਜ਼ਮ ਕਰ ਗਿਆ ਹੈ ।

(2) ਇੱਟਾਂ ਦੀ ਕੀਮਤ ਬਹੁਤ ਦਿਖਾਈ ਗਈ ਹੈ ਪਰ ਇੱਟਾਂ ਬਹੁਤ ਹੀ ਘਟ ਪਿੰਡ ਵਿੱਚ ਆਈਆਂ ਹਨ ਅਤੇ ਘਟ ਹੀ ਵਰਤੀਆਂ ਗਈਆਂ ਹਨ ।

(3) ਇਹ ਕਿ ਇਸਨੇ ਆਪਣੇ ਚਾਚਾ ਭਾਈ ਨੂੰ ਦੋਵਾਂ ਬਜ਼ਾਰਾਂ ਵਿੱਚ ਜਿਥ ਕਿ ਉਨ੍ਹਾਂ ਦੇ ਪਲਾਟ ਹਨ ਸਾਂਝੇ ਬਜ਼ਾਰ ਦੇ ਅੱਧ ਵਿੱਚ ਦੀਵਾਰਾਂ ਕਰਵਾਕੇ ਨਜਾਇਜ਼ ਕਬਜ਼ਾ ਕਰਵਾ ਦਿਤਾ ਹੈ ਜਿਸ ਨਾਲ ਲੋਕਾਂ ਨੂੰ ਆਉਣ ਜਾਣ ਦੀ ਬਹੁਤ ਤੰਗੀ ਹੈ ।

ਇਸ ਲਈ ਛੇਤੀ ਤੋਂ ਛੇਤੀ ਮੌਕਾ ਦੇਖ ਕੇ ਸਰਪੰਚ ਦੀਆਂ ਨਜਾਇਜ਼ ਕਾਰਵਾਈਆਂ ਦੀ ਪੁਛ ਪੜਤਾਲ ਕਰਵਾਈ ਜਾਵੇ ।

ਆਪ ਜੀ ਦੀ ਅਤੀ ਕ੍ਰਿਪਾ ਹੋਵੇਗੀ ।

ਪ੍ਰਾਰਥਕ,
ਦਸੌਂਧਾ ਸਿੰਘ

ਮਿਤੀ 19-1-70

HOUSING LOANS GIVEN IN AMRITSAR DISTRICT

840. **Shri Gian Chand Kharbanda** : Will the Chief Minister be pleased to state:—

(a) the amount sanctioned for housing loans in Amritsar City as well as in Amritsar District from 1.4.69 to 31.3.70;

(b) the amount spent for the purpose in Amritsar District and in Amritsar City separately upto date;

(c) the amount spent for the purpose in Amritsar District and in Amritsar City separataly during the last financial year?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੲ) 11,00,000 ਰੁਪਏ

(ਬੀ)	ਅੰਮ੍ਰਿਤਸਰ ਸ਼ਹਿਰ	..	79,17,124 ਰੁਪਏ
	ਅੰਮ੍ਰਿਤਸਰ ਜ਼ਿਲ੍ਹਾ	..	50,79,511 ਰੁਪਏ
(ਸੀ)	ਅੰਮ੍ਰਿਤਸਰ ਜ਼ਿਲ੍ਹਾ	..	1,97,650 ਰੁਪਏ
	ਅੰਮ੍ਰਿਤਸਰ ਸ਼ਹਿਰ	..	8,99,850 ਰੁਪਏ

REPRESENTATION AGAINST D.F.S.C. PATIALA

751. **Comrade Satya Pal Dang**:-Will the Chief Minister be pleased to State:-

(a) whether the Vigilance Department received a representation dated 11th. April. 1970 from one Shri Mangat Rai, Samana Mandi, Patiala making a number of serious allegations against the D.F.S.C. Patiala; if so a copy of the same be laid on the Table of the House;

(b) the action taken by the Vigilance Department on this representation and with what result?

Sardar Parkash Singh Badal: (a) Yes. It is not in public interest to disclose at this stage the allegations made against the Government servant:

(b) The preliminary inquiry has been completed. Action on the basis of the preliminary inquiry is under consideration.

IRRIGATED AREA IN HOSHIARPUR DISTRICT

758. **Comrade Satya Pal Dang**:-Will the Minister for Irrigation and Power be pleased to state:-

(a) the total irrigated area of cultivated land in Hoshiarpur District at present;

(b) the percentage of irrgated area vis-a-vis total cultivated land in the said district,

(c) the datails of the programme, if chalked out by the Government for fur ther irrigation in the said district during the Fourth Five Year Plan period?

Sardar Sohan Singh Basi: (a) Total area irrigated by canals/Government Tube wells is 69943 acres during the year 1969-70.

(b) she percentage of irrigated areas as to total cultivable areas in Hoshiarpur District of 668000 acres is 10.5%

(c) The extension of Nangal, Bishanpur and Budhabar Distributories is in hand. The investigation of following schemes to extend irrigation by construction of Check Dams on Chose and installation of State Tubewells is in hand:—

(i) Dholbaha Dam Project.

(ii) Janauri Dam Project.

(iii) State Tubewells in various blocks of the district: Work on the scheme of installing 92 Tubewells in Mahilpur Block is in progress and the scheme for installing 50 Nos. tubewells in Bajwara Block is being taken in hand during the current financial year.

The execution of the remaining schemes would depend upon their technical feasi bility and availability of funds.

[(ੳ) ਸਾਲ 1969-70 ਵਿਚ ਨਹਿਰਾਂ/ਸਰਕਾਰੀ ਟਿਊਬਵੈਲਾਂ ਦੁਆਰਾ ਸਿੰਚਾਈ ਕੀਤਾ ਕੁਲ ਰਕਬਾ 69,943 ਏਕੜ ਹੈ ।

(ਅ) ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕੁਲ ਕਾਸ਼ਤ ਯੋਗ 6,68,000 ਏਕੜ ਰਕਬੇ ਵਿਚੋਂ ਸਿੰਚਾਈ ਕੀਤੇ ਰਕਬੇ ਦੀ ਪਰਸੈਂਟੇਜ = 10.5%.

(ੲ) ਨੰਗਲ, ਬਿਸ਼ਨਪੁਰ ਅਤੇ ਬੁਧਾਵਰ ਰਜਬਾਹਿਆਂ ਨੂੰ ਵਧਾਉਣ ਦਾ ਕੰਮ ਹੱਥ ਵਿਚ ਹੈ ਸਿਚਾਈ-ਵਧਾਉਣ ਹਿਤ ਹੇਠ ਲਿਖੀਆਂ ਸਕੀਮਾਂ ਦੀ ਚੋਆਂ ਉਤੇ ਚੈਕ ਡੈਮ ਅਤੇ ਸਟੇਟ ਟਿਊਬਵੈਲ ਲਾਉਣ ਸਬੰਧੀ ਇਨਵੈਸਟੀਗੇਸ਼ਨ ਹੱਥ ਵਿਚ ਹੈ ।

(1) ਢੋਲਬਾਹਾ ਡੈਮ ਪ੍ਰੋਜੈਕਟ ।

(2) ਜੌਨਰੀ ਡੈਮ ਪ੍ਰੋਜੈਕਟ ।

(3) ਜ਼ਿਲ੍ਹਿਆਂ ਦੇ ਵੱਖ ਵੱਖ ਬਲਾਕਾਂ ਵਿਚ ਸਟੇਟ ਟਿਊਬਵੈਲਜ਼:— ਮਾਹਿਲਪੁਰ ਬਲਾਕ ਵਿਚ 92 ਟਿਊਬਵੈਲ ਲਾਉਣ ਦਾ ਕੰਮ ਪ੍ਰੋਗਰੈਸ ਵਿਚ ਹੈ । ਅਤੇ ਬਜਵਾੜਾ ਬਲਾਕ ਵਿਚ 50 ਟਿਊਬਵੈਲ ਲਾਉਨ ਦਾ ਕੰਮ ਇਸ ਵਿੱਤ ਸਾਲ ਵਿਚ ਹੱਥ ਵਿਚ ਲਿਆ ਜਾ ਰਿਹਾ ਹੈ ।

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Punjab Vidhan Sabha Debates

19th January, 1971

Vol. I, No. 2

OFFICIAL REPORT

CONTENTS

Tuesday, the 19th January, 1971

Price Rs. 10.80

ERRATA

TO

PUNJAB VIDHAN SABHA DEBATES

DATED 19TH JANUARY, 1971 VOL. I,/NO. 2

Read	*For*	*Page*	*Line*
suitable	suitsable	(2)27	19th from below
make	made	(2)37	27
Mr. Speaker	Mr. speakər	(2)45	21
ਡਾਕਟਰ	ਡਕਿਟਰ	(2)49	4
ਵਜ਼ੀਰ	ਵਜ਼ੀ	(2)68	6
ਸਟੈਂਡਾਂ	ਸਟੈਂਡ	(2)68	7
ਅੰਦਰ	ਅਦਰ	(2)68	7th from below
ਥਰਮਲ ਪਲਾਂਟ	ਥਰਮ ਲਾਂਟ	(2)73	last
ਭੁੱਖਾ	ਭਖਾ	(2)81	2
adjɔurned till	*adjoured* ntill	(2)93	2nd from below

PUNJAB VIDHAN SABHA

Tuesday, the 19*th January*, 1971

The Vidhan Sabha met in the Punjab Vidhan Sabha Hall, Vidhan Bhawan, Sector 1, *Chandigarh at* 2.00 *P.M. of the Clock. Mr. Speaker* (*Sardar Darbara Singh*) *in the Chair.*

STARRED QUESTIONS AND ANSWERS

Culverts on Ferozepur-Fazilka Road

***2157. Sardar Lachhman Singh:** Will the Minister for Irrigation and Power be pleased to state whether the Government is aware of the fact that large number of culverts on Ferozepur-Fazilka road are in a dilapidated condition causing immense inconvenience to the public travelling on this road; if so, the time by which these culverts are likely to be properly repaired ?

Sardar Sohan Singh Bassi : The general condition of culverts on Ferozepur-Fazilka road is satisfactory except 2 culverts in Kilometers 27 and 47 which sometimes give trouble due to vent height being inadequate. These are being remodelled and are likely to be completed during current year.

(ਸਿਵਾਏ 27 ਤੇ 47 ਕਿਲੋਮੀਟਰ ਦੇ ਦੋ ਕਲਵਰਟਾਂ ਦੇ ਜਿਹੜੇ ਕਦੇ ਕਦੇ ਨਾਕਾਫੀ ਵੈਂਟ ਹਾਈਟ ਹੋਣ ਦੇ ਕਾਰਨ ਤਕਲੀਫ ਦੇਂਦੇ ਹਨ ਫੀਰੋਜ਼ਪੁਰ–ਫਾਜ਼ਿਲਕਾ ਸੜਕ ਦੇ ਕਲਵਰਟਾਂ ਦੀ ਆਮ (ਜਨਰਲ) ਹਾਲਤ ਤਸੱਲੀ ਬਖਸ਼ ਹੈ । ਇਨ੍ਹਾਂ ਨੂੰ ਨਵਰੂਪ ਦਿਤਾ ਜਾ ਰਿਹਾ ਹੈ ਅਤੇ ਇਸ ਸਾਲ ਪੂਰਾ ਹੋਣ ਦੀ ਆਸ ਹੈ ।)

ਸਰਦਾਰ ਲਛਮਣ ਸਿੰਘ : ਕੀ ਮੰਤਰੀ ਸਾਹਿਬ ਉਥੇ ਜਾ ਕੇ ਆਪ ਦੇਖਣਗੇ ਕਿ ਸੜਕਾਂ ਦਾ ਕਿਤਨਾ ਬੁਰਾ ਹਾਲ ਹੈ। ਉਥੇ ਲੰਘਣ ਦਾ ਵੀ ਕੋਈ ਰਾਹ ਨਹੀਂ ਮਿਲਦਾ ?

ਸ਼੍ਰੀ ਸਪੀਕਰ : ਪਰ ਸਵਾਲ ਤਾਂ ਤੁਸੀਂ ਪੁਲੀਆਂ ਬਾਰੇ ਪੁਛਿਆ ਹੈ, ਸੜਕਾਂ ਦੇ ਬਾਰੇ ਨਹੀਂ । (But the hon. Member had asked the question about culverts and not about the roads).

ਅਵਾਜ਼ਾਂ : ਪੁਲੀਆਂ ਵੀ ਤਾਂ ਸੜਕਾਂ ਤੇ ਹੀ ਬਣਨੀਆਂ ਹਨ, ਕਿਧਰੇ ਹੋਰ ਤੇ ਨਹੀਂ । (ਹਾਸਾ) ।

ਮੰਤਰੀ : ਮੈਂ ਕਲ ਹੀ ਮੁਆਇਨਾ ਕਰਕੇ ਆਇਆ ਹਾਂ। ਮੈਨੂੰ ਪਤਾ ਹੈ ਕਿ ਮੋਘਿਆਂ ਵਿਚੋਂ ਪਾਣੀ ਠੀਕ ਤਰ੍ਹਾਂ ਨਹੀਂ ਲੰਘਦਾ । ਮੈਂ ਅਰਜ਼ ਕਰਦਾ ਹਾਂ ਕਿ ਇਹ ਇਕ ਸਾਲ ਦੇ ਵਿਚ ਵਿਚ ਹੀ ਠੀਕ ਹੋ ਜਾਵੇਗਾ ।

ਚੌਧਰੀ ਬਲਬੀਰ ਸਿੰਘ : ਕੀ ਮੰਤਰੀ ਮਹੋਦੇ ਦਸਣਗੇ ਕਿ ਜਿਹੜੀਆਂ ਪੁਲੀਆਂ ਖਰਾਬ ਹੋ ਗਈਆਂ ਹਨ ਉਹ ਠਕੇਦਾਰਾਂ ਦਾ ਕਸੂਰ ਹੈ ਅਤੇ ਕੀ ਉਹ ਉਨ੍ਹਾਂ ਸਰਕਾਰੀ ਕਰਮਚਾਰੀਆਂ ਵਿਰੁੱਧ ਕੋਈ ਕਾਰਵਾਈ ਕਰਨਗੇ ਜਿਨ੍ਹਾਂ ਨੇ ਕਿ ਉਨ੍ਹਾਂ ਦੀ ਸੁਪਰਵੀਜ਼ਨ ਕੀਤੀ ਸੀ ?

ਮੰਤਰੀ: ਉਹ ਪੁਲੀਆਂ ਖਰਾਬ ਨਹੀਂ ਹੋਈਆਂ। ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਦੀ ਵੈਂਟ ਹਾਈਟ ਜ਼ਿਆਦਾ ਹੋਣ ਕਰਕੇ ਮੋਘਿਆਂ ਵਿਚੋਂ ਪਾਣੀ ਠੀਕ ਤਰ੍ਹਾਂ ਪਾਸ ਨਹੀਂ ਹੁੰਦਾ। ਇਸ ਵਿਚ ਨਾ ਠੇਕੇਦਾਰਾਂ ਦਾ ਕਸੂਰ ਹੈ ਅਤੇ ਨਾ ਹੀ ਉਨ੍ਹਾਂ ਪੁਲੀਆਂ ਦੀ ਮਜ਼ਬੂਤੀ ਵਿਚ ਕੋਈ ਕਸਰ ਹੈ।

ਡਾਕਟਰ ਸਾਧੂ ਰਾਮ: ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਥੇ ਕੋਈ ਕਿਸੇ ਕਮੇਟੀ ਆਦਿ ਦੇ ਇਲੈਕਸ਼ਨਜ਼ ਤਾਂ ਨਹੀਂ ਸੀ ਹੋ ਰਹੇ ਜਿਸ ਕਰਕੇ ਜਲਦੀ ਜਲਦੀ ਇਨ੍ਹਾਂ ਨੇ ਉਹ ਪੁਲੀਆਂ ਬਣਵਾ ਦਿਤੀਆਂ ਹੋਣ ਜੋ ਬਾਦ ਵਿਚ ਠੀਕ ਨਹੀਂ ਰਹੀਆਂ ? (ਵਿਘਨ)

ਸ੍ਰੀ ਸਪੀਕਰ : ਇਹ ਕੋਈ ਸੈਪਲੀਮੈਂਟਰੀ ਨਹੀਂ ਹੈ। (This is not a supplementary question.)

ਸਰਦਾਰ ਦਲੀਪ ਸਿੰਘ ਪਾਂਧੀ: ਕੀ ਮੰਤਰੀ ਸਾਹਿਬ ਇਹ ਦਸਣਗੇ ਕਿ ਜਦੋਂ ਇਨਾਂ ਪੈਸਾ ਖਰਚ ਕਰਕੇ ਇੰਜੀਨੀਅਰਾਂ ਤੋਂ ਸਰਕਾਰ ਉਨ੍ਹਾਂ ਦੇ ਡਿਜ਼ਾਈਨ ਤਿਆਰ ਕਰਵਾਉਂਦੀ ਹੈ, ਤਾਂ ਜੋ ਉਹ ਮੋਘੇ ਫਿਰ ਵੀ ਠੀਕ ਨਹੀਂ ਹੁੰਦੇ ਤਾਂ ਉਨ੍ਹਾਂ ਇੰਜੀਨੀਅਰਾਂ ਦੇ ਵਿਰੁਧ ਸਰਕਾਰ ਕੋਈ ਇਨਕੁਆਇਰੀ ਕਰ-ਵਾਉਣ ਲਈ ਤਿਆਰ ਹੈ, ਜਿਨ੍ਹਾਂ ਨੇ ਕਿ ਉਨ੍ਹਾਂ ਦੇ ਡਿਜ਼ਾਈਨ ਤਿਆਰ ਕੀਤੇ ਹਨ ?

ਮੰਤਰੀ: ਜਦੋਂ ਡਿਜ਼ਾਈਨ ਤਿਆਰ ਕੀਤੇ ਜਾਂਦੇ ਹਨ ਤਾਂ ਕਿਸੇ ਇਕ ਸਾਲ ਦੇ ਪਾਣੀ ਨੂੰ ਮੱਦੇ ਨਜ਼ਰ ਰਖ ਕੇ ਤਿਆਰ ਕਰਵਾਏ ਜਾਂਦੇ ਹਨ। ਉਹ ਡਰਾਈ ਏਰੀਆ ਹੈ, ਕਿਸੇ ਸਾਲ ਬਾਰਸ਼ ਘਟ ਪੈਂਦੀ ਹੈ ਅਤੇ ਕਿਸੇ ਸਾਲ ਵਧ ਪੈਂਦੀ ਹੈ ਇਸ ਕਰਕੇ ਇਹ ਡਿਜ਼ਾਈਨ ਫਿਟ ਨਹੀਂ ਆਇਆ। ਇਸ ਵਿਚ ਇੰਜੀਨੀਅਰਾਂ ਦਾ ਕੋਈ ਕਸੂਰ ਨਹੀਂ ਹੈ।

ਸ੍ਰੀ ਮਨਮੋਹਨ ਕਾਲੀਆ : ਕੀ ਮੰਤਰੀ ਮਹੋਦੇ ਇਸ ਸੁਝਾ ਨੂੰ ਮੰਨ ਲੈਣਗੇ ਕਿ ਕਿਉਂਕਿ ਪੀ. ਡਬਲਿਊ. ਡੀ. ਦੇ ਮਹਿਕਮੇ ਦੇ ਖਿਲਾਫ ਕੁਰਪਸ਼ਨ ਦੀਆਂ ਸ਼ਿਕਾਇਤਾਂ ਬਹੁਤ ਆਉਂਦੀਆਂ ਹਨ, ਇਸ ਲਈ ਜਿਹੜੀ ਵੀ ਸੜਕ ਜਾਂ ਪੁਲੀ ਬਣੇ ਉਸ ਦੇ ਉਤੇ ਠੇਕੇਦਾਰ ਅਤੇ ਇੰਜੀਨੀਅਰ ਦੇ ਨਾਂ ਦਾ ਫਟਾ ਲਾ ਦਿਤਾ ਜਾਵੇ ?

ਸ੍ਰੀ ਸਪੀਕਰ: ਕਾਲੀਆ ਸਾਹਿਬ, ਤੁਹਾਡਾ ਸਝਾਵ ਬੜਾ ਅਜੀਬ ਜਿਹਾ ਹੈ। (Kalia Sahib, your suggestion is quite strange)

ਚੌਧਰੀ ਬਲਬੀਰ ਸਿੰਘ: ਇਨ੍ਹਾਂ ਦੇ ਨਾਂ ਦੇ ਫੱਟੇ ਤਾਂ ਉਥੇ ਲਗੇ ਹੀ ਹੋਏ ਹਨ, ਭਾਵੇਂ ਉਦ-ਘਾਟਨ ਕਰਨ ਦੇ ਸਮੇਂ ਦੇ ਹੀ ਹੋਣ। (ਹਾਸਾ)

ਡਾਕਟਰ ਅਮੀਰ ਸਿੰਘ ਕਲਕਟ: ਕੀ ਮਨਿਸਟਰ ਸਾਹਿਬ ਦਸਣਗੇ ਕਿ ਹੁਸ਼ਿਆਰਪੁਰ ਦਾ ਜ਼ਿਲ੍ਹਾ ਜਿਹੜਾ ਕਿ ਚੋਆਂ ਦਾ ਜ਼ਿਲ੍ਹਾ ਹੈ ਅਤੇ ਜਿਥੇ ਪੁਲੀਆਂ ਅਤੇ ਸੜਕਾਂ ਵੀ ਬਾਰਸ਼ ਦੇ ਨਾਲ ਰੁੜ੍ਹ ਜਾਂਦੀਆਂ ਹਨ, ਉਥੇ ਦਾ ਸੁਧਾਰ ਕਰਨ ਲਈ ਇਹ ਤਿਆਰ ਹਨ ?

ਮੰਤਰੀ: ਡਾਕਟਰ ਸਾਹਿਬ, ਇਹ ਸਵਾਲ ਕੀ ਹੈ ਅਤੇ ਮੈਂ ਇਸ ਦਾ ਜਵਾਬ ਕੀ ਦੇਵਾਂ ?

(ਚੌਧਰੀ ਬਲਬੀਰ ਸਿੰਘ ਵਲੋਂ ਵਿਘਨ)

ਡਾਕਟਰ ਸਾਹਿਬ ਹੁਸ਼ਿਆਰਪੁਰ ਦੇ ਚੋਅ ਤਾਂ ਮੈਂ ਬੰਦ ਕਰ ਦਿਆਂਗਾ ਪਰ ਉਥੇ ਦਾ ਚੌਧਰੀ ਤੁਸੀਂ ਬੰਦ ਕਰ ਦਿਓ। (ਹਾਸਾ)।

ਚੌਧਰੀ ਬਲਬੀਰ ਸਿੰਘ: ਸਪਲੀਮੈਂਟਰੀ ਸਰ।

ਸ੍ਰੀ ਸਪੀਕਰ: ਕੀ ਪਰਸਨਲ ਐਕਸਪਲੇਨੇਸ਼ਨ ਦੇਣਾ ਚਾਹੁੰਦੇ ਹੋ ? (ਹਾਸਾ) (Does the hon. Member want to give personal explanation?) (*Laughter*)

ਚੌਧਰੀ ਬਲਬੀਰ ਸਿੰਘ : ਨਹੀਂ ਜਨਾਬ ਮੈਂ ਤਾਂ ਕੇਵਲ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਚੌਧਰੀ ਨੂੰ ਬੰਦ ਕਰਨ ਦੀ ਕੋਈ ਸਕੀਮ ਤਾਂ ਨਹੀਂ ਬਣਾਈ। (ਹਾਸਾ)

ਸ੍ਰੀ ਸਪੀਕਰ : ਗਲ ਤਾਂ ਫ਼ਿਰੋਜ਼ਪੁਰ ਦੀ ਹੋ ਰਹੀ ਸੀ ਜੇ ਉਹ ਹੁਸ਼ਿਆਰਪੁਰ ਤੇ ਆ ਜਾਵੇ ਤਾਂ ਮਾੜੀ ਗਲ ਹੈ। **(Supplementaries were being asked about Ferozepur District; it would be going off the track to bring in Hoshiarpur).**

Malikpur Hydel Project No. 1

***2209. Chaudhri Ram Singh** : Will the Minister for Irrigation and Power be pleased to state—

(a) whether it is a fact that the Malikpur Hydel Project No. 1 was to be completed by 1st January, 1970 ;

(b) if the answer to part (a) above be in the affirmative, whether the said project was completed by the said date; if not, the reasons therefor ;

(c) the original and the revised estimates for the Malikpur Hydel Project separately ;

(d) whether it is a fact that as a result of revision the amount of estimates has increased; if so, the reasons therefor ?

Sardar Sohan Singh Bassi : (a) No

(b) Question does not arise.

(c) The original Project estimate was sanctioned for Rs 583.77 Lacs. The revised Project estimate is for Rs 1,493.69 lacs.

(d) Yes, the reasons for the increase are—

(i) Enlarged scope of the Project—

The capacity of the Hydel Channel has been increased from 2,500 cusecs to 3,625 cusecs and installed capacity of the Power House from 3 x 10=30MW to 3 x 15=45 MW.

(ii) General rise in the price index since 1961 when the original project was prepared.

(iii) Devaluation.

[(ੳ) ਨਹੀਂ ਜੀ ।

(ਅ) ਸਵਾਲ ਹੀ ਨਹੀਂ ਉਠਦਾ ।

(ੲ) ਮੂਲ ਪ੍ਰਾਜੈਕਟ ਅਨੁਮਾਨ 583.77 ਲੱਖ ਰੁਪਏ ਦਾ ਮਨਜ਼ੂਰ ਹੋਇਆ ਸੀ । ਦੁਹਰਾਇਆ (ਰੀਵਾਇਜ਼ਡ) ਪ੍ਰਾਜੈਕਟ ਦਾ ਅਨੁਮਾਨ 1,493.69 ਲੱਖ ਦਾ ਹੈ ।

(ਸ) ਹਾਂ ਜੀ, ਵਾਧੇ ਦੇ ਕਾਰਣ ਇਹ ਹਨ :—

(1) ਪ੍ਰਾਜੈਕਟ ਦੇ ਸਕੋਪ ਵਿਚ ਵਾਧਾ .—ਹਾਈਡਲ ਚੈਨਲ ਦੀ ਕਪੈਸਿਟੀ 2500 ਕਿਉਸਿਕ ਤੋਂ ਵੱਧ ਕੇ 3625 ਕਿਉਸਕ ਹੋ ਗਈ ਹੈ ਅਤੇ ਤਿੰਨ ਪਾਵਰ ਹਾਊਸਾਂ ਦੀ ਇਨਸਟਾਲਡ ਕਪੈਸਿਟੀ 3×10=30 ਮੈਗਾਵਾਟ ਤੋਂ ਵਧ ਕੇ 3×15=45 ਮੈਗਾਵਾਟ ਹੋ ਗਈ ਹੈ।

(2) 1961 ਤੋਂ ਜਦੋਂ ਮੂਲ ਪ੍ਰਾਜੈਕਟ ਅਨੁਮਾਨ ਬਣਿਆ ਸੀ, ਕੀਮਤ ਸੂਚਕ ਅੰਕ ਵਿਚ ਆਮ ਵਾਧਾ]

(3) ਅਣਮੂਲਣ (ਡੀਵੈਲਯੂਏਸ਼ਨ) ।

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਕਿਰਪਾ ਕਰਕੇ ਦਸਣ ਦੀ ਖੇਚਲ ਕਰਨਗੇ ਕਿ ਇਹ ਜਿਹੜਾ ਪ੍ਰਾਜੈਕਟ ਹੈ ਇਹ ਕਿਸ ਡੇਟ ਤਕ ਖਤਮ ਹੋ ਜਾਵੇਗਾ ?

ਮੰਤਰੀ : ਲੇਟੈਸਟ ਸ਼ੈਡੀਊਲ ਦੇ ਮੁਤਾਬਕ ਤਾਂ ਪਹਿਲਾ ਪਾਵਰ ਹਾਊਸ ਮਈ, 1971 ਵਿਚ ਦੂਸਰਾ ਅਕਤੂਬਰ, 1971 ਵਿਚ ਅਤੇ ਤੀਸਰਾ 1972 ਵਿਚ ਕੰਪਲੀਟ ਹੋ ਜਾਵੇਗਾ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮੰਤਰੀ ਮਹੋਦੇ ਦਸਣਗੇ ਕਿ ਇਹ ਜੋ ਸ਼ੈਡਿਊਲ ਇਨ੍ਹਾਂ ਨੇ ਦਸਿਆ ਹੈ ਇਸ ਤੇ ਅਮਲ ਹੋਵੇਗਾ ਜਾਂ ਇਸ ਨੂੰ ਵੀ ਲਮਕਾਇਆ ਜਾਵੇਗਾ ?

ਮੰਤਰੀ : ਇਸ ਤੇ ਪੂਰਾ ਅਮਲ ਹੋਵੇਗਾ। ਹੁਣ ਇਸ ਵੇਲੇ ਕੰਮ ਸ਼ੈਡੀਊਲਡ ਦੇ ਮੁਤਾਬਕ ਐਡਵਾਂਸ ਹੈ, ਡੀਲੇ ਨਹੀਂ ਹੈ।

ਸ੍ਰੀ ਬਲਰਾਮ ਦਾਸ ਟੰਡਨ : ਕੀ ਮਨਿਸਟਰ ਸਾਹਿਬ ਦਸਣ ਦੀ ਕਿਰਪਾ ਕਰਨਗੇ ਕਿ ਇਨ੍ਹਾਂ ਨੇ ਜੋ ਇਹ ਕਿਹਾ ਹੈ ਕਿ ਇਸ ਪ੍ਰਾਜੈਕਟ ਦਾ ਉਰੀਜਨਲ ਐਸਟੀਮੇਟ 5 ਕਰੋੜ ਸੀ ਤੇ ਹੁਣ ਰੀਵਾਈਜ਼ 14 ਕਰੋੜ ਰੁਪਏ ਦਾ ਹੋ ਗਿਆ ਹੈ। ਇਹ ਤਕਰੀਬਨ 3 ਗੁਣਾ ਵਧ ਗਿਆ ਹੈ। ਜਦੋਂ ਕਿ ਉਸ ਦੀ ਉਪਲਭਦੀ 25 ਸੌ ਤੋਂ 36 ਸੌ ਹੋ ਗਈ ਹੈ ਜੋ ਕਿ ਡਿਉਢੀ ਵੀ ਨਹੀਂ ਇਸ ਤਰ੍ਹਾਂ ਉਥੇ 30 ਮੈਗਾਵਾਟ ਦੀ ਥਾਂ ਤੇ 45 ਮੈਗਾਵਾਟ ਪਾਵਰ ਪੈਦਾ ਕੀਤੀ ਜਾਵੇਗੀ ਇਹ ਵੀ ਡਿਉਢੀ ਹੈ ਅਤੇ ਖਰਚ 3 ਗੁਣਾ ਹੈ ਪਰ ਉਪਲਭਦੀ ਬਹੁਤ ਘਟ ਹੈ, ਇਸ ਬਾਰੇ ਕੀ ਇਨਕੁਆਇਰੀ ਕਰਵਾਉਣਗੇ ?

ਮੰਤਰੀ : ਇਸ ਇਨਕਰੀਜ਼ ਦੇ ਬਹੁਤ ਸਾਰੇ ਰੀਜ਼ਨ ਹਨ, ਜਦੋਂ 1961 ਵਿਚ ਉਰੀਜਨਲ ਐਸਟੀਮੇਟ ਬਣਿਆ ਸੀ ਤਾਂ ਉਸ ਵੇਲੇ ਕੀਮਤਾਂ ਬਹੁਤ ਘਟ ਸੀ । ਹੁਣ ਪ੍ਰਾਈਸ ਇਨਡੈਕਸ ਬਹੁਤ ਵਧ ਗਿਆ ਹੈ। ਦੂਸਰੀ ਗਲ ਹੈ ਡੀਵੈਲੀਊਏਸ਼ਨ ਦੀ। ਇਸ ਦੇ ਨਾਲ 65% ਕੀਮਤਾਂ ਵਧ ਗਈਆਂ ਸੀ। ਇਸ ਲਈ ਜੇ ਉਹ ਹਿਸਾਬ ਕਰਕੇ ਦੇਖਣ, ਕਿਉਂਕਿ ਉਹ ਹਿਸਾਬ ਕਰਨ ਦੇ ਮਾਹਿਰ ਨੇ, ਤਾਂ ਇਹ ਐਸਟੀਮੇਟ 16 ਕਰੋੜ ਦਾ ਬਣਦਾ ਹੈ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਉਸ ਪ੍ਰਾਜੈਕਟ ਦੇ ਜੋ ਇੰਜੀਨੀਅਰ ਹਨ ਉਹ ਇਹ ਕਹਿੰਦੇ ਹਨ ਕਿ ਜੋ ਸ਼ੈਡੀਊਲ ਦੇ ਵਿਚ ਡੇਟ ਦਿਤੀ ਗਈ ਹੋਈ ਹੈ, ਉਸ ਤੋਂ ਇਕ ਸਾਲ ਵਧ ਲਗੇਗਾ, ਇਹ ਕਹਿੰਦੇ ਹਨ ਕਿ ਜਲਦੀ ਖਤਮ ਹੋ ਜਾਵੇਗਾ, ਕਿਹੜੀ ਗਲ ਸੱਚ ਹੈ ?

ਮੰਤਰੀ : ਉਹ ਪ੍ਰਾਜੈਕਟ ਅਸੀਂ ਕੰਪਲੀਟ ਕਰਨਾ ਹੈ। (ਤਾੜੀਆਂ) ਜੇ ਤੁਹਾਡੇ ਕੋਲ ਉਨ੍ਹਾਂ ਦੀ ਕੋਈ ਰਿਪੋਰਟ ਆਈ ਹੈ ਤਾਂ ਸਾਡੇ ਨਾਲ ਡਿਸਕਸ ਕਰ ਲਓ ।

ਸ੍ਰੀ ਸਰਦਾਰੀ ਲਾਲ ਕਪੂਰ : ਮੈਂ ਆਪ ਉਨ੍ਹਾਂ ਦੇ ਨਾਲ ਗਲ ਕਰਕੇ ਆਇਆ ਹਾਂ।

ਮੰਤਰੀ: ਤੁਸੀਂ ਆਕੇ ਮੇਰੇ ਨਾਲ ਗਲ ਕਰ ਲਓ, ਮੈਂ ਤੁਹਾਨੂੰ ਸੈਟਿਸਫਾਈ ਕਰ ਦਿਆਂਗਾ। (ਤਾੜੀਆਂ)

चौधरी बलबीर सिंह : क्या मंत्री महोदय बताएंगे कि कर्मचारियों के विरुद्ध कोई ऐकशन लिया जा रहा है जिनकी वजह से यह प्रोजैक्ट 1961 से शुरू न हो सका तथा अब उसका ऐस्टीमेट 5 करोड़ से बढ़ कर 14 करोड़ हो गया है ?

ਮੰਤਰੀ : ਇਸ ਵਿਚ ਕਿਸੇ ਦਾ ਕੋਈ ਕਸੂਰ ਨਹੀਂ। ਸਾਡੇ ਕੋਲ ਫ਼ੰਡਜ਼ ਦੀ ਘਾਟ ਹੈ। (ਵਿਘਨ) ਜਿਸ ਤਰ੍ਹਾਂ ਅਸੀਂ ਚਾਹੁੰਦੇ ਹਾਂ ਕਿ ਥਰਮਲ ਪਲਾਂਟ ਲਗਾ ਲਈਏ ਪਰ ਇਸ ਲਈ ਸਿਰਫ ਅਸੀਂ 6 ਕਰੋੜ ਹੀ ਦੇ ਸਕੇ ਹਾਂ, ਜਦੋਂ ਕਿ 20 ਕਰੋੜ ਚਾਹੀਦਾ ਹੈ । ਇਸੇ ਤਰ੍ਹਾਂ ਸੜਕਾਂ ਤੇ ਸਿਰਫ 2.83 ਕਰੋੜ ਰੁਪਿਆ ਲਗਾਇਆ ਹੈ ਜਦੋਂ ਕਿ ਜੇ ਸਾਡੇ ਕੋਲ ਹੁੰਦਾ ਤਾਂ ਅਸੀਂ

12 ਕਰੋੜ ਲਾ ਦਿੰਦੇ। ਇਸ ਤਰ੍ਹਾਂ ਸਾਡੇ ਕੋਲ ਫੰਡਜ਼ ਦੀ ਕਮੀ ਕਰਕੇ ਇਹ ਪ੍ਰਾਜੈਕਟ ਸ਼ੁਰੂ ਨਾ ਹੋ ਸਕਿਆ। (ਵਿਘਨ)

ਇਕ ਮਾਨਯੋਗ ਮੈਂਬਰ: ਜੇ ਪੈਸਾ ਹੋਵੇ ਤਾਂ ਸਾਰੇ ਹੀ ਲਾ ਸਕਦੇ ਹਨ। (ਵਿਘਨ)

ਮੰਤਰੀ: ਪਿਛਲੇ 20 ਸਾਲਾਂ ਦੇ ਨਾਲ ਕੰਪੇਅਰ ਕਰ ਲਓ। (ਤਾੜੀਆਂ) (ਵਿਘਨ)।

ਚੌਧਰੀ ਰਾਮ ਸਿੰਘ: ਕੀ ਮਨਿਸਟਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਇਸ ਪਰਾਜੈਕਟ ਦੇ ਚਾਲੂ ਕਰਨ ਦੀ ਮਨਜ਼ੂਰੀ ਮਿਲ ਗਈ ਹੈ, ਜੇ ਮਿਲ ਗਈ ਹੈ ਤਾਂ ਇਹ ਕਦੋਂ ਤਕ ਸ਼ੁਰੂ ਕਰੋਗੇ ?

ਮੰਤਰੀ: ਮਨਜ਼ੂਰੀ ਹਾਲੇ 100% ਨਹੀਂ ਦਿਤੀ ਹੈ, ਪਰ ਜੇ ਮਨਜ਼ੂਰੀ ਨਾਂ ਵੀ ਮਿਲੀ ਤਾਂ ਵੀ ਇਸ ਪਰਾਜੈਕਟ ਨੂੰ ਸ਼ੁਰੂ ਕਰ ਦਿਆਂਗੇ।

ਚੌਧਰੀ ਤੁਲਸੀ ਰਾਮ ਚੌਹਾਨ: ਸਾਡੇ ਕੋਲ ਫੰਡਜ਼ ਨਹੀਂ ਹਨ, ਇਹ ਪਰਾਜੈਕਟਸ ਚਲਾਉਣ ਵਾਸਤੇ, ਕੀ ਮੰਤਰੀ ਸਾਹਿਬ ਦਸਣ ਦੀ ਕਿਰਪਾਲਤਾ ਕਰਨਗੇ ਕਿ ਇਨ੍ਹਾਂ ਪਰਾਜੈਕਟਸ ਨੂੰ ਚਲਾਉਣ ਲਈ ਫੰਡਜ਼ ਇਕੱਠੇ ਕਰਨ ਲਈ ਸਰਕਾਰ ਕੀ ਕਰ ਰਹੀ ਹੈ ?

ਮੰਤਰੀ: ਜਿੰਨੇ ਵੀ ਜ਼ਿਆਦਾ ਤੋਂ ਜ਼ਿਆਦਾ ਹੋ ਸਕਦਾ ਹੈ ਅਸੀਂ ਇਸ ਵਲ ਕੋਸ਼ਿਸ਼ ਕਰ ਰਹੇ ਹਾਂ। ਪਬਲਿਕ ਕੋਲੋਂ ਪੈਸੇ ਲਿਤੇ ਜਾ ਰਹੇ ਹਨ 8 ਕਰੋੜ ਰੁਪਿਆ ਤਾਂ ਸੈਂਟਰ ਤੋਂ ਕਣਕ ਉਤੇ ਟੈਕਸ ਲਾ ਕੇ 3% ਦੇ ਹਿਸਾਬ ਨਾਲ ਵਸੂਲਿਆ ਹੈ ਇਸੇ ਤਰ੍ਹਾਂ ਹੀ ਰੂੰ ਉਤੇ ਟੈਕਸ ਲਾ ਕੇ ਰੁਪਿਆ ਲਿਤਾ ਹੈ ਅਤੇ ਇਹ ਰਕਮ ਦਸ ਕਰੋੜ ਰਪਏ ਦੇ ਕਰੀਬ ਤਾਂ ਇਕਠੀ ਕਰ ਲਈ ਹੈ।

Land Acquired for the construction of Bandh on Bein Nadi

***2220. Doctor Sadhu Ram :** Will the Minister for Irrigation and Power be pleased to state—

(a) whether any area of land belonging to the villagers of villages Bhakhriana, Khajuria, Chiheru and Madho Pur, tehsil Phagwara, district Kapurthala was acquired by the Government for the construction of the Bandh on Bein Nadi;

(b) if the answer to Part (a) above be in the affirmative, whether the amount of compensation has since been paid to the villagers concerned ; if so, on what date, together with the reasons for the delay, if any ?

Sardar Sohan Singh Bassi : (a) Yes.

(b) Payment for the major portion of the land acquired for right bank was made to the villagers of the villages in question on the dates given below :—

1. Village Madhopur	..	29th January, 1966
2. Village Chiheru Village Bhakhriana Village Khujurala	..	10th February, 1966

The payment for remaining area under right bank has been made during 1970.

For payment of area coming under left bank, the Land Acquisition Officer, Amritsar has fixed the date 20th January, 1971 at Khajurala. The payment could not be made earlier due to frequent changes in the Administration like amalgamation of offices and frequent transfers.

[ਸਿੰਚਾਈ ਅਤੇ ਬਿਜਲੀ ਮੰਤਰੀ]

[(ੳ) ਹਾਂ ਜੀ ।

(ਅ) ਬੇਂਈ ਨਦੀ ਦੇ ਸੱਜੇ ਕੰਢੇ ਤੇ ਹਾਸਿਲ ਕੀਤੀ ਭੂਮੀ ਦੇ ਬਹੁਤ ਸਾਰੇ ਹਿੱਸੇ ਵਾਲੇ ਪਿੰਡ ਵਾਲਿਆਂ ਨੂੰ ਹੇਠ ਲਿਖੀਆਂ ਮਿਤੀਆਂ ਅਨੁਸਾਰ ਅਦਾਇਗੀ ਕਰ ਦਿਤੀ ਗਈ ਹੈ:-

(1) ਪਿੰਡ ਮਾਧੋਪੁਰ ... 29 ਜਨਵਰੀ, 1966

(2) ਪਿੰਡ ਛੇੜੂ
ਪਿੰਡ ਭਾਕਰੀਆਨਾਂ } ... 10 ਫਰਵਰੀ, 1966
ਪਿੰਡ ਖੁਜ਼ਰਾਲਾ

ਸੱਜੇ ਕੰਢੇ ਦੇ ਬਾਕੀ ਹਿੱਸੇ ਦੀ ਅਦਾਇਗੀ 1970 ਦੇ ਦੌਰਾਨ ਕਰ ਦਿਤੀ ਗਈ ਸੀ ।

ਬੇਂਈਂ ਨਦੀ ਦੇ ਖੱਬੇ ਕੰਢੇ ਤੇ ਭੂਮੀ ਦੇ ਮੁਆਵਜ਼ੇ ਦੀ ਅਦਾਇਗੀ ਬਾਰੇ ਐਲ. ਏ. ਓ. ਨੇ ਖੁਜ਼ਰਾਲਾ ਵਿਖੇ ਮਿਤੀ 20 ਜਨਵਰੀ, 1971 ਨਿਯਤ ਕੀਤੀ ਹੈ । ਇਹ ਅਦਾਇਗੀ ਪ੍ਰਸ਼ਾਸਨ ਵਿਚ ਅਦਲਾ ਬਦਲੀ ਹੋਣ ਅਤੇ ਦਫਤਰਾਂ ਦਾ ਆਪਸ ਵਿਚ ਸਮਿਲਤ ਕਰਨ ਕਰਕੇ ਪਹਿਲਾਂ ਨਹੀਂ ਹੋ ਸਕੀ ।]

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ ਕਿਰਪਾ ਕਰ ਕੇ ਆਪਣੇ ਮਹਿਕਮੇ ਨੂੰ ਹਦਾਇਤਾਂ ਜਾਰੀ ਕਰਨ ਦੀ ਖੇਚਲ ਕਰਨਗੇ ਕਿ ਜਿਨ੍ਹਾਂ ਲੋਕਾਂ ਦੀਆਂ ਜ਼ਮੀਨਾਂ ਲਈਆਂ ਜਾਂਦੀਆਂ ਹਨ, ਉਨ੍ਹਾਂ ਲੋਕਾਂ ਨੂੰ ਪੈਸੇ ਜਲਦੀ ਦਿਤੇ ਜਾਇਆ ਕਰਨ ?

ਸਿੰਜਾਈ ਅਤੇ ਬਿਜਲੀ ਮੰਤਰੀ : ਜ਼ਰੂਰ ਹਦਾਇਤਾਂ ਕਰਾਂਗੇ । ਜਿਹੜੇ ਬੰਦੇ ਜਿਸ ਡੇਟ ਨੂੰ ਬੁਲਾਏ ਸੀ ਪੇਮੈਂਟ ਲੈਣ ਲਈ ਅਤੇ ਉਸ ਡੇਟ ਨੂੰ ਉਹ ਨਹੀਂ ਗਏ ਤਾਂ ਹੀ ਉਹ ਲੋਕ ਬਿਨਾਂ ਪੇਮੈਂਟ ਲੈਣ ਤੇ ਰਹਿ ਗਏ ਸੀ। ਹੁਣ 20 ਜਨਵਰੀ, 1971 ਨੂੰ ਪੇਮੈਂਟ ਹੋ ਜਾਵੇਗੀ।

ਡਾਕਟਰ ਸਾਧੂ ਰਾਮ : ਮੇਰੇ ਜ਼ਿਲ੍ਹੇ ਵਿਚ ਪੰਜ ਪਿੰਡ ਹਨ ਜਿਨ੍ਹਾਂ ਨੂੰ ਪੇਮੈਂਟ ਹਾਲੇ ਤਕ ਨਹੀਂ ਮਿਲੀ। ਸੇਮੀ ਰਕਬੇ ਵਾਲਿਆਂ ਨੂੰ ਵੀ ਪੇਮੈਂਟ ਨਹੀਂ ਮਿਲੀ। ਪਿਛਲੇ ਬਜਟ ਸੈਸ਼ਨ ਵਿਚ ਵੀ ਇਸ ਗਲ ਬਾਰੇ ਕਿਹਾ ਗਿਆ ਸੀ ਪਰ ਹੁਣ ਪੂਰਾ ਇਕ ਸਾਲ ਹੋ ਗਿਆ ਹੈ ਪਰ ਪੇਮੈਂਟ ਹਾਲੇ ਤਕ ਵੀ ਨਹੀਂ ਹੋਈ।

ਸਿੰਜਾਈ ਅਤੇ ਬਿਜਲੀ ਮੰਤਰੀ : ਕਾਫ਼ੀ ਲੋਕਾਂ ਨੂੰ ਪੇਮੈਂਟ ਤਾਂ ਹੋ ਗਈ ਹੈ ਅਤੇ ਮਾਮੂਲੀ ਜਿਹੀ ਪੇਮੈਂਟ ਰਹਿ ਗਈ ਹੈ। ਇਹਦੇ ਵਾਸਤੇ 20 ਜਨਵਰੀ, 1971 ਦੀ ਮਿਤੀ ਨੀਅਤ ਕੀਤੀ ਗਈ ਹੈ ਜਿਸ ਦਿਨ ਕਿ ਪੇਮੈਂਟ ਕੀਤੀ ਜਾਵੇਗੀ । ਜੇ ਕੋਈ ਹੋਰ ਪੇਮੈਂਟ ਖਣੋਂ ਇਲਾਕਾ ਰਹਿ ਗਿਆ ਹੈ ਤਾਂ ਉਸ ਦੀ ਲਿਸਟ ਮੈਨੂੰ ਭੇਜ ਦਿਉ।

ਸਰਦਾਰ ਰਾਜਾ ਸਿੰਘ : ਜਿਹੜੀਆਂ ਇਹ ਨਦੀਆਂ ਤੇ ਸਪਰਜ਼ ਆਦਿ ਲਾ ਕੇ ਜ਼ਮੀਨ ਲਈ ਗਈ ਹੈ, ਇਸ ਬਾਰੇ ਪੇਮੈਂਟ ਦੇਣ ਬਾਰੇ ਕੀ ਕੋਈ ਟਾਈਮ ਲਿਮਟ ਫਿਕਸ ਕੀਤੀ ਗਈ ਹੈ ?

ਸਿੰਜਾਈ ਅਤੇ ਬਿਜਲੀ ਮੰਤਰੀ : ਸਪਰਜ਼ ਅਤੇ ਸਟਡਜ਼ ਰਾਹੀਂ ਜੋ ਜ਼ਮੀਨ ਆਉਣੀ ਹੈ, ਇਸ ਤੇ ਤਾਂ ਅਸੀਂ ਪੈਸੇ ਖਰਚ ਕਰਨੇ ਹਨ। ਇਸ ਦਾ ਕੰਪੈਨਸੇਸ਼ਨ ਕੀ ਦੇਣਾ ਹੈ।

ਸਰਦਾਰ ਰਾਜਾ ਸਿੰਘ : ਅਜਿਹੇ ਕੇਸ ਵਿਚ ਮਨਿਸਟਰ ਸਾਹਿਬ ਨੇ ਆਪਣੇ ਰਿਪਲਾਈ ਵਿਚ ਮੰਨਿਆ ਹੈ ਜ਼ਿਲ੍ਹਾ ਰੋਪੜ ਦੇ ਸੋਹਾਲੀ ਰਕਬੇ ਦੇ ਕੇਸ ਵਿਚ ਮਨਿਸਟਰ ਸਾਹਿਬ ਨੇ ਮੰਨਿਆ ਹੈ ਕਿ ਪੇਮੈਂਟ ਦਿਆਂਗੇ ।

(ਕੋਈ ਜਵਾਬ ਨਹੀਂ ਦਿਤਾ ਗਿਆ)

ਕੈਪਟਨ ਰਤਨ ਸਿੰਘ : ਕਈਆਂ ਨੂੰ 1966 ਵਿਚ ਪੇਮੈਂਟ ਮਿਲ ਗਈ ਹੈ ਅਤੇ ਕਈਆਂ ਨੂੰ 1971 ਵਿਚ ਵੀ ਹਾਲੇ ਨਹੀਂ ਮਿਲੀ। ਕੀ ਇਸ ਦੀ ਇਹ ਵਜ੍ਹਾ ਤਾਂ ਨਹੀਂ ਹੈ ਕਿ ਜਿਨ੍ਹਾਂ ਨੇ ਰਿਸ਼ਵਤ ਦੇ ਦਿਤੀ ਉਨ੍ਹਾਂ ਨੂੰ ਤਾਂ ਪੈਸੇ ਮਿਲ ਗਏ ਅਤੇ ਜਿਨ੍ਹਾਂ ਨੇ ਰਿਸ਼ਵਤ ਨਹੀਂ ਦਿਤੀ ਉਨ੍ਹਾਂ ਨੂੰ ਹਾਲੇ ਤਕ ਪੇਮੈਂਟ ਨਹੀਂ ਮਿਲੀ।

ਸਿੰਜਾਈ ਅਤੇ ਬਿਜਲੀ ਮੰਤਰੀ : ਇਹ ਪਤਾ ਕਰ ਲਵਾਂਗੇ ਕਿ 1966 ਵਿਚ ਕਿਹੜੀ ਗੌਰਮੈਂਟ ਸੀ ਅਤੇ ਕਿਹੜੇ ਅਫਸਰਾਂ ਨੇ ਰਿਸ਼ਵਤ ਲਈ, ਇਸ ਚੀਜ਼ ਦੀ ਪੜਤਾਲ ਕਰ ਲਵਾਂਗੇ। ਅਤੇ 1969 ਤੋਂ ਬਾਅਦ ਵੀ ਇਸ ਚੀਜ਼ ਦਾ ਪਤਾ ਕਰਾਵਾਂਗੇ।

ਸਰਦਾਰ ਸੁਰਜੀਤ ਸਿੰਘ ਅਟਵਾਲ : ਹੁਣੇ ਹੁਣੇ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੁਝ ਪੇਮੈਂਟ 1966 ਵਿਚ ਹੋਈ ਅਤੇ ਕੁਝ ਪੇਮੈਂਟ ਹੁਣ 20 ਜਨਵਰੀ, 1971 ਵਿਚ ਹੋਣੀ ਹੈ । ਕੀ ਇਹ ਠੀਕ ਹੈ ਕਿ ਜਿਨ੍ਹਾਂ ਨੂੰ 1966 ਵਿਚ ਪੇਮੈਂਟ ਹੋਈ ਉਨ੍ਹਾਂ ਨੂੰ ਤਾਂ ਉਹ ਪੇਮੈਂਟ ਬੜੇ ਸਸਤੇ ਭਾ ਤੇ ਹੋਈ ਅਤੇ ਜਿਹੜੀ ਪੇਮੈਂਟ ਹੁਣ ਹੋਣੀ ਹੈ ਉਹ ਮਹਿੰਗੇ ਭਾ ਤੇ ਹੋਵੇਗੀ ?

ਸਿੰਜਾਈ ਅਤੇ ਬਿਜਲੀ ਮੰਤਰੀ : ਰੇਟ ਤਾਂ ਘਟਦੇ ਵਧਦੇ ਰਹਿੰਦੇ ਹਨ ।

ਸ਼੍ਰੀ ਮਨਮੋਹਨ ਕਾਲੀਆ : ਕੀ ਮਨਿਸਟਰ ਸਾਹਿਬ ਕਿਰਪਾ ਕਰਕੇ ਇਹ ਦਸਣਗੇ ਕਿ ਇਨ੍ਹਾਂ ਜ਼ਮੀਨਾਂ ਦਾ ਐਕਚੂਅਲ ਫਿਜ਼ੀਕਲ ਪ੍ਰਜ਼ੈਸ਼ਨ ਕਿਹੜੀ ਤਾਰੀਖ ਤੋਂ ਲਿਤਾ ਗਿਆ ਹੈ ?

ਸਿੰਜਾਈ ਅਤੇ ਬਿਜਲੀ ਮੰਤਰੀ : ਇਸ ਵੇਲੇ ਜ਼ਬਾਨੀ ਤਾਂ ਮੇਰੇ ਕੋਲ ਇਸ ਬਾਰੇ ਇਨਫਰਮੇਸ਼ਨ ਨਹੀਂ ਹੈ ।

ਸ਼੍ਰੀ ਸਪੀਕਰ : ਇਸ ਬਾਰੇ ਤੁਸੀਂ ਸੈਪੇਰੇਟ ਨੋਟਿਸ ਭੇਜ ਦਿਉ। (The hon. Member may please give a separate notice in this respect)

ਸਰਦਾਰ ਸਰੂਪ ਸਿੰਘ : ਸੱਜੇ ਪਾਸੇ ਦੇ ਪਿੰਡਾਂ ਦੇ ਲੋਕਾਂ ਨੂੰ ਪੇਮੈਂਟ ਮਿਲ ਗਈ ਹੈ ਪਰ ਜਿਹੜੇ ਖਬੇ ਪਾਸੇ ਦੇ ਲੋਕ ਹਨ ਉਨ੍ਹਾਂ ਨੂੰ ਪੇਮੈਂਟ ਹਾਲੇ ਮਿਲਣੀ ਰਹਿੰਦੀ ਹੈ ਜਿਵੇਂ ਕਿ ਸੇਮੀਂ ਇਲਾਕਾ ਹੈ। ਇਸ ਰਕਬੇ ਦੇ ਲੋਕਾਂ ਨੂੰ ਜਿਹੜੀ ਪੇਮੈਂਟ ਮਿਲਣੀ ਹੈ ਕੀ ਇਨ੍ਹਾਂ ਲੋਕਾਂ ਨੂੰ 1966 ਤੋਂ ਸੂਦ ਸਮੇਤ ਪੇਮੈਂਟ ਹੋਵੇਗੀ ?

ਸਿੰਜਾਈ ਅਤੇ ਬਿਜਲੀ ਮੰਤਰੀ : ਜਿਹੜੀ ਵੀ ਪੇਮੈਂਟ ਰਹਿੰਦੀ ਹੈ ਚਾਹੇ ਸੱਜੇ ਪਾਸੇ ਦੀ ਹੋਵੇ ਅਤੇ ਚਾਹੇ ਖੱਬੇ ਪਾਸੇ ਦੀ ਹੋਵੇ, ਇਹ ਪੇਮੈਂਟ ਫ਼ੌਰਨ ਮਿਲਣੀ ਚਾਹੀਦੀ ਹੈ। ਜਿੰਨੇ ਵੀ ਆਦਮੀ ਹਨ, ਇਸ ਸਬੰਧ ਵਿਚ, ਉਨ੍ਹਾਂ ਨੂੰ ਪੇਮੈਂਟ ਜਲਦੀ ਤੋਂ ਜਲਦੀ ਹੋਣੀ ਚਾਹੀਦੀ ਹੈ।

"ਐ ਆਸਮਾਂ ਤੇਰੇ ਖੁਦਾ ਕਾ ਨਹੀਂ ਹੈ ਖੌਫ
ਐ ਜ਼ਮੀਂ ਡਰਤਾ ਹੂੰ ਤੇਰੇ ਆਦਮੀਂ ਸੇ ਮੈਂ"

Compensation for Land Acquired for the construction of Chand Bhan Drain in village Nangal, district Ferozepur

***2241. Comrade Kulwant Singh :** Will the Minister for Irrigation and Power be pleased to state—

(a) whether compensation for the land acquired for the construction of Chand Bhan Drain in village Nangal, tehsil Moga, district Ferozepur has been fully paid ;

(b) if the answer to part (a) above be in the negative, the names of the owners of the land to whom the compensation has not so far been paid together with the reasons therefor ;

(c) the date when the said Drain was dug in the area of the above mentioned village ;

(d) the name of person responsible for non-payment of compensation ?

Sardar Sohan Singh Bassi : (a) No.

(b) A statement is laid on the Table of the House. These persons did not present themselves on the appointed date to receive payments.

(c) During the year 1965.

(d) In view of (b) above, the question does not arise.

[(ੳ) ਨਹੀਂ ਜੀ ।

(ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । ਇਹ ਪੁਰਸ਼ ਨਿਯਤ ਮਿਤੀ ਨੂੰ ਰਕਮ ਦੀ ਵਸੂਲੀ ਲੈਣ ਨਹੀਂ ਆਏ ਸਨ ।

(ੲ) ਸਾਲ 1965 ਦੇ ਦੌਰਾਨ ।

(ਸ) ਉਪਰੋਕਤ (ਅ) ਨੂੰ ਮੁੱਖ ਰੱਖਦੇ ਸੁਆਲ ਪੈਦਾ ਨਹੀਂ ਹੁੰਦਾ ।]

Statement

Name of Unpaid owners of Village Nangal, Tehsil Moga.

Serial No.	Name		Amount
			Rs N.P.
1	Shrimati Kishan Kaur	..	16·33
2	Shrimati Inder Kaur	..	6·52
3	Shrimati Bhagwan Kaur	..	6·52
4	Shrimati Harnam Kaur	..	6·52
5	Shrimati Dhan Kaur	..	6·52
6	Shrimati Partap Kaur	..	425·70
7	Shri Nasib Singh	..	770·37
8	Arazi Matrooke	..	101·81
9	Shri Inder Singh	..	34·48
10	Shri Sucha Singh	..	34·48

Serial No.	Name		Amount
			Rs. nP.
11	Shri Hakam Singh	..	17·24
12	Shri Santokh Singh	..	17·24
13	Shri Bachittar Singh	..	113·50
14	Shri Bachittar Singh, etc.	..	113·51
14	Ditto	..	340·50
16	Ditto	..	224·13
17	Ditto	..	224·13
18	Ditto	..	224·12
19	Shrimati Bhagwant Kaur	..	314·06
20	Shri Atma Singh	..	46·61
21	Shri Ranjit Singh	..	101·24
22	Shri Naranjan Singh	..	474·12
	Total	..	3,619 65

ਕਾਮਰੇਡ ਕੁਲਵੰਤ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਸੰਨ 1965 ਵਿਚ ਉਥੇ ਡਰੇਨ ਪੁੱਟੀ ਗਈ ਸੀ ਅਤੇ 1965 ਤੋਂ ਹੁਣ ਤਕ ਕਈ ਸਾਲ ਲੰਘ ਗਏ ਹਨ ਅਤੇ ਉਸ ਜ਼ਮੀਨ ਦੇ ਮਾਲਕਾਂ ਨੂੰ ਅਜੇ ਤਕ ਪੇਮੈਂਟ ਨਹੀਂ ਕੀਤੀ ਗਈ। ਕੀ ਵਜ਼ੀਰ ਸਾਹਿਬ ਕੋਈ ਪੱਕੀ ਤਰੀਕ ਨਿਸ਼ਚਿਤ ਕਰਨਗੇ ਕਿ ਇਸ ਤਰੀਕ ਤੱਕ ਉਨ੍ਹਾਂ ਨੂੰ ਪੇਮੈਂਟ ਹੋ ਜਾਵੇਗੀ ?

ਸਿੰਜਾਈ ਤੇ ਬਿਜਲੀ ਮੰਤਰੀ : ਪਰ ਜਿਹੜੇ ਆਦਮੀ ਪੈਸੇ ਲੈਣ ਹੀ ਨਹੀਂ ਆਏ, ਉਨ੍ਹਾਂ ਦਾ ਕੀ ਕੀਤਾ ਜਾ ਸਕਦਾ ਹੈ। ਮੈਂ ਦੱਸਦਾ ਹਾਂ ਕਿ ਇਹ 22 ਆਦਮੀਆਂ ਦੇ ਪੈਸੇ ਹਨ। ਜਿਨ੍ਹਾਂ ਵਿਚੋਂ ਕਿਸੇ ਦੇ 16, 16 ਰੁਪਏ, ਕਈਆਂ ਦੇ 6, 6 ਰੁਪਏ, ਕਈਆਂ ਦੇ 425 ਰੁਪਏ ਅਤੇ 770 ਰੁਪਏ ਕਈਆਂ ਦੇ 34, 34 ਰੁਪਏ ਹਨ। (ਵਿਘਨ)

ਕਾਮਰੇਡ ਸੱਤਪਾਲ ਡਾਂਗ : 425 ਰੁਪਏ ਅਤੇ 770 ਰੁਪਏ ਬਾਸੀ ਸਾਹਿਬ ਦੇ ਸਟੈਂਡਰਡ ਦੇ ਮੁਤਾਬਿਕ ਤਾਂ ਬਿਲਕੁਲ ਥੋੜ੍ਹੇ ਹਨ। (ਹਾਸਾ) (ਵਿਘਨ)

ਮੇਜਰ ਹਰਿੰਦਰ ਸਿੰਘ : ਕੀ ਮਨਿਸਟਰ ਸਾਹਿਬ ਸਰਕਾਰ ਦੀ ਨੀਤੀ ਦੱਸਣਗੇ ਕਿ ਜਿਸ ਵੇਲੇ ਕਿਸੇ ਦੀ ਜ਼ਮੀਨ ਕਿਸੇ ਕੰਮ ਵਾਸਤੇ ਐਕੁਆਇਰ ਹੁੰਦੀ ਹੈ ਤਾਂ ਉਸ ਦੇ ਵਾਸਤੇ ਪਹਿਲਾਂ ਫੰਡਜ਼ ਪ੍ਰੋਵਾਈਡ ਕੀਤੇ ਜਾਂਦੇ ਹਨ, ਪ੍ਰੋਵੀਜ਼ਨ ਕੀਤੀ ਜਾਂਦੀ ਹੈ ਜਾਂ ਨਹੀਂ ਅਗਰ ਕੀਤੀ ਜਾਂਦੀ ਹੈ ਤਾਂ ਜ਼ਮੀਨ ਐਕੁਆਇਰ ਕਰਨ ਦੇ ਬਾਅਦ ਕੋਈ ਡੇਟ ਜਾਂ ਟਾਈਮ ਲਿਮਿਟ ਫਿਕਸ ਕੀਤੀ ਗਈ ਕਿ ਇਤਨੇ ਸਮੇਂ ਵਿਚ ਜਿਨ੍ਹਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ ਹੈ, ਉਨ੍ਹਾਂ ਨੂੰ ਕੰਪੈਨਸੇਸ਼ਨ ਦੀ ਪੇਮੈਂਟ ਹੋ ਜਾਵੇਗੀ ? ਤੀਸਰੀ ਗੱਲ ਇਹ ਹੈ ਕਿ ਜਿਸ ਵੇਲੇ ਜ਼ਮੀਨ ਐਕੁਆਇਰ ਹੁੰਦੀ ਹੈ, ਸਪੀਕਰ ਸਾਹਿਬ, ਕਈ ਐਸੀਆਂ ਮਿਸਾਲਾਂ ਹਨ ਕਿ

[ਮੇਜਰ ਹਰਿੰਦਰ ਸਿੰਘ]

ਜ਼ਮੀਨਾਂ ਐਕੁਆਇਰ ਹੋ ਗਈਆਂ ਹਨ ਪਰ ਮਾਮਲਾ ਜ਼ਮੀਨ ਦਾ ਜ਼ਮੀਨ ਮਾਲਕਾਂ ਕੋਲੋਂ ਹੀ ਵਸੂਲ ਕੀਤਾ ਜਾਂਦਾ ਹੈ। ਮੈਂ ਸਰਕਾਰ ਦੀ ਇਨ੍ਹਾਂ ਚੀਜ਼ਾਂ ਬਾਰੇ ਨੀਤੀ ਜਾਨਣਾ ਚਾਹੁੰਦਾ ਹਾਂ ?

ਸਿੰਜਾਈ ਅਤੇ ਬਿਜਲੀ ਮੰਤਰੀ : ਜਦ ਕੋਈ ਵੀ ਜ਼ਮੀਨ ਗੌਰਮਿੰਟ ਐਕੁਆਇਰ ਕਰਦੀ ਹੈ ਤਾਂ ਉਸ ਦੇ ਲਈ ਫੰਡ ਪ੍ਰੋਵਾਈਡ ਕੀਤੇ ਜਾਂਦੇ ਹਨ। ਜਿਨ੍ਹਾਂ ਦੀਆਂ ਜ਼ਮੀਨਾਂ ਐਕੁਆਇਰ ਕੀਤੀਆਂ ਗਈਆਂ ਹਨ ਉਹ ਇਸ ਦੀ ਪੇਮੈਂਟ ਲੈਂਡ ਐਕੁਜ਼ੀਸ਼ਨ ਅਫਸਰ ਦੇ ਕੋਲੋਂ ਲੈ ਸਕਦੇ ਹਨ। ਪੈਸੇ ਉਨ੍ਹਾਂ ਪਾਸ ਪਏ ਹਨ । ਇਹ ਸਾਰਾ ਪੈਸਾ ਕੋਈ 3 ਹਜ਼ਾਰ ਦੇ ਕਰੀਬ ਹੈ। ਜਿਹੜਾ ਤੁਹਾਡਾ ਦੂਸਰਾ ਸਵਾਲ ਹੈ ਕਿ ਮਾਮਲਾ ਜ਼ਮੀਨ ਮਾਲਕ ਹੀ ਦੇ ਰਹੇ ਹਨ। ਮੈਂ ਮੇਜਰ ਸਾਹਿਬ ਨੂੰ ਕਹਾਂਗਾ ਕਿ ਅਗਰ ਕੋਈ ਐਸੀ ਗੱਲ ਹੈ ਤਾਂ ਮੇਰੇ ਨੋਟਿਸ ਵਿਚ ਲਿਆਉਣ ਮੈਂ ਜ਼ਰੂਰ ਇਸ ਦੀ ਪੜਤਾਲ ਕਰ ਲਵਾਂਗਾ।

ਸ੍ਰੀ ਸਪੀਕਰ : ਲੈਂਡ ਐਕੁਜ਼ੀਸ਼ਨ ਹੋਈ ਨੂੰ ਅਤੇ ਸੇਮ ਨਾਲੀਆਂ ਪੁੱਟੀਆਂ ਨੂੰ 10 ਸਾਲ ਹੋ ਗਏ ਹਨ। ਪਰ ਕਿਸੇ ਨੂੰ ਹਾਲਾਂ ਤਕ ਜ਼ਮੀਨ ਦਾ ਕੰਪੈਨਸੇਸ਼ਨ ਨਹੀਂ ਮਿਲਿਆ । ਮੇਜਰ ਸਾਹਿਬ ਦਾ ਵੀ ਸਵਾਲ ਇਹੀ ਹੈ। ਸੋ ਤੁਸੀਂ ਕੋਈ ਡੈਡ ਡੇਟ ਜਾਂ ਟਾਈਮ ਲਿਮਿਟ ਫਿਕਸ ਕਰੋਗੇ ਕਿ ਉਸ ਤਰੀਕ ਤੱਕ ਉਨ੍ਹਾਂ ਨੂੰ ਕੰਪੈਨਸੇਸ਼ਨ ਦਿਤਾ ਜਾਵੇਗਾ ? (The work of land acquisition and digging of drains wa. completed ten years ago but no compensation has been paid to the owners so far. Major Sahib has also asked about it in his question. Will the Government fix any dead line or time limit for making the payment of the compensation to them by such and such date?)

ਸਿੰਜਾਈ ਅਤੇ ਬਿਜਲੀ ਮੰਤਰੀ : ਜ਼ਰੂਰ ਕਰ ਦਿਆਂਗੇ। ਮੈਂ ਤਾਂ ਕਹਿੰਦਾ ਹਾਂ ਕਿ ਲੋਕ 25 ਤਰੀਕ ਤੱਕ ਜਾਣ ਤਾਂ ਉਨ੍ਹਾਂ ਨੂੰ ਪੈਸੇ ਮਿਲ ਜਾਣਗੇ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿੱਥੇ ਜਾਣ ?

ਸਿੰਜਾਈ ਅਤੇ ਬਿਜਲੀ ਮੰਤਰੀ: ਉਹ ਲੈਂਡ ਆਕੁਜ਼ੀਸ਼ਨ ਅਫਸਰ ਕੋਲ ਜਾਣ। (ਵਿਘਨ)

ਕਾਮਰੇਡ ਬਾਬੂ ਸਿੰਘ ਮਾਸਟਰ : ਪੁਆਇੰਟ ਆਫ ਆਰਡਰ, ਸਰ। (ਵਿਘਨ)

ਸ੍ਰੀ ਸਪੀਕਰ : ਕੋਈ ਪੁਆਇੰਟ ਆਫ ਆਰਡਰ ਨਹੀਂ। (It is no point of order please.)

ਕਾਮਰੇਡ ਬਾਬੂ ਸਿੰਘ ਮਾਸਟਰ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਦੁਆਰਾ ਪੁੱਛਣਾ ਚਾਹੁੰਦਾ ਹਾਂ........................ (ਵਿਘਨ) (ਸ਼ੋਰ)

Mr. Speaker · Please resume your seat. (*Interruptions*)

ਮੇਜਰ ਹਰਿੰਦਰ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਐਵਾਰਡ ਅਨਾਊਂਸ ਹੋ ਜਾਂਦਾ ਹੈ, ਜ਼ਮੀਨ ਐਕੁਆਇਰ ਕੀਤੀ ਜਾਂਦੀ ਹੈ ਤਾਂ ਕਿੰਨੇ ਅਰਸੇ ਦੇ ਲਾਜ਼ਮੀ ਹੈ ਕਿ ਜ਼ਮੀਨ ਮਾਲਕ ਨੂੰ ਪੈਸੇ ਦੇ ਦਿਤੇ ਜਾਣ ? ਦੂਸਰੀ ਗੱਲ ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਸਰਕਲ ਡਰੇਨੇਜ ਅੰਮ੍ਰਿਤਸਰ ਦੇ 12 ਲੱਖ ਦੇ ਐਵਾਰਡ ਅਨਾਊਂਸ ਹੋ ਚੁੱਕੇ ਸਨ ਲੋਕ ਤਰਸਦੇ ਰਹੇ ਪਰ ਕਿਸੇ ਨੂੰ ਵੀ ਆਨਾ ਤੱਕ ਨਹੀਂ ਮਿਲਿਆ।

ਸਿੰਜਾਈ ਅਤੇ ਬਿਜਲੀ ਮੰਤਰੀ : ਮੇਰੇ ਨੋਟਿਸ ਵਿਚ ਇਹ ਚੀਜ਼ ਨਹੀਂ ਹੈ। ਹੁਣ ਤੁਸੀਂ ਜਿਸ ਤਰ੍ਹਾਂ ਦੱਸ ਰਹੇ ਹੋ ਮੈਂ ਇਸ ਦੀ ਇਨਕੁਆਇਰੀ ਕਰਵਾ ਲਵਾਂਗਾ ਅਤੇ ਵਿਦਿਨ ਫਾਈਨੈਂਸ਼ਲ ਯੀਅਰ ਇਸ ਦੀ ਪੇਮੈਂਟ ਕਰਵਾ ਦਿਆਂਗਾ।

ਮੇਜਰ ਹਰਿੰਦਰ ਸਿੰਘ : ਆਇਆ ਸਰਕਾਰ ਦੀ ਐਸੀ ਕੋਈ ਨੀਤੀ ਹੈ ਕਿ ਜਿਸ ਵੇਲੇ ਐਵਾਰਡ ਅਨਾਊਂਸ ਹੋ ਜਾਂਦਾ ਹੈ, ਮਹੀਨਾ, ਦੋ ਮਹੀਨੇ, 4 ਮਹੀਨੇ, 6 ਮਹੀਨੇ, 10 ਸਾਲ, 12 ਸਾਲ ਜਾਂ 24 ਸਾਲ ਸਰਕਾਰ ਨੇ ਕੋਈ ਮਿਆਦ ਮੁਕਰਰ ਕੀਤੀ ਹੈ ਕਿ ਜਿਸ ਵੇਲੇ ਜ਼ਿਮੀਂਦਾਰ ਦੀ ਜ਼ਮੀਨ ਐਕੁਆਇਰ ਕਰ ਲਈ ਗਈ ਤਾਂ ਐਨੇ ਸਮੇਂ ਵਿਚ, ਅਗਰ ਫੰਡ ਪ੍ਰੋਵਾਈਡ ਕੀਤੇ ਜਾਣ ਤਾਂ ਐਨੇ ਸਮੇਂ ਵਿਚ ਸਰਕਾਰ ਵੱਲੋਂ ਉਨ੍ਹਾਂ ਨੂੰ ਕੰਪੈਨਸੇਸ਼ਨ ਮਿਲ ਜਾਣੀ ਚਾਹੀਦੀ ਹੈ ?

ਸਿੰਜਾਈ ਅਤੇ ਬਿਜਲੀ ਮੰਤਰੀ : ਇਹ ਤਾਂ 1966 ਦੇ ਕੇਸਿਜ਼ ਹਨ। ਜਿਹੜੇ 1966 ਦੇ ਹੁਣ ਤੱਕ ਨਹੀਂ ਹੋਏ ਤਾਂ 1969 ਦੇ ਮੈਂ ਇਤਨੀ ਜਲਦੀ ਕਿਵੇਂ ਕਰਵਾ ਸਕਦਾ ਹਾਂ। (ਵਿਘਨ)

चौधरी बलबीर सिंह : क्या वज़ीर साहिब ने तसल्ली करली है कि जिस तरह उन्हों ने कहा है कि लोग पैसे लेने नहीं गए क्या यह चीज़ नहीं है कि इस डीपार्टमैंट ने ही पेमैंट नहीं की ? जब वे पैमैंट लेने गए तो डीपार्टमैंट के आदमियों ने कुछ अड़चनें डालीं ? क्या आप उनके खिलाफ ऐक्शन लेंगे ?

ਸਿੰਜਾਈ ਅਤੇ ਬਿਜਲੀ ਮੰਤਰੀ : ਅਗਰ ਕਿਸੇ ਨੇ ਇਸ ਤਰ੍ਹਾਂ ਕੀਤਾ ਹੈ ਤਾਂ ਜ਼ਰੂਰ ਐਕਸ਼ਨ ਲਵਾਂਗੇ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜੀ ਚੰਦ ਭਾਨ ਡਰੇਨ ਹੈ, ਇਸ ਦੇ ਲੈਂਡ ਆਕੁਜ਼ੀਸ਼ਨ ਅਫਸਰ ਦਾ ਆਫਿਸ ਕਿੱਥੇ ਹੈ ?

ਸਿੰਜਾਈ ਅਤੇ ਬਿਜਲੀ ਮੰਤਰੀ : ਤੁਸੀਂ ਪਟਿਆਲੇ ਕਈ ਵਾਰੀ ਗਏ ਹੋਵੋਗੇ ਪਰ ਫਿਰ ਵੀ ਤੁਸੀਂ ਪੁੱਛਦੇ ਹੋ ਕਿ ਐਲ. ਏ. ਓ. ਦਾ ਆਫਿਸ ਕਿਥੇ ਹੈ। (ਹਾਸਾ) (ਵਿਘਨ)

ਡਾਕਟਰ ਸਾਧੂ ਰਾਮ : ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਇਸ ਮਹਿਕਮੇਂ ਦੇ ਅਫਸਰ ਹਨ ਉਨ੍ਹਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਉਨ੍ਹਾਂ ਬੰਦਿਆਂ ਨੂੰ ਚਿੱਠੀ ਲਿਖ ਕੇ ਪੈਸੇ ਦੇ ਦੇਣ।

(ਕੋਈ ਉਤਰ ਨਹੀਂ ਦਿਤਾ ਗਿਆ।)

Promotion of Road Inspectors as Sectional Officers

***2262. Shri Gurdial Saini:** Will the Minister for Irrigation and Power be pleased to state—

(a) whether the Government have fixed any quota for departmental promotion of Road Inspectors in P.W.D. (B. & R.) Department to the posts of Sectional Officers; if so, the number of Road Inspectors promoted as Sectional Officers against the quota fixed by the Department during each of the years 1966-1967, 1968-69 and 1970 ;

(b) if none of the Road Inspectors were promoted against the quota fixed by the Government the reasons therefor?

Sardar Sohan Singh Bassi : (a) Yes. No road Inspector has been promoted during 1966-1967, 1968-69, and 1970;

(b) As the syllabus for the qualifying examinations could not be finalized, no examination was held before December, 1969 and as such, no Road Inspector was promoted before this date. Now, action is being

[Minister for Irrigation and Power]
taken to promote the Road Inspectors who qualified in the examination according to rules.

[(ੳ) ਜੀ ਹਾਂ। 1966, 1967, 1968 , 1969 ਅਤੇ 1970 ਵਿਚ ਕੋਈ ਰੋਡ ਇਨਸਪੈਕਟਰ ਪਰੋਮੋਟ ਨਹੀਂ ਕੀਤਾ ਗਿਆ।

(ਅ) ਕਿਉਂਕਿ ਯੋਗਤਾ ਪ੍ਰਾਪਤੀ ਪਰੀਖਿਆ ਦਾ ਸਿਲੇਬਸ ਮੁਕੰਮਲ ਨਹੀਂ ਹੋ ਸਕਿਆ ਇਸ ਲਈ ਰੋਡ ਇਨਸਪੈਕਟਰਾਂ ਦੀ ਕੋਈ ਪਰੀਖਿਆ ਦਸੰਬਰ, 1969 ਤੋਂ ਪਹਿਲਾਂ ਨਹੀਂ ਹੋ ਸਕੀ ਅਤੇ ਇਸ ਕਰਕੇ ਉਸ ਮਿਤੀ ਤੋਂ ਪਹਿਲਾਂ ਕੋਈ ਰੋਡ ਇਨਸਪੈਕਟਰ ਪਰੋਮੋਟ ਨਹੀਂ ਕੀਤਾ ਗਿਆ। ਹੁਣ, ਨਿਯਮਾਂ ਅਨੁਸਾਰ ਜਿਹੜੇ ਰੋਡ ਇਨਸਪੈਕਟਰਾਂ ਨੇ ਯੋਗਤਾ ਪ੍ਰਾਪਤੀ ਪਰੀਖਿਆ ਪਾਸ ਕਰ ਲਿਤੀ ਹੈ ਉਨ੍ਹਾਂ ਨੂੰ ਪਰੋਮੋਟ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ।]

ਸ੍ਰੀ ਗੁਰਦਿਆਲ ਸੈਣੀ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਸੰਨ 1966 ਦੇ ਵਿਚ ਇਨਸ-ਪੈਕਟਰਾਂ ਨੂੰ ਪਰਮੋਟ ਕਰਨ ਦਾ 25% ਕੋਟਾ ਫਿਕਸ ਹੋਇਆ ਸੀ। ਇਹ 1966 ਦੀ ਗੌਰਮਿੰਟ ਨੇ ਕੋਟਾ ਫਿਕਸ ਕੀਤਾ ਸੀ, ਪਰ ਇਨ੍ਹਾਂ ਨੇ ਲਾਗੂ ਕਿਉਂ ਨਹੀਂ ਕੀਤਾ ਇਸ ਦਾ ਕੀ ਕਾਰਨ ਹੈ ?

Minister for Irrigation and Power : According to rule 5(c) of the Public Works Department (Building and Roads Branch) Sectional Officers' (Engineering) Service (Class III) Rules, 1964, appointment to the post of Sectional Officers by promotion can be made as under :

(i) 5 per cent amongst Road Inspectors or Work Mistries who have passed the examination for the National Certificate (Theoretical) Course of Sectional Officers.

(ii) 5 per cent from amongst Road Inspectors or Work Mistries who have completed at least 12 years service as Road Inspectors or Work Mistries.

चौधरी बलबीर सिंह : मंत्री महोदय ने कहा है कि कोई भी इन में से प्रमोट नहीं किया गया जब कि कोटा मुकर्रर है कि 5% प्रमोशन दी जायेगी। क्या यह बताएंगे कि जो कोटा मुकर्रर है उस की रेशो के मुताबिक प्रमोशन क्यों नहीं दी गई ? (विघ्न)

ਸਿੰਜਾਈ ਅਤੇ ਬਿਜਲੀ ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਉਸ ਵਕਤ ਸਲੇਬਸ ਇਮਤਿਹਾਨ ਦਾ ਨਹੀਂ ਸੀ ਜਿਸ ਕਰਕੇ ਐਗਜ਼ਾਮ ਨਹੀਂ ਹੋ ਸਕਿਆ। (ਵਿਘਨ)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 5% ਦਾ ਕੋਟਾ ਫਿਕਸ ਹੋਇਆ ਸੀ ਕਿ ਉਸ ਵੇਲੇ ਕੋਈ ਸਲੇਬਸ ਚੁਣਿਆ ਸੀ ਜਾਂ ਕਿਹਾ ਸੀ ਕਿ ਐਗਜ਼ਾਮੀਨੇਸ਼ਨ ਹੋਵੇਗਾ ? ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਕੋਈ ਸਲੇਬਸ ਨਹੀਂ ਸੀ ਔਰ 25% ਵਰਕ ਚਾਰਜ ਨੂੰ ਅਤੇ 25% ਰੋਡ ਇਨਸਪੈਕਟਰਜ਼ ਨੂੰ ਪ੍ਰਮੋਸ਼ਨ ਦਿਤੀ ਜਾਂਦੀ ਸੀ। ਕੀ ਮਨਿਸਟਰ ਸਾਹਿਬ ਦਸਣਗੇ ਕਿ ਕੀ ਇਹ 5% ਸੀ ਜਾਂ 25% ਸੀ ਔਰ ਦੂਸਰਾ ਇਹ ਦਸਣਗੇ ਕਿ ਉਸ ਵੇਲੇ ਕੋਈ ਸਲੇਬਸ ਸੀ ਜਾਂ ਨਹੀਂ ਜੇ ਸੀ ਤਾਂ ਕੀ ਮਹਿਕਮੇਂ ਨੂੰ ਦਸਿਆ ਗਿਆ ਸੀ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਮੇਰੇ ਕੋਲ ਇਹ ਪੰਜਾਬ ਗੌਰਮਿੰਟ ਗਜ਼ਟ ਨੋਟੀਫੀਕੇਸ਼ਨ 1964-65 ਦੇ ਹੁਨ ਇਸ ਦੇ ਹਿਸਾਬ ਨਾਲ ਜੋ ਕੁਝ ਦਿਤਾ ਹੋਇਆ ਹੈ ਉਸ ਨੂੰ ਮੁੱਖ ਰਖਦੇ ਹੋਏ ਇਹ ਇਨਫਰਮੇਸ਼ਨ

ਦਿਤੀ ਹੈ। 25% ਜੋ ਹੈ ਉਹ ਕਿਸ ਰੂਲ ਦੇ ਮੁਤਾਬਕਿ ਹੈ ਜਾਂ ਕਿਹੜੀ ਸਰਵਿਸ ਦੇ ਵਿਚ ਹੈ ਇਹ ਦਸਿਆ ਜਾਵੇ। (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਕੀ ਮਨਿਸਟਰ ਸਾਹਿਬ ਇਸ ਗਲ ਵਲ ਧਿਆਨ ਦੇਣਗੇ ਕਿ ਚਾਰ ਸਾਲ ਇਕ ਰੋਡ ਇਨਸਪੈਕਟਰ ਨੂੰ ਤਰੱਕੀ ਨਹੀਂ ਦਿਤੀ ਗਈ ਔਰ ਉਨ੍ਹਾਂ ਦਾ ਕੰਮ ਕਰਨ ਵਾਸਤੇ ਇਨਸੈਨਟਿਵ ਨਹੀਂ ਰਿਹਾ ਕੀ ਇਸ ਦੇ ਲਈ ਕੋਈ ਆਲ੍ਹਾ ਦਰਜੇ ਦਾ ਅਫ਼ਸਰ ਮੁੱਕਰਰ ਕਰਨਗੇ ਜਿਹੜਾ ਇਸ ਗਲ ਦੀ ਇਨਕੁਆਇਰੀ ਕਰੇ ਕਿ ਇਹ ਚੀਜ਼ ਜਾਣ ਬੁਝ ਕੇ ਤਾਂ ਨਹੀਂ ਕੀਤੀ ਗਈ ? (ਵਿਘਨ)

(ਕੋਈ ਜਵਾਬ ਨਹੀਂ ਦਿਤਾ ਗਿਆ)

ਸ਼੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਇਹ ਸਪਸ਼ਟ ਹੈ ਕਿ ਜੇ ਐਗਜ਼ਾਮੀਨੇਸ਼ਨ ਨਹੀਂ ਹੋਇਆ ਤਾਂ ਗੌਰਮਿੰਟ ਦੀ ਲੈਪਸ ਕਰਕੇ ਨਹੀਂ ਹੋਇਆ। ਇਸ ਕਰਕੇ ਉਨ੍ਹਾਂ ਦੀ ਮੋਸ਼ਨ ਦਾ ਕੋਟਾ ਤੇ ਸੀਨੀਆਰਿਟੀ ਐਕਮੂਲੇਟ ਹੁੰਦੀ ਰਹੀ। ਕੀ ਉਨ੍ਹਾਂ ਨੂੰ ਉਨ੍ਹਾਂ ਦਾ ਪਿਛਲਾ ਸਾਰਾ ਬੈਨੀਫਿਟ ਦਿਤਾ ਜਾਵੇਗਾ ਔਰ ਦੂਸਰਾ ਜੋ ਉਨ੍ਹਾਂ ਦੀ ਸੀਨੀਆਰਿਟੀ ਐਗਜ਼ਾਮੀਨੇਸ਼ਨ ਨਾ ਹੋਣ ਕਰਕੇ ਨਹੀਂ ਬਣੀ ਉਹ ਦਿਤੀ ਜਾਵੇਗੀ ? (ਵਿਘਨ)

ਇਕ ਅਵਾਜ਼ : ਬਾਸੀ ਸਾਹਿਬ ਨੂੰ ਸਵਾਲ ਸਮਝ ਹੀ ਨਹੀਂ ਆਇਆ। (ਵਿਘਨ)

ਸਿੰਜਾਈ ਅਤੇ ਬਿਜਲੀ ਮੰਤਰੀ : ਕਿਉਂ ਸਮਝ ਕਿਉਂ ਨਹੀਂ ਆਇਆ....................(ਵਿਘਨ) ਮੈਂ ਸਮਝਦਾ ਹਾਂ ਕਿ ਮਜ਼ਦੂਰ ਔਰ ਵਰਕਰ ਨੂੰ ਜਿਹੜਾ ਉਸ ਦਾ ਹਿਸਾ ਹੈ ਉਹ ਉਸ ਦੇ ਪਸੀਨਾ ਸੁਕਣ ਤੋਂ ਪਹਿਲਾਂ ਹੀ ਮਿਲ ਜਾਣਾ ਚਾਹੀਦਾ ਹੈ। (ਵਿਘਨ) ਮੈਂ ਤਾਂ ਆਉਂਦੇ ਹੀ ਇਹ ਸਾਰਾ ਕੁਝ ਕੀਤਾ ਹੈ। Immediately I passed order that the Road Inspectors should get promotion.

ਸ਼੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਪੁਛਿਆ ਹੈ ਕਿ ਕੀ ਉਨ੍ਹਾਂ ਨੂੰ ਕਮਿਊਲੇਟਿਵ ਬੈਨੀਫਿਟ ਦਿਤਾ ਜਾਵੇਗਾ ?

Sir, the reply of my supplementary question has not come. This is a very important supplementary question and its reply should come.

Mr. Speaker : Please resume your seat.

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਇਨ੍ਹਾਂ ਨੇ (ਮਨਿਸਟਰ ਸਾਹਿਬ ਨੇ) ਬੜੇ ਜੋਸ਼ ਨਾਲ ਜਵਾਬ ਦਿਤਾ ਹੈ ਕਿ ਪਸੀਨਾ ਸੁਕਣ ਤੋਂ ਪਹਿਲਾਂ ਮਜ਼ਦੂਰ ਨੂੰ ਪੇਮੈਂਟ ਮਿਲਣੀ ਚਾਹੀਦੀ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ 1967 ਤੋਂ ਇਹ ਸੁਤੇ ਪਏ ਹਨ ਜਾਂ ਹਾਲੀਂ ਇਨ੍ਹਾਂ ਦਾ ਪਸੀਨਾ ਹੀ ਨਹੀਂ ਸੁਕਿਆ। (ਵਿਘਨ) (ਹਾਸਾ)

(ਕੋਈ ਜਵਾਬ ਨਹੀਂ ਦਿਤਾ ਗਿਆ)

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਨ੍ਹਾਂ ਨੇ ਮਹਿਕਮੇਂ ਦੀਆਂ ਇਨਸਟਰੱਕਸ਼ਨਜ਼ ਦੀ ਪਾਲਣਾ ਨਹੀਂ ਕੀਤੀ ਉਨ੍ਹਾਂ-ਖਿਲਾਫ਼ ਕੋਈ ਐਕਸ਼ਨ ਲੈਣਗੇ ਔਰ ਹੁਣ ਕੋਈ ਸਮਾਂ ਮੁਕੱਰਰ ਕਰਨਗੇ ਕਿ ਇਤਨੇ ਸਮੇਂ ਵਿਚ ਪ੍ਰੋਮੋਸ਼ਨਾਂ ਕਰ ਦਿਤੀ ਜਾਣਗੀਆਂ ?

(ਕੋਈ ਜਵਾਬ ਨਹੀਂ ਦਿਤਾ ਗਿਆ)

Supply of Electricity to Mansa-Jhunir-Sardulgarh Area in Bhatinda District

***2162. Sardar Kirpal Singh Makhewala** : Will the Minister for Irrigation and Power be pleased to state—

(a) whether it is a fact that poles and electric wires have been installed from Mansa to Jhunir and further on Sardulgarh in district Bhatinda ;

(b) if the reply to part (a) above be in the affirmative, the reasons for not giving electric supply to Mansa-Jhunir-Sardulagarh area so far ?

Sardar Sohan Singh Bassi : (a) The work of construction of 33 KV lines Mansa-Jhunir and Jhunir-Sardulgarh is still in progress although major portion of this work has already been completed.

(b) Question does not arise.

[(ੳ) ਮਾਨਸਾ ਝੁਨੀਰ ਅਤੇ ਝੁਨੀਰ ਸਰਦੂਲਗੜ੍ਹ 33 ਕੇ. ਵੀ. ਲਾਈਨਾਂ ਵਿਛਾਉਣ ਦਾ ਕੰਮ ਹਾਲੇ ਵੀ ਚਲ ਰਿਹਾ ਹੈ ਭਾਵੇਂ ਇਸ ਵਿਚੋਂ ਵੱਡਾ ਹਿੱਸਾ ਪਹਿਲਾਂ ਹੀ ਮੁਕੰਮਲ ਹੋ ਚੁਕਾ ਹੈ ।

(ਅ) ਸਵਾਲ ਹੀ ਨਹੀਂ ਉਠਦਾ ।]

ਚੌਧਰੀ ਕੇਵਲ ਕ੍ਰਿਸ਼ਨ : ਕੀ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਉਨ੍ਹਾਂ ਜਗ੍ਹਾਂ ਤੇ ਜਿਥੇ ਬਿਜਲੀ ਨਹੀਂ ਪਹੁੰਚੀ ਔਰ ਤਾਰਾਂ ਤੇ ਪੋਲ ਲਗਾ ਦਿਤੇ ਗਏ ਹਨ ਉਥੇ ਕਿਤਨੀ ਚਿਰ ਵਿਚ ਬਿਜਲੀ ਦੇ ਦਿਤੀ ਜਾਵੇਗੀ ?

ਸਿੰਜਾਈ ਅਤੇ ਬਿਜਲੀ ਮੰਤਰੀ : ਸਪੀਕਰ ਸਾਹਿਬ, ਉਥੇ ਪਹਿਲਾਂ ਕੇ. ਵੀ. ਸਟੇਸ਼ਨ ਬਣਨੇ ਹਨ, ਪਾਵਰ ਹਾਊਸ ਬਣਨੇ ਹਨ ਫਿਰ ਬਿਜਲੀ ਮਿਲੇਗੀ। ਇਕਲੇ ਤਾਰਾਂ ਜਾਂ ਪੋਲ ਲਾਉਣ ਦੀ ਗੱਲ ਨਹੀਂ। (ਵਿਘਨ)

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਬਿਜਲੀ ਤਾਂ ਅਗੇ ਹੀ ਘੱਟ ਹੈ, ਪਾਵਰ ਤਾਂ ਅਗੇ ਹੀ ਨਹੀਂ ਐਵੇਂ ਖੰਬੇ ਖਿਚਦੇ ਰਹਿਣ ਦਾ ਕੀ ਫਾਇਦਾ ਹੈ। ਇੰਡਸ-ਟਰੀਜ਼ ਅਗੇ ਹੀ ਬੰਦ ਹਨ ਔਰ ਲੋਕਾਂ ਨੂੰ ਬਿਜਲੀ ਨਹੀਂ ਮਿਲਦੀ ਤਾਂ ਇੱਕਲੀਆਂ ਤਾਰਾਂ ਅਤੇ ਪੋਲ ਲਾਉਣ ਦਾ ਕੀ ਫਾਇਦਾ ਜੇ ਬਿਜਲੀ ਨਾ ਹੋਵੇ, ਪਾਵਰ ਨਾ ਹੋਵੇ। (ਵਿਘਨ)

ਮੰਤਰੀ : ਅਸੀਂ ਤਾਂ ਖੰਬੇ ਇਸ ਕਰਕੇ ਖਿਚਦੇ ਹਾਂ ਤਾਂ ਕਿ ਸੈਂਟਰ ਦੀ ਸਰਕਾਰ ਨੂੰ ਦਿਖਾਈਏ ਕਿ ਇਹ ਹਾਲ ਹੈ। ਜੋ ਭਾਖੜਾ ਡੈਮ ਬਣਾਇਆ ਹੈ ਉਸ ਦੀ ਜੋ ਬਿਜਲੀ ਹੈ ਉਹ ਵਾਪਸ ਲਈਏ ਇਸ ਕਰਕੇ ਇਹ ਕਰਦੇ ਹਾਂ। (ਵਿਘਨ) (ਸਰਕਾਰੀ ਬੈਂਚਾਂ ਵਲੋਂ ਥੰਪਿੰਗ)

ਭਗਤ ਗੁਰਾਂ ਦਾਸ ਹੰਸ : ਕੀ ਮਨਿਸਟਰ ਸਾਹਿਬ ਦਸਣਗੇ ਕਿ ਪਹਿਲਾਂ ਖੰਬੇ ਲਾਉਣੇ ਜ਼ਰੂਰੀ ਹਨ ਜਾਂ ਪਹਿਲਾਂ ਪਾਵਰ ਹਾਊਸ ਬਣਾਉਣਾ ਜ਼ਰੂਰੀ ਹੈ। (ਵਿਘਨ)

ਸ਼੍ਰੀ ਸਪੀਕਰ : ਭਗਤ ਜੀ, ਬਾਸੀ ਸਾਹਿਬ ਨੇ ਇਨਟਰਪ੍ਰੇਟੇਸ਼ਨ ਲਈ ਹੈ ਕਿ ਜੇ ਖੰਬੇ ਪਹਿਲਾਂ ਖਿਚ ਹੁੰਦੇ ਭਾਖੜਾ ਡੈਮ ਬਣਨ ਤੋਂ ਪਹਿਲਾਂ ਤਾਂ ਬਿਜਲੀ ਹੋਰ ਪਾਸੇ ਨਾ ਜਾਂਦੀ। (ਵਿਘਨ)
(Bhagat Ji, Mr. Bassi has stated that had the electric poles been installed earlier than the completion of Bhakra Dam, the electric supply would not have been given to other States.)

ਸਰਦਾਰ ਦਰਸ਼ਨ ਸਿੰਘ ਕੇ. ਪੀ : ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਖੰਬੇ ਵੀ ਹੋਣ ਔਰ ਤਾਰਾਂ ਵੀ ਹੋਣ ਕੇਵਲ ਕੇਬਲ ਲਗਣੇ ਹੋਣ ਉਥੇ ਕੀ ਦੇਰੀ ਹੈ ?

ਮੰਤਰੀ : ਸਪੀਕਰ ਸਾਹਿਬ, ਉਥੇ ਤਾਂ ਦੇਰੀ ਪਾਵਰ ਹਾਊਸ ਦੀ ਹੈ, ਪਾਵਰ ਚਾਹੀਦੀ ਹੈ ।

ਸਰਦਾਰ ਗੁਰਬੰਤਾ ਸਿੰਘ : ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਮੈਨੂੰ ਇਹ ਸ਼ਕ ਹੈ ਕਿ ਇਹ ਜਿਹੜੇ ਖੰਬੇ ਹੀ ਸਿਰਫ ਲਗਾਏ ਜਾ ਰਹੇ ਹਨ ਕੀ ਕਿਸੇ ਖੰਬੇ ਬਣਾਉਣ ਵਾਲੀ ਫੈਕਟਰੀ ਨੂੰ ਫਾਇਦਾ ਪਹੁੰਚਾਉਣ ਲਈ ਤਾਂ ਇਹ ਨਹੀਂ ਕੀਤਾ ਜਾ ਰਿਹਾ ਹੈ। ਮੇਰਾ ਇਹ ਸ਼ਕ ਹੈ, ਇਹ ਦੂਰ ਕੀਤਾ ਜਾਵੇ । (ਵਿਘਨ)

ਮੰਤਰੀ : ਅਗਰ ਇਹ ਤੁਹਾਨੂੰ ਸ਼ੱਕ ਹੈ ਤਾਂ ਅਟਵਾਲ ਸਾਹਿਬ ਤੋਂ ਪੁਛ ਲਵੋ । (ਹਾਸਾ) (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ (ਵਿਘਨ) ਮੈਂ ਪ੍ਰਸਨਲ ਐਕਸਪਲੇਨੇਸ਼ਨ ਦੇਣਾ ਹੈ...................... (ਵਿਘਨ)

ਸ੍ਰੀ ਸਪੀਕਰ : Please resume your seat. (ਵਿਘਨ) । ਉਨ੍ਹਾਂ ਨੇ ਕੋਈ ਐਲੀਗੇਸ਼ਨ ਨਹੀਂ ਲਾਇਆ। (ਵਿਘਨ) (Please resume your seat. (*Interruption*). He has not levelled any allegation). (*Interruption*)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਬਾਸੀ ਸਾਹਿਬ ਨੇ ਫ਼ਰਮਾਇਆ ਹੈ ਕਿ ਖੰਬਿਆਂ ਦੇ ਬਾਰੇ ਜੋ ਕੁਐਸਚਨ ਹੈ, ਉਸ ਦੇ ਮੁਤਅੱਲਕ ਮੇਰੇ ਕੋਲੋਂ ਪੁਛ ਲਿਆ ਜਾਵੇ। ਅਤੇ ਬਾਕੀ ਗਲਾਂ ਬਾਰੇ ਮੈਂ ਸਬੰਧਤ ਮਨਿਸਟਰ ਤਾਂ ਹਾਂ ਨਹੀਂ ਜੋ ਮੈਂ ਜਵਾਬ ਦੇ ਸਕਾਂ। ਖੈਰ ਕੀ ਮਨਿਸਟਰ ਸਾਹਿਬ ਇਸ ਗਲ ਤੋਂ ਜਾਣੂ ਨਹੀਂ ਕਿ ਉਨ੍ਹਾਂ ਖੰਬਿਆਂ ਦੀ ਸਪਲਾਈ ਦੇ ਵਾਸਤੇ ਰੂਲਿੰਗ ਪਾਰਟੀ ਦੇ ਕਿਸੇ ਮੈਂਬਰ ਨੂੰ ਆਰਡਰਜ਼ ਦਿਤੇ ਹੋਏ ਹਨ ਅਤੇ ਐਡਵਾਂਸ ਵੀ ਦਿਤਾ ਹੋਇਆ ਹੈ। ਉਹ ਹੁਣ ਐਡਵਾਂਸ ਵਾਪਸ ਨਹੀਂ ਕਰ ਰਿਹਾ ਤੇ ਇਸ ਲਈ ਇਹ ਖੰਬੇ ਲੈ ਕੇ ਹੀ ਉਹ ਰੁਪਿਆ ਐਡਜਸਟ ਕਰ ਰਹੇ ਹਨ। (ਵਿਘਨ) (ਸ਼ੋਰ)

ਮੰਤਰੀ : ਐਸੀ ਕੋਈ ਗਲ ਨਹੀਂ। ਮੈਂ ਇਨ੍ਹਾਂ ਦਾ ਗਰੇਟਫੁਲ ਹੋਵਾਂਗਾ ਜੇ ਕਰ ਇਹ ਕੋਈ ਇਸ ਕਿਸਮ ਦੀ ਇਕ ਵੀ ਐਗਜੈਂਪਲ ਮੈਨੂੰ ਦੇ ਸਕਣ ।

(**ਚੌਧਰੀ ਤੁਲਸੀ** ਰਾਮ ਚੌਹਾਨ ਅਤੇ ਚੌਧਰੀ ਬਲਬੀਰ ਸਿੰਘ ਸਪਲੀਮੈਂਟਰੀ ਤੇ ਖੜ੍ਹੇ ਹੋਏ ; ਸਪੀਕਰ ਸਾਹਿਬ ਨੇ ਚੌਧਰੀ ਬਲਬੀਰ ਸਿੰਘ ਨੂੰ ਕਾਲ ਕੀਤਾ।)

ਚੌਧਰੀ ਤੁਲਸੀ ਰਾਮ ਚੌਹਾਨ : ਸਪੀਕਰ ਸਾਹਿਬ, ਵਿਦ ਡਿਊ ਰੈਸਪੈਕਟ ਮੈਂ ਅਰਜ਼ ਕਰਾਂ ਕਿ ਕਿਸੇ ਨੂੰ ਤਾਂ ਸਤ ਸਤ ਸਪਲੀਮੈਂਟਰੀ ਅਲਾਓ ਕੀਤੇ ਜਾਂਦੇ ਹਨ ਤੇ ਕਿਸੇ ਨੂੰ ਇਕ ਵੀ ਨਹੀਂ ਕੀਤਾ ਜਾਂਦਾ। ਜੇਕਰ ਲਾਲ ਪਗੜੀ ਬੰਨ੍ਹਣ ਵਾਲੇ ਨੂੰ ਹੀ ਐਲਾਓ ਕਰਨਾ ਹੈ ਤਾਂ ਸਾਨੂੰ ਵੀ ਦਸ ਦਿਤਾ ਜਾਏ । (ਵਿਘਨ) (ਸ਼ੋਰ)

ਚੌਧਰੀ ਬਲਬੀਰ ਸਿੰਘ : (ਚੌਧਰੀ ਤੁਲਸੀ ਰਾਮ ਨੂੰ ਸੰਬੋਧਨ ਕਰਦੇ ਹੋਏ) ਤੁਹਾਡੇ ਬਜ਼ੁਰਗਾਂ ਨੇ ਕੋਟਾ ਮੁਕਰਰ ਕੀਤਾ ਹੋਇਆ ਹੈ, ਉਸ ਦੇ ਮੁਤਾਬਕ ਹੀ ਮੈਂ ਸਪਲੀਮੈਂਟਰੀ ਮੰਗਦਾ ਹਾਂ । (ਵਿਘਨ) ਕੀ ਮੰਤਰੀ ਸਾਹਿਬ ਦਸਣਗੇ ਕਿ ਜਿਸ ਆਦਮੀ ਨੂੰ ਪਾਵਰਜ਼ ਡੈਲੀਗੇਟ ਕਰਨਗੇ, ਉਸ ਦਾ ਡੈਜ਼ਿਗਨੇਸ਼ਨ ਕੀ ਹੋਵੇਗਾ ? (ਵਿਘਨ) (ਸ਼ੋਰ)

ਸ੍ਰੀ ਸਪੀਕਰ: ਪਾਵਰਜ਼ ਤਾਂ ਜਵਾਬ ਦੇਣ ਲਈ ਹੀ ਡੈਲੀਗੇਟ ਕਰਨਗੇ। (ਵਿਘਨ)
(He would delegate powers for the purpose of giving a reply only) (*Interruption*).

ਚੌਧਰੀ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਪਿੰਡਾਂ ਨੂੰ ਬਿਜਲੀ ਕਦੋਂ ਤੀਕਰ ਸਪਲਾਈ ਹੋ ਜਾਵੇਗੀ, ਮੈਂ ਸਪੈਸੀਫਿਕ ਕੁਐਸਚਨ ਕੀਤਾ ਹੈ ਅਤੇ ਇਸ ਦਾ ਸਪੈਸਿਫਿਕ ਜਵਾਬ ਦੇਣ ਦੀ ਕਿਰਪਾਲਤਾ ਕਰਨ।

(ਕੋਈ ਉਤਰ ਨਹੀਂ ਆਇਆ)

ਸਾਥੀ ਰੂਪ ਲਾਲ: ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਪਿੰਡਾਂ ਨੂੰ ਬਿਜਲੀ ਸਪਲਾਈ ਕਰਨ ਲਈ ਕੋਈ ਅਬਾਦੀ ਦਾ ਵੀ ਤਨਾਸਬ ਰਖਿਆ ਹੋਇਆ ਹੈ ਜੇ ਰਖਿਆ ਹੋਇਆ **ਹੈ ਤਾਂ** ਉਸ ਦੀ ਤਫ਼ਸੀਲ ?

Minister : The work of construction of 33 K.V. lines Mansa-Jhunir and Jhunir-Sardulgarh is still in progress although major portion of this has already been completed.

According to the construction schedule, the work of constructing 33 K.V. Sub-Station at Jhunir is expected to be completed by February, 1971 when the 33 K.V. Mansa-Jhunir line along with the sub-station shall be energised and the area fed from this.

Regarding 33 K.V. Sub-station at Sardulgarh, it is planned to be completed by July, 1971. However, earlier to this after energising the 33 K.V. line from Mansa to Jhunir and 33K.V. sub-station at Jhunir in February, 1971, the line from Jhunir to Sardulgarh may be energised on 11 K..V and supply to only domestic consumers given till such time the sub-station at Sardulgarh is completed and commissioned in July, 1971.

ਚੌਧਰੀ ਤੁਲਸੀ ਰਾਮ ਚੌਹਾਨ: ਕੀ ਮੰਤਰੀ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਜਿਹੜਾ ਪਾਵਰ ਹਾਊਸ ਸਬ-ਸਟੇਸ਼ਨ ਬਨਾਉਣਾ ਹੈ ਅਤੇ ਜਿਸ ਦੀ ਇੰਕਸ਼ਨ ਦੋ ਸਾਲ ਹੋ ਗਏ ਹਨ, ਹੋ ਚੁੱਕੀ **ਹੈ**, ਕੀ ਉਸ ਦੀ ਬਿਜਲੀ ਪਛੜੇ ਇਲਾਕੇ ਜਸਟ ਲਾਈਕ ਬਲਾਚੌਰ ਨੂੰ ਸਪਲਾਈ ਕਰਨਗੇ ਅਤੇ ਜੇਕਰ ਅਜਿਹੇ ਇਲਾਕਿਆਂ ਨੂੰ ਕੋਈ ਬਿਜਲੀ ਹੁਣ ਤਕ ਨਹੀਂ ਦਿਤੀ ਗਈ ਤਾਂ ਇਸ ਦੇ ਕੀ ਕਾਰਣ ਹਨ ?

(ਕੋਈ ਉੱਤਰ ਨਹੀਂ ਆਇਆ)

ਸਰਦਾਰ ਮਹਿਤਾਬ ਸਿੰਘ ਢਿਲੋਂ: ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੰਤਰੀ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜ਼ੀਰੇ ਲਈ ਜੇ ਬਿਜਲੀ ਮੰਗੋ ਤਾਂ ਨਹੀਂ, ਜੇ ਪਾਣੀ ਮੰਗੋ ਤਾਂ ਨਹੀਂ ਅਤੇ ਜੇ ਸੜਕਾਂ ਬਾਰੇ ਕਹੋ ਤਾਂ ਨਹੀਂ ਅਤੇ ਦੂਸਰੇ ਪਾਸੇ ਸਭ ਕੁਝ ਧਰਮ ਕੋਟ ਲਈ ਹੀ ਹੈ। ਇਹ ਵਿਤਕਰਾ ਜ਼ੀਰੇ ਨਾਲ ਕਿਉਂ ਕੀਤਾ ਜਾਂਦਾ ਹੈ। ਪਹਿਲਾਂ ਸਰਦਾਰ ਲਛਮਣ ਸਿੰਘ ਗਿਲ ਜੀ ਸਨ ਤਾਂ ਵੀ ਧਰਮ ਕੋਟ ਲਈ ਸਭ ਕੁਝ ਸੀ ਅਤੇ ਜ਼ੀਰੇ ਲਈ ਕੁਝ ਨਹੀਂ ਅਤੇ ਹੁਣ ਬਾਸੀ ਸਾਹਿਬ ਵੀ ਉਸੇ ਤਰ੍ਹਾਂ ਕਰਨ ਲਗ ਪਏ ਹਨ, ਮੈਂ ਅਰਜ਼ ਕਰਦਾ ਹਾਂ ਕਿ ਭਾਵੇਂ ਉਹ ਹਲਕਾ ਕਾਂਗਰਸੀ ਲੈਜਿਸਲੇਟਰ ਦਾ ਹੈ, ਪਰ ਉਥੇ ਵੀ ਤਾਂ ਇਨ੍ਹਾਂ ਦੇ ਜਥੇਦਾਰ ਅਤੇ ਅਕਾਲੀ ਭਰਾ ਰਹਿੰਦੇ ਹਨ। ਦੂਜੀ ਗਲ ਇਹ ਦਾ ਹੈ ਕਿ ਇਹ ਸੜਕਾਂ, ਬਿਜਲੀ ਅਤੇ ਪਾਣੀ ਕਦੋਂ ਤਕ ਸਪਲਾਈ ਕਰ ਦਿਤਾ ਜਾਵੇਗਾ ?

ਮੰਤਰੀ: ਪਾਣੀ, ਬਿਜਲੀ ਅਤੇ ਸੜਕਾਂ ਆਦਿ ਕੋਈ ਸਿਆਸੀ ਤਰੀਕੇ ਨਾਲ ਨਹੀਂ ਦਿਤੇ ਜਾਂਦੇ ਬਲਕਿ ਹਮੇਸ਼ਾ ਇਲਾਕੇ ਦੇ ਹਿਸਾਬ ਨਾਲ ਹੀ ਦਿਤੇ ਜਾਂਦੇ ਹਨ। ਜੇ ਇਹ ਆਪਣੇ ਇਲਾਕੇ ਵਿਚ ਜਾਂਦੇ ਰਹਿੰਦੇ ਹਨ ਤਾਂ ਇਹ ਦਸ ਦੇਣ ਕਿ ਕਿਹੜੇ ਕਿਹੜੇ ਇਲਾਕੇ ਵਿਚ ਨਹੀਂ ਮਿਲੇ, ਨਹੀਂ ਤਾਂ ਮੇਰੇ ਕੋਲ ਤਹਿਸੀਲ ਜ਼ੀਰਾ ਦੇ 22 ਪਿੰਡਾਂ ਦੀ ਲਿਸਟ ਹੈ, ਜਿਥੇ ਇਹ ਫੈਸਿਲਿਟੀਜ਼ ਪ੍ਰੋਵਾਈਡ ਕੀਤੀਆਂ ਗਈਆਂ ਹਨ। ਇਹ ਜਦ ਮਰਜ਼ੀ ਆਏ ਮੇਰੇ ਕੋਲ ਆ ਕੇ ਵੇਖ ਸਕਦੇ ਹਨ। (ਵਿਘਨ) ਉਨ੍ਹਾਂ ਪਿੰਡਾਂ ਦੇ ਨਾਂ ਇਹ ਹਨ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ:—

ਬੁਟਰਾਂ, ਕਸੋਆਂਣਾ (ਇਹ ਜ਼ੀਰੇ ਦੇ ਨਾਲ ਹੈ) ਭੂਰੀ ਵਾਲ, ਮਰਦੂ, ਫਤਹਿਗੜ੍ਹ ਟਡੀਵਾਲ, ਕੋਟ, ਕੇਦਰੀ, ਲੇੜਾ ਆਦਿ।

ਸਰਦਾਰ ਗੁਰਮੇਜ ਸਿੰਘ: ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਦੇ ਬਾਸੀ ਸਾਹਿਬ ਵਜ਼ੀਰ ਬਣੇ ਹਨ, ਮੀਂਹ ਪੈਣਾ ਬੰਦ ਹੋ ਗਿਆ ਹੈ, ਇਹ ਵਜ਼ੀਰੀ ਛੱਡ ਦੇਣ ਸ਼ਾਇਦ ਮੀਂਹ ਪੈ ਜਾਏ। (ਵਿਘਨ)

Starred Question No. 2214

ਸ. ਸ. ਬਾਸੀ, ਅ:ਸ: ਨੰ: 14-ਏ ਕਿਯੂ-ਏ.ਸ. 2(1)–71
ਸਿੰਜਾਈ ਤੇ ਬਿਜਲੀ ਮੰਤਰੀ। ਚੰਡੀਗੜ੍ਹ।
ਮਿਤੀ 18 ਜਨਵਰੀ, 1971

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2214 ਜੋ ਮਿਤੀ 19 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਮਹਿਤਾਬ ਸਿੰਘ ਢਿਲੋਂ ਦੇ ਨਾਂ ਹੇਠ (ਵਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 28 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪਦਾ ਵਿਸ਼ਵਾਸਪਾਤਰ,
(ਸਹੀ)......
ਸ੍ਰੀ ਦਰਬਾਰਾ ਸਿੰਘ, (ਸੋਹਨ ਸਿੰਘ ਬਾਸੀ),
ਸਪੀਕਰ, ਪੰਜਾਬ ਵਿਧਾਨ ਸਭਾ। ਮੰਤਰੀ ਸਿੰਚਾਈ ਤੇ ਬਿਜਲੀ।

Electrification of Villages in Zira Assembly Constituency

***2213. Sardar Mehtab Singh Dhillon**: Will the Minister for Irrigation and Power be pleased to state—

(a) the number and names of villages in the Zira Assembly Constituency which were electrified during the year 1969-70;

(b) the number and names of the villages in the said Constituency which the Government proposes to electrify during the year 1970-71.

Sardar Sohan Singh Bassi: (a) & (b) The information is not maintained Assembly Constituency-wise. As such the number and names of villages cannot be given.

[ਸਿੰਚਾਈ ਅਤੇ ਬਿਜਲੀ ਮੰਤਰੀ]

[(ੳ ਅਤੇ ਅ) ਸੂਚਨਾ ਚੋਣ ਹਲਕਾ ਸਭਾ ਅਨੁਸਾਰ ਨਹੀਂ ਰੱਖੀ ਜਾਂਦੀ । ਇਸ ਕਾਰਣ ਪਿੰਡਾਂ ਦੀ ਗਿਣਤੀ ਅਤੇ ਨਾਂ ਨਹੀਂ ਦੱਸੇ ਜਾ ਸਕਦੇ ।]

(ਸਰਦਾਰ ਗੁਰਮੇਜ ਸਿੰਘ ਵਲੋਂ ਵਿਘਨ)

ਸਰਦਾਰ ਸਾਹਿਬ ਤੇ ਮੈਂ ਦੋਵੇਂ ਇਕ ਪਾਸੇ ਹੋ ਜਾਈਏ ਨਹੀਂ ਤਾਂ ਬਿਜਲੀ ਪਈ ਕਿ ਪਈ। (ਹਾਸਾ)

ਸਰਦਾਰ ਗੁਰਮੇਜ ਸਿੰਘ : ਸਪੀਕਰ ਸਾਹਿਬ ਮੈਂ ਤਾਂ ਪਿਓਹ ਮਜ਼ਹਬੀ ਸਿੱਖ ਹਾਂ, ਮੇਰਾ ਤਾਂ ਰੰਗ ਹੀ ਅਜਿਹਾ ਹੈ (ਵਿਘਨ) ਪਰ ਇਨ੍ਹਾਂ ਨੂੰ ਪੁਛੋ ਕਿ ਇਹ ਕਿਉਂ ਡਰਦੇ ਹਨ......(ਵਿਘਨ) (ਹਾਸਾ)

ਡਾਕਟਰ ਸਾਧੂ ਰਾਮ : ਸਪੀਕਰ ਸਾਹਿਬ, ਗਲ ਸਮਝ ਨਹੀਂ ਆਈ। ਢਿਲੋਂ ਸਾਹਿਬ ਤਾਂ ਜ਼ੀਰਾ ਮੰਗਦੇ ਸਨ, ਇਹ ਧਨੀਆਂ ਦੇ ਰਹੇ ਹਨ। (ਵਿਘਨ) ਉਨ੍ਹਾਂ ਨੇ ਮੰਗ ਇਕ ਹਲਕੇ ਲਈ ਕੀਤੀ ਸੀ ਇਹ ਸੂਚਨਾ ਦੂਜੇ ਬਾਰੇ ਦਸ ਰਹੇ ਹਨ।

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਇਹ ਜੋ ਜਗ੍ਹਾ ਜਗ੍ਹਾ ਬਿਜਲੀ ਦੀ ਕਮੀ ਦੀ ਗੱਲ ਪਿੰਡ ਪਿੰਡ ਬਾਰੇ ਅਤੇ ਹਲਕੇ ਅਤੇ ਤਸੀਲ ਬਾਰੇ ਰੋਜ਼ ਰੋਜ਼ ਉਠਦੀ ਹੈ, ਇਸ ਬਾਰੇ ਦਿੱਲੀ ਦੀ ਸਰਕਾਰ ਨਾਲ ਜੋ ਨੈਗੋਸੀਏਸ਼ਨ ਚਲਦੀ ਸੀ ਕਿ ਇਹ ਮਧਿਆ ਪਰਦੇਸ਼ ਤੋਂ ਜਾਂ ਰਾਜਿਸਥਾਨ ਤੋਂ ਲੈਣ ਦਾ ਪਰਬੰਧ ਹੋ ਰਿਹਾ ਹੈ, ਉਹ ਗਲ ਬਾਤ ਕਿਥੇ ਤਕ ਪਹੁੰਚੀ ਹੈ ਤਾ ਕਿ ਬਿਜਲੀ ਦੀ ਕਮੀ ਪੂਰੀ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਗਲ ਇਹ ਹੈ ਕਿ ਬਾਰਿਸ਼ ਨਾ ਹੋਣ ਕਰਕੇ ਇਸ ਵੇਲੇ ਪੰਜਾਬ, ਹਰਿਆਣਾ, ਯੂ.ਪੀ. ਅਤੇ ਬਿਹਾਰ ਆਦਿ ਰਾਜਾਂ ਵਿਚ ਬਿਜਲੀ ਦੀ ਬੜੀ ਐਕਯੂਟ ਸ਼ਾਰਟੇਜ ਚਲ ਰਹੀ ਹੈ। ਇਸ ਵੇਲੇ ਸਾਡੇ ਹਿਸੇ ਵਿਚ ਸਿਰਫ 3.037 ਮੈਗਾ ਵਾਟ ਬਿਜਲੀ ਆ ਰਹੀ ਹੈ। ਇਸ ਬਾਰੇ ਅਸੀਂ ਸਾਰੀ ਗੱਲ ਸੈਂਟਰਲ ਗਵਰਨਮੈਂਟ ਨੂੰ ਸਮਝਾਈ ਹੈ ਕਿ ਪਿਛਲੇ ਸਾਲ ਪੰਜਾਬ ਨੇ 25 ਲਖ ਟਨ ਅਨਾਜ ਦਿੱਤਾ ਸੀ ਅਤੇ ਅਗਰ ਇਹੀ ਹਾਲਤ ਰਹੀ ਤਾਂ ਪੰਜਾਬ ਅਨਾਜ ਨਹੀਂ ਦੇ ਸਕੇਗਾ ਅਤੇ ਇਸ ਤਰ੍ਹਾਂ ਅਰਬਾਂ ਰੁਪਏ ਦਾ ਨੁਕਸਾਨ ਹੋਵੇਗਾ। ਇਸ ਬਾਰੇ ਅਸੀਂ ਸੈਂਟਰਲ ਮਨਿਸਟਰਾਂ ਖਾਸ ਕਰਕੇ ਡਾਕਟਰ ਕੇ.ਐਲ.ਰਾਓ ਅਤੇ ਡਾਕਟਰ ਤ੍ਰਿਗੁਨਾ ਸੈਨ ਆਦਿ ਨਾਲ ਸਲਾਹ ਮਸ਼ਵਰਾ ਕੀਤਾ। ਉਹ ਨੰਗਲ ਫਰਟੇਲਾਈਜ਼ਰ ਫੈਕਟਰੀ ਦੇ ਇਨਚਾਰਜ ਹਨ। ਅਸੀਂ ਕਿਹਾ ਕਿ ਇਹ ਫੈਕਟਰੀ ਸਫੈਦ ਹਾਥੀ ਹੈ ਇਸ ਨੂੰ ਬਿਜਲੀ ਬਿਲਕੁਲ ਹੀ ਬੰਦ ਕੀਤੀ ਜਾਵੇ। ਉਹ 177 ਮੈਗਾਵਾਟ ਬਿਜਲੀ ਲੈ ਰਹੀ ਸੀ ਜਦ ਕਿ ਪੰਜਾਬ ਨੂੰ ਇਸ ਵੇਲੇ 126 ਮੈਗਾਵਾਟ ਬਿਜਲੀ ਮਿਲ ਰਹੀ ਹੈ ਅਤੇ ਇਸ ਦੀ ਲੋੜ ਹੈ 280 ਮੈਗਾਵਾਟ ਦੀ। ਉਨ੍ਹਾਂ ਨੇ ਪੋਜ਼ੀਸ਼ਨ ਨੂੰ ਰੀਅਲਾਈਜ਼ ਕਰਦੇ ਹੋਏ ਮਿਹਰਬਾਨੀ ਕੀਤੀ ਅਤੇ ਇਸ ਗਲ ਨੂੰ ਸਮਝ ਲਿਆ ਕਿ ਇਹ ਕੋਰ ਦੇ ਪਕਣ ਦਾ ਪੀਰੀਅਡ ਹੈ ਅਗਰ ਪੰਜਾਬ ਨੂੰ ਇਸ ਵੇਲੇ ਪਾਣੀ ਨਾ ਮਿਲਿਆ ਤਾਂ ਫਸਲ ਤਬਾਹ ਹੋ ਜਾਵੇਗੀ। ਉਨ੍ਹਾਂ ਸਾਡੀ ਬਿਜਲੀ ਦੀ ਮਿਕਦਾਰ 3.037 ਮੈਗਾਵਾਟ ਤੋਂ ਵਧਾ ਕੇ 4.88 ਮੈਗਾਵਾਟ ਯਾਨੀ 15 ਲਖ ਯੂਨਿਟ ਬਿਜਲੀ ਰੋਜ਼ ਵਧ ਦੇਣ ਦਾ ਵਾਇਦਾ ਕੀਤਾ। (ਤਾੜੀਆਂ) ਕੁਝ ਸਤਪੁੜਾ ਤੋਂ ਅਤੇ ਕੁਝ ਦਿਲੀ ਤੋਂ ਲੈ ਰਹੇ ਹਾਂ। ਫਰਟੇਲਾਈਜ਼ਰ ਫੈਕਟਰੀ ਨੂੰ ਜੋ ਪਹਿਲਾਂ 178 ਮੈਗਾਵਾਟ ਬਿਜਲੀ ਜਾਂਦੀ ਸੀ ਉਸ ਦਾ 1/3 ਕਰਕੇ 60 ਮੈਗਾਵਾਟ ਦੇ ਰਹੇ ਹਾਂ । (ਤਾੜੀਆਂ) ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਿਵੇਂ ਸ੍ਰੀ ਸਰਦਾਰੀ ਲਾਲ ਕਪੂਰ ਜੀ ਨੇ ਕਿਹਾ ਸੀ..... (ਵਿਘਨ) ਇਸ ਵੇਲੇ ਬਿਜਲੀ ਦਾ ਸੰਕਟ ਹੈ, ਡਰਾਈ ਸਰਕਲ ਚਲ ਰਿਹਾ ਹੈ ਕਿਸੇ ਪਾਸੇ ਵੀ ਬਾਰਿਸ਼

ਨਹੀਂ ਹੋਈ। ਅਗਲਾ ਜੋ ਆਉਣ ਵਾਲਾ ਸਮਾਂ ਹੈ ਉਹ ਬੜਾ ਭਿਆਨਕ ਹੈ। ਪਿਛਲੇ ਸਾਲ ਇਨ੍ਹਾਂ ਦਿਨਾਂ ਵਿਚ, 19 ਜਨਵਰੀ ਨੂੰ ਭਾਖੜੇ ਡੈਮ ਤੇ ਸਤਲੁਜ ਵਿਚ ਪਾਣੀ 6,800......

ਸਰਦਾਰ ਉਮਰਾਓ ਸਿੰਘ: ਸਪੀਕਰ ਸਾਹਿਬ, ਜੋ ਦੋ ਘੰਟੇ ਦੀ ਬਹਿਸ ਹੋਣੀ ਹੈ ਉਸ ਵਿਚ ਸਾਰੀਆਂ ਗੱਲਾਂ ਦਸ ਲੈਣ, ਹੁਣ ਸਵਾਲ ਚਲਣ ਦੇਣ...... (ਵਿਘਨ)

Mr. Speaker: Next Question.

Applications received for the Posts of Music Mistresses

"That Rules 30 (3) and 193 of the Rules of Procedure and Conduct of Business in the Punjab Legislative Assembly be suspended for the purpose of moving the following resolution :—

'that this House recommends unanimously to the State Government to approach the Government of India to remove the disparity in the matter of allotment of coal wagons to the State of Punjab and other States for brick kilns keeping in view the number of brick kilns working at present in each State".

Mr. Speaker : Motion moved—

"That Rules 30(3) and 193 of the Rules of Procedure and Conduct of Business in the Punjab Legislative Assembly be suspended for the purpose of moving the following resolution :—

'that this House recommends unanimously to the State Government to approach the Government of India to remove the disparity in the matter of allotment of coal wagons to the State of Punjab and other States for brick kilns keeping in view the number of brick kilns working at present in each State".

Mr. Speaker : Question is—

"That Rules 30(3) and 193 of the Rules of Procedure and Conduct of Business in the Punjab Legislative Assembly be suspended for the purpose of moving the following resolution :—

'that this House recommends unanimously to the State Government to approach the Government of India to remove the disparity in the matter of allotment of coal wagons to the State of Punjab and other States for brick kilns keeping in view the number of brick kilns working at present in each State'."

The motion was carried unanimously.

DISCUSSION ON GOVERNOR'S ADDRESS (RESUMPTION)

Mr. Speaker: Master Ji, how much time will you take today?

ਸਰਦਾਰ ਗੁਰਬੰਤਾ ਸਿੰਘ: ਮੈਂ ਦੋ ਤਿੰਨ ਮਿੰਟ ਹੀ ਲੈਣੇ ਹਨ ।

ਸ੍ਰੀ ਸਪੀਕਰ : ਤੁਸੀਂ ਅਗੇ ਵੀ ਕਾਫੀ ਸਮਾਂ ਲੈ ਚੁਕੇ ਹੋ । (You have already taken a good deal of time).

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ ਮੇਰੀਆਂ ਕਾਲ ਅਟੈਨਸ਼ਨ ਮੋਸ਼ਨਜ਼ ਦਾ ਕੀ ਬਣਿਆ ।

ਸ੍ਰੀ ਸਪੀਕਰ: ਮੈਂ ਦੇਖ ਲਵਾਂਗਾ । (I shall look into the matter).

ਸਰਦਾਰ ਗੁਰਬੰਤਾ ਸਿੰਘ (ਕਰਤਾਰਪੁਰ ਐਸ. ਸੀ.) ਮੈਂ ਕਲ ਕਹਿ ਰਿਹਾ ਸੀ ਕਿ ਕਿਸ ਤਰੀਕੇ ਨਾਲ ਪੰਜਾਬ ਵਿਚ ਹੋ ਰਿਹਾ ਹੈ । ਲਾਅ ਐਂਡ ਆਰਡਰ ਦਾ ਇਥੇ ਸਤਿਆਨਾਸ ਹੋ ਰਿਹਾ ਹੈ । ਗਵਰਨਰ ਸਾਹਿਬ ਦੇ ਆਪਣੇ ਐਡਰੈਸ ਵਿਚ ਇਸ ਗਲ ਦਾ ਕੋਈ ਜਿਕਰ ਨਹੀਂ ਕੀਤਾ ਗਿਆ ਹੈ । ਸਪੀਕਰ ਸਾਹਿਬ ਪੰਜ ਦਸ ਪੁਆਇੰਟ ਨੂੰ ਤਾਂ ਗਵਰਨਰ ਸਾਹਿਬ ਦੇ ਐਡਰਸ ਵਿਚ ਜਰੂਰ ਹੋਣਾ ਚਾਹੀਦਾ ਸੀ ਇਨ੍ਹਾਂ ਦੇ ਨਾਂ ਹੋਣ ਕਾਰਨ ਅਸੀਂ ਉਨ੍ਹਾਂ ਦਾ ਕਿਵੇਂ ਧੰਨਵਾਦ ਕਰੀਏ । ਅਸੀਂ ਇਸ ਰੈਜ਼ੋਲਿਊਸ਼ਨ ਦੀ ਤਾਈਦ ਨਹੀਂ ਕਰ ਸਕਦੇ । ਸਰਕਾਰੀ ਕਰਮਚਾਰੀ ਜਿਨਾਂ ਦੀਆਂ ਮੰਗਾਂ ਪਰਵਾਨ ਹੋਣੀਆਂ ਚਾਹਦੀਆਂ ਸਨ, ਸਰਕਾਰੀ ਕਰਮਚਾਰੀ ਅਤੇ ਬਿਜਲੀ ਬੋਰਡ ਦੇ ਕਰਮਚਾਰੀਆਂ ਤੇ ਤਸ਼ਦੱਦ ਹੋਇਆ ਅਤੇ ਜਿਹੜੇ ਕਰਮਚਾਰੀ ਅਰੈਸਟ ਹੋਏ ਉਹ ਰਿਹਾ ਕਰਨੇ ਚਾਹੀਦੇ ਹਨ । ਬਣ ਰਹੀਆਂ ਸੜਕਾਂ ਨੂੰ ਜਿਹੜੀਆਂ ਕਿ ਬੰਦ ਕੀਤੀਆਂ ਗਈਆਂ ਹਨ, ਉਨ੍ਹਾਂ ਸੜਕਾਂ ਨੂੰ ਮੁਕੰਮਲ ਕਰਨਾ ਚਾਹੀਦਾ ਹੈ । ਹਿੰਦੀ ਦੀ ਤਰੱਕੀ ਕਰਨ ਵਾਸਤੇ ਮਖੌਲ ਨਾ ਕੀਤਾ ਜਾਵੇ, ਇਸ ਵਾਸਤੇ ਕਾਫੀ ਰਕਮ ਰਖਣੀ ਚਾਹੀਦੀ ਹੈ । ਹਰੀਜਨਾਂ ਦੀ ਦੇਖ ਭਾਲ ਵਾਸਤੇ 1969 ਵਿਚ ਜਿਹੜੀ ਹਾਈ ਪਾਵਰਡ ਕਮੇਟੀ ਬਣੀ ਸੀ, ਉਸ ਦੀਆਂ ਰਿਕੁਮੈਂਡੇਸ਼ਨਜ਼ ਤੇ ਅਮਲ ਦਰਾਮਦ ਕਰਨਾ ਚਾਹੀਦਾ ਹੈ । ਦੋ ਲੱਖ ਏਕੜ ਜ਼ਮੀਨ ਜਿਹੜੀ ਹਰੀਜਨਾਂ ਲਈ ਸੰਨ 1964 ਵਿਚ ਰਿਜ਼ਰਵ ਕੀਤੀ ਗਈ ਸੀ, ਉਹ ਹਰੀ-ਜਨਾਂ ਨੂੰ ਨਿਲਾਮ ਕਰ ਦੇਣੀ ਚਾਹੀਦੀ ਸੀ । ਸੂਬੇ ਵਿਚ ਲਾਅ ਐਂਡ ਆਰਡਰ ਨੂੰ ਬਿਹਤਰ ਕਰਨ ਵਾਸਤੇ

[ਸਰਦਾਰ ਗੁਰਬੰਤਾ ਸਿੰਘ]

ਕੋਈ (ਘੰਟੀ) (ਵਿਘਨ) ਸਪੀਕਰ ਸਾਹਿਬ, ਮੈਨੂੰ ਪੂਰਾ ਤਾਂ ਕਰ ਲੈਣ ਦਿਉ। ਸੁਪਰੀਮ ਕੋਰਟ ਦੇ ਫੈਸਲੇ ਦੇ ਮੁਤਾਬਿਕ ਹਰੀਜਨਾਂ ਨੂੰ ਪਰੋਮੋਸ਼ਨਾਂ ਵਿਚ ਹਿੱਸਾ ਮਿਲਣਾ ਚਾਹੀਦੀ ਹੈ। ਹਰੀਜਨਾਂ ਦੇ ਆਬਾਦੀ ਪੇਸ਼ਿਆਂ ਨੂੰ ਤਰੱਕੀ ਦੇਣੀ ਚਾਹੀਦੀ ਹੈ। ਆਖਰ ਵਿਚ ਮੈਂ ਅਰਜ਼ ਕਰਾਂਗਾ ਕਿ ਸਰਦਾਰ ਗੁਰਨਾਮ ਸਿੰਘ ਨੇ ਮੇਰੇ ਕਹਿਣ ਤੇ ਆਪਣਾ ਬਿਆਨ ਦਿੱਤਾ। ਜਿਸ ਵੇਲੇ ਦਿੱਲੀ ਵਿਚ ਚੰਡੀਗੜ੍ਹ ਫਾਜ਼ਿਲਕਾ ਦਾ ਫੈਸਲਾ ਹੋਇਆ ਤਾਂ ਅਕਾਲੀ ਹਾਈ ਕਮਾਂਡ ਦੀ ਮੀਟਿੰਗ ਹੋਈ ਅੰਮ੍ਰਿਤਸਰ ਵਿਚ ਉਥੇ ਇਹ ਫੈਸਲਾ ਕੀਤਾ ਗਿਆ ਕਿ ਜਿਹੜਾ ਫੈਸਲਾ ਹੋਇਆ ਉਹ ਠੀਕ ਹੋਇਆ। ਫੇਰ ਆਲ ਪਾਰਟੀਜ਼ ਮੀਟਿੰਗ ਵਿਚ ਇਹ ਚੀਜ ਆਈ ਉਥੇ ਸਿਵਾਏ ਕਾਂਗਰਸ ਦੇ ਬਾਕੀ ਸਾਰੀਆਂ ਪਾਰ-ਟੀਆਂ ਨੇ ਕਿਹਾ ਕਿ ਸਾਨੂੰ ਇਹ ਫੈਸਲਾ ਮਨਜ਼ੂਰ ਹੈ। ਕਾਂਗਰਸ ਪਾਰਟੀ ਨੇ ਕਿਹਾ ਕਿ ਇਹ ਫੈਸਲਾ ਮਨਜ਼ੂਰ ਨਹੀਂ ਹੈ। ਸਰਦਾਰ ਗੁਰਨਾਮ ਸਿੰਘ ਜਿਹੜੇ ਕਿ ਉਸ ਵੇਲੇ ਦੇ ਚੀਫ਼ ਮਨਿਸਟਰ ਸਨ, ਉਸ ਵੇਲੇ ਅੰਮ੍ਰਿਤਸਰ ਗਏ ਇਨ੍ਹਾਂ ਨੇ ਸੰਤਾਂ ਨੂੰ ਆਪਣੇ ਹੱਥਾਂ ਨਾਲ ਜੂਸ ਪਿਲਾਇਆ। ਇਹ ਪਤਾ ਨਹੀਂ ਕਿ ਸੰਤਾਂ ਨਾਲ ਇਨ੍ਹਾਂ ਨੇ ਫਰੇਬ ਕੀਤਾ। ਪਰ ਆਪਣੇ ਹਥਾਂ ਨਾਲ ਸੰਤਾਂ ਨੂੰ ਇਨ੍ਹਾਂ ਨੇ ਜੂਸ ਪਿਲਾਇਆ। ਸਾਰੇ ਰੋਸ਼ਨੀ ਕੀਤੀ, ਛੁੱਟੀ ਮਨਾਈ ਗਈ। ਫੇਰ ਇਹ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਹਿੰਦ ਦੀ ਸਰਕਾਰ ਨੇ ਧੱਕਾ ਕੀਤਾ। ਜੋ ਕੁਝ ਵੀ ਫੈਸਲਾ ਹੋਇਆ ਉਹ ਸੈਂਟਰਲ ਸਰਕਾਰ ਨੇ ਸਰਦਾਰ ਗੁਰਨਾਮ ਸਿੰਘ ਅਤੇ ਬੰਸੀ ਲਾਲ ਨੂੰ ਪੁੱਛ ਕੇ ਕੀਤਾ। ਜੇ ਫੇਰ ਵੀ ਇਹ ਕਹਿਣ ਕਿ ਸਾਡੇ ਨਾਲ ਧੱਕਾ ਹੋਇਆ ਤਾਂ ਇਹ ਗਲਤ ਬਾਤ ਹੋਵੇਗੀ। (ਘੰਟੀ) ਇਹ ਇਨ੍ਹਾਂ ਦੀ ਮਰਜ਼ੀ ਨਾਲ ਫੈਸਲਾ ਹੋਇਆ। ਫੇਰ ਇਨ੍ਹਾਂ ਨੇ ਰੋਸ਼ਨੀ ਕੀਤੀ, ਆਪਣੇ ਹੱਥ ਨਾਲ ਸੰਤਾਂ ਨੂੰ ਜੂਸ ਪਿਲਾਇਆ, ਛੁੱਟੀ ਕੀਤੀ। ਅਜਿਹੇ ਹਾਲਾਤ ਵਿਚ ਮੈਂ ਗਵਰਨਰ ਸਾਹਿਬ ਦੇ ਐਡਰੈਸ ਦਾ ਕਿਸ ਤਰ੍ਹਾਂ ਧੰਨਵਾਦ ਕਰ ਸਕਦਾ ਹਾਂ। ਅਸੀਂ ਤਾਂ ਇਸ ਦੀ ਮੁਖਾਲਫਤ ਕਰਦੇ ਹਾਂ, ਅਸੀਂ ਇਸ ਦੀ ਕਿਸ ਤਰ੍ਹਾਂ ਤਾਈਦ ਕਰੀਏ। (ਵਿਘਨ)

ਸ੍ਰੀ ਸਪੀਕਰ: ਕਾਮਰੇਡ ਸੱਤ ਪਾਲ ਡਾਂਗ।

ਸ੍ਰੀ ਮਨਮੋਹਨ ਕਾਲੀਆ: ਹੁਣ ਮੇਰਾ ਨੰਬਰ ਹੈ।

ਸ੍ਰੀ ਸਪੀਕਰ: ਕਾਮਰੇਡ ਸੱਤ ਪਾਲ ਡਾਂਗ ਤੁਸੀਂ ਕਿੰਨਾਂ ਸਮਾਂ ਲਵੋਂਗੇ ? (*Addressing Com. Satya Pal Dang*: How much time will you take?)

ਕਾਮਰੇਡ ਸੱਤ ਪਾਲ ਡਾਂਗ : ਅਧੱਾ ਘੰਟਾ। ਸਾਡੀ ਪਾਰਟੀ ਵਿਚੋਂ ਇਕੋ ਬੰਦਾ ਬੋਲਦਾ ਹੈ ਹੋਰ ਕੋਈ ਨਹੀਂ ਬੋਲਦਾ ਹੈ। (ਸ਼ੋਰ) (ਵਿਘਨ)

(ਇਸ ਵੇਲੇ ਸ੍ਰੀ ਮਨਮੋਹਨ ਕਾਲੀਆ ਆਪਣੀ ਸੀਟ ਤੇ ਖੜ੍ਹੇ ਹੋ ਗਏ)।

PERSONAL EXPLANATION

ਸਰਦਾਰ ਤਰਲੋਚਨ ਸਿੰਘ ਰਿਆਸਤੀ : ਮੈਂ ਆਪਣਾ ਪਰਸਨਲ ਐਕਸਪਲੇਨੇਸ਼ਨ ਦੇਣਾ ਹੈ।

ਸ੍ਰੀ ਸਪੀਕਰ : ਰਿਆਸਤੀ ਜੀ, ਆਨ ਏ ਪਰਸਨਲ ਐਕਸਪਲੇਨੇਸ਼ਨ। (Sardar Tarlochan Singh Riasti on a personal explanation)

ਸਰਦਾਰ ਉਮਰਾਓ ਸਿੰਘ : ਪਰਸਨਲ ਐਕਸਪਲੇਨੇਸ਼ਨ ਤਾਂ ਜ਼ੀਰੋ ਆਵਰ ਤੇ ਹੋਣਾ ਚਾਹੀਦਾ ਹੈ।

ਸਰਦਾਰ ਤਰਲੋਚਨ ਸਿੰਘ ਰਿਆਸਤੀ : ਸਪੀਕਰ ਸਾਹਿਬ, ਮੇਰੇ ਮਿੱਤਰ ਮਾਸਟਰ ਗੁਰਬੰਤਾ ਸਿੰਘ (ਵਿਘਨ)

ਸ੍ਰੀ ਸਪੀਕਰ: ਜਿਹੜਾ ਤੁਹਾਡੇ ਮੁਤੱਲਕ ਹੈ ਉਹੀ ਪੁਆਇੰਟ ਦੱਸਣਾ ਚਾਹੀਦਾ ਹੈ।

(The hon. Member may please refer to the point concerning himself only.)

ਸਰਦਾਰ ਤਰਲੋਚਨ ਸਿੰਘ ਰਿਆਸਤੀ: ਅੱਛਾ ਜੀ। ਮੇਰੇ ਮੁਤੱਲਕ ਆਇਆ ਸੀ।

(**ਕਾਂਗਰਸ ਬੈਂਚਾਂ ਵਲੋਂ ਆਵਾਜ਼ਾਂ:** ਅਸੀਂ ਤਾਂ ਤੁਹਾਡਾ ਨਾਂ ਨਹੀਂ ਲਿਆ ਹੈ) (ਸ਼ੋਰ) (ਵਿਘਨ)

ਸਰਦਾਰ ਤਰਲੋਚਨ ਸਿੰਘ ਰਿਆਸਤੀ : ਕੱਲ੍ਹ ਬੋਲਦਿਆਂ ਹੋਇਆਂ ਜਿਹੜੀ ਗਲ ਕੀਤੀ, ਉਸ ਵਿਚ ਮੇਰਾ ਰੈਫ਼ਰੈਂਸ ਸੀ (ਸ਼ੋਰ) (ਵਿਘਨ) ਮਾਸਟਰ ਜੀ ਹੋਰਾਂ ਨੇ ਹੁਣ ਅੱਜ ਆਪਣੀ ਸਪੀਚ ਖ਼ਤਮ ਕੀਤੀ ਹੈ (ਵਿਘਨ)

ਸ੍ਰੀ ਸਪੀਕਰ: ਆਪਣਾ ਐਕਸਪਲੇਨੇਸ਼ਨ ਦਿਉ, ਨੋ ਡਿਸਕਸ਼ਨ। (The hon. Member may please give his explanation only; no discussion please.)

ਸਰਦਾਰ ਤਰਲੋਚਨ ਸਿੰਘ ਰਿਆਸਤੀ : ਮਾਸਟਰ ਜੀ ਨੇ ਇਹ ਕਿਹਾ ਡਿਫ਼ੈਕਸ਼ਨ ਬਾਰੇ। ਕਈ ਵਾਰੀ ਇਹ ਹਾਊਸ ਵਿਚ ਅਗੇ ਵੀ ਗਲ ਹੋ ਚੁੱਕੀ ਹੈ। ਮੈਂ ਮਾਸਟਰ ਜੀ ਨੂੰ ਫ਼ੇਰ ਇਹ ਕਹਿਣਾ ਚਾਹੁੰਦਾ ਹਾਂ ਕਿ ਮਾਸਟਰ ਜੀ ਨੇ ਕਾਂਗਰਸ ਦੇ ਉਮੀਦਵਾਰ (ਵਿਘਨ) ਨੂੰ ਹਰਾਇਆ ਸੀ ਅਤੇ ਮੈਂ ਵਾਹਦ ਬੰਦਾ ਸੀ ਜਿਸ ਨੇ ਕਿ ਕਾਂਗਰਸ ਦੇ ਉਮੀਦਵਾਰ ਨੂੰ ਵੋਟ ਪਾਈ ਸੀ। ਇਸ ਤਰ੍ਹਾਂ ਤਾਂ ਇੰਦਰਾ ਗਾਂਧੀ ਵੀ ਡਿਫ਼ੈਕਟਰ ਹੈ। ਇਸ ਰਾਜਸੀ ਢਾਂਚੇ ਵਿਚ ਸਾਰੇ ਹੀ ਡਿਫ਼ੈਕਟਰਜ਼ ਹਨ। ਇਸ ਲਈ ਇਹ ਬਾਰ ਬਾਰ ਕਹਿਣਾ ਸ਼ੋਭਾ ਨਹੀਂ ਦਿੰਦਾ। ਇਹ ਗਲ ਹੁਣ ਖ਼ਤਮ ਕਰ ਦਿਉ। ਡਿਫ਼ੈਕਸ਼ਨ ਦਾ ਲਫ਼ਜ਼ ਹੁਣ ਉੜਾ ਦੇਣਾ ਚਾਹੀਦਾ ਹੈ।

DISCUSSION ON GOVERNOR'S ADDRESS (RESUMPTION)

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ, ਪੱਛਮ): ਗਵਰਨਰ ਸਾਹਿਬ ਨੂੰ ਧੰਨਵਾਦ ਦੇ ਮਤੇ ਦਾ ਮੈਂ ਵਿਰੋਧ ਕਰਨ ਲਈ ਖੜ੍ਹਾ ਹੋਇਆ ਹਾਂ (ਥੰਪਿੰਗ), ਇਹ ਇਸ ਕਰਕੇ ਕਿ ਇਹ ਜਿਹੜਾ ਗਵਰਨਰ ਸਾਹਿਬ ਦਾ ਐਡਰੈਸ ਹੈ ਇਹ ਇਕ ਘੋਰ ਕਾਲੀ ਰਾਤ ਨੂੰ ਦਿਨ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਮੈਂ ਤੁਹਾਨੂੰ ਕੁਝ ਮਿਸਾਲਾਂ ਦੇਵਾਂਗਾ। ਅਕਾਲੀ ਪਾਰਟੀ ਨੇ ਜਨਤਾ ਨਾਲ ਵਾਅਦਾ ਕੀਤਾ ਕਿ ਟਰਾਂਸ-ਪੋਰਟ ਕੌਮੀ ਕੀਤੀ ਜਾਵੇਗੀ ਪਰ ਉਹ ਹੁਣ ਸੱਤ ਸਾਲ ਖੁੱਡੇ ਲਾਈਨ ਲਾ ਦਿੱਤੀ ਹੈ ਅਤੇ ਗਵਰਨਰ ਸਾਹਿਬ ਆਪਣੇ ਐਡਰੈਸ ਵਿਚ ਕਹਿੰਦੇ ਹਨ ਕਿ ਇਹ ਪਰੋਗਰੈਸਿਵ ਨੈਸ਼ਨੇਲਾਈਜ਼ੇਸ਼ਨ ਹੈ। ਸਪੀਕਰ ਸਾਹਿਬ, ਇਸ ਐਡਰੈਸ ਵਿਚ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਸੁਚੱਜੀ ਐਡਮਨਿਸਟਰੇਸ਼ਨ ਕਾਇਮ ਕੀਤੀ ਜਾ ਰਹੀ ਹੈ। 10 ਕਲਰਕ, 2 ਅਫਸਰ, ਇਨ੍ਹਾਂ ਉਤੇ ਮੁਕੱਦਮੇ ਚਲਾ ਦਿੱਤੇ ਗਏ। ਪਿਛਲੇ ਐਡਰੈਸ ਵਿਚ ਵੀ ਇਸ ਤਰ੍ਹਾਂ ਦੇ ਅੰਕੜੇ ਦਿੱਤੇ ਗਏ ਸੀ। ਦੀਆ ਸਲਾਈ ਦੀਆਂ ਡਬੀਆਂ ਬਲੈਕ ਵਿਚ ਵੇਚਣ ਵਾਲੇ ਨੂੰ ਫੜ ਕੇ ਅੰਦਰ ਕਰਨ ਨਾਲ ਭਰਿਸ਼ਟਾਚਾਰ ਖਤਮ ਨਹੀਂ ਹੋ ਜਾਇਆ ਕਰਦੀ। ਜੇ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ ਹੈ ਤਾਂ ਵੱਡੇ ਚੋਟੀ ਦੇ ਅਫਸਰਾਂ ਨੂੰ ਅਤੇ ਮਨਿਸਟਰਾਂ ਨੂੰ ਫੜੋ। ਇਸ ਬਾਰੇ ਮੈਂ ਦਰਜਨਾਂ ਨਹੀਂ ਸੈਂਕੜੇ ਮਿਸਾਲਾਂ ਦੇ ਸਕਦਾ ਹਾਂ, ਪਰ ਹੁਣ ਥੋੜ੍ਹੀਆਂ ਜਿਹੀਆਂ ਹੀ ਦੇਵਾਂਗਾ।

[ਕਾਮਰੇਡ ਸੱਤਪਾਲ ਡਾਂਗ]

ਪੋਲਟਰੀ ਕਾਰਪੋਰੇਸ਼ਨ ਦੇ ਵਿਚ ਘੋਰ ਭ੍ਰਿਸ਼ਟਾਚਾਰ ਹੈ। ਪਬਲਿਕ ਅਕਾਊਂਟਸ ਕਮੇਟੀ, ਜਿਸ ਦੇ ਚੇਅਰਮੈਨ ਸਰਦਾਰ ਸ਼ਸ਼ਪਾਲ ਸਿੰਘ ਸਨ, ਉਨ੍ਹਾਂ ਨੇ ਇਕ ਪੂਰਾ ਪੈਰਾ ਇਸ ਬਾਰੇ ਲਿਖਿਆ ਸੀ ਪਰ ਇਹ ਸਰਕਾਰ ਕੋਈ ਕਾਰਵਾਈ ਕਰਨ ਨੂੰ ਤਿਆਰ ਨਹੀਂ।

ਡੇਅਰੀ ਡੀਵੈਲਪਮੈਂਟ ਕਾਰਪੋਰੇਸ਼ਨ ਦੇ ਬਾਰੇ ਮੈਂ ਦੱਸਦਾ ਹਾਂ ਕਿ ਜਦੋਂ ਵਿਧਾਨ ਪ੍ਰੀਸ਼ਦ ਹੁੰਦੀ ਸੀ, ਇਕ ਪਬਲਿਕ ਅੰਡਰਟੇਕਿੰਗ ਕਮੇਟੀ ਹੁੰਦੀ ਸੀ। ਉਸ ਕਮੇਟੀ ਨੇ ਡੇਅਰੀ ਡੀਵੈਲਪਮੈਂਟ ਕਾਰ-ਪੋਰੇਸ਼ਨ ਵਿਚ ਦੱਸਿਆ ਸੀ ਕਿ ਇਸ ਵਿਚ ਕਿੰਨਾ ਭਰਿਸ਼ਟਾਚਾਰ ਹੈ। ਇਸ ਦੇ ਉਤੇ ਸੌ ਸਫ਼ੇ ਦੀ ਰਿਪੋਰਟ ਲਿਖੀ ਸੀ ਪਰ ਉਹ ਖੁਡੇ ਲਾਈਨ ਲਾ ਦਿੱਤੀ ਗਈ ਹੈ। ਇਕ ਇੰਟਰਨਲ ਆਡੀਟਰ ਭਾਰਦਵਾਜ ਹੈ, ਉਸ ਨੇ ਹਜ਼ਾਰਾਂ ਰੁਪਏ ਦੇ ਗਬਨ ਦੀ ਰਿਪੋਰਟ ਕੀਤੀ ਸੀ ਪਰ ਉਸ ਨੂੰ ਡਿਸਮਿਸ ਕੀਤਾ ਗਿਆ ਹੈ। ਇਕ ਕੋਆਪਰੇਟਿਵ ਸਾਇਲ ਕਨਜ਼ਰਵੇਟਿਵ ਸੁਸਾਇਟੀ ਹੈ, ਇਸ ਦਾ ਜੰਗਲਾਤ 3,500 ਏਕੜ ਦਾ ਹੈ ਔਰ ਇਨ੍ਹਾਂ ਨੇ ਕਾਗਜ਼ਾਂ ਵਿਚ 2,500 ਏਕੜ ਸ਼ੋ ਕੀਤਾ ਹੈ ਅਤੇ ਆਪਣੇ ਹੀ ਇਕ ਠੇਕੇਦਾਰ ਨੂੰ ਇਸ ਦਾ ਠੇਕਾ ਦੇ ਦਿੱਤਾ ਹੈ। ਕੋਈ ਟੈਂਡਰ ਨਹੀਂ ਬੁਲਾਏ ਗਏ। ਇਸ ਨੂੰ 2,800 ਰੁਪਏ ਵਿਚ ਆਪਣੇ ਹੀ ਇਕ ਠੇਕੇਦਾਰ ਨੂੰ ਦੇ ਦਿਤਾ ਜਦ ਕਿ ਸਰਕਾਰ ਦੀ ਫਾਈਲ ਉਤੇ ਅੱਜ ਵੀ 2 ਲੱਖ 80 ਹਜ਼ਾਰ ਰੁਪਏ ਦੀ ਆਫਰ ਮੌਜੂਦ ਹੈ। ਪਰ ਇਹ ਵੀ ਕੈਂਸਲ ਨਹੀਂ ਕੀਤਾ ਗਿਆ। (ਸ਼ੇਮ, ਸ਼ੇਮ) ਇਸ ਤਰ੍ਹਾਂ ਭ੍ਰਿਸ਼ਟਾਚਾਰ ਦੂਰ ਨਹੀਂ ਹੋ ਸਕਦੀ। (ਵਿਘਨ)

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ।)

3.42 p.m.

ਮੈਂ ਇਸ ਦੀ ਇਨਕੁਆਇਰੀ ਬਾਰੇ ਮੁੱਖ ਮੰਤਰੀ ਸਾਹਿਬ ਨੂੰ ਲਿਖਿਆ ਸੀ ਪਰ ਇਨਕੁਆਇਰੀ ਨਹੀਂ ਹੋਈ ਕਿਉਂਕਿ ਇਨ੍ਹਾਂ ਦਾ ਮਨਿਸਟਰ ਇਸ ਦੇ ਵਿਚ ਇਨਵਾਲਵਡ ਹੈ। (ਸ਼ੇਮ, ਸ਼ੇਮ)

ਡਿਪਟੀ ਸਪੀਕਰ ਸਾਹਿਬ, ਧਾਰੀਵਾਲ ਵਿਚ ਮਾਰਕੀਟਿੰਗ ਸੁਸਾਇਟੀ ਹੈ ਉਨ੍ਹਾਂ ਨੇ ਝੋਨੇ ਦੀ ਬੋਗਸ ਪਰਚੇਜ਼ ਸ਼ੋ ਕੀਤੀ। ਇਸ ਦਾ ਕੇਸ ਰਜਿਸਟਰ ਹੋਇਆ। ਇਕ ਮਨਿਸਟਰ ਨੇ ਇਸ ਦੀ ਮੁਦਾਖ਼ਲਤ ਕੀਤੀ ਅਤੇ ਐਫ. ਆਈ. ਆਰ. ਵਾਪਸ ਲੈ ਲਿਆ ਗਿਆ। (ਸ਼ੇਮ, ਸ਼ੇਮ) ਡਿਪਟੀ ਸਪੀਕਰ ਸਾਹਿਬ, ਮੈਂ ਅਜਿਹੀਆਂ ਕਈ ਮਿਸਾਲਾਂ ਦੇ ਸਕਦਾ ਹਾਂ।

ਡਿਪਟੀ ਸਪੀਕਰ ਸਾਹਿਬ, ਇਕ ਸਾਬਕ ਮਨਿਸਟਰ ਨੇ ਕਈ ਪਾਜ਼ ਖੋਲ੍ਹੇ ਸਨ ਅਤੇ ਕਮੇਟੀ ਦੀ ਮੰਗ ਕੀਤੀ ਸੀ ਚੀਫ ਮਨਿਸਟਰ ਸਾਹਿਬ ਕੋਲੋਂ, ਪਰ ਉਹ ਕਮੇਟੀ ਨਹੀਂ ਬਣੀ। ਇਸ ਤਰ੍ਹਾਂ ਕਈ ਮਨਿਸਟਰ ਫਸਦੇ ਹਨ ਅਤੇ ਲੱਖਾਂ ਨਹੀਂ ਕਰੋੜਾਂ ਰੁਪਏ ਦਾ ਭਰਿਸ਼ਟਾਚਾਰ ਨਿਕਲਦਾ ਹੈ। ਤੁਹਾਨੂੰ ਯਾਦ ਹੋਵੇਗਾ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਦਾਸ ਕਮਿਸ਼ਨ ਬਿਠਾਇਆ ਸੀ। ਉਸ ਦੀ ਸਾਰੇ ਧੁੰਮ ਮਚ ਗਈ ਸੀ। ਉਸ ਤੇ ਇਕ ਇਲਜ਼ਾਮ ਸੀ ਕਿ ਇਕ ਸਰਕਾਰੀ ਡਾਕਟਰ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਨਾਲ ਰਹਿੰਦਾ ਹੈ। ਉਹ ਸਰਕਾਰੀ ਤੌਰ ਤੇ ਡਾਕਟਰ ਨਾਲ ਨਹੀਂ ਸੀ ਰਖ ਸਕਦਾ, ਪਰ ਉਹ ਨਾਲ ਰੱਖਦਾ ਸੀ। ਉਹ ਡਾਕਟਰ ਡਿਊਟੀ ਉਨ੍ਹਾਂ ਦੇ ਨਾਲ ਦਿੰਦਾ ਸੀ ਪਰ ਹਾਜ਼ਰੀ ਹਸਪਤਾਲ ਵਿਚ ਪੈਂਦੀ ਸੀ ਕਿਉਂਕਿ ਉਹ ਪ੍ਰਾਈਵੇਟ ਕੰਮ ਨਹੀਂ ਸੀ ਲੈ ਸਕਦਾ। ਖੈਰ ਇਹ ਤਾਂ ਇਕ ਡਾਕਟਰ ਦੀ ਗੱਲ ਹੈ ਪਰ, ਡਿਪਟੀ ਸਪੀਕਰ ਸਾਹਿਬ, ਸੰਤ ਚੰਨਣ ਸਿੰਘ ਗੰਗਾ ਨਗਰ ਵਿਚ ਬੀਮਾਰ ਹੋ ਗਏ, ਹਾਲਾਂ ਕਿ ਉਹ ਮਨਿਸਟਰ ਨਹੀਂ ਸੀ, ਚੀਫ ਮਨਿਸਟਰ ਨਹੀਂ ਸੀ ਪਰ ਫ਼ੇਰ ਵੀ ਉਸ ਦੀ ਹਿਫ਼ਾਜ਼ਤ ਵਾਸਤੇ

ਦਰਜਨਾਂ ਡਾਕਟਰ ਗੰਗਾ ਨਗਰ ਭੇਜੇ ਗਏ। ਪਹਿਲੇ ਜਿਹੜਾ ਡਾਕਟਰਾਂ ਦਾ ਬੈਚ ਭੇਜਿਆ ਗਿਆ ਉਸ ਦੇ ਵਿਚ ਡਾਕਟਰ ਯੁਧਵੀਰ, ਡਾਕਟਰ ਹਰਚਰਨ ਸਿੰਘ, ਡਾਕਟਰ ਪ੍ਰੀਤਮ ਸਿੰਘ ਅਤੇ ਹੋਰ ਕਈ ਡਾਕਟਰ ਸਨ। ਇਹ ਕਈ ਹਫਤੇ ਉਥੇ ਰਹੇ। ਦੂਸਰੇ ਬੈਚ ਵਿਚ ਡਾਕਟਰ ਅਰੋੜਾ, ਡਾਕਟਰ ਜੋਗੀ ਅਤੇ ਡਕਿਟਰ ਹਰਚਰਨ ਸਿੰਘ, ਆਦਿ ਸਨ ਪਰ ਇਨ੍ਹਾਂ ਸਾਰਿਆਂ ਦੀ ਹਾਜ਼ਰੀ ਅੰਮ੍ਰਿਤਸਰ ਹਸਪਤਾਲ ਵਿਚ ਲੱਗਦੀ ਰਹੀ। (ਸ਼ੇਮ, ਸ਼ੇਮ) ਅੰਮ੍ਰਿਤਸਰ ਹਸਪਤਾਲ ਵਿਚੋਂ ਦਵਾਈਆਂ ਉਥੇ ਗਈਆਂ। ਇਹ ਦਰਜਨਾਂ ਡਾਕਟਰ ਉਥੇ ਭੇਜੇ ਗਏ। ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਤਾਂ ਕਹਿ ਦਿੰਦੇ ਹਾਂ ਕਿ ਉਹ ਇਕ ਡਾਕਟਰ ਨਾਲ ਰੱਖਦਾ ਸੀ ਪਰ ਗੰਗਾ ਨਗਰ ਦਰਜਨਾਂ ਡਾਕਟਰ ਭੇਜੇ ਗਏ ਅਤੇ ਉਨ੍ਹਾਂ ਦੀ ਹਾਜ਼ਰੀ ਹਸਪਤਾਲ ਵਿਚ ਲੱਗਦੀ ਰਹੀ। ਇਸ ਤਰ੍ਹਾਂ ਭਰਿਸ਼ਟਾਚਾਰ ਦੂਰ ਨਹੀਂ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਬਾਦਲ ਸਾਹਿਬ ਤਾਂ ਭਰਿਸ਼ਟਾਚਾਰ ਦੂਰ ਕਰਨਾ ਚਾਹੁੰਦੇ ਹਨ ਪਰ ਉਹ ਬੇਵੱਸ ਹਨ। ਬਾਦਲ ਸਾਹਿਬ ਹਾਊਸ ਵਿਚ ਤਿੰਨ ਵਾਰੀ ਕਹਿ ਚੁੱਕੇ ਹਨ ਕਿ ਉਹ ਇਕ ਹਾਈ ਪਾਵਰਡ ਟਰੀਬਿਊਨਲ ਬਣਾਉਣਗੇ ਅਗਰ ਕਈ ਮਨਿਸਟਰ ਜਾਂ ਆਈ. ਏ. ਐਸ. ਅਫਸਰਾਂ ਦੇ ਖਿਲਾਫ ਭਰਿਸ਼ਟਾਚਾਰ ਦੇ ਇਲਜ਼ਾਮ ਲਗਾਏਗਾ। ਪਰ ਮੈਂ ਉਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਉਹ ਵਾਅਦੇ ਕਿਥੇ ਗਏ? ਗਵਰਨਰ ਸਾਹਿਬ ਦੇ ਐਡਰੈਸ ਵਿਚ ਲਿਖਿਆ ਹੈ ਕਿ ਇਕ ਸਪੈਸ਼ਲ ਅਜੈਂਸੀ ਬਣਾ ਦਿੱਤੀ ਹੈ। ਮੈਂ ਕਹਿੰਦਾ ਹਾਂ ਕਿ ਜਿਸ ਨੂੰ ਫੜਨਾ ਹੁੰਦਾ ਹੈ ਉਸ ਨੂੰ ਨਹੀਂ ਫੜਦੇ ਅਤੇ ਜਿਸ ਨੂੰ ਨਹੀਂ ਫੜਨਾ ਹੁੰਦਾ ਉਸ ਨੂੰ ਫੜ ਲੈਂਦੇ ਹਨ। ਜਿਹੜੀ ਹਾਈ ਪਾਵਰਡ ਟਰੀਬਿਊਨਲ ਬਣਾਉਣ ਦੀ ਜ਼ਰੂਰਤ ਹੈ, ਉਹ ਬਣਾਉਣ ਲਈ ਤਾਂ ਤਿਆਰ ਨਹੀਂ। ਕੁਰੱਪਟ ਮਨਿਸਟਰ ਬਣਾਉਣ ਨਹੀਂ ਦਿੰਦੇ। (ਵਿਘਨ) ਇਸ ਤਰ੍ਹਾਂ ਕੁਰੱਪਸ਼ਨ ਦੂਰ ਨਹੀਂ ਹੋਵੇਗੀ। ਜਦ ਸੰਤ ਚੰਨਣ ਸਿੰਘ ਸਰਕਾਰੀ ਖਰਚ ਤੇ ਗੰਗਾ ਨਗਰ ਗਏ ਤਾਂ ਫਿਰ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਐਡਮਨਿਸਟਰੇਸ਼ਨ ਕਿਸ ਤਰ੍ਹਾਂ ਚੱਲੇਗੀ। ਮੈਂ ਕਈ ਮਿਸਾਲਾਂ ਦੇ ਸਕਦਾ ਹਾਂ।

ਸਰਦਾਰ ਤੇਜਾ ਸਿੰਘ, ਹੈਲਥ ਮਨਿਸਟਰ ਨੇ ਤਕਰੀਰ ਕੀਤੀ ਅਤੇ ਇਹ ਟਰੀਬਿਊਨ ਵਿਚ ਆਈ ਹੈ ਕਿ ਸਰਕਾਰੀ ਹਸਪਤਾਲ ਮੇਰੇ ਕੋਲ ਹਨ। ਉਨ੍ਹਾਂ ਨੇ ਕਿਹਾ ਕਿ ਦਵਾਈਆਂ ਹਸਪਤਾਲਾਂ ਵਿਚੋਂ ਨਿਕਲੀਆਂ ਹਨ ਅਤੇ ਹਸਪਤਾਲਾਂ ਵਿਚ ਨਹੀਂ ਮਿਲਦੀਆਂ। (ਵਿਘਨ) ਮੈਂ ਸਬੂਤ ਦਿੰਦਾ ਹਾਂ। ਮੇਰੇ ਕੋਲ ਫੋਟੋ ਸਟੈਟ ਕਾਪੀਆਂ ਹਨ। ਸਰਦਾਰ ਰਵੇਲ ਸਿੰਘ ਨੇ ਕਿਹਾ ਸੀ ਕਿ ਅਸੀਂ ਠੀਕ ਕਰ ਦਿਆਂਗੇ ਅਤੇ ਹੋਲ ਟਾਈਮ ਡਾਕਟਰ ਲਾਵਾਂਗਾ। ਲੇਕਿਨ ਕੱਲ੍ਹ ਮੇਰੇ ਇਕ ਸਵਾਲ ਦਾ ਜਵਾਬ ਮਿਲਿਆ ਹੈ। ਇਕ ਡਾਕਟਰ ਦੇ 12 ਜੂਨ, 1970 ਨੂੰ ਲਾਉਣ ਦੇ ਆਰਡਰ ਹੋਏ ਪਰ ਡਾਕਟਰ ਨੂੰ ਚਾਰਜ ਨਹੀਂ ਮਿਲਿਆ। ਸਰਦਾਰ ਤੇਜਾ ਸਿੰਘ ਨੇ ਕਿਹਾ ਕਿ ਸਰਦਾਰ ਰਵੇਲ ਸਿੰਘ ਬੁੱਢਾ ਹੈ ਅਤੇ ਮੈਂ ਜਵਾਨ ਹਾਂ। ਮੈਂ ਠੀਕ ਕਰ ਦਿਆਂਗਾ। ਪਰ ਨਵੰਬਰ 11, ਨੂੰ ਇਕ ਡਾਕਟਰ ਦੇ ਆਰਡਰ ਹੋਏ ਨੰਗਲ ਤੋਂ ਡਾਕਟਰ ਚਾਰਜ ਲੈਣ ਆਇਆ ਪਰ ਸੰਤਾਂ ਦਾ ਆਰਡਰ ਆ ਗਿਆ ਅਤੇ ਉਸ ਨੂੰ ਚਾਰਜ ਨਹੀਂ ਦਿੱਤਾ ਗਿਆ ਅਤੇ ਉਸ ਨੂੰ ਵਾਪਸ ਭੇਜ ਦਿੱਤਾ ਗਿਆ। (ਵਿਘਨ) ਜਦ ਮਨਿਸਟਰ ਖੁਦ ਕਹਿੰਦੇ ਹਨ ਕਿ ਹਸਪਤਾਲਾਂ ਵਿਚੋਂ ਦਵਾਈਆਂ ਨਿਕਲਦੀਆਂ ਹਨ ਅਤੇ ਇਹ ਦਵਾਈਆਂ ਹਸਪਤਾਲਾਂ ਵਿਚੋਂ ਮਿਲਦੀਆਂ ਹਨ ਤਾਂ ਮੈਂ ਕਹਿੰਦਾ ਹਾਂ ਕਿ ਐਡਮਨਿਸਟਰੇਸ਼ਨ ਕਿਸ ਤਰ੍ਹਾਂ ਠੀਕ ਤਰੀਕੇ ਨਾਲ ਚੱਲ ਸਕਦੀ ਹੈ। ਮੈਂ ਸਰਕਾਰ ਤੇ ਇਲਜ਼ਾਮ ਲਗਾਉਂਦਾ ਹਾਂ। ਸੰਤ ਫਤਿਹ ਸਿੰਘ ਦਾ ਪਟਿਆਲਾ ਹਸਪਤਾਲ ਵਿਚ ਅੱਖ ਦਾ ਇਲਾਜ ਕਰਾਉਣ ਤੇ ਜਿਹੜੇ ਡਾਕਟਰ ਲਗਾਏ ਗਏ ਉਨ੍ਹਾਂ ਦੇ ਭਰਾ, ਭਰਜਾਈ ਅਤੇ ਹੋਰ ਰਿਸ਼ਤੇਦਾਰਾਂ ਨੂੰ ਤਾਂ ਪੋਸਟਾਂ ਮਿਲ ਜਾਂਦੀਆਂ ਹਨ। ਡਾਕਟਰ ਯੁਧਵੀਰ ਜਿਹੜਾ ਹੈ, ਉਸ ਦੇ ਰਿਸ਼ਤੇਦਾਰਾਂ ਲਈ ਤਾਂ ਪੋਸਟਾਂ ਕਰੀਏਟ ਹੋ ਜਾਂਦੀਆਂ ਹਨ। ਜਦ ਇਹ ਹਾਲਤ ਹੈ ਤਾਂ ਐਡਮਨਿਸਟਰੇਸ਼ਨ ਕਿਸ ਤਰ੍ਹਾਂ ਚਲ ਸਕਦੀ ਹੈ।

[ਕਾਮਰੇਡ ਸੱਤਪਾਲ ਡਾਂਗ]

(5)

ਆਪ ਨੂੰ ਪਤਾ ਹੀ ਹੈ ਕਿ ਇਨ੍ਹਾਂ ਨੇ ਪੁਲਿਸ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ। ਮੈਂ ਦੱਸਦਾ ਹਾਂ ਕਿ ਜਿਹੜਾ ਜ਼ਮੀਨੀ ਘੋਲ ਹੋਇਆ ਸੀ, ਉਸ ਦੇ ਵਿਚ 107/151 ਦੇ ਅਧੀਨ ਕੇਸ ਬਣਾਏ ਜਦ ਚੀਫ਼ ਮਨਿਸਟਰ ਸਾਹਿਬ ਨੂੰ ਇਸ ਬਾਰੇ ਕਿਹਾ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਅਮਨ ਨੂੰ ਖਤਰਾ ਹੈ। 107/151 ਐਜੀਟੇਸ਼ਨ ਦੇ ਖਿਲਾਫ ਨਹੀਂ ਵਰਤਣੀ ਚਾਹੀਦੀ। ਇਹ ਇਨ੍ਹਾਂ ਦੀ ਅਕਾਲੀ ਹਾਈ ਕਮਾਂਡ ਕਹਿੰਦੀ ਸੀ ਕਿ ਲੈਂਡ ਐਜੀਟੇਸ਼ਨ ਹੋਵੇ ਤਾਂ ਪੁਲਿਸ ਨੂੰ ਖੁਲ੍ਹੀ ਛੁੱਟੀ ਦੇ ਦਿਉ ਅਤੇ ਨਾਜਾਇਜ਼ ਹੀ 107/151 ਦੇ ਕੇਸ ਬਣਾਏ ਗਏ। ਜਦ ਫਿਰੋਜ਼ਪੁਰ ਵਿਚ ਕੰਵਰ ਲਾਜਿੰਦਰ ਸਿੰਘ ਬੇਦੀ ਦੇ ਫਾਰਮ ਤੇ ਲੈਂਡ ਐਜੀਟੇਸ਼ਨ ਕੀਤੀ ਗਈ, ਅੰਦੋਲਨ-ਕਾਰ ਬੜੇ ਪੀਸ ਫੁਲ ਸਨ ਪਰ ਪੁਲਿਸ ਨੇ ਉਨ੍ਹਾਂ ਤੇ ਲਾਠੀ ਚਾਰਜ ਕੀਤਾ ਅਤੇ ਅੰਦੋਲਨ ਕਾਰੀਆਂ ਦੀਆਂ ਬਾਹਾਂ ਭੰਨ ਦਿਤੀਆਂ। 12 ਸਾਲ ਦੇ ਬੱਚੇ ਨੂੰ ਸ਼ਹੀਦ ਕੀਤਾ ਗਿਆ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ)। ਉਸ ਐਜੀਟੇਸ਼ਨ ਵਿਚ ਜੋ ਜ਼ੁਲਮ ਹੋਏ, ਇਸ ਸਬੰਧੀ ਸਾਡੀ ਪਾਰਟੀ ਨੇ ਸ੍ਰੀ ਹਰਬੰਸ ਲਾਲ ਜੀ, ਜੋ ਕਿ ਵਿਧਾਨ ਸਭਾ ਦੇ ਐਕਸ ਸਪੀਕਰ ਤੇ ਮੈਂਬਰ ਰਹਿ ਚੁਕੇ ਹਨ, ਦੀ ਚੇਅਰਮੈਨਸ਼ਿਪ ਵਿਚ ਇਕ ਕਮਿਸ਼ਨ ਮੁਕੱਰਰ ਕੀਤਾ। ਉਨ੍ਹਾਂ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਇਹ ਐਜੀਟੇਸ਼ਨ ਬਿਲ ਕੁਲ ਪੀਸ ਫੁਲ ਸੀ ਅਤੇ ਉਨ੍ਹਾਂ ਵਿਚਾ-ਰਿਆਂ ਤੇ ਵਹਿਸ਼ੀਆਨਾ ਤਸ਼ੱਦਦ ਕੀਤਾ ਗਿਆ।

ਸਰਦਾਰ ਉਮਰਾਓ ਸਿੰਘ: ਤੁਸੀਂ ਉਸ ਦੀ ਇਕ ਕਾਪੀ ਮੈਨੂੰ ਦੇ ਦਿਓ।

ਕਾਮਰੇਡ ਸੱਤ ਪਾਲ ਡਾਂਗ: ਮੈਂ ਹਾਊਸ ਦੀ ਮੇਜ਼ ਤੇ ਰੱਖ ਦਿੰਦਾ ਹਾਂ।

*(ਇਸ ਸਮੇਂ ਕਮਿਸ਼ਨ ਦੀ ਰਿਪੋਰਟ ਦੀ ਇਕ ਕਾਪੀ ਹਾਊਸ ਦੀ ਮੇਜ਼ ਤੇ ਰੱਖੀ ਗਈ।)

ਇਸ ਕਮਿਸ਼ਨ ਦੀਆਂ ਫਾਈਡਿੰਗਜ਼ ਇਹ ਸਨ ਕਿ 107/151 ਨਾਜਾਇਜ਼ ਵਰਤੀ ਗਈ ਅਤੇ ਸੀ. ਐਮ. ਦੀ ਨੀਲਾਮੀ ਦੀ ਪਾਲਿਸੀ ਗਲਤ ਹੈ। (ਵਿਘਨ) ਜੇ ਐਂਪਲਾਈਜ਼ ਆਪਣੀ ਮੰਗ ਲਈ ਹੜਤਾਲ ਕਰਦੇ ਹਨ ਤਾਂ ਵੀ 107/151 ਲਾਈ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਇਹ ਜੁਡੀਸ਼ੀਅਲ ਇਨਕੁਆਇਰੀ ਮੁਕੱਰਰ ਕਰਨ, ਮੈਂ ਸਾਬਤ ਕਰਾਂਗਾ ਕਿ ਕਿਸ ਤਰ੍ਹਾਂ ਜਿਹੜਾ ਰੋਪੜ ਅਤੇ ਫਿਰੋਜ਼ਪੁਰ ਬੇਦੀ ਫਾਰਮ ਤੇ ਅੰਦੋਲਨ ਹੋਇਆ, ਉਥੇ ਕਿਸ ਤਰ੍ਹਾਂ ਬੇਤਹਾਸ਼ਾ ਜ਼ੁਲਮ ਕੀਤੇ ਗਏ। ਉਸ ਦੀ ਇਨਕੁਆਇਰੀ ਕਿਉਂ ਨਹੀਂ ਕੀਤੀ ਗਈ? ਦਫਾ 144 ਤਾਂ ਆਮ ਲਗਾਈ ਜਾਂਦੀ ਹੈ। (ਵਿਘਨ) ਮੈਂ ਲਾਅ ਐਂਡ ਆਰਡਰ ਦੀ ਗਲ ਕਰਦਾ ਹਾਂ ਅਤੇ ਕਰਾਈਮਜ਼ ਬਾਰੇ ਦੱਸਦਾ ਹਾਂ। ਸੀ. ਐਮ. ਸਾਹਿਬ ਕਹਿੰਦੇ ਹਨ ਕਿ ਤੁਹਾਡੇ ਕੋਲ ਪੁਰਾਣੇ ਅੰਕੜੇ ਹਨ। ਅਤੇ ਹੁਣ ਕਹਿੰਦੇ ਹਨ ਕਿ ਕਤਲ ਘੱਟ ਹੋਏ ਹਨ। ਮੈਂ ਡਿਪਟੀ ਸਪੀਕਰ ਸਾਹਿਬ, ਅੰਕੜੇ ਆਪ ਨੂੰ ਦੱਸਦਾ ਹਾਂ। ਕਾਮਰੇਡ ਕੁਲਵੰਤ ਸਿੰਘ ਦਾ ਅਨ-ਸਟਾਰਡ ਸਵਾਲ ਨੰ: 323 ਹੈ, ਉਸ ਦਾ ਜਵਾਬ ਮੇਰੇ ਪਾਸ ਹੈ। ਉਸ ਦੇ ਜਵਾਬ ਵਿਚ ਦੱਸਿਆ ਗਿਆ ਹੈ ਕਿ 1 ਅਪਰੈਲ, 1967 ਤੋਂ 30 ਸਤੰਬਰ, 1967 ਤੱਕ 270 ਕਤਲ ਹੋਏ। 1 ਅਪਰੈਲ, 1968 ਤੋਂ 30 ਸਤੰਬਰ, 1968 ਤਕ 309 ਕਤਲ ਹੋਏ। 1 ਅਪਰੈਲ, 1969 ਤੋਂ 30 ਸਤੰਬਰ, 1969 ਤੱਕ ਜਦ ਕਿ ਅਕਾਲੀ ਅਤੇ ਜਨ ਸੰਘ ਦੀ ਸਰਕਾਰ ਸੀ ਉਸ ਵੇਲੇ 323 ਕਤਲ ਹੋਏ। ਪਰ ਇਹ ਕਹਿੰਦੇ ਹਨ ਕਿ ਕਤਲ ਘੱਟ ਹੋਏ ਹਨ। ਮੈਂ ਕਹਿੰਦਾ ਹਾਂ ਕਿ ਕਤਲ ਜ਼ਿਆਦਾ ਹੋਏ ਹਨ। ਸੀ. ਐਮ. ਸਾਹਿਬ ਨੂੰ ਪਤਾ ਹੈ ਕਿ ਬਹੁਤ ਸਾਰੇ ਕਰਾਈਮ ਜਿਹੜੇ ਹੁੰਦੇ ਹਨ ਉਹ ਰਿਕਾਰਡ ਵਿਚ ਨਹੀਂ ਹੁੰਦੇ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਪੁਲਿਸ ਦੇ ਰਾਹੀਂ ਜਿਤਨੇ ਕਰਾਈਮ ਹੋ ਰਹੇ ਹਨ ਇਸ ਤੋਂ ਪਹਿਲਾਂ ਕਦੇ ਇਸ ਤਰ੍ਹਾਂ ਨਹੀਂ ਸੀ ਹੋਏ। ਅੰਮ੍ਰਿਤਸਰ ਦੇ ਵਿਚ ਜਿਹੜਾ ਕਰਿੰਦਾ ਕੇਸ ਬਣਿਆ ਉਸ ਦੇ

---

*The hon. Speaker did not accord permission for laying this report on the Table and the same was returned to the hon. Member.

ਵਿਚ ਪੁਲਿਸ ਦੇ ਕਰਮਚਾਰੀ, ਪੁਲਿਸ ਦੇ ਅਫ਼ਸਰ ਵੀ ਨਾਲ ਸ਼ਾਮਲ ਸਨ। ਸਮੱਗਲਰਾਂ ਦੀ ਉਪਰ ਤਕ ਡੀ. ਆਈ. ਜੀ., ਸੀ. ਆਈ. ਡੀ. ਤਕ ਯਾਰੀ ਦੋਸਤੀ ਹੈ ਔਰ ਪੁਲਿਸ ਅਫ਼ਸਰ ਸਮੱਗਲਰਾਂ ਨਾਲ ਮਿਲੇ ਹੋਏ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਆਪ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਕੇਸ ਇਸ ਵੇਲੇ ਪੰਜਾਬ ਵਿਚ ਹੋ ਰਹੇ ਹਨ। ਮੈਂ ਆਪ ਨੂੰ ਇਕ ਅੰਮ੍ਰਿਤਸਰ ਦੇ ਏ. ਐਸ. ਆਈ. ਦੀ ਗਲ ਦਸਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਇਕ ਰਾਹ ਜਾਂਦੇ ਆਦਮੀ ਦੇ ਜੇਬ ਵਿਚ 170 ਰੁਪਏ ਕਢ ਕੇ ਲੈ ਗਏ। ਉਸ ਦਾ ਨਾਂ ਤਾਂ ਕੋਈ ਕੇਸ ਰਜਿਸਟਰ ਹੋਇਆ ਅਤੇ ਨਾ ਹੀ ਉਸ ਵਿਚਾਰੇ ਨੂੰ ਕੋਈ ਪੈਸੇ ਮਿਲੇ। ਇਹ ਕਹਿੰਦੇ ਹਨ ਕਿ ਪੰਜਾਬ ਵਿਚ ਅਗੇ ਨਾਲੋਂ ਜੁਰਮ ਘਟੇ ਹਨ। ਮੈਨੂੰ ਇਸ ਗਲ ਦੀ ਸਮਝ ਨਹੀਂ ਆਈ ਕਿ ਕਿਸ ਤਰ੍ਹਾਂ ਪੰਜਾਬ ਵਿਚ ਜੁਰਮ ਘਟੇ ਹਨ। ਜੁਰਮਾਂ ਦੀ ਪੋਜ਼ੀਸ਼ਨ ਇਹ ਹੈ ਡਿਪਟੀ ਸਪੀਕਰ ਸਾਹਿਬ, ਕਿ ਇਕ ਥਾਣੇਦਾਰ ਦੀ ਕਾਰ ਦੀ ਡਿਗੀ ਦੇ ਵਿਚੋਂ ਇਕ 15 ਸਾਲ ਦਾ ਮੁੰਡਾ ਹਰੀਜਨਾਂ ਦਾ ਕਢਿਆ ਗਿਆ। ਜੇ ਉਸ ਨੂੰ ਉਸ ਵਿਚੋਂ ਨਾ ਕਢਿਆ ਜਾਂਦਾ ਤਾਂ ਉਹ ਮਰ ਜਾਂਦਾ ਪਰ ਡਿਪਟੀ ਸਪੀਕਰ ਸਾਹਿਬ, ਮੈਂ ਆਪ ਨੂੰ ਦਸਣਾ ਚਾਹੁੰਦਾ ਹਾਂ ਕਿ ਉਸ ਥਾਣੇਦਾਰ ਦੇ ਖਿਲਾਫ਼ ਕੋਈ ਕੇਸ ਰਜਿਸਟਰ ਨਹੀਂ ਹੋਇਆ ਅਤੇ ਨਾ ਹੀ ਉਸ ਦੇ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ। ਇਨ੍ਹਾਂ ਗਲਾਂ ਦੇ ਬਾਵਜੂਦ ਇਹ ਸਰਕਾਰ ਇਸ ਤਰ੍ਹਾਂ ਦੀ ਗੱਲ ਕਹੇ ਤਾਂ ਮੈਂ ਇਹ ਸਮਝ ਨਹੀਂ ਸਕਿਆ।

ਡਿਪਟੀ ਸਪੀਕਰ ਸਾਹਿਬ, ਇਕ ਕਾਲ ਅਟੈਨਸ਼ਨ ਮੋਸ਼ਨ ਵੀ ਆਈ ਹੈ। ਮੈਂ ਇਕ ਸਵਾਲ ਵੀ ਪਛਿਆ ਸੀ। ਕਿਥੇ ਕਿਥੇ ਨਿਸ਼ਾਨ ਸਾਹਿਬ ਲਾ ਕੇ ਜ਼ਮੀਨ ਤੇ ਕਬਜ਼ਾ ਕੀਤਾ ਗਿਆ। ਇਨ੍ਹਾਂ ਨੇ ਇਸ ਦਾ ਜਵਾਬ ਦਿੱਤਾ ਕਿ ਤਿੰਨ ਥਾਂ ਤੇ ਇਸ ਤਰ੍ਹਾਂ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਤਿੰਨ ਥਾਵਾਂ ਦਸੀਆਂ ਹਨ ਪਰ ਹੈਨ ਇਹ ਅਨੇਕਾਂ (ਵਿਘਨ) ਇਸ ਤਰ੍ਹਾਂ ਇਹ ਨਾਜਾਇਜ਼ ਕਬਜ਼ਾ ਕਰ ਰਹੇ ਹਨ। (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਖਿਰ ਪੁਲਿਸ ਨੂੰ ਖੁਲ੍ਹੀ ਛੁੱਟੀ ਮਿਲੀ ਹੈ ਤਾਂ ਕਿਉਂ ? ਨਕਸਲਬਾੜੀਆਂ ਦਾ ਜ਼ਿਕਰ ਕਰਕੇ ਬੜੇ ਗਲਤ ਤਰੀਕੇ ਨਾਲ ਕੰਮ ਕੀਤੇ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ। ਫਿਲੌਰ ਦੇ ਵਿਚ ਇਕ ਥਾਣੇਦਾਰ ਹੈ। ਉਸ ਦੇ ਮੰਜੇ ਤੇ ਇਕ ਚਿੱਠੀ ਪਈ ਮਿਲੀ ਕਿ ਤੇਰੀ ਜਾਨ ਖ਼ਤਰੇ ਵਿਚ ਹੈ। ਉਹ ਬੰਦਾ ਚਲਾ ਗਿਆ ਅਤੇ ਇਨ੍ਹਾਂ ਨੇ ਨਕਸਲਬਾੜੀਆਂ ਦਾ ਨਾਮ ਲਾ ਦਿਤਾ ਕਿ ਉਨ੍ਹਾਂ ਨੇ ਕੁਝ ਕਰ ਦਿਤਾ ਹੈ। ਉਸ ਦੇ ਬਾਦ ਫਿਰ ਸਾਰੀ ਇਨਕੁਆਇਰੀ ਵਗੈਰਾ ਹੋਈ ਔਰ ਬਾਦ ਵਿਚ ਪਤਾ ਲਗਿਆ ਕਿ ਉਹ ਬੰਦਾ ਕੋਈ ਗਬਨ ਦਾ ਕੇਸ ਕਰਕੇ ਇਥੋਂ ਇੰਗਲੈਂਡ ਚਲਾ ਗਿਆ ਹੈ। ਇਸੇ ਤਰ੍ਹਾਂ ਲੁਧਿਆਣੇ ਵਿਚ ਡਿਪਟੀ ਸਪੀਕਰ ਸਾਹਿਬ ਇਕ ਕੇਸ ਹੋਇਆ। ਕਹਿੰਦੇ ਹਨ ਕਿ ਉਸ ਬੰਦੇ ਨੂੰ ਕਤਲ ਕਰ ਦਿੱਤਾ ਗਿਆ ਔਰ ਪੋਸਟਰ ਕਢ ਦਿਤਾ ਕਿ ਨਕਸਲ ਬਾੜੀਆਂ ਨੇ ਮਾਰ ਦਿਤਾ ਹੈ। ਇਸ ਤਰ੍ਹਾਂ ਨਕਲਸ ਬਾੜੀਆਂ ਦਾ ਨਾਮ ਲੈ ਕੇ ਪੁਲਿਸ ਲੋਕਾਂ ਨੂੰ ਮਾਰ ਮੁਕਾ ਦਿੰਦੀ। ਪੁਲਿਸ ਲੋਕਾਂ ਨੂੰ ਘਰੋਂ ਚੁਕ ਕੇ ਲੈ ਜਾਂਦੀ ਹੈ ਅਤੇ ਜੇ ਕੋਈ ਗਲ ਹੋਵੇ ਤਾਂ ਬਾਦ ਵਿਚ ਕਹਿ ਦਿੰਦੀ ਹੈ ਕਿ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ। ਆਖਿਰ ਇਸ ਤਰ੍ਹਾਂ ਦੀ ਖੁਲ੍ਹੀ ਛੁੱਟੀ ਪੁਲਿਸ ਨੂੰ ਕਿਉਂ ਦਿੱਤੀ ਗਈ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਇਨਕੁਆਇਰੀ ਮੰਨੀ ਪਰ ਬਾਦ ਵਿਚ ਪਿੱਛੇ ਹਟ ਗਏ। ਕਿਉਂ ਪਿਛੇ ਹਟ ਗਏ ? ਅਫ਼ਸਰਾਂ ਨੇ ਉਨ੍ਹਾਂ ਨੂੰ ਪਿਛੇ ਹਟਾ ਦਿੱਤਾ। ਅੱਜ ਇਹ ਇਨਕੁਆਇਰੀ ਕਰਨੀ ਮੰਨਣ ਮੈਂ ਸਾਰੀਆਂ ਗੱਲਾਂ ਸਾਬਤ ਕਰਾਂਗਾ। ਡਿਪਟੀ ਸਪੀਕਰ ਸਾਹਿਬ, ਜੇ ਇਸ ਗਲ ਦੀ ਇਜਾਜ਼ਤ ਪੰਜਾਬ ਵਿਚ ਦਿੱਤੀ ਜਾਵੇਗੀ ਤਾਂ ਇਸ ਦੇ ਬੁਰੇ ਨਤੀਜੇ ਨਿਕਲਣਗੇ। ਇਹ ਨਕਸਲਬਾੜੀ ਨੌਜੁਆਨ ਮੁੰਡੇ ਔਰ ਪੜੇ ਲਿਖੇ ਵਿਦਿਆਰਥੀ ਹਨ। ਮੈਂ ਇਹ ਪੁਛਣਾ ਚਾਹੁੰਦਾ ਹਿੰਦੁਸਤਾਨ ਦੇ ਜੁਆਨ ਕਿਉਂ ਇਸ ਪਾਸੇ ਜਾ ਰਹੇ

[ਕਾਮਰੇਡ ਸੱਤਪਾਲ ਡਾਂਗ]

ਹਨ। ਉਨ੍ਹਾਂ ਦੀਆਂ ਕੀ ਤਕਲੀਫ਼ਾਂ ਹਨ, ਉਹ ਵਿਦਿਆਰਥੀ ਕੀ ਚਾਹੁੰਦੇ ਹਨ ਇਸ ਐਡਰੈਸ ਵਿਚ ਇਸ ਦਾ ਕੋਈ ਜ਼ਿਕਰ ਨਹੀਂ। ਇਹ ਜੋ ਨੌਜੁਆਨਾਂ ਦੇ ਮਸਲੇ ਹਨ, ਵਿਦਿਆਰਥੀਆਂ ਦੇ ਮਸਲੇ ਹਨ, ਔਰ ਇਹ ਕਿਉਂ ਗਲਤ ਪਾਸੇ ਜਾ ਰਹੇ ਹਨ ਇਸ ਦਾ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ। ਇਕੋ ਗਲ ਦਾ ਹੀ ਇਸ ਵਿਚ ਜ਼ਿਕਰ ਨਜ਼ਰ ਆਉਂਦਾ ਹੈ ਉਹ ਹੈ ਪੁਲਿਸ ਨੂੰ ਖੁਲ੍ਹੀ ਛੁੱਟੀ। ਮੁਕਤਸਰ ਵਿਚ ਕੀ ਹੋਇਆ, ਸਠਿਆਲਾ ਵਿਚ ਕੀ ਹੋਇਆ ਉਹ ਸਭ ਕੁਝ ਆਪ ਦੇ ਸਾਹਮਣੇ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਹਰੀਜਨਾਂ ਦੇ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਲਈ ਬਹੁਤ ਕੁਝ ਕਰਨਾ ਹੈ। ਹਰੀਜਨ ਪੰਜਾਬ ਵਿਚ ਬੇਜ਼ਮੀਨਾ ਮਜ਼ਦੂਰ ਹੈ। ਮੇਰੀ ਅਰਜ਼ ਹੈ ਕਿ ਹਰੀਜਨ ਸਮਾਜੀ ਤੌਰ ਤੇ ਉੱਚਾ ਨਹੀਂ ਉਠ ਸਕਦਾ ਜਿੰਨਾ ਚਿਰ ਉਨ੍ਹਾਂ ਨੂੰ ਕੋਈ ਜ਼ਮੀਨ ਨਹੀਂ ਦਿਉਗੇ। ਇਸ ਲਈ ਇਸ ਕਾਨੂੰਨ ਵਿਚ ਤਰਮੀਮ ਕਰਨ ਦੀ ਲੋੜ ਹੈ। ਇਸ ਐਡਰੈਸ ਵਿਚ ਇਸ ਗਲ ਦਾ ਕੋਈ ਜ਼ਿਕਰ ਨਹੀਂ ਕਿ ਹਰੀਜਨ ਭਰਾਵਾਂ ਨੂੰ ਜਿਹੜੇ ਕਿ ਬੇਜ਼ਮੀਨੇ ਹਨ ਉਨਾਂ ਨੂੰ ਜ਼ਮੀਨ ਦਿਤੀ ਜਾਵੇਗੀ ਔਰ ਇਹ ਜਿਹੜਾ ਸੀਲਿੰਗ ਦਾ ਕਾਨੂੰਨ ਹੈ ਇਸ ਨੂੰ ਬਦਲ ਕੇ ਇਸ ਤਰ੍ਹਾਂ ਕੀਤਾ ਜਾਵੇਗਾ, ਇਸ ਐਡਰੈਸ ਵਿਚ ਇਸ ਬਾਰੇ ਕੋਈ ਜ਼ਿਕਰ ਨਹੀਂ। ਫਿਰ ਹਰੀਜਨਾਂ ਦਾ ਸੁਧਾਰ ਕਿਸ ਤਰ੍ਹਾਂ ਹੋਵੇਗਾ ਮੈਨੂੰ ਤਾਂ ਇਸ ਗਲ ਦੀ ਸਮਝ ਨਹੀਂ ਆਈ।

ਫਿਰ ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਬਿਰਲਾ ਫਾਰਮ ਬਾਰੇ ਇਹ ਕਹਿੰਦੇ ਰਹੇ ਕਿ ਇਹ ਜ਼ੇਰੇ ਗੌਰ ਹੈ ਔਰ ਫਿਰ ਸਾਲ ਬਾਦ ਕਹਿ ਦਿਤਾ ਕਿ ਇਹ ਕੈਂਸਲ ਕਰ ਦਿਤਾ ਹੈ। ਪਰ ਉਹ ਕਾਗਜ਼ਾਂ ਵਿਚ ਹੀ ਕੀਤਾ ਗਿਆ ਹੈ (ਵਿਘਨ) ਫਿਰ ਡਿਪਟੀ ਸਪੀਕਰ ਸਾਹਿਬ, ਇਵੈਕੁਈ ਲੈਂਡ ਦੇ ਬਾਰੇ ਮੈਂ ਸਵਾਲ ਪੁਛਿਆ ਕਿ ਕਿਤਨੀ ਜ਼ਮੀਨ ਪਈ ਹੈ। ਸਰਕਾਰ ਨੇ ਉਸ ਦਾ ਜਵਾਬ ਦਿਤਾ ਕਿ ਦੋ ਲੱਖ ਏਕੜ ਦੇ ਕਰੀਬ ਜ਼ਮੀਨ ਹੈ। ਜਿਸ ਵਿਚੋਂ 57,259 ਏਕੜ ਕਲਟੀਵੇਟਿਡ ਜ਼ਮੀਨ ਹੈ ਔਰ 40,229 ਏਕੜ ਜ਼ਮੀਨ ਬੰਜਰ ਹੈ ਪਰ ਡਿਪਟੀ ਸਪੀਕਰ ਸਾਹਿਬ, ਉਸ ਵਿਚੋਂ ਹਰੀਜਨਾਂ ਨੂੰ ਦਿਤੀ ਕਿਤਨੀ? ਸਿਰਫ 6 ਹਜ਼ਾਰ ਏਕੜ ਜ਼ਮੀਨ। ਇਹ ਸਰਕਾਰ ਕਹਿੰਦੀ ਹੈ ਕਿ ਹਰੀਜਨਾਂ ਦਾ ਮਸਲਾ ਹਲ ਕਰਨਾ ਹੈ। ਉਨ੍ਹਾਂ ਨੂੰ ਜ਼ਮੀਨ ਨਿਲਾਮੀ ਵਿਚ ਮਿਲਦੀ ਹੈ ਔਰ ਉਹ ਜ਼ਮੀਨ ਜਾਂਦੀ ਕਿਥੇ ਹੈ ਉਹ ਸਾਰੀ ਜ਼ਮੀਨ ਵਡੇ ਵਡੇ ਜ਼ਿਮੀਂਦਾਰ ਸਾਂਭ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਐਗਰੇਰੀਅਨ ਰੀਫਾਰਮ ਦਾ ਮਸਲਾ ਸਾਰੇ ਹਿੰਦੁਸਤਾਨ ਦਾ ਮਸਲਾ ਹੈ, ਇਹ ਇਕ ਨੈਸ਼ਨਲ ਮਸਲਾ ਬਣ ਗਿਆ ਹੈ ਪਰ ਇਸ ਐਡਰੈਸ ਵਿਚ ਇਸ ਦਾ ਇਕ ਲਫਜ਼ ਵੀ ਨਾ ਹੋਵੇ ਤਾਂ ਇਹ ਗਲ ਸਾਬਤ ਕਰਦੀ ਹੈ ਕਿ ਇਹ ਤਾਂ ਕਹਿੰਦੇ ਹਨ ਕਿ ਸਿਖ ਰਾਜ ਪੰਜਾਬ ਵਿਚ ਕਾਇਮ ਕੀਤਾ ਹੈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਸਿਖ ਰਾਜ ਨਹੀਂ ਲੈਂਡ ਲਾਰਡ ਰਾਜ ਕਾਇਮ ਕੀਤਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਐਗਰੇਰੀਅਨ ਰਿਫਾਰਮ ਦੇ ਬਾਰੇ ਵਿਚ ਗਵਰਨਰ ਸਾਹਿਬ ਦੇ ਐਡਰੈਸ ਦੇ ਵਿਚ ਇਕ ਲਫਜ਼ ਵੀ ਨਾ ਹੋਵੇ ਤਾਂ ਇਹ ਅਕਾਲੀ ਸਰਕਾਰ ਹੀ ਕਰ ਸਕਦੀ ਹੈ, ਹੋਰ ਕੋਈ ਨਹੀਂ ਕਰ ਸਕਦਾ। (ਵਿਘਨ)

ਡਿਪਟੀ ਸਪੀਕਰ ਸਾਹਿਬ, ਮੇਰੇ ਪਾਸ ਦਰਜਨਾਂ ਪਿੰਡਾਂ ਦੇ ਨਾਮ ਹਨ (ਵਿਘਨ) ਤਿੰਨ ਰੁਪਏ ਦਿਹਾੜੀ ਉਨ੍ਹਾਂ ਫਾਰਮ ਲੇਬਰਰ ਲੋਕਾਂ ਦੀ ਮੰਨੀ ਹੈ ਜਿਹੜੀ ਕਿ ਇਸ ਮਹਿਂਗਾਈ ਦੇ ਜ਼ਮਾਨੇ ਵਿਚ ਬਹੁਤ ਥੋੜ੍ਹੀ ਹੈ। ਜੇ ਉਹ ਵਿਚਾਰੇ ਕਹਿੰਦੇ ਹਨ ਕਿ ਸਾਡੀ ਦਿਹਾੜੀ ਕੁਝ ਵਧਾਓ ਤਾਂ ਉਨ੍ਹਾਂ ਲੋਕਾਂ ਦੀ ਖੇਤਾਂ ਵਿਚ ਟੱਟੀ ਪਿਸ਼ਾਬ ਜਾਣਾ ਬੰਦ ਕਰ ਦਿਤਾ ਜਾਂਦਾ ਹੈ, ਰੀਵਾਲਵਰ ਲੈ ਉਨ੍ਹਾਂ ਦੇ ਬੂਹੇ ਚਲੇ ਜਾਂਦੇ ਹਨ ਉਨ੍ਹਾਂ ਨੂੰ ਡਰਾਵਾ ਵਗੈਰਾ ਦਿੰਦੇ ਹਨ। (ਅਪੋਜ਼ੀਸ਼ਨ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਡਿਪਟੀ ਸਪੀਕਰ ਸਾਹਿਬ, ਅਜ ਤਕ ਪੰਜਾਬ ਵਿਚ ਇਹੋ ਜਿਹੀ ਚੀਜ਼ ਕਦੇ ਨਹੀਂ ਸੀ ਹੋਈ। ਮੈਂ ਚੈਲੈਂਜ ਕਰਦਾ ਹਾਂ ਕਿ ਸੰਗਰੂਰ ਦੇ ਪਿੰਡ ਸ਼ੇਰਪੁਰ, ਜਹਾਂਗੀਰ ਦੇ ਵਿਚ ਇਹ ਵਾਕੇ ਹੋਏ। ਮੈਂ ਆਪਣੇ ਜ਼ਿਲ੍ਹੇ ਦੀ ਗਲ ਕਰਦਾ ਹਾਂ ਕਿ ਥਾਣਾ ਝਬਾਲ ਔਰ ਅਦਲੀਵਾਲ ਵਿਚ ਹਰੀਜਨਾਂ ਨੇ ਦਿਹਾੜੀ ਵਧਾਉਣ

ਦੀ ਗਲ ਕੀਤੀ ਤਾਂ ਉਨ੍ਹਾਂ ਦੇ ਖੇਤਾਂ ਵਿਚ ਟੱਟੀ ਪਿਸ਼ਾਬ ਜਾਣਾ ਬੰਦ ਕਰ ਦਿਤਾ, ਨਾਕਾ ਬੰਦੀ ਕਰ ਦਿਤੀ। (ਵਿਘਨ) ਇਹੋ ਜਿਹੇ ਵਾਕਿਆਤ ਹੋਏ ਜਿਹੜੇ ਕਿ ਪੰਜਾਬ ਵਿਚ ਅਗੇ ਕਦੇ ਨਹੀਂ ਸੀ ਹੋਏ। ਇਹ ਕਿਉਂ ਹੋਏ ? ਇਹ ਇਸ ਕਰਕੇ ਹੋਏ ਕਿ ਲੈਂਡਲਾਰਡਜ਼ ਦੀ ਜ਼ਮੀਨ ਹੈ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇਕ ਮੰਗ ਸੀ ਚੌਕੀਦਾਰਾ ਟੈਕਸ ਗਰੀਬ ਹਰੀਜਨਾਂ ਤੇ ਜੋ ਹੈ ਇਸ ਨੂੰ ਹਟਾਇਆ ਜਾਵੇ। ਸਰਕਾਰ ਇਸ ਨੂੰ ਹਟਾਉਣ ਲਈ ਤਾਂ ਤਿਆਰ ਨਹੀਂ ਪਰ ਕਹਿੰਦੀ ਹੈ ਕਿ ਧਰਮਸ਼ਾਲਾ ਲੇ ਲਓ, ਦਿਹਾੜੀ ਨਹੀਂ ਵਧਾਉਣੀ, ਜ਼ਮੀਨ ਨਹੀਂ ਦੇਣੀ। ਇਹ ਤਾਂ ਇਸ ਸਰਕਾਰ ਦੀ ਨੀਤੀ ਹੈ।

ਡਿਪਟੀ ਸਪੀਕਰ ਸਾਹਿਬ, ਮਜ਼ਦੂਰਾਂ ਬਾਰੇ ਕਿਹਾ ਹੈ ਕਿ ਅਸੀਂ ਮਜ਼ਦੂਰਾਂ ਦੀ ਹਾਲਤ ਚੰਗੀ ਕਰ ਰਹੇ ਹਾਂ। 1970 ਵਿਚ ਕੀ ਕੀਤਾ ਇਸ ਦੇ ਕੋਈ ਅੰਕੜੇ ਨਹੀਂ ਆਏ। ਮਜ਼ਦੂਰ ਨਾਲ ਕੀ ਸਲੂਕ ਕਰ ਰਹੇ ਹਨ, ਡਿਪਟੀ

4-00 P.M.

ਸਪੀਕਰ ਸਾਹਿਬ, ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਘੱਟ ਤੋਂ ਘੱਟ ਕੀ ਤਨਖਾਹ ਮੁਕੱਰਰ ਕੀਤੀ। ਇਨ੍ਹਾਂ ਨੇ ਹਾਤਮ ਤਾਈ ਦੀ ਕਬਰ ਤੇ ਲਤ ਮਾਰੀ ਤੇ 90 ਰੁਪਏ ਤੋਂ 100 ਰੁਪਏ ਕਰ ਦਿਤੇ। ਇਹ ਦਸਣ ਕਿ ਕੀ ਸੌ ਰੁਪਏ ਨਾਲ ਗੁਜ਼ਾਰਾ ਹੋ ਸਕਦਾ ਹੈ ? ਮੈਂ ਕਹਿੰਦਾ ਹਾਂ ਕਿ ਸੌ ਕਿਉਂ ਘੱਟ ਤੋਂ ਘੱਟ ਸਰਕਾਰੀ ਮੁਲਾਜ਼ਮ ਜਿਨਾਂ ਤਾਂ ਦੇ ਦਿਉ। ਇਨ੍ਹਾਂ ਨੇ ਮੇਰੇ ਕੋਲ ਲਿਖ ਕੇ ਭੇਜਿਆ ਹੈ ਕਿ ਉਨ੍ਹਾਂ ਨੂੰ 4 ਪ੍ਰਤੀਸ਼ਤ ਬੋਨਸ ਮਿਲਦਾ ਹੈ ਅਤੇ ਹਿੰਦੁਸਤਾਨ ਦੀ ਸਰਕਾਰ ਇਹ ਬੋਨਸ ਦੀ ਪਰਸੈਂਟੇਜ ਵਧਾਉਣ ਲਈ ਸੋਚ ਰਹੀ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਤਨਖਾਹ ਹੋਰ ਵੀ ਵੱਧ ਜਾਏਗੀ। ਇਹ ਜਵਾਬ ਮੈਨੂੰ ਇਨ੍ਹਾਂ ਨੇ ਲਿਖ ਕੇ ਦਿਤਾ ਹੈ, ਇਸ ਕਾਗਜ਼ ਤੇ ਸ਼੍ਰੀ ਬਾਦਲ ਜੀ ਦੇ ਦਸਤਖਤ ਹਨ। ਮੈਂ ਚੈਲੰਜ ਕਰਦਾ ਹਾਂ ਕਿ 4 ਪ੍ਰਤੀਸ਼ਤ ਬੋਨਸ ਦਾ ਕਾਨੂੰਨ ਵੀ ਪੰਜਾਬ ਵਿਚ ਲਾਗੂ ਨਹੀਂ ਹੈ, ਪੂਰੀ ਤਰ੍ਹਾਂ ਤੇ। ਡਿਪਟੀ ਸਪੀਕਰ ਸਾਹਿਬ, ਮੈਂ ਆਰਟ ਸਿਲਕ ਇੰਡਸਟਰੀ ਦੀ ਮਿਸਾਲ ਦਿਆਂ। ਉਥੇ ਹਜ਼ਾਰਾਂ ਮੁਲਾਜ਼ਮ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਤਨਖਾਹ ਸਿਰਫ 72 ਰੁਪਏ ਹੈ। ਮਨਿਸਟਰ ਸਾਹਿਬ ਜਵਾਬ ਦੇਣ ਕਿ ਕੀ ਇਸ ਰਕਮ ਨਾਲ ਕਿਸੇ ਫੈਮਲੀ ਦਾ ਗੁਜ਼ਾਰਾ ਹੋ ਸਕਦਾ ਹੈ ? ਇਸ ਤੋਂ ਇਲਾਵਾ ਦੋ ਦੋ ਸਾਲਾਂ ਤੋਂ ਲੇਬਰ ਕੋਰਟ ਦੇ ਫੈਸਲੇ ਆਏ ਹੋਏ ਹਨ, ਪਰ ਅਜੇ ਤਕ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਹਜ਼ਾਰਾਂ ਕੇਸਿਜ਼ ਲੇਬਰ ਕੋਰਟ ਦੇ ਵਿਚ ਪੈਂਡਿੰਗ ਪਏ ਹੋਏ ਹਨ, ਜਿਨ੍ਹਾਂ ਦਾ ਸਾਲਾਂ ਦੇ ਸਾਲ ਲਗ ਜਾਂਦੇ ਹਨ, ਫੈਸਲੇ ਹੋਣ ਨੂੰ। ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਲੇਬਰ ਨੂੰ ਹਾਊਸਿੰਗ ਸਕੀਮ ਦੇ ਤਹਿਤ ਹਾਊਸ ਪ੍ਰੋਵਾਈਡ ਕਰ ਦਿਤੇ ਹਨ। ਮੈਂ ਅਰਜ਼ ਕਰਾਂ ਕਿ ਇਨ੍ਹਾਂ ਨੇ ਅਜ ਤਕ ਇਕ ਵੀ ਨਵਾਂ ਹਾਊਸ ਕੰਸਟਰਕਟ ਨਹੀਂ ਕੀਤਾ। ਜ਼ਮੀਨਾਂ ਐਕੁਆਇਰ ਕੀਤੀਆਂ ਨੂੰ ਇੰਡਸਟਰੀਅਲ ਲੇਬਰ ਨੂੰ ਹਾਊਸ ਪ੍ਰੋਵਾਈਡ ਕਰਨ ਲਈ, ਪਰ ਅਜ ਤਕ ਉਥੇ ਹਲ ਵਾਹੇ ਜਾ ਰਹੇ ਹਨ ਅਤੇ ਕੋਈ ਇਕ ਵੀ ਨਵਾਂ ਮਕਾਨ ਛੇਹਰਟਾ ਵਿਚ ਕੰਸਟਰਕਟ ਨਹੀਂ ਕੀਤਾ ਗਿਆ।

ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ, ਮੈਂ ਪ੍ਰਾਵੀਡੈਂਟ ਫੰਡ ਦੀ ਸਕੀਮ ਦੇ ਬਾਰੇ ਅਰਜ਼ ਕਰਾਂ ਕਿ ਉਹ ਅਜੇ ਤਕ ਮੁਕੰਮਲ ਤੌਰ ਤੇ ਲਾਗੂ ਨਹੀਂ ਕੀਤੀ ਗਈ। ਹਿੰਦੁਸਤਾਨ ਐਂਬਰਾਇਡਰੀ ਮਿਲ ਨੇ ਅਜੇ ਤਕ ਲੇਬਰ ਨੂੰ ਬੋਨਸ ਆਦਿ ਨਹੀਂ ਦਿਤੇ ਅਤੇ ਪਿਛਲੇ 6 ਮਹੀਨਿਆਂ ਤੋਂ ਤਨਖਾਹ ਤਕ ਨਹੀਂ ਦਿਤੀ ਜਾ ਰਹੀ। ਮਿੱਲ ਦੇ ਮੁਲਾਜ਼ਮ ਇਕ ਮਹੀਨੇ ਤੋਂ ਇਹ ਮੰਗ ਕਰ ਰਹੇ ਹਨ ਕਿ ਜੋ ਫੈਸਲੇ ਹੋਏ ਹਨ, ਉਨ੍ਹਾਂ ਨੂੰ ਲਾਗੂ ਕੀਤਾ ਜਾਵੇ ਅਤੇ ਇਸ ਲਈ ਉਹ ਆਪਣੀ ਮੰਗ ਨੂੰ ਮਨਵਾਉਣ ਲਈ ਇਕ ਮਹੀਨੇ ਤੋਂ ਹੜਤਾਲ ਤੇ ਹਨ, ਪਰ ਉਨ੍ਹਾਂ ਦੀ ਕੋਈ ਗਲ ਹਾਲੇ ਤਕ ਨਹੀਂ ਮੰਨੀ ਜਾ ਰਹੀ। ਇਸ ਤੋਂ ਇਲਾਵਾ ਮੈਂ ਨਿਊ ਇੰਡੀਆ ਮਿੱਲ ਦੇ ਬਾਰੇ ਕਹਾਂਗਾ, ਉਨ੍ਹਾਂ ਨੇ ਲੇਬਰ ਦੀ ਛਾਂਟੀ ਕੀਤੀ ਅਤੇ ਪੁਰਾਣੇ ਵਰਕਰਾਂ ਨੂੰ ਕੱਢ ਦਿਤਾ, ਅਤੇ ਜੇਕਰ ਉਥੇ ਦੀ ਲੇਬਰ ਨੇ ਕੋਈ ਮੀਨ ਮੇਖ ਕੀਤੀ ਤਾਂ

[ਕਾਮਰੇਡ ਸੱਤਪਾਲ ਡਾਂਗ]

ਮਿਲ ਦੇ ਮਾਲਕਾਂ ਨੇ ਗੁੰਡਿਆਂ ਦੇ ਰਾਹੀਂ ਉਨ੍ਹਾਂ ਦੀ ਬੁਰੀ ਹਾਲਤ ਕੀਤੀ ਅਤੇ ਮਿੱਲ ਮਾਲਕਾਂ ਨੇ ਫ਼ਰੀਦਾਬਾਦ ਵਿਚੋਂ ਨਵੀਂ ਲੇਬਰ ਲਿਆ ਕੇ ਆਪਣਾ ਕੰਮ ਚਾਲੂ ਕੀਤਾ ਅਤੇ ਪਹਿਲੀ ਲੇਬਰ ਨੇ ਬੜੀ ਫ਼ਰਿਆਦ ਕੀਤੀ ਪਰ ਕੋਈ ਨਹੀਂ ਸੁਣੀ ਗਈ ਅਤੇ ਬਾਦਲ ਸਾਹਿਬ ਨੂੰ ਤਾਂ ਟਾਈਮ ਹੀ ਕਿਥੇ ਹੈ ਕਿ ਉਹ ਲੇਬਰ ਦੇ ਮਾਮਲੇ ਵਿਚ ਇੰਟਰਵੀਨ ਕਰਕੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮਨਵਾਉਣ ਤਾਂ ਜੋ ਗਰੀਬ ਸੁਖ ਦਾ ਸਾਹ ਲੈ ਸਕਣ। ਮੈਂ ਅਰਜ਼ ਕਰਾਂ ਕਿ ਅੱਜ ਦੀ ਮਹਿੰਗਾਈ ਦੇ ਜ਼ਮਾਨੇ ਵਿਚ ਘੱਟ ਤੋਂ ਘੱਟ 2 ਸੌ ਰੁਪਏ ਅਨਸਕਿਲਡ ਲੇਬਰ ਨੂੰ ਮਿਲਣੇ ਚਾਹੀਦੇ ਹਨ, ਅਗਰ ਦੋ ਸੌ ਰੁਪਏ ਨਹੀਂ ਦੇਣੇ ਤਾਂ ਘੱਟ ਤੋਂ ਘੱਟ ਉਹ ਵੇਜਿਜ਼ ਤਾਂ ਦਿਉ ਜਿਹੜੀਆਂ ਪੰਜਾਬ ਸਰਕਾਰ ਦਾ ਇਕ ਚਪੜਾਸੀ 141 ਰੁਪਏ ਲੈਂਦਾ ਹੈ। ਪਿਛਲੇ ਸੈਸ਼ਨ ਵਿਚ ਗਰੈਚੁਟੀ ਦੇ ਬਾਰੇ ਗਲ ਕੀਤੀ ਸੀ ਕਿ ਕੇਰਲ ਨੇ ਲੇਬਰ ਨੂੰ ਗਰੈਚੁਟੀ ਦੇਣ ਬਾਰੇ ਫੈਸਲਾ ਕੀਤਾ ਹੈ, ਪਰ ਅਜੇ ਤਕ ਪੰਜਾਬ ਸਰਕਾਰ ਨੇ ਇਸ ਬਾਰੇ ਕੋਈ ਗੌਰ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਮੰਗ ਕਰਾਂਗਾ ਕਿ ਪੁਲਿਸ ਦਾ ਐਮਪਲਾਈਜ਼ ਦੇ ਬਾਰੇ ਜੋ ਵਤੀਰਾ ਹੈ, ਉਹ ਬੜਾ ਸ਼ੋਕਜਨਕ ਹੈ, ਕਿਉਂਕਿ ਜਦੋਂ ਉਹ ਆਪਣੀਆਂ ਮੰਗਾਂ ਦੀ ਖ਼ਾਤਰ ਜਦੋਂ ਕੋਈ ਪ੍ਰੋਸੈਸ਼ਨ ਜਾਂ ਪੁਰਜ਼ੋਰ ਅਪੀਲਾਂ ਕਰਦੇ ਹਨ, ਤਾਂ ਉਨ੍ਹਾਂ ਤੇ ਪੁਲਿਸ ਵਲੋਂ ਤਸ਼ੱਦਦ ਕੀਤੇ ਜਾਂਦੇ ਹਨ ਅਤੇ ਲੇਬਰ ਦੇ ਖਿਲਾਫ਼ ਉਹ ਕਾਨੂੰਨ ਵਰਤੇ ਜਾਂਦੇ ਹਨ, ਜਿਹੜੇ ਕਿਸੇ ਡਾਕੇ ਮਾਰਨ ਵਾਲੇ ਦੇ ਖ਼ਿਲਾਫ਼ ਹੁੰਦੇ ਹਨ। ਐਗਜ਼ੈਕਟਿਵ ਜੁਡਿਸ਼ਰੀ ਤੋਂ ਅੱਡ ਹੈ, ਮਗਰ ਫਿਰ ਵੀ ਜੁਡਿਸ਼ਰੀ ਦੇ ਅਖ਼ਤਿਆਰ ਐਗਜ਼ੈਕਟਿਵ ਮੈਜਿਸਟਰੇਟਾਂ ਕੋਲ ਉਸੇ ਤਰ੍ਹਾਂ ਹਨ। ਮੈਂ ਕਹਿੰਦਾ ਹਾਂ ਕਿ ਐਗਜ਼ੈਕਟਿਵ ਨੂੰ ਮੁਕੰਮਲ ਤੌਰ ਤੇ ਜੁਡੀਸ਼ਰੀ ਤੋਂ ਅੱਡ ਕਰ ਦੇਣਾ ਚਾਹੀਦਾ ਹੈ। ਜਿੰਨੇ ਵੀ 107/151ਦੇ ਕੇਸਿਜ਼ ਹਨ, ਇਹ ਸਾਰੇ ਐਗਜ਼ੈਕਟਿਵ ਮੈਜਿਸਟਰੇਟ ਦੇ ਕੋਲ ਜਾਂਦੇ ਹਨ ਅਤੇ ਉਹ ਸਿਆਸਤਦਾਨਾਂ ਦੇ ਕਹੇ ਤੇ ਲੇਬਰ ਮਜ਼ਦੂਰਾਂ ਤੋਂ 50:50 ਹਜ਼ਾਰ ਰੁਪਏ ਦੀ ਜ਼ਮਾਨਤ ਦੀ ਮੰਗ ਕਰ ਲੈਂਦੇ ਹਨ ਅਤੇ ਜੇ ਨਹੀਂ ਤਾਂ ਚਲੋ ਤਹਿਸੀਲ ਵਿਚ। ਮੈਂ ਅਰਜ਼ ਕਰਾਂ ਕਿ ਜੁਡੀਸ਼ਰੀ ਤਾਂ ਸਰਕਾਰ ਦੇ ਕਾਨੂੰਨ ਦੇ ਮੁਤਾਬਕ ਚਲਦੀ ਹੈ ਜਦੋਂ ਐਗਜ਼ੈਕਟਿਵ ਸਰਕਾਰ ਦੇ ਕਹੇ ਮੁਤਾਬਕ ਚਲਦੀ ਹੈ। ਮੈਂ ਅਰਜ਼ ਕਰਾਂ ਕਿ ਇਹ ਜਿਹੜੇ 107/151 ਦੇ ਕੇਸਿਜ਼ ਬਾਰੇ ਐਗਜ਼ੈਕਟਿਵ ਨੂੰ ਪਾਵਰਜ਼ ਦਿਤੀਆਂ ਹੋਈਆਂ ਹਨ, ਇਹ ਜੁਡੀਸ਼ਰੀ ਨੂੰ ਸੌਂਪ ਦੇਣੀਆਂ ਚਾਹੀਦੀਆਂ ਹਨ, ਤਾਂ ਜੋ ਲੋਕਾਂ ਨੂੰ ਰਿਲੀਫ਼ ਮਿਲ ਸਕੇ। ਮੈਂ ਤਾਂ ਕਹਾਂਗਾ ਕਿ ਪ੍ਰਾਸੀਕਿਊਸ਼ਨ ਬ੍ਰਾਂਚ ਵੀ ਐਗਜ਼ੈਕਟਿਵ ਤੋਂ ਅੱਡ ਕਰ ਦੇਣੀ ਚਾਹੀਦੀ ਹੈ।

ਹੁਣ ਡਿਪਟੀ ਸਪੀਕਰ ਸਾਹਿਬ, ਮੈਂ ਮੁਲਾਜ਼ਮਾਂ ਦੀ ਗਲ ਕਰਾਂਗਾ ਕਿ ਉਨ੍ਹਾਂ ਬਾਰੇ ਜੋ ਐਡਜੋਰਨਮੈਂਟ ਮੋਸ਼ਨਜ਼ ਦਿਤੀਆਂ ਹਨ, ਉਹ ਤਾਂ ਐਡਮਿਟ ਨਹੀਂ ਕੀਤੀਆਂ। ਪੰਜਾਬ ਸਰਕਾਰ ਨੇ ਅਖ਼ਬਾਰਾਂ ਵਿਚ ਬਾਰ ਬਾਰ ਪੋਸਟਰ ਨਿਕਲਵਾਏ ਮੁਲਾਜ਼ਮਾਂ ਬਾਰੇ ਅਤੇ ਕਿਹਾ ਕਿ ਇਹ ਮੁਲਾਜ਼ਮ ਨਾਜਾਇਜ਼ ਮੰਗ ਕਰਦੇ ਹਨ । ਨਾਲੇ ਇਹ ਵੀ ਕਹਿੰਦੇ ਹਨ ਕਿ ਹੋਰ ਕਿਸੇ ਸਰਕਾਰ ਨੇ ਇੰਟੈਰਿਮ ਰਿਲੀਫ਼ ਨਹੀਂ ਦਿਤਾ ਅਤੇ ਇਹ ਸਾਡੇ ਕੋਲੋਂ ਕਿਉਂ ਮੰਗਦੇ ਹਨ। ਮੈਂ ਅਰਜ਼ ਕਰਾਂਗਾ ਕਿ ਇਹ ਸਰਕਾਰ ਗ਼ਲਤ ਕਹਿੰਦੀ ਹੈ ਕਿ ਕਿਸੇ ਹੋਰ ਸਟੇਟ ਨੇ ਨਹੀਂ ਦਿਤਾ। ਮੈਂ ਇਸ ਬਾਰੇ ਦਸਣਾ ਚਾਹੁੰਦਾ ਹਾਂ ਕਿ ਆਂਧਰਾ ਸਟੇਟ ਨੇ ਇਹ ਰਿਲੀਫ਼ ਦੇ ਦਿਤਾ ਹੈ, ਚਾਹੇ ਸੈਂਟਰ ਕੋਲੋਂ ਕੁਝ ਘੱਟ ਦਿਤਾ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਸਟੇਟਾਂ ਨੇ ਦਿਤਾ ਹੈ। ਮੈਂ ਕਹਾਂਗਾ ਕਿ ਮੁਲਾਜ਼ਮਾਂ ਦੀ ਮੰਗ ਜਾਇਜ਼ ਹੈ ਅਤੇ ਉਨ੍ਹਾਂ ਨੂੰ ਇਹ ਰਿਲੀਫ਼ ਜ਼ਰੂਰ ਮਿਲਣਾ ਚਾਹੀਦਾ ਹੈ। ਜਦੋਂ ਮੈਂ ਸਰਕਾਰ ਨੂੰ ਇਹ ਰਿਲੀਫ਼ ਦੇਣ ਬਾਰੇ ਕਿਹਾ ਤਾਂ ਮੈਨੂੰ ਕਿਹਾ ਗਿਆ ਕਿ ਕੀ ਕੇਰਲ ਸਰਕਾਰ ਨੇ ਦੇ ਦਿਤਾ ਹੈ ? ਮੈਂ ਅਰਜ਼ ਕਰਾਂ ਕਿ ਕੀ ਪੰਜਾਬੀ ਸਰਕਾਰ ਬਾਕੀ ਗਲਾਂ ਕੇਰਲ ਸਰਕਾਰ ਦੇ ਮੁਕਾਬਲੇ ਵਿਚ ਕਰਦੀ ਹੈ, ਉਹ ਇਕ ਗਰੀਬ ਸਟੇਟ ਹੈ, ਉਥੇ ਮੈਂਬਰ ਅਸੈਂਬਲੀ ਇਥੋਂ ਨਾਲੋਂ ਵੱਧ ਹਨ ਅਤੇ ਉਨ੍ਹਾਂ ਦੇ ਦਸ ਮਨਿਸਟਰ ਵੀ ਨਹੀਂ ਹਨ ਅਤੇ ਉਸ

ਦੇ ਮੁਕਾਬਲੇ ਤੁਸੀਂ ਇਥੇ 26 ਮਨਿਸਟਰਾਂ ਦੀ ਧਾੜ ਬਿਠਾਈ ਹੋਈ ਹੈ। ਜੇ ਤੁਹਾਡੇ ਕੋਲ ਐਂਪਲਾਈਜ਼ ਨੂੰ ਪੈਸੇ ਦੇਣ ਲਈ ਪੈਸਾ ਨਹੀਂ ਹੈ ਤਾਂ ਇਥੇ 26 ਮਨਿਸਟਰ ਕਿਉਂ ਬਿਠਾਏ ਹੋਏ ਹਨ, ਇਨ੍ਹਾਂ ਲਈ ਰੁਪਏ ਕਿਥੋਂ ਆ ਜਾਂਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਕੇਰਲ ਦੇ ਨਾਲ ਪੰਜਾਬ ਦਾ ਮੁਕਾਬਲਾ ਕਰਦੇ ਹਨ । ਮੈਂ ਅਰਜ਼ ਕਰਾਂ ਕਿ ਉਥੇ ਐਮ. ਐਲ. ਏ., ਨੂੰ ਤਿੰਨ ਸੌ ਰੁਪਏ ਮਿਲਦੇ ਹਨ, ਪੰਜਾਬ ਦੇ ਐਮ. ਐਲ. ਏ. ਦੇ ਇਨ੍ਹਾਂ ਨੇ ਪੰਜ ਸੌ ਰੁਪਏ ਕਰ ਦਿਤੇ। ਇਸ ਤੋਂ ਇਲਾਵਾ ਅਸੈਂਬਲੀ ਦੇ ਦਿਨਾਂ ਵਿਚ ਦਿਹਾੜੀ ਅਲਾਉਂਸ ਉਥੇ ਦੇ ਮੈਂਬਰ 15 ਰੁਪਏ ਲੈਂਦੇ ਹਨ, ਜਦੋਂ ਕਿ ਪੰਜਾਬ ਦੇ ਐਮ. ਐਲ ਏ. ਨੂੰ 35 ਰੁਪਏ ਮਿਲਦੇ ਹਨ। ਇਸ ਕੰਮ ਲਈ ਤਾਂ ਫੰਡਜ਼ ਹੈ ਗੇ ਅਤੇ ਜੇ ਮੁਲਾਜ਼ਮ ਮੰਗਣ ਤਾਂ ਕਹਿੰਦੇ ਹਨ ਕਿ ਸਾਡੇ ਕੋਲ ਤਾਂ ਫੰਡਜ਼ ਹੀ ਨਹੀਂ ਹਨ (ਵਿਘਨ) (ਸ਼ੋਰ) ਅਖ਼ਬਾਰਾਂ ਵਿਚ ਇਸ ਗਲ ਦਾ ਬੜਾ ਪਰਚਾਰ ਕੀਤਾ ਗਿਆ ਕਿ ਪੰਜਾਬ ਦੇ ਮੁਲਾਜ਼ਮਾਂ ਦੇ ਸਭ ਤੋਂ ਵੱਧ ਗਰੇਡ ਹਨ ਅਤੇ ਵਿਸ਼ੇਸ਼ ਕਰਕੇ ਕਿਹਾ ਗਿਆ ਕਿ ਕਲਾਸ ਫੋਰ ਦੇ ਮੁਲਾਜ਼ਮ ਸਭ ਤੋਂ ਵੱਧ ਤਨਖਾਹ ਲੈਂਦੇ ਹਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਪੰਜਾਬ ਦੇ ਵਿਚ ਕਲਾਸ ਫੋਰ ਮੁਲਾਜ਼ਮਾਂ ਨੂੰ ਮਹਿੰਗਾਈ ਭਤਾ ਆਦਿ ਮਿਲਾ ਕੇ ਕੁੱਲ 141 ਰੁਪਏ ਮਿਲਦੇ ਹਨ, ਇਸ ਦੇ ਮੁਕਾਬਲੇ ਵਿਚ ਮੈਂ ਦਸਾਂ ਕਿ ਬੰਗਾਲ ਵਿਚ 152 ਰੁਪਏ ਮਿਲਦੇ ਹਨ। ਇਨ੍ਹਾਂ ਦੇ ਕਲਾਸ ਫੋਰ ਮੁਲਾਜ਼ਮਾਂ ਦਾ ਗਰੇਡ 90 ਰੁਪਏ ਤਕ ਹੀ ਜਾਂਦਾ ਹੈ ਜਦੋਂ ਕਿ ਗੁਜਰਾਤ ਸਰਕਾਰ ਨੇ ਇਨ੍ਹਾਂ ਮੁਲਾਜ਼ਮਾਂ ਦਾ ਗਰੇਡ 100 ਰੁਪਏ ਤਕ ਕੀਤਾ ਹੋਇਆ ਹੈ। ਇਸੇ ਤਰ੍ਹਾਂ ਬੰਗਾਲ, ਮਹਾਰਾਸ਼ਟਰ ਆਦਿ ਸਟੇਟਾਂ ਦੇ ਕਲਰਕ ਪੰਜਾਬ ਦੇ ਕਲਰਕਾਂ ਤੋਂ ਵੱਧ ਤਨਖਾਹ ਲੈਂਦੇ ਹਨ ਅਤੇ ਚੰਗੇ ਗਰੇਡ ਐਨਜਾਏ ਕਰਦੇ ਹਨ। ਮੈਂ ਸਰਦਾਰ ਬਲਵੰਤ ਸਿਘ ਨੂੰ ਯਾਦ ਕਰਾਂਵਾਂਗਾ ਕਿ ਪਿਛਲੇ ਸਾਲ ਮੇਰੇ ਇਕ ਸਵਾਲ ਦੇ ਜਵਾਬ ਵਿਚ, ਜਿਸ ਵਿਚ ਮੈਂ ਪੁਛਿਆ ਸੀ ਕਿ ਹਰਿਆਣਾ ਵਿਚ ਕਿਹੜੀਆਂ ਕਿਹੜੀਆਂ ਕੈਟੇਗਰੀਜ਼ ਦੇ ਗਰੇਡ ਪੰਜਾਬ ਨਾਲੋਂ ਵੱਧ ਹਨ, ਲਿਖ ਕੇ ਭੇਜਿਆ ਸੀ ਕਿ 157 ਕੈਟੇਗਰੀਜ਼ ਐਸੀਆਂ ਹਨ, ਜਿਨ੍ਹਾਂ ਦੇ ਗਰੇਡ ਹਰਿਆਣਾ ਵਿਚ ਵੱਧ ਹਨ। ਇਨ੍ਹਾਂ ਸਾਰੀਆਂ ਗਲਾਂ ਦੇ ਬਾਵਜੂਦ ਪੰਜਾਬ ਸਰਕਾਰ ਕਹਿੰਦੀ ਹੈ ਕਿ ਪੰਜਾਬ ਦੇ ਮੁਲਾਜ਼ਮਾਂ ਦੇ ਗਰੇਡ ਸਭ ਨਾਲੋਂ ਵੱਧ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖੋ ਕਿ ਕੀ 141 ਰੁਪਏ ਨਾਲ ਗੁਜ਼ਾਰਾ ਹੋ ਸਕਦਾ ਹੈ ? ਜਿਸ ਘਰ ਵਿਚ ਮੀਆਂ ਬੀਵੀ ਹੋਣ ਤਿੰਨ ਚਾਰ ਬੱਚੇ ਹੋਣ , ਉਹ ਇਤਨੀ ਤਨਖ਼ਾਹ ਨਾਲ ਕਿਥੋਂ ਗੁਜ਼ਾਰਾ ਕਰਨ ? ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਨੈਸ਼ਨਲ ਬੈਂਕ ਦਾ ਚਪੜਾਸੀ 250 ਰੁਪਏ ਲੈਂਦਾ ਹੈ ਅਤੇ ਇਸ ਤਰ੍ਹਾਂ ਹੀ ਇੰਸ਼ੋਰੈਂਸ ਕੰਪਨੀ ਵਾਲਾ ਲੈਂਦਾ ਹੈ। ਜੇ ਇਨ੍ਹਾਂ ਕੋਲੋਂ ਪੁਛਿਆ ਗਿਆ ਕਿ ਕੀ ਇਹ 141 ਰੁਪਏ ਵਾਜਬ ਤਨਖਾਹ ਹੈ ਤਾਂ ਕਹਿਣ ਲਗੇ ਕਿ ਪੈਸਾ ਹੀ ਨਹੀਂ ਹੈ, ਕਿਥੋਂ ਲਿਆਈਏ ? ਡਿਪਟੀ ਸਪੀਕਰ ਸਾਹਿਬ, ਇਹ ਪੈਸੇ ਦੀ ਗਲ ਕਰਦੇ ਹਨ। ਮੈਂ ਅਰਜ਼ ਕਰਾਂ ਕਿ ਚੀਫ ਸੈਕਟਰੀ ਦਾ ਗਰੇਡ 2,700 ਰੁਪਏ ਤੋਂ 3,500 ਰੁਪਏ ਕਰ ਦਿਤਾ। ਕਹਿੰਦੇ ਨੇ ਕਿ ਪੈਸਾ ਕਿਥੋਂ ਲੈ ਕੇ ਆਈਏ ? ਫਿਰ ਜਿਹੜਾ ਚੀਫ ਸਕੱਤਰ ਸੀ ਉਹ ਜੂਨੀਅਰ ਸੀ ਅਤੇ ਉਸ ਤੋਂ ਦੋ ਹੋਰ ਸੀਨੀਅਰ ਸਨ ਉਨ੍ਹਾਂ ਦੇ ਵੀ 3,500 ਰੁਪਏ ਕਰ ਦਿਤੇ। ਇਹ ਕਹਿੰਦੇ ਹਨ ਕਿ ਪੈਸੇ ਕਿਥੋਂ ਦਈਏ ? ਚੀਫ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਫੋਰਥ ਕਲਾਸ ਦੇ ਮੁਲਾਜ਼ਮਾਂ ਨੂੰ 15 ਰੁਪਏ ਵੱਧ ਦੇਣ ਲਈ ਪੈਸੇ ਨਹੀਂ ਹਨ । ਇਕ ਗਰੀਬ ਵਾਸਤੇ ਤਾਂ ਪੈਸੇ ਨਹੀਂ ਹਨ, ਪਰ ਅਮੀਰਾਂ ਵਾਸਤੇ ਪਤਾ ਨਹੀਂ ਕਿਥੋਂ ਨਿਕਲ ਆਉਂਦੇ ਹਨ। ਕੀ 3,500 ਰੁਪਏ ਦਾ ਗਰੇਡ ਹੈ ਕਿਸੇ ਜਗਾ ਹਿੰਦੁਸਤਾਨ ਵਿਚ ? ਇਸ ਤੋਂ ਇਲਾਵਾ ਇਕ ਸਰਕਾਰੀ ਅਫ਼ਸਰ ਦੇ ਬੱਚੇ ਨੂੰ ਇਲਾਜ ਲਈ ਅਮਰੀਕਾ ਭੇਜਿਆ ਗਿਆ। ਸਾਰੇ ਰੂਲਜ਼ ਅਤੇ ਰੈਗੂਲੇਸ਼ਨਜ਼ ਨੂੰ ਤਿਲਾਂਜਲੀ ਦੇ ਦਿਤੀ ਗਈ ਅਤੇ ਉਸ ਤੇ 35 ਹਜ਼ਾਰ ਰੁਪਏ ਖ਼ਰਚ ਆਏ । ਇਹ ਵੀ ਸਰਟੀਫਿਕੇਟ ਹਾਸਲ ਨਹੀਂ ਕੀਤਾ ਗਿਆ ਕਿ ਉਸ ਦਾ ਇਲਾਜ ਹਿੰਦੁਸਤਾਨ ਵਿਚ ਨਹੀਂ ਹੋ ਸਕਦਾ। ਜਦੋਂ ਇਹੋ ਜਿਹੀ ਹਾਲਤ ਹੋਵੇ ਤਾਂ ਕੀ ਇਹ ਸਰਕਾਰ ਕਹਿ ਸਕਦੀ ਹੈ ਕਿ ਮੁਲਾਜ਼ਮਾਂ ਲਈ ਪੈਸਾ ਨਹੀਂ ਹੈ ? ਡਿਪਟੀ ਸਪੀਕਰ ਸਾਹਿਬ, ਇਹ ਪੈਸੇ ਦੀ ਗਲ ਕਰਦੇ ਹਨ , ਗਵਰਨਰ ਸਾਹਿਬ

[ਕਾਮਰੇਡ ਸੱਤਪਾਲ ਡਾਂਗ]

ਦੇ ਐਡਰੈਸ ਵਿਚ ਲਿਖਿਆ ਹੋਇਆ ਹੈ ਕਿ ਟੈਕਸਾਂ ਦੀ ਵਸੂਲੀ ਚੰਗੇ ਤਰੀਕੇ ਅਪਨਾਉਣ ਨਾਲ ਸਾਢੇ ਚਾਰ ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇਹ ਆਪਣੇ ਆਪ ਏਨੇ ਸਰਟੀਫਿਕੇਟ ਲਈ ਜਾਂਦੇ ਹਨ। ਮੈਂ ਅਰਜ਼ ਕਰਾਂ ਕਿ ਇਨ੍ਹਾਂ ਦੇ ਅਫ਼ਸਰ ਕੈਨੇ ਇਨਾਂ ਨੂੰ ਗੁਮਰਾਹ ਕਰਦੇ ਹਨ। ਉਹ ਜਾਣ ਬੁਝ ਕੇ ਘਾਟੇ ਦਾ ਬਜਟ ਦਿਖਾ ਦਿੰਦੇ ਹਨ, ਤਾ ਕਿ ਗਰੀਬਾਂ ਤੇ ਹੋਰ ਟੈਕਸ ਲਾ ਕੇ ਆਮਦਨ ਵਿਚ ਵਾਧਾ ਕੀਤਾ ਜਾਵੇ। (ਵਿਘਨ)

ਸ੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ, ਤੁਸੀਂ ਕਿੰਨਾਂ ਟਾਈਮ ਹੋਰ ਲਵੋਗੇ ਕਿਉਂਕਿ ਤੁਹਾਡਾ ਟਾਈਮ ਮੁਕ ਗਿਆ ਹੈ (ਵਿਘਨ) (*Addressing Comrade Satyapal Dang.* How much more time will you take; you have already exhausted your share of time.)

ਕਾਮਰੇਡ ਸੱਤਪਾਲ ਡਾਂਗ : ਮੈਂ ਜੀ ਦਸਾਂ ਮਿੰਟਾਂ ਵਿਚ ਹੀ ਖ਼ਤਮ ਕਰ ਦਿਆਂਗਾ। ਡਿਪਟੀ ਸਪੀਕਰ ਸਾਹਿਬ, ਇਹ ਰਿਸੋਰਸਿਜ਼ ਦੀ ਗਲ ਨਹੀਂ ਕਰਦੇ। ਜੇ ਰਿਸੋਰਸਿਜ਼ ਦੀ ਗਲ ਹੋਵੇ ਤਾਂ ਮੈਂ ਸਰਦਾਰ ਬਲਵੰਤ ਸਿੰਘ ਨੂੰ ਯਾਦ ਕਰਾਂਵਾਂਗਾ ਕਿ ਜਦੋਂ ਫਰੰਟ ਸਰਕਾਰ ਨੇ ਪ੍ਰੋਫੈਸ਼ਨਲ ਟੈਕਸ ਮਾਫ਼ ਕਰਨ ਦਾ ਫੈਸਲਾ ਕੀਤਾ ਸੀ ਤਾਂ ਉਸ ਵੇਲੇ ਇਹ ਵੀ ਕਿਹਾ ਗਿਆ ਸੀ ਕਿ ਇਕ ਹਜ਼ਾਰ ਤੋਂ ਵੱਧ ਇਨਕਮ ਵਾਲਿਆਂ ਤੇ ਇਹ ਟੈਕਸ ਢਾਈ ਸੌ ਰੁਪਏ ਤਕ ਲਗਾ ਦਿਤਾ ਜਾਵੇ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ, ਕਿਉਂਕਿ ਇਹ ਪੈਸਾ ਗਰੀਬਾਂ ਦੀ ਜੇਬ ਵਿਚੋਂ ਨਹੀਂ ਨਿਕਲਨਾ। ਡਿਪਟੀ ਸਪੀਕਰ ਸਾਹਿਬ ਇਸ ਤਰੀਕੇ ਨਾਲ ਇਹ ਰਿਸੋਰਸਿਜ਼ ਦੀ ਗਲ ਕਰਦੇ ਹਨ। ਮੈਂ ਅਰਜ਼ ਕਰਾਂ ਕਿ ਉਸ ਵੇਲੇ ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਇਕ ਜਾਇਦਾਦ ਤੇ ਪ੍ਰਾਪਰਟੀ ਟੈਕਸ ਅਤੇ ਹਾਊਸ ਟੈਕਸ ਦੋਨੋਂ ਨਹੀਂ ਹੋਣੇ ਚਾਹੀਦੇ। ਇਕ ਟੈਕਸ ਖ਼ਤਮ ਕਰ ਦਿਤਾ ਜਾਵੇ ਅਤੇ ਜਿਹੜਾ ਰਹੇ ਉਹ ਸਲਾਈਡਿੰਗ ਸਕੇਲ ਤੇ ਲਾਇਆ ਜਾਵੇ, ਜਿਹੜਾ ਗਰੀਬਾਂ ਤੇ ਘੱਟ ਲਗੇ ਅਤੇ ਅਮੀਰਾਂ ਤੇ ਵੱਧ ਲਗੇ। ਦਰ ਭਾਵੇਂ ਸਾਢੇ ਬਾਰਾਂ ਪਰਸੈਂਟ ਤੋਂ ਵਧਾ ਦਿਤੀ ਜਾਵੇ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਫਿਰ ਸ਼ੌ ਟੈਕਸ ਲਗਾਇਆ, ਚੰਗਾ ਕੀਤਾ। ਹੋਰ ਲਗਾਉ। ਪਰ ਗਰੀਬ ਦਾ ਸਿਨੇਮਾ ਕਿਉਂ ਮਹਿੰਗਾ ਕਰ ਦਿਤਾ। ਐਂਟਰਟੇਨਮੈਂਟ ਡਿਊਟੀ ਕਿਉਂ ਵਧਾਈ। ਹਾਲਤ ਇਹ ਹੈ ਕਿ ਇਕ 72 ਰੁਪਏ ਤਨਖਾਹ ਲੈਣ ਵਾਲੇ ਆਰਟਸਿਲਕ ਦੇ ਕਰਮਚਾਰੀ ਨੂੰ ਅਗਰ ਉਹ ਇਕ ਬਤੀ ਦਾ ਕਨੈਕਸ਼ਨ ਮੰਗਦਾ ਹੈ 80 ਰੁਪਏ ਸੀਕਿਉਰਿਟੀ ਮੰਗੀ ਜਾਂਦੀ ਹੈ। (ਵਿਘਨ) ਠੀਕ ਹੈ ਕਾਰਖਾਨੇਦਾਰ ਤੋਂ ਲਉ ਇਕ ਹਜ਼ਾਰ ਤੋਂ ਵੀ ਵਧ ਲਉ ਪਰ ਉਸ ਗਰੀਬ ਤੇ ਇਕ ਬਲਬ ਦਾ ਕਨੈਕਸ਼ਨ ਲੈਣ ਲਈ 80 ਰੁਪਏ ਦੀ ਮੰਗ ਕਰਨਾ ਇਨਸਾਫ ਦੀ ਗਲ ਨਹੀਂ। ਇਹ ਰਿਸੋਰਸਿਜ਼ ਦੀ ਗਲ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਵੈਲਥ ਟੈਕਸ ਤੋਂ ਆਮਦਨੀ ਹੋਣੀ ਸੀ, ਇਹ ਹਾਈ ਕੋਰਟ ਵਿਚ ਚਲੇ ਗਏ, ਜਿਤ ਗਏ। (ਵਿਘਨ) ਠੀਕ ਹੈ ਕਿਸਾਨ ਨਹੀਂ ਦੇ ਸਕਦਾ ਪਰ ਸਵਾਲ ਹੈ ਕਿਹੜਾ ਕਿਸਾਨ? ਉਹ ਜਿਹੜਾ ਗਰੀਬ ਹੈ, ਛੋਟਾ ਕਿਸਾਨ ਹੈ। ਮਗਰ ਜੋ ਸੌ ਵਿਚ ਚਾਰ ਮੋਟੇ ਕਿਸਾਨ ਹਨ, ਜਿਨ੍ਹਾਂ ਵਿਚੋਂ ਆਪ ਵੀ ਹੋ, ਉਹ ਦੇ ਸਕਦਾ ਹੈ, ਉਸ ਤੇ ਲਗਦਾ ਤਾਂ ਉਸ ਨੂੰ ਕੀ ਤਕਲੀਫ ਹੋਣੀ ਸੀ। ਸਰਦਾਰ ਪਰੀਤ ਮੁਹਿੰਦਰ ਸਿੰਘ ਹੋਰੀਂ ਸ਼ੁਰੂ, ਵਿਚ ਲਿਖਦੇ ਹਨ ਕਿ ਪੰਜਾਬ ਦਾ ਕਿਸਾਨ ਪਰਾਸਪਰਸ ਹੈ। ਠੀਕ ਹੈ ਕਿਸਾਨ ਪਰਾਸਪਰਸ ਹੈ ਪਰ ਕਿਹੜਾ ਕਿਸਾਨ? ਉਹ ਜਿਹੜਾ 30 ਸਟੈਂਡਰਡ ਏਕੜ ਤੋਂ ਵਧ ਦਾ ਮਾਲਕ ਹੈ, ਜਿਵੇਂ ਲਾਜਿੰਦਰ ਸਿੰਘ ਬੇਦੀ, ਸਰਦਾਰ ਬਾਦਲ ਜਾਂ ਸਰਦਾਰ ਗੁਰਨਾਮ ਸਿੰਘ। ਅਗਰ ਇਨ੍ਹਾਂ ਤੇ ਵੈਲਥ ਟੈਕਸ ਲਗ ਜਾਵੇ ਤਾਂ ਕੀ ਹਰਜ਼ ਹੈ। ਫਿਰ ਕਹਿੰਦੇ ਹਨ ਕਿ ਰੀਸੋਰਸਿਜ਼ ਨਹੀਂ ਹਨ। (ਵਿਘਨ) ਇਹ ਗਲ ਕਰਦੇ ਹਨ ਕਿ ਇਨ੍ਹਾਂ ਨੇ ਮੁਲਾਜ਼ਮਾਂ ਨੂੰ ਪੈਸੇ ਦਿਤੇ। ਮੈਂ ਇਨ੍ਹਾਂ ਨੂੰ

ਯਾਦ ਦਿਵਾਉਂਦਾ ਹਾਂ ਕਿ ਅਗਰ ਉਸ ਵੇਲੇ ਦੀ ਮਨਿਸਟਰੀ ਵਿਚ ਕਮਯੂਨਿਸਟ ਪਾਰਟੀ ਨਾ ਹੁੰਦੀ ਤਾਂ ਅਕਾਲੀ ਅਤੇ ਜਨਸੰਘ ਪਾਰਟੀਆਂ ਨੇ ਉਨ੍ਹਾਂ ਨੂੰ ਡੀ.ਏ. ਸੈਂਟਰਲ ਰੇਟਸ ਤੇ ਕਦੇ ਨਹੀਂ ਸੀ ਦੇਣਾ, ਇਹ ਤਾਂ ਅਸੀਂ ਇਨ੍ਹਾਂ ਦੇ ਸੰਘੀ ਨੌਂਹ ਦੇ ਕੇ ਦਿਵਾਇਆ ਸੀ। (ਵਿਘਨ) ਹੁਣ ਕਰੈਡਿਟ ਇਹ ਲੈਂਦੇ ਹਨ। ਜਦੋਂ ਅਸੀਂ ਮਨਿਸਟਰੀ ਵਿਚ ਹੁੰਦੇ ਸੀ ਤਾਂ ਸਰਕਾਰ ਵਲੋਂ ਹੋਰ ਹੀ ਕੰਮ ਹੁੰਦੇ ਸੀ। ਉਦੋਂ 5 ਏਕੜ ਵਾਲਿਆਂ ਦਾ ਮਾਲੀਆ ਮਾਫ ਹੋ ਗਿਆ। ਹੁਣ ਇਨ੍ਹਾਂ ਦਾ ਸਾਥੀ ਰੂਪ ਲਾਲ ਰੌਲਾ ਪਾ ਰਿਹਾ ਹੈ... (ਵਿਘਨ) ਕੋਈ ਨਹੀਂ ਸੁਣਦਾ। ਜਿਹੜੀ ਗਲ ਠੀਕ ਕੀਤੀ ਹੈ ਉਸ ਨੂੰ ਠੀਕ ਕਹਾਂਗੇ। ਇਨ੍ਹਾਂ ਨੇ ਜੋ ਬੈਂਕਾਂ ਤੋਂ ਕਰਜ਼ ਲੈਣ ਲਈ ਸਟੈਂਪ ਡਿਊਟੀ ਹਟਾਈ ਉਹ ਠੀਕ ਕਦਮ ਹੈ।

ਇਨ੍ਹਾਂ ਨੇ ਐਂਟੀ ਬੈਗਰੀ ਆਰਡੀਨੈਂਸ ਕੀਤਾ ਸੀ, ਡਾਕਟਰ ਭਗਤ ਸਿੰਘ ਨੇ। ਉਹ ਹੀ ਇਨ੍ਹਾਂ ਵਿਚ ਇਕ ਚੰਗਾ ਬੰਦਾ ਸੀ ਉਸ ਨੂੰ ਹੀ ਚੁਕ ਕੇ ਬਠਿੰਡੇ ਭੇਜ ਰਹੇ ਹਨ। (ਵਿਘਨ)

ਫਿਰ ਲਿੰਕ ਰੋਡਜ਼ ਦਾ ਬੜਾ ਚਰਚਾ ਹੈ। ਪਰ ਡਿਪਟੀ ਸਪੀਕਰ ਸਾਹਿਬ, ਟ੍ਰਿਬਯੂਨ ਵਿਚ ਇਕ ਖਬਰ ਆਈ ਕਿ ਗਵਰਨਮੈਂਟ ਆਫ ਇੰਡੀਆ ਨੇ ਜੋ ਇਨ੍ਹਾਂ ਨੂੰ ਇਕ ਕਰੋੜ ਰੁਪਿਆ ਵੱਡੀਆਂ ਸੜਕਾਂ ਦੀ ਮੁਰੰਮਤ ਲਈ ਦੇਣਾ ਸੀ ਉਹ ਇਨ੍ਹਾਂ ਨੇ ਸਰੰਡਰ ਕਰ ਦਿਤਾ। ਬਾਕੀ ਚੀਪ ਪਾਪੂਲੈਰਿਟੀ ਲੈਣ ਲਈ ਭਾਵੇਂ ਕੂੜ ਗਲਾਂ ਕਰਦੇ ਰਹਿਣ। ਫਿਰ ਕਹਿੰਦੇ ਹਨ ਕਿ ਇੰਡਸਟਰੀਅਲਾਈਜ਼ੇਸ਼ਨ ਬਹੁਤ ਕਰ ਰਹੇ ਹਾਂ। ਇਸ ਬਾਰੇ ਆਪ ਇੰਡਸਟਰੀਅਲ ਵਰਕਰਜ਼ ਦੀ ਗਿਣਤੀ ਦੇਖੋ। 1967 ਵਿਚ ਇਹ ਗਿਣਤੀ ਸੀ 1,05,924 ਅਤੇ 1969 ਵਿਚ ਇਹ ਗਿਣਤੀ 1,05,924 ਸੀ। ਇਸ ਤੋਂ ਅੰਦਾਜ਼ਾ ਲਗਾ ਲਉ ਇਨ੍ਹਾਂ ਨੇ ਕਿੰਨੀ ਇੰਡਸਟਰੀਅਲਾਈਜ਼ੇਸ਼ਨ ਕੀਤੀ ਹੈ।

ਫਿਰ ਇਲੈਕਟਰੀਫਿਕੇਸ਼ਨ ਦੀ ਗਲ ਕਹੀ ਹੈ। ਇਸ ਬਾਰੇ ਲੋਕ ਸਭਾ ਵਿਚ ਇਕ ਸਵਾਲ ਦੇ ਜਵਾਬ ਵਿਚ ਕਿਹਾ ਗਿਆ ਕਿ ਕੇਰਲਾ ਵਿਚ ਸੌ ਵਿਚੋਂ 72 ਪਿੰਡਾਂ ਵਿਚ ਬਿਜਲੀ ਹੈ, ਤਾਮਿਲਨਾਡੂ ਵਿਚ 69 ਵਿਚ ਅਤੇ ਕਿਤੇ ਜਾ ਕੇ 8 ਨੰਬਰ ਤੇ ਪੰਜਾਬ ਦਾ ਨਾਂ ਹੈ ਸੌ ਵਿਚੋਂ 33 ਪਿੰਡਾਂ ਵਿਚ। ਇਹ ਹਾਲਤ ਹੈ, ਇਲੈਕਟਰੀਫਿਕੇਸ਼ਨ ਦੀ ਜਿਸ ਬਾਰੇ ਫੜ੍ਹਾਂ ਮਾਰਦੇ ਹਨ।

ਫਿਰ ਮਾਡਲ ਪਿੰਡਾਂ ਦੀ ਗਲ ਕਰਦੇ ਹਨ। ਮੈਨੂੰ ਖੁਸ਼ੀ ਹੈ ਕਿ ਉਹ ਚੰਗੇ ਪਿੰਡ ਹੋ ਜਾਣਗੇ। ਪਰ ਇਨ੍ਹਾਂ ਨੇ ਇਸ ਲਈ ਜੋ ਪੈਸਾ ਦਿਤਾ ਹੈ ਉਹ ਤਾਂ ਬਹੁਤ ਘਟ ਹੈ। ਫਿਰ ਪੈਸਾ ਇਸ ਕੰਮ ਲਈ ਕਿਥੋਂ ਆਵੇਗਾ ? ਇਹ ਆਵੇਗਾ ਮਾਰਕਿਟਿੰਗ ਕਮੇਟੀਆਂ ਤੋਂ, ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦ ਤੋਂ। 1967 ਵਿਚ ਪਰੋਫੈਸ਼ਨਲ ਟੈਕਸ ਬੰਦ ਕੀਤਾ ਉਸ ਦਾ ਬੋਝ ਸੰਮਤੀਆਂ ਤੇ ਪਿਆ। ਇਸ ਤਰ੍ਹਾਂ ਪਿੰਡਾਂ ਦੀ ਡਿਵੈਲਪਮੈਂਟ ਰੁਕਦੀ ਹੈ। ਅਗਰ ਇਸੇ ਤਰ੍ਹਾਂ ਹੁਣ ਵੀ ਸੌ ਪਿੰਡਾਂ ਦੀ ਡਿਵੈਲਪਮੈਂਟ ਰੋਕ ਕੇ ਦੋ ਪਿੰਡਾਂ ਦੀ ਡਿਵੈਲਪਮੈਂਟ ਕਰਨੀ ਹੈ ਤਾਂ ਇਸ ਵਿਚ ਕਰੈਡਿਟ ਲੈਣ ਵਾਲੀ ਕਿਹੜੀ ਗਲ ਹੈ ? ਇਕ ਬਲਾਕ ਵਿਚ ਅਗਰ ਬਾਕੀ ਦੇ ਪਿੰਡਾਂ ਦੀ ਡਿਵੈਲਪਮੈਂਟ ਰੁਕਦੀ ਹੈ ਅਤੇ ਸਿਰਫ ਦੋ ਪਿੰਡਾਂ ਦੀ ਡਿਵੈਲਪ-ਮੈਂਟ ਹੁੰਦੀ ਹੈ ਤਾਂ ਇਸ ਵਿਚ ਵਾਹ ਵਾਹ ਵਾਲੀ ਕਿਹੜੀ ਗੱਲ ਹੈ ?

ਫਿਰ ਗਰੀਨ ਰੈਵੋਲਿਊਸ਼ਨ ਦੀ ਗਲ ਹੈ। ਠੀਕ ਹੈ ਕਣਕ ਬਹੁਤ ਹੈ, ਛੋਨਾ ਬਹੁਤ ਹੈ। ਪਰ ਇਹ ਵੀ ਵੈਲ ਪਲੈਂਨਡ ਨਹੀਂ ਹੈ। ਪਿੰਡਾਂ ਦਾ ਅਮੀਰ ਕਿਸਾਨ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਨਾਲ ਹੀ ਖੇਤੀ ਬਾੜੀ ਦੇ ਨੁਕਤਾਨਿਗਾਹ ਤੋਂ ਇਹ ਠੀਕ ਨਹੀਂ। ਦਾਲਾਂ ਦੀ ਪੈਦਾਵਾਰ ਘਟੀ ਹੈ, ਮੁਸ਼ਕਲ ਹੋਵੇਗੀ, ਗੰਨੇ ਦੀ ਪੈਦਾਵਾਰ ਘਟੀ ਹੈ, ਮੁਸ਼ਕਲ ਹੋਵੇਗੀ। ਖੇਤੀ ਬਾੜੀ ਦਾ ਕੰਮ ਓਵਰ ਆਲ ਪਲੈਨ ਦੇ ਮੁਤਾਬਿਕ ਨਹੀਂ ਹੈ। ਜਦੋਂ ਬਾਕੀ ਥਾਂ ਵੀ ਅਨਾਜ ਦੀ ਪੈਦਾਵਾਰ ਕਾਫ਼ੀ ਹੋ ਗਈ ਤਾਂ ਪੰਜਾਬ ਦੇ ਅਨਾਜ ਦਾ ਕੋਈ ਗਾਹਕ ਨਹੀਂ ਰਹਿਣਾ ਤਾਂ ਇਥੇ ਖੇਤੀ ਬਾੜੀ ਦਾ ਮੰਦਾ ਹਾਲ

[ਕਾਮਰੇਡ ਸੱਤਪਾਲ ਡਾਂਗ]

ਹੋਵੇਗਾ। ਪਲੈਨਿੰਗ ਨਾ ਹੋਣ ਕਰਕੇ ਅੱਜ ਦਾਲਾਂ ਅਤੇ ਗੰਨੇ ਦੀ ਪੈਦਾਵਾਰ ਵਲ ਧਿਆਨ ਨਹੀਂ ਦਿਤਾ ਜਾ ਰਿਹਾ।

ਫਿਰ ਫਾਜ਼ਿਲਕਾ ਦੀ ਗਲ ਹੋਈ। ਇਸ ਬਾਰੇ ਸਰਦਾਰ ਗੁਰਨਾਮ ਸਿੰਘ ਨੇ ਪਰਸਨਲ ਐਕਸ-ਪਲੇਨੇਸ਼ਨ ਵੀ ਦਿਤਾ। ਮੈਂ ਕੋਈ ਵਕੀਲ ਨਹੀਂ ਪਰ ਇਹ ਮੈਨੂੰ ਪਤਾ ਹੈ ਕਿ ਹਿੰਦ ਸਰਕਾਰ ਨੇ ਜੋ ਫੈਸਲਾ ਕੀਤਾ ਉਸ ਨਾਲ ਪੰਜਾਬ ਨਾਲ ਧੱਕਾ ਹੋਇਆ ਹੈ। ਚੰਡੀਗੜ੍ਹ ਪੰਜਾਬੀ ਬੋਲੀ ਦਾ ਇਲਾਕਾ ਹੈ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਇਸ ਬਾਰੇ ਕਿਹਾ ਗਿਆ ਹੈ ਕਿ 5 ਸਾਲ ਬਾਅਦ ਦਿਤਾ ਜਾਵੇਗਾ। 37 ਪਿੰਡ ਹਿੰਦੀ ਬੋਲੀ ਵਾਲੇ ਪਿੰਡ ਹਨ। ਕਮਿਊਨਿਸਟ ਪਾਰਟੀ ਕਹਿੰਦੀ ਹੈ ਕਿ ਇਹ 37 ਪਿੰਡ ਹਰਿਆਣਾ ਜਾਂ ਰਾਜਸਥਾਨ ਨੂੰ ਦੇ ਦਿਉ। ਮਗਰ ਬਾਕੀ ਦੇ ਪਿੰਡ ਪੰਜਾਬੀ ਬੋਲੀ ਦੇ ਹਨ ਉਹ ਪੰਜਾਬ ਨੂੰ ਮਿਲਣੇ ਚਾਹੀਦੇ ਹਨ। ਮਗਰ ਇਸ ਬਾਰੇ ਮਾਸਟਰ ਗੁਰਬੰਤਾ ਸਿੰਘ ਹੋਰਾਂ ਦੀ ਦਿੱਲੀ ਵਾਲੀ ਸਰਕਾਰ ਨੇ ਪੰਜਾਬ ਨਾਲ ਧੱਕਾ ਕੀਤਾ ਹੈ। ਸੰਤ ਹੋਰੀਂ ਬਰਤ ਤੇ ਬੈਠੇ। ਮੈਂ ਵਕਾਲਤ ਨਹੀਂ ਕੀਤੀ ਪਰ ਇਹ ਸਾਧਾਰਨ ਅਕਲ ਦੀ ਗਲ ਹੈ ਕਿ ਅਗਰ ਸੰਤ ਜੀ ਮਰ ਜਾਂਦੇ ਤਾਂ ਪੰਜਾਬ ਤਬਾਹ ਹੋ ਜਾਣਾ ਸੀ। ਥੋੜ੍ਹੀ ਜਿਹੀ ਅਕਲ ਰੱਖਣ ਵਾਲਾ ਆਦਮੀ ਵੀ ਇਸ ਗਲ ਨੂੰ ਸਮਝ ਸਕਦਾ ਹੈ ਕਿ ਇੰਦਰਾ ਗਾਂਧੀ ਨੇ ਫੈਸਲੇ ਦਾ ਇਲਾਨ ਉਦੋਂ ਕੀਤਾ ਜਦੋਂ ਇਨ੍ਹਾਂ ਨੇ ਉਨ੍ਹਾਂ ਨੂੰ ਲਿਖਕੇ ਦਿਤਾ ਕਿ ਸੰਤ ਜੀ ਬਰਤ ਤੋਂ ਉਠ ਜਾਣਗੇ, ਮਰਨਗੇ ਨਹੀਂ। ਇਸ ਵਿਚ ਸ਼ੱਕ ਨਹੀਂ ਕਿ ਇਸ ਤੋਂ ਬਿਨਾਂ ਪਰਾਈਮ ਮਨਿਸਟਰ ਨੇ ਆਰ-ਬਿਟਰੇਸ਼ਨ ਮਨਜ਼ੂਰ ਨਹੀਂ ਸੀ ਕਰਨੀ। ਇਸ ਲਈ ਉਸ ਫੈਸਲੇ ਦੀ ਜ਼ਿਮੇਵਾਰੀ ਇਨ੍ਹਾਂ ਤੇ ਹੈ। ਇਸ ਐਡਰੈਸ ਵਿਚ ਇਸ ਦਾ ਜ਼ਿਕਰ ਹੈ। ਇਸ ਗਲ ਨੂੰ ਸੋਚ ਕੇ ਕਿਤੇ ਸੰਤ ਜੀ ਸ਼ਹੀਦ ਨਾ ਹੋ ਜਾਣ, ਪੰਜਾਬ ਵਿਚ ਅੱਗ ਨਾ ਲਗ ਜਾਵੇ ਇਨ੍ਹਾਂ ਵਾਅਦਾ ਕੀਤਾ ਕਿ ਚਡੀਗੜ੍ਹ ਦੇ ਬਦਲੇ ਉਹ ਇਲਾਕਾ ਦਿਆਂਗੇ ਜਿਸ ਤੋਂ 10 ਸਾਲਾਂ ਵਿਚ ਤਿੰਨ ਚੰਡੀਗੜ੍ਹ ਬਣ ਸਕਦੇ ਹਨ। ਇਹ ਗਲ ਕਿਉਂ ਹੋਈ? ਇਸ ਲਈ ਕਿ ਇਹ ਸਰਕਾਰ ਜਾਗੀਰਦਾਰਾਂ, ਲੈਂਡਲਾਰਡਜ਼ ਅਤੇ ਰਿਚ ਕਿਸਾਨ ਦੇ ਹੱਕ ਵਿਚ ਚਲਦੀ ਹੈ। ਅਗਰ ਛੋਟਾ ਕਿਸਾਨ ਕਹਿੰਦਾ ਹੈ ਕਿ ਮੇਰੇ ਨਾਲ ਧੱਕਾ ਹੁੰਦਾ ਹੈ ਤਾਂ ਉਸ ਨੂੰ ਕਹਿੰਦੀ ਹੈ ਕਿ ਰਣਜੀਤ ਸਿੰਘ ਤੋਂ ਮਗਰੋਂ ਹੁਣ ਪਹਿਲੀ ਵਾਰ ਸਿਖ ਰਾਜ ਕਾਇਮ ਹੋਇਆ ਹੈ। ਮਗਰ ਰਣਜੀਤ ਸਿੰਘ ਦਾ ਰਾਜ ਸੈਕੂਲਰ ਰਾਜ ਸੀ ਜਦ ਕਿ ਇਹ ਜਗੀਰਦਾਰਾਂ ਅਤੇ ਲੈਂਡਲਾਰਡਜ਼ ਦਾ ਰਾਜ ਹੈ, ਇਸ ਨੂੰ ਇਹ ਸਿਖ ਰਾਜ ਕਹਿੰਦੇ ਹਨ। ਜਦੋਂ ਗਰੀਬ ਕਿਸਾਨ ਜ਼ਮੀਨ ਮੰਗਦਾ ਹੈ ਤਾਂ ਰੋਪੜ ਦਾ ਐਸ. ਪੀ. ਉਸ ਤੇ ਗੋਲੀ ਚਲਾਉਂਦਾ ਹੈ। ਬੇਦੀ ਸਾਹਿਬ ਦੇ ਕਹਿਣ ਤੇ ਇਕ ਸਿਖ ਥਾਨੇਦਾਰ ਨੇ ਇਕ ਸਿਖ ਕਿਸਾਨ ਨੂੰ ਹਲਾਲ ਕਰ ਦਿਤਾ। ਪਰ ਲੋਕਾਂ ਨੂੰ ਕਿਹਾ ਜਾਂਦਾ ਹੈ ਕਿ ਇਹ ਸਿਖ ਰਾਜ ਹੈ। ਮੈਂ ਇਨ੍ਹਾਂ ਨੂੰ ਵਾਰਨਿੰਗ ਦੇਂਦਾ ਹਾਂ ਕਿ ਅਗਰ ਇਹ ਇਸੇ ਤਰ੍ਹਾਂ ਸੈਕੂਲਰਿਜ਼ਮ ਦੇ ਖਿਲਾਫ ਚਲਦੇ ਰਹੇ, ਧਰਮ ਅਤੇ ਪਾਲਿਟਿਕਸ ਨੂੰ ਮਿਲਾਉਂਦੇ ਰਹੇ ਤਾਂ ਪੰਜਾਬ ਦੇ ਨਾਲ ਲਗਣ ਵਾਲੇ ਇਲਾਕੇ ਹਰਿਆਣਾ ਜਾਂ ਹਿਮਾਚਲ ਵਿਚ ਚਲੇ ਜਾਣਗੇ। ਸਰਦਾਰ ਗੁਰਨਾਮ ਸਿੰਘ ਠੀਕ ਹੀ ਕਹਿੰਦਾ ਸੀ ਕਿ ਮੈਂ ਉਨ੍ਹਾਂ ਨੂੰ ਸੰਗਲ ਪਾਕੇ ਰਖ ਲਵਾਂ। (ਹਾਸਾ) ਅਗਰ ਇਸ ਅਕਾਲੀ ਸਰਕਾਰ ਨੇ ਫਾਜ਼ਿਲਕਾ ਦੇ ਨਾਮ ਤੇ ਐਜੀਟੇਸ਼ਨ ਖੜ੍ਹੀ ਕੀਤੀ ਤਾਂ ਹੋਰ ਇਲਾਕਾ ਬਾਹਰ ਚਲਾ ਜਾਵੇਗਾ। ਹਰਿਆਣੇ ਅਤੇ ਹਿਮਾਚਲ ਵਿਚ ਵੀ ਮੁਖਾਲਫ ਐਜੀਟੇਸ਼ਨਾਂ ਚਲਣਗੀਆਂ। ਇਸ ਲਈ ਹੋਣਾ ਇਹ ਚਾਹੀਦਾ ਹੈ ਕਿ ਬੋਲੀ ਦੇ ਆਧਾਰ ਤੇ ਇਨਸਾਫਾਨਾ ਫੈਸਲਾ ਕਰ ਦਿਤਾ ਜਾਵੇ। ਇਹ ਸਰਕਾਰ ਆਪਣੀਆਂ ਨੀਤੀਆਂ ਨੂੰ ਠੀਕ ਕਰੇ। ਜੋ ਫੈਸਲਾ ਕਰੇ ਜਮਹੂਰੀ ਤਰੀਕੇ ਨਾਲ ਦੋਵੇਂ ਪਾਸਿਆਂ ਦੇ ਲੋਕਾਂ ਨਾਲ ਇਨਸਾਫ ਦੇ ਆਧਾਰ ਤੇ ਕੀਤਾ ਜਾਵੇ। ਅਗਰ ਧਰਮ ਅਤੇ ਸਿਆਸਤ ਨੂੰ ਜੋੜ ਕੇ ਹੀ ਗਲ ਕਰਨੀ ਹੈ ਤਾਂ ਨੁਕਸਾਨ ਹੋਵੇਗਾ। (ਵਿਘਨ) ਇਹ ਕਹਿੰਦੇ ਹਨ ਕਿ ਇਹ ਜੁਦੇ ਨਹੀਂ ਹੋ ਸਕਦੇ। ਅਗਰ ਕੜੇ ਹੀ ਵੰਡਣੇ ਹਨ ਤਾਂ ਗ੍ਰੰਥੀ ਬਣ ਜਾਵੇ ਮਨਿਸਟਰ ਕਿਉਂ ਬਣੇ ਹੋਏ ਹੋ। (ਹਾਸਾ)

ਸ੍ਰੀ ਮਨਮੋਹਨ ਕਾਲੀਆ : (ਜਲੰਧਰ, ਦੱਖਣ) ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦਾ ਐਡਰੇਸ ਕਾਨਸਟੀਚੂਸ਼ਨ ਦੀ ਧਾਰਾ 176(1) ਦੇ ਹੇਠਾਂ ਦਿਤਾ ਜਾਂਦਾ ਹੈ। ਉਸ ਧਾਰਾ ਵਿਚ ਕੇਵਲ ਇੰਨਾਂ ਹੀ ਲਿਖਿਆ ਹੋਇਆ ਹੈ।

> At the commencement of the first Session after each general election to the Legislative Assembly and at the commencement of the first Session of each year, the Governor shall address the Legislative Assembly or, in the case of a State having a Legislative Council, both the Houses assembled together and inform the Legislature of the causes of its summons.

ਬਾਕੀ ਪਰੈਕਟਿਸ ਇਹ ਹੈ ਕਿ ਜਿਹੜੇ ਈਵੈਨਟਸ ਗੁਜ਼ਰ ਗਏ ਹਨ ਉਨ੍ਹਾਂ ਦੀ ਬਰਾਡ ਆਊਟ ਲਾਈਨ ਦਿਤੀ ਜਾਂਦੀ ਹੈ ਅਤੇ ਆਉਣ ਵਾਲੀਆਂ ਅਚੀਵਮੈਂਟਸ ਦੇ ਬਾਰੇ ਦਸਿਆ ਜਾਂਦਾ ਹੈ ਕਿ ਇਹ ਕੁਝ ਕੀਤਾ ਜਾਵੇਗਾ। ਪਰ ਅਫਸੋਸ ਦੇ ਨਾਲ ਇਹ ਕਹਿਣਾ ਪੈਂਦਾ ਹੈ ਕਿ ਇਹ ਗਵਰਨਰ ਸਾਹਿਬ ਦਾ ਐਡਰੈਸ ਨਾਉਮੀਦੀ ਦਾ ਮੁਜੱਸਮਾ ਹੈ। ਠੀਕ ਹੈ ਕਿ ਗਵਰਨਰ ਸਾਹਿਬ ਦੇ ਐਡਰੈਸ ਤੇ ਨਾਂ ਤਾਂ ਗਵਰਨਰ ਸਾਹਿਬ ਦਾ ਹੁੰਦਾ ਹੈ ਲੇਕਿਨ ਇਸ ਨੂੰ ਤਿਆਰ ਕਰਦੇ ਹਨ ਸਰਕਾਰ ਦੇ ਵੱਡੇ ਵੱਡੇ ਅਫਸਰ ਅਤੇ ਫਿਰ ਇਸ ਲਈ ਕੈਬੀਨਿਟ ਫੁਲੀ ਰਿਸਪਾਂਸੇਬਲ ਹੁੰਦੀ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਜਿਨ੍ਹਾਂ ਨੇ ਇਸ ਐਡਰੈਸ ਨੂੰ ਤਿਆਰ ਕੀਤਾ ਹੈ ਉਨ੍ਹਾਂ ਨੇ ਮੁੜ ਕੇ ਪੜ੍ਹਨ ਦੀ ਕੋਸ਼ਿਸ਼ ਨਹੀਂ ਕੀਤੀ ਇਸ ਵਿਚ ਕਈ ਗਲਾਂ ਇਸ ਤਰ੍ਹਾਂ ਦੀਆਂ ਲਿਖ ਦਿਤੀਆਂ ਗਈਆਂ ਹਨ ਕਿ ਜਿਹੜੀਆਂ ਭਾਰਤ ਦੇ ਆਇਨ ਦੇ ਵੀ ਖਿਲਾਫ ਹਨ। ਮਿਸਾਲ ਦੇ ਤੌਰ ਤੇ ਪਹਿਰਾ 2 ਦੇ ਪਾਰਟ 2 ਵਿਚ ਇਹ ਲਿਖਿਆ ਹੋਇਆ ਹੈ ਕਿ ਸਬੰਧਤ ਰਾਜੋਂ ਕੀ ਹਦੋਂ ਕਾ ਕੋਈ ਭੀ ਪੁਨਰਗਠਨ ਬੋਲੀ ਜਾਤੀ ਭਾਸ਼ਾ ਕੇ ਆਧਾਰ ਪਰ ਜੋ ਯੋਗ ਢੰਗ ਸੇ ਸਥਾਪਿਤ ਕਿਯੇ ਗਏ ਕਮਿਸ਼ਨ ਦੁਆਰਾ ਜਿਸ ਮੇਂ ਭਾਸ਼ਾ ਵਗਿਆਨੀ ਸ਼ਾਮਿਲ ਹੋਂ, ਨਿਸਚਤ ਹੋਣਾ ਚਾਹੀਦਾ ਹੈ।

ਇਸ ਦੇ ਬਾਰੇ ਅਰਜ਼ ਇਹ ਹੈ ਕਿ ਇਸ ਤਰ੍ਹਾਂ ਦੀ ਕੋਈ ਵੀ ਡਿਕਲੇਰੇਸ਼ਨ ਨਹੀਂ ਕੀਤੀ ਜਾ ਸਕਦੀ ਕਿ ਜਾਤੀ ਦੇ ਅਧਾਰ ਤੇ ਦੇਸ਼ ਵਿਚ ਸੂਬੇ ਬਣਾਏ ਜਾਣ ਇਹ ਗਲ ਕਾਨਸਟੀਚੂਸ਼ਨ ਦੇ ਆਰਟੀਕਲ 15 ਦੀ ਉਲੰਘਣਾ ਹੈ। ਅਤੇ ਇਹ ਗਲ ਅਨਕਾਨਸਟੀਚੂਸ਼ਨਲ ਹੈ। ਇਸ ਨੂੰ ਨਾ ਤਾਂ ਪੰਜਾਬ ਸਰਕਾਰ ਕਰ ਸਕਦੀ ਹੈ ਤੇ ਨਾ ਹੀ ਸੈਂਟਰ ਦੀ ਸਰਕਾਰ ਕਰ ਸਕਦੀ ਹੈ। ਮੈਂ ਹੈਰਾਨ ਹਾਂ ਕਿ ਕਿਸ ਤਰ੍ਹਾਂ ਜਾਤੀ ਦੇ ਅਧਾਰ ਤੇ ਨਵਾਂ ਕਮਿਸ਼ਨ ਸੂਬੇ ਨੂੰ ਰੀਆਰਗੇਨਾਈਜ਼ ਕਰ ਸਕਦਾ ਹੈ। ਬੋਲੀ ਦਾ ਅਧਾਰ ਤਾਂ ਲਿਆ ਜਾ ਸਕਦਾ ਹੈ ਲੇਕਿਨ ਜਾਤੀ ਦਾ ਆਧਾਰ ਨਹੀਂ ਲਿਆ ਜਾ ਸਕਦਾ ਕਲਚਰਲ ਐਸਪੈਕਟ ਨੂੰ ਵੀ ਲਿਆ ਜਾ ਸਕਦਾ ਹੈ ਪਰ ਜਾਤੀ ਦਾ ਅਧਾਰ ਨਹੀਂ ਲਿਆ ਜਾ ਸਕਦਾ ਇਸ ਤੋਂ ਸਾਬਤ ਹੁੰਦਾ ਹੈ ਕਿ ਕਿਸ ਤਰ੍ਹਾਂ ਗਵਰਨਰ ਸਾਹਿਬ ਦੇ ਐਡਰੈਸ ਨੂੰ ਅਣਗਹਿਲੀ ਅਤੇ ਕੇਯਰਲੈਸਨੈਸ ਨਾਲ ਤਿਆਰ ਕੀਤਾ ਗਿਆ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਜਿਹੜੇ ਮੇਜਰ ਇਵੈਂਟਸ ਹੋਏ ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਗਿਆ। ਪਿਛਲੀ ਵੇਰ ਜਦ ਗਵਰਨਰ ਸਾਹਿਬ ਨੇ ਭਾਸ਼ਣ ਦਿਤਾ ਸੀ ਅਤੇ ਇਥੇ ਆਏ ਸਨ ਤਾਂ ਉਸ ਸਮੇਂ ਪੰਜਾਬ ਦਾ ਮੁੱਖ ਮੰਤਰੀ ਹੋਰ ਸੀ ਉਸ ਦੇ ਬਾਦ ਸਰਕਾਰ ਬਦਲ ਗਈ, ਮੁੱਖ ਮੰਤਰੀ ਹੋਰ ਆ ਗਏ ਗਿੱਲ ਸਾਹਿਬ ਦੀ ਸਰਕਾਰ ਬਣੀ ਇਸ ਦਾ ਕੋਈ ਜ਼ਿਕਰ ਐਡਰੈਸ ਵਿਚ ਨਹੀਂ। ਕਿੰਨਾਂ ਹਾਲਾਤ ਵਿਚ ਸਰਕਾਰ ਬਦਲੀ ਇਸ ਦਾ ਕੋਈ ਜ਼ਿਕਰ ਨਹੀਂ। ਫਿਰ ਅਕਾਲੀ ਦਲ ਦੀ ਜਨ ਸੰਘ ਦੇ ਨਾਲ ਕੋਲੀਸ਼ਨ ਬਣੀ ਇਸ ਦੇ ਬਾਰੇ ਉਨ੍ਹਾਂ ਹਾਲਾਤ ਦਾ ਕੋਈ ਜ਼ਿਕਰ ਨਹੀਂ। ਫਿਰ ਕਿਸ ਤਰ੍ਹਾਂ ਅਤੇ ਕਿਨਾਂ ਹਾਲਾਤ ਵਿਚ ਜਨਸੰਘ ਨੂੰ ਇਸ ਸਰਕਾਰ ਤੋਂ ਬਾਹਰ ਨਿਕਲਣਾ ਪਿਆ

[ਸ੍ਰੀ ਮਨਮੋਹਨ ਕਾਲੀਆ]
ਇਸ ਦਾ ਕੋਈ ਜ਼ਿਕਰ ਨਹੀਂ (ਵਿਘਨ) ਮੇਰੀ ਪਾਰਟੀ ਅਕਾਲੀ ਦਲ ਦੇ ਨਾਲ ਸੀ ਪਰ ਕਿਨਾਂ ਹਾਲਤ ਕਾਰਨ ਇਨ੍ਹਾਂ ਨੂੰ ਬਾਹਰ ਆਣਾ ਪਿਆ ਇਸ ਦਾ ਕੋਈ ਜ਼ਿਕਰ ਨਹੀਂ (ਵਿਘਨ)

(**ਸਰਦਾਰ ਸਰੂਪ ਸਿੰਘ** : ਕਿਉਂ ਹੁਣ ਹੌਕੇ ਭਰਦੇ ਹੋ) (ਹਾਸਾ)

ਇਹ ਇਕ ਅਸੂਲਾਂ ਦੀ ਗਲ ਸੀ ਅਤੇ ਇਸ ਵਿਚ ਪੋਲੀਟੀਕਲ ਬੀਟਰੇਅਲ ਕੀਤੀ ਗਈ ਸੀ। 13 ਫਰਵਰੀ, 1969 ਨੂੰ ਗੱਲਾਂ ਮੰਨ ਕੇ ਪਰੈਸ ਸਟੇਟਮੈਂਟ ਦਿਤੇ ਗਏ ਪਰ ਫਿਰ ਕਿਨ੍ਹਾਂ ਹਾਲਾਤ ਵਿਚ ਇਹ ਮੁਕਰ ਗਏ। ਫਿਰ 13 ਮਾਰਚ, 1970 ਨੂੰ ਇਨ੍ਹਾਂ ਨੇ ਕੀ ਕਿਹਾ ਅਤੇ ਕਿਸ ਤਰ੍ਹਾਂ ਇਕ ਜਾਇੰਟ ਕਮਿਊਨੀਕ ਜਾਰੀ ਕੀਤਾ ਗਿਆ ਅਤੇ ਫਿਰ ਜਦ ਸਾਡੀ ਪਾਰਟੀ ਇਨ੍ਹਾਂ ਤੋਂ ਬਾਹਰ ਆਈ ਤਾਂ ਕਿਨ੍ਹਾਂ ਕਾਰਨਾਂ ਕਰਕੇ ਆਈ ਕਿ ਹਿੰਦੀ ਬੋਲੀ ਨਾਲ ਧੱਕਾ ਕੀਤਾ ਜਾ ਰਿਹਾ ਸੀ ਅਤੇ ਹਰੀਜਨਾਂ ਤੇ ਜ਼ੁਲਮ ਕੀਤੇ ਜਾ ਰਹੇ ਸਨ ਅਤੇ ਸਰਕਾਰੀ ਜਾਇਦਾਦ ਅਤੇ ਪਰਾਈਵੇਟ ਜਾਇਦਾਦ ਤੇ ਨਾਜਾਇਜ਼ ਕਬਜ਼ੇ ਕੀਤੇ ਜਾ ਰਹੇ ਸਨ ਮਜ਼ਹਬ ਦੇ ਨਾਂ ਤੇ ਅਤੇ ਨਿਸ਼ਾਨ ਸਾਹਿਬ ਲਗਾ ਕੇ ਕਬਜ਼ੇ ਕੀਤੇ ਜਾ ਰਹੇ ਸਨ ਜਿਨ੍ਹਾਂ ਦੇ ਖਿਲਾਫ਼ ਕੋਈ ਐਕਸ਼ਨ ਨਹੀਂ ਸੀ ਲਿਆ ਜਾ ਰਿਹਾ ਇਸ ਲਈ ਅਸੀਂ ਬਾਹਰ ਆਏ ਇਨ੍ਹਾਂ ਗੱਲਾਂ ਦਾ ਕੋਈ ਜ਼ਿਕਰ ਇਸ ਐਡਰੈਸ ਵਿਚ ਨਹੀਂ ਹੈ।

ਇਕ ਗਲ ਦਾ ਹੋਰ ਇਸ ਐਡਰੈਸ ਵਿਚ ਜ਼ਿਕਰ ਨਹੀਂ ਉਹ ਹੈ ਪੋਲੀਟੀਕਲ ਡਿਫੈਕਸ਼ਨਜ਼ ਜਿਸ ਦੇ ਬਾਰੇ ਸਰਦਾਰ ਗੁਰਬੰਤਾ ਸਿੰਘ ਹੋਰਾਂ ਆਪਣੀ ਤਕਰੀਰ ਕੀਤੀ ਵਿਚ ਜ਼ਿਕਰ ਕੀਤਾ ਸੀ। ਅਤੇ ਕਿਸ ਤਰੀਕੇ ਨਾਲ ਲੋਕਾਂ ਨੇ ਇਸ ਗਲ ਨੂੰ ਰਿਜੈਕਟ ਕੀਤਾ ਅਤੇ ਨਾ ਪਸੰਦ ਕੀਤਾ। ਇਕ ਐਮ. ਐਲ. ਏ. ਹੈ ਉਹ ਆਪਣੀ ਪਾਰਟੀ ਤੋਂ ਹਟ ਕੇ ਸੱਤਾਧਾਰੀ ਪਾਰਟੀ ਵਿਚ ਸ਼ਾਮਿਲ ਹੋ ਜਾਂਦਾ ਹੈ ਅਤੇ ਉਸ ਨੂੰ ਵਜ਼ੀਰ ਬਣਾ ਦਿਤਾ ਜਾਂਦਾ ਹੈ। ਫਿਰ ਉਹ ਵਜ਼ੀਰ ਬਣ ਕੇ ਆਪਣੇ ਹਲਕੇ ਵਿਚ ਜਾਂਦਾ ਹੈ ਅਤੇ ਆਤਸ਼ਬਾਜ਼ੀ ਚਲਾਈ ਜਾਂਦੀ ਹੈ ਅਤੇ ਖੁਸ਼ੀ ਮਨਾਈ ਜਾਂਦੀ ਹੈ ਕਿਉਂਕਿ ਵਜ਼ੀਰ ਇਹ ਕਹਿੰਦਾ ਹੈ ਕਿ ਮੈਂ ਹੁਣ ਵਜ਼ੀਰ ਬਣ ਕੇ ਆਇਆ ਹਾਂ। ਇਕ ਉਥੇ ਬੁਢਾ ਬਜ਼ੁਰਗ ਸਿਆਣਾ ਸੀ ਉਸ ਨੇ ਕਿਹਾ ਕਿ ਇਹ ਕੀ ਕਰ ਰਹੇ ਹੋ ਤਾਂ ਵਜ਼ੀਰ ਨੇ ਕਿਹਾ ਕਿ ਤਾਊ ਹਮ ਆਤਸ਼ਬਾਜ਼ੀ ਛੂਟਸ ਹੈ (ਹਾਸਾ) ਮੈਂ ਸਾਰਾ ਡਾਇਲਾਗ ਸੁਣਾ ਰਿਹਾ ਹਾਂ ਫਿਰ ਉਸ ਕਿਹਾ ਕਿ ਕੌਣ ਵਜ਼ੀਰ ਤਾਂ ਉਸ ਵਜ਼ੀਰ ਨੇ ਕਿਹਾ ਕਿ ਮੈਂ ਜੋ ਹੂੰ ਤਾਂ ਉਸ ਸਿਆਣੇ ਨੇ ਕਿਹਾ ਕਿ ਆਤਸ਼ਬਾਜ਼ੀ ਤੋਂ ਤਬ ਚਲਾਈ ਜਾਤੀ ਹੈ ਜਬ ਲੜਕੀ ਕੀ ਸ਼ਾਦੀ ਕੀ ਜਾਏ ਲੇਕਿਨ ਜੋ ਲੜਕੀ ਅਪਨੇ ਮਾਂ ਬਾਪ ਕੇ ਘਰ ਸੇ ਭਾਗ ਜਾਏ ਔਰ ਦੂਸਰੇ ਕੇ ਘਰ ਮੇਂ ਚਲੀ ਜਾਏ ਤੋਂ ਫਿਰ ਕਿਆ ਤੁਮ ਆਤਸ਼ਬਾਜ਼ੀ ਛੋੜੋਗੇ (ਹਾਸਾ) ਕਾਂਗਰਸ ਦਲ ਵਲੋਂ ਪ੍ਰਸੰਸਾ। ਇਹ ਹਾਲਤ ਹੈ ਪੋਲੀਟੀਕਲ ਡੀਗਰੇਡੇਸ਼ਨ ਦੀ ਅਤੇ ਡੀਜਨਰੇਸ਼ਨ ਦੀ। ਇਹ ਇਸ ਦੇਸ਼ ਵਿਚ ਹੀ ਨਹੀਂ ਬਾਹਰਲੇ ਦੇਸਾਂ ਵਿਚ ਵੀ ਹੁੰਦੀ ਹੈ ਪਰ ਇਸ ਤਰ੍ਹਾਂ ਦੀ ਨਹੀਂ ਜਿਸ ਤਰ੍ਹਾਂ ਦੀ ਕਿ ਸਾਡੇ ਰਾਜ ਵਿਚ ਕੀਤੀ ਜਾ ਰਹੀ ਹੈ। ਇਕ ਵੇਰ ਵਾਲਪੋਲ ਨੇ ਜਿਹੜਾ ਕਿ ਬਰਿਟਿਸ਼ ਲੀਡਰ ਸੀ ਅਤੇ ਪਾਰਲੀਮੈਂਟੇਰੀਅਨ ਸੀ ਨੇ ਇਹ ਕਿਹਾ ਸੀ ਕਿ The honesty of a man and the chastity of a woman are unknown things for me. They have their own price. ਇਸ ਤਰ੍ਹਾਂ ਨਾਲ ਕਰੈਕਟਰ ਦੇ ਬੰਦੇ ਹੁੰਦੇ ਸਨ ਅਤੇ ਇਮਾਨਦਾਰੀ ਨਾਲ ਲੋਕ ਖਰੀਦੇ ਜਾਂਦੇ ਸਨ ਪਰ ਇਸ ਤਰ੍ਹਾਂ ਨਹੀਂ ਜਿਸ ਤਰ੍ਹਾਂ ਕਿ ਪੰਜਾਬ ਵਿਚ ਕੀਤਾ ਜਾ ਰਿਹਾ ਹੈ। ਇਹ ਗਲ ਵੀ ਅਜ ਦੀ ਨਹੀਂ 400 ਸਾਲ ਪਹਿਲਾਂ ਦੀ ਗਲ ਹੈ। ਪਿਛੇ ਜਿਹੇ ਇਥੇ ਕੈਨੇਡਾ ਦੇ ਸਪੀਕਰ ਸਾਹਿਬ ਆਏ ਸਨ ਤਾਂ ਮੈਂ ਉਨ੍ਹਾਂ ਨੂੰ ਮਿਲਿਆ ਅਤੇ ਗਲ ਕੀਤੀ ਸਿਧੀ ਨਹੀਂ ਸਗੋਂ ਇਕ ਜਨਰਲ ਗਲ ਕੀਤੀ ਡਿਫੈਕਸ਼ਨਾਂ ਦੇ ਬਾਰੇ ਤਾਂ ਉਹ ਹੈਰਾਨ ਹੋ ਗਏ। ਉਨ੍ਹਾਂ ਕਿਹਾ ਕਿ ਪੋਲੀਟੀਕਲ ਪਾਰਟੀਆਂ ਵਿਚ ਤਾਂ

ਕੋਲੀਸ਼ਨ ਕੀਤੀ ਜਾ ਸਕਦੀ ਹੈ ਅਤੇ ਹੁੰਦੀ ਹੈ ਕਿਸੇ ਇਕ ਪਰੋਗਰਾਮ ਨੂੰ ਸਾਹਮਣੇ ਰਖ ਕੇ ਪਰ ਮੈਂਬਰਾਂ ਵਿਚ ਇਸ ਤਰ੍ਹਾਂ ਦੀ ਡਿਫੈਕਸ਼ਨ ਕਦੇ ਨਹੀਂ ਵੇਖੀ ਜਾਂ ਸੁਣੀ ਗਈ। ਇਕ ਮੈਂਬਰ ਇਕ ਸੀਟ ਤੋਂ ਜਿਤ ਕੇ ਆਉਂਦਾ ਹੈ ਅਤੇ ਉਸ ਇਲਾਕੇ ਦੀਆਂ ਵੋਟਾਂ ਲੈ ਕੇ ਆਉਂਦਾ ਹੈ ਉਨ੍ਹਾਂ ਵੋਟਰਾਂ ਦੇ ਦਿਲ ਵਿਚ ਕੀ ਹਾਲਤ ਹੁੰਦੀ ਹੈ ਜਦ ਕਿ ਉਹ ਡਿਫੈਕਸ਼ਨ ਕਰ ਜਾਵੇ। ਉਸ ਦਾ ਅਹਿਸਾਸ ਕਰਨਾ ਚਾਹੀਦਾ ਹੈ। ਲੋਕੀ ਉਸ ਇਲਾਕੇ ਵਿਚ ਅਪਣਾ ਸਿਰ ਪਟਕ ਕੇ ਅਤੇ ਬੜੇ ਜ਼ੋਰ ਨਾਲ ਉਸ ਨੂੰ ਜਿਤਾਂਦੇ ਹਨ ਅਤੇ ਫਿਰ ਉਹ ਡਿਫੈਕਸ਼ਨ ਕਰਕੇ ਦੂਜੇ ਪਾਸੇ ਜਾ ਰਲਦਾ ਹੈ ਇਸ ਤਰ੍ਹਾਂ ਦੀਆਂ ਡਿਫੈਕਸ਼ਨਾਂ ਦੇ ਬਾਰੇ ਗਵਰ-ਨਰ ਸਾਹਿਬ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਦੇ ਬਾਰੇ ਵਿਚ ਕਾਨੂੰਨ ਬਨਾਣਾ ਚਾਹੀਦਾ ਹੈ ਤਾਂ ਕਿ ਇਹ ਬਿਮਾਰੀ ਸਦਾ ਲਈ ਦੂਰ ਹੋ ਸਕੇ। ਜੇਕਰ ਇਸ ਤਰ੍ਹਾਂ ਡਿਫੈਕਸ਼ਨ ਕਰਨਾ ਹੋਵੇ ਤਾਂ ਪਹਿਲਾ ਉਹ ਪਾਰਟੀ ਤੋਂ ਅਸਤੀਫਾ ਦੇਵੇ ਅਤੇ ਫਿਰ ਅਸੈਂਬਲੀ ਦੀ ਸੀਟ ਖਾਲੀ ਕਰੇ ਅਤੇ ਫਿਰ ਦੁਬਾਰਾ ਨਵੀਂ ਪਾਰਟੀ ਦੇ ਟਿਕਟ ਤੇ ਚੋਣ ਲੜਕੇ ਆਵੇ। ਇਸ ਦੇ ਬਾਰੇ ਕਈ ਮਿਸਾਲਾਂ ਹਨ। ਸਾਡੇ ਪੰਜਾਬ ਦੇ ਇਕ ਸਾਬਕ ਗਵਰਨਰ ਸਾਹਿਬ ਹਾਫਜ਼ ਮੁਹੰਮਦ ਇਬਰਾਹੀਮ ਜੀ ਸਨ ਉਹ ਮੁਸਲਮ ਲੀਗ ਦੀ ਟਿਕਟ ਤੋਂ ਇਲੈਕਸ਼ਨ ਜਿਤ ਕੇ ਆਏ ਸਨ ਪਰ ਜਦ ਉਨ੍ਹਾਂ ਕਾਂਗਰਸ ਜਾਇਨ ਕਰਨ ਦਾ ਮਨ ਬਣਾਇਆ ਤਾਂ ਪਹਿਲਾਂ ਅਸੈਂਬਲੀ ਤੋਂ ਅਸਤੀਫਾ ਦਿਤਾ ਫਿਰ ਪਾਰਟੀ ਤੋਂ ਅਸਤੀਫਾ ਦਿਤਾ ਅਤੇ ਫਿਰ ਕਾਂਗਰਸ ਦੀ ਟਿਕਟ ਤੇ ਇਲੈਕਸ਼ਨ ਜਿਤ ਕੇ ਆਏ ਸਨ (ਕਾਂਗਰਸ ਦਲ ਵਲੋਂ ਪ੍ਰਸੰਸਾ) ਇਸ ਤਰ੍ਹਾਂ ਦੀਆਂ ਮਿਸਾਲਾਂ ਦੇਸ਼ ਭਰ ਵਿਚ ਹਨ। ਇਹ ਸਮੇਂ ਦੀ ਮੰਗ ਹੈ ਕਿ ਇਸ ਤਰ੍ਹਾਂ ਡਿਫੈਕ-ਸ਼ਨਾਂ ਨਹੀਂ ਹੋਣੀਆਂ ਚਾਹੀਦੀਆਂ ਨਹੀਂ ਤਾਂ ਜਿਸ ਪਾਸੇ ਅਸੀਂ ਜਾ ਰਹੇ ਹਾਂ ਸਾਡੀਆਂ ਆਣ ਵਾਲੀਆਂ ਨਸਲਾਂ ਦੇ ਅੱਗੇ ਅਸੀਂ ਕੀ ਇਮੇਜ ਆਪਣਾ ਰਖਾਂਗੇ ਕਿ ਡੈਮੋਕਰੇਸੀ ਵਿਚ ਇਸ ਤਰ੍ਹਾਂ ਹੁੰਦਾ ਰਿਹਾ ਹੈ ? ਇਹ ਵਡੀ ਬਦਕਿਸਮਤੀ ਦੀ ਗਲ ਹੈ ਜਿਸ ਦਾ ਜ਼ਿਕਰ ਗਵਰਨਰ ਸਾਹਿਬ ਦੇ ਅਡਰੈਸ ਵਿਚ ਨਹੀਂ ਕੀਤਾ ਗਿਆ।

ਆਮ ਤੌਰ ਤੇ ਐਮ. ਐਲ. ਏ. ਜਦ ਕੋਈ ਡਿਫੈਕਸ਼ਨ ਕਰਦਾ ਹੈ ਤਾਂ ਇਹ ਕਹਿੰਦਾ ਹੈ ਕਿ ਮੈਂ ਲੋਕਾਂ ਦੀ ਸੇਵਾ ਲਈ ਦੂਜੀ ਪਾਰਟੀ ਵਿਚ ਜਾ ਰਿਹਾ ਹਾਂ। ਪਰ ਇਹ ਗਲਤ ਦਲੀਲ ਹੈ। ਅਸਾਡੀ ਜਿਹੜੀ ਫੌਜ ਹੈ ਇਸ ਵਿਚ ਕੋਈ ਮਦਰਾਸ ਵਿਚ ਬੈਠਾ ਹੈ ਅਤੇ ਕੋਈ ਬੰਗਾਲ ਵਿਚ ਬੈਠਾ ਹੈ ਅਤੇ ਕੋਈ ਕੈਰਲ ਵਿਚ ਹੈ ਤਾਂ ਜਦ ਕੋਈ ਸੰਕਟ ਬਣੇ ਤਾਂ ਕੀ ਉਹ ਸੇਵਾ ਨਹੀਂ ਕਰਦਾ। ਇਹ ਤਾਂ ਇਕ ਬਹਾਨਾਸਾਜ਼ੀ ਹੈ ਜਿਹੜੀ ਕਿ ਡਿਫੈਕਸ਼ਨ ਕਰਨ ਵਾਲੇ ਕਰਦੇ ਹਨ। ਇਸ ਲਈ ਮੈਂ ਮੁੱਖ ਮੰਤਰੀ ਨੂੰ ਕਹਾਂਗਾ ਕਿ ਦੇਸ਼ ਹੁਣ ਜਮਹੂਰੀਅਤ ਦੀ ਰਵਾਨੀ ਤੇ ਪਿਆ ਹੋਇਆ ਹੈ ਇਸ ਲਈ ਹੋ ਸਕਦਾ ਹੈ ਕਿ ਅਜ ਦੀ ਜਿਹੜੀ ਅਪੋਜ਼ੀਸ਼ਨ ਪਾਰਟੀ ਹੈ ਉਹ ਹਕੂਮਤ ਨੂੰ ਸੰਭਾਲ ਲਏ। ਇਸ ਲਈ ਹੈਲਦੀ ਕਨਵੈਨਸ਼ਨ ਕਾਇਮ ਕਰਨੀ ਚਾਹੀਦੀ ਸੀ। ਜਦ ਗਿਲ ਸਾਹਿਬ ਨੇ ਡਿਫੈਕਸ਼ਨ ਕੀਤਾ ਸੀ ਅਤੇ ਆਪਣੀ ਹਕੂਮਤ ਬਣਾਈ ਸੀ ਤਾਂ ਅਕਾਲੀ ਪਾਰਟੀ ਨੇ ਰੰਜਸ਼ ਪ੍ਰਗਟ ਕੀਤੀ ਸੀ ਇਸ ਲਈ ਮੈਂ ਕਹਾਂਗਾ ਕਿ ਡਿਫੈਕਸ਼ਨਾਂ ਨੂੰ ਰੋਕਣ ਲਈ ਪਰਯਤਨ ਕਰਨੇ ਚਾਹੀਦੇ ਹਨ ਇਨ੍ਹਾਂ ਯਤਨਾਂ ਬਾਰੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਦੇ ਬਾਰੇ ਵਿਚ ਕਾਨੂੰਨ ਬਣਾਉਣਾ ਚਾਹੀਦਾ ਹੈ।

ਫਿਰ ਇਥੇ ਡਿਪਟੀ ਸਪੀਕਰ ਸਾਹਿਬ ਚੰਡੀਗੜ੍ਹ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ ਮੈਂ ਇਸ ਸਬੰਧ ਵਿਚ ਇਹ ਅਰਜ਼ ਕਰਦਾ ਹਾਂ ਕਿ ਇਕ ਸਮੇਂ ਇਸ ਸਬੰਧ ਵਿਚ ਇਹ ਪ੍ਰਪੋਜ਼ਲ ਸੀ ਕਿ ਚੰਡੀਗੜ੍ਹ ਨੂੰ 30 ਅਤੇ 70 ਦੀ ਰੇਸ਼ੋ ਨਾਲ ਵੰਡ ਦਿਤਾ ਜਾਵੇ ਅਤੇ ਫਿਰ ਇਹ ਕਿ ਤੀਜਾ ਹਿਸਾ ਹਰਿਆਨੇ ਨੂੰ ਦੇ ਦਿਤਾ ਜਾਵੇ ਜੇਕਰ ਇਸ ਤਰ੍ਹਾਂ ਦੀ ਪ੍ਰਪੋਜ਼ਲ ਨਾਲ ਇਸ ਨੂੰ ਵੰਡ ਦਿਤਾ ਜਾਂਦਾ ਤਾਂ 12 ਸੈਕਟਰ ਹਰਿਆਨੇ ਨੂੰ ਅਤੇ 24 ਪੰਜਾਬ ਨੂੰ ਆਉਣੇ ਸਨ ਪਰ ਹੁਣ ਜਿਹੜਾ ਫੈਸਲਾ ਇਨ੍ਹਾਂ ਮੰਨਿਆ ਹੈ

[ਸ੍ਰੀ ਮਨਮੋਹਨ ਕਾਲੀਆ]

ਇਸ ਨਾਲ ਵੀ 6 ਸੈਕਟਰ ਹਰਿਆਨੇ ਨੂੰ ਦੇ ਦਿਤੇ ਗਏ ਹਨ ਅਤੇ ਇਸ ਦੇ ਨਾਲ ਫਾਜ਼ਿਲਕਾ ਅਤੇ ਅਬੋਹਰ ਦਾ ਇਲਾਕਾ ਵੀ ਉਨ੍ਹਾਂ ਨੂੰ ਦਿਤਾ ਗਿਆ ਹੈ। ਸਿਰਫ 6 ਸੈਕਟਰਾਂ ਪਿਛੇ ਇਨ੍ਹਾਂ ਨੇ ਇਸ ਫੈਸਲੇ ਨੂੰ ਮਨ ਲਿਆ ਸੀ। ਇਹ ਕਹਿੰਦੇ ਸ਼ਰਮ ਆਉਂਦੀ ਹੈ ਕਿ ਅਕਾਲੀ ਦਲ ਉਸ ਵੇਲੇ ਬਿਗ ਪਾਰਟਨਰ ਸਨ ਪਰ ਇਨ੍ਹਾਂ ਨੇ ਇਸ ਫੈਸਲੇ ਨੂੰ ਮੰਨ ਲਿਆ ਅਤੇ ਗਲਤ ਤੌਰ ਤੇ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾਣ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਨੇ 6 ਸੈਕਟਰਾਂ ਦੀ ਖਾਤਰ ਫਾਜ਼ਿਲਕਾ ਅਤੇ ਅਬੋਹਰ ਹਰਿਆਨੇ ਨੂੰ ਦੇਣਾ ਮੰਨ ਲਿਆ ਹੁਣ ਵੀ ਉਨ੍ਹਾਂ 12 ਸੈਕਟਰਾਂ ਵਿਚੋਂ 6 ਹੀ ਇਨ੍ਹਾਂ ਨੂੰ ਮਿਲੇ ਹਨ ਅਤੇ 6 ਹਰਿਆਨੇ ਨੂੰ ਚਲੇ ਗਏ ਹਨ। ਇਹ ਇਕ ਗਲਤ ਕਿਸਮ ਦਾ ਡਿਸਿਜ਼ਨ ਸੀ ਅਤੇ ਸਿਆਸੀ ਦਬਾ ਹੇਠ ਆ ਕੇ ਕੀਤਾ ਗਿਆ ਮਰਨ ਵਰਤ ਦੀ ਧਮਕੀ ਤੇ ਇਹ ਕੀਤਾ ਗਿਆ।

ਜਿਤਨੇ ਵੀ ਬਾਊਂਡਰੀ ਡਿਸਪਿਊਟਸ ਹਨ ਉਨ੍ਹਾਂ ਦੇ ਵਿਚ ਕਿਸੇ ਤਰ੍ਹਾਂ ਦੀ ਵੀ ਤਲਖੀ ਨਹੀਂ ਹੋਣੀ ਚਾਹੀਦੀ, ਜਿਹੜਾ ਵੀ ਕੋਈ ਫੈਸਲਾ ਕਰਨਾ ਹੋਵੇ ਉਹ ਮਿਲ ਬੈਠ ਕੇ ਕਰਨਾ ਚਾਹੀਦਾ ਹੈ। ਸਾਰਿਆਂ ਤੋਂ ਵਡੀ ਗਲ ਤਾਂ ਇਹ ਹੈ ਕਿ ਜਿਹੜਾ ਵੀ ਬਾਊਂਡਰੀ ਕਮਿਸ਼ਨ ਹੋਵੇ ਉਹ ਹਾਈ ਪਾਵਰ ਕਮਿਸ਼ਨ ਹੋਣਾ ਚਾਹੀਦਾ ਹੈ। ਇਸ ਬਾਰੇ ਹਾਊਸ ਵਿਚ ਚੀਫ ਮਨਿਸਟਰ ਸਾਹਿਬ ਨੂੰ ਕਮਿਟਮੈਂਟ ਦੇਣੀ ਚਾਹੀਦੀ ਹੈ।

ਜਿਥੋਂ ਤਕ ਲਾ ਐਂਡ ਆਰਡਰ ਦੀ ਸਿਚੂਏਸ਼ਨ ਦਾ ਸਵਾਲ ਹੈ। ਮੈਂ ਇਥੇ ਇਹੋ ਅਰਜ਼ ਕਰਾਂਗਾ ਕਿ ਪੰਜਾਬ ਦੀ ਤੁਸੀਂ ਕੋਈ ਵੀ ਲੀਡਿੰਗ ਅਖਬਾਰ ਚੁਕ ਕੇ ਵੇਖ ਲਓ। ਰੋਜ਼ ਦੀਆਂ ਅਖਬਾਰਾਂ ਪੜ੍ਹ ਕੇ ਵੇਖੋ ਕਿ ਕਿਸ ਤਰ੍ਹਾਂ ਕਰਾਈਮ ਵਧਦਾ ਜਾ ਰਿਹਾ ਹੈ। ਤੁਸੀਂ ਅਜ ਦੀ ਹੀ ਅਖਬਾਰ ਵੇਖ ਲਉ ਕੀ ਲਿਖਿਆ ਹੈ ਕਿ "ਗੁੰਡੋਂ ਨੇ ਸਰੇ ਬਾਜ਼ਾਰ ਏਕ ਲੜਕੀ ਪਰ ਹਮਲਾ ਕੀਆ, ਪੁਲੀਸ ਬੁਲਾਨੇ ਕੇ ਬਾਵਜੂਦ ਭੀ ਮੌਕਾ ਪਰ ਨਾ ਪਹੁੰਚ ਸਕੀ" ਇਸ ਦੇ ਬਾਅਦ ਕੀ ਹੁੰਦਾ ਹੈ ਕਿ ਗੁੰਡੇ ਛੁਰਾ ਕਰ ਚਲੇ ਗਏ ਔਰ ਪੁਲੀਸ ਕੁਛ ਨਾ ਕਰ ਸਕੀ। ਇਹ ਹਾਲਤ ਹੈ ਸਾਡੇ ਸੂਬੇ ਦੇ ਲਾ ਐਂਡ ਆਰਡਰ ਦੀ। ਮੈਂ ਮੰਨਦਾ ਹਾਂ ਕਿ ਹਰ ਕੰਟਰੀ ਦੇ ਵਿਚ ਕਰਾਈਮ ਹੁੰਦੇ ਹਨ ਪਰ ਜਿਥੋਂ ਤਕ ਡੀਟੈਕਟ ਕਰਨ ਦਾ, ਜੁਰਮ ਦਾ ਸਵਾਲ ਹੈ, ਉਸ ਬਾਰੇ ਪੁਲੀਸ ਬੜੀ ਹੀ ਸਪੀਡੀ ਐਕਸ਼ਨ ਲੈਂਦੀ ਹੈ। ਪਰ ਇਥੇ ਦੀ ਹਾਲਤ ਇਹ ਹੈ ਕਿ ਜੁਰਮ ਡੀਟੈਕਟ ਨਹੀਂ ਹੁੰਦੇ ਅਤੇ ਜਰਾਇਮ ਵਧਦੇ ਹੀ ਜਾਂਦੇ ਹਨ। ਕਿਸੇ ਕੇਸ ਦੀ ਉਦੋਂ ਤਕ ਕੋਈ ਸੁਨਵਾਈ ਨਹੀਂ ਹੁੰਦੀ ਜਦੋਂ ਤਕ ਕਿ ਐਫ. ਆਈ. ਆਰ. ਦਰਜ ਨਾ ਹੋ ਜਾਵੇ। ਇਹ ਗਲ ਕੋਈ ਕਰੈਡੀਟੇਬਲ ਨਹੀਂ ਕਿ ਲਗਾਤਾਰ ਅਰਸੇ ਤੱਕ ਕੇਸ ਦਾ ਪਤਾ ਹੀ ਨਹੀਂ ਚਲਦਾ ਅਤੇ ਕੋਰਟਸ ਤੱਕ ਕੇਸਿਜ਼ ਚਲੇ ਜਾਂਦੇ ਹਨ, ਬਗੈਰ ਟਰੇਸ ਹੋਇਆਂ ਤੋਂ। ਇਹ ਪਤਾ ਹੀ ਨਹੀਂ ਚਲਦਾ ਕਿ ਅਪਰਾਧੀ ਕੌਣ ਹੈ। ਪੁਲੀਸ ਤੇ ਸਰਕਾਰ ਇਤਨਾ ਖਰਚ ਕਰ ਰਹੀ ਹੈ ਕਿ ਟਾਪ ਹੈਵੀ ਹੈ ਇਸ ਨੂੰ ਐਕਸ ਪੈਂਡ ਹੀ ਕੀਤਾ ਜਾ ਰਿਹਾ ਹੈ। ਅਜ ਵੀ ਮੇਰੇ ਆਪਣੇ ਸ਼ਹਿਰ ਦੇ ਵਿਚ ਪੁਲੀਸ ਦੀ ਗਿਣਤੀ ਦੂਸਰੇ ਸ਼ਹਿਰਾਂ ਦੇ ਮੁਕਾਬਲੇ ਵਿਚ ਜੇ ਕੀਤੀ ਜਾਵੇ ਤਾਂ ਉਹ ਤੀਸਰੇ ਨੰਬਰ ਤੇ ਆਉਂਦਾ ਹੈ। ਇਸ ਦਾ ਨੰਬਰ ਭਾਵੇਂ ਇਤਨਾ ਵਧ ਗਿਆ ਹੈ ਪਰ ਫੇਰ ਵੀ ਰੋਜ਼ ਦੇ ਵੀ. ਆਈ. ਪੀਜ਼. ਦਾ ਆਉਣਾ ਜਾਣਾ, ਮਨਿਸਟਰ ਸਾਹਿਬਾਨ ਦਾ ਦੌਰੇ ਕਰਨਾ ਇਤਨਾ ਜ਼ਿਆਦਾ ਹੈ ਕਿ 30-40 ਸਿਪਾਹੀ ਤੱਕ ਤਾਂ ਰੋਜ਼ ਇਨ੍ਹਾਂ ਦੀ ਡਿਊਟੀ ਦੇ ਵਿਚ ਹੀ ਲਗੇ ਰਹਿੰਦੇ ਹਨ। ਸਾਰੇ ਸ਼ਹਿਰ ਦੇ ਜੇ 120 ਆਦਮੀ ਹੋਏ ਤਾਂ ਤੀਸਰਾ ਹਿਸਾ ਤਾਂ ਇਧਰ ਹੀ ਲਗ ਜਾਂਦਾ ਹੈ, ਕੇਸਿਜ਼ ਕੀ ਡੀਟੈਕਟ ਹੋਏ। ਪੁਲੀਸ ਨੂੰ ਜਿਸ ਕੰਮ ਵਾਸਤੇ ਰਖਿਆ ਹੈ ਉਸ ਦੇ ਲਈ ਹੀ ਰਖਣਾ ਚਾਹੀਦਾ ਹੈ, ਉਨ੍ਹਾਂ ਦੀ ਡਿਊਟੀ ਹੈ ਲਾ ਐਂਡ ਆਰਡਰ ਨੂੰ ਠੀਕ ਕਰਨਾ। ਲਾ ਐਂਡ ਆਰਡਰ ਨੂੰ ਸਾਨੂੰ ਆਪਣੇ ਹਥਾਂ ਦੇ ਵਿਚ ਨਹੀਂ ਲੈਣਾ ਚਾਹੀਦਾ, ਗਲਤ ਬਿਨਾ ਦੇ ਉਪਰ ਕਦੇ ਲਾ ਐਂਡ ਆਰਡਰ ਕਾਇਮ ਨਹੀਂ ਰਹਿ ਸਕਦਾ ਕਿਉਂਕਿ ਇਹ ਇਕ ਕਾਮਨ ਫਰੇਜ਼ ਹੈ ਕਿ Crime is

judged by the Judge and the Lawyer ਪਰ ਇਥੇ ਸਵਾਲ ਇਹ ਹੈ How Police acts and what the police does. ਹੋਰ ਮਿਸਾਲ ਦੇਵਾਂ ਕਿ ਸਠਿਆਲੇ ਦੇ ਵਿਚ ਕੀ ਹੋਇਆ ਹੈ ਕਿ ਇਕ ਜਗ੍ਹਾ ਬੜੀ ਦੇਰ ਤੋਂ ਇਕ ਪਾਰਟੀ ਦੇ ਮੈਨੇਜਮੈਂਟ ਦੇ ਵਿਚ ਚਲੀ ਆ ਰਹੀ ਹੈ ਪਰ ਦੂਸਰੀ ਪਾਰਟੀ ਨੇ ਸਿਆਸੀ ਦਬਾਓ ਨਾਲ ਜਾ ਕੇ ਉਸ ਮੈਨੇਜਮੈਂਟ ਤੇ ਕਬਜ਼ਾ ਕਰ ਲਿਆ, ਸਰਕਾਰ ਨੇ ਇਕ ਪਾਰਟੀ ਦੀ ਮਦਦ ਕੀਤੀ ਅਤੇ ਕਬਜ਼ਾ ਕਰਵਾਇਆ (ਆਵਾਜ਼ਾਂ ਝੂਠ, ਝੂਠ) ਝੂਠ ਨਹੀਂ ਚੀਫ ਮਨਿਸਟਰ ਸਾਹਿਬ ਮੇਰੀ ਗਲ ਦਾ ਜਵਾਬ ਦੇਣਗੇ ਸੁਣ ਲੈਣਾ। ਪਰ ਇਹ ਕਿਸੇ ਨੇ ਅਜ ਤਾਈਂ ਨਹੀਂ ਵੇਖਿਆ ਕਿ ਜਿਹੜਾ ਕਬਜ਼ਾ ਕੀਤਾ ਉਹ ਆਖਿਰ ਕਿਸ ਅਥਾਰਿਟੀ ਦੇ ਨਾਲ ਕੀਤਾ। ਉਨ੍ਹਾਂ ਨੂੰ ਮਾਰਿਆ ਕੁਟਿਆ ਤੱਕ ਗਿਆ, ਜਦੋਂ ਉਨ੍ਹਾਂ ਨੇ ਕਬਜ਼ਾ ਦੇਣ ਤੋਂ ਇਨਕਾਰ ਕੀਤਾ ਤਾਂ ਉਨ੍ਹਾਂ ਦੀ ਬੇਇਜ਼ਤੀ ਕੀਤੀ ਗਈ, ਉਨ੍ਹਾਂ ਤੇ ਲਾਠੀ ਚਾਰਜ ਕੀਤਾ ਗਿਆ। ਇਥੇ ਹੀ ਬਸ ਨਹੀਂ ਮੈਨੇਜਮੈਂਟ ਨੂੰ ਗਰਿਫਤਾਰ ਕੀਤਾ, ਪ੍ਰੋਫੈਸਰਾਂ ਨੂੰ ਕੋਤਵਾਲੀ ਦੇ ਵਿਚ ਰਖਿਆ ਗਿਆ। ਇਹ ਸਾਰੀ ਕਾਰਵਾਈ ਦਬਾਓ ਰਾਹੀਂ ਹੋਈ, ਇਹ ਸਾਰੀ ਇੰਟਰਫੀਅਰੈਂਸ ਇਕ ਪਾਰਟੀ ਦੇ ਸਿਆਸੀ ਦਬਾਓ ਦੇ ਕਾਰਨ ਹੋਈ। ਇਹ ਇਕ ਮੈਂ ਮਿਸਾਲ ਦਿੱਤੀ ਹੈ ਜਿਹੜੀ ਕਿ ਲਾ ਐਂਡ ਆਰਡਰ ਦੀ ਇੰਟਰਪਰੈਟੇਸ਼ਨ ਆਪਣੇ ਆਪ ਕਰਦੀ ਹੈ।

ਇਹੀ ਨਹੀਂ ਸਰਕਾਰੀ ਮੁਲਾਜ਼ਮਾਂ ਨੇ ਆਪਣੀ ਜਾਇਜ਼ ਮੰਗ ਦੇ ਮੰਨਾਉਣ ਦੇ ਵਾਸਤੇ ਇਕ ਲੀਗਲ ਐਜੀਟੇਸ਼ਨ ਚਲਾਉਣ ਦਾ ਫੈਸਲਾ ਕੀਤਾ। ਆਈਨ ਅਨੁਸਾਰ ਉਨ੍ਹਾਂ ਨੂੰ ਆਪਣੀ ਮੰਗ ਮੰਨਾਉਣ ਦੇ ਲਈ ਐਜੀਟੇਸ਼ਨਜ਼ ਕਰਨ ਦਾ ਇਕ ਕਾਨੂੰਨੀ ਅਧਿਕਾਰ ਹੈ। ਪਰ ਇਸ ਕਾਨੂੰਨ ਦੇ ਨਾਲ ਜਿਤਨਾ ਕਾਨੂੰਨ ਦਾ ਸਤਿਆਨਾਸ ਕੀਤਾ ਗਿਆ ਉਹ ਕਹਿਣ ਤੋਂ ਬਾਹਰ ਹੈ। ਜਦੋਂ ਕਾਨੂੰਨੀ ਤੌਰ ਤੇ ਦੋ ਪਾਰਟੀਆਂ ਮਿਲ ਕੇ ਫੈਸਲਾ ਕਰ ਲੈਂਦੀਆਂ ਤਾਂ ਉਨ੍ਹਾਂ ਤੇ ਚਲਣ ਲਈ ਪਿਛਲੀਆਂ ਸਾਰੀਆਂ ਗੱਲਾਂ ਭੁਲਾ ਦਿਤੀਆਂ ਜਾਂਦੀਆਂ ਹਨ। ਜਦੋਂ ਰਾਜ਼ੀਨਾਮਾ ਹੀ ਹੋ ਗਿਆ ਤਾਂ ਫੇਰ ਐਕਸ਼ਨ ਲੈਣ ਦੀ ਗਲ ਕਿਸੇ ਦੇ ਖਿਲਾਫ ਵਾਲੀ ਰਹਿ ਨਹੀਂ ਜਾਂਦੀ। ਜਦੋਂ ਅਲੈਕਟ੍ਰੀਸਿਟੀ ਦੇ ਮੁਲਾਜ਼ਮਾਂ ਦਾ ਸਮਝੌਤਾ ਹੋ ਗਿਆ ਸਰਕਾਰ ਦੇ ਨਾਲ ਤਾਂ ਇਹ ਬਕਾਇਦਾ ਤੌਰ ਤੇ ਰੇਡੀਓ ਤੇ ਅਨਾਊਨਸ ਕੀਤਾ ਗਿਆ ਕਿ ਸਰਕਾਰ ਦਾ ਅਤੇ ਮੁਲਾਜ਼ਮਾਂ ਦਾ ਸਮਝੌਤਾ ਹੋ ਗਿਆ ਹੈ ਅਤੇ ਉਨ੍ਹਾਂ ਨੇ ਆਪਣੀ ਸਟਰਾਈਕ ਵਾਪਸ ਲੈ ਲਈ ਹੈ। ਪਰ ਇਸ ਸਮਝੌਤੇ ਤੋਂ ਬਾਅਦ ਇਨਤਕਾਮੀਆ ਜਜ਼ਬਾਤ ਵੇਖਣ ਦੇ ਵਿਚ ਆਏ। ਹੁਸ਼ਿ-ਆਰਪੁਰ ਦੇ 24 ਮੁਲਾਜ਼ਮਾਂ ਦੇ ਵਾਰੰਟ ਗਰਿਫਤਾਰੀ ਜਾਰੀ ਕੀਤੇ ਗਏ, ਬਹੁਤ ਸਾਰਿਆਂ ਦੇ ਖਿਲਾਫ 107/151 ਦੇ ਕੇਸਿਜ਼ ਤਿਆਰ ਕੀਤੇ ਗਏ, ਉਨ੍ਹਾਂ ਨੂੰ ਮਾਰਿਆ ਕੁਟਿਆ ਗਿਆ। 107/151 ਵਿਚ ਇਸ ਲਈ ਕੇਸਿਜ਼ ਦਰਜ ਕਰਦੇ ਹਨ ਕਿ ਇਸ ਦੀ ਜ਼ਮਾਨਤ ਬੇਸ਼ੁਮਾਰ ਮੰਗੀ ਜਾਂਦੀ ਹੈ, ਭਾਵੇਂ ਇਸ ਦੇ ਮੁਤਾਲਿਕ ਹਾਈ ਕੋਰਟ ਦਾ ਇਕ ਰੂਲਿੰਗ ਵੀ ਹੈ ਕਿ ਆਦਮੀ ਦੀ ਹੈਸੀਅਤ ਦੇ ਮੁਤਾਬਿਕ ਜ਼ਮਾਨਤ ਲੈਣੀ ਚਾਹੀਦੀ ਹੈ। ਜਿਸ ਆਦਮੀ ਦੀ ਤਨਖਾਹ ਹੀ 65 ਹੈ ਜੇ ਉਸ ਦੀ ਜੇਕਰ ਜ਼ਮਾਨਤ ਚਾਰ ਹਜ਼ਾਰ ਰੁਪਏ ਦੀ ਮੰਗੀ ਜਾਵੇ ਜਾਂ 25-30 ਹਜ਼ਾਰ ਦੀ ਮੰਗੀ ਜਾਵੇ ਇਹ ਕਿਤਨੀ ਬੁਰੀ ਗਲ ਹੈ। (ਵਿਘਨ) ਮੈਂ ਇਹ ਗਲ ਨਹੀਂ ਕਹਿੰਦਾ ਕਿ 107/151 ਲਾਈ ਕਿਉਂ ਜਾਂਦੀ ਹੈ ਮੈਂ ਤਾਂ ਇਹ ਕਹਿੰਦਾ ਕਿ ਇਸ ਦੀ ਆੜ ਦੇ ਵਿਚ ਜੋ ਕੁਰਪਸ਼ਨ ਹੁੰਦੀ ਹੈ ਉਹ ਬੰਦ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਚੰਡੀਗੜ੍ਹ ਦੇ ਵਿਚ ਪੰਜਾਬ ਗਵਰਨਮੈਂਟ ਦੇ ਮੁਲਾਜ਼ਮਾਂ ਦੇ ਉਪਰ ਮੁਕੱਦਮੇਂ ਚਲਾਏ ਗਏ, ਉਨ੍ਹਾਂ ਨੂੰ ਸਸਪੈਂਡ ਕੀਤਾ ਗਿਆ ਅਤੇ ਹੋਰ ਤਰ੍ਹਾਂ ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਗਈਆਂ, ਇਹ ਸਾਰੀਆਂ ਗਲਾਂ ਦਸਦੀਆਂ ਹਨ ਕਿ ਪੰਜਾਬ ਦੇ ਵਿਚ ਲਾ ਐਂਡ ਆਰਡਰ ਦੀ ਹਾਲਤ ਕਿਤਨੀ ਖਰਾਬ ਹੈ। ਇਕ ਗਰੀਕ ਫਰੇਜ਼ ਹੈ ਕਿ :—

We are the slaves of the law but we are not slaves of the police. ਪਰ ਹੁੰਦਾ ਕੀ ਹੈ ਕਿ ਪੁਲੀਸ ਪਹਿਲਾਂ ਕਾਮਨ ਮੈਨ ਨੂੰ ਕਰਾਈਮ ਦੇ ਲਈ ਉਕਸਾਉਂਦੀ ਹੈ ਫੇਰ ਉਨ੍ਹਾਂ ਦੇ ਖਿਲਾਫ ਸਖਤ ਐਕਸ਼ਨ ਲੈਂਦੀ ਹੈ। ਇਹ ਦੋਵੇਂ ਪਾਰਟ ਪੁਲੀਸ ਨੂੰ ਪਲੇ ਨਹੀਂ

[ਸ੍ਰੀ ਮਨਮੋਹਨ ਕਾਲੀਆ]

ਕਰਨੇ ਚਾਹੀਦੇ। ਮੁਲਾਜ਼ਮਾਂ ਦਾ ਇੰਟੈਰਿਮ ਰਿਲੀਫ ਦੀ ਡੀਮਾਂਡ ਕਰਨਾ ਉਨ੍ਹਾਂ ਦਾ ਹੱਕ ਹੈ, ਇਹ ਰਾਈਟ ਉਨ੍ਹਾਂ ਦਾ ਕਿਸੇ ਤਰ੍ਹਾਂ ਵੀ ਖੋਹ ਨਹੀਂ ਲਿਆ ਜਾ ਸਕਦਾ। ਇਸੇ ਤਰ੍ਹਾਂ ਟੀਚਰਾਂ ਦੀ ਡੀਮਾਂਡ ਜੋ ਹੈ ਉਹ ਮੈਂ ਹਾਊਸ ਦੀ ਟੇਬਲ ਤੇ *ਲੇ ਕਰਦਾ ਹਾਂ। ਮੈਂ ਇਸ ਮੁਆਮਲੇ ਦੀ ਜ਼ਿਆਦਾ ਬਹਿਸ ਦੇ ਵਿਚ ਜਾਣਾ ਨਹੀਂ ਚਾਹੁੰਦਾ ਇਹ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ।

ਇਕ ਗਲ ਹੋਰ ਲਾ ਐਂਡ ਆਰਡਰ ਦੀ ਇਨ੍ਹਾਂ ਜਥੇਦਾਰ ਭਰਾਵਾਂ ਨੂੰ ਜ਼ਰੂਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਪਿਛਲੇ ਦਿਨਾਂ ਦੇ ਵਿਚ 1,045 ਨਾਜਾਇਜ਼ ਕਬਜ਼ੇ ਕੀਤੇ। ਜਿਥੇ ਵੀ ਕਬਜ਼ਾ ਜਮਾਣਾ ਚਾਹਿਆ ਉਥੇ ਨਿਸ਼ਾਨ ਸਾਹਿਬ ਲਗਾ ਦਿੱਤਾ। ਮੇਰੇ ਪਾਸ ਸਾਰੇ ਕੇਸਿਜ਼ ਦਾ ਰਿਕਾਰਡ ਹੈ, ਮੇਰਾ ਸਿਰ ਸ਼ਰਮ ਦੇ ਨਾਲ ਝੁਕ ਜਾਂਦਾ ਹੈ ਜਦੋਂ ਇਸ ਤਰ੍ਹਾਂ ਦੇ ਕਬਜ਼ਿਆਂ ਦੀਆਂ ਵਾਰਦਾਤਾਂ ਸੁਣਦਾ ਹਾਂ। ਲੁਧਿਆਣੇ ਵਿਚ ਇਕ ਹਰੀਜਨ ਦੀ ਜ਼ਮੀਨ ਤੇ ਕਬਜ਼ਾ ਕੀਤਾ ਗਿਆ ਇਸੇ ਤਰ੍ਹਾਂ ਨਿਸ਼ਾਨ ਸਾਹਿਬ ਲਗਾ ਕੇ ਕਿ ਏਥੇ ਮਾਸਟਰ ਤਾਰਾ ਸਿੰਘ ਸਰਾਏ ਬਨਾਉਣੀ ਹੈ। ਉਸ ਦਾ ਬਾਕਾਇਦਾ ਨੋਟੀਫੀਕੇਸ਼ਨ ਹੋ ਕੇ ਹਰੀਜਨ ਨੂੰ ਅਗਲੇ ਦਿਨ ਕਬਜ਼ਾ ਦਿੱਤਾ ਜਾਣਾ ਸੀ ਪਰ ਇਨ੍ਹਾਂ ਨੇ ਰਾਤੋ ਰਾਤ ਉਥੇ ਨਿਸ਼ਾਨ ਸਾਹਿਬ ਲਗਾ ਦਿੱਤਾ। ਸਿਖ ਕੌਮ ਨੂੰ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬਣਾਇਆ ਸੀ ਤਾਂ ਉਹ ਜ਼ੁਲਮ ਦੇ ਖਿਲਾਫ ਲੜਨ ਦੇ ਵਾਸਤੇ ਬਣਾਈ ਸੀ ਪਰ ਇਥੇ ਕਿਤਨੀਆਂ ਛੋਟੀਆਂ ਛੋਟੀਆਂ ਗਲਾਂ ਵਿਚ ਧਰਮ ਦੀ ਆੜ ਲੈ ਕੇ ਕੌਮ ਨੂੰ ਵਰਤਿਆ ਜਾ ਰਿਹਾ ਹੈ। ਇਸ ਬਾਰੇ ਮੈਂ ਚੀਫ ਮਨਿਸਟਰ ਸਾਹਿਬ ਨੂੰ ਇਹੋ ਪਰਾਰਥਨਾ ਕਰਾਂਗਾ ਕਿ ਅਕਾਲੀ ਰਾਜ ਸਿਖ ਸਟੇਟ ਦੀ ਤਰਫ ਜਾ ਰਿਹਾ ਹੈ, ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਿਖ ਸਟੇਟ ਨਹੀਂ ਹੈ, ਇਹ ਤਾਂ ਸਭ ਦੀ ਸਾਂਝੀ ਸਟੇਟ ਹੈ। ਪਰ ਇਸ ਦੀ ਆੜ ਵਿਚ ਮੌਕਾ ਪਰਸਤ ਆਪਣਾ ਫਾਇਦਾ ਉਠਾਉਂਦੇ ਹਨ ਅਤੇ ਲੋਕਾਂ ਨੂੰ ਹਰੈਸ ਕਰਦੇ ਹਨ। ਮੈਂ ਡਿਪਟੀ ਸਪੀਕਰ ਸਾਹਿਬ, ਇਹ ਨਹੀਂ ਕਹਿੰਦਾ ਕਿ ਸਾਰੇ ਹੀ ਮਾੜੇ ਬੰਦੇ ਹਨ, ਅਛੇ ਬੰਦੇ ਵੀ ਹੋਇਆ ਕਰਦੇ ਹਨ, ਪਰ ਜਿਸ ਤਰ੍ਹਾਂ ਰਾਤੋ ਰਾਤ ਨਿਸ਼ਾਨ ਸਾਹਿਬ ਲਾ ਕੇ ਕਬਜ਼ਾ ਕਰਨ ਦੀ ਨਾਜਾਇਜ਼ ਵਰਤੋਂ ਕੀਤੀ ਜਾ ਰਹੀ ਹੈ, ਇਹ ਤਰੀਕਾ ਬੰਦ ਹੋਣਾ ਚਾਹੀਦਾ ਹੈ, ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਥੇ ਵੀ ਇਸ ਤਰ੍ਹਾਂ ਨਾਜਾਇਜ਼ ਕਬਜ਼ੇ ਹੋਏ ਹਨ ਉਹ ਇਨ੍ਹਾਂ ਥਾਵਾਂ ਤੇ ਫੌਰੀ ਤੌਰ ਤੇ ਇੰਤਜ਼ਾਮ ਕਰਾ ਕੇ ਰੀਮੂਵ ਕਰਨ ਦੀ ਕੋਸ਼ਿਸ਼ ਕਰਨਗੇ।

(ਇਸ ਵੇਲੇ ਸਰਦਾਰ ਸ਼ਸ਼ਪਾਲ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਕੁਰਸੀ ਸੰਭਾਲੀ)

4.40 p.m.

ਹੁਣ ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਰੀਜਨਾਂ ਤੇ ਕਿਸ ਤਰ੍ਹਾਂ ਜ਼ੁਲਮ ਹੁੰਦਾ ਹੈ। ਮੈਂ ਇਸ ਦੀ ਇਕ ਮਿਸਾਲ ਇਥੇ ਦੇਣੀ ਚਾਹੁੰਦਾ ਹਾਂ ਕਿ ਪਾਕਿਸਤਾਨ ਵਿਚੋਂ ਕ੍ਰਿਮੀਨਲ ਟ੍ਰਾਈਬ ਵਿਚੋਂ ਕੁਝ ਬੰਦਿਆਂ ਨੂੰ ਕਲੇਮ ਵਿਚ ਫਲੌਰ ਦੇ ਨੇੜੇ ਜ਼ਮੀਨ ਮਿਲੀ। ਇਹ ਜ਼ਮੀਨ 1951 ਵਿਚ ਅਲਾਟ ਹੋਈ ਅਤੇ 1956 ਵਿਚ ਇਹ ਅਲਾਟਮੈਂਟ ਪਕੀ ਹੋਈ। ਪਰ ਹੋਇਆ ਕੀ ਇਕ ਪੁਲੀਸ ਕਪਤਾਨ ਸਾਹਿਬ ਨੇ ਕਲੇਮ ਖਰੀਦ ਲਏ। ਤੁਸੀਂ ਜਾਣਦੇ ਹੋ ਕਿ ਕਲੇਮ ਉਸ ਵੇਲੇ ਖਰੀਦੇ ਜਾਂਦੇ ਹਨ ਜਦ ਕਿ ਜ਼ਮੀਨ ਨਾ ਹੋਵੇ। ਖ਼ੈਰ ਉਸ ਕਪਤਾਨ ਸਾਹਿਬ ਨੇ ਇਕ ਇਨਫਲੂਐਂਸ਼ਲ ਸਿਆਸਤ ਦਾਨ ਦੇ ਰਸੂਖ ਨਾਲ ਉਹ ਕਲੇਮ ਖਰੀਦ ਲਏ ਅਤੇ ਅਗਲੀ ਸਵੇਰ ਜਦੋਂ ਪਹਿਲਾ ਅਲਾਟੀ ਹਲ ਵਾਹੁਣ ਲਈ ਆਪਣੀ ਜ਼ਮੀਨ ਤੇ ਗਿਆ ਤਾਂ ਉਸ ਤੇ ਟਰੈਕਟਰ ਖੜ੍ਹਾ ਸੀ ਅਤੇ ਉਸ ਤੇ 107/151 ਦਾ ਮੁਕੱਦਮਾ ਬਣਾ ਕੇ ਉਸ ਨੂੰ ਗ੍ਰਿਫਤਾਰ

*ਡੀਮਾਂਡ ਦੀ ਕਾਪੀ ਟੇਬਲ ਤੇ ਨਹੀਂ ਆਈ।

ਕਰ ਲਿਆ। ਇਸ ਤਰ੍ਹਾਂ ਉਸ ਦੀ 1951 ਵਿਚ ਅਲਾਟ ਹੋਈ ਜ਼ਮੀਨ ਵੀ ਖੋਹ ਲਈ ਗਈ। ਉਹ ਸੈਕਟਰੀਏਟ ਦੇ ਸਾਹਮਣੇ ਵੀ ਨਿਸ਼ਾਨ ਸਾਹਿਬ ਲਾ ਕੇ ਧਰਨੇ ਤੇ ਬੈਠਾ ਰਿਹਾ ਪਰ ਉਸ ਦੀ ਕੋਈ ਸੁਣਵਾਈ ਨਹੀਂ ਹੋਈ। ਚੇਅਰਮੈਨ ਸਾਹਿਬ, ਇਹ ਹਰੀਜਨਾਂ ਤੇ ਧੱਕੇ ਦੀ ਇਕ ਮਿਸਾਲ ਹੈ।

ਫਿਰ ਚੇਅਰਮੈਨ ਸਾਹਿਬ, ਮੈਂ ਤੁਹਾਡੀ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਅਰਜ਼ ਕਰਾਂਗਾ ਕਿ ਇਨ੍ਹਾਂ ਨੂੰ ਇਕ ਫ਼ਿਕਰਾ ਸ਼ੋਭਾ ਨਹੀਂ ਦੇਂਦਾ। ਵੈਸੇ ਜਿਸ ਪੋਜ਼ੀਸ਼ਨ ਦੇ ਨਾਲ ਇਹ ਸੁਣਦੇ ਹਨ ਉਸ ਤੋਂ ਪੰਜਾਬ ਦੇ ਲੋਕਾਂ ਨੂੰ ਇਹ ਉਮੀਦ ਬਝਦੀ ਹੈ ਕਿ ਇਹ ਜ਼ਰੂਰ ਕੁਝ ਕਰਨਗੇ। ਪਰ ਇਨ੍ਹਾਂ ਨੇ ਇਕ ਫਿਕਰਾ ਜੋ ਸਰਕਾਰੀ ਮੁਲਾਜ਼ਮਾਂ ਨੂੰ ਕਿਹਾ ਹੈ ਕਿ ਤੁਸੀਂ ਮੇਰੇ ਕੋਲ ਆਓ ਅਤੇ ਚਾਹ ਪੀਓ ਅਤੇ ਬਿਸਕੁਟ ਖਾਓ ਹੋਰ ਮੇਰੇ ਕੋਲ ਕੁਝ ਨਹੀਂ ; ਇਹ ਇਨ੍ਹਾਂ ਨੂੰ ਸ਼ੋਭਦਾ ਨਹੀਂ ਸੀ। ਚੇਅਰਮੈਨ ਸਾਹਿਬ, ਅਜ ਤੋਂ ਤਕਰੀਬਨ 400-500 ਸਾਲ ਪਹਿਲਾਂ ਜਦੋਂ ਫਰਾਂਸ ਵਿਚ ਇਨਕਲਾਬ ਆਇਆ ਸੀ ਤਾਂ ਉਸ ਤੋਂ ਪਹਿਲਾਂ ਉਥੇ ਦੇ ਬਾਦਸ਼ਾਹ ਨੇ ਵੀ ਉਥੇ ਦੇ ਲੋਕਾਂ ਨੂੰ ਇਕ ਅਜਿਹੀ ਗਲ ਹੀ ਆਖੀ ਸੀ ਕਿ ਜੇ ਤੁਹਾਨੂੰ ਰੋਟੀ ਨਹੀਂ ਮਿਲਦੀ ਤਾਂ ਕੇਕ ਖਾਓ। (ਸ਼ੇਮ, ਸ਼ੇਮ) ਚੇਅਰਮੈਨ ਸਾਹਿਬ, ਸਰਕਾਰੀ ਮੁਲਾਜ਼ਮ ਕੇਕ ਨਹੀਂ ਮੰਗਦੇ ਉਹ ਸਿਰਫ ਇਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਚੰਗੀ ਰੋਟੀ ਮਿਲ ਜਾਵੇ ਅਤੇ ਉਨ੍ਹਾਂ ਦਾ ਲਿਵਿੰਗ ਸਟੈਂਡਰਡ ਉਚਾ ਹੋ ਜਾਵੇ। ਇਸ ਲਈ ਚੀਫ਼ ਮਨਿਸਟਰ ਨੂੰ ਅਜਿਹਾ ਫਿਕਰਾ ਨਹੀਂ ਸੀ ਕਹਿਣਾ ਚਾਹੀਦਾ।

ਫਿਰ ਚੇਅਰਮੈਨ ਸਾਹਿਬ, ਮੈਂ ਇਕ ਹੋਰ ਗਲ ਦਾ ਜ਼ਿਕਰ ਕਰਾਂਗਾ। ਇਥੇ ਸਰਦਾਰ ਰਵੀਇੰਦਰ ਸਿੰਘ ਜੀ ਨੇ ਵੀ ਇਹ ਗਲ ਪੁਆਇੰਟ ਆਊਟ ਕੀਤੀ ਹੈ ਕਿ ਪੰਜਾਬ ਵਿਚੋਂ ਮਿਲਟਰੀ ਵਿਚ ਭਰਤੀ ਦਾ ਰੇਟ ਘਟ ਰਿਹਾ ਹੈ। ਇਸ ਦਾ ਕਾਰਣ ਚੇਅਰਮੈਨ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਬਾਰਬੁਚਰੇਟ ਅਤੇ ਕਲੋਰੋਹਾਈਡਰੇਟਸ ਆਦਿ ਸਮਗਲ ਹੋ ਕੇ ਆ ਰਹੀਆਂ ਹਨ ਅਤੇ ਬਠਿੰਡਾ ਆਦਿ ਜ਼ਿਲ੍ਹਿਆਂ ਵਿਚ ਵਿਕ ਰਹੀਆਂ ਹਨ। ਇਹ ਵੀ ਸਮਝਦਾ ਹਾਂ ਕਿ ਸਾਡੀ ਮੌਰੈਲਟੀ ਨੂੰ ਘਟਾਉਂਦੀਆਂ ਹਨ ਅਤੇ ਇਸ ਦੇ ਨਾਲ ਹੀ ਐਕਸੀਡੈਂਟ ਰੇਟ ਵਿਚ ਵਾਧਾ ਹੁੰਦਾ ਹੈ। ਇਸ ਲਈ ਇਸ ਦੀ ਸਮਗਲਿੰਗ ਨੂੰ ਰੋਕਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਲੀਸਿਟ ਐਡਲਟ੍ਰੇਸ਼ਨ ਦੀ ਗਲ ਕਰਦਾ ਹਾਂ। ਇਹ ਵੀ ਪੰਜਾਬ ਵਿਚ ਬਹੁਤ ਹੈ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਜਿਹੜੇ ਠੇਕੇਦਾਰ 5, 7 ਸਾਲਾਂ ਤੋਂ ਠੇਕੇ ਲੈਂਦੇ ਆ ਰਹੇ ਹਨ ਅਤੇ ਹਰ ਸਾਲ ਘਾਟਾ ਹੀ ਸ਼ੋ ਕਰਦੇ ਹਨ ਜ਼ਰਾ ਉਨ੍ਹਾਂ ਦੇ ਹਿਸਾਬ ਤਾਂ ਚੈਕ ਕੀਤੇ ਜਾਣ। ਉਨ੍ਹਾਂ ਨੂੰ ਜੇ ਘਾਟਾ ਹੁੰਦਾ ਹੈ ਤਾਂ ਅਗਲੇ ਸਾਲ ਲਈ ਫਿਰ ਠੇਕਾ ਕਿਉਂ ਲੈਂਦੇ ਹਨ ? ਅਸਲ ਵਿਚ ਇਲੀਸਿਟ ਸ਼ਰਾਬ ਉਨ੍ਹਾਂ ਦੇ ਰਾਹੀਂ ਵੀ ਵਿਕਦੀ ਹੈ। ਇਸ ਦਾ ਜਨਤਾ ਦੀ ਸਿਹਤ ਤੇ ਬਹੁਤ ਬੁਰਾ ਅਸਰ ਪੈ ਰਿਹਾ ਹੈ।

ਫਿਰ ਚੇਅਰਮੈਨ ਸਾਹਿਬ, ਮੈਂ ਟ੍ਰਿਬਿਊਨਲ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। (ਘੰਟੀ) ਇਸ ਦੇ ਬਾਰੇ ਡਾਂਗ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ। ਇਹ ਬੜਾ ਕਹਿੰਦੇ ਹਨ ਕਿ ਅਸੀਂ ਕੁਰਪਸ਼ਨ ਦੀ ਪ੍ਰੋਬ ਕਰ ਰਹੇ ਹਾਂ, ਅਸੀਂ ਇਤਨੇ ਅਫ਼ਸਰ ਫੜ ਲਏ ਹਨ। ਪਰ ਇਹ ਟ੍ਰਿਬਿਊਨਲ ਨਹੀਂ ਬਣਾ ਰਹੇ। ਚੇਅਰਮੈਨ ਸਾਹਿਬ, ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਇਕ ਜ਼ਨਾਨੀ ਦਾ ਲੜਕਾ ਬੜਾ ਗੁੜ ਖਾਂਦਾ ਸੀ। ਉਸ ਦੀ ਮਾਂ ਉਸ ਨੂੰ ਉਸ ਦੇ ਮਾਸਟਰ ਕੋਲ ਲੈ ਗਈ ਕਿ ਇਹ ਗੁੜ ਖਾਂਦਾ ਹੈ, ਇਸ ਨੂੰ ਰੋਕੋ। ਮਾਸਟਰ ਕਹਿਣ ਲਗਾ ਕਿ ਇਸ ਨੂੰ ਕਲ੍ਹ ਮੇਰੇ ਕੋਲ ਲੈ ਕੇ ਆਵੀਂ। ਦੂਸਰੇ ਦਿਨ ਜਦੋਂ ਉਹ ਮਾਂ ਆਪਣੇ ਲੜਕੇ ਨੂੰ ਮਾਸਟਰ ਕੋਲ ਲੈ ਕੇ ਗਈ ਤਾਂ ਉਸ ਮਾਸਟਰ ਨੇ ਸਿਰਫ਼ ਇਤਨਾ ਕਿਹਾ ਕਿ ਕਾਕਾ ਗੁੜ ਨਾ ਖਾਇਆ ਕਰ। ਉਸ ਮਾਂ ਨੇ ਕਿਹਾ ਕਿ ਜੇ ਤੁਸੀਂ ਇਤਨੀ ਗਲ ਹੀ ਕਹਿਣੀ ਸੀ ਤਾਂ ਕਲ੍ਹ ਹੀ ਕਿਉਂ ਨਾ ਆਖ ਦਿਤੀ ? ਤਾਂ ਉਸ ਮਾਸਟਰ ਨੇ ਕਿਹਾ ਕਿ ਕਲ੍ਹ ਮੈਂ ਆਪ ਗੁੜ ਖਾਂਦਾ ਸੀ

[ਸ੍ਰੀ ਮਨਮੋਹਨ ਕਾਲੀਆ]

ਪਰ ਅਜ ਛਡ ਦਿਤਾ ਹੈ। ਮੇਰੇ ਕਹਿਣ ਦਾ ਭਾਵ, ਚੇਅਰਮੈਨ ਸਾਹਿਬ, ਇਹ ਹੈ ਕਿ ਸਿਰਫ਼ ਕਹਿਣ ਨਾਲ ਕੁਰਪਸ਼ਨ ਦੂਰ ਨਹੀਂ ਹੋ ਜਾਣੀ ਸਗੋਂ ਇਸ ਨੂੰ ਦੂਰ ਕਰਨ ਵਾਸਤੇ ਇਸ ਨੂੰ ਬਰਦਾਸ਼ਤ ਵੀ ਨਹੀਂ ਕਰਨਾ ਚਾਹੀਦਾ ਕੁਰਪਟ ਸਾਥੀ ਵੀ ਬਰਦਾਸ਼ਤ ਨਹੀਂ ਕਰਨੇ ਚਾਹੀਦੇ ਤਾਂ ਹੀ ਇਹ ਦੂਰ ਹੋ ਸਕਦੀ ਹੈ ਪਿਛਲੀ ਵਾਰੀ ਇਥੇ ਇਲਜ਼ਾਮ ਅਤੇ ਕਰੋਸ ਇਲਜ਼ਾਮ ਲਗੇ। (ਵਿਘਨ) ਅਸੀਂ ਤਾਂ ਪਿਛਲੀ ਵਾਰ ਵੀ ਕਿਹਾ ਸੀ ਕਿ ਅਜਿਹਾ ਇਕ ਟ੍ਰਿਬਿਊਨਲ ਬਣਾ ਦਿਓ। ਇਥੇ ਚਾਰਜ ਲਗਦੇ ਹਨ। ਪਰ ਕਈ ਵਾਰ ਤਾਂ ਕੋਈ ਤਰਦੀਦ ਵੀ ਨਹੀਂ ਕਰਦਾ। (ਵਿਘਨ)

ਸ੍ਰੀ ਸਭਾਪਤੀ : ਹੁਣ ਤੁਸੀਂ ਵਾਈਂਡ ਅਪ ਕਰ ਦਿਓ। (Please wind up now)

ਸ੍ਰੀ ਮਨਮੋਹਨ ਕਾਲੀਆ : ਚੇਅਰਮੈਨ ਸਾਹਿਬ, ਮਾਸਟਰ ਗੁਰਬੰਤਾ ਸਿੰਘ ਜੀ ਨੂੰ 40 ਮਿੰਟ ਮਿਲੇ ਸੀ, ਡਾਂਗ ਸਾਹਿਬ ਨੂੰ ਵੀ 40 ਮਿੰਟ ਮਿਲੇ ਸੀ ਤਾਂ ਮੈ ਨੂੰ ਵੀ 40 ਮਿੰਟ ਹੀ ਮਿਲਣੇ ਚਾਹੀਦੇ ਹਨ।

ਸ੍ਰੀ ਸਭਾਪਤੀ : ਮੈਂ ਤਾਂ ਕਿਹਾ ਹੈ ਕਿ ਤੁਹਾਡਾ ਥਰੋਟ ਖਰਾਬ ਹੈ। (ਹਾਸਾ) (I have said so, in view of your sore throat) (Laughter)

ਸ੍ਰੀ ਮਨਮੋਹਨ ਕਾਲੀਆ : ਕੋਈ ਗਲ ਨਹੀਂ ਜੀ ਥਰੋਟ ਦੀ। (ਹਾਸਾ) (ਵਿਘਨ) ਮੈਂ ਤਾਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਕਰਦਾ ਹਾਂ ਕਿ ਆਉਣ ਵਾਲੇ ਸਿਆਸਤਦਾਨ ਇਨ੍ਹਾਂ ਦਾ ਧੰਨ-ਵਾਦ ਕਰਨਗੇ ਜੇ ਇਹ ਟ੍ਰਿਬਿਊਨਲ ਬਣਾ ਦੇਣ। ਅਜ ਤਕ ਇਲਜ਼ਾਮ ਲਗਦੇ ਰਹੇ ਹਨ ਪਰ ਕਿਸੇ ਵੀ ਚੀਫ਼ ਮਨਿਸਟਰ ਨੇ ਇਹ ਹੌਸਲਾ ਨਹੀਂ ਕੀਤਾ ਕਿ ਇਸ ਤਰ੍ਹਾਂ ਦਾ ਕੋਈ ਟ੍ਰਿਬਿਊਨਲ ਬਣਾਵੇ। ਮੈਂ ਕਹਿੰਦਾ ਹਾਂ ਕਿ ਜੇ ਇਸ ਤਰ੍ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਬਣਾ ਦੇਣ ਤਾਂ ਆਉਣ ਵਾਲੇ ਜਿਹੜੇ ਵੀ ਈਮਾਨਦਾਰ ਸਿਆਸਤਦਾਨ ਹੋਣਗੇ ਇਨ੍ਹਾਂ ਦੇ ਧੰਨਵਾਦੀ ਹੋਣਗੇ। ਇਥੇ ਇਲਜ਼ਾਮ ਤਾਂ ਲਗਣੇ ਬੜੇ ਸੌਖੇ ਹਨ। ਇਥੇ ਇਕ ਇਲਜ਼ਾਮ ਲਗਾਇਆ ਗਿਆ ਕਿ ਇਕ ਮਨਿਸਟਰ ਨੇ ਆਪਣੀ ਲੜਕੀ ਦੀ ਮੈਰਿਜ ਤੇ 3 ਲਖ ਰੁਪਿਆ ਖਰਚ ਕੀਤਾ ਪਰ ਉਸ ਮਨਿਸਟਰ ਦੀ ਇਤਨੀ ਵੀ ਹਿੰਮਤ ਨਾ ਪਈ ਕਿ ਉਹ ਇਸ ਦੀ ਤਰਦੀਦ ਅਖਬਾਰਾਂ ਵਿਚ ਕਰ ਸਕੇ। ਜਦੋਂ ਕਿ ਇਲਜ਼ਾਮ ਲਗਾਉਣ ਵਾਲੇ ਨੇ ਕਿਹਾ ਕਿ ਉਹ ਇਸ ਨੂੰ ਸਾਬਤ ਕਰ ਸਕਦਾ ਹੈ।

ਚੌਧਰੀ ਸੱਤਯ ਦੇਵ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਕਾਲੀਆ ਸਾਹਿਬ ਨੇ ਹੁਣੇ ਬੋਲਦੇ ਹੋਏ ਇਕ ਵਜ਼ੀਰ ਤੇ ਲਗੇ ਹੋਏ ਇਲਜ਼ਾਮ ਦਾ ਜ਼ਿਕਰ ਕੀਤਾ ਹੈ ਪਰ ਉਸ ਵਜ਼ੀਰ ਦਾ ਨਾਮ ਨਹੀਂ ਦਸਿਆ। ਇਥੇ ਕਈ ਵਜ਼ੀਰ ਹਨ ਇਸ ਲਈ ਗਲਤ ਫਹਿਮੀ ਲਗ ਜਾਣ ਦਾ ਡਰ ਹੈ। ਮੈਂ ਦਸਦਾ ਹਾਂ ਕਿ ਉਹ **ਵਜ਼ੀਰ ਫਾਜ਼ਿਲਕਾ ਦਾ ਹੈ** ....(ਵਿਘਨ) (ਸ਼ੋਰ) (ਘੰਟੀ)

ਸ੍ਰੀ ਮਨਮੋਹਨ ਕਾਲੀਆ : ਚੇਅਰਮੈਨ ਸਾਹਿਬ, ਮੈਂ ਹੁਣ ਸ਼ਹਿਰਾਂ ਦੀ ਡਿਵੈਲਪਮੈਂਟ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਜਿਹੜੇ ਸ਼ਹਿਰ 50 ਜਾਂ ਇਸ ਤੋਂ ਕਈ ਸਾਲ ਪਹਿਲਾਂ ਦੇ ਵਸੇ ਹੋਏ ਹਨ ਉਨ੍ਹਾਂ ਦੇ ਵਿਚ ਕੁਝ ਖਿਤੇ ਹੁੰਦੇ ਸੀ ਜਿਥੇ ਕਿ ਹਰੀਜਨ ਰਹਿੰਦੇ ਸੀ। ਪਰ ਹੁਣ ਪੈਸੇਜ ਆਫ਼ ਟਾਈਮ ਦੇ ਨਾਲ ਸ਼ਹਿਰ ਦੇ ਸੈਂਟਰ ਪਲੇਸ ਵਿਚ ਆ ਗਏ ਹਨ। ਸਾਡੇ ਸ਼ਹਿਰ ਜਲੰਧਰ ਵਿਚ ਵੀ ਇਕ ਅਜਿਹਾ ਮਹੱਲਾ ਹੈ। ਉਨ੍ਹਾਂ ਦੇ ਪਲਾਟਾਂ ਦੀਆਂ ਕੀਮਤਾਂ 10, 10 ਗੁਣਾ ਅਤੇ 20, 20 ਗੁਣਾ ਵਧ ਗਈਆਂ ਹਨ। ਮੈਂ ਅਰਜ਼ ਕਰਦਾ ਹਾਂ ਕਿ ਹੁਣ ਮਕਾਨਾਂ ਦੀ ਇਤਨੀ ਐਕਿਊਟ ਪ੍ਰਾਬਲਮ ਹੋ ਗਈ ਹੈ ਕਿ ਜਿਸ ਤਰ੍ਹਾਂ 5-7 ਸਾਲ ਪਹਿਲਾਂ ਫੂਡ ਦੀ ਸੀ। ਪਹਿਲਾਂ ਕੈਪੀਟੇਲਿਸਟਿਕ ਟਰੇਡ ਇਹ ਹੁੰਦਾ ਸੀ ਕਿ ਜਦੋਂ ਕਿਸੇ ਕੋਲ ਕੋਈ ਚਾਰ ਪੈਸੇ ਇਕਠੇ ਹੋਏ ਤਾਂ ਉਹ ਮਕਾਨ ਬਣਾ ਲੈਂਦਾ ਸੀ।

ਪਰ ਹੁਣ ਕੋਈ ਵੀ ਮਕਾਨ ਬਣਾਉਣ ਲਈ ਤਿਆਰ ਨਹੀਂ ਕਿਉਂਕਿ ਹਰ ਆਦਮੀ ਇਹ ਸਮਝਦਾ ਹੈ ਕਿ ਜੇ ਮੈਂ ਮਕਾਨ ਬਣਾ ਲਿਆ ਤਾਂ ਪ੍ਰਾਪਰਟੀ ਟੈਕਸ ਅਤੇ ਇੰਕਮ ਟੈਕਸ ਆਦਿ ਟੈਕਸ ਲਗ ਜਾਣਗੇ। ਇਸ ਲਈ ਕੋਈ ਵੀ ਹੁਣ ਨਵਾਂ ਮਕਾਨ ਬਣਾਉਣ ਲਈ ਤਿਆਰ ਨਹੀਂ ਅਤੇ ਮਕਾਨਾਂ ਦੀ ਐਕਿਊਟ ਸ਼ਾਰਟੇਜ ਹੋ ਗਈ ਹੈ ਅਤੇ ਜੇ ਇਸ ਦਾ ਕੋਈ ਹਲ ਨਾ ਸੋਚਿਆ ਗਿਆ ਤਾਂ ਇਹ ਪ੍ਰਾਬਲਮ ਹੋਰ ਵੀ ਗੰਭੀਰ ਹੋ ਜਾਵੇਗੀ। ਇਸ ਲਈ ਇਸ ਕੰਮ ਨੂੰ ਹੁਣ ਪਬਲਿਕ ਸੈਕਟਰ ਵਿਚ ਲਿਆਉਣਾ ਚਾਹੀਦਾ ਹੈ। ਪਿਛਲੇ ਸਾਲ ਸਰਕਾਰ ਨੇ ਇਕ ਹਾਊਸਿੰਗ ਬੋਰਡ ਬਣਾਇਆ ਸੀ ਪਰ ਅਜ ਇਕ ਸਾਲ ਗੁਜ਼ਰ ਜਾਣ ਤੋਂ ਬਾਦ ਵੀ ਉਸ ਤੇ ਕੋਈ ਅਮਲ ਨਹੀਂ ਹੋਇਆ। ਇਸ ਬਾਰੇ ਸਰਕਾਰ ਨੇ ਇਕ ਆਰਡੀਨੈਂਸ ਜਾਰੀ ਕੀਤਾ ਸੀ ਪਰ ਉਸ ਨੂੰ ਵਿਧਾਨ ਸਭਾ ਵਿਚ ਪੇਸ਼ ਨਹੀਂ ਕੀਤਾ ਗਿਆ। ਮੈਂ ਅਰਜ਼ ਕਰਦਾ ਹਾਂ ਕਿ ਉਸ ਲਈ ਸੈਂਟਰ ਦੀ ਸਰਕਾਰ ਵਲੋਂ 2 ਕਰੋੜ ਮਿਲਣੇ ਹਨ ਅਤੇ ਜੇ ਉਹ ਬੋਰਡ ਬਣ ਜਾਵੇ ਤਾਂ 20 ਕਰੋੜ ਦਾ ਰਿਵਾਲਵਿੰਗ ਫੰਡ ਸਰਕਾਰ ਨੂੰ ਮਿਲ ਸਕਦਾ ਹੈ।

ਸ੍ਰੀ ਸਭਾਪਤੀ : ਪਰ ਇਹ ਮੈਟਰ ਤਾਂ ਤੁਸੀਂ ਫਿਰ ਵੀ ਡਿਸਕਸ ਕਰ ਸਕਦੇ ਹੋ। ਹੁਣ ਵਾਈਂਡ ਅਪ ਕਰੋ। (The hon. Member can discuss this matter at some other occasion also. Please wind up now.)

ਸ੍ਰੀ ਮਨਮੋਹਨ ਕਾਲੀਆ : ਬਸ ਜੀ ਮੈਂ ਦੋ ਮਿੰਟਾਂ ਵਿਚ ਹੀ ਖਤਮ ਕਰ ਦਿੰਦਾ ਹਾਂ। ਮੈਂ ਸਰਕਾਰ ਨੂੰ ਸੁਝਾਵ ਦਿੰਦਾ ਹਾਂ ਕਿ ਉਹ ਦਿੱਲੀ ਪੈਟਰਨ ਤੇ ਲੋਕਾਂ ਨੂੰ ਮਕਾਨ ਬਣਾਉਣ ਲਈ ਸਹੂਲਤਾਂ ਦੇਵੇ। ਜਿਹੜੇ ਘਟ ਆਮਦਨੀ ਵਾਲੇ ਲੋਕ ਹਨ ਉਨ੍ਹਾਂ ਨੂੰ 70 ਪ੍ਰਤੀਸ਼ਤ ਸਬਸਿਡੀ ਅਤੇ ਬਾਕੀ ਦਾ ਲੋਨ ਦਿਤਾ ਜਾਵੇ। ਜਿਹੜੇ ਦਰਮਿਆਨੀ ਆਮਦਨ ਵਾਲੇ ਹਨ ਉਨ੍ਹਾਂ ਨੂੰ ਨੋ ਪ੍ਰਾਫਿਟ ਨੋ ਲਾਸ ਬੇਸਿਜ਼ ਤੇ ਕਰਜ਼ੇ ਅਤੇ ਜਿਹੜੇ ਜ਼ਿਆਦਾ ਆਮਦਨ ਵਾਲੇ ਲੋਕ ਹਨ ਉਨ੍ਹਾਂ ਤੋਂ ਪ੍ਰਾਫਿਟ ਲੈਣਾ ਚਾਹੀਦਾ ਹੈ। ਇਸ ਤਰੀਕੇ ਦੇ ਨਾਲ ਹੀ ਇਹ ਪ੍ਰਾਬਲਮ ਹੱਲ ਹੋ ਸਕਦੀ ਹੈ।

ਇਸ ਤੋਂ ਬਾਅਦ ਚੇਅਰਮੈਨ ਸਾਹਿਬ, ਮੈਂ ਕੁਝ ਸ਼ਬਦ ਹਿੰਦੀ ਬਾਰੇ ਕਹਾਂਗਾ। ਚੇਅਰਮੈਨ ਸਾਹਿਬ, ਜਿਨ੍ਹਾਂ ਸਟੇਟਾਂ ਵਿਚ ਸਭ ਤੋਂ ਪਹਿਲਾਂ ਹਿੰਦੀ ਦੇ ਵਿਰੁਧ ਵਾ ਵੇਲਾ ਮਚਿਆ ਉਹ ਸੀ ਤਾਮਲ-ਨਾਡੂ ਅਤੇ ਬੰਗਾਲ। ਤਾਮਿਲ ਨਾਡੂ ਵਿਚ ਮੀਡੀਅਮ ਆਫ ਇਨਸਟਰਕਸ਼ਨ ਅੰਗਰੇਜ਼ੀ ਸੀ ਅਤੇ ਬੰਗਾਲ ਵਿਚ ਬੰਗਾਲੀ। ਮੈਸੂਰ ਵਿਚ ਕੰਨੜ ਸੀ ਅਤੇ ਕੇਰਲਾ ਵਿਚ ਉਨ੍ਹਾਂ ਦੀ ਆਪਣੀ ਜ਼ਬਾਨ। ਸਿਰਫ ਮਦਰਾਸ ਵਿਚ ਹੀ ਤਾਮਲ ਦੀ ਥਾਂ ਤੇ ਅੰਗਰੇਜ਼ੀ ਮੀਡੀਅਮ ਆਫ਼ ਇੰਸਟਰਕਸ਼ਨ ਸੀ।

ਲੇਕਿਨ ਜਿਸ ਤੇਜ਼ੀ ਨਾਲ ਪਹਿਲਾਂ ਉਸ ਨੂੰ ਸਵਿਚ ਓਵਰ ਕੀਤਾ ਤਾਮਲ ਨਾਡੂ ਵਿਚ ਅਜ ਸਿਆਸੀ ਤੌਰ ਤੇ ਉਸ ਦੀ ਵਿਰੋਧਤਾ ਹੋਈ ਅਤੇ ਉਨ੍ਹਾਂ ਨੂੰ ਇਹ ਸਟੈਪਸ ਵਾਪਸ ਲੈਣੇ ਪਏ। ਅਜ ਪੰਜਾਬ ਅੰਦਰ ਵੀ ਹਿੰਦੀ ਦਾ ਖਾਸ ਦਰਜਾ ਹੈ। ਇਹ ਠੀਕ ਹੈ ਕਿ ਇਥੇ ਪੰਜਾਬੀ ਵਧੇ ਫੁਲੇ, ਇਸ ਚੀਜ਼ ਦਾ ਸਾਨੂੰ ਫਖਰ ਹੈ ਲੇਕਿਨ ਪੰਜਾਬ ਅੰਦਰ ਹਿੰਦੀ ਦਾ ਵੀ ਖਾਸ ਦਰਜਾ ਹੈ। ਇਹ ਦਰਜਾ ਅੱਜ ਨਹੀਂ ਇਹ ਤਾਂ ਪਿਛਲੇ 70/80 ਸਾਲਾਂ ਤੋਂ ਚਲਿਆ ਆ ਰਿਹਾ ਹੈ। ਤੁਸੀਂ ਪਿਛਲੇ ਅਖਬਾਰ ਦੇਖ ਲਵੋ ਇਸ ਚੀਜ਼ ਦਾ ਤੁਹਾਨੂੰ ਪਤਾ ਲਗ ਜਾਵੇਗਾ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੇ ਹਿੰਦੀ ਦਾ ਖਾਸ ਦਰਜਾ ਰਖਣਾ ਚਾਹੀਦਾ ਹੈ ਕਿਉਂਕਿ ਇਥੇ ਦੇ ਬੱਚਿਆਂ ਨੇ ਪੰਜਾਬ ਪੰਜਾਬ ਤੋਂ ਬਾਹਰ ਵੀ ਪੜ੍ਹਨਾ ਹੈ ਅਤੇ ਸੈਂਟਰ ਲੈਵਲ ਤੇ ਕੰਪੀਟੀਸ਼ਨ ਵਿਚ ਬੈਠਣਾ ਹੈ। ਦੋ ਲੱਖ ਰੁਪਿਆ ਜਿਹੜਾ ਹਿੰਦੀ ਲਈ ਰਖਿਆ ਗਿਆ ਹੈ, ਇਹ ਬਹੁਤ ਥੋੜ੍ਹੀ ਰਕਮ ਹੈ। ਕੈਲੰਡਰ, ਡਾਇਰੀਆਂ ਅਤੇ ਮੀਲ ਪੱਥਰਾਂ ਤੇ ਵੀ ਹਿੰਦੀ ਖਤਮ ਕਰ ਦਿਤੀ ਗਈ ਹੈ। (ਘੰਟੀ) (ਵਿਘਨ) ਇਹ ਚੀਜ਼ ਠੀਕ ਕਰਨੀ ਚਾਹੀਦੀ ਹੈ।

[ਸ੍ਰੀ ਮਨਮੋਹਨ ਕਾਲੀਆ]

ਸਪੋਰਟਸ ਦੇ ਬਾਰੇ ਜਾਲੰਧਰ ਅੰਦਰ ਇਕ ਸਪੋਰਟਸ ਇੰਡਸਟਰੀ ਹੈ ਜਿਹੜੀ ਡੇਢ ਦੋ ਕਰੋੜ ਰੁਪਏ ਦੀ ਫਾਰਨ ਐਕਸਚੇਂਜ ਅਰਨ ਕਰਨ ਦੇ ਕਾਬਲ ਹੈ। ਇਸ ਨੂੰ ਲਕੜੀ ਸਪਲਾਈ ਕਰਨ ਲਈ ਮਲਬਰੀ ਆਦਿ ਦੇ ਦਰਖਤ ਲਗਾਉਣੇ ਚਾਹੀਦੇ ਹਨ। (ਵਿਘਨ) (ਘੰਟੀ)

ਟਰਾਂਸਪੋਰਟ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਬਸ ਸਟੈਂਡ ਬਣਾਏ ਜਾ ਰਹੇ ਹਨ, ਪਰ ਮੈਂ ਵਜ਼ੀ ਸਾਹਿਬਾਨ, ਨੂੰ ਅਰਜ਼ ਕਰਾਂਗਾ ਕਿ ਉਹ ਇਕ ਵਾਰੀ ਇਨ੍ਹਾਂ ਬਸ ਸਟੈਂਡ ਦੀ ਹਾਲਤ ਤਾਂ ਜਾ ਕੇ ਵੇਖਣ (ਵਿਘਨ)

ਸ੍ਰੀ ਸਭਾਪਤੀ: ਤੁਹਾਡੇ ਜਾਲੰਧਰ ਦਾ ਮਾਡਲ ਰੂਟ ਬਣ ਰਿਹਾ ਹੈ। (The Jullundur route is being developed as a model route.)

ਸ੍ਰੀ ਮਨਮੋਹਨ ਕਾਲੀਆ: ਜਾਲੰਧਰ ਵੀ ਬਸ ਸਟੈਂਡ ਸ਼ਹਿਰ ਤੋਂ ਬਾਹਰ ਕੱਢ ਦਿਤਾ ਹੈ ਅਤੇ ਲੋਕਾਂ ਨੂੰ ਕਾਫੀ ਤਕਲੀਫ ਹੋ ਰਹੀ ਹੈ (ਵਿਘਨ) ਉਥੇ ਇਨਸੈਨੇਟਰੀ ਦੀ ਜਿਹੜੀ ਕੰਡੀਸ਼ਨ ਹੈ, ਉਸ ਨੂੰ ਸੁਧਾਰਨਾ ਚਾਹੀਦਾ ਹੈ। ਰੋਡਵੇਜ਼ ਦੇ ਲਾਂਗ ਰੂਟਸ ਉਤੇ ਕੁਰੱਪਸ਼ਨ ਹੋ ਰਹੀ ਹੈ। (ਵਿਘਨ) ਚੇਅਰਮੈਨ ਸਾਹਿਬ, ਮੈਂ ਐਕਸੀਡੈਂਟਸ ਦੇ ਬਾਰੇ ਵੀ ਅਰਜ਼ ਕਰਨਾ ਚਾਹੁੰਦਾ ਸੀ ਕਿ ਮੋਟਰ ਵੈਹੀਕਲਜ਼ ਰੂਲਜ਼ ਦੀ ਉਲੰਘਣਾ ਹੋਣ ਕਾਰਨ ਇਹ ਐਕਸੀਡੈਂਟਸ ਕਾਫੀ ਹੋ ਰਹੇ ਹਨ। ਸੜਕਾਂ ਤੇ ਤੂੜੀ ਦੇ ਭਰੇ ਟਰਕ ਚਲਣ ਕਾਰਨ, ਹੋਰ ਵੈਹੀਕਲਜ਼ ਨੂੰ ਮੁਸ਼ਕਿਲ ਪੇਸ਼ ਆਉਂਦੀ ਹੈ ਅਤੇ ਕਈ ਵਾਰੀ ਇਹ ਚੀਜ਼ਾਂ ਐਕਸੀਡੈਂਟ ਦਾ ਕਾਰਨ ਬਣ ਜਾਂਦੀਆਂ ਹਨ। ਚੰਡੀਗੜ੍ਹ, ਅੰਮ੍ਰਿਤਸਰ ਰੂਟ ਤੇ ਕੋਈ ਨਾ ਕੋਈ ਮਿਸਹੈਪਨਿੰਗ ਹੋਈ ਰੋਜ਼ ਨਜ਼ਰ ਆਉਂਦੀ ਹੈ। (ਘੰਟੀ) (ਵਿਘਨ)

ਅਨਐਂਪਲਾਇਮੈਂਟ ਬਾਰੇ ਵੀ ਮੈਂ ਅਰਜ਼ ਕਰਾਂਗਾ ਕਿ ਇਸ ਬੀਮਾਰੀ ਨੇ ਸਟੇਟ ਵਿਚ ਭਿਆਨਕ ਰੂਪ ਧਾਰਨ ਕਰ ਲਿਆ ਹੈ। ਇਹੀ ਵਜਾਹ ਹੈ ਕਿ ਪੜ੍ਹੇ ਲਿਖਿਆਂ ਨੂੰ ਨੌਕਰੀ ਨਾ ਮਿਲਣ ਕਾਰਨ ਨਕਸਲਾਈਟ ਦੀ ਪਰਾਬਲਮ ਸਾਹਮਣੇ ਆ ਰਹੀ ਹੈ। ਇਸ ਚੀਜ਼ ਦਾ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕਿ ਪੜ੍ਹੇ ਲਿਖੇ ਬੱਚਿਆਂ ਨੂੰ ਅਸੀਂ ਕਿਸ ਤਰ੍ਹਾਂ ਐਬਜ਼ਾਰਬ ਕਰਾਂਗੇ। (ਵਿਘਨ)

Mr. Chairman: Please wind up.

ਸ੍ਰੀ ਮਨਮੋਹਨ ਕਾਲੀਆ: ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਪਰਾਰਥਨਾ ਕਰਾਂਗਾ ਕਿ ਠੀਕ ਹੈ ਖਾਲਸ ਅਕਾਲੀ ਦਲ ਦੀ ਹਕੂਮਤ ਹੈ, ਇਕ ਖਾਸ ਤਬਕੇ ਦੀ ਹਕੂਮਤ ਹੈ ਲੇਕਿਨ ਜਿਸ ਤਰੀਕੇ ਨਾਲ ਇਨਸਾਫ ਹਰ ਇਕ ਨਾਲ ਹੋਣਾ ਚਾਹੀਦਾ ਹੈ, ਸਰਵਿਸਿਜ਼ ਅੰਦਰ, ਟਰਾਂਸਫਰਜ਼ ਅੰਦਰ, ਐਂਪਲਾਇਮੈਂਟ ਅੰਦਰ, ਇਹ ਨਹੀਂ ਹੋ ਰਿਹਾ ਹੈ। ਇਕ ਖਾਸ ਪਾਰਟੀ ਨੂੰ ਇਨ੍ਹਾਂ ਸਾਰੀਆਂ ਗਲਾਂ ਵਿਚ ਪਰੋਟੈਕਸ਼ਨ ਦੇਣਾ ਮਾਸਿਜ਼ ਅਦਰ ਇਹ ਸਾਬਤ ਕਰਦਾ ਹੈ ਕਿ ਇਹ ਹਕੂਮਤ ਸੈਕੂਲਰ ਨਹੀਂ ਹੈ। (ਘੰਟੀ) (ਵਿਘਨ) ਇਹ ਫੀਲਿੰਗਜ਼ ਹਨ ਮਾਸਿਜ਼ ਦੀਆਂ। ਮੈਂ ਐਡਰੈਸ ਦੀ ਮੁਖਾਲਫਤ ਕਰਦਾ ਹਾਂ।

ਸਰਦਾਰ ਗੁਰਮੀਤ ਸਿੰਘ (ਰਾਜ ਮੰਤਰੀ, ਖੁਰਾਕ ਅਤੇ ਸਪਲਾਈ): ਅੱਜ ਗਵਰਨਰ ਸਾਹਿਬ ਦੇ ਐਡਰੈਸ ਦੇ ਧੰਨਵਾਦ ਦੇ ਮਤੇ ਤੇ ਬਹਿਸ ਹੋ ਰਹੀ ਹੈ। ਕਾਂਗਰਸ ਪਾਰਟੀ ਦੇ ਮੌਲਾਨਾ ਮਾਸਟਰ ਗੁਰਬੰਤਾ ਸਿੰਘ ਨੇ ਆਪਣੇ ਵਿਚਾਰ ਰਖੇ, ਡਾਂਗ ਸਾਹਿਬ ਨੇ, ਕਾਲੀਆ ਸਾਹਿਬ ਨੇ ਵੀ ਕੁਝ ਅਖਰ ਆਖੇ। ਮੈਨੂੰ ਸਮਝ ਨਹੀਂ ਆਈ ਕਿ ਮਾਸਟਰ ਜੀ ਦੀ ਤਕਰੀਰ ਤੋਂ ਜਿਹੜੇ ਪੁਆਇੰਟਸ ਦੀ ਹਮਾਇਤ

ਕਰਨੀ ਸੀ, ਉਨ੍ਹਾਂ ਦੀ ਇਹ ਮੁਖਾਲਫਤ ਕਰ ਗਏ ਹਨ ਅਤੇ ਜਿਨ੍ਹਾਂ ਦੀ ਮੁਖਾਲਫਤ ਕਰਨੀ ਸੀ ਉਹ ਚੇਤੇ ਨਹੀਂ ਰਹੇ ਇਨ੍ਹਾਂ ਦੇ। ਸਾਡਾ ਪੱਖ, ਸਰਕਾਰ ਦਾ ਪੱਖ, ਅਕਾਲੀ ਪਾਰਟੀ ਦਾ ਪੱਖ ਮੈਂ ਚੇਅਰ-ਮੈਨ ਸਾਹਿਬ, ਤੁਹਾਡੇ ਰਾਹੀਂ ਹਾਊਸ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ। ਅਕਾਲੀ ਪਾਰਟੀ ਦਾ ਨਾਂ 14 ਸਤੰਬਰ, 1920 ਨੂੰ ਇਸ ਲਈ ਰਖਿਆ ਗਿਆ ਸੀ ਕਿ ਹਰੀਜਨਾਂ ਦੇ ਗੁਰਦਵਾਰਿਆਂ ਵਿਚ ਜਾਣ ਦਾ ਪੁਜਾਰੀਆਂ ਮਹੰਤਾਂ ਵਲੋਂ ਸਮਾਂ ਮੁਕਰਰ ਸੀ। ਇਹ ਸਮਾਂ ਸੀ ਸ਼ਾਮ ਨੂੰ ਅੱਠ ਵਜੇ ਤੋਂ ਬਾਅਦ ਅਤੇ ਸਵੇਰੇ ਛੇ ਵਜੇ ਤੋਂ ਪਹਿਲਾਂ (ਵਿਘਨ) ਉਸ ਵੇਲੇ ਝਗੜਾ ਹੋਣ ਤੇ ਵਾਕ ਲਿਆ ਗਿਆ ਅਤੇ ਵਾਕ ਇਹ ਆਇਆ ਸੀ :

"ਗੁਣ ਹੀਨ ਹਮ ਅਪਰਾਧੀ ਜੀਉ ਪੂਰੇ ਸਤਿਗੁਰ ਲਏ ਮਿਲਾਇ '

ਉਸ ਵੇਲੇ ਅਕਾਲੀ ਦਲ ਦੀ ਬੁਨਿਆਦ ਰਖੀ ਗਈ ਸੀ। ਇਹ ਕਾਂਗਰਸੀ ਆਪਣੇ ਆਪ ਨੂੰ ਅਜ ਹਰੀਜਨਾਂ ਦਾ ਵਾਹਦ ਹਮਦਰਦ ਸਮਝਦੇ ਹਨ।

"ਮਾਂ ਨਾਲੋਂ ਹੇਜਲੀ ਫਫੇ ਕੁੱਟਣੀ"

ਇਹ ਉਹ ਕਾਂਗਰਸ ਹੈ ਜਿਸ ਨੇ ਚੇਅਰਮੈਨ ਸਾਹਿਬ, ਸਿਰਫ ਇਹ ਹੀ ਨਹੀਂ ਹਰੀਜਨਾਂ ਨੂੰ ਕਿਹਾ ਕਿ ਤੁਹਾਡੀ ਬਰਾਤਾਂ ਲਈ ਜ਼ਮੀਨਾਂ ਦੇਵਾਂਗੇ, ਤੁਹਾਨੂੰ ਮੁਰੱਬੇ ਤੇ ਜ਼ਮੀਨਾਂ ਅਲੌਟ ਕਰਕੇ ਦੇਵਾਂਗੇ, ਪਿਛਲੇ ਵੀਹ ਸਾਲਾਂ ਵਿਚ ਇਨ੍ਹਾਂ ਲਈ ਕੋਈ ਠੋਸ ਕੰਮ ਨਹੀਂ ਹੋਇਆ, ਲੇਕਿਨ ਇਸ ਅਕਾਲੀ ਦਲ ਨੇ ਇਨ੍ਹਾਂ ਹਰੀਜਨਾਂ ਲਈ ਠੋਸ ਤੇ ਉਸਾਰੂ ਕੰਮ ਕੀਤਾ ਹੈ। ਇਨ੍ਹਾਂ ਨੂੰ ਜ਼ਮੀਨਾਂ ਵੰਡਣ ਲਈ ਐਮ. ਐਲ. ਏਜ਼. ਦੀ ਕਮੇਟੀ ਬਣਾਈ ਗਈ ਹੈ। ਇਨ੍ਹਾਂ ਦੀ ਧੀਆਂ ਭੈਣਾਂ ਦੀ ਸ਼ਾਦੀਆਂ ਤੇ ਬਰਾਤਾਂ ਲਈ ਜੰਞ ਘਰ ਬਣਾਕੇ ਦਿਤੇ ਹਨ। ਹੋਰ ਵੀ ਕਈ ਕਿਸਮ ਦੀਆਂ ਸਹੂਲਤਾਂ ਇਨ੍ਹਾਂ ਲੋਕਾਂ ਨੂੰ ਦੇਣ ਦਾ ਪਰਬੰਧ ਕੀਤਾ ਗਿਆ ਹੈ। (ਵਿਘਨ) ਪਰ ਮਾਸਟਰ ਜੀ ਨੇ ਆਖਿਆ ਹੈ ਕਿ ਇਹ ਬੜਾ ਥੋਥਾ ਐਡਰੈਸ ਹੈ। ਮੈਂ ਸਮਝਦਾ ਹਾਂ ਕਿ ਮਾਸਟਰ ਜੀ ਨੇ ਇਸ ਐਡਰੈਸ ਨੂੰ ਥੋਥਾ ਇਸ ਲਈ ਕਿਹਾ ਹੈ ਕਿ ਸੰਨ 1966 ਤੋਂ, ਜਦ ਕਿ ਪੰਜਾਬੀ ਸੂਬਾ ਬਣਿਆ ਸੀ, ਹੁਣ ਤਕ ਇਥੇ ਡੇਢ ਗੁਣਾ ਪੈਦਾਵਾਰ ਵਧ ਗਈ ਹੈ। ਪਹਿਲਾਂ ਪਿਛਲੇ ਸਾਲ 19 ਲਖ ਟਨ ਅਨਾਜ ਫਿਕਸ ਹੋਇਆ ਸੀ ਜਿਹੜਾ ਕਿ ਹਿੰਦੁਸਤਾਨ ਦੇ ਭੰਡਾਰ ਵਿਚ ਦੇਣਾ ਸੀ, ਇਸ ਦੇ ਉਲਟ 24 ਲਖ ਟਨ ਅਨਾਜ ਇਸ ਭੰਡਾਰੇ ਵਿਚ ਦਿਤਾ ਗਿਆ ਹੈ। ਇਹ ਇਸ ਲਈ ਥੋਥਾ ਦਸਿਆ ਗਿਆ ਹੈ ਕਿ 902 ਪਿੰਡਾਂ ਨੂੰ ਮਾਡਲ ਬਨਾਉਣਾ ਹੈ। ਇਨ੍ਹਾਂ ਪਿੰਡਾਂ ਨੂੰ ਜਿਥੇ ਕਿ ਅਨ ਹਾਈਜੀਨੀਕਲੀ ਲੋਕ ਰਹਿ ਰਹੇ ਹਨ, ਉਨ੍ਹਾਂ ਨੂੰ ਹਾਈਜੀਨੀਕਲੀ ਰਹਿਣ ਦੇ ਕਾਬਲ ਬਣਾਇਆ ਜਾ ਰਿਹਾ ਹੈ। ਇਕ ਹਜ਼ਾਰ ਪਿੰਡ ਵਿਚ ਹਰੀਜਨਾਂ ਲਈ ਬਰਾਤ ਘਰ ਬਨਾਉਣ ਲਈ ਚੁਣੇ ਗਏ ਹਨ। ਮਾਸਟਰ ਜੀ ਨੇ ਐਨਾ ਵੀ ਮਹਿਸੂਸ ਨਹੀਂ ਕੀਤਾ ਕਿ ਐਨਾ ਕੁਝ ਹੋ ਰਿਹਾ ਹੈ। ਬੁਢਾਪੇ ਪੈਨਸ਼ਨ ਲਈ ਪਹਿਲਾਂ 30 ਲੱਖ ਰੁਪਿਆ ਸੀ ਜਿਹੜਾ ਹੁਣ 39 ਲਖ ਰੁਪਿਆ ਰਖਿਆ ਗਿਆ ਹੈ। ਹਿੰਦੁਸਤਾਨ ਦੀ ਮਹਾਨ ਤੀਰਥ ਸਥਾਨਾਂ, ਰਾਮ ਤੀਰਥ, ਅੰਮ੍ਰਿਤਸਰ, ਆਨੰਦਪੁਰ ਸਾਹਿਬ, ਮੁਕਤਸਰ ਦੀ ਤਰੱਕੀ ਲਈ, ਇਨ੍ਹਾਂ ਦੇ ਵਿਕਾਸ ਲਈ ਵਿਕਾਸ ਬੋਰਡ ਤੇ ਸਕੀਮਾਂ ਬਣਾਈਆਂ ਗਈਆਂ ਹਨ।

ਇਸ ਲਈ ਮੇਰਾ ਖਿਆਲ ਹੈ ਕਿ ਮਾਸਟਰ ਜੀ ਤੁੱਅਸਬ ਦੀ ਐਨਕ ਅੱਖਾਂ ਤੇ ਲਾ ਕੇ ਇਸ ਐਡਰੈਸ ਨੂੰ ਥੋਥਾ ਆਖਦੇ ਹਨ। ਜੇ ਤੁਸੀਂ ਇਸ ਨੂੰ ਅੱਛਾ ਐਡਰੈਸ ਨਹੀਂ ਮੰਨਦੇ ਤਾਂ ਮੈਂ ਤੁਹਾਨੂੰ ਦੱਸਦਾ ਹਾਂ ਕਿ ਕਿਸ ਤਰ੍ਹਾਂ ਇਨ੍ਹਾਂ ਦੇ ਰਾਜ ਵਿਚ ਵਿਉਪਾਰੀ ਨੇ (ਕਾਂਗਰਸ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) 14 ਰੁਪਏ ਵਿਚ ਜ਼ਿਮੀਂਦਾਰਾਂ ਤੋਂ ਕਣਕ ਲੈ ਕੇ 55 ਰੁਪਏ ਵਿਚ ਵੇਚੀ। 58 ਰੁਪਏ ਕੁਇੰਟਲ ਵਿਚ ਜ਼ਿਮੀਂਦਾਰਾਂ ਤੋਂ ਲੈ ਕੇ 128 ਰੁਪਏ ਕੁਇੰਟਲ ਵਿਚ ਵੇਚੀ। 1967 ਦੀਆਂ ਵੋਟਾਂ ਵਿਚ ਕਿਸ ਤਰ੍ਹਾਂ ਇਨ੍ਹਾਂ ਨੇ ਮਹਿੰਗਾ ਆਟਾ ਦਿਤਾ। ਔਰ ਲੋਕਾਂ ਨੇ ਇਹਨਾਂ ਨੂੰ 8 ਸੂਬਿਆਂ

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਵਿਚ ਫੜਕੇ ਧੂਕੇ ਰਾਜ ਸੰਘਾਸਨ ਤੋਂ ਲਾਹ ਦਿੱਤਾ। ਅੱਜ ਇਹ ਇਸ ਐਡਰੈਸ ਨੂੰ ਥੋਥਾ ਐਡਰੈਸ ਆਖਦੇ ਹਨ (ਪ੍ਰਸੰਸਾ) ਇਸੀ ਵਜ੍ਹਾ ਕਰਕੇ ਅੱਜ ਲੋਕਾਂ ਨੇ ਇਨ੍ਹਾਂ ਨੂੰ ਕੰਨੋਂ ਫੜਕੇ ਪਾਸੇ ਕਰ ਦਿਤਾ ਹੈ। ਚੇਅਰਮੈਨ ਸਾਹਿਬ, ਅੱਜ ਪੰਜਾਬੀ ਸੂਬੇ ਦਾ ਚੌਥਾ ਬਜਟ ਸੈਸ਼ਨ ਹੋ ਰਿਹਾ ਹੈ। ਇਹ ਕਹਿੰਦੇ ਹਨ ਕਿ ਸੰਤ ਫ਼ਤਹ ਸਿੰਘ ਨੇ ਪੰਜਾਬੀ ਸੂਬਾ ਛੋਟਾ ਕਰਵਾਇਆ, ਇਹ ਕਹਿੰਦੇ ਹਨ ਕਿ ਅਕਾਲੀ ਦਲ ਨੇ ਪੰਜਾਬੀ ਸੂਬਾ ਛੋਟਾ ਕਰਵਾਇਆ ਜਾਂ ਕਿ ਜਿਨ੍ਹਾਂ ਨੂੰ ਇਸ ਦਾ ਫੈਸਲਾ ਕਰਨ ਦਾ ਇਖਤਿਆਰ ਸੀ, ਜਿਨ੍ਹਾਂ ਦੇ ਹੱਥ ਵਿਚ ਫੈਸਲਾ ਕਰਨ ਦੀ ਕਲਮ ਸੀ ਔਰ ਚੇਅਰਮੈਨ ਸਾਹਿਬ, ਇਨਸਾਫ਼ ਦਾ ਤਰਾਜੂ ਲੈ ਕੇ ਉਹ ਤੁਹਾਡੇ ਵਾਂਗਰ ਉਚੀ ਕੁਰਸੀ ਤੇ ਬੈਠੇ ਸਨ ਜਾਂ ਕਿ ਉਨ੍ਹਾਂ ਦਿੱਲੀ ਵਾਲਿਆਂ ਨੇ ਪੰਜਾਬੀ ਸੂਬੇ ਨੂੰ ਛੋਟਾ ਕੀਤਾ। ਇਹ ਹੁਣ ਤੁਸੀਂ ਜਾਣਦੇ ਹੀ ਹੋ ਕਿ ਅਸੀਂ ਪੰਜਾਬੀ ਸੂਬਾ ਛੋਟਾ ਕਰਵਾਇਆ ਜਾਂ ਕਿ ਉਨ੍ਹਾਂ ਨੇ ਕੀਤਾ? ਇਹ ਹਿੰਦੁਸਤਾਨ ਦੀ ਜਨਤਾ ਅੱਛੀ ਤਰ੍ਹਾਂ ਜਾਣਦੀ ਹੈ। ਪੰਜਾਬੀਆਂ ਦਾ ਵਿਕਾਸ ਰੋਕਣ ਲਈ, ਪੰਜਾਬ ਦੀ ਤਰੱਕੀ ਰੋਕਣ ਲਈ ਹਿੰਦੁਸਤਾਨ ਦੇ ਕੁਝ ਜ਼ਰਖੇਜ਼ ਦਿਮਾਗਾਂ ਨੇ ਜਿਨ੍ਹਾਂ ਵਿਚ ਸ੍ਰੀ ਗੁਲਜ਼ਾਰੀ ਲਾਲ ਨੰਦਾ ਅਤੇ ਸ੍ਰੀ ਜਗਜੀਵਨ ਰਾਮ ਵੀ ਹਨ, ਪੰਜਾਬੀਆਂ ਨੂੰ ਖੂੰਜੇ ਲਾਉਣ ਲਈ ਤਾਕਿ ਇਹ ਵਧ ਫੁਲ ਨਾ ਸਕਣ, ਕੋਸ਼ਿਸ਼ ਕੀਤੀ ਗਈ। (ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ: ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਗੌਰਮਿੰਟ ਆਫ ਇੰਡੀਆ ਦੇ ਮਨਿਸਟਰ ਇਸ ਹਾਊਸ ਦੇ ਮੈਂਬਰ ਨਹੀਂ, ਕੀ ਉਨ੍ਹਾਂ ਦੇ ਖਿਲਾਫ ਇਹ ਆਪਣੀ ਸਪੀਚ ਦੇ ਵਿਚ ਰੀਮਾਰਕਸ ਦੇ ਸਕਦੇ ਹਨ ?(ਵਿਘਨ)

ਰਾਜ ਮੰਤਰੀ, ਖੁਰਾਕ ਤੇ ਸਪਲਾਈ: ਮੈਂ ਤਾਂ ਉਨ੍ਹਾਂ ਦੇ ਜ਼ਰਖੇਜ਼ ਦਿਮਾਗ ਦੀ ਗੱਲ ਦੱਸਦਾ ਪਿਆ ਹਾਂ। ਪੰਜਾਬੀਆਂ ਨੂੰ ਖੂੰਜੇ ਲਾਉਣ ਲਈ, ਪੰਜਾਬੀ ਸੂਬੇ ਨੂੰ ਛੋਟਾ ਬਣਾਉਣ ਲਈ ਉਨ੍ਹਾਂ ਨੇ ਕੀ ਕੁਝ ਕੀਤਾ। ਚੇਅਰਮੈਨ ਸਾਹਿਬ, ਅਕਾਲੀ ਦਲ ਨੇ 55 ਹਜ਼ਾਰ ਬੰਦੇ ਜੇਲ੍ਹਾਂ ਵਿਚ ਭੇਜੇ। ਇਧਰ ਜਿਹੜੇ ਟਰੇਜ਼ਰੀ ਬੈਂਚਿਜ਼ ਤੇ ਮੇਰੇ ਵੀਰ ਬੈਠੇ ਹਨ ਇਹ ਦੋ ਦੋ, ਚਾਰ ਚਾਰ ਵਾਰੀ ਮੇਰੇ ਵਾਂਗਰ ਜੇਲ੍ਹਾਂ ਵਿਚ ਗਏ ਪੰਜਾਬੀ ਸੂਬਾ ਬਣਾਉਣ ਦੀ ਖਾਤਰ। ਇਨ੍ਹਾਂ ਨੇ ਬਹੁਤ ਕੁਰਬਾਨੀਆਂ ਕੀਤੀਆਂ ਹਨ। ਸੰਤ ਫ਼ਤਹ ਸਿੰਘ ਅਤੇ ਅਕਾਲੀ ਦਲ ਨੇ 55 ਹਜ਼ਾਰ ਬੰਦੇ ਜੇਲ੍ਹਾਂ ਵਿਚ ਭੇਜੇ। ਤੁਸੀਂ ਜਾਣਦੇ ਹੋ ਕਿ ਕਿਸ ਤਰ੍ਹਾਂ ਬਠਿੰਡਾ ਜੇਲ੍ਹ ਵਿਚ ਉਸ ਜ਼ਮਾਨੇ ਦੀ ਸਰਕਾਰ ਨੇ ਉਨ੍ਹਾਂ ਤੇ ਗੋਲੀਆਂ ਚਲਾਈਆਂ। (ਸ਼ੇਮ, ਸ਼ੇਮ) ਮੈਂ ਮੁੱਖ ਮੰਤਰੀ ਬਾਦਲ ਸਾਹਿਬ, ਸਰਦਾਰ ਗੁਰਨਾਮ ਸਿੰਘ ਅਤੇ ਸੰਤ ਫ਼ਤਹ ਸਿੰਘ ਅਤੇ ਅਕਾਲੀ ਦਲ ਨੂੰ ਵਧਾਈ ਦਿੰਦਾ ਹਾਂ ਕਿ ਜਿਹੜੀ ਸਾਡੀ ਮੰਗ ਸੀ ਉਸ ਵਿਚ ਸਾਨੂੰ ਜਿੱਤ ਪ੍ਰਾਪਤ ਹੋਈ ਹੈ, ਚੰਡੀਗੜ੍ਹ ਸਾਨੂੰ ਮਿਲ ਗਿਆ ਹੈ। (ਤਾੜੀਆਂ) ਪਰ ਚੰਡੀਗੜ੍ਹ ਦਾ ਫੈਸਲਾ ਕਰਦਿਆਂ ਸਾਡੇ ਨਾਲ ਧੱਕਾ ਕੀਤਾ ਗਿਆ ਹੈ ਕਿ ਫ਼ਾਜ਼ਿਲਕਾ ਅਤੇ ਅਬੋਹਰ ਅਤੇ ਪੰਜਾਬੀ ਬੋਲਦੇ ਇਲਾਕੇ ਸਾਡੇ ਨਾਲੋਂ ਵੱਖ ਕੀਤੇ ਜਾ ਰਹੇ ਹਨ। (ਵਿਘਨ) ਚੌਧਰੀ ਸਾਹਿਬ ਹੁਣ ਬਾਹਿਰ ਨੂੰ ਜਾ ਰਹੇ ਹਨ ਮੈਂ ਦੱਸਦਾ ਹਾਂ ਕਿ ਤੁਸੀਂ ਤਾਂ ਦਸਖਤ ਕਰਕੇ ਮੈਮੋਰੈਂਡਮ ਭੇਜਿਆ ਸੀ ਅਤੇ ਡੈਪੂਟੇਸ਼ਨ ਲੈ ਕੇ ਗਏ ਸੀ ਸਗੋਂ ਤੁਹਾਨੂੰ ਤਾਂ ਖੁਸ਼ੀ ਹੋਣੀ ਚਾਹੀਦੀ ਹੈ, ਤੁਹਾਨੂੰ ਤਾਂ ਕੋਈ ਤਕਲੀਫ ਨਹੀਂ ਹੋਣੀ ਚਾਹੀਦੀ। ਤਕਲੀਫ਼ ਤਾਂ ਇਨ੍ਹਾਂ ਨੂੰ ਹੈ ਜਿਹੜਾ ਕਿ ਕਮਲਾ ਟੱਬਰ ਆਪਸ ਵਿਚ ਲੜਦਾ ਰਿਹਾ, ਤੁਹਾਨੂੰ ਇਸ ਵਿਚ ਕੋਈ ਤਕਲੀਫ਼ ਨਹੀਂ। ਇਹ ਸਾਰਿਆਂ ਦਾ ਸਮੁੱਚਾ ਕੰਮ ਹੈ। ਮੈਂ, ਚੇਅਰਮੈਨ ਸਾਹਿਬ, ਆਪ ਦੇ ਰਾਹੀਂ ਸਾਰੇ ਹਾਊਸ ਨੂੰ ਇਨਵਾਈਟ ਕਰਦਾ ਹਾਂ, ਇਨ੍ਹਾਂ ਸਾਥੀਆਂ ਨੂੰ ਵੀ (ਕਾਂਗਰਸ ਵਲ ਇਸ਼ਾਰਾ ਕਰਦੇ ਹੋਏ) ਕਿ ਫ਼ਾਜ਼ਿਲਕਾ ਅਤੇ ਅਬੋਹਰ ਨੂੰ ਹਾਸਲ ਕਰਨ ਲਈ, ਪੰਜਾਬੀ ਬੋਲਦੇ ਇਲਾਕੇ ਵਾਪਸ ਲੈਣ ਲਈ ਸਾਨੂੰ ਤੁਹਾਡੇ ਮਿਲਵਰਤਨ ਦੀ ਲੋੜ ਹੈ। ਪੰਜਾਬ ਨਾਲ ਪਿਆਰ ਕਰਨ ਵਾਲੇ ਅਤੇ ਇਸ ਦਾ ਦਰਦ ਰੱਖਣ ਵਾਲੇ ਜੇ ਕੋਈ ਨਿੱਗਰ ਖਿਆਲਾਤ ਦੇਣਗੇ ਤਾਂ

ਸੀ.ਐਮ.ਸਾਹਿਬ ਨੋਟ ਕਰਕੇ ਉਨ੍ਹਾਂ ਦਾ ਉਤਰ ਦੇਣਗੇ। ਇਸ ਕੰਮ ਵਿਚ ਅਸੀਂ ਤੁਹਾਡੀ ਕੋਆਪਰੇਸ਼ਨ ਚਾਹੁੰਦੇ ਹਾਂ ਤਾਂ ਜੋ ਪੰਜਾਬ ਦੀ, ਸਾਡੀ ਜਿੱਤ ਹੋਵੇਗੀ। (ਤਾੜੀਆਂ) (ਵਿਘਨ)

ਚੌਧਰੀ ਸੱਤਪਾ ਦੇਵ: ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਫ਼ਾਜ਼ਿਲਕਾ ਅਤੇ ਅਬੋਹਰ ਦੇ ਬਾਰੇ ਮੁੱਖ ਮੰਤਰੀ ਜੀ ਨੇ ਵੀ ਕਈ ਵਾਰੀ ਜ਼ਿਕਰ ਕੀਤਾ ਹੈ। ਐਕਮ ਮੁੱਖ ਮੰਤਰੀ ਨੇ ਵੀ ਕਿਹਾ ਸੀ ਅਤੇ ਸਟੇਟ ਮਨਿਸਟਰ ਵੀ ਜ਼ਿਕਰ ਕਰਦੇ ਹਨ ਕਿ ਅਸੀਂ ਇਹ ਇਲਾਕੇ ਬਾਹਿਰ ਨਹੀਂ ਜਾਣ ਦੇਣੇ। ਮੈਂ ਇਹ ਰੀਕੁਐਸਟ ਕਰਦਾ ਹਾਂ ਕਿ ਕੀ ਇਨ੍ਹਾਂ ਨੇ ਉਸ ਇਲਾਕੇ ਦੀ ਡੀਵੈਲਪਮੈਂਟ ਵਲ ਕੋਈ ਧਿਆਨ ਦਿੱਤਾ ਹੈ? (ਵਿਘਨ)

Mr. Chairman : This is no point of order.

ਰਾਜ ਮੰਤਰੀ, ਖੁਰਾਕ ਤੇ ਸਪਲਾਈ: ਅਸੀਂ ਤਾਂ ਉਸ ਦੀ ਬੜੀ ਡਿਵੈਲਪਮੈਂਟ ਕਰ ਰਹੇ ਹਾਂ। ਨਾਲ ਹੀ ਮੁਕਤਸਰ ਤਹਿਸੀਲ ਹੈ ਅਸੀਂ ਤਾਂ ਇਸ ਦੇ ਨਾਲੋਂ ਵੀ ਦੁੱਗਣਾ ਚੌਗਣਾ ਪੈਸਾ ਉਥੇ ਲਗਾ ਰਹੇ ਹਾਂ, ਪਰ ਤੁਸੀਂ ਕਹਿੰਦੇ ਹੋ ਕਿ ਕੋਈ ਡਿਵੈਲਪਮੈਂਟ ਨਹੀਂ ਕੱਰ ਰਹੇ। ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਦਫ਼ਤਰਾਂ ਵਿਚ ਛੁੱਟੀ ਕੀਤੀ ਗਈ, ਇਹ ਛੁੱਟੀ ਸਰਕਾਰ ਨੇ ਕੀਤੀ ਸੀ ਕਿਉਂਕਿ ਸਾਡੀ ਚੰਡੀਗੜ੍ਹ ਲੈਣ ਦੀ ਮੰਗ ਪੂਰੀ ਹੋਈ ਸੀ। ਫ਼ਾਜ਼ਿਲਕਾ ਅਤੇ ਅਬੋਹਰ ਹਰਿਆਣਾ ਨੂੰ ਦੇ ਦੇਣ ਤੇ ਪਰੋਟੈਸਟ ਅਤੇ ਸਖ਼ਤ ਰੋਸ ਕੀਤਾ। (ਵਿਘਨ) ਇਹ ਇਲਾਕੇ ਅਸੀਂ ਨਹੀਂ ਦਿਤੇ ਇਹ ਦਿੱਲੀ ਦੀ ਸਰਕਾਰ ਨੇ ਦਿਤੇ।

ਹਮ ਆਹ ਭੀ ਭਰਤੇ ਹੈਂ ਤੋ ਹੋ ਜਾਤੇ ਹੈਂ ਬਦਨਾਮ
ਵੋਹ ਕਤਲ ਭੀ ਕਰਤੇ ਹੈਂ ਤੋ ਚਰਚਾ ਨਹੀਂ ਹੋਤਾ।

ਮੈਂ ਮੁੱਖ ਮੰਤਰੀ ਅਤੇ ਅਕਾਲੀ ਦਲ ਨੂੰ ਵਧਾਈ ਦਿੰਦਾ ਹਾਂ ਕਿ ਜਿਨ੍ਹਾਂ ਨੇ ਸ੍ਰੀ ਗੁਰ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਬੜੇ ਉਤਸ਼ਾਹ ਨਾਲ ਮਨਾਈ ਹੈ। ਯੂਨੀਵਰਸਿਟੀ ਨੇ ਸ੍ਰੀ ਗੁਰ ਨਾਨਕ ਦੇਵ ਜੀ ਬਾਰੇ ਕਿਤਾਬਾਂ ਲਿਖੀਆਂ। ਗੁਰੂ ਨਾਨਕ ਯੂਨੀਵਰਸਿਟੀ ਬਣੀ, ਸਬ ਤਹਿਸੀਲਾਂ ਬਣੀਆਂ ਅਤੇ ਗੁਰੂ ਨਾਨਕ ਚੇਅਰ ਪੰਜਾਬ ਯੂਨੀਵਰਸਿਟੀ ਵਿਚ ਬਣੀ। ਉਨ੍ਹਾਂ ਨੇ ਕਿਸ ਤਰ੍ਹਾਂ ਹਰ ਇਕ ਇਨਸਾਨ ਨੂੰ ਬਰਾਬਰ ਸਥਾਨ ਦਿਤਾ। ਉਨ੍ਹਾਂ ਨੇ ਕਿਸ ਤਰ੍ਹਾਂ ਧਰਮ ਦਾ ਪਰਚਾਰ ਕੀਤਾ। ਅੱਜ ਡਾਂਗ ਸਾਹਿਬ ਧਰਮ ਪਰਚਾਰ ਦੀ ਬਾਬਤ ਕਹਿੰਦੇ ਹਨ ਅਸੀਂ ਉਨ੍ਹਾਂ ਤੋਂ ਮੁਆਫ਼ੀ ਮੰਗਦੇ ਹਾਂ। ਅਸੀਂ ਤੁਹਾਡੇ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਨਹੀਂ ਹੋ ਸਕਦੇ। "ਆਨ ਰਿਲਿਜਨ" ਕਿਤਾਬ ਵਿਚ ਲੈਨਿਨ ਨੇ ਲਿਖਿਆ ਹੈ ਕਿ:—

> **Atheism is natural and inseparable aspect of communism i. e. scientific socialism.**

"ਧਰਮ ਬਾਰੇ" ਕਿਤਾਬ ਵਿਚ ਲੈਨਨ ਜੀ ਨੇ ਜਿਵੇਂ ਲਿਖਿਆ ਹੈ ਕਿ ਨਾਸਤਕਤਾ ਤੇ ਧਰਮ ਵਿਚ ਵਿਸ਼ਵਾਸ ਨਾ ਰੱਖਣਾ ਕਮਿਊਨਿਜ਼ਮ ਦਾ ਵੱਖ ਨਾ ਕੀਤੇ ਜਾ ਸਕਣ ਵਾਲਾ ਹਿਸਾ ਹੈ।

ਉਨ੍ਹਾਂ ਦੇ ਵਿਚਾਰ ਉਨ੍ਹਾਂ ਨੂੰ ਮੁਬਾਰਕ ਹੋਣ। ਪਰ ਅਕਾਲੀ ਦਲ ਅਕਾਲ ਨੂੰ ਮੰਨਦਾ ਹੈ। ਗੁਰੂ ਜੀ ਦੇ ਫੁਰਮਾਨ ਦੇ ਚਰਨਾ ਤੇ ਚਲਦਾ ਹੈ। ਅਕਾਲੀ ਦਲ ਵਿਚ ਸਾਥੀ ਜੀ, ਨਵਾਬ ਮਲੇਰ ਕੋਟਲਾ ਅਤੇ ਸ੍ਰੀ ਰਾਧਾ ਕ੍ਰਿਸ਼ਨ ਜੀ ਮੰਤਰੀ ਵੀ ਹਨ। (ਵਿਘਨ) ਨਵਾਬ ਮਲੇਰ ਕੋਟਲਾ ਅਕਾਲੀ ਦਲ ਦੇ ਟਿਕਟ ਤੇ ਜਿੱਤ ਕੇ ਆਏ ਹਨ। ਮੈਂ ਮੁੱਖ ਮੰਤਰੀ ਜੀ ਦੇ ਦਿਮਾਗ ਨੂੰ ਵਧਾਈ ਦਿੰਦਾ ਹਾਂ ਕਿ 902 ਮਾਡਲ ਪਿੰਡ ਬਣਾਏ ਜਾ ਰਹੇ ਹਨ। ਪਿੰਡਾਂ ਦਾ ਨਕਸ਼ਾ ਹੀ ਬਦਲਿਆ ਜਾ ਰਿਹਾ ਹੈ। ਹਜ਼ਾਰਾਂ ਪਿੰਡਾਂ ਨੂੰ ਲਿੰਕ ਸੜਕਾਂ ਨਾਲ ਮਿਲਾਇਆ ਜਾ ਰਿਹਾ ਹੈ ਅਤੇ ਮਿਲਾਇਆ ਹੈ। (ਵਿਘਨ) ਇਹ ਜਿਹੜੇ ਕਾਲੀਆ ਜੀ ਇੰਟਰਪਟ ਕਰਦੇ ਹਨ ਇਹ ਵੀ ਸਰਦਾਰ ਗੁਰਨਾਮ ਸਿੰਘ ਜੀ ਦੀ ਰਹਿਨੁਮਾਈ

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਵਿਚ ਸਨ। ਸਰਕਾਰ ਨੇ ਇਨ੍ਹਾਂ ਸਾਰੀਆਂ ਸਕੀਮਾਂ ਨੂੰ ਬੜੀ ਅੱਛੀ ਤਰ੍ਹਾਂ ਸਿਰੇ ਚਾੜ੍ਹਿਆ ਹੈ। ਹਜ਼ਾਰਾਂ ਪਿੰਡਾਂ ਨੂੰ ਲਿੰਕ ਸੜਕਾਂ ਦੇ ਨਾਲ ਮਿਲਾਇਆ ਜਾ ਰਿਹਾ ਹੈ। ਹਜ਼ਾਰਾਂ ਪਿੰਡਾਂ ਨੂੰ ਬਿਜਲੀ ਦਿਤੀ ਗਈ ਹੈ।

ਇਨ੍ਹਾਂ ਨੇ ਮੁਲਾਜ਼ਮਾਂ ਦੀ ਹੜਤਾਲ ਦਾ ਦੱਸਿਆ ਹੈ ਇਨ੍ਹਾਂ ਨੂੰ ਗਲਤ ਸਲਾਹ ਦੇ ਕੇ ਕੁਰਾਹੇ ਪਾਇਆ ਗਿਆ ਹੈ। (ਵਿਘਨ) ਮੈਂ ਦਸਦਾ ਹਾਂ ਕਿ 42 ਕਰੋੜ ਰੁਪਏ ਦੇ ਖਰਚ ਤੋਂ 59 ਕਰੋੜ ਰੁਪਏ ਐਡਮਨਿਸਟਰੇਸ਼ਨ ਮੁਲਾਜ਼ਮਾਂ ਤੇ 1967 ਦੇ ਵਿਚ ਲਾਉਣਾ ਸ਼ੁਰੂ ਕੀਤਾ ਗਿਆ। 17 ਕਰੋੜ ਰੁਪਿਆ ਇਕ ਸਾਲ ਦਾ ਵਾਧਾ ਮੁਲਾਜ਼ਮਾਂ ਦੀ ਤੰਗੀ ਨੂੰ ਦੇਖਦਿਆਂ ਹੋਇਆ ਕੀਤਾ ਗਿਆ। ਚੇਅਰਮੈਨ ਸਾਹਿਬ ਅਕਾਲੀ ਸਰਕਾਰ ਵਲੋਂ 4 ਸਾਲ ਵਿਚ 68 ਕਰੋੜ ਰੁਪਿਆ ਗਰੀਬ ਮੁਲਾਜ਼ਮਾਂ ਦੀਆਂ ਤਕਲੀਫ਼ਾਂ ਨੂੰ ਦੂਰ ਕਰਨ ਲਈ ਦਿਤਾ ਜਾ ਚੁੱਕਿਆ ਹੈ। (ਥੰਪਿੰਗ) ਚੇਅਰਮੈਨ ਸਾਹਿਬ, ਮੈਂ ਇਹ ਵੀ ਕਹਿੰਦਾ ਹਾਂ ਕਿ ਇਹ ਜਮਹੂਰੀਅਤ ਦੇ ਪੁਰਜ਼ੇ ਹਨ। ਡੈਮੋਕਰੇਸੀ ਦੇ ਬੀਰੋਕਰੇਸੀ ਦੇ ਸਰਵਿਸਿਜ਼ ਜ਼ਰੂਰੀ ਅੰਗ ਹਨ। ਸਾਨੂੰ ਹਰ ਪ੍ਰਕਾਰ ਦੀ ਉਨ੍ਹਾਂ ਨਾਲ ਹਮਦਰਦੀ ਹੈ। ਉਹ ਸਾਡਾ ਲਹੂ ਹਨ, ਸਾਡਾ ਖ਼ੂਨ ਹਨ ਔਰ ਉਹ ਸਾਡੇ ਭਰਾ ਹਨ। ਲੇਕਿਨ ਇਨ੍ਹਾਂ ਕੁਝ ਪਾਰਟੀਆਂ ਵਲੋਂ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਦੋ ਤਿੰਨ ਪਾਰਟੀਆਂ ਵਲੋਂ ਜੋ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ ਹੈ ਉਹ ਤਾਂ ਇਸ ਤਰ੍ਹਾਂ ਹੈ ਕਿ ਚੋਰ ਨੂੰ ਕਹਿਣਾ ਕਿ ਤੂੰ ਚੋਰੀ ਕਰ ਔਰ ਸਾਧ ਨੂੰ ਕਹਿਣਾ ਕਿ ਭਈ ਸਾਵਧਾਨ ਰਹੀਂ। ਇਸ ਕਰਕੇ, ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜੋ ਪ੍ਰਾਪੇਗੰਡਾ ਕਰ ਰਹੇ ਹਨ ਔਰ ਸਰਕਾਰ ਦੇ ਸਿਰ ਤੇ ਇਕ ਸਟਿਕ ਲਟਕਾ ਦਿਤੀ ਹੈ ਔਰ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਇਹ ਇਨਟੈਰਿਮ ਸ਼ਬਦ ਦਾ ਨਾਮ ਰਖ ਕੇ, ਇਹ ਠੀਕ ਨਹੀਂ ਹੈ। ਅਸੀਂ ਜਸਟਿਸ ਹਰਬੰਸ ਸਿੰਘ ਦੇ ਪੇ ਕਮਿਸ਼ਨ ਦੀ ਰਿਪੋਰਟ ਪੂਰੀ ਤਰ੍ਹਾਂ ਮੰਨ ਲਈ ਹੈ। ਜੋ ਉਨ੍ਹਾਂ ਨੇ ਕਿਹਾ ਸੀ ਅਸੀਂ ਲਾਗੂ ਕਰ ਦਿਤਾ ਹੈ, ਜੇ ਕੋਈ ਪ੍ਰਾਈਸ ਇਨਡੈਕਸ ਵਿਚ ਵਾਧੇ ਦੀ ਗੱਲ ਹੈ, ਜੇ ਕੋਈ ਡੀ.ਏ. ਵਗੈਰਾ ਦੀ ਮੰਗ ਹੈ ਉਹ ਅਸੀਂ ਸੁਣਨ ਨੂੰ ਤਿਆਰ ਹਾਂ ਪਰ ਇਹ ਜਿਹੜਾ ਇਨਟੈਰਿਮ ਸ਼ਬਦ ਜਿਹੜਾ ਕਿ ਇਰ-ਰੈਲੇਵੈਂਟ ਹੈ ਉਸ ਗਲ ਨੂੰ "ਤਾਲੋਂ ਖੁੰਜੀ ਡੂੰਮਣੀ" ਵਾਂਗ ਗਾਈ ਜਾਣਾ ਇਹ ਗਲ ਸੋਭਾ ਨਹੀਂ ਦਿੰਦੀ। ਇਨ੍ਹਾਂ ਭਰਾਵਾਂ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਦੀ ਇਛਾ ਹੈ, ਕਾਮਰੇਡ ਸਾਹਿਬ ਵੀ ਚਾਹੁੰਦੇ ਹਨ ਕਿ ਕਦੇ ਇਧਰ (ਸਰਕਾਰੀ ਬੈਂਚਾਂ ਵਲ) ਬੈਠੀਏ ਪਰ ਇਸ ਤਰੀਕੇ ਨਾਲ ਨਹੀਂ ਕੋਈ ਸਹੀ ਰਸਤੇ ਦੇ ਨਾਲ। ਮੁਲਾਜ਼ਮਾਂ ਨੂੰ ਗਲਤ ਰਸਤੇ ਤੇ ਲਿਆਉਣਾ ਔਰ ਉਨ੍ਹਾਂ ਨੂੰ ਕੁਰਾਹੇ ਪਾ ਕੇ ਇਹੋ ਜਿਹੀਆਂ ਗਲਾਂ ਕਰਨੀਆਂ ਇਹ ਗੱਲਾਂ ਸ਼ੋਭਾ ਨਹੀਂ ਦਿੰਦੀਆਂ। ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਜੇ.ਬੀ.ਟੀ. ਟੀਚਰ ਦੀ ਤਨਖਾਹ ਅਸੀਂ ਅਕਾਲੀ ਸਰਕਾਰ ਨੇ 110 ਰੁਪਏ ਤੋਂ 249 ਰੁਪਏ ਕਰ ਦਿਤੀ ਹੈ ਅਤੇ 17 ਕਰੋੜ ਰੁਪਿਆ ਸਾਲ ਦਾ ਅਸੀਂ ਤਨਖਾਹਾਂ ਵਿਚ ਵਾਧਾ ਕੀਤਾ ਹੈ। (ਵਿਘਨ) ਜੇ ਕੋਈ ਡੀ.ਏ. ਦੀ ਗਲ ਹੈ, ਜੇ ਕੋਈ ਪ੍ਰਾਈਸ ਇੰਡੈਕਸ ਦੀ ਕੋਈ ਗਲ ਹੈ ਜਾਂ ਅਨਾਮਲੀ ਦੀ ਕੋਈ ਗਲ ਹੈ ਉਹ ਸਾਨੂੰ ਦਸੋ ਉਹ ਅਸੀਂ ਸਾਰਾ ਕੁਝ ਮੁਕੰਮਲ ਕਰਨ ਨੂੰ ਤਿਆਰ ਹਾਂ ਲੇਕਿਨ ਇਸ ਤਰ੍ਹਾਂ ਇਕ ਇਨਟੈਰਿਮ ਰਿਲੀਫ਼ ਦੀ ਗਲ ਛੇੜ ਕੇ ਗਰੀਬ ਇਨਸਾਨ ਨੂੰ, ਗਰੀਬ ਤਰਖਾਣ, ਲੁਹਾਰ, ਜੁਲਾਹੇ ਜਾਂ ਹੋਰ ਇਸ ਤਰ੍ਹਾਂ ਦੀ ਸ਼੍ਰੇਣੀ ਤੇ ਜੋ ਅਸੀਂ ਟੈਕਸ ਦੀ ਉਨ੍ਹਾਂ ਨੂੰ ਛੋਟ ਦਿਤੀ ਹੈ ਉਹ ਖ਼ਤਮ ਕਰਕੇ ਜਾਂ ਉਨ੍ਹਾਂ ਤੇ ਕੋਈ ਟੈਕਸ ਵਗੈਰਾ ਲਾ ਕੇ ਇਹ ਮੰਗ ਨੂੰ ਪੂਰਾ ਕੀਤਾ ਜਾਵੇ, ਇਹ ਮੁਨਾਸਬ ਗਲ ਨਹੀਂ। ਇਸ ਸਰਕਾਰ ਨੇ ਉਨ੍ਹਾਂ ਲੋਕਾਂ ਦੀ ਦੁਖ ਤਕਲੀਫ਼ ਨੂੰ ਮਹਿਸੂਸ ਕਰਕੇ ਜੋ ਟੈਕਸ ਵਿਚ ਛੋਟ ਦਿਤੀ ਹੋਈ ਹੈ ਜੇ ਉਨ੍ਹਾਂ ਤੇ ਕਿਸੇ ਪ੍ਰਕਾਰ ਦਾ ਕੋਈ ਟੈਕਸ ਲਾਇਆ ਗਿਆ ਤਾਂ ਉਨ੍ਹਾਂ ਨੂੰ ਦੁਖ ਪਹੁੰਚੇਗਾ। ਪੰਜਾਬ ਦੀ ਸਾਰੀ ਜਨਤਾ ਇਸ ਗਲ ਨੂੰ ਮਹਿਸੂਸ ਕਰੇਗੀ ਕਿ ਅਗੇ ਹੀ ਅਸੀਂ

ਟੈਕਸਾਂ ਨਾਲ ਦਬੇ ਪਏ ਹਾਂ ਤੇ ਇਹ ਹੋਰ ਟੈਕਸ ਲਗਾਈ ਜਾ ਰਹੇ ਹਨ । ਸੋ ਇਹ ਗਲਾਂ ਮੁਨਾਸਬ ਨਹੀਂ । (ਵਿਘਨ)

ਫਿਰ ਚੇਅਰਮੈਨ ਸਾਹਿਬ, ਮਾਸਟਰ ਗੁਰਬੰਤਾ ਸਿੰਘ ਨੇ ਕਿਹਾ ਹੈ ਕਿ 3 ਪ੍ਰਤੀਸ਼ਤ ਸੂਦ ਇੰਡਸਟਰੀ ਤੋਂ ਲੈਂਦੇ ਹੋ ਅਤੇ 9 ਫੀਮਦੀ ਸੂਦ ਕਿਸਾਨ ਤੋਂ ਲੈਂਦੇ ਹੋ। ਇਹ ਗਲ ਮਾਸਟਰ ਜੀ ਦੀ ਬੜੀ ਮੁਨਾਸਬ ਹੈ। ਤੁਸੀਂ ਸਾਨੂੰ ਇਸ ਗਲ ਵਿਚ ਮਿਲਵਰਤਨ ਦਿਉ। ਹਿੰਦੁਸਤਾਨ ਦੀ ਸਰਕਾਰ ਨਾਲ ਇਹ ਅਕਾਲੀ ਮਨਿਸਟਰੀ ਲੜਾਈ ਲੜ ਰਹੀ ਹੈ। ਤੁਸੀਂ ਸਾਨੂੰ ਸਹਿਯੋਗ ਦਿਓ। ਉਹ ਤੁਹਾਡੀ ਜ਼ਿਆਦਾ ਗਲ ਮੰਨਦੇ ਹਨ। ਤੁਸੀਂ ਉਨ੍ਹਾਂ ਦੇ ਆਪਣੇ ਆਪ ਨੂੰ ਸ਼ੁਭ ਚਿੰਤਕ ਤੇ ਇਛਕ ਸਮਝਦੇ ਹੋ ਕਿ ਮੁੜ ਕੇ ਇਹ ਸਰਕਾਰ ਬਣੇ, ਉਹ ਤੁਹਾਡੀ ਜ਼ਿਆਦਾ ਗਲ ਮੰਨਦੇ ਹਨ ਇਸ ਲਈ ਤੁਸੀਂ ਸਾਡਾ ਸਾਥ ਦਿਉ ਅਤੇ ਅਸੀਂ ਸਾਰੇ ਰਲ ਕੇ ਇਹ ਗਲ ਕਹੀਏ ਕਿ ਕਿਸਾਨ ਤੇ ਵੀ ਸੂਦ 3 ਪ੍ਰਤੀਸ਼ਤ ਹੋਣਾ ਚਾਹੀਦਾ ਹੈ। ਇਹ ਗਲਾਂ ਕਾਮਨ ਕਾਜ਼ ਦੀਆਂ ਹਨ। ਇਸ ਦੇ ਵਿਚ ਅਸੀਂ ਤੁਹਾਡਾ ਮਿਲਵਰਤਨ ਮੰਗਦੇ ਹਾਂ।

ਫਿਰ ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਾਂਗ ਸਾਹਿਬ ਨੇ ਇਥੇ ਕਿਹਾ ਹੈ ਕਿ ਸੀਲਿੰਗ ਬਦਲ ਦੇਣੀ ਚਾਹੀਦੀ ਹੈ। (ਵਿਘਨ) ਮਾਸਟਰ ਜੀ ਦੇ ਲੀਡਰ ਸਰਦਾਰ ਪਰਤਾਪ ਸਿੰਘ ਦੇ ਹੁੰਦਿਆਂ 15 ਅਪ੍ਰੈਲ, 1953 ਵਿਚ ਜਦੋਂ ਸੀਲਿੰਗ ਲਾਗੂ ਹੋਈ ਸੀ ਉਸ ਵੇਲੇ ਦੀ ਦਿੱਲੀ ਦੀ ਸਰਕਾਰ ਨੇ ਇਹ ਐਸੋਰੈਂਸ ਦਿਤੀ ਸੀ ਕਿ ਇਸ ਤੋਂ ਸੀਲਿੰਗ ਹੋਰ ਨਹੀਂ ਘਟਾਈ ਜਾਵੇਗੀ। ਇਹ ਜਿਹੜੀ ਚੀਜ਼ ਹੈ ਦਿਲੀ ਵਿਚ ਅਸੀਂ ਵੀ ਅਤੇ ਕਾਂਗਰਸ ਪਾਰਟੀ ਦੇ ਕੁਝ ਸਰਕਾਰਾਂ ਦੇ ਮੰਤਰੀਆਂ ਨੇ ਇਸ ਗਲ ਦੀ ਵਿਰੋਧਤਾ ਵੀ ਕੀਤੀ ਸੀ ਕਿ ਰੋਜ਼ ਰੋਜ਼ ਸੀਲਿੰਗ ਦੀ ਤਲਵਾਰ ਨੂੰ ਨਹੀਂ ਲਟਕਾਣਾ ਚਾਹੀਦਾ। (ਵਿਘਨ) ਮੈਂ ਕਹਾਂਗਾ ਕਿ ਸ਼ਹਿਰੀ ਜਾਇਦਾਦ ਤੇ ਵੀ ਸੀਲਿੰਗ ਲਗਣੀ ਚਾਹੀਦੀ ਹੈ। ਸ਼ਹਿਰੀ ਜਾਇਦਾਦ ਤੇ ਕੋਈ ਸੀਲਿੰਗ ਨਹੀਂ ਭਾਵੇਂ ਅਰਬਾਂ ਕਰੋੜਾਂ ਰੁਪਏ ਦੀ ਜਾਇਦਾਦ ਬਣਾਈ ਜਾਉ। ਇਸ ਲਈ ਚੇਅਰਮੈਨ ਸਾਹਿਬ, ਮੈਂ ਤੁਹਾਡੀ ਰਾਹੀਂ ਮਾਸਟਰ ਜੀ ਤੇ ਉਨ੍ਹਾਂ ਦੇ ਹੋਰ ਸਾਥੀਆਂ ਨੂੰ ਅਤੇ ਕਾਮਰੇਡ ਸਾਹਿਬ ਨੂੰ ਜੋ ਦਿਲੀ ਦੀ ਸਰਕਾਰ ਦੇ ਪਲੇ ਬੈਕ ਸਿੰਗਰ ਹਨ ਨੂੰ ਬੇਨਤੀ ਕਰਾਂਗਾ ਕਿ ਸ਼ਹਿਰਾਂ ਦੀ ਜਾਇਦਾਦ ਤੇ ਵੀ ਸੀਲਿੰਗ ਹੋਣੀ ਚਾਹੀਦੀ ਹੈ। (ਵਿਘਨ) ਫ਼ਰਦਰ ਐਕੁਜ਼ੀਸ਼ਨ ਤੇ ਨਹੀਂ ਲਗਣੀ ਚਾਹੀਦੀ। ਚੇਅਰਮੈਨ ਸਾਹਿਬ, ਡਾਂਗ ਸਾਹਿਬ ਨੇ ਕਿਹਾ ਸੀ ਕਿ ਕੁਤਿਆਂ ਬਿਲਿਆਂ ਦੇ ਨਾਮ ਤੇ ਜ਼ਮੀਨ ਹੋਈ ਹੈ। ਮੇਰੀ ਅਰਜ਼ ਹੈ ਕਿ ਪੰਜਾਬ ਸਿਕੋਰਟੀ ਐਂਡ ਲੈਂਡ ਟੈਨਿਉਰ ਐਕਟ, 1953 ਦੇ ਤਹਿਤ 30 ਸਟੈਂਡਰਡ ਏਕੜ ਦੀ ਸੀਲਿੰਗ ਲਾਗੂ ਹੈ। ਮਾਸਟਰ ਗੁਰਬੰਤਾ ਸਿੰਘ ਦੀ ਜੇ 35 ਏਕੜ ਜ਼ਮੀਨ ਹੈ ਤਾਂ 5 ਏਕੜ ਸਰਕਾਰ ਨੇ ਲੈ ਲੈਣੀ ਹੈ। ਉਹ ਪੰਜ ਏਕੜ ਪੁਤਰ, ਪੋਤਰਿਆਂ ਜਾਂ ਵਾਈਫ਼ ਨੂੰ ਭਾਵੇਂ ਦੂਸਰੀ ਵੀ ਹੋਵੇ ਨਹੀਂ ਮਿਲਣੀ। ਇਸ ਤਰ੍ਹਾਂ ਦਾ ਕੋਈ ਕਾਨੂੰਨ ਨਹੀਂ। ਲੇਕਿਨ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮਾਸਟਰ ਜੀ ਨੂੰ ਇਕ ਬੇਨਤੀ ਕਰਾਂਗਾ ਕਿ ਇਕ ਖ਼ਤਰਨਾਕ ਗਲ ਹੈ ਜਿਹੜੀ ਕਿ ਮੈਂ ਤੁਹਾਡੇ ਰਾਹੀਂ ਉਨ੍ਹਾਂ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕਾਂਗਰਸ ਪਾਰਟੀ ਦੀ ਸਰਕਾਰ ਦਿੱਲੀ ਵਿਚ ਹੈ ਉਨ੍ਹਾਂ ਨੂੰ ਕਹੋ ਜੋ ਫ਼ਰਦਰ ਐਕੁਜ਼ੀਸ਼ਨ ਬੰਦ ਕਰਨੀ ਚਾਹੀਦੀ ਹੈ। ਤੁਸੀਂ ਇਸ ਵੇਲੇ ਪੋਜ਼ੀਸ਼ਨ ਵਿਚ ਹੋ। ਸਾਡੇ ਤੋਂ ਬੇਹਤਰ ਉਥੇ ਤੁਹਾਡੀ ਪੋਜ਼ੀਸ਼ਨ ਹੈ, ਤੁਹਾਡਾ ਉਹ ਦਿੱਲੀ ਵਾਲੇ ਜ਼ਿਆਦਾ ਕਹਿਣਾ ਮੰਨਦੇ ਹਨ। ਤੁਸੀਂ ਉਨ੍ਹਾਂ ਨੂੰ ਕਹੋ ਕਿ ਕਿਸਾਨਾਂ ਦੇ ਸਿਰ ਤੇ ਤਲਵਾਰ ਨਾ ਲਟਕਾਈ ਜਾਉ (ਵਿਘਨ)

ਫਿਰ ਚੇਅਰਮੈਨ ਸਾਹਿਬ, ਮਾਸਟਰ ਜੀ ਨੇ ਬਿਜਲੀ ਦੀ ਤੰਗੀ ਦਾ ਜ਼ਿਕਰ ਕੀਤਾ ਹੈ। ਇਕ ਥਰਮਲ ਪਲਾਂਟ ਲਗਾਇਆ ਗਿਆ।

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਆਪੇ ਫਾਥੜੀਏ ਤੈਨੂੰ ਕੌਣ ਛਡਾਵੇ। ਮਾਸਟਰ ਜੀ ਇਹ ਤਾਂ ਤੁਹਾਡੇ ਆਪਣੇ ਕੀਤੇ ਹੋਏ ਕਾਰ-ਨਾਮੇ ਹਨ। ਤੁਸੀਂ ਆਪੇ ਹੀ 40 ਪ੍ਰਤੀਸ਼ਤ ਬਿਜਲੀ ਨੰਗਲ ਦੀ ਫੈਕਟਰੀ ਨੂੰ ਦੇ ਦਿਤੀ ਅਤੇ ਉਹ ਵੀ ਡੇਢ ਪੈਸਾ ਪਰ ਯੂਨਿਟ ਤੇ ਜਦੋਂ ਦੂਸਰੇ ਪਾਸੇ ਇਕ ਹਰੀਜਨ ਭਰਾ ਨੂੰ ਇਕ ਗਰੀਬ ਝੌਂਪੜੀ ਵਿਚ ਰਹਿਣ ਵਾਲੇ ਨੂੰ 35 ਪੈਸੇ ਪ੍ਰਤੀ ਯੂਨਿਟ ਦਿਤੀ ਜਾ ਰਹੀ ਹੈ। ਭੱਠ ਸੋਨਾ ਜਿਹੜਾ ਕੰਨ ਨੂੰ ਪਾੜੇ। ਇਸ ਗਲ ਲਈ ਵੀ ਦਿੱਲੀ ਦੀ ਸਰਕਾਰ ਜ਼ਿਮੇਵਾਰ ਹੈ ਜਿਸ ਨੇ ਸਾਡੀ ਗਲ ਨਹੀਂ ਮੰਨੀ ਅਤੇ ਬਿਜਲੀ ਦੀ ਸਪਲਾਈ ਨੰਗਲ ਫੈਕਟਰੀ ਤੋਂ ਘਟਾ ਕੇ ਪੰਜਾਬ ਨੂੰ ਸਪਲਾਈ ਨਹੀਂ ਕੀਤੀ।

ਇਸ ਤੋਂ ਇਲਾਵਾ ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਛੇ ਸੌ ਕਰੋੜ ਰੁਪਏ ਪਰਾਜੈਕਟ ਲਈ ਹਿੰਦੁਸਤਾਨ ਦੀ ਸਰਕਾਰ ਨੇ ਰਖੇ ਪਰ ਉਸ ਵਿਚੋਂ ਪੰਜਾਬ ਨੂੰ ਕੇਵਲ 33 ਕਰੋੜ ਰੁਪਏ ਹੀ ਮਿਲੇ। ਉਹ ਵੀ ਨੰਗਲ ਵਰਗਾ ਪਰਾਜੈਕਟ ਦਿਤਾ ਜਿਹੜਾ ਸਾਡੀ ਸਾਰੀ ਬਿਜਲੀ ਖਾ ਗਿਆ ਅਤੇ ਸਾਡੇ ਲਈ ਇਕ ਜ਼ਹਿਮਤ ਬਣ ਗਿਆ।

ਇਸ ਦੇ ਨਾਲ ਹੀ ਮੈਂ ਪੰਜਾਬ ਦੇ ਕਿਸਾਨ ਨੂੰ ਵਧਾਈ ਦਿੰਦਾ ਹਾਂ ਕਿ ਜਿਸ ਨੇ 1966-67 ਤੋਂ ਪਰ ਹੈਕਟੇਅਰ ਯੀਲਡ 1524 ਕਿਲੋ ਤੋਂ 2449 ਕਿਲੋ ਕਰ ਦਿਤਾ ਯਾਨੀ ਡਿਉਢੀ ਉਪਜ ਕਰ ਦਿਤੀ। ਇਸ ਤੋਂ ਇਲਾਵਾ ਮੈਕਾਨਾਈਜ਼ ਸਿਸਟਮ ਇੰਟਰੋਡਿਊਸ ਹੋ ਰਿਹਾ ਹੈ ਅਤੇ ਸਰਕਾਰ ਕਿਸਾਨਾਂ ਨੂੰ ਟਰੈਕਟਰ ਮੰਗਾ ਕੇ ਦਿੰਦੀ ਹੈ, ਖਾਦ ਦਿੰਦੀ ਹੈ, ਕਰਜ਼ੇ ਦਿੰਦੀ ਹੈ ਅਤੇ ਹੋਰ ਇਸ ਤਰ੍ਹਾਂ ਦੀਆਂ ਸਹੂਲਤਾਂ ਦਿੰਦੀ ਹੈ। ਇਸ ਤੋਂ ਇਲਾਵਾ ਮਾਰਕੀਟ ਵਿਚ ਐਂਟਰ ਕਰਕੇ ਅਨਾਜ ਖੁਦ ਖਰੀਦ ਕਰਦੀ ਹੈ ਤਾ ਕਿ ਪਰੋਡਿਊਸਰ ਨੂੰ ਅਨਾਜ ਦੀ ਪੂਰੀ ਕੀਮਤ ਮਿਲ ਸਕੇ। ਇਸ ਤੋਂ ਇਲਾਵਾ 24 ਲੱਖ ਟਨ ਅਨਾਜ ਅਤੇ ਢਾਈ ਤਿੰਨ ਲੱਖ ਟਨ ਚਾਵਲ ਦਿਲੀ ਸਰਕਾਰ ਨੂੰ ਦਿਤੇ ਹਨ। ਅਗਰ ਕੋਈ ਤਕਲੀਫ਼ ਆਈ ਤਾਂ ਉਹ ਇਹ ਕਿ ਅਨਾਜ ਲਿਫਟ ਕਰਨ ਵਿਚ ਦਿੱਲੀ ਸਰਕਾਰ ਨੇ ਢਿਲ ਵਰਤੀ ਅਤੇ ਪੰਜ ਲੱਖ ਟਨ ਅਨਾਜ ਸਟੇਸ਼ਨਾਂ ਤੇ ਪਿਆ ਰਿਹਾ ਅਤੇ ਸਟੋਰਾਂ ਵਿਚ ਪਿਆ ਅਨਾਜ ਖਰਾਬ ਹੁੰਦਾ ਰਿਹਾ। ਰੇਲਵੇ ਦੇ ਨਾਕਸ ਪ੍ਰਬੰਧ ਨੇ ਅਨਾਜ ਦਾ ਬੜਾ ਨੁਕਸਾਨ ਕੀਤਾ। ਨੰਦਾ ਜੀ ਇਸ ਗਲ ਦੇ ਜ਼ਿੰਮੇਵਾਰ ਹਨ ਕਿ ਰੇਲਵੇ ਦਾ ਪ੍ਰਬੰਧ ਅਛਾ ਨਹੀਂ ਤੇ ਜਿਸ ਕਰਕੇ ਕੇਰਲ ਦੇ ਭੁਖੇ ਲੋਕਾਂ ਅਤੇ ਬੰਗਾਲ ਆਦਿ ਦੇ ਲੋਕਾਂ ਨੂੰ ਸਮੇਂ ਸਿਰ ਅਨਾਜ ਅਤੇ ਚਾਵਲ ਨਾ ਪਹੁੰਚ ਸਕਿਆ (ਵਿਘਨ) ਸਰਕਾਰ ਦਾ ਇਹ ਪਰਯਤਨ ਰਿਹਾ ਹੈ ਕਿ ਪ੍ਰਡਿਊਸਰ ਨੂੰ ਪੂਰੇ ਪੈਸੇ ਮਿਲਣੇ ਚਾਹੀਦੇ ਹਨ, ਅਤੇ ਇਸ ਗਲ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ। ਇਸ ਨੇ ਪੂਰੇ ਯਤਨ ਕਰਕੇ ਭਿਜੀ ਹੋਈ ਕਣਕ ਦੀ ਵੀ ਨਾਰਮਲ ਕੀਮਤ 75:74 ਰੁਪਏ ਦਿਤੀ। ਲੋਕਾਂ ਦੀ ਲੱਖਾਂ ਮਣ ਕਣਕ ਭਿਜ ਗਈ ਸੀ, ਪਰ ਫੇਅਰ ਕੁਆਲਟੀ ਰੇਟਸ ਤੇ ਭਿਜੀ ਹੋਈ ਕਣਕ ਤਕਰੀਬਨ ਇਕ ਲੱਖ ਟਨ ਦੇ ਕਰੀਬ ਖਰੀਦੀ, ਜਿਸ ਦੇ ਵਪਾਰੀ ਨੇ 50 ਰੁਪਏ ਕੁਇੰਟਲ ਤੋਂ ਵੱਧ ਨਹੀਂ ਸਨ ਦੇਣੇ। ਇਸ ਤਰ੍ਹਾਂ ਫਾਰਮਰਜ਼ ਦਾ ਕਰੋੜਾਂ ਦਾ ਫ਼ਾਇਦਾ ਹੋਇਆ। ਮਾਸਟਰ ਜੀ ਨੇ ਇਕ ਭੀ ਸ਼ਬਦ ਇਨ੍ਹਾਂ ਚੰਗੀਆਂ ਗਲਾਂ ਵਾਸਤੇ ਨਹੀਂ ਬੋਲਿਆ। (ਵਿਘਨ) ਇਸ ਤੋਂ ਇਲਾਵਾ ਇਸ ਸਰਕਾਰ ਲਈ ਇਕ ਹੋਰ ਵਧਾਈ ਦੀ ਗਲ ਹੈ ਅਤੇ ਉਹ ਇਹ ਹੈ ਕਿ ਤੁਸੀਂ 20 ਸਾਲ ਰਾਜ ਕੀਤਾ (ਵਿਘਨ) ਪਰ ਅਨਾਜ ਦੀਆਂ ਕੀਮਤਾਂ ਸਥਿਰ ਨਹੀਂ ਰਖ ਸਕੇ। (ਵਿਘਨ) ਅਸੀਂ ਹਰੀਜਨ ਭਰਾਵਾਂ ਅਤੇ ਗਰੀਬਾਂ ਦਾ ਧਿਆਨ ਰਖਿਆ ਅਤੇ ਪਰੋਡਿਊਸਰ ਨੂੰ ਪੂਰੀ ਕੀਮਤ ਦਿਤੀ ਅਤੇ ਕਨਜ਼ਿਊਮਰ ਨੂੰ ਠੀਕ ਰੇਟ ਤੇ ਸਾਰਾ ਸਾਲ ਅਨਾਜ ਦਿਤਾ। (ਵਿਘਨ) ਭਾਵੇਂ ਅਸੀਂ ਤੁਹਾਡੇ ਕੋਲੋਂ ਸਬਕ ਸਿਖਿਆ, ਪਰ ਇਹ ਕਦੀ ਨਹੀਂ ਹੋਣ ਦਿਤਾ ਕਿ ਸਿਆਲ ਵਿਚ ਕਣਕ ਦਾ ਹੋਰ ਭਾਅ ਅਤੇ ਗਰਮੀਆਂ ਵਿਚ ਹੋਰ। ਤੁਹਾਡੇ ਵਾਂਗੂ ਕਦੇ ਨਹੀਂ ਹੋਇਆ ਕਿ ਫ਼ਸਲ ਦੇ ਮੌਕੇ ਕਣਕ ਦਾ ਭਾਅ 56 ਰੁਪਏ ਅਤੇ ਉਸ

ਦੇ ਬਾਅਦ 128 ਰੁਪਏ। ਇਸ ਤੋਂ ਇਲਾਵਾ ਜਿਥੇ ਕਿਤੇ ਆਟੇ ਜਾਂ ਅਨਾਜ ਦੀ ਕੋਈ ਤਕਲੀਫ ਲੋਕਾਂ ਨੂੰ ਮਹਿਸੂਸ ਹੁੰਦੀ ਹੈ ਤਾਂ ਉਥੇ ਸਸਤੇ ਅਨਾਜ ਅਤੇ ਆਟੇ ਦੇ ਡਿਪੂ ਖੋਲ੍ਹ ਦਿਤੇ ਹਨ, ਪਰ ਤੁਹਾਡੇ ਮੂੰਹ ਵਿਚੋਂ ਇਕ ਗਲ ਵੀ ਸ਼ਾਬਾਸ਼ ਵਾਲੀ ਨਹੀਂ ਨਿਕਲੀ। (ਕਾਂਗਰਸੀ ਬੈਂਚਾਂ ਵਲੋਂ ਵਿਘਨ) ਚਾਹੇ ਕੁਝ ਭੀ ਕੀਤਾ ਹੈ, ਹਰੀਜਨਾਂ ਅਤੇ ਗਰੀਬਾਂ ਵਾਸਤੇ ਆਟਾ ਮਹਿੰਗਾ ਨਹੀਂ ਹੋਣ ਦਿਤਾ (ਕਾਂਗਰਸੀ ਬੈਂਚਾਂ ਵਲੋਂ ਵਿਘਨ)

ਚੌਧਰੀ ਜਗਤ ਰਾਮ (ਸਰਦਾਰ ਗੁਰਮੀਤ ਸਿੰਘ ਨੂੰ ਸੰਬੋਧਨ ਕਰਦੇ ਹੋਏ) * * * *

ਸ੍ਰੀ ਸਭਾਪਤੀ: ਇਹ *** ਆਦਿ ਸਾਰੇ ਸ਼ਬਦ ਐਕਸਪੰਜ ਕਰ ਦਿਤੇ ਜਾਣ.. .. (ਸ਼ੋਰ) (ਵਿਘਨ) ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। (The words such as * * * etc. should be expunged (Interruptions and Noise) This is no point of order)

ਰਾਜ ਮੰਤਰੀ ਖ਼ੁਰਾਕ ਅਤੇ ਸਪਲਾਈ : ਚੇਅਰਮੈਨ ਸਾਹਿਬ, ਮਾਸਟਰ ਜੀ ਬੈਠੇ ਹਨ ਮੈਂ ਇਕ ਜ਼ਰੂਰੀ ਗਲ ਕਹਿਣੀ ਚਾਹੁੰਦਾ ਹਾਂ ਥਾਈਂ ਡੈਮ ਦੇ ਬਾਰੇ। ਰਾਵੀ ਦੇ ਪਾਣੀ ਵੱਟੇ ਸੌ ਕਰੋੜ ਰੁਪਇਆ ਪਾਕਿਸਤਾਨ ਨੂੰ ਮੁਲ ਦੇ ਚੁਕੇ ਹਾਂ ਅਤੇ ਰਾਸ਼ਟਰ ਦੀ ਸਰਕਾਰ ਨੇ ਅਪਰੈਲ, 1970 ਵਿਚ ਪਾਣੀ ਬੰਦ ਕਰਨਾ ਸੀ, ਜੇ ਮਨਜ਼ੂਰੀ ਅਜ ਮਿਲ ਜਾਏ ਡੈਮ ਬਨਾਉਣ ਦੀ ਤਾਂ ਵੀ ਸੱਤ ਸਾਲ ਲਗ ਜਾਣਗੇ, ਪਰ ਹਾਲੇ ਤਕ ਦਿੱਲੀ ਦੀ ਸਰਕਾਰ ਨੇ ਉਸ ਦੀ ਮਨਜ਼ੂਰੀ ਨਹੀਂ ਦਿਤੀ ਅਤੇ ਲੱਖਾਂ ਰੁਪਏ ਦੇ ਪਾਣੀ ਦਾ ਨੁਕਸਾਨ ਹੋ ਰਿਹਾ ਹੈ। ਇਹ ਐਂਟੀ ਨੈਸ਼ਨਲ ਪਾਲਿਸੀਆਂ ਹਨ ਜਿਹੜੀਆਂ ਕਿ ਦੇਸ਼ ਦੇ ਹਿਤਾਂ ਦੇ ਖਿਲਾਫ ਹਨ। ਕਿਉਂਕਿ ਕਈ ਲੱਖ ਏਕੜ ਪਾਣੀ ਹਰ ਸਾਲ ਪਾਕਿਸਤਾਨ ਨੂੰ ਮੁਫਤ ਜਾਂਦਾ ਰਹੇਗਾ। (ਕਾਂਗਰਸੀ ਬੈਂਚਾਂ ਵਲੋਂ ਵਿਘਨ) ਇਸ ਤੋਂ ਇਲਾਵਾ ਰਜਵਾਹੇ ਕਢਣ ਲਈ ਕੱਸੀਆਂ ਪੱਕੇ ਕਰਨ ਦੀਆਂ ਅਸੀਂ ਸਕੀਮਾਂ ਬਣਾਈਆਂ ਹਨ ਅਤੇ ਫੰਡਜ਼ ਵੀ ਕੱਢੇ ਹਨ। ਇਨ੍ਹਾਂ ਬਾਰੇ ਚੌਧਰੀ ਸ੍ਰੀ ਚੰਦ ਐਕਸ ਐਮ. ਐਲ. ਏ. ਦੀ ਤਜਵੀਜ਼ ਸੀ ਉਹ ਕੰਮ ਅਸੀਂ ਇਸ ਥੋੜੇ ਜਿਹੇ ਸਮੇਂ ਵਿਚ ਕਰਨ ਦਾ ਪੱਕਾ ਇਰਾਦਾ ਕੀਤਾ ਹੈ। ਇਸ ਤੋਂ ਇਲਾਵਾ ਟਿਊਬਵੈਲ ਕਾਰਪੋਰੇਸ਼ਨ ਕਾਇਮ ਕੀਤੀ ਜਾ ਰਹੀ ਹੈ। (ਵਿਘਨ) ਡਾਂਗ ਸਾਹਿਬ, ਕਾਲੀਆ ਸਾਹਿਬ ਤੋਂ ਬਾਅਦ ਆਏ ਹਨ, ਇਨ੍ਹਾਂ ਨੂੰ ਸਾਰਾ ਦਿਨ ਜਥੇਦਾਰਾਂ ਦਾ ਫੋਬੀਆ ਲਗਿਆ ਰਹਿੰਦਾ ਹੈ। ਇਨ੍ਹਾਂ ਨੂੰ ਤਾਂ ਸੁਤੇ ਪਏ ਵੀ ਜੱਥੇਦਾਰ ਹੀ ਦਿਖਾਈ ਦਿੰਦੇ ਹਨ। ਇਨ੍ਹਾਂ ਨੂੰ ਜਥੇਦਾਰਾਂ ਦੀ ਇਤਨੀ ਚਿੰਤਾ ਨਹੀ ਹੋਣੀ ਚਾਹੀਦੀ। ਇਹ ਜਿੱਥੇਦਾਰਾਂ ਦੇ ਮੇਨ ਐਡਵਾਈਜ਼ਰ ਰਹੇ ਹਨ ਇਨ੍ਹਾਂ ਨੂੰ ਹਰ ਗਲ ਤੇ ਖ਼ਾਹ-ਮਖ਼ਾਹ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਪਾਰਟੀ ਤੇ ਅਟੈਕ ਕਰਨ ਨਾਲ ਮਸਲੇ ਹਲ ਨਹੀਂ ਹੋ ਸਕਦੇ।

ਇਸ ਤੋਂ ਇਲਾਵਾ ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਹੁਣ ਪੰਜਾਬੀ ਸੂਬਾ ਬਣ ਗਿਆ ਹੈ ਅਤੇ ਇਹ ਸਾਰਿਆਂ ਦਾ ਸਾਂਝਾ ਹੈ, ਚਾਹੇ ਕੋਈ ਕਾਂਗਰਸੀ ਹੈ, ਚਾਹੇ ਜਨ ਸੰਘੀ ਚਾਹੇ ਕਮਿਊਨਿਸਟ ਇਹ ਸਾਰਿਆਂ ਦਾ ਸਾਂਝਾ ਹੈ ਅਤੇ ਇਸ ਦੀ ਤਰੱਕੀ ਲਈ ਸਾਰਿਆਂ ਨੂੰ ਉਦੱਮ ਕਰਨੇ ਚਾਹੀਦੇ ਹਨ। ਹੁਣ ਪੰਜਾਬੀ ਮਾਤ ਭਾਸ਼ਾ ਦੀ ਉੱਨਤੀ ਹੋ ਰਹੀ ਹੈ। ਇਸ ਨੂੰ ਸਰਕਾਰੀ ਭਾਸ਼ਾ ਦਾ ਸਥਾਨ ਪ੍ਰਾਪਤ ਹੋਇਆ ਹੈ। ਯੂਨੀਵਰਸਟੀਆਂ ਵਿਚ ਪੰਜਾਬੀ ਦੀ ਤਰੱਕੀ ਕੀਤੀ ਜਾ ਰਹੀ ਹੈ।

---

*Expunged as ordered by the Chair.

[ਰਾਜ਼ ਮੰਤਰੀ, ਖੁਰਾਕ ਤੇ ਸਪਲਾਈ]

ਇਸ ਤੋਂ ਇਲਾਵਾ ਡਾਕਟਰੀ ਦੇ ਨੁਕਤਾ ਨਿਗਾਹ ਨਾਲ ਜਗ੍ਹਾ ਜਗ੍ਹਾ ਹੈਲਥ ਸੈਂਟਰ ਖੋਲ੍ਹ ਰਹੇ ਹਾਂ, ਫੈਮਲੀ ਪਲਾਨਿੰਗ ਦੇ ਲਈ ਬੜੇ ਉਦੱਮ ਕਰ ਰਹੇ ਹਾਂ। ਲੋਕਾਂ ਨੂੰ ਵੱਧ ਤੋਂ ਵੱਧ ਡਾਕਟਰੀ ਸਹਾਇਤਾ ਦੇਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਸ ਦਾ ਇਹ ਸਭ ਤੋਂ ਵੱਡਾ ਸਬੂਤ ਹੈ ਕਿ ਪੰਜਾਬ ਦੇ ਲੋਕਾਂ ਦੀ ਉਮਰ 47 ਵਰ੍ਹੇ ਤੋਂ ਵੱਧ ਕੇ 55 ਵਰ੍ਹੇ ਤਕ ਹੋ ਗਈ ਹੈ।

ਇਸ ਦੇ ਨਾਲ ਹੀ ਮੈਂ ਇਹ ਵੀ ਦਸ ਦਿਆਂ ਕਿ ਫ਼ੈਮਲੀ ਬੁਢਾਪਾ ਪੈਨਸ਼ਨ ਆਦਿ ਦੀ ਰਕਮ ਵਿਚ ਵੀ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਕ ਹਰੀਜਨ ਕਾਰਪੋਰੇਸ਼ਨ ਖੋਲੀ ਗਈ ਹੈ, ਜਿਸ ਦੇ ਰਾਹੀਂ ਹਰੀਜਨਾਂ ਨੂੰ ਕਰਜ਼ੇ ਆਦਿ ਦਿਤੇ ਜਾਇਆ ਕਰਨਗੇ (ਵਿਘਨ) ਜੇ ਕੋਈ ਮੈਂਬਰ ਸਾਹਿਬ ਕੋਲ ਹਰੀਜਨਾਂ ਦੀ ਭਲਾਈ ਲਈ ਕੋਈ ਅੱਛੀ ਤਜਵੀਜ਼ ਹੈ ਉਹ ਸਰਕਾਰ ਦੇ ਨੋਟਿਸ ਵਿਚ ਲੈ ਆਵੇ ਤਾ ਕਿ ਹਰੀਜਨ ਜਿਹੜੇ ਪੰਜਾਬ ਦੀ ਵਸੋਂ ਦਾ ਚੌਥਾ ਹਿਸਾ ਹਨ, ਉਨ੍ਹਾਂ ਦੀ ਭਲਾਈ ਲਈ ਉਦੱਮ ਕੀਤੇ ਜਾ ਸਕਣ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਾਸ਼ਕ ਹਾਂ, ਜਿਸ ਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਭਗਤ ਕਬੀਰ, ਸ੍ਰੀ ਰਵੀਦਾਸ ਜੀ ਜੈਸੇ ਮਹਾਨ ਮਹਾਂ ਪੁਰਸ਼ਾਂ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਰੀਬਾਂ ਨੂੰ ਉਚਾ ਚੁਕਣ ਲਈ ਅਤੇ ਹਰੀਜਨਾਂ ਦੇ ਉਧਾਰ ਲਈ ਸਾਰੀ ਉਮਰ ਪ੍ਰਯਤਨ ਕੀਤੇ ਹਨ ਅਤੇ ਉਨ੍ਹਾਂ ਨੇ ਸਭ ਨੂੰ ਇਕੋ ਜਿਹਾ ਸਮਝਿਆ ਹੈ ਅਤੇ ਉਨ੍ਹਾਂ ਦਾ ਇਹ ਵਿਚਾਰ :—

"ਏਕ ਪਿਤਾ ਏਕਸ ਕੇ ਹਮ ਬਾਰਿਕ"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਂਝੀਵਾਲਤਾ ਦਾ ਪੈਗਾਮ ਕੇਵਲ ਭਾਰਤ ਨੂੰ ਹੀ ਨਹੀਂ ਬਲਕਿ ਸਾਰੀ ਦੁਨੀਆਂ ਨੂੰ ਹੀ ਦਿਤਾ ਹੈ, ਉਹ ਜਿਸ ਸਮਾਜ ਦੀ ਕਲਪਨਾ ਕਰਦੇ ਸਨ ਅਤੇ ਜਿਹੋ ਜਿਹਾ ਉਹ ਸਮਾਜ ਚਾਹੁੰਦੇ ਸਨ ਅਤੇ ਜਿਸ ਸਮਾਜ ਲਈ ਉਨ੍ਹਾਂ ਨੇ ਪ੍ਰਯਤਨ ਕੀਤੇ ਅਸੀਂ ਉਨ੍ਹਾਂ ਦੇ ਨਕਸ਼ੇ ਕਦਮ ਤੇ ਚਲਦੇ ਹੋਏ ਉਹੋ ਜਿਹਾ ਸਮਾਜ ਬਨਾਉਣਾ ਚਾਹੁੰਦੇ ਹਾਂ, ਕਿਉਂਕਿ ਅਕਾਲੀ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਾਸ਼ਕ ਹੈ ਅਤੇ ਉਸ ਦੀ ਬਾਣੀ ਦੀ ਕਾਇਲ ਹੈ ਅਤੇ ਇਸ ਲਈ ਉਸ ਦੇ ਅਨੁਸਾਰ ਹੀ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ, ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ :

"ਜਿਸੁ ਗ੍ਰਿਹਿ ਬਹੁਤੁ ਤਿਸਿ ਗ੍ਰਿਹਿ ਚਿੰਤਾ। ਜਿਸ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ।
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ।

ਅਸੀਂ ਤਾਂ ਪੰਜਾਬ ਦੀ ਖੁਸ਼ਹਾਲੀ ਲਈ ਹੀ ਉਦੱਮ ਕਰਦੇ ਹਾਂ ਅਤੇ ਕਰਦੇ ਰਹਾਂਗੇ।

PERSONAL EXPLANATION

ਸਰਦਾਰ ਗੁਰਬੰਤਾ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ। ਚੇਅਰਮੈਨ ਸਾਹਿਬ, ਸਰਦਾਰ ਗੁਰਮੀਤ ਸਿੰਘ ਮੇਰਾ ਅਜ਼ੀਜ਼ ਹੈ, ਮੈਥੋਂ ਛੋਟਾ ਹੈ। ਮੇਰੇ ਨਾਲ ਕੰਮ ਕਰਦਾ ਰਿਹਾ ਹੈ। ਇਸ ਵਿਚ ਸ਼ਕਤੀ ਹੈ, ਹਿੰਮਤ ਹੈ। ਇਸ ਨੇ ਮੇਰੇ ਮੁਤਾਲਿਕ ਦੋ ਗਲਾਂ ਕਹੀਆਂ ਹਨ। ਇਕ ਤਾਂ ਇਹ ਕਿਹਾ ਕਿ ਸਹਿਯੋਗ ਦਿਉ ਤਾਂ ਕਿ ਅਸੀਂ ਦਿੱਲੀ ਦੀ ਸਰਕਾਰ ਤੋਂ ਬਹੁਤ ਸਾਰੀਆਂ ਚੀਜ਼ਾਂ ਪ੍ਰਾਪਤ ਕਰ ਸਕੀਏ।

5-31 P.M.

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)।

ਡਿਪਟੀ ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲੇਨੇਸ਼ਨ ਦੇ ਰਿਹਾ ਹਾਂ ਕਿਉਂਕਿ ਸਰਦਾਰ ਗੁਰਮੀਤ ਸਿੰਘ ਹੋਰਾਂ ਨੇ 10-15 ਵਾਰੀ ਮੇਰਾ ਨਾਂ ਲਿਆ ਹੈ। ਇਨ੍ਹਾਂ ਨੇ ਦੋ ਗੱਲਾਂ ਕਹੀਆਂ।

ਇਕ ਤਾਂ ਇਹ ਕਿਹਾ ਕਿ ਸਹਿਯੋਗ ਦਿਉ ਤਾਂ ਕਿ ਅਸੀਂ ਸੈਂਟਰ ਦੀ ਸਰਕਾਰ ਤੋਂ ਕੁਝ ਗਲਾਂ ਹਾਸਲ ਕਰ ਸਕੀਏ। ਇਨ੍ਹਾਂ ਨੇ ਕਿਹਾ ਕਿ ਸਾਡੇ ਨਾਲ ਉਨ੍ਹਾਂ ਪਾਸ ਚਲੋ। ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਆਪ ਨਾਲੋਂ ਵੀ ਵਧ ਕੇ ਦਿਲੀ ਦੀ ਸਰਕਾਰ ਪਾਸ ਪੰਜਾਬ ਦੀ ਹਾਲਤ ਬਿਹਤਰ ਕਰਨ ਲਈ ਜਾਣ ਨੂੰ ਤਿਆਰ ਹਾਂ। ਪਰ ਇਸ ਬਾਰੇ ਆਪ ਨੂੰ ਸੋਚ ਸਮਝ ਕੇ ਗਲ ਕਰਨੀ ਚਾਹੀਦੀ ਹੈ। ਕਿ ਇਹ ਚੀਜ਼ ਪੰਜਾਬ ਨੂੰ ਮਿਲਣੀ ਚਾਹੀਦੀ ਹੈ।

ਦੂਜੀ ਗਲ ਇਨ੍ਹਾਂ ਨੇ ਕਹੀ ਕਿ ਜਦੋਂ ਕਾਂਗਰਸ ਦੀ ਸਰਕਾਰ ਸੀ ਇਸ ਨੇ ਇਹ ਕੀਤਾ ਉਹ ਕੀਤਾ। ਮੈਂ ਅਰਜ਼ ਕਰਾਂ ਕਿ ਇਹ ਸਟੇਟ ਮਨਿਸਟਰ ਸਾਹਿਬ ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਇਹ ਸਾਡੇ ਨਾਲ ਸਨ ਉਦੋਂ ਇਹ ਡਿਪਟੀ ਮਨਿਸਟਰ ਹੁੰਦੇ ਸਨ, ਉਦੋਂ ਵੀ ਇਹ ਇਸੇ ਤਰ੍ਹਾਂ ਬੋਲਦੇ ਹੁੰਦੇ ਸਨ। ਉਸ ਸਰਕਾਰ ਦੇ ਕੰਮ ਵਿਚ ਵੀ ਇਹ ਹਿਸੇਦਾਰ ਸਨ। ਇਨ੍ਹਾਂ ਵਿਚ ਸ਼ਕਤੀ ਹੈ ਇਸ ਲਈ ਜਦੋਂ ਅਕਾਲੀ ਸਰਕਾਰ ਬਣੀ ਤਾਂ ਇਹ ਉਧਰ ਚਲੇ ਗਏ। ਫਿਰ ਜਦੋਂ ਸਾਡੀ ਸਰਕਾਰ ਬਣੇਗੀ ਤਾਂ ਇਹ ਉਨ੍ਹਾਂ ਨੂੰ ਛਡ ਕੇ ਇਧਰ ਆ ਜਾਣਗੇ। ਮੈਂ ਇਨ੍ਹਾਂ ਦੀ ਸ਼ਕਤੀ ਦੀ ਦਾਦ ਦਿੰਦਾ ਹਾਂ। ਇਸ ਵਿਚ ਸ਼ਕਤੀ ਹੈ ਜਿਸ ਦੀ ਸਰਕਾਰ ਬਣੇ ਉਸ ਦੇ ਨਾਲ ਰਹਿਣ ਦੀ। ਇਹ ਮੇਰਾ ਅਜ਼ੀਜ਼ ਹੈ ਇਹ ਸਰਕਾਰ ਦੇ ਨਾਲ ਹੀ ਰਹੇਗਾ। ਜਦੋਂ ਸਾਡੀ ਸਰਕਾਰ ਬਣੀ ਤਾਂ ਇਸ ਨੇ ਅਕਾਲੀਆਂ ਨੂੰ ਛਡ ਸਾਡੇ ਨਾਲ ਆ ਜਾਣਾ ਹੈ। (ਵਿਘਨ)

DISCUSSION ON GOVERNOR'S ADDRESS (*Resumption*)

ਜਥੇਦਾਰ ਹਰਦਿੱਤ ਸਿੰਘ ਭੱਠਲ (ਧਨੌਲਾ) : ਡਿਪਟੀ ਸਪੀਕਰ ਸਾਹਿਬ, ਗਵਰਨਰ ਦੇ ਐਡਰੈਸ ਬਾਰੇ ਜੋ ਧੰਨਵਾਦ ਦਾ ਮਤਾ ਹੁਣ ਹਾਊਸ ਵਿਚ ਪੇਸ਼ ਹੈ ਮੈਂ ਇਸ ਦੀ ਮੁਖਾਲਫਤ ਕਰਨ ਲਈ ਖੜ੍ਹਾ ਹੋਇਆ ਹਾਂ। (ਵਿਘਨ) ਮੈਂ ਇਸ ਐਡਰੈਸ ਦਾ ਵਿਰੋਧ ਕਰਨ ਲਈ ਖੜ੍ਹਾ ਹੋਇਆ ਹਾਂ।

ਡਿਪਟੀ ਸਪੀਕਰ ਸਾਹਿਬ, ਅਜ ਜੋ ਪੰਜਾਬ ਦਾ ਕਿਸਾਨ ਹੈ ਉਹ ਸਾਰੇ ਹਿੰਦੋਸਤਾਨ ਦੇ ਲੋਕਾਂ ਨੂੰ ਪਾਲਣ ਵਾਲਾ ਹੈ। ਇਹ ਕਿਸਾਨ ਅੰਨ ਪੈਦਾ ਕਰਦਾ ਹੈ ਜੋ ਕਿ ਸਾਰੀ ਜਨਤਾ ਪਾਸ ਪਹੁੰਚਦਾ ਹੈ। ਭਾਵੇਂ ਕੋਈ ਛੋਟਾ ਮੁਲਾਜ਼ਮ ਹੈ ਜਾਂ ਬਾਜ਼ਾਰ ਵਿਚ ਬੈਠਾ ਦੁਕਾਨਦਾਰ, ਆੜ੍ਹਤੀਆ ਹੈ ਜਾਂ ਕਾਰਖਾਨੇਦਾਰ ਸਾਰੇ ਦੇ ਸਾਰੇ ਇਸੇ ਕਿਸਾਨ ਦੇ ਸਿਰ ਤੇ ਪਲਦੇ ਹਨ। ਮਗਰ ਦੁਖ ਦੀ ਗਲ ਹੈ ਕਿ ਇਸੇ ਕਿਸਾਨ ਬਾਰੇ ਇਸ ਗਵਰਨਰ ਦੇ ਐਡਰੈਸ ਵਿਚ ਕੁਝ ਨਹੀਂ ਕਿਹਾ ਗਿਆ। ਇਸ ਵਿਚ ਇਸ ਗਲ ਦਾ ਜ਼ਿਕਰ ਨਹੀਂ ਕੀਤਾ ਗਿਆ ਕਿ ਸਾਰੇ ਜਗ ਨੂੰ ਜੋ ਕਿਸਾਨ ਪਾਲਦਾ ਹੈ ਉਸ ਨੂੰ ਪਾਣੀ ਖੁਲ੍ਹਾ ਦਿਤਾ ਜਾਵੇਗਾ। ਅਜ ਕਲ ਬਾਰਿਸ਼ ਨਹੀਂ ਹੋਈ। ਇਸ ਕਰਕੇ ਕਿਸਾਨ ਨੂੰ ਪਾਣੀ ਦੀ ਜ਼ਰੂਰਤ ਬਹੁਤ ਹੈ ਉਹ ਟਿਊਬਵੈਲ ਲਗਾਉਣਾ ਚਾਹੁੰਦਾ ਹੈ ਮਗਰ ਇਸ ਵਿਚ ਬਲੈਕ ਹੋ ਰਹੀ ਹੈ। ਕਿਸਾਨ ਨੂੰ ਟਿਊਬਵੈਲ ਮਿਲਣਾ ਚਾਹੀਦਾ ਹੈ ਪਰ ਬਲੈਕ ਅਤੇ ਮਹਿੰਗਾਈ ਕਰਕੇ ਜੋ ਅਸਰ ਕਿਸਾਨ ਤੇ ਪੈ ਰਿਹਾ ਹੈ ਉਸ ਦਾ ਇਸ ਐਡਰੈਸ ਵਿਚ ਇਹ ਮਹਿੰਗਾਈ ਰੋਕਣ ਦਾ ਜ਼ਿਕਰ ਨਹੀਂ ਕੀਤਾ ਗਿਆ। ਇਹ ਨਹੀਂ ਕਿਹਾ ਗਿਆ ਕਿ ਉਸ ਨੂੰ ਟਿਊਬਵੈਲ ਦੇ ਪੁਰਜ਼ੇ ਸਸਤੇ ਭਾ ਤੇ ਦਿਵਾਏ ਜਾਣਗੇ। ਫਿਰ ਟਰੈਕਟਰਾਂ ਦੀ ਗਲ ਹੈ। ਪਹਿਲੀ ਗਲ ਤਾਂ ਇਹ ਹੈ ਕਿ ਇਨ੍ਹਾਂ ਵਿਚ ਬੜੀ ਭਾਰੀ ਬਲੈਕ ਹੁੰਦੀ ਹੈ ਅਤੇ ਇਸ ਦਾ ਜੋ ਤੇਲ ਮਿਲਦਾ ਹੈ ਉਸ ਵਿਚ ਰਲੇ ਨੂੰ ਰੋਕਣ ਦੀ ਗਲ ਨਹੀਂ ਕਹੀ ਗਈ ਜਿਸ ਕਰਕੇ 4-5 ਸਾਲ ਵਿਚ ਹੀ ਕਿਸਾਨ ਦਾ ਟਰੈਕਟਰ ਖਰਾਬ ਹੋ ਜਾਂਦਾ ਹੈ। ਪੁਰਜ਼ੇ ਫੂਕੇ ਜਾਂਦੇ ਹਨ। ਇਹੀ ਨਹੀਂ ਫਿਰ ਕਿਸਾਨ ਨੂੰ ਰੇਹ ਦੀ ਲੋੜ ਹੁੰਦੀ ਹੈ। ਇਸ ਦਾ ਭਾ ਵੀ ਚੜ੍ਹਦਾ ਜਾ ਰਿਹਾ ਹੈ। ਇਸ ਦੀ ਮਹਿੰਗਾਈ ਨੂੰ

[ਜਥੇਦਾਰ ਹਰਦਿਤ ਸਿੰਘ ਭੱਠਲ]

ਰੋਕਣ ਦੀ ਗਲ ਵੀ ਇਸ ਵਿਚ ਨਹੀਂ ਕੀਤੀ ਗਈ। ਜੋ ਵੀ ਕੋਈ ਆਪਣੀ ਚੀਜ਼ ਵੇਚਦਾ ਹੈ, ਆਪਣੇ ਨਫੇ ਦਾ ਪਹਿਲਾਂ ਹਿਸਾਬ ਲਾ ਕੇ ਮੁਲ ਕੱਢਦਾ ਹੈ। ਕਾਰਖਾਨੇਦਾਰ ਸਾਰੇ ਖਰਚ ਕੱਢਦਾ ਹੈ। ਮਿਸਾਲ ਦੇ ਤੌਰ ਤੇ ਕਪੜੇ ਦਾ ਕਾਰਖਾਨੇਦਾਰ ਰੂੰ ਦਾ ਮੁਲ, ਮਸ਼ੀਨਾਂ ਦੀ ਘਸਾਈ, ਮਜ਼ਦੂਰੀ ਦਾ ਖਰਚ ਆਦਿ ਕਢ ਕੇ ਫਿਰ ਆਪਣਾ ਮੁਨਾਫ਼ਾ ਲਾ ਕੇ ਮੁਲ ਕਢਦਾ ਹੈ। ਮਗਰ ਕਿਸਾਨ ਦੇ ਵਰਤੋਂ ਵਿਚ ਆਉਣ ਵਾਲੀਆਂ ਸਾਰੀਆਂ ਚੀਜ਼ਾਂ ਮਹਿੰਗੀਆਂ ਹੁੰਦੀਆਂ ਜਾਂਦੀਆਂ ਹਨ ਪਰ ਉਸ ਨੂੰ ਆਪਣੀ ਜਿਨਸ ਦਾ ਮੁਲ ਉਸ ਦੇ ਮੁਤਾਬਿਕ ਵਧਾਉਣ ਦੀ ਇਜਾਜ਼ਤ ਨਹੀਂ। ਇਸ ਵਿਚ ਇਹ ਕਿਤੇ ਨਹੀਂ ਲਿਖਿਆ ਹੋਇਆ ਕਿ ਉਸ ਦਾ ਸਾਰਾ ਖਰਚ ਕਢ ਕੇ ਉਸ ਦਾ ਮੁਨਾਫਾ ਲਾ ਕੇ ਭਾਅ ਦਿਤਾ ਜਾਵੇਗਾ। ਦਿਲੀਉਂ ਬੈਠਕੇ ਹੀ ਉਸ ਦੀ ਜਿਨਸ ਦਾ ਮੁਲ ਕੱਢ ਦਿਤਾ ਜਾਂਦਾ ਹੈ। ਜਦ ਕਿ ਬਾਕੀ ਹਰ ਕੋਈ ਆਪਣੀ ਜਿਨਸ ਦਾ ਭਾ ਆਪ ਕਢਦਾ ਹੈ। ਐਡਰੈਸ ਵਿਚ ਕਿਤੇ ਜ਼ਿਕਰ ਨਹੀਂ ਹੈ ਕਿ ਰੇਹ ਵਗੈਰਾ ਉਸ ਦੇ ਕੰਮ ਦੀਆਂ ਚੀਜ਼ਾਂ ਦੇ ਭਾ ਬੰਨ੍ਹੇ ਜਾਣਗੇ। ਫਿਰ ਡਿਪਟੀ ਸਪੀਕਰ ਸਾਹਿਬ, ਬਠਿੰਡਾ ਅਤੇ ਸੰਗਰੂਰ ਦੋਵਾਂ ਜ਼ਿਲ੍ਹਿਆਂ ਦੇ ਲੋਕਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਨਹਿਰ ਦਾ ਪਾਣੀ ਦਿਤਾ ਜਾਵੇ। ਮਗਰ ਉਨ੍ਹਾਂ ਨੂੰ ਨਹਿਰਾਂ ਦਾ ਪਾਣੀ ਨਹੀਂ ਦਿਤਾ ਜਾਂਦਾ। ਜੋ ਉਥੇ ਦੀ ਧਰਤੀ ਹੇਠ ਦਾ ਪਾਣੀ ਟਿਊਬਵੈਲਾਂ ਰਾਹੀਂ ਦਿਤਾ ਜਾਂਦਾ ਹੈ ਉਹ ਧਰਤੀ ਲਈ ਠੀਕ ਨਹੀਂ ਹੈ ਅਤੇ ਅਗਰ 7–8 ਸਾਲ ਇਹੀ ਪਾਣੀ ਜ਼ਮੀਨ ਨੂੰ ਦਿਤਾ ਜਾਂਦਾ ਰਿਹਾ ਤਾਂ ਉਹ ਦੋਵੇਂ ਜ਼ਿਲ੍ਹੇ ਉਜੜ ਜਾਣਗੇ। ਜਿਥੋਂ ਤਕ ਬਿਜਲੀ ਦੀ ਗਲ ਹੈ ਜਦੋਂ ਫਲੈਟ ਰੇਟ ਬੰਨ੍ਹੀ ਗਈ ਸੀ ਤਾਂ ਕਈ ਲੋਕ ਕਹਿੰਦੇ ਸੀ ਕਿ ਇਹ ਠੀਕ ਹੈ, ਕਈ ਕਹਿੰਦੇ ਸੀ ਕਿ ਇਹ ਠੀਕ ਹੈ। ਜੋ ਇਹ ਕਹਿੰਦੇ ਸੀ ਕਿ ਇਹ ਠੀਕ ਹੈ, ਉਹ ਉਦੋਂ ਕਹਿੰਦੇ ਸੀ ਅਗਰ ਬਿਜਲੀ ਦੀ ਸਪਲਾਈ ਠੀਕ ਰਹੇ। ਮਗਰ ਅੱਜ ਬਿਜਲੀ ਦੀ ਇਹ ਹਾਲਤ ਹੈ ਕਿ ਬਿਜਲੀ ਦੀ ਕਟੌਤੀ ਬਹੁਤ ਹੁੰਦੀ ਹੈ। ਉਧਰੋਂ ਨੱਕੇ ਤੇ ਪਾਣੀ ਪਹੁੰਚਦਾ ਹੈ ਉਧਰੋਂ ਬਿਜਲੀ ਬੰਦ ਹੋ ਜਾਂਦੀ ਹੈ ਅਤੇ ਦੋ ਦੋ ਦਿਨ ਬੰਦ ਹੀ ਰਹਿੰਦੀ ਹੈ। ਇਸ ਤਰ੍ਹਾਂ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ। ਹੋਟਲਾਂ ਵਿਚ ਅਤੇ ਘਰਾਂ ਵਿਚ ਲੋਕ ਰੋਟੀ ਖਾਣ ਬੈਠਦੇ ਹਨ ਤਾਂ ਬਿਜਲੀ ਚਲੀ ਜਾਂਦੀ ਹੈ ਜਿਸ ਕਰਕੇ ਕੋਈ ਮੋਮਬਤੀ ਭਾਲਦਾ ਫਿਰਦਾ ਹੈ ਕੋਈ ਹਨੇਰੇ ਵਿਚ ਲਾਲਟਣਾਂ ਜਾਂ ਦੀਵੇ ਲਭਦਾ ਫਿਰਦਾ ਹੈ। ਇਸ ਗਲ ਦਾ ਵੀ ਇਸ ਐਡਰੈਸ ਵਿਚ ਜ਼ਿਕਰ ਨਹੀਂ ਕੀਤਾ ਗਿਆ।

ਫਿਰ ਸੜਕਾਂ ਬਾਰੇ ਇਸ ਵਿਚ ਬਹੁਤ ਕੁਝ ਲਿਖਿਆ ਗਿਆ ਹੈ। ਮਗਰ ਦੇਖਣ ਵਿਚ ਆਉਂਦਾ ਹੈ ਕਿ ਇਸ ਗਲ ਵਿਚ ਵੀ ਸਿਆਸੀ ਕੁਰੱਪਸ਼ਨ ਚਲਦੀ ਹੈ। ਜਿਸ ਹਲਕੇ ਦਾ ਕੋਈ ਵਜ਼ੀਰ ਹੋਇਆ ਜਾਂ ਕੋਈ ਮਹੰਤ ਹੋਇਆ ਉਥੇ ਸੜਕਾਂ ਬਣਾ ਦਿਤੀਆਂ ਜਾਂਦੀਆਂ ਹਨ ਹੋਰ ਥਾਂ ਜਿਥੇ ਲੋਕਾਂ ਨੇ ਪੈਸੇ ਭਰਿਆਂ ਨੂੰ ਵੀ 8–8 ਸਾਲ ਹੋ ਗਏ ਹਨ ਉਧਰ ਧਿਆਨ ਨਹੀਂ ਕੀਤਾ ਜਾਂਦਾ। ਮਿਸਾਲ ਦੇ ਤੌਰ ਤੇ ਹਰੀ ਗੜ੍ਹ ਤੋਂ ਭੱਠਲਾ ਤਕ। ਇਹ ਕਰੈਸ਼ ਪਰੋਗਰਾਮ ਵਿਚ ਵੀ ਨਹੀਂ ਲਈ ਗਈ ਕਿਉਂਕਿ ਇਧਰ ਕਾਮਰੇਡਾਂ ਦੇ ਪਿੰਡ ਹਨ। ਇਕ ਟਿਬੇ ਤੇ ਇਕ ਸਾਧ ਬੈਠਾ ਸੀ। ਉਸ ਨੇ ਲੋਕਾਂ ਨੂੰ ਕਿਹਾ ਆਪਾਂ ਜਗ ਕਰੀਏ। ਉਸ ਨੇ ਲੋਕਾਂ ਨੂੰ ਕਿਹਾ ਦਾਣੇ ਲਿਆਉ, ਲੋਕਾਂ ਤੋਂ ਹੀ ਢੁਆਏ, ਪਿਹਾਏ ਅਤੇ ਪਿੰਡ ਦੀਆਂ ਬੀਬੀਆਂ ਨੇ ਰੋਟੀਆਂ ਪਕਾਈਆਂ ਯਾਨੀ ਸਾਰਾ ਕੰਮ ਅਤੇ ਖਰਚ ਲੋਕਾਂ ਨੇ ਕੀਤਾ ਫਿਰ ਕਿਹਾ ਜਾਂਦਾ ਹੈ ਕਿ ਸਾਧ ਨੇ ਜੱਗ ਕੀਤਾ। ਇਸੇ ਤਰ੍ਹਾਂ ਇਨ੍ਹਾਂ ਸੜਕਾਂ ਤੇ ਖਰਚ ਹੋਵੇਗਾ ਬਲਾਕ ਸੰਮਤੀਆਂ ਦਾ, ਮਾਰਕਿਟ ਕਮੇਟੀਆਂ ਦਾ ਜਾਂ ਜ਼ਿਲ੍ਹਾ ਪਰੀਸ਼ਦਾਂ ਦਾ ਪਰ ਨਾਂ ਹੋਵੇਗਾ ਸਰਕਾਰ ਦਾ ਕਿ ਇਸ ਨੇ ਸੜਕਾਂ ਬਣਵਾਈਆਂ। ਇਹ ਗਲ ਗਲਤ ਹੈ।

ਫਿਰ ਗਰੀਬ ਮੁਲਾਜ਼ਮਾਂ ਦੀ ਗਲ ਹੈ। ਉਨ੍ਹਾਂ ਵਿਚਾਰਿਆਂ ਨੇ ਕਿਹਾ ਕਿ ਮਹਿੰਗਾਈ ਵਧ ਗਈ ਹੈ ਇਸੇ ਕਰਕੇ ਸੈਂਟਰ ਨੇ ਆਪਣੇ ਮੁਲਾਜ਼ਮਾਂ ਨੂੰ ਰੀਲੀਫ ਦਿਤਾ ਹੈ ਸਾਨੂੰ ਵੀ ਦਿਉ। ਪਰ ਉਨ੍ਹਾਂ ਨੂੰ

ਬੁਰੀ ਤਰ੍ਹਾਂ ਮਾਰਿਆ ਗਿਆ ਅਤੇ ਫੜ ਫੜ ਕੇ ਅੰਦਰ ਕੀਤਾ ਗਿਆ। ਅਗਰ ਉਨ੍ਹਾਂ ਨੇ ਆਪਣੇ ਜਾਇਜ਼ ਹੱਕਾਂ ਲਈ ਹੜਤਾਲ ਕੀਤੀ ਤਾਂ ਇਸ ਵਿਚ ਕਿਹੜੀ ਮਾੜੀ ਗਲ ਕੀਤੀ। ਜਦ ਇਸ ਸੂਬੇ ਦੀ ਸਰਕਾਰ ਨੇ ਇਹ ਗਲ ਮੰਨੀ ਹੋਈ ਹੈ ਕਿ ਜੋ ਸੈਂਟਰ ਦੀ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਦੇਵੇਗੀ ਉਹ ਅਸੀਂ ਆਪਣੇ ਮੁਲਾਜ਼ਮਾਂ ਨੂੰ ਦਿਆਂਗੇ ਫਿਰ ਹੁਣ ਮੁਕਰ ਕਿਉਂ ਰਹੀ ਹੈ। ਫਿਰ ਜੇ ਲੋਕ ਆਪਣੇ ਹੱਕ ਲਈ ਹੜਤਾਲ ਕਰਦੇ ਹਨ ਤਾਂ ਉਨ੍ਹਾਂ ਨੂੰ ਅੰਦਰ ਕੀਤਾ ਜਾਂਦਾ ਹੈ। ਉਨ੍ਹਾਂ ਤੇ ਲਾਠੀ ਚਾਰਜ ਕੀਤਾ ਜਾਂਦਾ ਹੈ। ਪਟਿਆਲੇ ਵਿਚ ਟਰਾਂਸਪੋਰਟ ਵਰਕਰਾਂ ਨੂੰ ਕੁਟਿਆ ਗਿਆ, ਚੰਡੀਗੜ੍ਹ ਵਿਚ 14 ਤਰੀਕ ਨੂੰ ਕਰਮਚਾਰੀਆਂ ਨੇ ਸ਼ਾਂਤਮਈ ਜਲੂਸ ਕਢਿਆ ਤਾਂ ਉਨ੍ਹਾਂ ਨੂੰ 20 ਸੈਕਟਰ ਵਿਚ ਡਾਂਗਾਂ ਮਾਰੀਆਂ, ਮੁਕੱਦਮੇ ਚਲਾਏ, ਜਾਇਦਾਦਾਂ ਜ਼ਬਤ ਕਰ ਰਹੇ ਹਨ, ਬਹੁਤ ਵੱਡੀਆਂ ਵੱਡੀਆਂ ਜ਼ਮਾਨਤਾਂ ਮੰਗ ਰਹੇ ਹਨ। ਇਨ੍ਹਾਂ ਨੂੰ ਇਸ਼ਤਿਹਾਰੀ ਕਰਾਰ ਦੇਣ ਸਾਰ ਜਾਇਦਾਦ ਜ਼ਬਤ ਕੀਤੀ ਜਾਂਦੀ ਹੈ ਅਤੇ ਇਕ ਇਕ ਦਿਨ ਵਿਚ ਹੀ ਕੀਤੀ ਜਾਂਦੀ ਹੈ। ਇਹ ਭੁਲ ਗਏ ਹਨ ਕਿ ਇਹ ਆਪ ਵੀ ਇਸੇ ਤਰ੍ਹਾਂ ਦੀਆਂ ਹੜਤਾਲਾਂ ਕਰਵਾਉਂਦੇ ਰਹੇ ਹਨ। ਇਹ ਉਹੀ ਹੜਤਾਲ ਹੈ ਜਿਹੜੀ ਪੰਜਾਬੀ ਸੂਬੇ ਵੇਲੇ ਅੰਦਰੋਂ ਵਜ਼ੀਰ ਹੜਤਾਲਾਂ ਕਰਾਉਣ ਦੀ ਸ਼ਹਿ ਦੇ ਰਹੇ ਸਨ ਅਤੇ ਅਕਾਲੀ ਜਥੇਦਾਰ ਦਫਤਰਾਂ ਨੂੰ ਬੰਦ ਕਰਾਉਂਦੇ ਸਨ। ਸੋ ਇਹ ਅਕਾਲੀ ਪਿੰਡਾਂ ਵਿਚ ਜਾ ਜਾ ਕੇ ਜਟਾਂ ਨੂੰ ਅਤੇ ਕਿਸਾਨਾਂ ਨੂੰ ਚੁਕਦੇ ਸੀ ਕਿ ਮੁਲਾਜ਼ਮ ਬਿਜਲੀ ਬੰਦ ਕਰਦੇ ਹਨ ਅਤੇ ਕਹਿੰਦੇ ਸਨ ਕਿ ਤੁਹਾਡੀਆਂ ਫਸਲਾਂ ਸੁਕ ਗਈਆਂ ਹਨ ਇਹ ਉਹੀ ਹੜਤਾਲ ਹੈ ਜੋ ਇਹ ਪਿੰਡਾਂ ਦੇ ਲੋਕਾਂ ਨੂੰ ਇਹ ਕਰਨ ਲਈ ਕਿਹਾ ਕਰਦੇ ਸੀ। ਅਜ ਕਿਉਂ ਉਨ੍ਹਾਂ ਨੂੰ ਬਿਜਲੀ ਦੇ ਬਾਰ ਬਾਰ ਬੰਦ ਹੋਣ ਕਰਕੇ ਕਿਸਾਨ ਦੇ ਤਬਾਹ ਹੋਣ ਕਰਕੇ ਹੜਤਾਲ ਕਰਨ ਲਈ ਨਹੀਂ ਕਹਿੰਦੇ। ਇਹ ਉਹੀ ਹੜਤਾਲ ਹੈ ਜੋ ਇਹ ਲੋਕ ਸੰਤ ਫਤਿਹ ਸਿੰਘ ਨੂੰ ਬਚਾਉਣ ਲਈ ਪਿੰਡਾਂ ਦੇ ਲੋਕਾਂ ਤੋਂ ਜ਼ਬਰਦਸਤੀ ਕਰਵਾਉਂਦੇ ਹੁੰਦੇ ਸੀ ਤਾਂ ਕਿ ਸੰਤ ਫਤਿਹ ਸਿੰਘ ਦੀ ਜਾਨ ਬਚ ਰਹੇ। ਜਿਨ੍ਹਾਂ ਹੜਤਾਲ ਕੀਤੀ ਇਨ੍ਹਾਂ ਕੋਈ ਬੁਰਾ ਕੰਮ ਤਾਂ ਨਹੀਂ ਕੀਤਾ ਫਿਰ ਇਨ੍ਹਾਂ ਤੇ ਇਸ ਤਰ੍ਹਾਂ ਦੇ ਜ਼ੁਲਮ ਕਿਉਂ ਢਾਹੇ ਜਾ ਰਹੇ ਹਨ।

ਸੋ ਆਉ ਇਨ੍ਹਾਂ ਨੂੰ ਕੁਟੀਏ, ਮਿਸਾਲ ਦੇ ਤੌਰ ਤੇ ਇਨ੍ਹਾਂ ਨੇ ਕਈ ਥਾਵਾਂ ਤੇ ਕੁਟੇ ਵੀ ਸਨ।

ਪਿੰਡਾਂ ਵਿਚ ਜਿਥੇ ਤਕ ਮਜ਼ਦੂਰ ਦਾ ਤੁਅਲਕ ਹੈ ਇਸ ਦਾ ਇਨ੍ਹਾਂ ਨੇ ਸੋਸ਼ਲ ਬਾਈਕਾਟ ਕਰਵਾ ਦਿਤਾ ਹੈ। ਉਹ ਆਪਣੀ ਦਿਹਾੜੀ ਮੰਗਦਾ ਹੈ ਉਸ ਦੇ ਅਤੇ ਉਸ ਦੇ ਬਾਲ ਬਚੇ ਦਾ ਪੇਟ ਨਹੀਂ ਭਰਦਾ। ਮਹਿੰਗਾਈ ਇੰਨੀ ਜ਼ਿਆਦਾ ਹੋ ਗਈ ਹੈ ਉਹ ਗੁਜ਼ਾਰਾ ਮੰਗਦਾ ਹੈ ਕਿ ਦਿਹਾੜੀ ਚਾਰ ਰੁਪਏ ਕਰ ਦਿਤੀ ਜਾਵੇ ਪਰ ਇਹ ਅਕਾਲੀ ਜਥੇਦਾਰ ਉਸ ਦਾ ਬਾਈਕਾਟ ਕਰਾਂਦੇ ਹਨ। ਅਤੇ ਪਿੰਡਾਂ ਵਿਚ ਜਗੀਰਦਾਰਾਂ ਨਾਲ ਮਿਲ ਕੇ ਇਸ ਤਰ੍ਹਾਂ ਦਾ ਜ਼ੁਲਮ ਕੀਤਾ ਜਾ ਰਿਹਾ ਹੈ। ਟਿਬੇ ਅਤੇ ਭੂਤਨੇ, ਜਹਾਂਗੀਰ ਵਿਚ ਇਸ ਤਰ੍ਹਾਂ ਹੀ ਕੀਤਾ ਗਿਆ ਹੈ। ਅਕਾਲੀਆਂ ਜਥੇਦਾਰਾਂ ਨੇ ਗੁੰਡਿਆਂ ਨੂੰ ਨਾਲ ਲੈ ਕੇ ਉਨ੍ਹਾਂ ਦਾ ਬਾਈਕਾਟ ਕਰ ਦਿਤਾ ਹੈ। (ਕਾਂਗਰਸ ਵਲੋਂ ਸ਼ੇਮ ਸ਼ੇਮ) ਇਹ ਹਾਲਤ ਹੈ ਇਨ੍ਹਾਂ ਦੀ ਇਸ ਦੇ ਬਾਰੇ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ । ਕਿ ਗੌਰਮਿੰਟ, ਇਨ੍ਹਾਂ ਪਿੰਡਾਂ ਦੇ ਮਜ਼ਦੂਰਾਂ ਨਾਲ ਕੀ ਕੁਝ ਅਤਿਆਚਾਰ ਕਰ ਰਹੀ ਹੈ।

ਫਿਰ ਜਿਥੇ ਤਕ ਲਾ ਐਂਡ ਆਰਡਰ ਦੀ ਗਲ ਹੈ ਪੁਲਿਸ ਅਤੇ ਗੁੰਡਾ ਰਾਜ ਪਰਧਾਨ ਹੈ ਇਸ ਸੂਬੇ ਵਿਚ। ਕੋਈ ਕੁਝ ਕਰ ਜਾਵੇ ਪੁਛਣ ਵਾਲਾ ਕੋਈ ਨਹੀਂ ਪੁਲਿਸ ਨਾਲ ਮਿਲ ਕੇ ਦਿਨ ਦਿਹਾੜੇ ਕਤਲ ਕੀਤੇ ਜਾਂਦੇ ਹਨ ਜੋ ਜਿਸ ਨੂੰ ਚਾਹੇ ਵਢਣ ਕੁਟਣ ਕੋਈ ਪੁਛ ਪ੍ਰਤੀਤ ਨਹੀਂ ਹੁੰਦੀ । ਜੇਕਰਾਂ ਕੋਈ ਭਲਾ ਮਾਨਸ ਇਤਲਾਹ ਦੇਣ ਆਵੇ ਤਾਂ ਉਸ ਦੀ ਵੀ ਪੱਤ ਲਾਹ ਦਿਤੀ ਜਾਂਦੀ ਹੈ। ਜਿਹੜੇ ਇਨ੍ਹ

[ਜਥੇਦਾਰ ਹਰਦਿਤ ਸਿੰਘ ਭੱਠਲ]
ਦੇ ਆਪਣੇ ਆਦਮੀ ਹਨ ਉਹ ਆਪਣੀਆਂ ਮੰਨਮਾਨੀਆਂ ਪੂਰੀ ਕਰੀ ਜਾ ਰਹੇ ਹਨ ਅਤੇ ਜਿਸ ਨੂੰ ਚਾਹੁੰਦੇ ਹਨ ਮਰਵਾ ਦਿੰਦੇ ਹਨ ਅਤੇ ਨਾਂ ਨਕਸਲਬਾੜੀਆਂ ਦਾ ਲਿਆ ਜਾਂਦਾ ਹੈ ਕੋਈ ਪੜਤਾਲ ਨਹੀਂ ਕਰਵਾਈ ਜਾਂਦੀ। ਫਿਰ ਜੇਕਰ ਨੌਜਵਾਨ ਪੜ੍ਹੇ ਲਿਖੇ ਮੁੰਡੇ ਅਗਾਂਹ ਵਧਣ ਦਾ ਯਤਨ ਕਰਦੇ ਹਨ ਹੰਭਲਾ ਮਾਰਦੇ ਹਨ, ਮੁਲਾਜ਼ਮਤ ਦੀ ਖਾਤਰ ਯਤਨ ਕਰਦੇ ਹਨ ਤਾਂ ਉਨ੍ਹਾਂ ਤੇ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਨਕਸਲਬਾੜੀਆਂ ਦਾ ਨਾਂ ਲਿਆ ਜਾਂਦਾ ਹੈ ਅਤੇ ਇਨ੍ਹਾਂ ਨੌਜਵਾਨਾਂ ਤੇ ਗੋਲੀ ਚਲਵਾ ਦਿਤੀ ਜਾਂਦੀ ਹੈ ਅਤੇ ਇਨ੍ਹਾਂ ਨੂੰ ਜੇਲ੍ਹਾਂ ਵਿਚ ਭਰ ਦਿਤਾ ਜਾਂਦਾ ਹੈ । ਇਸ ਤਰੀਕੇ ਨਾਲ ਇਸ ਸਰਕਾਰ ਦੇ ਰਾਜ ਵਿਚ ਹਕੂਮਤ ਚਲ ਰਹੀ ਹੈ ਅਤੇ ਇਹ ਹਾਲਤ ਹੈ ਇਨ੍ਹਾਂ ਦੇ ਲਾ ਐਂਡ ਆਰਡਰ ਦੀ।

ਆਪ ਪਿੰਡਾਂ ਵਿਚ ਜਾ ਕੇ ਵੇਖੋ ਕਿ ਕਿਸ ਤਰ੍ਹਾਂ ਕੁੜੀਆਂ ਚੁੱਕੀਆਂ ਜਾਂਦੀਆਂ ਹਨ। ਹਰੀਜਨ ਕੁੜੀਆਂ ਨੂੰ ਕਤਲ ਕਰ ਦਿਤਾ ਜਾਂਦਾ ਹੈ। ਕੋਲੋਂ ਪੈਸੇ ਦੇ ਕੇ ਕਤਲ ਕਰਵਾਏ ਜਾਂਦੇ ਹਨ। ਜੇਕਰ ਇਹ ਗਲ ਗਲਤ ਹੈ ਤਾਂ ਕੀ ਸਰਕਾਰ ਦਸ ਸਕਦੀ ਹੈ ਕਿ ਮੇਰੇ ਇਲਾਕੇ ਵਿਚ ਕੋਈ ਇਕ ਵੀ ਕਤਲ ਇਨ੍ਹਾਂ ਨੇ ਕਢਿਆ ਹੈ। ਕੀ ਅਜਿਹਾ ਕੋਈ ਕਤਲ ਇਹ ਵਿਖਾ ਸਕਦੇ ਹਨ ! ਜਿਹੜੇ ਨੌਜਵਾਨ ਹਨ ਉਨ੍ਹਾਂ ਨੂੰ ਨਕਸਲਵਾਦੀ ਆਖ ਕੇ ਜਿਹੜੇ ਮਾਰਕਸਵਾਦੀ ਹਨ ਅਤੇ ਅਗੇ ਵਧਣਾ ਚਾਹੁੰਦੇ ਹਨ ਤਰੱਕੀ ਮੰਗਦੇ ਹਨ ਦੇਸ਼ ਨੂੰ ਇਸ ਤਰ੍ਹਾਂ ਦੇ ਅਤਿਆਚਾਰ ਤੋਂ ਆਜ਼ਾਦ ਕਰਾਣਾ ਚਾਹੁੰਦੇ ਹਨ ਅਤੇ ਜਿਹੜਾ ਗੰਦ ਇਸ ਮੁਲਕ ਵਿਚ ਪਿਆ ਹੋਇਆ ਹੈ ਇਸ ਤੋਂ ਇਸ ਦੇਸ਼ ਨੂੰ ਸਾਫ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਦਬਾਣ ਲਈ ਇਹ ਤਰੀਕਾ ਇਨ੍ਹਾਂ ਨੇ ਵਰਤਿਆ ਹੈ ਕਿ ਨਕਸਲਵਾਦੀ ਦੇ ਨਾਂ ਥਲੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਪਾ ਦਿਤਾ ਜਾਂਦਾ ਹੈ ਤੇ ਗੋਲੀ ਮਾਰ ਦਿਤੀ ਜਾਂਦੀ ਹੈ। ਇਸ ਬੁਰਾਈ ਨੂੰ ਸਦਾ ਲਈ ਖਤਮ ਕਰਨ ਬਾਰੇ ਇਸ ਗਵਰਨਰ ਸਾਹਿਬ ਦੇ ਭਾਸ਼ਨ ਵਿਚ ਕੋਈ ਸਕੀਮ ਨਹੀਂ ਦਸੀ ਗਈ ਅਤੇ ਨਾ ਹੀ ਜ਼ਿਕਰ ਕੀਤਾ ਗਿਆ ਹੈ।

ਜਿਥੋਂ ਤਕ ਡਰੇਨਾ ਦਾ ਸਬੰਧ ਹੈ, ਇਨਾਂ ਨੂੰ ਸਾਲਾ ਸਾਲ ਮੁਕੰਮਲ ਨਹੀਂ ਕੀਤਾ ਜਾਂਦਾ। ਕਈਆਂ ਨੂੰ ਵੀਹ ਵੀਹ ਸਾਲ ਹੋ ਗਏ ਹਨ ਪਰ ਅਜ ਤਕ ਸਿਰੇ ਨਹੀਂ ਚੜ੍ਹਾਈਆਂ ਗਈਆਂ। ਮੇਰੇ ਹਲਕੇ ਵਿਚ ਕਈਆਂ ਦੀ ਹਾਲਤ ਬਹੁਤ ਮਾੜੀ ਹੈ ਇਨ੍ਹਾਂ ਨੂੰ ਡੂੰਘਿਆਂ ਨਹੀਂ ਕਰਵਾਇਆ ਗਿਆ ਅਤੇ ਫਿਰ ਜਿਥੇ ਕੱਢੀਆਂ ਗਈਆਂ ਹਨ ਉਨ੍ਹਾਂ ਦੇ ਪਿੰਡਾਂ ਵਾਲਿਆਂ ਨੂੰ ਆਣ ਜਾਣ ਲਈ ਕੋਈ ਪੁਲੀਆਂ ਨਹੀਂ ਬਣਾਈਆਂ ਗਈਆਂ। ਇਨ੍ਹਾਂ ਦੇ ਬਾਰੇ ਕੋਈ ਜ਼ਿਕਰ ਇਸ ਐਡਰੈਸ ਵਿਚ ਨਹੀਂ ਦਿਤਾ ਗਿਆ। ਇਸ ਲਈ ਇਸ ਐਡਰੈਸ ਦੇ ਧੰਨਵਾਦ ਦਾ ਮਤਾ ਪਾਸ ਨਹੀਂ ਕਰਨਾ ਚਾਹੀਦਾ।

ਆਮ ਲੋਕਾਂ ਦੀ ਹਾਲਤ ਦਿਨੋ ਦਿਨ ਵਿਗੜਦੀ ਜਾ ਰਹੀ ਹੈ ਕਿਸਾਨ ਦੇ ਸਿਰ ਤੇ ਕਰਜ਼ੇ ਦਾ ਭਾਰ ਲਦਿਆ ਜਾ ਰਿਹਾ ਹੈ। ਪਹਿਲਾਂ ਛੋਟੇ ਕਿਸਾਨ ਤੇ ਸੀ ਪਰ ਹੁਣ ਦਰਮਿਆਨੇ ਕਿਸਾਨ ਤੇ ਵੀ ਇਹ ਭਾਰ ਆ ਗਿਆ ਹੈ । ਟਿਊਬਵੈਲ ਲਈ ਕਰਜ਼ਾ ਦਿਤਾ ਜਾ ਰਿਹਾ ਹੈ। ਟਰੈਕਟਰ ਵੀ ਉਹ ਕਰਜ਼ੇ ਨਾਲ ਖਰੀਦ ਲੈਂਦਾ ਹੈ ਪਰ ਹਾਲਤ ਇਹ ਹੋ ਗਈ ਹੈ ਕਿ ਉਹ ਆਮ ਖਰਚ ਨੂੰ ਪੂਰਾ ਨਹੀਂ ਕਰ ਸਕਦਾ । ਕਿਸਾਨ ਦੀ ਹਾਲਤ ਵਿਗੜ ਰਹੀ ਹੈ ਅਤੇ ਕਰਜ਼ੇ ਦੇ ਭਾਰ ਥਲੇ ਦਬਿਆ ਜਾ ਰਿਹਾ ਹੈ। ਇਸ ਦੇ ਸਬੰਧ ਵਿਚ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕਿ ਕਿਸ ਤਰ੍ਹਾਂ ਉਸ ਨੂੰ ਇਸ ਤਰ੍ਹਾਂ ਦੇ ਕਰਜ਼ੇ ਦੇ ਭਾਰ ਤੋਂ ਬਚਾਇਆ ਜਾ ਸਕੇ।

ਇਸ ਐਡਰੈਸ ਵਿਚ ਇਹ ਵੀ ਨਹੀਂ ਦਸਿਆ ਗਿਆ ਕਿ ਪੜ੍ਹੇ ਲਿਖੇ ਨੌਜਵਾਨਾ ਨਾਲ ਜਿਹੜਾ ਧਕਾ ਨਕਸਲਬਾੜੀ ਕਹਿ ਕੇ ਕੀਤਾ ਜਾ ਰਿਹਾ ਹੈ ਉਸ ਨੂੰ ਕਿਸ ਤਰ੍ਹਾਂ ਰੋਕਿਆ ਜਾਵੇਗਾ । ਫਿਰ ਇਹ

ਨਹੀਂ ਦਸਿਆ ਗਿਆ ਕਿ ਪੜ੍ਹੇ ਲਿਖੇ ਮੁੰਡਿਆਂ ਨੂੰ ਕਿਸ ਤਰ੍ਹਾਂ ਕੰਮ ਰਜ਼ਗਾਰ ਦਿਤਾ ਜਾਵੇਗਾ। ਇਹ ਵੀ ਨਹੀਂ ਦਸਿਆ ਗਿਆ ਕਿ ਪਿੰਡ ਦੇ ਮਜ਼ਦੂਰ ਨੂੰ ਜਿਹੜਾ ਕਿ ਭੁਖਾ ਹੈ ਅਤੇ ਰੋਟੀ ਪੂਰੀ ਨਹੀਂ ਕਰ ਸਕਦਾ ਖਾਸ ਦਿਹਾੜੀ ਕਿਸ ਤਰ੍ਹਾਂ ਦਿਤੀ ਜਾਵੇਗੀ ਅਤੇ ਉਹ ਕਿਸ ਤਰ੍ਹਾਂ ਆਪਣਾ ਅਤੇ ਆਪਣੇ ਬਚਿਆਂ ਦਾ ਇਲਾਜ ਕਰਵਾ ਸਕਦਾ ਹੈ। ਅਤੇ ਨਾ ਹੀ ਕੋਈ ਤਸਲੀ ਦਿਤੀ ਗਈ ਹੈ।

ਵਿਦਿਆ ਤੇ ਖੇਤਰ ਵਿਚ ਇਕ ਬਹੁਤ ਵਡੇ ਪੈਮਾਨੇ ਤੇ ਸਿਆਸੀ ਕਰਪਸ਼ਨ ਕੀਤੀ ਜਾ ਰਹੀ ਹੈ ਅਤੇ ਸਕੂਲ ਉਨ੍ਹਾਂ ਪਿੰਡਾਂ ਵਿਚ ਹੀ ਖੋਲ੍ਹੇ ਜਾਂਦੇ ਹਨ ਜਿਥੇ ਕਿ ਸਿਆਸੀ ਤੌਰ ਤੇ ਇਨ੍ਹਾਂ ਨੂੰ ਲੋੜ ਹੋਣ, ਮੇਰੇ ਇਲਾਕੇ ਵਿਚ ਬਹੁਤ ਘੱਟ ਸਕੂਲ ਖੋਲ੍ਹੇ ਗਏ ਹਨ । ਇਸੇ ਤਰ੍ਹਾਂ ਮਾਡਲ ਪਿੰਡ ਜਿਹੜੇ ਬਣਾਏ ਜਾ ਰਹੇ ਹਨ ਉਹ ਵੀ ਆਪਣੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਬਣਾਏ ਜਾ ਰਹੇ ਹਨ । ਅਤੇ ਇਨ੍ਹਾਂ ਦੇ ਦਿਲ ਵਿਚ ਜਿਥੇ ਚੋਰ ਹੁੰਦਾ ਹੈ ਉਥੇ ਉਨ੍ਹਾਂ ਨੂੰ ਬਣਾਇਆ ਜਾਂਦਾ ਹੈ ਅਸਾਡੇ ਇਲਾਕੇ ਵਿਚ ਬਹੁਤ ਘੱਟ ਪਿੰਡ ਮਾਡਲ ਪਿੰਡ ਬਣਾਏ ਗਏ ਹਨ।

ਫਿਰ ਜਿਹੜੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ ਇਨ੍ਹਾਂ ਵਿਚ ਭਾਰੀ ਕੁਰੱਪਸ਼ਨ ਕੀਤੀ ਜਾ ਰਹੀ ਹੈ ਇਟਾਂ ਬਹੁਤ ਘਟੀਆ ਕਿਸਮ ਦੀਆਂ ਲਗਾਈਆਂ ਜਾ ਰਹੀਆਂ ਹਨ ਐਨੀਆਂ ਗੰਦੀਆਂ ਹਨ ਕਿ ਰੇਹ ਵਰਗੀਆਂ ਹਨ ਜਦ ਫਿਰ ਮੇਰੇ ਹਲਕੇ ਇਡਿਆਏ ਦੀ ਸੜਕ ਅਤੇ ਫਤਹਿਗੜ੍ਹ ਛੰਨਾ ਦੀ ਸੜਕ ਐਕਸ ਈ ਐਨ. ਨੂੰ ਵੀ ਮੈਂ ਵਿਖਾਈਆਂ ਹਨ ਅਤੇ ਡੀ.ਸੀ. ਸਾਹਿਬ ਨੂੰ ਵੀ ਦੱਸੀਆਂ ਹਨ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਕੇਸ ਫੜਵਾਏ ਵੀ ਹਨ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ। ਅਜ ਵੀ ਉਬੇਵਾਲੀ ਅਤੇ ਭਵਾਨੀਗੜ੍ਹ ਦੀਆਂ ਸੜਕਾਂ ਤੇ ਇਸ ਤਰ੍ਹਾਂ ਦੀਆਂ ਨਾਕਸ ਇਟਾਂ ਇਸਤੇਮਾਲ ਕੀਤੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਦੀ ਚਲ ਰਹੀ ਕੁਰੱਪਸ਼ਨ ਦੇ ਬਾਰੇ ਕੋਈ ਜ਼ਿਕਰ ਇਸ ਭਾਸ਼ਣ ਵਿਚ ਨਹੀਂ ਕੀਤਾ ਗਿਆ।

ਇਨ੍ਹਾਂ ਸਾਰੀਆਂ ਗੱਲਾਂ ਨੂੰ ਸਾਹਮਣੇ ਰੱਖ ਕੇ ਮੈਂ ਇਸ ਧੰਨਵਾਦ ਦੇ ਮਤੇ ਦੀ ਵਿਰੋਧਤਾ ਕਰਦਾ ਹਾਂ ਇਹ ਪਾਸ ਨਹੀਂ ਹੋਣਾ ਚਾਹੀਦਾ। ਬਾਕੀ ਹੋਰ ਵੀ ਕਈ ਗਲਾਂ ਰਹਿ ਗਈਆਂ ਹਨ ਜਿਹੜੀਆਂ ਮੈਂ ਫਿਰ ਕਿਤੇ ਹਾਊਸ ਵਿਚ ਪੇਸ਼ ਕਰਾਂਗਾ । ਮੇਰੀ ਪ੍ਰਾਰਥਨਾ ਹੈ ਬਾਕੀ ਮੈਂਬਰ ਸਾਹਿਬਾਨ ਅਗੇ ਕਿ ਇਹ ਮਤੇ ਨੂੰ ਰਦ ਕਰ ਦੇਣਾ ਚਾਹੀਦਾ ਹੈ।

(ਇਸ ਸਮੇਂ ਸ੍ਰੀ ਗਿਆਨ ਚੰਦ ਖਰਬੰਦਾ ਅਤੇ ਸਰਦਾਰ ਦਲੀਪ ਸਿੰਘ ਪਾਂਧੀ ਅਤੇ ਹੋਰ ਕਈ ਮੈਂਬਰ ਬੋਲਣ ਦੀ ਆਗਿਆ ਲੈਣ ਲਈ ਖੜ੍ਹੇ ਹੋ ਗਏ)

ਸਰਦਾਰ ਸਰੂਪ ਸਿੰਘ: (ਬੈਠੇ ਬੈਠੇ) ਹੁਣ ਖਰਬੰਦਾ ਸਾਹਿਬ ਨੂੰ ਬੋਲਣ ਦਿਓ। (ਵਿਘਨ)

ਸ੍ਰੀ ਡਿਪਟੀ ਸਪੀਕਰ: ਜੇਕਰ ਮੇਰੀ ਡਿਊਟੀ ਕੋਈ ਮੈਂਬਰ ਲੈ ਰਹੇ ਹਨ ਤਾਂ ਉਨ੍ਹਾਂ ਦੀ ਹੀ ਗਲ ਮੰਨ ਲਉ । (ਵਿਘਨ) (If some hon. Member tries to perform the duties of the Chair, then you may obey him.) I now call upon Sardar Dalip Singh Pandhi (*Interruptions*).

ਸ੍ਰੀ ਗਿਆਨ ਚੰਦ ਖਰਬੰਦਾ: ਅੱਜ ਸਾਡੇ ਪਾਸੇ ਤਾਂ ਬਲੈਕ ਆਊਟ ਹੀ ਰਹੇਗਾ, ਡਿਪਟੀ ਸਪੀਕਰ ਸਾਹਿਬ। (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੇਰੀ ਪ੍ਰਾਰਥਨਾ ਇਹ ਹੈ ਕਿ ਹਿਸਾਬ ਨਾਲ ਸਾਡੇ ਮੈਂਬਰ ਦੀ ਬੋਲਣ ਦੀ ਵਾਰੀ ਹੈ ਇਸ ਲਈ ਸਾਨੂੰ ਬੋਲਣ ਦੀ ਆਗਿਆ ਦਿਤੀ ਜਾਵੇ।

ਸ੍ਰੀ ਡਿਪਟੀ ਸਪੀਕਰ: ਜੇਕਰ ਤੁਸੀਂ ਹਾਊਸ ਦੇ ਡੈਕੋਰਮ ਨੂੰ ਆਬਜ਼ਰਵ ਹੀ ਨਾ ਕਰਨਾ ਚਾਹੋ ਤਾਂ ਮੈਂ ਕੀ ਕਰ ਸਕਦਾ ਹਾਂ। ਮੈਂ ਤਾਂ ਸ੍ਰੀ ਖਰਬੰਦਾ ਸਾਹਿਬ ਨੂੰ ਵਕਤ ਦੇਣ ਲਗਾ ਸੀ ਕਿਉਂਕਿ ਉਨ੍ਹਾਂ ਦਾ ਨਾਮ ਮੇਰੇ ਪਾਸ ਆਇਆ ਹੋਇਆ ਹੈ ਪਰ ਤੁਸੀਂ ਡੈਕੋਰਮ ਹੀ ਮੇਨਟੇਨ ਨਾ ਕਰੋ ਤਾਂ ਮੈਂ ਕੀ ਕਰ ਸਕਦਾ ਹਾਂ। (ਵਿਘਨ) (If you do not want to observe the decorum of the House, what can I do. I was going to call upon Shri Kharbanda whose name is with me on the list of speakers; but since you do not observe the decorum, I am helpless.) (*Interruption*)

ਸਰਦਾਰ ਗੁਰਮੀਤ ਸਿੰਘ : ਮੇਰੀ ਪਰਾਰਥਨਾ ਇਹ ਹੈ ਕਿ ਪਾਰਟੀ ਦੀ ਸਟਰੈਂਗਥ ਤੇ ਟਾਈਮ ਦਿਤਾ ਜਾਣਾ ਚਾਹੀਦਾ ਹੈ। ਹਰ ਇਕ ਪਾਰਟੀ ਦਾ ਟਾਈਮ ਗਿਣਿਆ ਜਾ ਰਿਹਾ ਹੈ ਸਾਢੇ 6 ਵਜੇ ਤਕ ਹਾਊਸ ਨੇ ਚਲਣਾ ਹੈ ਉਨ੍ਹਾਂ ਨੂੰ ਵੀ ਵਕਤ ਮਿਲ ਜਾਵੇਗਾ।

ਕੈਪਟਨ ਰਤਨ ਸਿੰਘ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੈਂ ਆਪ ਦੇ ਹੁਕਮ ਨੂੰ ਮੰਨਦਾ ਹਾਂ ਕਿ ਹਾਊਸ ਵਿਚ ਡੈਕੋਰਮ ਰਖਣਾ ਚਾਹੀਦਾ ਹੈ ਜਿਥੇ ਤਕ ਖਰਬੰਦਾ ਸਾਹਿਬ ਦਾ ਸਬੰਧ ਹੈ ਉਹ ਤੁਹਾਡੀ ਆਈ ਕੈਚ ਕਰਨ ਲਈ ਖੜ੍ਹੇ ਹੋ ਗਏ ਅਤੇ ਉਨ੍ਹਾਂ ਵਲੋਂ ਕੋਈ ਗਲਤੀ ਨਹੀਂ ਕੀਤੀ ਗਈ ਅਤੇ ਉਨ੍ਹਾਂ ਨੇ ਡੈਕੋਰਮ ਆਫ ਦੀ ਹਾਊਸ ਨੂੰ ਪੂਰੀ ਤਰ੍ਹਾਂ ਮੇਨਟੇਨ ਕੀਤਾ ਹੈ। ਅਗਰ ਕੋਈ ਹੋਰ ਮੈਂਬਰ ਗਲਤੀ ਕਰੇ ਤਾਂ ਉਸ ਨੂੰ ਵਾਰਨਿੰਗ ਦੇਣੀ ਚਾਹੀਦੀ ਹੈ ਉਸ ਦੀ ਸਜ਼ਾ ਇਨ੍ਹਾਂ ਨੂੰ ਨਹੀਂ ਮਿਲਣੀ ਚਾਹੀਦੀ। ਪਾਂਧੀ ਸਾਹਿਬ ਦਾ ਵੀ ਨਾਮ ਤਾਂ ਕਿਸੇ ਹੋਰ ਮੈਂਬਰ ਨੇ ਉਸ ਪਾਸੇ ਤੋਂ ਲਿਆ ਸੀ। ਇਸ ਲਈ ਮੇਰੀ ਪਰਾਰਥਨਾ ਹੈ ਕਿ ਬੋਲਣ ਵਾਲੇ ਦਾ ਕੋਈ ਕਸੂਰ ਨਹੀਂ ਤੇ ਨਾ ਹੀ ਉਸ ਦੀ ਜਨਾਬ ਵਲ ਪਿਠ ਸੀ ਇਸ ਲਈ ਖਰਬੰਦਾ ਸਾਹਿਬ ਨੂੰ ਟਾਈਮ ਦੇਣਾ ਚਾਹੀਦਾ ਹੈ। ਇਸ ਲਈ ਆਪ ਆਪਣੀ ਇਸ ਰੂਲਿੰਗ ਨੂੰ ਰੀਕਨਸਿਡਰ ਕਰੋ ਤਾਂ ਚੰਗਾ ਹੋਵੇਗਾ।

ਸ੍ਰੀ ਜੋਗਿੰਦਰ ਪਾਲ ਪਾਂਡੇ: ਮੈਂ ਡਿਪਟੀ ਸਪੀਕਰ ਸਾਹਿਬ ਤੁਹਾਡੀ ਇਜਾਜ਼ਤ ਦੇ ਨਾਲ ਇਹ ਬੇਨਤੀ ਕਰ ਦੇਣੀ ਚਾਹੁੰਦਾ ਹਾਂ ਕਿ ਖਿਆਲ ਇਹ ਕੀਤਾ ਜਾਂਦਾ ਸੀ ਕਿ ਸਰਦਾਰ ਸਰੂਪ ਸਿੰਘ ਪਹਿਲਾਂ ਬੋਲਣਗੇ, ਪਰ ਉਨ੍ਹਾਂ ਨੂੰ ਹੀ ਕਨਫੀਊਜ਼ਨ ਹੋ ਗਈ ਤੁਸੀਂ ਦੂਸਰੀ ਪਾਰਟੀ ਵਿਚੋਂ ਕਾਲ ਅਪੌਨ ਕਰ ਲਿਆ।

ਸ੍ਰੀ ਡਿਪਟੀ ਸਪੀਕਰ: ਨਾਵਾਂ ਦੀ ਲਿਸਟ ਮੇਰੇ ਕੋਲ ਹੈ, ਜਿਥੇ ਮੈਂ ਇਹ ਦੇ ਅਨੁਸਾਰ ਸਾਰਿਆਂ ਨੂੰ ਟਾਈਮ ਦੇਣਾ ਹੈ ਉਥੇ ਮੈਂ ਬੋਲਣ ਵਾਲਿਆਂ ਦੀ ਆਈ ਵੀ ਕੈਚ ਕਰਨੀ ਹੈ। ਹੁਣ ਜਿਸ ਮੈਂਬਰ ਨੂੰ ਮੈਂ ਕਾਲ ਅਪੌਨ ਕੀਤਾ ਹੈ ਉਹੀ ਬੋਲਣਗੇ ਹੋਰ ਕੋਈ ਨਹੀਂ। ਸਰਦਾਰ ਦਲੀਪ ਸਿਘ ਜੀ ਪਾਂਧੀ। (I have got the list of the names with me. I have to catch the eye of the Members in addition to taking care of the names of Hon'ble Members on this list. Now Sardar Dalip Singh Pandhi will speak. I have already called upon him to do so.)

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਬਹੁਤ ਧੰਨਵਾਦੀ ਹਾਂ ਕਿ ਆਪ ਨੇ ਮੈਨੂੰ ਰਾਜਪਾਲ ਦੇ ਭਾਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਚਾਹੁੰਦਾ ਸੀ ਕਿ ਇਹ ਭਾਸ਼ਣ ਸਰਬ ਸੰਮਤੀ ਨਾਲ ਪਾਸ ਕੀਤਾ ਜਾਂਦਾ ਕਿਉਂ ਜੋ ਰਾਜਪਾਲ ਜੀ

ਨੇ ਇਸ ਦੇ ਵਿਚ ਬਹੁਤ ਚੰਗੀਆਂ ਗੱਲਾਂ ਕਹੀਆਂ ਹਨ। ਇਸ ਵਿਚ ਕੁਝ ਗੱਲਾਂ ਇਹੋ ਜਿਹੀਆਂ ਵੀ ਹਨ ਜਿਹੜੀਆਂ ਕਿ ਮੇਰੇ ਬਹੁਤ ਸਾਰੇ ਸਾਥੀਆਂ ਨੂੰ ਚੁਭੀਆਂ ਵੀ ਹਨ। ਇਸ ਵਿਚ ਇਹ ਕਿਹਾ ਗਿਆ ਕਿ ਕੇਂਦਰੀ ਸਰਕਾਰ ਨੇ ਫਾਜ਼ਿਲਕਾ ਦਾ ਇਲਾਕਾ ਦੇਣ ਬਾਰੇ ਵੀ ਇਕ ਕੱਚਾ ਪੱਕਾ ਫੈਸਲਾ ਕੀਤਾ ਹੈ। ਇਹ ਇਕ ਪੰਜਾਬੀ ਬੋਲਦਾ ਇਲਾਕਾ ਹੈ ਅਤੇ ਜਦੋਂ ਇਸ ਦੇ ਦੇਣ ਬਾਰੇ ਫੈਸਲਾ ਕੀਤਾ ਗਿਆ ਸੀ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਇਸ ਫੈਸਲੇ ਦੀ ਵਿਰੋਧਤਾ ਕੀਤੀ ਸੀ ਅਤੇ ਕਿਹਾ ਸੀ ਕਿ ਇਹ ਫੈਸਲਾ ਬਹੁਤ ਮਾੜਾ ਹੋਇਆ ਹੈ ਜਿਹੜੇ ਕਿ ਪੰਜਾਬੀ ਬੋਲਦੇ ਇਲਾਕੇ ਹਰਿਆਣੇ ਨੂੰ ਦਿੱਤੇ ਗਏ ਹਨ, ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਮੰਗ ਕੀਤੀ ਸੀ ਕਿ ਇਸ ਫੈਸਲੇ ਤੇ ਮੁੜ ਵਿਚਾਰ ਕੀਤਾ ਜਾਵੇ। ਜਿਹੜੇ ਵੀ ਪਿੰਡ ਪੰਜਾਬੀ ਬੋਲਦੇ ਹਨ ਜਿਸ ਤਰ੍ਹਾਂ ਕਿ ਗੂਲ੍ਹੇ ਦੀ ਸਬ ਤਹਿਸੀਲ ਅਤੇ ਹੋਰ ਇਸ ਦੇ ਆਲੇ ਦੁਆਲੇ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਆਉਣੇ ਚਾਹੀਦੇ ਹਨ। ਉਹ ਇਲਾਕੇ ਜਿਹੜੇ ਕਲਚਰ ਦੇ ਲਿਹਾਜ਼ ਨਾਲ ਪੰਜਾਬ ਦੇ ਨਾਲ ਮਿਲਦੇ ਜੁਲਦੇ ਹਨ ਉਹ ਵੀ ਪੰਜਾਬ ਵਿਚ ਆਉਣੇ ਚਾਹੀਦੇ ਹਨ। (ਇਕ ਮਾਨਯੋਗ ਮੈਂਬਰ: ਬਾਬਾ ਜੀ ਨੂੰ ਪੁਛੋ ਹੁਣ) ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਇਕ ਕਮਿਸ਼ਨ ਬੈਠੇ ਇਸ ਮੁਆਮਲੇ ਤੇ ਮੁੜ ਵਿਚਾਰ ਕਰਨ ਲਈ ਫਾਜ਼ਿਲਕਾ ਦਾ ਇਲਾਕਾ, ਪੰਜਾਬੀ ਬੋਲਦਾ ਇਲਾਕਾ ਪੰਜਾਬ ਨੂੰ ਦਿਵਾਉਣ ਲਈ ਕੋਈ ਮੁੜ ਫੈਸਲਾ ਦੇਵੇ। ਮੈਂ ਇਸ ਗਲ ਦੀ ਪੰਜਾਬ ਸਰਕਾਰ ਨੂੰ ਵਧਾਈ ਦੇਂਦਾ ਹਾਂ ਕਿ ਜਦੋਂ ਡਾਂਗ ਸਾਹਿਬ ਨੇ ਇਸ ਮੁਆਮਲੇ ਤੇ ਨੁਕਤਾ-ਚੀਨੀ ਕੀਤੀ ਸੀ ਤਾਂ ਉਸ ਵੇਲੇ ਇਕ ਬੜੀ ਚੰਗੀ ਗਲ ਨਹੀਂ ਕਹੀ ਗਈ ਸੀ ਕਿ ਜਦੋਂ ਤੁਹਾਡੀ ਪਾਰਟੀ ਦੀ ਹਕੂਮਤ ਸੀ ਤਾਂ ਉਹ ਵੇਲਾ ਯਾਦ ਕਰੋ, ਉਸ ਵੇਲੇ ਉਨ੍ਹਾਂ ਦਾ ਇਕ ਇਕ ਮਨਿਸਟਰ ਕਾਂਗਰਸ ਪਾਰਟੀ ਦੇ ਸਹਾਰੇ ਲਟਕਦਾ ਸੀ। ਗ਼ਲਤ ਤਰੀਕੇ ਨਾਲ ਸਾਰੇ ਕੰਮ ਉਸ ਵੇਲੇ ਹੋਏ। (ਵਿਘਨ, ਸ਼ੋਰ)

ਇਹ ਗੱਲ ਮੈਂ ਏਥੇ ਹੀ ਛੱਡਦਾ ਹੋਇਆ ਹੁਣ ਮੁਲਾਜ਼ਮਾਂ ਦੀ ਗਲ ਕਰਦਾ ਹਾਂ ਇਨ੍ਹਾਂ ਵਲੋਂ ਇਸ ਗਲ ਤੇ ਐਜੀਟੇਸ਼ਨ ਚਲਾਈ ਗਈ ਕਿ ਉਨ੍ਹਾਂ ਨੂੰ ਇੰਟੈਰਮ ਰਿਲੀਫ ਨਹੀਂ ਦਿਤਾ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਪਾਰਟੀਆਂ ਰਾਹੀਂ ਉਨ੍ਹਾਂ ਨੂੰ ਉਕਸਾਹਟ ਮਿਲੀ ਕੀ ਉਨ੍ਹਾਂ ਦੀ ਜਿਥੇ ਸਰਕਾਰ ਸੀ ਉਨ੍ਹਾਂ ਨੇ ਆਪਣੇ ਮੁਲਾਜ਼ਮਾਂ ਨੂੰ ਰਿਲੀਫ ਦਿੱਤਾ। ਕੀ ਕੇਰਲ ਸਰਕਾਰ ਨੇ ਆਪਣੇ ਮੁਲਾਜ਼ਮਾਂ ਨੂੰ ਰਿਲੀਫ ਦਿੱਤਾ? ਕੀ ਕਿਸੇ ਹੋਰ ਸਰਕਾਰ ਨੇ ਕਿਸੇ ਨੂੰ ਰਿਲੀਫ ਦਿੱਤਾ? ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੀ ਤਹਿਰੀਕ ਬਿਲਕੁਲ ਗ਼ੈਰ-ਵਾਜਬ ਸੀ ਅਤੇ ਪੁਲੀਟੀਕਲੀ ਇਨਸਟੀਗੇਟਿਡ ਸੀ। ਸਿਵਾਏ ਇਕ ਪਾਰਟੀ ਦੀ ਸਰਕਾਰ ਨੂੰ ਬਦਨਾਮ ਕਰਨ ਦੇ ਹੋਰ ਕੋਈ ਮੰਤਵ ਇਸ ਤਹਿਰੀਕ ਦਾ ਨਹੀਂ ਸੀ। ਇਸੇ ਤਰ੍ਹਾਂ ਮਿਡ ਟਰਮ ਇਲੈਕਸ਼ਨ ਦੇ ਮੌਕੇ ਤੇ ਵੀ ਇਸ ਤਰ੍ਹਾਂ ਦੀ ਸਿਆਸੀ ਤਹਿਰੀਕਾਂ ਚਲਾਉਣ ਦੀ ਕਈ ਪਾਰਟੀਆਂ ਵਲੋਂ ਕੋਸ਼ਿਸ਼ ਕੀਤੀ ਗਈ ਸੀ। ਇਹ ਮੁਨਾਸਬ ਨਹੀਂ ਹੁੰਦਾ ਕਿ ਸਿਆਸੀ ਗ਼ਰਜ਼ਾਂ ਨੂੰ ਅਗੇ ਰਖ ਕੇ ਇਸ ਤਰ੍ਹਾਂ ਦੀਆਂ ਐਜੀਟੇਸ਼ਨਾਂ ਕਿਸੇ ਦੇ ਕੰਧੇ ਤੇ ਬੰਦੂਕ ਰਖ ਕੇ ਚਲਾਈਆਂ ਜਾਣ। ਜੇ ਇਸ ਤਰ੍ਹਾਂ ਦੀ ਮੁਲਾਜ਼ਮਾਂ ਦੀ ਮੰਗ ਕਰਾਉਣੀ ਸੀ ਤਾਂ ਉਹ ਜਿਥੇ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਸੀ ਜਾਂ ਜਿਨ੍ਹਾਂ ਸਟੇਟਾਂ ਦੇ ਵਿਚ ਕਮਿਊਨਿਸਟ ਪਾਰਟੀ ਦੀ ਸਰਕਾਰ ਸੀ ਪਹਿਲਾਂ ਉਥੇ ਇਹ ਮੰਗ ਮਨਵਾਉਂਦੇ। ਪਿਛਲੇ 20 ਸਾਲ ਤੱਕ ਇਨ੍ਹਾਂ ਕਾਂਗਰਸੀਆਂ ਦੀ ਹਕੂਮਤ ਰਹੀ, ਇਨ੍ਹਾਂ ਨੇ ਮੁਲਾਜ਼ਮਾਂ ਨੂੰ ਕੀ ਦਿੱਤਾ। ਇਹ ਇਸ ਸਰਕਾਰ ਦੀ ਹੀ ਹਿੰਮਤ ਹੈ ਕਿ ਉਨ੍ਹਾਂ ਨੇ ਇਸ ਸਟੇਟ ਦੇ ਮੁਲਾਜ਼ਮਾਂ ਨੂੰ ਇਤਨਾ ਉਤੇ ਚੁਕਿਆ ਹੈ ਕਿ ਇਨ੍ਹਾਂ ਦੇ ਮੁਕਾਬਲੇ ਵਿਚ ਅਜ ਵੀ ਕੋਈ ਵੱਧ ਤਨਖਾਹ ਲੈਣ ਵਾਲਾ ਨਹੀਂ ਹੈ। ਪਰ ਇਹ ਹੁਣ ਤਕ ਪਿਛੇ ਖਿਚੂ ਗਲਾਂ ਹੀ ਕਰਦੇ ਰਹੇ ਹਨ, ਹਰ ਸਟੇਟ ਵਿਚ ਇਹ ਕਿਸੇ ਨਾ ਕਿਸੇ ਤਰੀਕੇ ਨਾਲ ਰੌਲਾ ਪਵਾ ਰਹੇ ਹਨ। ਇਨ੍ਹਾਂ ਦੀ ਆਪਣੀ ਸੈਂਟਰ ਵਿਚ ਸਰਕਾਰ ਹੈ ਇਹ ਹੁਣ ਤੱਕ ਪੰਜਾਬ ਨੂੰ ਕੋਈ ਹੈਵੀ ਇੰਡਸਟਰੀ ਤਕ ਤਾਂ ਦੇ ਨਹੀਂ ਸਕੇ। ਨਾ

[ਸਰਦਾਰ ਦਲੀਪ ਸਿੰਘ ਪਾਂਧੀ]

ਇਥੇ ਪੂਰੀ ਬਿਜਲੀ ਹੀ ਮਿਲਦੀ ਹੈ ਅਤੇ ਨਾ ਹੀ ਏਥੇ ਕੋਈ ਹੋਰ ਕਿਸੇ ਚੀਜ਼ ਦਾ ਕਾਰਖਾਨਾ ਹੈ। ਜਦੋਂ ਵੀ ਪੰਜਾਬ ਨੂੰ ਕੁਝ ਦੇਣ ਦਾ ਸਵਾਲ ਆਉਂਦਾ ਹੈ ਇਹ ਹਮੇਸ਼ਾ ਪੰਜਾਬ ਦੇ ਸੂਬੇ ਦੀ ਮੁਖਾਲਫਤ ਕਰਦੇ ਹਨ ਭਾਵੇਂ ਕਿਸੇ ਸ਼ਕਲ ਵਿਚ ਹੀ ਕਿਉਂ ਨਾ ਕਰਨ। ਇਨ੍ਹਾਂ ਕਾਂਗਰਸੀ ਭਰਾਵਾਂ ਨੇ ਅਜ ਤਕ ਕਦੇ ਪੰਜਾਬ ਦੇ ਲੋਕਾਂ ਨਾਲ ਹਮਦਰਦੀ ਨਹੀਂ ਵਿਖਾਈ। ਹੁਣ ਇਹ ਕਿਧਰ ਦੇ ਮੁਲਾਜ਼ਮਾਂ ਦੇ ਹਮਾਇਤੀ ਬਣ ਗਏ ਹਨ ? ਇਹ 20 ਸਾਲ ਤਕ ਇਥੋਂ ਦੇ ਲੋਕਾਂ ਨੂੰ ਲੁਟ ਲੁਟ ਖਾਂਦੇ ਰਹੇ ਹਨ, ਉਸ ਵੇਲੇ ਉਨ੍ਹਾਂ ਲੋਕਾਂ ਦਾ ਇਕ ਪੈਸਾ ਤੱਕ ਵੀ ਵਧਣ ਨਹੀਂ ਦਿੱਤਾ। ਜਦੋਂ ਯੂਨਾਈਟਿਡ ਫਰੰਟ ਦੀ ਸਰਕਾਰ ਪੰਜਾਬ ਵਿਚ ਬਣੀ ਉਨ੍ਹਾਂ ਨੇ ਇਕ ਰਿਪੋਰਟ ਪ੍ਰਕਾਸ਼ਤ ਕੀਤੀ ਸੀ ਕਿ ਜਿਤਨੀਆਂ ਤਨਖਾਹਾਂ ਅਜ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੀਆਂ ਹਨ ਉਤਨੀਆਂ ਹਿੰਦੁਸਤਾਨ ਦੇ ਵਿਚ ਕਿਸੇ ਵੀ ਸਟੇਟ ਦੀਆਂ ਨਹੀਂ ਹਨ। ਅਜ ਇਹ ਉਨ੍ਹਾਂ ਲੋਕਾਂ ਦੇ ਹਮਾਇਤੀ ਬਣ ਗਏ ਜਿਨ੍ਹਾਂ ਨੂੰ ਇਹ ਹੁਣ ਤਕ ਖਾਂਦੇ ਰਹੇ ਹਨ। (ਇਕ ਮੈਂਬਰ: ਉਹ ਕੋਈ ਆਦਮ ਖੋਰ ਹਨ ਉਨ੍ਹਾਂ ਨੂੰ ਖਾਂਦੇ ਰਹੇ ?) ਮੇਰਾ ਭਾਵ ਸੀ ਉਨ੍ਹਾਂ ਲੋਕਾਂ ਦਾ ਨੁਕਸਾਨ ਕਰਦੇ ਰਹੇ, ਫੇਰ ਵੀ ਜੇ ਇਹ ਸ਼ਬਦ ਮੁਨਾਸਬ ਨਹੀਂ ਕਹਿੰਦੇ ਤਾਂ ਮੈਂ ਇਸ ਨੂੰ ਵਾਪਸ ਲੈਂਦਾ ਹਾਂ। ਮੈਂ ਇਨ੍ਹਾਂ ਕਾਂਗਰਸੀਆਂ ਨੂੰ ਕਹਿੰਦਾ ਹਾਂ ਤੁਸੀਂ ਜ਼ਰਾ ਪੰਜਾਬ ਦੇ ਨਾਲ ਕੇਰਲ ਸਰਕਾਰ ਵੇਖੋ, ਨਾ ਉਥੇ ਪਹਿਨਣ ਨੂੰ ਮਿਲਦਾ ਹੈ ਨਾ ਖਾਣ ਨੂੰ ਚੰਗਾ ਮਿਲਦਾ ਹੈ, ਨਾ ਉਨ੍ਹਾਂ ਦੀ ਚੰਗੀ ਤਨਖਾਹ ਹੈ। ਇਹ ਇਸ ਕਿਸਮ ਦੀਆਂ ਗ਼ਲਤ ਗੱਲਾਂ ਕਰਦੇ ਹਨ ਕਿ ਕਿਸੇ ਢੰਗ ਨਾਲ ਇਨ੍ਹਾਂ ਦਾ ਪਰਸਨਲ ਇੰਟਰੈਸਟ ਜਿਹੜਾ ਹੈ ਇਸ ਦੇ ਵਿਚ ਇਹ ਕਾਮਯਾਬ ਹੋਣ। ਇਹ ਇਸ ਢੰਗ ਨਾਲ ਲੋਕਾਂ ਨੂੰ ਐਕਸਪਲਾਇਟ ਕਰਦੇ ਹਨ ਕਿ ਜੇ ਸਰਕਾਰੀ ਮੁਲਾਜ਼ਮਾਂ ਦੀ ਮੰਗ ਪੂਰੀ ਕਰਨ ਲਈ ਲੋਕਾਂ ਤੇ ਟੈਕਸ ਲਾਵੇ ਤਾਂ ਇਹ ਫੇਰ ਟੈਕਸ ਨਾ ਲਾਉਣ ਦੇ ਮਹਾਜ਼ ਤੇ ਲੜਨਾ ਸ਼ੁਰੂ ਕਰ ਦੇਣਗੇ। ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੇ ਇਸ ਮੁਆਮਲੇ ਇਕ ਬੜਾ ਬੋਲਡ ਸਟੈਪ ਲਿਆ ਹੈ ਜਿਹੜੀ ਮੁਲਾਜ਼ਮਾਂ ਦੀ ਤਹਿਰੀਕ ਦੇ ਸਾਹਮਣੇ ਨਹੀਂ ਝੁਕੀ। ਮੈਨੂੰ ਹੁਣ ਯਕੀਨ ਹੈ ਕਿ ਆਉਣ ਵਾਲੇ ਸਮੇਂ ਦੇ ਵਿਚ ਪੰਜਾਬ ਸਰਕਾਰ ਦੇ ਮੁਲਾਜ਼ਮ ਹੁਣ ਕਦੇ ਵੀ ਇਹੋ ਜੇਹੀ ਸਟਰਾਈਕ ਕਰਨ ਦਾ ਯਤਨ ਨਹੀਂ ਕਰਨਗੇ। ਅਸੀਂ ਚਾਹੁੰਦੇ ਹਾਂ ਪੰਜਾਬ ਸਰਕਾਰ ਦੇ ਚੰਗੇ ਮੁਲਾਜ਼ਮਾਂ ਨੂੰ ਚੰਗੀ ਤਨਖਾਹ ਮਿਲੇ, ਉਨ੍ਹਾਂ ਨੂੰ ਪੂਰੀਆਂ ਫੈਸਿਲਿਟੀਜ਼ ਮਿਲਣ, ਪਰ ਜਿਹੜੇ ਮੁਲਾਜ਼ਮ ਕਮਚੋਰ ਹਨ, ਸਰਕਾਰ ਦੇ ਕੰਮ ਨੂੰ ਇਮਾਨਦਾਰੀ ਦੇ ਨਾਲ ਨਹੀਂ ਕਰਦੇ, ਆਪਣੀ ਡਿਊਟੀ ਪੂਰੀ ਤਰ੍ਹਾਂ ਨਹੀਂ ਨਿਭਾਉਂਦੇ ਉਨ੍ਹਾਂ ਨੂੰ ਹਰ ਹਾਲਤ ਵਿਚ ਪੂਰੀ ਪੂਰੀ ਸਜ਼ਾ ਮਿਲਣੀ ਚਾਹੀਦੀ ਹੈ। ਮੈਂ ਤਾਂ ਇਥੋਂ ਤਕ ਵੀ ਇਸ ਗਲ ਦੇ ਹੱਕ ਵਿਚ ਹਾਂ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਹਟਾ ਕੇ ਇਨ੍ਹਾਂ ਦੀ ਥਾਉਂ ਨਵੀਂ ਭਰਤੀ ਕੀਤੀ ਜਾਵੇ। ਇਸ ਦੇ ਨਾਲ ਬੇਰੁਜ਼ਗਾਰੀ ਦਾ ਮਸਲਾ ਵੀ ਹਲ ਹੋਵੇਗਾ ਅਤੇ ਹੋਰ ਵੀ ਬਹੁਤ ਸਾਰੇ ਲੋਕਾਂ ਦਾ ਭਲਾ ਹੋਵੇਗਾ। ਅਜ ਉਨ੍ਹਾਂ ਮੁਲਾਜ਼ਮਾਂ ਦੀ ਜ਼ਰੂਰਤ ਹੈ ਜਿਹੜੇ ਇਮਾਨਦਾਰੀ ਦੇ ਨਾਲ ਕੰਮ ਕਰਨ। ਇਥੇ ਰਾਜਪਾਲ ਜੀ ਨੇ ਪੰਜਾਬ ਵਿਚ ਜਿਥੇ ਭ੍ਰਿਸ਼ਟਾਚਾਰ ਦਾ ਜ਼ਿਕਰ ਕੀਤਾ ਹੈ, ਇਸ ਤੋਂ ਸਾਫ ਜ਼ਾਹਰ ਹੋ ਰਿਹਾ ਹੈ ਕਿ ਭ੍ਰਿਸ਼ਟਾਚਾਰ ਵਿਚ 108 ਕਰਮਚਾਰੀ ਗ੍ਰਿਫਤਾਰ ਕੀਤੇ ਗਏ ਜਿਨ੍ਹਾਂ ਵਿਚ 5 ਗਜ਼ਟਿਡ ਅਫਸਰ ਵੀ ਸਨ ਇਸ ਤੋਂ ਇਲਾਵਾ 12 ਗਜ਼ਟਿਡ ਅਫਸਰ ਅਤੇ 40 ਹੋਰ ਕਰਮਚਾਰੀਆਂ ਨੂੰ ਫੌਜਦਾਰੀ ਕੇਸਾਂ ਵਿਚ ਭ੍ਰਿਸ਼ਟਾਚਾਰ ਦੇ ਸਬੰਧ ਵਿਚ ਗਰਿਫਤਾਰ ਕੀਤਾ ਗਿਆ। ਮੈਂ ਪੁਛਦਾ ਹਾਂ ਇਹ ਭ੍ਰਿਸ਼ਟਾਚਾਰ ਦੀ ਬੀਮਾਰੀ ਪਾਈ ਕਿਸ ਨੇ ਹੈ, ਇਨ੍ਹਾਂ ਮੇਰੇ ਸਾਹਮਣੇ ਬੈਠੇ ਭਰਾਵਾਂ ਨੇ ਪਾਈ। ਮੈਂ ਪੰਜਾਬ ਸਰਕਾਰ ਨੂੰ ਇਸ ਗਲ ਦੀ ਵਧਾਈ ਦੇਂਦਾ ਹਾਂ ਕਿ ਉਨ੍ਹਾਂ ਨੇ ਇਸ ਪਾਸੇ ਬੜੀ ਸਖਤੀ ਨਾਲ ਕਦਮ ਉਠਾਏ ਹਨ। ਸਰਵਿਸਿਜ਼ ਦੇ ਮੁਆਮਲੇ ਵਿਚ ਜੇਕਰ ਕੋਈ ਤਰਮੀਮ ਰੂਲਜ਼ ਵਿਚ ਇਹ ਸਰਕਾਰ ਕਰ ਸਕੇ ਤਾਂ ਉਨ੍ਹਾਂ ਨੂੰ ਜ਼ਰੂਰ ਕਰਨੀ ਚਾਹੀਦੀ ਹੈ ਤਾਂ ਜੋ ਇਸ ਮਸਲੇ ਨੂੰ ਸਖਤੀ ਦੇ ਨਾਲ ਨਜਿਠਿਆ ਜਾ ਸਕੇ। ਪੰਜਾਬ ਵਿਚ ਰੀਟਾਇਰਮੈਂਟ ਦੀ ਮਿਆਦ 55 ਸਾਲ ਕਰ ਦੇਣੀ ਚਾਹੀਦੀ ਹੈ ਤਾਂ ਜੋ ਬੁਢੇ ਆਦਮੀਆਂ ਨੂੰ ਕੱਢ ਕੇ ਉਨ੍ਹਾਂ ਦੀ ਥਾਉਂ ਨੌਜਵਾਨ ਭਰਤੀ ਕੀਤੇ ਜਾ ਸਕਣ।

ਮੈਂ ਇਸ ਗਲ ਦੀ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ 55 ਸਾਲ ਤੇ ਰੀਟਾਇਰ ਕਰਨ ਦਾ ਫੈਸਲਾ ਕੀਤਾ ਸੀ, ਤਾਂ ਜੋ ਅੰਗਰੇਜ਼ਾਂ ਦੇ ਵਕਤ ਦੇ ਜਿਹੜੇ ਬੁਢੇ ਸਰਵਿਸਿਜ਼ ਵਿਚ ਹੁਣ ਤਾਈਂ ਬੈਠੇ ਹਨ ਉਹ ਤਨਖਾਹ ਤਾਂ ਵਧ ਲੈਂਦੇ ਹਨ ਪਰ ਕੰਮ ਘਟ ਕਰਦੇ ਹਨ, ਉਨ੍ਹਾਂ ਦੇ ਖਤਮ ਕਰਨ ਲਈ ਇਹ ਬੜਾ ਚੰਗਾ ਮੌਕਾ ਹੈ। ਉਨ੍ਹਾਂ ਨੂੰ ਰੀਟਾਇਰ ਕਰਕੇ ਘਰ ਭੇਜਣਾ ਚਾਹੀਦਾ ਹੈ ਅਤੇ ਨਵੇਂ ਨੌਜਵਾਨਾਂ ਨੂੰ ਕੰਮ ਤੇ ਲਾਉਣਾ ਚਾਹੀਦਾ ਹੈ। ਇਥੇ ਇਕ ਪਾਰਟੀ ਦੇ ਐਕਸ ਮਨਿਸਟਰ ਨੇ ਲਾ ਐਂਡ ਆਰਡਰ ਦੀ ਵੀ ਗਲ ਕੀਤੀ। ਇਸ ਬਾਰੇ ਲਾ ਐਂਡ ਆਰਡਰ ਮੈਨੂੰ ਕਹਿਣਾ ਪੈਂਦਾ ਹੈ ਕਿ ਇਹ ਇਕ ਦਿਨ ਵਿਚ ਖਰਾਬ ਨਹੀਂ ਹੋ ਸਕਦੇ। ਨਾ ਹੀ ਇਹ ਇਕ ਦਿਨ ਵਿਚ ਚੰਗਾ ਹੀ ਹੋ ਸਕਦਾ ਹੈ। ਦੁਨੀਆਂ ਵਿਚ ਚੰਗੇ ਆਦਮੀਆਂ ਦੀ ਵੀ ਕਮੀ ਨਹੀਂ ਅਤੇ ਮਾੜੇ ਆਦਮੀ ਵੀ ਕੋਈ ਘਟ ਨਹੀਂ ਹਨ। ਪਰ ਜਿਥੋਂ ਤਕ ਲਾ ਐਂਡ ਆਰਡਰ ਦਾ ਸਵਾਲ ਹੈ ਪੰਜਾਬ ਵਿਚ ਦੂਸਰੀਆਂ ਸਟੇਟਾਂ ਦੀ ਨਿਸਬਤ ਜੇ ਕੰਪੇਅਰ ਕੀਤਾ ਜਾਵੇ ਫੇਰ ਵੀ ਕਿਤੇ ਚੰਗਾ ਹੈ। ਤੁਸੀਂ ਦੂਸਰੀਆਂ ਸਟੇਟਾਂ ਦੇ ਹਾਲਤ ਵੇਖੋ ਕੀ ਹੈ, ਜਿਹੜੀ ਗਲ ਸੈਂਟਰ ਦੀ ਸਰਕਾਰ ਕੰਸਟੀਟੀਊਸ਼ਨਲੀ ਵੀ ਕਰਨਾ ਚਾਹੁੰਦੀ ਹੈ ਉਹ ਵੀ ਨਹੀਂ ਕਰ ਸਕਦੀ ਰਾਸ਼ਟਰਪਤੀ ਨੂੰ ਆਪਣੀਆਂ ਖਾਸ ਪਾਵਰ ਤਕ ਵਰਤਨੀਆਂ ਪੈਂਦੀਆਂ ਹਨ, ਪਰ ਕਿਉਂ ਜੋ ਇਹ ਉਨ੍ਹਾਂ ਦੀ ਸਰਕਾਰ ਹੈ, ਇਸ ਲਈ ਉਥੇ ਕੋਈ ਗਲ ਨਹੀਂ, ਪਰ ਜੇ ਪੰਜਾਬ ਦੇ ਵਿਚ ਇਕ ਨਿਕੀ ਜਿਹੀ ਗਲ ਹੋ ਜਾਂਦੀ ਹੈ ਤਾਂ ਇਥੋਂ ਦਾ ਲਾ ਐਂਡ ਆਰਡਰ ਖਰਾਬ ਹੋ ਜਾਂਦਾ ਹੈ। ਮੈਂ ਕਹਾਂਗਾ ਕਿ ਸਾਨੂੰ ਹਰ ਗਲ ਨੂੰ ਸੋਚ ਵਿਚਾਰ ਕੇ ਕਹਿਣਾ ਚਾਹੀਦਾ ਹੈ। ਕਈ ਸਜਣ ਇਨ੍ਹਾਂ ਨੂੰ ਪੁਲੀਟੀਕਲ ਪਰਪਜ਼ ਵਾਸਤੇ ਵਰਤਦੇ ਹਨ। ਜਦੋਂ ਇਨ੍ਹਾਂ ਨੂੰ ਸਸਪੈਂਡ ਕੀਤਾ ਜਾਂਦਾ ਹੈ ਤਾਂ ਕਈ ਅਪੋਜ਼ੀਸ਼ਨ ਦੀਆਂ ਪਾਰਟੀਆਂ ਇਨ੍ਹਾਂ ਦੀ ਹਮਦਰਦੀ ਜਿਤਣ ਲਈ ਇਨ੍ਹਾਂ ਦੇ ਹੱਕ ਵਿਚ ਬਿਆਨ ਦੇ ਛਡਦੀਆਂ ਹਨ।

6-00 p.M.

ਫਿਰ ਡਿਪਟੀ ਸਪੀਕਰ ਸਾਹਿਬ, ਇਥੇ ਲਾਅ ਐਂਡ ਆਰਡਰ ਦੀ ਗਲ ਕੀਤੀ ਗਈ। ਇਸ ਸਰਕਾਰ ਨੂੰ ਬਦਨਾਮ ਕਰਨ ਲਈ ਇਸ ਦਾ ਬੜਾ ਜ਼ੋਰ ਲਾਉਂਦੀਆਂ ਹਨ। ਮੈਂ ਉਨ੍ਹਾਂ ਨੂੰ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਆਪਣੀ ਮੰਜੀ ਹੇਠਾਂ ਤਾਂ ਸੋਟਾ ਫੇਰਨ। ਅਜ ਜਿਥੇ ਇਨ੍ਹਾਂ ਦੀ ਹਕੂਮਤ ਹੈ, ਉਥੇ ਕੀ ਹੋ ਰਿਹਾ ਹੈ ? ਅਜ ਕੇਰਲ ਵਿਚ ਕੀ ਹਾਲ ਹੈ, ਬੰਗਾਲ ਵਿਚ ਕੀ ਹਾਲ ਹੈ ? (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਅਜ ਜੰਮੂ ਕਸ਼ਮੀਰ ਵਿਚ ਕੀ ਹੋ ਰਿਹਾ ਹੈ, ਜਿਥੇ ਕਿ ਇਨ੍ਹਾਂ ਦੀ ਪਾਰਟੀ ਦੀ ਵਜ਼ਾਰਤ ਹੈ। ਉਥੇ ਇਕ ਤਹਿਰੀਕ ਨੂੰ ਦਬਾਉਣ ਦੇ ਨਾਂ ਤੇ ਇਕ ਪਾਰਟੀ ਦੇ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਇਹ ਲੋਕ ਪੰਜਾਬ ਵਿਚ ਲਾਅ ਐਂਡ ਆਰਡਰ ਬਾਰੇ ਸ਼ੋਰ ਪਾਉਂਦੇ ਹਨ ਇਹ ਪਹਿਲਾਂ ਆਪਣੀ ਪਾਰਟੀ ਦੇ ਰਾਜ ਵਿਚਲੀਆਂ ਸਟੇਟਾਂ ਨੂੰ ਤਾਂ ਦੇਖਣ ? ਪੰਜਾਬ ਦੀ ਲਾਅ ਐਂਡ ਆਰਡਰ ਦੀ ਹਾਲਤ ਬਾਕੀ ਸੂਬਿਆਂ ਨਾਲੋਂ ਕਿਤੇ ਚੰਗੀ ਹੈ।

ਬਾਕੀ ਇਕ ਗਲ ਮੈਂ, ਡਿਪਟੀ ਸਪੀਕਰ ਸਾਹਿਬ, ਹਰੀਜਨਾਂ ਦੇ ਬਾਰੇ ਵੀ ਕਰਨੀ ਚਾਹੁੰਦਾ ਹਾਂ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਨੂੰ ਇਸ ਮਸਲੇ ਨੂੰ ਚੰਗੀ ਤਰ੍ਹਾਂ ਨਜਿਠਣਾ ਚਾਹੀਦਾ ਹੈ। ਪੰਜਾਬ ਵਿਚ ਜਿਹੜੀ ਇਵਕੂਈ ਲੈਂਡ ਸੀ ਪਹਿਲਾਂ ਉਸ ਬਾਰੇ ਇਹ ਪਾਲਿਸੀ ਸੀ ਕਿ ਉਹ ਆਕਸ਼ਨ ਤੇ ਹਰੀਜਨਾਂ ਨੂੰ ਦਿਤੀ ਜਾਵੇਗੀ ਪਰ ਹੁਣ ਇਹ ਕਿਹਾ ਜਾ ਰਿਹਾ ਹੈ ਕਿ ਇਸ ਬਾਰੇ ਇਕ ਕਮੇਟੀ ਬਣਾ ਦਿਤੀ ਜਾਵੇਗੀ, ਜਿਹੜੀ ਕਿ ਰੀਜ਼ਰਵ ਪ੍ਰਾਈਸ ਤੇ ਇਹ ਜ਼ਮੀਨ ਹਰੀਜਨਾਂ ਨੂੰ ਅਲਾਟ ਕਰੇਗੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਾਰੇ ਆਖਰੀ ਡਿਸੀਜ਼ਨ ਛੇਤੀ ਲੈ ਕੇ ਇਹ ਜ਼ਮੀਨ ਹਰੀਜਨਾਂ ਨੂੰ ਦਿਤੀ ਜਾਣੀ ਚਾਹੀਦੀ ਹੈ। ਇਸ ਤੋਂ ਬਾਅਦ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਟੇਟ ਵਿਚ ਕਈ ਥਾਈਂ ਹਰੀਜਨਾਂ ਦਾ ਬਾਈਕਾਟ ਕੀਤਾ ਜਾਂਦਾ ਹੈ। ਇਹ ਗਲ ਪਹਿਲਾਂ

[ਸਰਦਾਰ ਦਲੀਪ ਸਿੰਘ ਪਾਂਧੀ]

ਵੀ ਇਕ ਮਾਨਯੋਗ ਮੈਂਬਰ ਨੇ ਹਾਊਸ ਵਿਚ ਕਹੀ ਹੈ। ਮੇਰੇ ਆਪਣੇ ਹਲਕੇ ਵਿਚ ਵੀ ਇਕ ਪਿੰਡ ਵਿਚ ਹਰੀਜਨਾਂ ਨੂੰ ਸੋਸ਼ਲ ਬਾਈਕਾਟ ਕੀਤਾ ਗਿਆ ਹੈ। ਇਨ੍ਹਾਂ ਨੂੰ ਬੰਦ ਕਰਨ ਲਈ ਕਰੜੇ ਕਦਮ ਚੁਕੇ ਜਾਣੇ ਚਾਹੀਦੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਪਟਿਆਲੇ ਦਾ ਡੀ. ਸੀ. ਵੀ ਹਰੀਜਨਾਂ ਨਾਲ ਦੁਸ਼ਮਣੀ ਦਾ ਵਰਤਾਓ ਕਰਦਾ ਹੈ। (ਕਾਂਗਰਸੀ ਬੈਂਚਾਂ ਵਲੋਂ ਤਾੜੀਆਂ) ਉਹ ਡੀ. ਸੀ. ਸਰਵਨ ਸਿੰਘ ਦਾ ਜਵਾਈ ਹੈ। ਉਹ ਬਹੁਤ ਮਾੜਾ ਆਦਮੀ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੇ ਵੀ ਅਜਿਹਾ ਸੋਸ਼ਲ ਬਾਈਕਾਟ ਹਰੀਜਨਾਂ ਦਾ ਕੀਤਾ ਜਾਵੇ, ਉਥੇ ਸਖ਼ਤ ਐਕਸ਼ਨ ਲਿਆ ਜਾਣਾ ਚਾਹੀਦਾ ਹੈ, ਭਾਵੇਂ ਉਹ ਸੰਗਰੂਰ ਜ਼ਿਲ੍ਹੇ ਵਿਚ ਹੋਵੇ ਜਾਂ ਪਟਿਆਲੇ ਜ਼ਿਲ੍ਹੇ ਵਿਚ। ਇਹ ਬਾਈਕਾਟ ਕਾਨੂੰਨ ਦੇ ਰਾਹੀਂ ਹੀ ਬੰਦ ਹੋਣੇ ਚਾਹੀਦੇ ਹਨ ਅਤੇ ਬਾਈਕਾਟ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਕ ਗਲ ਹੋਰ ਕਰਨੀ ਚਾਹੁੰਦਾ ਹਾਂ......

ਸ੍ਰੀ ਡਿਪਟੀ ਸਪੀਕਰ : ਹੁਣ ਵਾਈਂਡ ਅਪ ਕਰੋ। (Please wind up now.)

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਕਾਂਗਰਸੀ ਭਰਾ ਹਰੀਜਨਾਂ ਦੀ ਕੋਈ ਵੀ ਗਲ ਹੋਵੇ ਇਸ ਨੂੰ ਬੜਾ ਉਛਾਲਦੇ ਹਨ ਅਤੇ ਕਈ ਤਰ੍ਹਾਂ ਦੀਆਂ ਗਲਤ ਗਲਾਂ ਵੀ ਕਰਦੇ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਸਾਲ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਬਣਾਉਣ ਲਈ 50 ਲੱਖ ਰੁਪਿਆ ਰਖਿਆ ਗਿਆ ਸੀ ਪਰ ਇਸ ਵਾਰ ਗਵਰਨਰ ਅਡਰੈਸ ਵਿਚ ਇਸ ਬਾਰੇ ਕੋਈ ਰਕਮ ਨਹੀਂ ਦਿਤੀ ਗਈ। ਮੈਂ ਅਰਜ਼ ਕਰਦਾ ਹਾਂ ਕਿ ਇਸ ਸਾਲ ਘਟੋ ਘਟ ਇਕ ਕਰੋੜ ਰੁਪਿਆ ਇਸ ਕੰਮ ਲਈ ਰਖਿਆ ਜਾਣਾ ਚਾਹੀਦਾ ਹੈ।

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਬੈਠ ਜਾਓ। (Please resume your seat now.)

ਸ੍ਰੀ ਗਿਆਨ ਚੰਦ ਖਰਬੰਦਾ : (ਅੰਮ੍ਰਿਤਸਰ , ਪੂਰਬ) : ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਅਡਰੈਸ ਤੇ ਜੋ ਧੰਨਵਾਦ ਦਾ ਰੈਜ਼ੋਲੀਉਸ਼ਨ ਪੇਸ਼ ਹੋਇਆ ਹੈ, ਮੈਂ ਇਸ ਦੀ ਮੁਖ਼ਾਲਫਤ ਕਰਨ ਲਈ ਖੜ੍ਹਾ ਹੋਇਆ ਹਾਂ। ਮੈਂ ਅਰਜ਼ ਕਰਦਾ ਹਾਂ ਕਿ ਮੈਂ ਹੈਰਾਨ ਹਾਂ ਕਿ ਕਿਸ ਤਰ੍ਹਾਂ ਕੋਈ ਸਹੀ ਦਿਮਾਗ਼ ਦਾ ਆਦਮੀ ਇਸ ਐਡਰੈਸ ਤੇ ਧੰਨਵਾਦ ਕਰ ਸਕਦਾ ਹੈ। ਸੈਕੂਲਰਿਜ਼ਮ ਅਤੇ ਡੈਮੋਕ੍ਰੇਸੀ ਦਾ ਇਸ ਹਕੂਮਤ ਨੇ ਇਹ ਹਾਲ ਕਰ ਦਿਤਾ ਹੈ ਕਿ ਸ਼ਰਮ ਆਉਂਦੀ ਹੈ। ਜਥੇਦਾਰਾਂ ਦੀ ਅੰਧਾ ਧੁੰਦ ਮੁਦਾਖਲਤ ਨੇ ਐਡਮਨਿਸਟਰੇਸ਼ਨ ਦਾ ਭਠਾ ਬਠਾ ਦਿਤਾ ਹੈ। ਇਨ੍ਹਾਂ ਨੇ ਗਰੀਬਾਂ ਦਾ ਰਹਿਣਾ ਮੁਸ਼ਕਲ ਕਰ ਦਿਤਾ ਹੈ। ਇਨ੍ਹਾਂ ਨੇ ਦੂਸਰਿਆਂ ਦੇ ਧਰਮਸਥਾਨਾਂ ਤੇ ਨਿਸ਼ਾਨ ਸਾਹਿਬ ਲਗਾ ਕੇ ਆਪਣਾ ਕਬਜ਼ਾ ਕਰ ਲਿਆ ਹੈ। ਇਸ ਵੇਲੇ ਸੋਸ਼ਲਿਜ਼ਮ ਦੇ ਥਾਂ ਤੇ ਜਗੀਰਦਾਰਾਂ ਅਤੇ ਸਰਮਾਇਆਦਾਰਾਂ ਦਾ ਇਸ ਹਕੂਮਤ ਤੇ ਕਬਜ਼ਾ ਹੈ, ਜੋ ਕਿ ਪੰਜਾਬ ਵਾਸਤੇ ਬੜੀ ਸ਼ਰਮ ਦੀ ਗਲ ਹੈ। ਇਸ ਸਰਕਾਰ ਦੀਆਂ ਇਨ੍ਹਾਂ ਪਾਲਿਸੀਆਂ ਨੂੰ ਦੇਖ ਕੇ ਗਵਰਨਰ ਦੇ ਐਡਰੈਸ ਤੇ ਧੰਨਵਾਦ ਕਿਸ ਤਰ੍ਹਾਂ ਦਿਤਾ ਜਾ ਸਕਦਾ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਗਲਾਂ ਹਿੰਦੀ ਬਾਰੇ ਵੀ ਕਰਨੀਆਂ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਹਿੰਦੀ ਦੀ ਉਨਤੀ ਲਈ 2 ਲਖ ਰੁਪਿਆ ਰਖ ਕੇ ਇਸ ਸਰਕਾਰ ਨੇ ਹਿੰਦੀ ਦੇ ਨਾਲ ਇਕ ਮਖੌਲ ਕੀਤਾ ਹੈ। ਇਹ ਰਕਮ ਤਾਂ ਉਨ੍ਹਾਂ ਕਰਮਚਾਰੀਆਂ ਦੀ ਤਨਖਾਹ ਤੇ ਹੀ ਲਗ ਜਾਵੇਗੀ। ਸਰਕਾਰ ਨੇ ਗੌਰਮਿੰਟ ਸਕੂਲਾਂ ਵਿਚ ਜੋ ਮੀਡੀਅਮ ਚੁਣਨ ਦੀ ਆਜ਼ਾਦੀ ਸੀ ਉਹ ਵੀ ਖਤਮ ਕਰ ਦਿਤੀ ਹੈ। ਘੱਟ ਤੋਂ ਘੱਟ ਉਹ ਤਾਂ ਜਾਰੀ ਰਹਿਣੀ ਹੀ ਚਾਹੀਦੀ ਸੀ। ਇਸ ਤੋਂ

ਇਲਾਵਾ ਕਲੰਡਰਾਂ ਤੋਂ, ਡਾਇਰੀਆਂ ਤੋਂ ਮਾਈਲੇਜ ਸਟੋਨਾਂ ਤੋਂ ਹਿੰਦੀ ਦਾ ਮਲੀਆਮੇਟ ਕਰ ਦਿਤਾ ਗਿਆ ਹੈ। ਕੀ ਇਹ ਹੀ ਹਿੰਦੀ ਦੀ ਤਰਕੀ ਦੀ ਗਲ ਹੈ ? ਇਨ੍ਹਾਂ ਗਲਾਂ ਨੂੰ ਦੇਖ ਕੇ ਤਾਂ ਇਹ ਗਲ ਮੰਨਣੀ ਹੀ ਪੈਂਦੀ ਹੈ ਕਿ ਅਕਾਲੀਆਂ ਦੀ ਗੌਰਮਿੰਟ ਮਜ਼ਹਬੀ ਗੌਰਮਿੰਟ ਹੈ। ਇਨ੍ਹਾਂ ਹਿੰਦੀ ਬਾਰੇ ਉਹ ਹੀ ਰਵਈਆ ਅਖਤਿਆਰ ਕੀਤਾ ਹੈ ਜੋ ਕਿ ਸਾਊਥ ਵਿਚ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਸਾਊਥ ਵਾਲੇ ਹਿੰਦੀ ਨਾ ਪੜ੍ਹ ਕੇ ਨੁਕਸਾਨ ਉਠਾਉਣਗੇ ਇਸ ਤਰ੍ਹਾਂ ਹੀ ਇਥੇ ਹਿੰਦੀ ਨਾ ਪੜ੍ਹਨ ਵਾਲੇ ਵੀ ਨੁਕਸਾਨ ਉਠਾਉਣਗੇ। ਡਿਪਟੀ ਸਪੀਕਰ ਸਾਹਿਬ, ਇਥੇ ਦੇ ਵੀ ਜੋ ਅਮੀਰ ਅਤੇ ਵਡੇ ਲੋਕ ਹਨ ਉਹ ਆਪਣ ਬਚਿਆਂ ਨੂੰ ਪਬਲਿਕ ਸਕੂਲਾਂ ਵਿਚ ਪੜ੍ਹਾ ਕੇ ਵਡੀਆਂ ਨੌਕਰੀਆਂ ਦੇ ਯੋਗ ਬਣਾ ਲੈਣਗੇ ਪਰ ਵਿਚਾਰੇ ਗ਼ਰੀਬ ਲੋਕਾਂ ਨੂੰ ਮਾਰ ਦੇਣਗੇ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਅਗਲੀ ਗਲ ਬਿਜਲੀ ਬਾਰੇ ਕਹਾਂਗਾ। ਜਦੋਂ ਵੀ ਬਿਜਲੀ ਦਾ ਸੰਕਟ ਆਉਂਦਾ ਹੈ ਤਾਂ ਮੇਰਾ ਸ਼ਹਿਰ ਜਿਸ ਨੂੰ ਗੁਰੂ ਕੀ ਨਗਰੀ ਵੀ ਆਖਿਆ ਜਾਂਦਾ ਹੈ, ਸਭ ਤੋਂ ਵੱਧ ਇਸ ਦਾ ਸ਼ਿਕਾਰ ਹੁੰਦਾ ਹੈ। ਇਥੋਂ ਹੀ ਇਨ੍ਹਾਂ ਦੇ ਧਾਰਮਕ ਅਤੇ ਸਿਆਸੀ ਹੁਕਮਨਾਮੇ ਵੀ ਜਾਰੀ ਹੁੰਦੇ ਹਨ ਪਰ ਇਨ੍ਹਾਂ ਨੇ ਇਸ ਦੀ ਤਕਲੀਫ ਨੂੰ ਦੂਰ ਕਰਨ ਲਈ ਕੋਈ ਤਰੀਕਾ ਨਹੀਂ ਸੋਚਿਆ। ਇਥੇ ਦੀ ਇੰਡਸਟਰੀ ਤਬਾਹ ਹੋ ਗਈ ਹੈ। ਪਿਛਲੇ ਸਾਲ ਜਦੋਂ ਵੇਰਕਾ ਪਲਾਂਟ ਸੜ ਗਿਆ ਸੀ ਤਾਂ ਅੰਮ੍ਰਿਤਸਰ ਦੀ ਬਿਜਲੀ ਬੰਦ ਰਹੀ। ਇਸੇ ਤਰ੍ਹਾਂ ਜਦੋਂ ਬਿਜਲੀ ਦੀ ਕਟੌਤੀ ਸ਼ੁਰੂ ਹੋਈ ਤਾਂ ਸਭ ਤੋਂ ਵਧ ਕਟੌਤੀ ਅੰਮ੍ਰਿਤਸਰ ਸ਼ਹਿਰ ਵਿਚ ਹੀ ਕੀਤੀ ਗਈ। ਇਸ ਨਾਲ ਉਥੇ ਦੀ ਇੰਡਸਟਰੀ ਅਤੇ ਲੇਬਰ ਤਬਾਹ ਹੋ ਗਈ। ਇਲੈਕਟ੍ਰੀਸਿਟੀ ਬੋਰਡ ਦੇ ਚੇਅਰਮੈਨ ਨੇ ਆਪ ਮੰਨਿਆ ਸੀ ਕਿ ਅੰਮ੍ਰਿਤਸਰ ਵਿਚ ਸਭ ਤੋਂ ਜ਼ਿਆਦਾ ਮਾੜਾ ਅਸਰ ਪਿਆ ਹੈ। ਪਰ ਇਸ ਦੇ ਬਾਵਜੂਦ ਵੀ ਅੰਮ੍ਰਿਤਸਰ ਨੂੰ ਕੋਈ ਰਿਲੀਫ਼ ਨਹੀਂ ਦਿਤਾ ਗਿਆ। ਜਦੋਂ ਬਿਜਲੀ ਨਹੀਂ ਸੀ ਮਿਲੀ ਤਾਂ ਨਾ ਸਿਰਫ ਕਾਰਖਾਨੇ ਹੀ ਬੰਦ ਰਹੇ ਸੀ ਸਗੋਂ ਪੀਣ ਵਾਲਾ ਪਾਣੀ ਵੀ ਬੰਦ ਹੋ ਗਿਆ ਸੀ ਕਿਉਂਕਿ ਉਸ ਦਾ ਸਬੰਧ ਵੀ ਬਿਜਲੀ ਦੇ ਨਾਲ ਹੀ ਸੀ ਇਸ ਲਈ ਉਥੇ ਪਾਣੀ ਦੀਆਂ ਬਾਲਟੀਆਂ ਵਿਕੀਆਂ। ਮੈਂ ਇਸ ਹਕੂਮਤ ਨੂੰ ਕਹਾਂਗਾ ਕਿ ਉਹ ਅੰਮ੍ਰਿਤਸਰ ਦੀ ਇੰਡਸਟਰੀ ਅਤੇ ਲੇਬਰ ਨੂੰ ਕੋਈ ਰਿਲੀਫ ਦੇਵੇ। ਫਿਰ ਜਦੋਂ ਬਿਜਲੀ ਆਉਂਦੀ ਵੀ ਹੈ ਤਾਂ ਉਹ ਅਖ ਮਚੌਲੀ ਹੀ ਖੇਡਦੀ ਰਹਿੰਦੀ ਹੈ। ਲੋਕ ਮੋਮਬਤੀਆਂ ਜਲਾ ਕੇ ਰਖਦੇ ਹਨ ਕਿ ਪਤਾ ਨਹੀਂ ਕਦੋਂ ਬਿਜਲੀ ਚਲੀ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜੇ ਬਿਜਲੀ ਘੱਟ ਹੈ ਤਾਂ ਸਰਕਾਰੀ ਦਫ਼ਤਰਾਂ ਵਿਚ ਹੀਟਰਾਂ ਦੇ ਰਾਹੀਂ ਜੋ ਅੰਧਾ ਧੁੰਦ ਬਿਜਲੀ ਬਾਲੀ ਜਾਂਦੀ ਹੈ ਇਸ ਨੂੰ ਬੰਦ ਕਰ ਦਿਤਾ ਜਾਵੇ ਅਤੇ ਇਸ ਦੇ ਨਾਲ ਹੀ ਸ਼ਾਦੀਆਂ ਦੀ ਸ਼ੋਅ ਵੇਲੇ ਤਾਂ ਸਿਰਫ ਬਿਜਲੀ ਦੀ ਸ਼ੋਅ ਹੀ ਹੁੰਦੀ ਹੈ ਇਸ ਨੂੰ ਵੀ ਬੰਦ ਕਰ ਦਿਤਾ ਜਾਵੇ। ਅਤੇ ਕਾਰਖਾਨੇਦਾਰਾਂ ਨੂੰ ਜਨਰੇਟਰ ਸੈਟਾਂ ਵਾਸਤੇ ਖੁਲ੍ਹੇ ਕਰਜ਼ੇ ਦਿਤੇ ਜਾਣ ਤਾਂ ਹੀ ਇਹ ਮਸਲਾ ਹਲ ਹੋ ਸਕਦਾ ਹੈ। ਜੇ ਸਰਕਾਰ ਕਾਰਖਾਨੇਦਾਰਾਂ ਨੂੰ ਹੋਰ ਕੋਈ ਰਿਲੀਫ ਨਹੀਂ ਦੇ ਸਕਦੀ ਤਾਂ ਸਰਕਾਰੀ ਕਰਜ਼ਿਆਂ ਦੀ ਰਿਕਵਰੀ ਨੂੰ ਹੀ ਹਾਲੇ ਢਿਲੇ ਕਰ ਦੇਵੇ।

(ਇਸ ਵੇਲੇ ਕਈ ਰਾਜ ਮੰਤਰੀ ਅਤੇ ਡਿਪਟੀ ਮੰਤਰੀ ਇਕਠੇ ਬੈਠ ਕੇ ਗਲਾਂ ਕਰ ਰਹੇ ਸੀ।)

ਸਰਦਾਰ ਸਰੂਪ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ। ਡਿਪਟੀ ਸਪੀਕਰ ਸਾਹਿਬ ਕੀ ਇਹ ਵਜ਼ੀਰ ਮੇਲੇ ਤੇ ਆਏ ਹੋਏ ਹਨ ਜੋ ਇਸ ਤਰ੍ਹਾਂ ਗਲਾਂ ਕਰ ਰਹੇ ਹਨ ?

ਸ੍ਰੀ ਡਿਪਟੀ ਸਪੀਕਰ : ਮੈਂ ਮੈਂਬਰਾਂ ਦਾ ਧਿਆਨ ਰੂਲ 97 ਵਲ ਦਿਵਾਉਂਦਾ ਹਾਂ। **(I invite the attention of the hon. Members to Rule 97.)**

ਸ੍ਰੀ ਗਿਆਨ ਚੰਦ ਖਰਬੰਦਾ : ਫਿਰ ਡਿਪਟੀ ਸਪੀਕਰ ਸਾਹਿਬ, ਕਈ ਵਜ਼ੀਰ ਬੜੇ ਗੈਰ ਜ਼ਿਮੇਦਾ-ਰਾਨਾ ਬਿਆਨ ਦੇ ਦਿੰਦੇ ਹਨ। ਖਾਸ ਤੌਰ ਤੇ ਵੈਦ ਕਰਤਾਰ ਸਿੰਘ ਨੇ ਤਾਂ ਇਸ ਵਿਚ ਬੜੀ ਸ਼ੋਹਰਤ ਹਾਸਲ ਕੀਤੀ ਹੈ। (ਵਿਘਨ) ਮੈਂ ਸਮਝਦਾ ਹਾਂ ਕਿ ਜਿਤਨੀ ਹਿੰਦੀ ਦੀ ਸੇਵਾ ਇਨ੍ਹਾਂ ਦੀਆਂ ਧਮਕੀਆਂ ਨੇ ਕੀਤੀ ਹੈ, ਉਤਨੀ ਹੋਰ ਕੋਈ ਨਹੀਂ ਕਰ ਸਕਦਾ। (ਇਕ ਅਵਾਜ਼: ਤਾਂ ਇਹੀ ਹਾਲ ਚਲਣ ਦਿਓ)। (ਹਾਸਾ)

ਲੋਕ ਇਹ ਸਮਝਣ ਲਗ ਪਏ ਹਨ ਕਿ ਜਿਸ ਹਕੂਮਤ ਵਿਚ ਵੈਦ ਕਰਤਾਰ ਸਿੰਘ ਵਰਗੇ ਬੰਦੇ ਹਨ, ਉਹ ਹਕੂਮਤ ਹਿੰਦੀ ਵਾਸਤੇ ਕੁਝ ਵੀ ਨਹੀਂ ਕਰ ਸਕਦੀ .... (ਵਿਘਨ)

ਵੈਦ ਕਰਤਾਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ ਇਥੇ ਇਕ ਮਾਨਯੋਗ ਮੈਂਬਰ ਨੇ ਮੇਰੇ ਬਾਰੇ ਇਹ ਕਿਹਾ ਹੈ ਕਿ ....

ਸ੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਨਹੀਂ, ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ ਹੈ, ਇਹ ਇਨ੍ਹਾਂ ਦੀ ਤਕਰੀਰ ਤੋਂ ਬਾਅਦ ਹੀ ਦਿਤੀ ਜਾ ਸਕਦੀ ਹੈ। (This is no point of order. This is a personal explanation which can be permitted after the speech of Shri Kharbanda)

ਸ੍ਰੀ ਗਿਆਨ ਚੰਦ ਖਰਬੰਦਾ : ਫਿਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਨੇ ਸਰਕਾਰੀ ਮੁਲਾਜ਼ਮਾਂ ਤੇ ਬੜਾ ਅਤਿਆਚਾਰ ਕੀਤਾ ਹੈ। ਅੰਮ੍ਰਿਤਸਰ ਵਿਚ ਉਨ੍ਹਾਂ ਨੂੰ ਦਫ਼ਤਰ ਵਿਚ ਜਾ ਕੇ ਮਾਰਿਆ ਕੁਟਿਆ ਗਿਆ ਹੈ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ 25, 25 ਹਜ਼ਾਰ ਦੀਆਂ ਜ਼ਮਾਨਤਾਂ ਮੰਗੀਆਂ ਜਾਂਦੀਆਂ ਹਨ। ਅਤੇ ਮੁਲਾਜ਼ਮਾਂ ਦੀਆਂ ਜਾਇਦਾਦਾਂ ਦੀ ਕੁਰਕੀ ਦੇ ਹੁਕਮ ਜਾਰੀ ਕਰ ਦਿਤੇ ਗਏ ਹਨ।ਇਹ ਹਾਲ ਤਾਂ ਹੋ ਰਿਹਾ ਹੈ ਅਤੇ ਉਹ ਸਰਕਾਰ ਕਰ ਰਹੀ ਹੈ ਜਿਸ ਦੇ ਹੁੰਦੇ ਹੋਏ ਜਲਿਆਂਵਾਲਾਂ ਬਾਗ ਵਿਚ ਕੌਮੀ ਝੰਡਾ ਲਾਹਿਆ ਗਿਆ ਪਰ ਇਹ ਹਰਕਤ ਵਿਚ ਨਹੀਂ ਆਈ।

ਇਸ ਗੌਰਮੰਟ ਨੇ ਜਦੋਂ ਅਕਾਲੀ ਲੀਡਰਾਂ ਦੀ ਮੌਜੂਦਗੀ ਵਿਚ ਮਹਾਤਮਾਂ ਗਾਂਧੀ ਦੇ ਬੁਤ ਨੂੰ ਤੋੜਿਆ ਉਦੋਂ ਇਹ ਗੌਰਮਿੰਟ ਹਰਕਤ ਵਿਚ ਨਾਂ ਆਈ ਤਾਂ ਹੁਣ ਜਦੋਂ ਕਰਮਚਾਰੀਆਂ ਨੇ ਹੜਤਾਲ ਕੀਤੀ ਤਾਂ ਇਨ੍ਹਾਂ ਨੇ ਇਸ ਹੜਤਾਲ ਨੂੰ ਨਾਜਾਇਜ਼ ਕਰਾਰ ਦਿਤਾ ਹੈ। ਇਨਸਾਫ ਇਸ ਗਲ ਦਾ ਤਕਾਜ਼ਾ ਕਰਦਾ ਹੈ ਕਿ ਮੁਲਾਜ਼ਮਾਂ ਤੇ ਸਖਤੀ ਨੂੰ ਖਤਮ ਕੀਤਾ ਜਾਵੇ, ਇਨ੍ਹਾਂ ਤੇ ਮੁਕਦਮੇ ਵਾਪਸ ਲਏ ਜਾਣ, ਇਨ੍ਹਾਂ ਨੂੰ ਸਹੂਲਤਾਂ ਦਿਤੀਆਂ ਜਾਣ, ਪਰ ਇਸ ਐਡਰੈਸ ਵਿਚ ਕੋਈ ਅਜਿਹੀ ਗਲ ਨਹੀਂ ਹੈ। ਇਸ ਵੇਲੇ ਇਥੇ ਸ਼ਹਿਰੀ ਵਪਾਰੀ, ਇੰਡਸਟਰੀ ਵਾਲੇ ਮੁਸ਼ਕਿਲ ਵਿਚ ਹਨ । ਇੰਡਸਟਰੀ ਫਲਰਸ਼ ਕਰਨ ਵਾਸਤੇ ਬਿਜਲੀ ਦੀ ਲੋੜ ਹੈ। ਇਨ੍ਹਾਂ ਨੂੰ ਬਿਜਲੀ ਮੁਹੱਈਆ ਕੀਤੀ ਜਾਵੇ ਅਤੇ ਜਿਹੜੀ ਬਿਜਲੀ ਦੀ ਕਟੌਤੀ ਕੀਤੀ ਗਈ ਹੈ ਉਹ ਬਹਾਲ ਕੀਤੀ ਜਾਵੇ । ਅੰਮ੍ਰਿਤਸਰ ਜ਼ਿਲੇ ਦੀ ਪੁਜ਼ੀਸ਼ਨ ਲੈ ਲਵੋ 90,000 ਰੁਪਿਆ ਸਨਅਤ ਵਾਸਤੇ ਪਿਆ ਹੈ ਜਦ ਕਿ ਦਫ਼ਤਰ ਨੇ ਜਿਹੜੀ ਰਿਪੋਰਟ ਕੀਤੀ ਹੈ ਉਸ ਵਿਚ 13 ਲਖ ਰੁਪਿਆ ਹੋਰ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇੰਡਸਟਰੀ ਨੂੰ ਕਰਜ਼ੇ ਦੇਣ ਲਈ ਰੁਪਿਆ ਜ਼ਿਆਦਾ ਚਾਹੀਦਾ ਹੈ। ਇਹ ਗਲ ਜ਼ਰੂਰੀ ਹੈ ਕਿ ਜਿਹੜੇ ਸ਼ਖਸਾਂ ਨੇ ਅਮਰਜੈਂਸੀ ਕਾਰਖਾਨਾ ਲੈਣਾ ਹੋਵੇ ਅਤੇ ਅਮਰਜੈਂਸੀ ਕਿਸ਼ਤ ਅਦਾ ਨਾਂ ਕੀਤੀ ਹੋਵੇ ਤਾਂ ਉਸ ਤੇ ਸੂਦ ਦਰ ਸੂਦ ਲਗ ਜਾਂਦਾ ਹੈ, ਇਹ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਹੈ। (ਵਿਘਨ) ਅੰਮ੍ਰਿਤਸਰ ਇਕ ਬਾਰਡਰ ਜ਼ਿਲ੍ਹਾ ਹੋਣ ਕਾਰਨ ਇਸ ਜ਼ਿਲ੍ਹੇ ਨੂੰ ਸੇਲਜ਼ ਟੈਕਸ ਦੀ ਅਤੇ ਚੂੰਗੀ ਦੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਮੈਂ ਇਸ ਗਲ ਦੀ ਮੰਗ ਕਰਾਂਗਾ, ਮੈਂ ਸਰਦਾਰ ਗੁਰਮੀਤ ਸਿੰਘ ਨਾਲ ਸਹਿਮਤ ਹਾਂ, ਸਾਨੂੰ ਗੌਰਮੈਂਟ ਆਫ ਇੰਡੀਆ ਨੂੰ ਕਹਿਣਾ ਚਾਹੀਦਾ ਹੈ ਕਿ ਇਥੇ ਵਡੀ ਇੰਡਸਟਰੀ ਲਗਾਉ (ਸ਼ੋਰ) ਅੰਮ੍ਰਿਤਸਰ, ਫਿਰੋਜ਼ਪੁਰ, ਗੁਰਦਾਸਪੁਰ ਤੇ ਹੋਰ ਜਿਹੜੇ ਬਾਰਡਰ ਦੇ ਇਲਾਕੇ ਹਨ ਉਥੇ ਵਡੀ ਇੰਡਸਟਰੀ ਲਗਾਉਣੀ ਚਾਹੀਦੀ ਹੈ।

ਐਡਮਨਿਸਟਰੇਸ਼ਨ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਚੋਣ ਦੇ ਦਿਨਾਂ ਵਿਚ ਮੈਂ ਆਨੰਦਪੁਰ ਸਾਹਿਬ ਅਤੇ ਡਕਾਲਾ ਹਲਕਿਆਂ ਵਿਚ ਕੰਮ ਕੀਤਾ ਹੈ ਉਸ ਵੇਲੇ ਹਾਲਤ ਇਹ ਸੀ ਕਿ ਵਜ਼ੀਰਾਂ ਦੀ ਫੌਜ ਆਪਣਾ ਸਾਰਾ ਕੰਮ ਛਡ ਕੇ ਉਥੇ ਪਹੁੰਚੀ ਹੋਈ ਸੀ (ਸ਼ੋਰ) (ਵਿਘਨ) ਅਤੇ ਚੋਣਾਂ ਵਿਚ ਕੰਮ ਕਰਦੀ ਸੀ। ਉਥੇ ਦੇ ਲੋਕਾਂ ਨਾਲ ਝੂਠੇ ਸਚੇ ਵਾਇਦੇ ਕੀਤੇ ਜਾਂਦੇ ਸੀ ਕਿ ਜੇ ਵੋਟ ਪਾਉਗੇ ਤਾਂ ਸੜਕ ਬਣ ਜਾਵੇਗੀ ਜੇ ਵੋਟ ਨਹੀਂ ਪਾਵੋਗੇ ਤਾਂ ਸੜਕ ਨਹੀਂ ਬਣੇਗੀ। ਕਈ ਜਗ੍ਹਾਂ ਤਾਂ ਸੜਕਾਂ ਲਈ ਰੋੜੀ ਆਦਿ ਵੀ ਸਿਟ ਦਿਤੀ ਗਈ ਅਤੇ ਕਿਹਾ ਗਿਆ ਕਿ ਜੇ ਲੋਕ ਵੋਟ ਸਾਨੂੰ ਪਾਉਣਗੇ ਤਾਂ ਸੜਕ ਬਣੇਗੀ ਨਹੀਂ ਤਾਂ ਰੋੜੀ ਵੀ ਚੁਕ ਲਈ ਜਾਵੇਗੀ। (ਸ਼ੋਰ) (ਵਿਘਨ) ਕਈ ਕਿਸਮ ਦੇ ਉਥੇ ਵਾਇਦੇ ਕੀਤੇ ਗਏ। ਡਕਾਲੇ ਹਲਕੇ ਵਿਚ ਜਾਲੀ ਪਰਚੀਆਂ ਛਾਪੀਆਂ ਗਈਆਂ ਅਤੇ ਉਨ੍ਹਾਂ ਤੇ ਅਕਾਲੀਆਂ ਦਾ ਸਹੀ ਨਿਸ਼ਾਨ ਲਗਾਇਆ ਗਿਆ ਅਤੇ ਕਾਂਗਰਸ ਦੀ ਨਿਸ਼ਾਨੀ ਗਲਤ ਸੀ। ਇਹ ਚੀਜ਼ ਡਿਪਟੀ ਕਮਿਸ਼ਨਰ, ਪਟਿਆਲਾ ਦੇ ਨੋਟਿਸ ਵਿਚ ਲਿਆਂਦੀ ਗਈ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਪਰਿੰਟਿੰਗ ਐਕਟ ਦੇ ਤਹਿਤ ਕਾਰਵਾਈ ਕਰਨ ਦੇ ਹਕਦਾਰ ਹਨ, ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਹਰੀਜਨਾਂ ਅਤੇ ਹਿੰਦੂਆਂ ਨੂੰ ਧਮਕੀਆਂ ਦਿਤੀਆਂ ਗਈਆਂ ਕਿ ਜੇ ਵੋਟ ਨਹੀਂ ਪਾਉਗੇ ਤਾਂ ਉਥੋਂ ਕਢ ਦਿਤੇ ਜਾਉਗੇ। ਸਾਡੇ ਪਾਸ ਸ਼ਿਕਾਇਤਾਂ ਆ ਰਹੀਆਂ ਹਨ ਕਿ ਆਨੰਦਪੁਰ ਸਾਹਿਬ ਦੇ ਹਲਕੇ ਵਿਚ ਨਾਈ ਅਤੇ ਹੋਰ ਬੈਕਵਰਡ ਸੋਸਾਇਟੀਆਂ ਦੇ ਬੰਦਿਆਂ ਦਾ ਬਾਈਕਾਟ ਕੀਤਾ ਜਾ ਰਿਹਾ ਹੈ। (ਸ਼ੇਮ, ਸ਼ੇਮ) ਇਹ ਚੀਜ਼ਾਂ ਉਥੇ ਜਾਕੇ ਵੇਖੋ ਜੋ ਹਕੂਮਤ ਚਲਾਉਣੀ ਹੈ। ਇਲੈਕਸ਼ਨ ਦੇ ਮੌਕੇ ਤੇ ਜੋ ਵਾਇਦੇ ਇਨ੍ਹਾਂ ਨੇ ਕੀਤੇ, ਮੈਂ ਤੁਹਾਡੀ ਮਾਰਫਤ, ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਵਾਇਦਿਆਂ ਦੀ ਲਿਸਟ ਸਦਨ ਦੀ ਮੇਜ਼ ਤੇ ਰਖਣ ਅਤੇ ਇਹ ਵੀ ਦਸਣ ਕਿ ਉਨ੍ਹਾਂ ਵਾਇਦਿਆਂ ਵਿਚੋਂ ਕਿਹੜੇ ਵਾਇਦੇ ਪੂਰੇ ਕੀਤੇ ਗਏ ਹਨ ਕਿਹੜੇ ਨਹੀਂ।

ਇਸ ਤੋਂ ਬਾਦ ਟਰੇਡ ਦੇ ਮੁਤੱਲਕ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ। ਇਸ ਚੀਜ਼ ਦਾ ਕੋਈ ਜ਼ਿਕਰ ਨਹੀਂ ਹੈ ਕਿ ਟਰੇਡ ਨੂੰ ਕੀ ਕੀ ਸਹੂਲਤਾਂ ਦੇਣੀਆਂ ਹਨ। ਪਿਛ ਜਿਹੇ ਸਟੇਟ ਐਕਸਾਈਜ਼ ਮਨਿਸਟਰ ਨੇ ਟਾਊਨ ਹਾਲ ਜਲੰਧਰ ਵਿਚ ਪੰਜਾਬ ਦੇ ਵਪਾਰ ਮੰਡਲ ਦੀ ਬੇਨਤੀ ਸੁਣਨ ਤੋਂ ਬਾਅਦ ਉਹ ਸਤ ਮੰਗਾਂ ਮੰਨੇ ਸੀ, ਉਹਦੇ ਵਿਚ ਇਕ ਇਹ ਵੀ ਮੰਨਿਆਂ ਸੀ ਕਿ ਟਰੇਡ ਡਿਸਕਾਊਂਟ ਤੇ ਸੇਲਜ਼ ਟੈਕਸ ਨਾਂ ਲਿਆ ਜਾਵੇਗਾ (ਵਿਘਨ)। ਉਨ੍ਹਾਂ ਨੇ ਇਹ ਵੀ ਕਿਹਾ ਕਿ ਐਗਰੀਕਲਚਰ ਲਈ ਇੰਮਪਲੀਮੈਂਟਸ ਦੇ ਸਪੇਅਰ ਪਾਰਟਸ ਦੀ ਸਹੂਲਤਾਂ ਦਿਤੀਆਂ ਜਾਣਗੀਆਂ ਕਾਟਨ ਥਰੈਡ ਤੇ ਯਾਰਨ ਤੇ ਜਿਹੜਾ ਸੇਲਜ਼ ਟੈਕਸ ਵਧ ਲਿਤਾ ਗਿਆ ਹੈ ਉਹ ਵੀ ਵਾਪਸ ਲਿਆ ਜਾਵੇਗਾ। ਇਹ ਵੀ ਯਕੀਨ ਦਵਾਇਆ ਸੀ ਕਿ ਐਸ. ਟੀ. 22 ਫਾਰਮ ਸਿੰਪਲ ਕੀਤਾ ਜਾਵੇਗਾ (ਵਿਘਨ)। ਇਹ ਵੀ ਕਿਹਾ ਗਿਆ ਸੀ ਕਿ ਜਿਹੜੇ ਵਾਇਦੇ ਕੀਤੇ ਸੀ ਉਨ੍ਹਾਂ ਨੂੰ ਇੰਪਲੀਮੈਂਟ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਜਿੰਨੀ ਜਲਦੀ ਇਹ ਉਨ੍ਹਾਂ ਨੇ ਫੈਸਲਾ ਕੀਤਾ ਹੈ ਉਨੀ ਜਲਦੀ। ਇਨ੍ਹਾਂ ਫੈਸਲਿਆਂ ਨੂੰ ਇੰਪਲੀਮੈਂਟ ਕੀਤਾ ਜਾਵੇਗਾ (ਵਿਘਨ) ਲੇਕਿਨ ਫਾਈਨੈਂਸ ਮਨਿਸਟਰੀ ਦਾ ਐਸਾ ਰੰਗ ਚਾੜ੍ਹਿਆ ਕਿ ਇਹ ਟਰੇਡ ਡਿਸਕਾਊਂਟ ਵਾਲੇ ਅਤੇ ਦੂਜੇ ਇਲਾਨ ਬਾਰੇ ਹਾਲੇ ਤਕ ਕੋਈ ਅਜਿਹਾ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ ਹੈ। ਮੈਂ ਇਹ ਅਰਜ਼ ਕਰਾਂਗਾ ਕਿ ਜੇ ਪੰਜਾਬ ਦੀ ਖੁਸ਼ਹਾਲੀ ਵੇਖਣੀ ਹੈ, ਜੇ ਪੰਜਾਬ ਵਿਚ ਇੰਡਸਟਰੀ ਨੂੰ ਵਧਦੇ ਫੁਲਦੇ ਵੇਖਣਾ ਹੈ, ਤਾਂ ਜਿਹੜੇ ਮਨਿਸਟਰ ਸਾਹਿਬ ਨੇ ਵਾਇਦੇ ਜਾਲੰਧਰ ਦੇ ਟਾਊਨ ਹਾਲ ਵਿਚ ਕੀਤੇ ਸੀ ਉਨ੍ਹਾਂ ਨੂੰ ਅਮਲੀ ਰੂਪ ਦੇਣਾ ਚਾਹੀਦਾ ਹੈ ਅਤੇ ਨੋਟੀਫਿਕੇਸ਼ਨ ਇਸ ਸਬੰਧ ਵਿਚ ਜਲਦੀ ਜਾਰੀ ਕਰਨਾ ਚਾਹੀਦਾ ਹੈ। ਸੇਲਜ਼ ਟੈਕਸ ਦੀ ਸ਼ਰ੍ਹਾ ਦਿਲੀ ਅਤੇ ਪੰਜਾਬ ਦੇ ਐਟ ਪਾਰ ਹੋਣੀ ਚਾਹੀਦੀ ਹੈ। ਕਿਉਂਕਿ ਇਸ ਤਰ੍ਹਾਂ ਨਾ ਕਰਨ ਨਾਲ ਵਪਾਰ ਪੰਜਾਬ ਵਿਚੋਂ ਨਿਕਲ ਕੇ ਦਿਲੀ ਜਾ ਰਿਹਾ ਹੈ। ਜੇ ਇਥੇ ਵਪਾਰ ਚਲੇਗਾ ਤਾਂ ਪੰਜਾਬ ਦੀ ਇੰਡਸਟਰੀ ਵਿਚ

[ਸ੍ਰੀ ਗਿਆਨ ਚੰਦ ਖਰਬੰਦਾ]

ਵਾਧਾ ਹੋਵੇਗਾ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਸਰਕਾਰ ਨੂੰ ਅਰਜ਼ ਕਰਦਾ ਹਾਂ ਕਿ ਇਸ ਬਾਰੇ ਨੋਟੀਫਿਕੇਸ਼ਨ ਅਤੇ ਹੋਰ ਸਹੂਲਤਾਂ ਦੇਣ ਦਾ ਇਲਾਨ ਇਸੀ ਵਿਧਾਨ ਸਭਾ ਦੇ ਇਜਲਾਸ ਵਿਚ ਹੀ ਹੋਣਾ ਚਾਹੀਦਾ ਹੈ।

ਸਰਦਾਰ ਉਮਰਾਓ ਸਿੰਘ : ਮੇਰੀ ਗੁਜ਼ਾਰਸ਼ ਹੈ ਕਿ ਹਾਊਸ ਦਾ ਸਮਾਂ ਇਕ ਘੰਟਾ ਹੋਰ ਵਧਾ ਦਿਉ ਕਿਉਂਕਿ ਹਾਲੇ ਕਈਆਂ ਨੇ ਇਸ ਉਤੇ ਬੋਲਣਾ ਹੈ।

ਸ੍ਰੀ ਡਿਪਟੀ ਸਪੀਕਰ: ਮੈਂ ਤਾਂ ਹਾਊਸ ਦੀ ਸੈਂਸ ਲੈਣੀ ਹੈ, ਜਿਸ ਤਰ੍ਹਾਂ ਹਾਊਸ ਦਾ ਹੁਕਮ ਹੋਵੇ, ਉਸੀ ਤਰ੍ਹਾਂ ਕਰ ਲਿਆ ਜਾਵੇਗਾ। (I have to take the sense of the House to follow its wishes.)

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ ਅਕਾਲੀ ਪਾਰਟੀ ਵਾਲਿਆਂ ਨੂੰ ਪੁਛ ਲਵੋ।

ਸ੍ਰੀ ਡਿਪਟੀ ਸਪੀਕਰ : ਕੀ ਗਲ ਹੈ, ਅਕਾਲੀ ਪਾਰਟੀ ਵਲੋਂ ਚੁਪ ਹੈ। (What is the matter; nothing is being said on behalf of the Akali Party).

ਸ੍ਰੀ ਗਿਆਨ ਚੰਦ ਖਰਬੰਦਾ: ਪੰਜਾਬ ਵਿਚ ਟਰੇਡ ਅਤੇ ਇੰਡਸਟਰੀ ਨੂੰ ਬਚਾਉਣ ਲਈ ਇਨ੍ਹਾਂ ਲੋਕਾਂ ਨੂੰ ਸਹੂਲਤਾਂ ਦੇਣੀਆਂ ਜ਼ਰੂਰੀ ਹਨ। ਜੇ ਮਹੌਲ ਠੀਕ ਹੋਵੇ ਤਾਂ ਹੀ ਵਪਾਰ ਤਰੱਕੀ ਕਰ ਸਕਦਾ ਹੈ। ਲਾਅ ਐਂਡ ਆਰਡਰ ਠੀਕ ਹੋਣਾ ਚਾਹੀਦਾ ਹੈ ਤਾਂ ਹੀ ਇਹ ਚੀਜ਼ਾਂ ਫਲਰਸ਼ ਕਰ ਸਕਦੀਆਂ ਹਨ। ਜਦ ਤਕ ਹਰੀਜਨਾਂ, ਨਾਨ-ਜਟ, ਭਾਵੇਂ ਹਿੰਦੂ ਹੋਣ ਜਾਂ ਸਿਖ ਹੋਣ, ਉਨ੍ਹਾਂ ਨਾਲ ਹਕੂਮਤ ਦਾ ਰਵਈਆ ਠੀਕ ਨਹੀਂ ਹੋਵੇਗਾ ਉਹਨੀ ਦੇਰ ਤਕ ਇਥੇ ਵਪਾਰ ਕਿਸ ਤਰ੍ਹਾਂ ਚਲ ਸਕਦਾ ਹੈ। ਹਰੀਜਨ, ਹਿੰਦੂ ਅਤੇ ਹਿੰਦੀ ਤਿੰਨਾਂ ਨਾਲ ਹਕੂਮਤ ਦਾ ਸਲੂਕ ਠੀਕ ਤਰ੍ਹਾਂ ਨਾਲ ਹੋਣਾ ਚਾਹੀਦਾ ਹੈ। (ਵਿਘਨ)

ਸਕੂਲਾਂ ਦੇ ਅਪਗਰੇਡ ਦੇ ਬਾਰੇ ਗਵਰਨਰ ਸਾਹਿਬ ਦੇ ਐਡਰੇਸ ਵਿਚ ਜੋ ਕਿਹਾ ਗਿਆ ਹੈ ਕੀ ਉਸ ਨਾਲ ਹਾਤਮ ਤਾਈ ਦੀ ਕਬਰ ਤੇ ਲਤ ਵਜ ਗਈ ਹੈ। ਇਸ ਮਾਮਲੇ ਵਿਚ ਸ਼ਹਿਰਾਂ ਨੂੰ ਵਾਂਝੇ ਰਖਿਆ ਗਿਆ ਹੈ। ਮੇਰੇ ਸਵਾਲ ਦੇ ਜਵਾਬ ਵਿਚ ਦਸਿਆ ਗਿਆ ਕਿ ਕੋਈ ਵੀ ਸਕੂਲ ਅੰਮ੍ਰਿਤਸਰ ਦੇ ਸ਼ਹਿਰ ਵਿਚ ਅਪਗਰੇਡ ਨਹੀਂ ਕੀਤਾ ਗਿਆ ਹੈ। ਸ਼ਹਿਰ ਵਾਲਿਆਂ ਦਾ ਕੀ ਕਸੂਰ ਹੈ। (ਸ਼ੋਰ) (ਵਿਘਨ) ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ (ਸ਼ੋਰ) (ਵਿਘਨ)। ਗੌਰਮੈਂਟ ਦਾ ਇਹ ਫ਼ਰਜ਼ ਬਣਦਾ ਸੀ ਕਿ ਉਹ ਮਿਉਂਸਪਲ ਕਮੇਟੀਜ਼ ਅਤੇ ਲੋਕਲ ਬਾਡੀਜ਼ ਦੇ ਸਕੂਲਾਂ ਦੀਆਂ ਬਿਲਡਿੰਗਾਂ ਜਿਹੜੀਆਂ ਕਿ ਟੁਟੀਆਂ ਭੱਜੀਆਂ ਹਨ ਉਨ੍ਹਾਂ ਦਾ ਫੈਸਲਾ ਕਰਦੀ ਕਿ ਕਿਸ ਨੇ ਮੁਰੰਮਤ ਕਰਾਣੀ ਹੈ ਪਰ ਇਨ੍ਹਾਂ ਨੇ ਕੁਝ ਨਹੀਂ ਕੀਤਾ ਹੈ। (ਵਿਘਨ) ਪਰਾਵਿੰਸ਼ੀਅਲਾਈਜ਼ਡ ਸਕੂਲਾਂ ਦੀਆਂ ਬਿਲਡਿੰਗਾਂ ਦੀ ਹਾਲਤ ਬੜੀ ਖਸਤਾ ਹੈ। ਮੈਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਇਕ ਸਕੂਲ ਦੀ ਬਿਲਡਿੰਗ ਦਿਖਾਈ ਸੀ ਜਿਸ ਦੀ ਛਤ ਗਿਰੀ ਹੋਈ ਸੀ। ਪੰਜਾਬੀ ਸੂਬੇ ਦੀ ਐਜੀਟੇਸ਼ਨ ਵਿਚ ਸਾਡੇ ਜਨ-ਸੰਘੀ ਭਰਾਵਾਂ ਨੇ ਸਕੂਲਾਂ ਦੀਆਂ ਬਿਲਡਿੰਗਾਂ ਨੂੰ ਨੁਕਸਾਨ ਪਹੁੰਚਾਇਆ ਸੀ, ਉਹ ਬਿਲਡਿੰਗਾਂ ਵੀ ਉਸੇ ਤਰ੍ਹਾਂ ਖਸਤਾ ਹਾਲਤ ਵਿਚ ਪਈਆਂ ਹਨ। (ਵਿਘਨ) ਗੌਰਮੈਂਟ ਨੂੰ ਇਸ ਗਲ ਦਾ ਫੈਸਲਾ ਕਰਨਾ ਚਾਹੀਦਾ ਹੈ ਕਿ ਆਇਆ ਇਨ੍ਹਾਂ ਸਕੂਲਾਂ ਨੂੰ ਜ਼ਿੰਦਾ ਰਖਣਾ ਹੈ ਜਾਂ ਕਿ ਨਹੀਂ। ਅਜਿਹੀਆਂ ਖਸਤਾ (ਸਕੂਲ) ਬਿਲਡਿੰਗਾਂ ਨੂੰ ਸਵਾਰਨ ਵਾਸਤੇ ਗੌਰਮੈਂਟ ਨੂੰ ਕੋਈ ਫੈਸਲਾ ਕਰਨਾ ਚਾਹੀਦਾ ਹੈ।

ਪਰਾਈਵੇਟ ਸਕੂਲ ਟੀਚਰਜ਼ ਖਾਸ ਕਰਕੇ ਨਾਨ ਟੀਚਿੰਗ ਸਟਾਫ਼ ਨੂੰ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ, ਇਨ੍ਹਾਂ ਦੇ ਤਨਖਾਹ ਦੇ ਏਰੀਅਰਜ਼ ਹਾਲੇ ਤਕ ਅਦਾ ਨਹੀਂ ਕੀਤੇ ਗਏ ਹਨ।

ਇਰੀਗੇਸ਼ਨ ਡਿਪਾਰਟਮੈਂਟ ਵਿਚ ਪੋਸਟਾਂ ਖਾਲੀ ਪਈਆਂ ਹਨ ਅਤੇ ਹਾਲੇ ਤਕ ਭਰੀਆਂ ਨਹੀਂ ਗਈਆਂ ਬਾਵਜੂਦ ਇਸ ਗਲ ਦੇ ਕਿ ਅੱਜ ਕਲ ਬੇਰੁਜ਼ਗਾਰੀ ਕਿੰਨੀ ਹੈ। 30 ਮਈ, 1962 ਨੂੰ ਕੈਬਨਿਟ ਨੇ ਇਹ ਡਿਸੀਜ਼ਨ ਕੀਤਾ ਸੀ ਕਿ ਇਹ ਪੋਸਟਾਂ ਭਰੀਆਂ ਜਾਣਗੀਆਂ ਅਤੇ ਪੋਸਟਾਂ ਸ਼ਾਇਆ ਕੀਤੀਆਂ ਜਾਣਗੀਆਂ ਪਰ ਹਾਲੇ ਤਕ ਇਹ ਪੋਸਟਾਂ ਖਾਲੀ ਪਈਆਂ ਹੋਈਆਂ ਹਨ। ਐਸ. ਡੀ. ਓਜ਼ (ਇੰਜੀ-ਨੀਅਰਜ਼) ਦੇ ਗਰੇਡ ਠੀਕ ਤਰ੍ਹਾਂ ਨਾਲ ਨਹੀਂ ਬਣਾਏ ਗਏ ਹਨ। ਇਹ ਸਿਵਿਲ ਐਸ. ਡੀ. ਓ. ਦੇ ਮੁਤਾਬਿਕ ਹੋਣੇ ਚਾਹੀਦੇ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਮਕਾਨਾਂ ਦੇ ਕਰਜ਼ਿਆਂ ਬਾਰੇ ਅਰਜ਼ ਕਰਦਾ ਹਾਂ। ਅੰਮ੍ਰਿਤਸਰ ਸ਼ਹਿਰ ਵਾਸਤੇ ਜਿਹੜੇ ਮਕਾਨਾਂ ਲਈ ਕਰਜ਼ੇ ਦੇਣੇ ਸਨ, ਉਹ ਸਾਰੀ ਦੀ ਸਾਰੀ ਰਕਮ ਕਿਤੇ ਹੋਰ ਪਾਸੇ ਸ਼ਿਫ਼ਟ ਕਰ ਦਿਤੀ ਗਈ ਹੈ। ਇਹ ਠੀਕ ਨਹੀਂ ਕੀਤਾ ਗਿਆ। ਹਰ ਜਗ੍ਹਾ ਤੇ ਗਰੀਬ ਮੰਗ ਕਰਦੇ ਹਨ। ਹਰੀਜਨਾਂ ਦੀਆਂ ਸਲੱਮਜ਼ ਵਾਸਤੇ ਪੈਸੇ ਰੱਖੇ ਜਾਂਦੇ ਹਨ, ਪਰ ਉਹ ਠੀਕ ਤਰ੍ਹਾਂ ਨਹੀਂ ਲੱਗਦੇ। ਮੈਂ ਕਹਿੰਦਾ ਹਾਂ ਕਿ ਜਿਹੜੇ ਗਰੀਬ ਘੱਟ ਇਨਕਮ ਵਾਲੇ ਹਨ ਜਿਨ੍ਹਾਂ ਕੋਲ ਮਕਾਨ ਨਹੀਂ ਹਨ, ਉਨ੍ਹਾਂ ਦਾ ਜ਼ਰੂਰ ਖਿਆਲ ਕਰਨਾ ਚਾਹੀਦਾ ਹੈ। ਇੰਪਰੂਵਮੈਂਟ ਟਰਸਟ ਦੀ ਸਕੀਮ ਛੋਟਿਆਂ ਵਾਸਤੇ ਤਾਂ ਖਾਸ ਕਰਕੇ ਹੋਣੀ ਚਾਹਦੀ ਹੈ। 10-12 ਹਜ਼ਾਰ ਦੀ ਸਕੀਮ ਨੂੰ ਲਾਗੂ ਨਾ ਕੀਤਾ ਜਾਵੇ ਜੈਸੇ ਕਿ ਪੱਕੀ ਗੱਲੀ ਅੰਮ੍ਰਿਤਸਰ ਦੀ ਸਕੀਮ ਹੈ, ਇਹ ਠੀਕ ਨਹੀਂ ਹੈ। ਜਿਸ ਵੇਲੇ ਇੰਪਰੂਵਮੈਂਟ ਸਕੀਮ ਲਾਗੂ ਹੋ ਜਾਂਦੀ ਹੈ ਮਿਉਂਸਪਲ ਕਮੇਟੀ ਇਸ ਦਾ ਸੁਧਾਰ ਨਹੀਂ ਕਰਦੀ। ਉਹ ਕਹਿੰਦੇ ਹਨ ਕਿਉਂਕਿ ਇਹ ਇੰਪਰੂਵਮੈਂਟ ਟਰਸਟ ਕੋਲ ਚਲੀ ਗਈ ਹੈ, ਇਸ ਕਰਕੇ ਅਸੀਂ ਕੁਝ ਨਹੀਂ ਕਰਨਾ। ਪਰ ਉਹ ਕਹਿੰਦੇ ਹਨ ਕਿ ਗੌਰਮਿੰਟ ਨੇ ਇਸ ਦੀ ਮਨਜ਼ੂਰੀ ਨਹੀਂ ਦਿਤੀ। ਅਜਿਹੀਆਂ ਚੀਜ਼ਾਂ ਨਹੀਂ ਹੋਣੀਆਂ ਚਾਹੀਦੀਆਂ, ਇਸ ਦਾ ਸੁਧਾਰ ਕਰਨਾ ਚਾਹੀਦਾ ਹੈ। ਇਸ ਲਈ ਗੌਰ-ਮਿੰਟ ਨੂੰ ਪਾਲਿਸੀ ਕਲੀਅਰ ਕਰਨੀ ਚਾਹੀਦੀ ਹੈ। ਜਿਹੜੇ ਇਲਾਕੇ ਇੰਪਰੂਵਮੈਂਟ ਟਰਸਟ ਨੂੰ ਆਉਣ, ਉਸ ਦੇ ਵਿਚ ਉਨ੍ਹਾਂ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਕਈ ਇਲਾਕੇ ਜਿਹੜੇ ਇੰਪਰੂਵਮੈਂਟ ਟਰਸਟ ਨੂੰ ਵੇਚੇ ਪਰ ਉਸ ਤੇ ਕਬਜ਼ਾ ਉਨ੍ਹਾਂ ਦਾ ਨਹੀਂ ਹੈ। ਉਨ੍ਹਾਂ ਪਲਾਟਾਂ ਤੇ ਨਲਵਾ ਨਕਰ ਤੇ ਮਕਾਨ ਬਨਾਉਣ ਦੀ ਇਜਾਜ਼ਤ ਨਹੀਂ। ਇਹ ਠੀਕ ਨਹੀਂ ਹੈ।

ਹੁਣ ਮੈਂ ਫੂਡ ਲੈਬਾਰਟਰੀ ਦੇ ਮੁਤੱਲਕ ਅਰਜ਼ ਕਰਦਾ ਹਾਂ। ਇਸ ਦੇ ਬਾਰੇ ਬੜੀ ਸ਼ਿਕਾਇਤ ਹੈ। ਇਥੇ ਅੱਗੇ ਵੀ ਕਈ ਸਾਥੀਆਂ ਨੇ ਦੱਸਿਆ ਹੈ ਕਿ ਖੁਰਾਕ ਅੱਛੀ ਹੋਣੀ ਚਾਹੀਦੀ ਹੈ। ਉਥੇ ਜਿਹੜੀ ਹੇਰਾ ਫੇਰੀ ਹੁੰਦੀ ਹੈ, ਉਹ ਬੰਦ ਹੋਣੀ ਚਾਹੀਦੀ ਹੈ। ਅੰਗ ਮਾਰਕਾ ਪਾਲਿਸੀ ਵੀ ਇਥੇ ਫ਼ੇਲ੍ਹ ਹੋਈ ਹੈ।

ਹੁਣ ਮੈਂ ਟਰਾਂਸਪੋਰਟ ਦੇ ਸਿਲਸਿਲੇ ਵਿਚ ਅਰਜ਼ ਕਰਦਾ ਹਾਂ। ਅੰਮ੍ਰਿਤਸਰ ਵਿਚੋਂ ਲੰਬੇ ਰੂਟ ਦੀਆਂ ਬੱਸਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ। ਹੁਣ ਤਾਂ ਬੱਸਾਂ ਦਾ ਚੱਲਣਾ ਵੀ ਡਰਾਈਵਰ ਤੇ ਡੀਪੈਂਡ ਕਰਦਾ ਹੈ ਉਸ ਨੇ ਜਿੱਥੇ ਵੀ ਚਾਹ ਪੀਣੀ ਹੁੰਦੀ ਹੈ ਉਥੇ ਖੜ੍ਹੀ ਕਰ ਲੈਂਦੇ ਹਨ। ਉਹ ਵੀ ਮੋਦੀ ਮੇਲ ਰੈਸਟੋਰੈਂਟ ਤੇ ਚਾਹ ਪੀਣ ਲਈ ਬੱਸ ਖੜ੍ਹੀ ਕਰ ਲੈਂਦੇ ਹਨ। ਮਤਲਬ ਹੈ ਕਿ ਜਿਥੇ ਵੀ ਦਿਲ ਕਰਦਾ ਹੈ ਮੋਟਰ ਖੜ੍ਹੀ ਕਰਕੇ ਚਾਹ ਪੀਣ ਲੱਗ ਪੈਂਦੇ ਹਨ ਅਤੇ ਆਪਣੀ ਮਰਜ਼ੀ ਦੇ ਨਾਲ ਹੀ ਬੱਸ ਨੂੰ ਚਲਾਉਂਦੇ ਹਨ। ਇਸ ਵੱਲ ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ।

ਖਾਦੀ ਬੋਰਡ ਦੇ ਸਿਲਸਿਲੇ ਵਿਚ ਮੈਂ ਪਿਛਲੀ ਵਾਰੀ ਜ਼ਿਕਰ ਕੀਤਾ ਸੀ ਉਸ ਦੀ ਇਨਕੁਆਇਰੀ ਮੁਕੱਰਰ ਕੀਤੀ ਸੀ। ਉਸ ਦੀ ਇਨਕੁਆਇਰੀ ਵੀ ਜਲਦੀ ਐਕਸਪੀਡਾਈਟ ਹੋਣੀ ਚਾਹੀਦੀ ਹੈ।

[ਸ੍ਰੀ ਗਿਆਨ ਚੰਦ ਖਰਬੰਦਾ]

ਫੋਰਥ ਕਲਾਸ ਮੁਲਾਜ਼ਮਾਂ ਵਾਸਤੇ ਕੁਆਰਟਰ ਬਣਨੇ ਚਾਹੀਦੇ ਹਨ। ਅੰਮ੍ਰਿਤਸਰ ਵਿਚ ਪੁਲਿਸ ਫੋਰਸ ਜ਼ਿਆਦਾ ਹੋਣੀ ਚਾਹੀਦੀ ਹੈ ਲਾ ਐਂਡ ਆਰਡਰ ਨੂੰ ਮੇਨਟੇਨ ਕਰਨ ਵਾਸਤੇ। ਕਿਉਂਕਿ ਵਜ਼ੀਰ ਸਾਹਿਬਾਨ ਅੰਮ੍ਰਿਤਸਰ ਜ਼ਿਆਦਾ ਜਾਂਦੇ ਰਹਿੰਦੇ ਹਨ ਅਤੇ ਪੁਲਿਸ ਇਨ੍ਹਾਂ ਦੇ ਰੀਸੈਪਸ਼ਨ ਵਾਸਤੇ ਲੱਗ ਜਾਂਦੀ ਹੈ। ਇਸ ਲਈ ਇਨ੍ਹਾਂ ਦੇ ਰੀਸੈਪਸ਼ਨ ਵਾਸਤੇ ਵੱਖਰੀ ਫੋਰਸ ਹੋਣੀ ਚਾਹੀਦੀ ਹੈ ਅਤੇ ਲਾ ਐਂਡ ਆਰਡਰ ਨੂੰ ਕਾਇਮ ਰਖਣ ਲਈ ਫੋਰਸ ਹੋਰ ਹੋਣੀ ਚਾਹੀਦੀ ਹੈ। (ਵਿਘਨ) ਕਿਉਂਕਿ ਅਕਾਲੀ ਪਾਰਟੀ ਦੇ ਮਨਿਸਟਰ ਸਾਹਿਬਾਨ ਅੰਮ੍ਰਿਤਸਰ ਜ਼ਿਆਦਾ ਜਾਂਦੇ ਰਹਿੰਦੇ ਹਨ ਇਸ ਲਈ ਪੁਲਿਸ ਜ਼ਿਆਦਾ ਉਥੇ ਹੋਣੀ ਚਾਹੀਦੀ ਹੈ।

Mr. Deputy Speaker : Please wind up now.

ਸ੍ਰੀ ਗਿਆਨ ਚੰਦ ਖਰਬੰਦਾ : ਡਿਪਟੀ ਸਪੀਕਰ ਸਾਹਿਬ, ਬੱਸਾਂ ਰਸਤੇ ਵਿਚ ਹੀ ਫੇਲ੍ਹ ਹੋ ਜਾਂ-ਦੀਆਂ ਹਨ। ਲੋਕੀਂ ਵੀ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੇ ਵਿਚ ਡਰਦੇ ਡਰਦੇ ਹੀ ਚੜ੍ਹਦੇ ਹਨ। ਇਨ੍ਹਾਂ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ। ਪੰਜਾਬ ਰੋਡਵੇਜ਼ ਦੇ ਡਰਾਈਵਰਾਂ ਨੂੰ ਸਟੈਪਨੀ ਨਹੀਂ ਦਿਤੀ ਜਾਂਦੀ। ਜਿਥੇ ਵੀ ਰਸਤੇ ਵਿਚ ਬੱਸ ਖਰਾਬ ਹੋ ਜਾਂਦੀ ਹੈ ਤਾਂ ਸਵਾਰੀਆਂ ਨੂੰ ਬੜਾ ਮੁਸ਼ਕਲ ਹੋ ਜਾਂਦਾ ਹੈ। ਦੂਸਰੀ ਗੱਲ ਇਹ ਹੈ ਕਿ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੀਆਂ ਟਿਕਟਾਂ ਰੀਫੰਡ ਨਹੀਂ ਕੀਤੀਆਂ ਜਾਂਦੀਆਂ ਜਦ ਕਿ ਪ੍ਰਾਈਵੇਟ ਕੰਪਨੀਆਂ ਵਾਲੇ ਰੀਫੰਡ ਕਰ ਦਿੰਦੇ ਹਨ।

Mr. Deputy Speaker : Please take your seat, Vaid ji. Will you like to give personal explanation?

PERSONAL EXPLANATION

ਉਪ ਮਾਲ ਮੰਤਰੀ (ਵੈਦ ਕਰਤਾਰ ਸਿੰਘ) ਹਾਂ ਜੀ, ਮੈਂ ਬੋਲਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਕ ਮੈਂਬਰ ਸਾਹਿਬ ਨੇ ਮੇਰਾ ਨਾਮ ਲੈ ਕੇ ਕਿਹਾ ਹੈ ਕਿ ਮੈਂ ਹਿੰਦੀ ਦੇ ਸਬੰਧ ਵਿਚ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਐਸੀ ਕੋਈ ਗੱਲ ਨਹੀਂ ਕਹੀ। ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਜਿਸ ਤਰ੍ਹਾਂ 1951 ਅਤੇ 1961 ਦੀ ਮਰਦਮਸ਼ੁਮਾਰੀ ਵੇਲੇ ਜਿਨ੍ਹਾਂ ਨੇ ਗਲਤ ਜ਼ਬਾਨ ਲਿਖਾਈ ਪੰਡਤ ਨਹਿਰੂ ਨੇ ਪਾਰਲੀਮੈਂਟ ਵਿਚ ਉਨ੍ਹਾਂ ਨੂੰ ਝੂਠਾ ਕਰਾਰ ਦਿਤਾ, ਇਸ ਵਾਸਤੇ ਜੇ ਹੁਣ ਕਿਸੇ ਨੇ ਗਲਤ ਬੋਲੀ ਲਿਖਵਾਈ, ਜਾਂ ਗਲਤ ਇਨਫਰਮੇਸ਼ਨ ਦਿਤੀ, ਚਾਹੇ ਐਜੂ-ਕੇਸ਼ਨ ਦੀ ਹੋਵੇ ਜਾਂ ਬੋਲੀ ਬਾਰੇ ਉਸ ਦੇ ਖਿਲਾਫ਼ ਸੈਨਸਜ਼ ਐਕਟ ਦੀ ਧਾਰਾ 11 ਅਧੀਨ ਕੇਸ ਚਲਾਇਆ ਜਾਵੇਗਾ। ਸਰਕਾਰ ਮੁਆਫ ਨਹੀਂ ਕਰੇਗੀ। (ਵਿਘਨ)

DISCUSSION ON GOVERNOR'S ADDRESS (RESUMPTION)

(*Not concluded*)

ਸਰਦਾਰ ਸਰੂਪ ਸਿੰਘ (ਜਲੰਧਰ ਛਾਉਣੀ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ 15 ਜਨਵਰੀ, 1971 ਨੂੰ ਸ਼ੁਕਰਵਾਰ ਨੂੰ ਜਿਹੜਾ ਗਵਰਨਰ ਸਾਹਿਬ ਨੇ ਭਾਸ਼ਣ ਦਿਤਾ ਹੈ, ਮੈਂ ਉਸ ਦੀ ਵਿਰੋਧਤਾ ਕਰਦਾ ਹਾਂ। ਨੰਬਰ ਦੋ ਦੇ ਵਿਚ ਜਿਥੇ ਚੰਡੀਗੜ੍ਹ ਲੈਣ ਦਾ ਸਵਾਗਤ ਕੀਤਾ ਗਿਆ ਹੈ.. .. ..

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਹਾਊਸ ਦਾ ਟਾਈਮ ਵਧਾਉਣ ਬਾਰੇ ਮੈਂ ਪਹਿਲਾਂ ਵੀ ਕਿਹਾ ਸੀ, ਕੋਈ ਜਵਾਬ ਨਹੀਂ ਦਿਤਾ ਗਿਆ। ਇਸ ਲਈ ਹਾਊਸ ਦਾ ਟਾਈਮ ਅੱਧਾ ਘੰਟਾ ਜਾਂ ਘੰਟੇ ਲਈ ਵਧਾ ਦਿਤਾ ਜਾਵੇ।

(ਸਰਕਾਰੀ ਬੈਂਚਾਂ ਵਲੋਂ ਆਵਾਜ਼ਾਂ—ਨਹੀਂ, ਨਹੀਂ)।

ਸਰਦਾਰ ਸਰੂਪ ਸਿੰਘ : ਇਥੇ ਫ਼ਾਜ਼ਿਲਕਾ ਅਤੇ ਅਬੋਹਰ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਮੈਂ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਸ ਸਦਨ ਨੇ ਇਕ ਰੈਜ਼ੋਲਿਊਸ਼ਨ ਯੂਨੈਨੀਮਸਲੀ ਪਾਸ ਕੀਤਾ ਸੀ ਕਿ ਫ਼ਾਜ਼ਿਲਕਾ ਅਤੇ ਅਬੋਹਰ ਨੂੰ ਕਿਸੇ ਕੀਮਤ ਤੇ ਵੀ ਨਹੀਂ ਦੇਣਾ। ਲੇਕਿਨ ਉਸ ਰੈਜ਼ੋਲਿਊਸ਼ਨ ਦੇ ਹੁੰਦਿਆਂ ਹੋਇਆਂ ਇਹ ਅਕਾਲੀ ਗੌਰਮਿੰਟ ਨੇ ਉਥੇ ਮੰਨਿਆਂ ਕਿ ਸਾਨੂੰ ਚੰਡੀਗੜ੍ਹ ਦੇ ਦਿਉ ਅਤੇ ਫ਼ਾਜ਼ਿਲਕਾ ਅਤੇ ਅਬੋਹਰ ਸਾਡੇ ਕੋਲੋਂ ਲੈ ਲਉ। (ਸ਼ੇਮ, ਸ਼ੇਮ) ਹਿੰਦੂ ਧਰਮ ਦਾ ਇਹ ਰਿਵਾਜ ਹੈ ਕਿ ਜਿਸ ਵੇਲੇ ਡੋਲੀ ਤੋਰਦੇ ਹਨ ਤਾਂ ਪਿੱਛੋਂ ਦੁੱਧ ਪੀਂਦੇ ਹਨ। ਸੰਤਾਂ ਨੇ ਸ: ਗੁਰਨਾਮ ਸਿੰਘ ਰਾਹੀਂ ਫ਼ਾਜ਼ਿਲਕਾ ਅਤੇ ਅਬੋਹਰ ਨੂੰ ਡੋਲੀ ਚਾੜ੍ਹ ਕੇ ਪਿਛੋਂ ਜੂਸ ਪੀਤਾ। (ਹਾਸਾ) (ਵਿਘਨ) ਇਥੇ ਸਰਬ ਸੰਮਤੀ ਨਾਲ ਰੈਜ਼ੋਲਿਊਸ਼ਨ ਪਾਸ ਕੀਤਾ ਗਿਆ ਪਰ ਬਾਅਦ ਵਿਚ ਇਸ ਦੀ ਉਲੰਘਣਾ ਕਰਕੇ ਸੰਤਾਂ ਨੂੰ ਬਚਾਉਣ ਲਈ ਇਹ ਸਭ ਕੁਝ ਕੀਤਾ ਗਿਆ। (ਸ਼ੇਮ, ਸ਼ੇਮ) ਜਿਸ ਵੇਲੇ ਸਰਦਾਰ ਗੁਰਨਾਮ ਸਿੰਘ ਜੀ ਮਨਿਸਟਰੀ ਤੋਂ ਲਥੇ ਤਾਂ ਉਨ੍ਹਾਂ ਜਲੰਧਰ ਵਿਚ ਸਟੇਜ ਤੇ ਲੈਕਚਰ ਕਰਦਿਆਂ ਕਿਹਾ ਕਿ ਸੰਤਾਂ ਨੇ ਬਚਣ ਵਾਸਤੇ ਇਹ ਸਾਰਾ ਪਖੰਡ ਕੀਤਾ ਹੈ। ਮੈਂ ਉਨ੍ਹਾਂ ਨੂੰ ਧੱਕੇ ਨਾਲ ਜੂਸ ਨਹੀਂ ਪਿਲਾਇਆ, ਮੈਂ ਤਾਂ ਉਨ੍ਹਾਂ ਦੇ ਮੂੰਹ ਦੇ ਨਾਲ ਮਸਾਂ ਗਲਾਸ ਲਾਇਆ ਹੀ ਸੀ ਕਿ ਉਹ ਗੱਟ ਗੱਟ ਕਰਕੇ ਪੀ ਗਿਆ। ਮੈਂ ਕਹਿੰਦਾ ਹਾਂ ਕਿ ਜਦ ਇਹ ਸਾਰੀ ਚੀਜ਼ ਆਪ ਕੀਤੀ ਹੋਵੇ ਅਤੇ ਉਸ ਦੇ ਬਾਅਦ ਇਸ ਤਰ੍ਹਾਂ ਕਹਿਣਾ ਇਹ ਗਲਤ ਗੱਲ ਹੈ। (ਵਿਘਨ)

ਅਗੇ ਪੈਰਾ ਨੰਬਰ 3 ਵਿਚ ਇਨ੍ਹਾਂ ਨੇ ਕਿਹਾ ਹੈ ਕਿ ਮੇਰੀ ਸਰਕਾਰ ਜਨਤਾ ਨੂੰ ਸਵੱਛ ਐਡਮਨਿਸਟਰੇਸ਼ਨ ਦੇਵੇਗੀ ਅਤੇ ਕਿਹਾ ਹੈ ਕਿ 108 ਕਰਮਚਾਰੀਆਂ ਨੂੰ ਅਸੀਂ ਸਜ਼ਾ ਦਿਤੀ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਅਕਾਲੀ ਅਤੇ ਸਵੱਛ ਐਡਮਨਿਸਟਰੇਸ਼ਨ ਇਹ ਦੋ ਵੱਖ ਵੱਖ ਗੱਲਾਂ ਹਨ। ਅਕਾਲੀ ਹੋਣ-ਔਰ ਇਨਸਾਫ਼ ਹੋਵੇ, ਇਹ ਨਹੀਂ ਹੋ ਸਕਦਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਵੈਦ ਕਰਤਾਰ ਸਿੰਘ ਨੇ ਇਹ ਸਰਟੀਫ਼ਿਕੇਟ ਜਿਹੜਾ ਆਪਣੀ ਐਡਮਨਿਸਟਰੇਸ਼ਨ ਨੂੰ ਦਿਤਾ ਹੋਇਆ ਹੈ, 19 ਅਕਤੂਬਰ ਨੂੰ ਗੁਰਦਾਸਪੁਰ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਮਹਿਕਮਾ ਪੁਲਿਸ ਅਤੇ ਕੁਰਪਸ਼ਨ.. .. ..

Mr. Deputy Speaker : The House stands adjourned till 9.00 A. M. on Wednesday, the 20th January, 1971.

6.30 P. M.

(The Sabha then adjoured ntill 9.00 A. M. on Wednesday, the 20th January, 1971.)

APPENDIX

TO

Punjab Vidhan Sabha Debates

Dated 19th January, 1971

Vol.—I, No.—2.

Paddy seed sold by the District Agriculture Office in Ludhiana District

***2186. Sardar Partap Singh Kadian :** Will the Minister for Agriculture be pleased to state :

(a) whether paddy seed was sold by the District Agricultural Office in Ludhiana district, before sowing of Kharif, 1970 ;

(b) whether it is further a fact that written and verbal complaints were made by the growers and also brought to the notice of the district officers by any legislator in the meetings of the Grievances Committee that the seed mentioned in part (a) above was a mixture of tall and dwarf varieties ;

(c) if the answer to parts (a) and (b) above be in the affirmative whether the department has fixed the responsibility for this on any one; if so, on whom ;

(d) whether the Government has compensated the farmers who suffered losses due to the supply of mixed seed ; if not, the reasons therefor ?

Shri Radha Krishan : (a) Yes.
(b) Yes.
(c) An enquiry is being held in the matter.
(d) Action will be taken on receipt of the enquiry report.

[(ਏ) ਹਾਂ ਜੀ ।

(ਬੀ) ਹਾਂ ਜੀ ।

(ਸੀ) ਇਸ ਮਾਮਲੇ ਵਿਚ ਪੜਤਾਲ ਕੀਤੀ ਜਾ ਰਹੀ ਹੈ ।

(ਡੀ) ਪੜਤਾਲ ਦੇ ਅਧਾਰ ਤੇ ਕਾਰਵਾਈ ਕੀਤੀ ਜਾਵੇਗੀ ।]

Animal Husbandry Division Functioning in Patiala and Jullundur

***2185. Sardar Partap Singh Kadian :** Will the Minister of State for Animal Husbandry be pleased to state :

(a) whether it is a fact that there are two Divisions of Animal Husbandry in Punjab i.e. Patiala Division and Jullundur Division ;

(b) whether it is a fact that the expenditure on medicines etc. of veterinary dispensaries and hospitals in the Patiala Division is met by the State Government ;

(c) whether it is also a fact that the expenditure on medicines etc. of veterinary dispensaries and hospitals in the Jullundur Division is not met by the State Government;

(d) if the answer to parts (a), (b) and (c) above is in the affirmative the reasons for the aforesaid disparity ?

Sardar Randhir Singh Cheema : (a) Yes.

(b) Yes excepting Ropar district.

(c) Yes excepting Kapurthala district.

(d) The expenditure on Veterinary Dispensaries and Hospitals, used to be borne by the defunct District Boards of the erstwhile Punjab State. No District Board existed in the erstwhile Pepsu State. Thus liabilities of the defunct District Boards were borne by the successor bodies, namely, the Zila Parishads and Panchayat Samitis. In Districts without District Boards, the expenditure is being met by the State Government.

[(ੳ) ਜੀ ਹਾਂ ।

(ਅ) ਹਾਂ ਜੀ, ਰੋਪੜ ਜ਼ਿਲ੍ਹੇ ਤੋਂ ਛੁੱਟ ।

(ੲ) ਹਾਂ ਜੀ, ਕਪੂਰਥਲਾ ਜ਼ਿਲ੍ਹੇ ਤੋਂ ਛੁੱਟ ।

(ਸ) ਡੰਗਰਾਂ ਦੀਆਂ ਡਿਸਪੈਂਸਰੀਆਂ ਤੇ ਹਸਪਤਾਲਾਂ ਦਾ ਖਰਚਾ ਮੁਅੱਤਲ ਸ਼ੁਦਾ ਬੋਰਡ ਕਰਦੇ ਸੀ । ਪਹਿਲਾਂ ਪੈਪਸੂ ਰਾਜ ਵਿਚ ਅਜਿਹੇ ਕੋਈ ਬੋਰਡ ਨਹੀਂ ਹੁੰਦੇ ਸੀ । ਇਸ ਲਈ ਜਿਹੜੇ ਜਿਹੜੇ ਜ਼ਿਲ੍ਹਿਆਂ ਵਿਚ ਬੋਰਡ ਮੌਜੂਦ ਸਨ ਅਤੇ ਬਾਅਦ ਵਿਚ ਮੁਅੱਤਲ ਕੀਤੇ ਗਏ ਉਥੇ ਦਾ ਖਰਚਾ ਉਤਰ ਅਧਿਕਾਰੀ ਸੰਸਥਾਵਾਂ ਜਿਵੇਂ ਕਿ ਜ਼ਿਲ੍ਹਾ ਪਰੀਸ਼ਦ, ਪੰਚਾਇਤ ਸੰਮਤੀਆਂ ਕਰਦੀਆਂ ਹਨ ਅਤੇ ਜਿਹੜੇ ਜ਼ਿਲ੍ਹਿਆਂ ਵਿਚ ਅਜਿਹੇ ਬੋਰਡ ਨਹੀਂ ਹਨ ਉਥੇ ਖਰਚਾ ਸਰਕਾਰ ਦੁਆਰਾ ਕੀਤਾ ਜਾ ਰਿਹਾ ਹੈ ।]

Bulls of Improved Breed Imported from Foreign Countries

***2212. Sardar Mehtab Singh Dhillon :** Will the Minister of State for Animal Husbandry be pleased to state :

(a) whether the Government have imported Bulls of improved breed from foreign countries, if so, whether a centre for these Bulls has been established in district Ludhiana or in some other districts ;

(b) whether the Government propose to establish such centres in other districts of the State as well, particularly in district Ferozepur; if so, the names of places where the same are likely to be established ?

Sardar Randhir Singh Cheema :Part I. Yes

Part II and (b) : The statement of Centres established in the State is laid on the Table of the House.

[ਪਾਰਟ I—ਹਾਂ ਜੀ।

ਪਾਰਟ II ਤੇ (ਬੀ) ਰਾਜ ਵਿਚ ਸਥਾਪਤ ਕੇਂਦਰਾਂ ਦੀ ਸੂਚੀ ਸਦਨ ਦੀ ਮੇਜ਼ ਤੇ ਪੇਸ਼ ਕੀਤੀ ਜਾਂਦੀ ਹੈ।]

DISTRIBUTION OF EXOTIC BULLS

Serial No.	Name of Place	Jercy	Cross Bred	Red Dane	Brown Swiss	Holstein Freisian
1	Semen Bank, Verka (Amritsar)	4	..	2	..	..
2	Semen Bank, Patiala	2	..	..	..	..
3	Veterinary Hospital, Ferozepur	..	1	1	..	..
4	Veterinary Hospital, Mahalpur, Hoshiarpur	1	2	..	..	..
5	Veterinary Hospital, Sehna (Sangrur)	..	..	1	1	..
6	Veterinary Hospital, Sangrur	..	2	..	..	..
7	Veterinary Hospital, Kharar (Ropar)	..	..	2	..	..
8	A.I.C., Faridkot (Bhatinda)	2	..	..	..	..
9	A.I.C., Rajpura (Patiala)	2	..	..	..	..
10	A.I.C. Bara (Patiala)	2	..	..	..	..
11	A.I.C., Nabha (Patiala)	2	..	..	..	..
12	A.I.C., Patti (Amritsar)	2	..	..	..	..
13	A.I.C., Samana (Patiala)	..	2	..	..	..
14	A.I.C.. Gurdaspur	2	..	..	..	..
15	A.I.C., Dhanaula (Sangrur)	..	2	..	..	..
16	A.I.C., Dhuri (Sangrur) ..	..	2	..	..	..
17	A.I.C., Malerkotla (Sangrur)	..	2	..	..	..
18	A.I.C., Nawanshahr, Jullundur	..	2	..	..	..
19	A.I.C. Banga (Jullundur)	..	2	..	..	..
20	A.I.C., Phagwara (Kapurthala)	..	2	..	..	..
21	A.I.C., Phillaur (Jullundur)	..	..	2	..	..
22	A.I.C. Badal (Ferozepur)	..	1	..	1	..
23	A.I.C., Kapurthala	1	..	..	..	..
24	Samrala (Ludhiana)	..	..	2	..	..
25	Hoshiarpur	..	..	2	..	..
26	Jullundur	1	..	..	..	..
27	Baja Khana (Bhatinda)	1	..	..	..	..
28	Bija (Ludhiana)	..	..	2	..	1
29	Tanda (Hoshiarpur)	..	..	..	1	1
	Total	22	20	14	3	2

ਵਿਦੇਸ਼ੀ ਸਾਂਢਾਂ ਦੀ ਵੰਡ ਦਾ ਵੇਰਵਾ :

ਲੜੀ ਨੰ:	ਥਾਂ ਦਾ ਨਾਂ	ਜਰਸੀ	ਕਰਾਸ ਬਰੈਡ	ਹੈਡ ਡੇਨ	ਬਰਾਊਨ ਸਰਵਿਸ	ਹੋਲਸਟਨ ਫਰੇਜ਼ੀਅਨ
1	ਸੀਮਨ ਬੈਂਕ, ਵੇਰਕਾ (ਅੰਮ੍ਰਿਤਸਰ)	4	.	2	..	..
2	ਸੀਮਨ ਬੈਂਕ, ਪਟਿਆਲਾ ..	2	..	..	..	..
3	ਵੈਟਰਨਰੀ ਹਸਪਤਾਲ ਫਿਰੋਜ਼ਪੁਰ ..	...	1	1	..	..
4	,, ਮਾਹਲਪੁਰ, (ਹੁਸ਼ਿਆਰਪੁਰ)	1	2	.	..	..
5	,, ਸਹਿਨਾ (ਸੰਗਰੂਰ) .	..	..	1	1	..
6	,, ਸੰਗਰੂਰ .	..	2	..	.	..
7	,, ਖਰੜ (ਰੋਪੜ) .	..	.	2	..	..
8	ਮਸਨੂਈ ਗਰਭਦਾਨ ਕੇਂਦਰ ਫਰੀਦਕੋਟ (ਬਠਿੰਡਾ)	2	..	..	.	..
9	,, ਰਾਜਪੁਰਾ (ਪਟਿਆਲਾ)	2	.	..	..	..
10	,, ਬਾੜਾ (ਪਟਿਆਲਾ) ..	2	..	.	..	..
11	,, ਨਾਭਾ (ਪਟਿਆਲਾ) ..	2	...	.	..	..
12	,, ਪੱਟੀ (ਅੰਮ੍ਰਿਤਸਰ) .	2	.	..	..	..
13	,, ਸਮਾਨਾ (ਪਟਿਆਲਾ)	..	2	..	.	..
14	,, ਗੁਰਦਾਸਪੁਰ .	2	..	..	.	..
15	,, ਧਨੌਲਾ (ਸੰਗਰੂਰ) .	..	2	..	..	..
16	,, ਧੂਰੀ (ਸੰਗਰੂਰ) .	..	2	...	.	..
17	,, ਮਲੇਰਕੋਟਲਾ (ਸੰਗਰੂਰ)	..	2	..	.	..
18	,, ਨਵਾਂ ਸ਼ਹਿਰ (ਜਲੰਧਰ)	..	2	..	.	..
19	,, ਬੰਗਾ (ਜਲੰਧਰ) .	..	2	..	..	..
20	,, ਫਗਵਾੜਾ (ਕਪੂਰਥਲਾ)	..	2	..	..	..
21	,, ਫਲੌਰ (ਜਲੰਧਰ) .	..	.	2	..	..
22	,, ਬਾਦਲ (ਫੀਰੋਜ਼ਪੁਰ) ..	..	1	.	1	.
23	,, ਕਪੂਰਥਲਾ ..	1	.	..	..	..
24	,, ਸਮਰਾਲਾ (ਲੁਧਿਆਣਾ)	.	..	2	..	..
25	,, ਹੁਸ਼ਿਆਰਪੁਰ .	.	..	2	..	..
26	,, ਜਲੰਧਰ .	1	..	..	..	..
27	,, ਬਾਜਾ ਖਾਨਾ (ਬਠਿੰਡਾ)	1	.	..	..	..
28	,, ਬੀਜਾ (ਲੁਧਿਆਣਾ)	.	..	2	..	1
29	,, ਟਾਂਡਾ (ਹੁਸ਼ਿਆਰਪੁਰ)	...	..	..	1	1
	ਜੋੜ ..	22	20	14	3	2

Industrial Disputes Under Section 33 (c) (2) of the Industrial Disputes Act, 1947

***2219. Dr. Sadhu Ram :** Will the Chief Minister be pleased to state :

(a) the total number of industrial disputes decided under Section 33 (C)(2) of the Industrial Disputes Act, 1947 by the Labour Courts since 15th September, 1970 to date in the State;
(b) the number of disputes out of those referred to in part (a) above which were decided in favour of the management and the workmen separately ;
(c) the number of disputes referred to above which are still pending in the said Labour Courts ?

ਸਰਦਾਰ ਪਰਕਾਸ਼ ਸਿੰਘ ਬਾਦਲ : (ੲ) ਲੇਬਰ ਕੋਰਟਾਂ ਨੇ ਮਿਤੀ 15 ਸਤੰਬਰ, 1970 ਤੋਂ 15 ਜਨਵਰੀ, 1971 ਤੀਕ ਇੰਡਸਟ੍ਰੀਅਲ ਡਿਸਪਿਊਟ ਐਕਟ, 1947 ਦੀ ਧਾਰਾ 33 ਸੀ (2) ਅਧੀਨ ਕੁਲ 132 ਕੇਸਾਂ ਦਾ ਨਿਪਟਾਰਾ ਕੀਤਾ ਹੈ ।

(ਬੀ) ਇਨ੍ਹਾਂ ਕੇਸਾਂ ਵਿਚੋਂ :—

(1) 3 ਦਾ ਫੈਸਲਾ ਮੈਨੇਜਮੈਂਟਾਂ ਦੇ ਹੱਕ ਵਿਚ ਹੋਇਆ ।

(2) 92 ਦਾ ਫੈਸਲਾ ਕਿਰਤੀਆਂ/ਪ੍ਰਾਰਥੀਆਂ ਦੇ ਹੱਕ ਵਿਚ ਹੋਇਆ; ਅਤੇ

(3) 37 ਕੇਸਾਂ ਜਾਂ ਤਾਂ ਕਾਮਿਆਂ ਨੇ ਵਾਪਿਸ ਲੈ ਲਏ ਜਾਂ ਮੈਨੇਜਮੈਂਟਾਂ ਨਾਲ ਕੋਰਟ ਤੋਂ ਬਾਹਰ ਸਮਝੌਤਾ ਕਰ ਲਿਆ ।

(ਸੀ) ਮਿਤੀ 15 ਜਨਵਰੀ, 1971 ਨੂੰ 1,190 ਕੇਸ ਲੇਬਰ ਕੋਰਟਾਂ ਵਿਚ ਪੈਂਡਿੰਗ ਪਏ ਸਨ ।

Strike in Factories

***2221. Doctor Sadhu Ram :** Will the Chief Minister be pleased to state :

(a) the total number of strikes that took place in factories in the State during the current financial year to date ;
(b) the names of the factories involved and the number of workers who took part in the said strikes ;
(c) the number of man hours lost, the value (in terms of rupees) of the loss in production and the total loss in wages as a result of the said strikes ;
(d) the particulars of the Labour Unions which led the said strikes and the result of the strikes in each case ;
(e) whether any of the strikes referred to in part (a) above were declared as illegal; if so, their number ?

ਸਰਦਾਰ ਪਰਕਾਸ਼ ਸਿੰਘ ਬਾਦਲ : (ੲ) ਤੋਂ (ਈ) : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖ ਦਿਤੀ ਹੈ ਜੀ ।

(ੲ), ਹੜਤਾਲਾਂ ਦੀ ਕੁਲ ਗਿਣਤੀ : 9

(ਬੀ), (ਸੀ), (ਡੀ) :

ਸੀਰੀਅਲ ਨੰ:	ਫੈਕਟਰੀ ਦਾ ਨਾਂ	ਜਿੰਨੇ ਮਜ਼ਦੂਰਾਂ ਨੇ ਹਿਸਾ ਲਿਆ	ਖੋਹੀਆਂ ਕਿਰਤ ਦਿਹਾੜੀਆਂ
1	ਗੁਪਤਾ ਬ੍ਰਦਰਜ਼ ਕਨਡਿਊਟ ਪਾਈਪ ਇੰਡਸਟਰੀਜ਼, ਦੀਨਾ ਨਗਰ	187	1,521
2	ਭਾਰਤ ਇੰਡਸਟਰੀਜ਼, ਦੀਨਾ ਨਗਰ ...	42	141
3	ਨਿਊ ਇਸਰਟਨ ਵੂਲਨ ਮਿਲਜ਼, ਧਾਰੀਵਾਲ ...	894	2,986
4	ਮੈਸਰਜ਼ ਮੈਟਰੋ ਟਾਇਰ ਆਫ ਇੰਡੀਆ ਲਿ:, ਲੁਧਿਆਣਾ ...	175	6,750
5	ਉਹਰੀ ਬ੍ਰਦਰਜ਼, ਦੀਨਾ ਨਗਰ ...	82	410
6	ਖਰੜ ਟੈਕਸਟਾਈਲ ਮਿਲਜ਼, ਖਰੜ ...	900	1,800
7	ਗੁਰੂ ਨਾਨਕ ਕੋਹਲੂ ਫੈਕਟਰੀ, ਅੰਮ੍ਰਿਤਸਰ ...	0	54
8	ਪੰਜਾਬ ਵੂਲਨ ਟੈਕਸਟਾਈਲ, ਛੇਹਰਟਾ ...	350	11,550
9	ਮੈ: ਉੜੀਸਾ ਸੀਮਿੰਟ ਕੰਪਨੀ ਲਿਮ:, ਮੁਬਾਰਕਪੁਰ ...	192	625

1. ਖੋਏ ਕਿਰਤ ਘੰਟਿਆਂ ਦੀ ਸੂਚਨਾ ਇਕੱਠੀ ਨਹੀਂ ਕੀਤੀ ਜਾਂਦੀ ਸਗੋਂ ਖੋਈਆਂ ਕਿਰਤ ਦਿਹਾੜੀਆਂ ਦੀ ਸੂਚਨਾ ਇਕੱਠੀ ਕੀਤੀ ਜਾਂਦੀ ਹੈ ਜੋ ਕਿ ਖਾਨਾ ਨੰ: 4 ਵਿਚ ਦਿਤੀ ਗਈ ਹੈ।

2. ਖਾਨਾ ਨੰ: 5 ਅਤੇ 6 ਵਿਚ ਦਿੱਤੇ ਗਏ ਅੰਕੜੇ ਅਨੁਮਾਨਤ ਹਨ।

3. ਉਪਰੋਕਤ ਦਿੱਤੀ ਗਈ ਸੂਚਨਾ 1 ਅਪ੍ਰੈਲ, 1970 ਤੋਂ 31 ਦਸੰਬਰ, 1970 ਦੇ ਸਮੇਂ ਦੀ ਹੈ।

ਨੰ: 2221 ਸਬੰਧੀ ਵੇਰਵਾ

ਉਤਪਾਦਨ ਦੀ ਖੋਈ ਹੋਈ ਰਕਮ (ਰੁਪਿਆਂ ਵਿਚ)	ਖੋਈ ਮਜ਼ਦੂਰੀ ਦੀ ਰਕਮ (ਰੁਪਿਆਂ ਵਿਚ)	ਯੂਨੀਅਨ ਦਾ ਨਾਂ ਜਿਨ੍ਹਾਂ ਨੇ ਸਟਰਾਈਕ ਨੂੰ ਲੀਡ ਕੀਤਾ	ਹੜਤਾਲਾਂ ਦਾ ਨਤੀਜਾ
3,90,000	5,780	ਜਨਰਲ ਲੇਬਰ ਯੂਨੀਅਨ (ਰਜਿ:), ਦੀਨਾ ਨਗਰ (ਏਟਕ)	ਆਪਸੀ ਸਮਝੌਤੇ ਨਾਲ ਵਾਪਸ ਲਈ ਗਈ
1,600	710	ਉਪ੍ਰੋਕਤ	ਆਪਸੀ ਸਮਝੌਤੇ ਰਾਹੀਂ ਖਤਮ ਹੋਈ
1,49,000	16,038	ਧਾਰੀਵਾਲ ਕਾਰਖਾਨਾ ਵਰਕਰਜ਼ ਯੂਨੀਅਨ (ਰਜਿ:) ਧਾਰੀਵਾਲ (ਏਟਕ) (2) ਭਾਰਤੀਆਂ ਟੈਕਸਟਾਈਲ ਮਜ਼ਦੂਰ ਸਘ (ਰਜਿ:), ਧਾਰੀਵਾਲ (ਬੀ.ਐਮ.ਐਸ.)	ਬਿਨਾਂ ਕਿਸੇ ਸ਼ਰਤ ਤੋਂ ਵਾਪਸ ਲਈ ਗਈ
5,00,000	30,000	ਸੈਕਲ ਮਜ਼ਦੂਰ ਸੰਘ, ਲੁਧਿਆਣਾ (ਬੀ.ਐਮ. ਐਸ.)	ਆਪਸੀ ਸਮਝੌਤੇ ਰਾਹੀਂ ਖਤਮ ਹੋਈ।
13,000	2,250	ਜਨਰਲ ਲੇਬਰ ਯੂਨੀਅਨ (ਰਜਿ:), ਦੀਨਾ ਨਗਰ (ਏਟਕ)	ਉਪਰੋਕਤ
1,20,000	..	ਕਪੜਾ ਮਿਲਜ਼ ਮਜ਼ਦੂਰ ਯੂਨੀਅਨ (ਏਟਕ), ਖਰੜ	ਉਪਰੋਕਤ
20,000	350	ਆਇਰਨ ਐਂਡ ਸਟੀਲ ਵਰਕਰਜ਼ ਯੂਨੀਅਨ, ਅੰਮ੍ਰਿਤਸਰ (ਏਟਕ)	ਉਪਰੋਕਤ
21,25,000	56,000	ਟੈਕਸਟਾਈਲ ਮਜ਼ਦਰ ਏਕਤਾ ਯੂਨੀਅਨ (ਏਟਕ)	ਚਲ ਰਹੀ ਹੈ।
35,000	1,152	ਕੋਈ ਨਹੀਂ	ਆਪਸੀ ਸਮਝੌਤੇ ਰਾਹੀਂ ਖਤਮ ਹੋਈ।

(ਈ) ਕੋਈ ਹੜਤਾਲ-ਗੈਰ ਕਾਨੂੰਨੀ ਕਰਾਰ ਨਹੀਂ ਦਿਤੀ ਗਈ।

Punjab Vidhan Sabha Debates

20th January, 1971 (Morning Sitting)

Vol. I—No. 3

OFFICIAL REPORT

CONTENTS

Wednesday, the 20th January, 1971

Rs. [illegible] Paise

Rs 1.55 Paise

ERRATA

TO

PUNJAB VIDHAN SABHA DEBATES,

DATED 20TH JANUARY, 1971 (MORNING SITTING)

VOL. I—NO. 3

Read	*For*	*Page*	*Line*
27th January	2 th January	(3)2	last line
particulars	partiuclars	(3)4	12 th from below
ਮੇਜਰ ਹਰਿੰਦਰ ਸਿੰਘ	ਮੇਜਰ ਹਰਿੰਦਰ ਸਿਘ	(3)13	2 nd from below
let	1 t	(3)16	23
ਜਿਥੇ	ਜਿਥ	(3)21	6
ਘੇਰਿਆ	ਘੋਰਿਆ	(3)23	14 th from below
ਰਿਆਇਤਾਂ	ਰਿਆਇਤ	(3)23	11 th from below
ਹੋ	ਹ	(3)58	20
ਰੱਖ	ਠੋ	(3)67	2
ਕੀਤੀਆਂ	ਕੀਤਿਆਂ	(i)	6th from below
ਸੰਗਰਰ	ਸੰਗਰਰ	(iii)	3 (last column)
ਪਰੈਜ਼ੰਟ	ਪ ੈਜ਼ੰਟ	(iv)	Heading (last column)
ਐਫ਼. ਏ. ਐਸ.	ਅਫ਼. ਏ. ਐਨ.	(vii)	2 nd from below (1st column)
ਹੁਸ਼ਿਆਰਪੁਰ	ਹੁਸ਼ਿਆਰ	xvii	5 th from below (last column)
ਏ. ਐਸ. ਆਈ.	ਅ ਾਈ.	xvii	5 th from below (1st column)

PUNJAB VIDHAN SABHA

Wednesday, the 20th January, 1971 (*Morning Sitting*)

[*The Vidhan Sabha met in the Punjab Vidhan Sabha Hall of Vidhan Bhavan, Sector 1, Chandigarh, at 9.00 a.m. of the Clock. Mr. Speaker (Sardar Darbara Singh) in the Chair.*]

STARRED QUESTIONS AND ANSWERS

Representation from Punjab College Teachers' Union

*2025. **Comrade Satya Pal Dang** : Will the Minister for Education be pleased to state—

(a) whether the Government received any representation from the Punjab College Teachers' Union during the first four months of 1970 or during 1969 in which they had requested the Government to take steps to ensure security of service for the College teachers ;

(b) if the answer to part (a) above be in the affirmative, whether the Government have any proposal under consideration to enact a law to protect the College teachers against the arbitrary action of the private managements to ensure security of service to them ?

ਸਰਦਾਰ ਬਸੰਤ ਸਿੰਘ ਖਾਲਸਾ (ਸੰਸਦ ਸਕੱਤਰ, ਸਿਖਿਆ) : (ੲ) ਜੀ ਹਾਂ ।
(ਬੀ) ਨਹੀਂ ਜੀ ।

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਸਕੂਲਾਂ ਦੇ ਉਸਤਾਦਾਂ ਦੀ ਸੀਕਿਉਰਿਟੀ ਆਫ਼ ਸਰਵਿਸ ਦਾ ਕਾਨੂੰਨ ਜੋ ਬਣਿਆ ਹੈ, ਜਿਹੜੇ ਪ੍ਰਾਈਵੇਟ ਕਾਲਜਾਂ ਦੇ ਟੀਚਰਜ਼ ਹਨ ਉਨ੍ਹਾਂ ਦੀ ਸੀਕਿਉਰਿਟੀ ਆਫ਼ ਸਰਵਿਸ ਦੀ ਮੰਗ ਕਾਫ਼ੀ ਦੇਰ ਤੋਂ ਚਲੀ ਆ ਰਹੀ ਹੈ ਉਨ੍ਹਾਂ ਦੇ ਲਈ ਕਾਨੂੰਨ ਬਣਾਉਣਾ ਕੀ ਸਰਕਾਰ ਮੁਨਾਸਬ ਨਹੀਂ ਸਮਝਦੀ ?

ਸੰਸਦ ਸਕੱਤਰ: ਸਪੀਕਰ ਸਾਹਿਬ, ਇਹ ਜਿਹੜੇ ਪ੍ਰਾਈਵੇਟ ਕਾਲਿਜਜ਼ ਹਨ ਇਹ ਯੂਨੀਵਰਸਿਟੀ ਨਾਲ ਅਫ਼ੀਲੀਏ ਟਿਡ ਹਨ ਉਨ੍ਹਾਂ ਨੇ ਆਪਣੇ ਕਾਨੂੰਨ ਵਿਚ ਕੁਝ ਕੀਤਾ ਹੈ ।

ਕਾਮਰੇਡ ਸਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਸ ਤਰ੍ਹਾਂ ਸਕੂਲਾਂ ਦੇ ਕੇਸਿਜ਼ ਵਿਚ ਅਜੂਕੇਸ਼ਨ ਬੋਰਡ ਦੇ ਵਿਚ ਸੀਕਿਉਰਿਟੀ ਆਫ਼ ਸਰਵਿਸ ਬਾਰੇ ਪ੍ਰੋਵੀਜ਼ਨ ਨਾਕਾਫ਼ੀ ਸਾਬਤ ਹੋਇਆ ਹੈ ਇਸ ਤਰ੍ਹਾਂ ਯੂਨੀਵਰਸਟੀ ਵਿਚ ਜਿਹੜੇ ਪ੍ਰੋਵੀਜ਼ਨ ਹਨ ਉਹ ਸੀਕਿਉਰਿਟੀ ਆਫ਼ ਸਰਵਿਸ ਨਹੀਂ ਕਰਦੇ ਇਸ ਤੇ ਸਰਕਾਰ ਫ਼ਿਰ ਕੋਈ ਵਿਚਾਰ ਕਰਨ ਨੂੰ ਤਿਆਰ ਹੈ ?

ਸੰਸਦ ਸਕੱਤਰ: ਜਿਥੇ ਯੂਨੀਵਰਸਿਟੀ ਨਾ ਕਾਫ਼ੀ ਇੰਤਜ਼ਾਮ ਕਰਦੀ ਹੈ, ਉਨ੍ਹਾਂ ਤੇ ਅਸੀਂ ਐਕਸ਼ਨ ਲੈਂਦੇ ਹਾਂ ਔਰ ਉਨ੍ਹਾਂ ਦੀ ਗਰਾਂਟ ਬੰਦ ਕਰ ਦਿੰਦੇ ਹਾਂ। (ਵਿਘਨ)

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਸਿਖਿਆ ਵਿਭਾਗ ਦੀਆਂ ਜਿਹੜੀਆਂ ਕੈਟੇਗਰੀਜ਼ ਨੂੰ ਸਰਵਿਸ ਔਰ ਤਨਖਾਹਾਂ ਵਿਚ ਪ੍ਰਾਈਵੇਟ ਮੈਨੇਜਮੈਂਟ ਤਹੱਫਜ਼ ਨਹੀਂ ਦਿੰਦੀ ਕੀ ਸਰਕਾਰ ਨੇ ਹੁਣ ਤਕ ਕੋਈ ਇਹੋ ਜਹੀ ਚੀਜ਼ ਕਰਨੀ ਮੁਨਾਸਬ ਨਹੀਂ ਸਮਝੀ ਜਿਸ ਨਾਲ ਉਨ੍ਹਾਂ ਨੂੰ ਤਹੱਫਜ਼ ਮਿਲ ਸਕੇ ? (ਵਿਘਨ)

ਸੰਸਦ ਸਕੱਤਰ : ਇਸ ਦੇ ਵਾਸਤੇ ਸੈਪੇਰੇਟ ਨੋਟਿਸ ਦਿਓ । (ਵਿਘਨ)

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਇਹ ਹਕੀਕਤ ਨਹੀਂ ਕਿ ਕਾਲਜ ਟੀਚਰਜ਼ ਜਿਨ੍ਹਾਂ ਨਾਲ ਬੇਇਨਸਾਫੀ ਹੋਈ ਉਨ੍ਹਾਂ ਦੀ ਯੂਨੀਅਨ ਨੇ ਆਵਾਜ਼ ਉਠਾਈ ਤਾਂ ਉਨ੍ਹਾਂ ਦੀ ਆਵਾਜ਼ ਬੰਦ ਕੀਤੀ ਗਈ। ਕੀ ਮੌਜੂਦਾ ਗੌਰਮਿੰਟ ਦੀ ਡਿਊਟੀ ਨਹੀਂ ਕਿ ਉਨ੍ਹਾਂ ਨੂੰ ਤਹੱਫਜ਼ ਦਿਤਾ ਜਾਵੇ ?

ਸੰਸਦ ਸਕੱਤਰ : ਸਪੀਕਰ ਸਾਹਿਬ, ਰਿਪ੍ਰੈਜ਼ੈਂਟੇਸ਼ਨਜ਼ ਜ਼ਰੂਰ ਆਈਆਂ ਹਨ ਔਰ ਅਸੀਂ ਇਸ ਸਬੰਧ ਵਿਚ ਪੜਤਾਲ ਕਰ ਰਹੇ ਹਾਂ । (ਵਿਘਨ)

चौधरी बलबीर सिंह : इन डीमांड्ज़ में टीचर्ज़ ने यह भी डीमांड की थी कि सीनीयर लैक्चरर ग्रेड जो है वह भी लागू किया जाए । क्या इस बारे में सरकार यूनिवर्सिटी को कहेगी ? (विघ्न)

ਸੰਸਦ ਸਕੱਤਰ : ਇਸ ਦੇ ਵਾਸਤੇ ਸੈਪੇਰੇਟ ਨੋਟਿਸ ਚਾਹੀਦਾ ਹੈ । (ਵਿਘਨ)

ਸ਼੍ਰੀ ਸਪੀਕਰ : ਇਹ ਸਪਲੀਮੈਂਟਰੀ ਤਾਂ ਇਸ ਸਵਾਲ ਵਿਚੋਂ ਨਹੀਂ ਉਠਦਾ । (ਵਿਘਨ)।
(This supplementary question does not arise.) (Interruption)

***Starred Question No. 2026**

ਸੁਰਜੀਤ ਸਿੰਘ

ਸਿਖਿਆ ਮੰਤਰੀ,
ਸਿਖਿਆ ਵਿਭਾਗ,
ਪੰਜਾਬ, ਚੰਡੀਗੜ੍ਹ ।

ਅ: ਸ: ਨੰ: 653-1 ਸੀ 2-71/
ਮਿਤੀ 19 ਜਨਵਰੀ, 1971

ਪਿਆਰੇ ਸ: ਦਰਬਾਰਾ ਸਿੰਘ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2026, ਜੋ ਮਿਤੀ 20 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸਤਿਆ ਪਾਲ ਡਾਂਗ ਦੇ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 25 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਹਿਤੂ,
ਸੁਰਜੀਤ ਸਿੰਘ ।

ਸ਼੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

---

*For Starred Question No. 2026 and its reply please see Punjab Vidhan Sabha Debate dated 2 th January, 1971

Starred Question No. 2076

ਸਿਖਿਆ ਮੰਤਰੀ,
ਸਿਖਿਆ ਵਿਭਾਗ, ਪੰਜਾਬ
ਚੰਡੀਗੜ੍ਹ ।

ਸਰਦਾਰ ਸੁਰਜੀਤ ਸਿੰਘ

ਅ: ਸ: ਪ: ਨੰ: 456-ਜਿ-3(3ਸ)-71/
ਮਿਤੀ ਚੰਡੀਗੜ੍ਹ, ਜਨਵਰੀ, 1971

ਵਿਸ਼ਾ :—ਲੁਧਿਆਣਾ ਸ਼ਹਿਰ ਵਿਚ ਪ੍ਰਾਇਮਰੀ ਸਕੂਲਾਂ ਬਾਬਤ ਸ੍ਰੀ ਸਰਦਾਰੀ ਲਾਲ ਕਪੂਰ, ਐਮ. ਐਲ. ਏ. ਵਲੋਂ *ਪ੍ਰਸ਼ਨ ਨੰ: 2076

ਪਿਆਰੇ ਸ੍ਰ: ਦਰਬਾਰਾ ਸਿੰਘ ਜੀ,

ਪੰਜਾਬ ਵਿਧਾਨ ਸਭਾ ਦੇ ਨਿਸ਼ਾਨ ਵਾਲੇ ਪ੍ਰਸ਼ਨ ਨੰ: 2076 ਜੋ ਮਿਤੀ 20 ਜਨਵਰੀ, 1971 ਲਈ ਪ੍ਰਸ਼ਨਾਂ ਦੀ ਸੂਚੀ ਵਿਚ ਸ੍ਰੀ ਸਰਦਾਰੀ ਲਾਲ ਕਪੂਰ ਦੇ ਵਲੋਂ ਦਰਜ ਹੈ, ਦਾ ਉਤਰ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੇ ਇਕੱਤਰ ਕੀਤਾ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪ੍ਰਸ਼ਨ ਦੇ ਉਤਰ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਪ੍ਰਸ਼ਨ ਨੂੰ ਮਿਤੀ 29 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਆਪ ਦਾ ਹਿਤੂ,

(ਸਹੀ) ਸੁਰਜੀਤ ਸਿੰਘ

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਸ੍ਰੀ ਸਰਦਰੀ ਲਾਲ ਕਪੂਰ : ਸਪੀਕਰ ਸਾਹਿਬ, ਇਸ ਸਵਾਲ ਨੂੰ ਅੱਗੇ ਪਾਉਣ ਲਈ ਮੈਂ ਨਹੀਂ ਸਮਝ ਸਕਿਆ ਕਿ ਇਹ ਕਿਉਂ ਪਾਇਆ ਗਿਆ ਹੈ ? ਸਕੂਲਾਂ ਦੀ ਛੱਤਾਂ ਜਿਥੇ ਬੱਚੇ ਪੜ੍ਹਦੇ ਹਨ ਉਹ ਡਿਗਣ ਵਾਲੀਆਂ ਹਨ । ਇਹ ਸਵਾਲ ਬੜਾ ਜ਼ਰੂਰੀ ਹੈ । ਇਸ ਦਾ ਜਵਾਬ ਸਰਕਾਰ ਨੂੰ ਕਹੋ ਕਿ ਇਸੇ ਸੈਸ਼ਨ ਵਿਚ ਦੇ ਦੇਣ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਕਪੂਰ ਸਾਹਿਬ, ਤੁਸੀਂ ਸਰਕਾਰ ਨੂੰ ਸਪੋਰਟ ਨਹੀਂ ਸੀ ਨਾ ਕਰਨਾ । (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ: ਪਹਿਲਾਂ ਤੁਸੀਂ ਵੀ ਕਰਦੇ ਰਹੇ ਹੋ ਹੁਣ ਅਸੀਂ ਕੀਤੀ ਹੈ ਤਾਂ ਕੀ ਹੋਇਆ । (ਵਿਘਨ)

ਸ੍ਰੀ ਸਪੀਕਰ : ਮੈਂ ਸਰਕਾਰ ਨੂੰ ਕਹਾਂਗਾ ਕਿ ਜ਼ਰੂਰ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਜਾਵੇ । (ਵਿਘਨ) (I would request the Government to try to furnish the reply.) (*Interruption*)

Headmasters selected out of State/Provincial Cadre

***2138. Sardar Surjit Singh Atwal** : Will the Minister for Education be pleased to state—

(a) the number of Headmasters selected out of the State Cadre and Provincial Cadre under Punjab Education Department order No. Es-8/26-70, dated 16th October, 1970 ;

(b) the number of Headmasters out of those mentioned in part (a) above belonging to the Scheduled Castes and Backward Classes, separately, who were selected according to the percentage of reservation made for them by the Government ; if no such Headmasters were selected, the reasons therefor ?

ਸਰਦਾਰ ਬਸੰਤ ਸਿੰਘ ਖਾਲਸਾ (ਸੰਸਦ ਸਕੱਤਰ, ਸਿਖਿਆ) : (ੲ) ਸਟੇਟ ਕਾਡਰ ਦੇ 85 ਮਾਸਟਰਾਂ ਅਤੇ ਪਰੋਵਿਨਸ਼ਲਾਈਜ਼ਡ ਕਾਡਰ ਦੇ 6 ਮਾਸਟਰਾਂ ਨੂੰ ਤਰੱਕੀਆਂ ਬਤੌਰ ਮੁੱਖ ਅਧਿਆਪਕ ਪਤੱਰ ਨੰ: 8/26–70 ਈ ਐਸ (1), ਮਿਤੀ 16 ਅਕਤੂਬਰ, 1970 ਰਾਹੀਂ ਦਿਤੀਆਂ ਗਈਆਂ ।

(ਬੀ) ਅਨੁਸੂਚਿਤ ਜਾਤੀਆਂ ਅਤੇ ਪਛੜੇ ਵਰਗਾਂ ਦੇ ਕਰਮਚਾਰੀਆਂ ਦੇ ਵੇਰਵੇ ਮੁਕੰਮਲ ਨਹੀਂ ਸੀ ਹੋ ਸਕੇ ਜਿਸ ਕਰਕੇ ਮਿਤੀ 16 ਅਕਤੂਬਰ, 1970 ਨੂੰ ਹੀ ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਨੂੰ ਰੀਜ਼ਰਵੇਸ਼ਨ ਦੇ ਅਧਾਰ ਤੇ ਤਰੱਕੀਆਂ ਨਹੀਂ ਦਿਤੀਆਂ ਜਾ ਸਕੀਆਂ । ਵੇਰਵੇ ਮੁਕੰਮਲ ਹੋਣ ਤੇ ਅਨੁਸੂਚਿਤ ਜਾਤੀਆਂ ਦੇ 3 ਯੋਗ ਕਰਮਚਾਰੀਆਂ ਨੂੰ ਰੀਜਰਵੇਸ਼ਨ ਦੇ ਅਧਾਰ ਤੇ ਤਰੱਕੀਆਂ ਬਤੌਰ ਮੁੱਖ ਅਧਿਆਪਕ ਦੇ ਦਿਤੀਆਂ ਗਈਆਂ ਹਨ । ਪਛੜੀਆਂ ਸ਼੍ਰੇਣੀਆਂ ਦੇ ਕਰਮਚਾਰੀਆਂ ਨੂੰ ਤਰੱਕੀ ਬਤੌਰ ਮੁੱਖ ਅਧਿਆਪਕ ਦੇਣ ਬਾਰੇ ਕੇਸ ਵਿਚਾਰ ਅਧੀਨ ਹੈ ।

[(a) 85 and 6 masters born on the State Cadre and Provincialised Cadre, respectively, were promoted as headmasters,—*vide* order No. 8/26-70-ES(1), dated the 16th October, 1970.

(b) The particulars of masters belonging to scheduled castes and backward classes could not be completed and as such they could not be promoted as Headmasters with effect from the 16th October, 1970. On completion of their partiuclars, three suitable masters belonging to scheduled castes were promoted about a month later as Headmasters. The case relating to the promotion of masters belonging to backward classes is under consideration.]

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਉਨ੍ਹਾਂ ਅਫਸਰਾਂ ਦੇ ਖਿਲਾਫ ਜਿਨ੍ਹਾਂ ਨੇ ਇਕ ਸਾਲ ਵਿਚ ਉਨ੍ਹਾਂ ਦੀ ਪ੍ਰੋਮੋਸ਼ਨਜ਼ ਦਾ ਰੈਲੇਵੈਂਟ ਰਿਕਾਰਡ ਤਿਆਰ ਨਹੀਂ ਕੀਤਾ, ਕੀ ਉਨ੍ਹਾਂ ਦੇ ਖਿਲਾਫ਼ ਕੋਈ ਐਕਸ਼ਨ ਲੈਣਗੇ ?

ਸੰਸਦ ਸਕੱਤਰ (ਸਿਖਿਆ) : ਇਸ ਤੇ ਵਿਚਾਰ ਕੀਤੀ ਜਾ ਸਕਦੀ ਹੈ ।

ਸਰਦਾਰ ਗੁਰਬੰਤਾ ਸਿੰਘ : ਕੀ ਪਾਰਲੀਮੈਂਟਰੀ ਸੈਕਟਰੀ ਸਾਹਿਬ ਦੱਸਣਗੇ ਕਿ ਹੁਣ ਤਾਂ ਪਛੜੀਆਂ ਸ਼ਰੇਣੀਆਂ ਦੇ ਕਰਮਚਾਰੀਆਂ ਲਈ ਸੁਪਰੀਮ ਕੋਰਟ ਨੇ ਰਿਜ਼ਰਵੇਸ਼ਨ ਕਰ ਦਿਤੀ ਹੈ ਇਸ ਲਈ ਪਛੜੀਆਂ ਸ਼ਰੇਣੀਆਂ ਦੇ ਜਿਹੜੇ ਬਾਕੀ ਦੇ ਮਾਸਟਰ ਔਰ ਮਾਸਟਰਾਣੀਆਂ ਰਹਿ ਗਈਆਂ ਹਨ ਉਸ ਲਾਈਟ ਵਿਚ ਜਲਦੀ ਹੀ ਇਹ ਚੀਜ਼ ਕਨਸਿਡਰ ਕਰਨਗੇ ਔਰ ਪ੍ਰੋਮੋਸ਼ਨ ਦਿਤੀ ਜਾਵੇਗੀ ?

ਸੰਸਦ ਸਕੱਤਰ (ਸਿਖਿਆ): ਜ਼ਰੂਰ ਕੀਤੀ ਜਾਵੇਗੀ।

चौधरी बलबीर सिंह : क्या पार्लीमैंटरी सैक्टरी साहिब बतायेंगे कि क्या वह इस बात के लिये तैयार हैं कि जितनी देर तक रिज़र्वेशन सम्बन्धी जो अनुसूचित जातियों के केसिज़ हैं वह मुकम्मल नहीं होते उतनी देर तक बाकी की ऐप्वायन्टमैंट्स रोक दी जाएं ताकि आगे के लिये यह झगड़ा पैदा न हो ? (विघ्न)

ਸੰਸਦ ਸਕੱਤਰ (ਸਿਖਿਆ): ਹਾਲੀ ਤਕ ਕੋਈ ਐਸਾ ਵਿਚਾਰ ਨਹੀਂ ਹੈ।

चौधरी बलबीर सिंह : क्या आगे को विचार करने को तैयार हैं ? (विघ्न)
(ਕੋਈ ਜਵਾਬ ਨਹੀਂ ਦਿਤਾ ਗਿਆ)।

ਡਾਕਟਰ ਅਮੀਰ ਸਿੰਘ ਕਲਕਟ : ਕੀ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਜਦੋਂ ਵੀ ਕੋਈ ਸ਼ਡੂਲਡ ਕਾਸਟ ਜਾਂ ਸ਼ਡੂਲਡ ਟਰਾਈਬਜ਼ ਦਾ ਸਵਾਲ ਆਉਂਦਾ ਹੈ ਤਾਂ ਉਸ ਵਿਚ ਸੁਸਤ ਰਫ਼ਤਾਰੀ ਕੀਤੀ ਜਾਂਦੀ ਹੈ, ਆਇਆ ਇਹ ਗੌਰਮਿੰਟ ਦੀ ਕੋਈ ਪਾਲਿਸੀ ਹੈ ਜਿਸ ਦੇ ਤਹਿਤ ਇਹ ਸੁਸਤ ਰਫ਼ਤਾਰੀ ਕੀਤੀ ਜਾਂਦੀ ਹੈ ? (ਵਿਘਨ)

ਸ੍ਰੀ ਸਪੀਕਰ: ਗੌਰਮਿੰਟ ਦੀ ਪਾਲਿਸੀ ਹੈ ਜਾਂ ਪੁਰਾਣਾ ਰਿਵਾਜ ਹੈ। (ਵਿਘਨ) (Is it the Government's policy or an old tradition ?) (*Interruption*)

Appointments of Headmasters and Headmistresses in Government Schools

*2277. **Comrade Babu Singh Master** : Will the Minister for Education be pleased to state—

(a) the number of Headmasters and Headmistresses in Government Schools appointed/promoted as such during 1970 together with the criteria regarding qualification and service kept in view for their promotion ;

(b) the percentage amongst those mentioned in part (a) above who were appointed as a result of direct recruitment ;

(c) the date(s) on which the orders of promotion/appointment were conveyed to each one of them ;

(d) the number of posts of Headmasters and Headmistresses in Government Schools which remained vacant upto the month of December, 1970 and continue to be so up-to-date in districts Bhatinda, Sangrur and Ferozepur together with the reasons, if any ;

(e) the steps, if any, taken by the Government to fill the vacancies mentioned in part (d) above ;

(f) whether some of the Headmasters/Headmistresses did not join the posts ; if so, the action, taken against them ?

ਸਰਦਾਰ ਬਸੰਤ ਸਿੰਘ ਖਾਲਸਾ (ਸੰਸਦ ਸਕੱਤਰ ਸਿਖਿਆ) (a) (i) Headmasters—113 ; Headmistresses—64.

(ii) Promotions are given on the basis of seniority-cum-merit. The promotees should have B.A./B.Ed./B.T. qualifications and eight years. experience as master/mistress.

[ਸੰਸਦ ਸਕੱਤਰ ਸਿਖਿਆ]

(b) Nil.

(c) Headmasters		Headmistresses	
No. of Headmasters promoted	Date of order	No. of Headmistresses promoted	Date of order
2	21-1-70	1	10-2-70
1	4-3-70	2	21-5-70
1	24-4-70	7	29-7-70
1	31-8-70	34	16-10-70
91	16-10-70	20	25-11-70
5	12-11-70	64	
3	23-11-70		
9	24-11-70		
113			

(d) No. of posts of Headmasters/Headmistresses remained vacant in the district of :—

District	Vacancies up-to-date	
	Headmasters	Headmistresses
Bhatinda ..	7	6
Sangrur ..	4	6
Ferozepur ..	15	10

The vacancies could not be filled up due to non-availability of :—

(i) Public Service Commission recommendations against direct quota.

(ii) Eligible Scheduled Castes candidates against reserved vacancies.

(iii) Stations of choice to the promotees and married ladies.

(e) The vacancies will be filled up as soon as possible.

(f) Yes. It has been decided to debar them for a period of two years.

[(ੲ) ਮੁੱਖ ਅਧਿਆਪਕ–113, ਮੁੱਖ ਅਧਿਆਪਕਾਵਾਂ–64 ਤਰੱਕੀ ਸੀਨੀਅਰਤਾ ਦੇ ਅਧਾਰ ਤੇ ਬੀ. ਏ, ਬੀ. ਐਡ./ਬੀ. ਟੀ. ਮਾਸਟਰ/ਮਿਸਟਰੈਸਾਂ ਨੂੰ ਦਿਤੀ ਜਾਂਦੀ ਹੈ। ਇਸ ਲਈ ਅੱਠ ਸਾਲ ਬਤੌਰ ਮਾਸਟਰ/ਮਿਸਟਰੈਸ ਤਜਰਬਾ ਭੀ ਜ਼ਰੂਰੀ ਹੈ।

(ਬੀ) ਨਿਲ

(ਸੀ)

ਮੁੱਖ ਅਧਿਆਪਕ		ਮੁੱਖ ਅਧਿਆਪਕਾਵਾਂ	
2	21 ਜਨਵਰੀ, 1970	1	10 ਫਰਵਰੀ, 1970
1	4 ਮਾਰਚ, 1970	2	30 ਜਨਵਰੀ, 1970
1	24 ਅਪਰੈਲ, 1970	7	29 ਜੁਲਾਈ, 1970
1	31 ਅਗਸਤ, 1970	34	16 ਅਕਤੂਬਰ, 1970
91	16 ਅਕਤੂਬਰ, 1970	20	25 ਨਵੰਬਰ, 1970
5	12 ਨਵੰਬਰ, 1970		
3	23 ਨਵੰਬਰ, 1970		
9	24 ਨਵੰਬਰ, 1970	64	
113			

(ਡੀ) ਰਾਜ ਵਿਚ ਖਾਲੀ ਆਸਾਮੀਆਂ :—

ਮੁੱਖ ਅਧਿਆਪਕ 34 ਮੁੱਖ ਅਧਿਆਪਕਾਵਾਂ 38

ਜ਼ਿਲਾ ਬਠਿੰਡਾ, ਸੰਗਰੂਰ ਤੇ ਫਿਰੋਜ਼ਪੁਰ ਦੀ ਸੂਚੀ ਇਸ ਪ੍ਰਕਾਰ ਹੈ:—

ਬਠਿੰਡਾ ਹੁਣ ਤੱਕ ...	7	6
ਸੰਗਰੂਰ ਹੁਣ ਤੱਕ ...	4	6
ਫਿਰੋਜ਼ਪੁਰ ਹੁਣ ਤੱਕ ...	15	10

ਇਹ ਅਸਾਮੀਆਂ ਖਾਲੀ ਰਹਿਣ ਦਾ ਕਾਰਣ ਇਸ ਪਰਕਾਰ ਹੈ :—

(1) ਪੰਜਾਬ ਪਬਲਿਕ ਸਰਵਿਸ ਕਮਿਸ਼ਨ ਤੋਂ ਸਿੱਧੀ ਭਰਤੀ ਦੇ ਕੋਟੇ ਵਿਰੁਧ ਯੋਗ ਉਮੀਦਵਾਰਾਂ ਦੀ ਸੂਚੀ ਨਾ ਪ੍ਰਾਪਤ ਹੋਣਾ।

(2) ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਆਸਾਮੀਆਂ ਵਿਰੁਧ ਯੋਗ ਉਮੀਦਵਾਰਾਂ ਦਾ ਨਾ ਮਿਲਣਾ।

(3) ਤਰੱਕੀ ਪਾਉਣ ਵਾਲੇ ਕਰਮਚਾਰੀਆਂ ਨੂੰ ਮਨ ਪਸੰਦ ਦੇ ਸਟੇਸ਼ਨ ਨਾ ਮਿਲਣਾ।

(ਈ) ਖਾਲੀ ਅਸਾਮੀਆਂ ਨੂੰ ਅਗ੍ਹੇ ਯੋਗ ਮਾਸਟਰ/ਮਿਸਟਰੈਸਾਂ ਨੂੰ ਤਰੱਕੀ ਦੇ ਕੇ ਭਰਿਆ ਜਾ ਰਿਹਾ ਹੈ।

(ਐਫ) ਹਾਂ ਜੀ। ਜਿਹੜੇ ਮਾਸਟਰ/ਮਿਸਟਰੈਸਾਂ ਤਰੱਕੀ ਪ੍ਰਾਪਤ ਕਰਕੇ ਆਪਣੀ ਡਿਊਟੀ ਤੇ ਹਾਜ਼ਰ ਨਹੀਂ ਹੁੰਦੇ ਉਹਨਾਂ ਨੂੰ ਦੋ ਸਾਲ ਲਈ ਤਰੱਕੀ ਤੋਂ ਵਾਂਝਾ ਕੀਤਾ ਜਾਂਦਾ ਹੈ।]

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਆਰਡਰ ਉਨ੍ਹਾਂ ਦੇ 25 ਨਵੰਬਰ, 1970 ਨੂੰ ਹੋਏ ਹਨ ਔਰ ਕਲਾਸਾਂ ਅਪਰੈਲ ਨੂੰ ਲਗਦੀਆਂ ਹਨ, ਕੀ ਇਸ ਦੇ ਨਾਲ ਸਾਡੇ ਸਕੂਲਾਂ ਦੀ ਐਜੂਕੇਸ਼ਨ ਤੇ ਅਸਰ ਨਹੀਂ ਪਵੇਗਾ ? (ਵਿਘਨ)

ਸੰਸਦ ਸਕੱਤਰ (ਸਿਖਿਆ): ਜਦੋਂ ਕੇਸਿਜ਼ ਮੁਕੰਮਲ ਹੋਏ ਹਨ ਉਨ੍ਹਾਂ ਨੂੰ ਲਗਾ ਦਿਤਾ ਹੈ। ਜੇ ਨਾ ਲਗਾਉਂਦੇ ਤਾਂ ਫਿਰ ਤੁਸੀਂ ਕਹਿਣਾ ਸੀ ਦੇਰੀ ਹੋ ਗਈ ਹੈ। (ਵਿਘਨ)

चौधरी बलबीर सिंह : क्या पार्लियामैंट्री सैक्टरी साहिब बतायेंगे कि इस के बारे में जो रिक्रूटमैंट की जाती है, उस में कितनी परसैंटेज स्टाफ को दी जाती है और कितने परसैंट डायरैक्ट रिक्रूटस लेते हैं ? (विघ्न) इस के बारे में सवाल के part 'b' में दर्ज है :—

The percentage amongst those mentioned in part (a) above who were appointed as a result of direct recruitment.

ਸੰਸਦ ਸਕੱਤਰ (ਸਿਖਿਆ): ਇਸ ਦੇ ਵਾਸਤੇ ਸੈਪੇਰੇਟ ਕੁਐਸਚਨ ਕਰ ਦਿਉ, ਜਵਾਬ ਦੇ ਦਿਆਂਗੇ।

चौधरी बलबीर सिंह : यह चीज़ इसी क्वैस्चन में दर्ज है। अलहदा क्वैस्चन करने का सवाल ही पैदा नहीं होता। (विघ्न)

(ਕੋਈ ਉਤਰ ਨਹੀਂ ਆਇਆ)।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਪਾਰਲੀਆਮੈਂਟਰੀ ਸਕੱਤਰ ਸਾਹਿਬ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਇਨ੍ਹਾਂ ਦੀ ਐਪੁਆਇਟਮੈਂਟਸ ਵਾਸਤੇ ਕੋਈ ਤਰੀਕਾ ਇਖਤਿਆਰ ਕੀਤਾ ਹੈ ?

ਸੰਸਦ ਸਕੱਤਰ: ਇਸ ਬਾਰੇ ਕਮੇਟੀ ਨੂੰ ਹੀ ਪਤਾ ਹੈ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਪਾਰਲੀਮੈਂਟਰੀ ਸਕੱਤਰ ਸਾਹਿਬ ਦਸਣ ਦੀ ਕਿਰਪਾ ਕਰਨਗੇ ਕਿ ਹੁਣ ਵੀ ਜਿਹੜੀਆਂ ਹੈਡਮਾਸਟਰਾਂ ਤੇ ਹੈਡਮਿਸਟਰੈਸਾਂ ਦੀਆਂ ਥਾਵਾਂ ਖਾਲੀ ਪਈਆਂ ਹਨ, ਉਨ੍ਹਾਂ ਨੂੰ ਪੁਰ ਕਰਨ ਦਾ ਕੋਈ ਉਪਰਾਲਾ ਕੀਤਾ ਜਾਵੇਗਾ ?

ਸੰਸਦ ਸਕੱਤਰ: ਇਸ ਲਈ ਉਪਰਾਲੇ ਕੀਤੇ ਜਾ ਰਹੇ ਹਨ।

Dharamshalas for Harijans

***2195. Comrade Dana Ram** : Will the Minister for Social Welfare be pleased to state—

(a) the number of Dharamshalas sanctioned in each of the various Assembly Constituencies to be constructed in Harijan abadies of the villages in the State during the period from 1st April, 1970 to 31st December, 1970 ;

(b) the total amount of money sanctioned for the purpose in each of the above mentioned constituencies during the said period ?

Dr. Bhagat Singh : (a) The number of Dharamshalas sanctioned in Harijan abadies of the villages during the period 1st April, 1970 to 31st December, 1970 is given district-wise in the statement attached (Annexure 'A').

(b) Total amount of money sanctioned for the purpose is also given in the statement enclosed (Annexure. 'A').

[(ਏ) ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਲਈ 1 ਅਪਰੈਲ, 1970 ਤੋਂ 31 ਦਸੰਬਰ, 1970 ਤੱਕ ਜ਼ਿਲ੍ਹੇਵਾਰ ਪਰਵਾਨ ਹੋਈਆਂ ਧਰਮਸ਼ਾਲਾਂ ਦੀ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ ।

(ਬੀ) ਉਪਰੋਕਤ ਮੰਤਵ ਲਈ ਪ੍ਰਵਾਨ ਹੋਈ ਰਕਮ ਦਾ ਵੇਰਵਾ ਨਾਲ ਨੱਥੀ ਕੀਤਾ ਜਾਂਦਾ ਹੈ ।]

ANNEXURE 'A'

DHARAMSHALAS, 1970-71

Serial No.	District		Approved Dharamshalas		Amount
			New	Old	
					Rs
1	Amritsar	..	40	3	2,26,000
2	Bhatinda	..	76	12	4,42,000
3	Ferozepur	..	60	3	3,36,000
4	Gurdaspur	..	25	..	1,37,500
5	Jullundur	..	41	3	2,31,500
6	Hoshiarpur	..	45	5	2,57,500
7	Kapurthala	..	7	1	40,500
8	Ludhiana	..	34	13	2,13,000
9	Patiala	..	76	5	4,28,000
10	Ropar	..	17	..	93,500
11	Sangrur	..	51	8	2,94,500
	Total	..	472	53	27,00,000

ਕਾਮਰੇਡ ਦਾਨਾ ਰਾਮ : ਸਪੀਕਰ ਸਾਹਿਬ, ਮੈਂ ਤਾਂ ਇਨਫ਼ਰਮੇਸ਼ਨ ਜਿਹੜੀ ਪੁੱਛੀ ਸੀ, ਉਹ ਜ਼ਿਲ੍ਹੇ ਵਾਰ ਨਹੀਂ ਸੀ, ਹਲਕੇ-ਵਾਰ ਸੀ, ਇਸ ਲਈ ਹਲਕੇ ਵਾਰ ਜਵਾਬ ਦਿਤਾ ਜਾਵੇ ।

ਸਮਾਜ ਭਲਾਈ ਮੰਤਰੀ : ਇਸ ਬਾਰੇ ਰੂਲਜ਼ ਵਿਚ ਕੋਈ ਪ੍ਰੋਵੀਜ਼ਨ ਨਹੀਂ ਅਤੇ ਹਲਕੇ-ਵਾਰ ਇਨਫ਼ਰਮੇਸ਼ਨ ਦੇਣ ਵਿਚ ਕਈ ਮੁਸ਼ਕਲਾਂ ਹਨ।

ਕੈਪਟਨ ਰਤਨ ਸਿੰਘ : ਕੀ ਮੰਤਰੀ ਸਾਹਿਬ, ਉਹ ਰੂਲ ਕੋਟ ਕਰਨਗੇ ਕਿ ਜੇਕਰ ਕੰਸਟੀਚੁਐਂਸੀ-ਵਾਈਜ਼ ਇਨਫ਼ਰਮੇਸ਼ਨ ਮੰਗੀ ਜਾਵੇ ਅਤੇ ਸਪਲਾਈ ਨਾ ਕਰ ਸਕਦੇ ਹੋਣ....

[Captain Rattan Singh]

The information has been sought for constituency-wise. The Minister should give the information constituency-wise. There are no rules which debar the giving of information constituency-wise.

Minister for Social Welfare : There are no such rules which debar the giving of information constituency-wise. But the point is that there are certain definite rules which govern the sanctioning of Dharamshalas to be constructed in Harijan abadies of the villages.

ਸ੍ਰੀ ਸਪੀਕਰ : ਅਸਲ ਵਿੱਚ ਗੱਲ ਇਹ ਹੈ ਕਿ ਸਵਾਲ ਬੜਾ ਲੰਬਾ ਚੌੜਾ ਸੀ ਅਤੇ ਵਜ਼ੀਰ ਸਾਹਿਬ ਨੇ ਬੜੀ ਜਲਦੀ ਹੀ, ਜੋ ਕਰਾਈਟੇਰੀਆ ਉਨ੍ਹਾਂ ਨੇ ਰਖਿਆ ਹੋਇਆ ਸੀ, ਉਸ ਦੇ ਮੁਤਾਬਿਕ ਜਵਾਬ ਦੇ ਦਿਤਾ ਹੈ, ਕੋਈ ਐਸੀ ਵੈਸੀ ਗੱਲ ਨਹੀਂ ਜਾਪਦੀ, ਜਿਹੜੀ ਹਾਊਸ ਤੋਂ ਲਕੋਣ ਲਈ ਕੀਤੀ ਗਈ ਹੋਵੇ। (ਸ਼ੋਰ) (ਵਿਘਨ) (The question was a lengthy one. The Minister concerned gave its reply promptly according to the criteria already fixed by him for the purpose. I do not think any effort has been made to conceal anything from the House) (*Interruption*) (*Noise*)

चौधरी बलबीर सिंह : क्या मन्त्री महोदय बतायेंगे कि ज़िलावार लिस्ट उनके पास पहुंच गई है, अगर पहुंची है तो उस लिस्ट के कंस्टीचुयैंसी-वाईज़ करने में क्या दिक्कत होती है ?

ਮੰਤਰੀ : ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਇਨਫ਼ਰਮੇਸ਼ਨ ਹੁੰਦੀ ਹੈ ਇਹ ਪਟਵਾਰ ਸਰਕਲ ਦੇ ਮੁਤਾਬਕ ਜ਼ਿਲ੍ਹਾ ਅਤੇ ਡਿਵੀਜ਼ਨ-ਵਾਈਜ਼ ਹੁੰਦੀ ਹੈ। ਕੰਸਟੀਚੂਐਂਸੀ-ਵਾਈਜ਼ ਇਨਫ਼ਰਮੇਸ਼ਨ ਦੇਣ ਵਾਸਤੇ ਬੜਾ ਵਕਤ ਲਗਣਾ ਹੈ ਅਤੇ ਨਾਲ ਹੀ ਕਈ ਕਿਸਮ ਦੀਆਂ ਕੰਪਲੀਕੇਸ਼ਨਜ਼ ਆਉਂਦੀਆਂ ਹਨ। ਮੈਨੂੰ ਕੰਸਟੀਚੂਐਂਸੀ-ਵਾਈਜ਼ ਦੇਣ ਵਿਚ ਵੀ ਕੋਈ ਇਤਰਾਜ਼ ਨਹੀਂ, ਕਿਉਂਕਿ ਇਸ ਵਿਚ ਬਹੁਤ ਜ਼ਿਆਦਾ ਟਾਈਮ ਲੱਗਣਾ ਹੈ, ਇਸ ਲਈ ਇਹ ਜ਼ਿਲ੍ਹੇ-ਵਾਰ ਦੇ ਦਿਤੀ ਹੈ। (ਵਿਘਨ) (ਸ਼ੋਰ)

Sardar Umrao Singh : Mr. Speaker, the question has not been properly answered. I think the Chair should not permit such type of answers. The information sought was much different from the information which has been given. (*Interruption*)

ਸਪੀਕਰ ਸਾਹਿਬ, ਮੇਰੀ ਤਾਂ ਗੁਜ਼ਾਰਿਸ਼ ਇਹ ਹੈ ਕਿ ਮੈਂਬਰ ਸਾਹਿਬ ਨੇ ਜਿਹੜੀ ਇਨਫ਼ਰਮੇਸ਼ਨ ਮੰਗੀ ਸੀ, ਉਸ ਦੇ ਮੁਤਾਬਿਕ ਜਵਾਬ ਨਹੀਂ ਆਇਆ, ਇਸ ਕਰਕੇ ਇਹ ਸਵਾਲ ਪੈਂਡਿੰਗ ਰਖਿਆ ਜਾਵੇ। (ਵਿਘਨ)

ਸਰਦਾਰ ਰਾਜਾ ਸਿੰਘ : (ਵਿਘਨ) 20 ਸਾਲ ਹੋ ਗਏ ਹਨ, ਇਨ੍ਹਾਂ ਨੇ ਇਕ ਵੀ ਧਰਮਸ਼ਾਲਾ ਨਹੀਂ ਬਣਾਈ ਅਤੇ ਜੇ ਹੁਣ ਬਣਨ ਲੱਗੀਆਂ ਹਨ, ਤਾਂ ਇਨ੍ਹਾਂ ਨੂੰ ਸਪਲੀਮੈਂਟਰੀਜ਼ ਸੁੱਝਣ ਲੱਗ ਪਈਆਂ। ਸਪੀਕਰ ਸਾਹਿਬ, ਕਿੰਨੀ ਹਮਦਰਦੀ ਹੈ ਇਨ੍ਹਾਂ ਨੂੰ ਹਰੀਜਨ ਭਰਾਵਾਂ ਨਾਲ, ਕਿੰਨਾ ਦਰਦ ਹੋ ਰਿਹਾ ਹੈ ਇਨ੍ਹਾਂ ਨੂੰ ਇਨ੍ਹਾਂ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਬਣਨ ਦਾ ? (ਵਿਘਨ)।

Captain Rattan Singh : Mr. Speaker, we require the information constituency-wise. Therefore, the question should be kept pending.

ਸ੍ਰੀ ਸਪੀਕਰ : ਕੈਪਟਨ ਸਾਹਿਬ, ਧਰਮਸ਼ਾਲਾਵਾਂ ਜਿਥੇ ਵੀ ਬਣੀਆਂ ਹਨ, ਬਣੀਆਂ ਤਾਂ ਹਰੀਜਨਾਂ ਵਾਸਤੇ ਹੀ ਹਨ। ਜੇ ਕਿਤੇ ਕੋਈ ਧਰਮਸ਼ਾਲਾ ਇਨ੍ਹਾਂ ਨੇ ਸਵਰਨ ਜਾਤੀਆਂ ਲਈ ਬਣਾਈ ਹੈ ਤਾਂ ਦੱਸੋ। (ਸ਼ੋਰ) *Addressing Captain Rattan Singh* : All the Dharamshalas have been built for the Harijans. The hon. Member may name the place where any Dharamshala has been built for non-Harijans.) (*Noise*)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਗੱਲ ਸਿਰਫ ਇਤਨੀ ਹੈ ਕਿ ਇਹ ਜਿਹੜੀ ਇਨਫਰਮੇਸ਼ਨ ਸੀਕ ਕੀਤੀ ਗਈ ਸੀ, ਉਹ ਇਸ ਕਰਕੇ ਕੀਤੀ ਗਈ ਸੀ, ਕਿਉਂਕਿ ਕਈ ਕੰਸਟੀਚੁਐਂਸੀਆਂ ਨੂੰ ਤਾਂ ਬਿਲਕੁਲ ਹੀ ਇਗਨੋਰ ਕੀਤਾ ਗਿਆ ਹੈ। ਇਨ੍ਹਾਂ ਨੇ ਆਪਣੀਆਂ ਹੀ ਕੁਝ ਕੰਸਟੀਚੁਐਂਸੀਆਂ ਵਿਚ ਧਰਮਸ਼ਾਲਾਵਾਂ ਬਣਾਈਆਂ ਹਨ। ਇਸ ਲਈ ਇਸ ਨੂੰ ਕਲ੍ਹ ਤਕ ਹੀ ਪੈਂਡਿੰਗ ਰਖ ਦਿਉ ਤਾਂ ਕਿ ਅਸੀ ਸਪਲੀਮੈਂਟਰੀ ਕਰ ਸਕੀਏ।

The answer has not been given in the way it has been sought for. Under the rules the answer should have been given in the manner the question was put.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਆਮ ਤੌਰ ਤੇ ਇਹ ਜਿਹੜੀਆਂ ਧਰਮਸ਼ਾਲਾਵਾਂ ਸੈਂਕਸ਼ਨ ਕਰਦੇ ਹਨ ਇਹ ਐਮ. ਐਲ. ਏਜ਼ ਦੀ ਸਿਫਾਰਸ਼ ਤੇ ਕਰਦੇ ਹਨ। ਕੀ ਵਜ੍ਹਾ ਹੈ ਕਿ ਕਾਮਰੇਡ ਦਾਨਾ ਰਾਮ ਦੀ ਰਿਕੁਐਸਟ ਦੇ ਬਾਵਜੂਦ, ਪਾਂਧੀ ਸਾਹਿਬ ਦੀ ਸਿਫਾਰਸ਼ ਪੁਆਉਣ ਦੇ ਬਾਵਜੂਦ ਉਨ੍ਹਾਂ ਦੀ ਕੰਸਟੀਚੁਐਂਸੀ ਦੇ ਵਿਚ ਇਕ ਵੀ ਧਰਮਸ਼ਾਲਾ ਸੈਂਕਸ਼ਨ ਨਹੀਂ ਕੀਤੀ। ਬਾਦਲ ਸਾਹਿਬ ਨੇ ਆਪਣੇ ਦਸਤਖਤਾਂ ਨਾਲ ਭਾਵੇਂ ਕੋਈ ਕਰ ਦਿਤੀ ਹੋਵੇ ਪਰ ਇਨ੍ਹਾਂ ਨੇ ਨਹੀਂ ਕੀਤੀ ?

ਮੰਤਰੀ : ਪਹਿਲਾਂ ਤਾਂ ਮੈਂ ਇਸ ਕਰਕੇ ਬੜਾ ਖ਼ੁਸ਼ ਹਾਂ ਕਿ ਧਰਮਸ਼ਾਲਾਵਾਂ ਦੇ ਇਸ ਤੇ ਮੈਂਬਰ ਸਾਹਿਬ ਬੜਾ ਇੰਟਰੈਸਟ ਲੈ ਰਹੇ ਹਨ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਜਿਹੜੇ 20 ਸਾਲਾਂ ਵਿਚ ਇਕ ਧਰਮਸ਼ਾਲਾ ਵੀ ਨਹੀਂ ਬਣਾ ਸਕੇ, ਉਹ ਅੱਜ ਰੌਲਾ ਪਾਉਣ ਲੱਗੇ ਹੋਏ ਹਨ। (ਵਿਘਨ)

ਸਰਦਾਰ ਉਮਰਾਓ ਸਿੰਘ : ਤੁਸੀਂ ਧਰਮਸ਼ਾਲਾ ਨਹੀਂ, ਗਊਸ਼ਾਲਾ ਬਣਾਉਂਦੇ ਹੋ.. .. .. .. ਹਾਸਾ.. .. ..ਵਿਘਨ।

ਸਰਦਾਰ ਰਾਜਾ ਸਿੰਘ : ਸਪੀਕਰ ਸਾਹਿਬ, ਕਾਂਗਰਸੀ ਬੈਂਚਾਂ ਵਾਲੇ ਸਾਡੇ ਨਾਲ, ਹਰੀਜਨਾਂ ਨਾਲ ਮਜ਼ਾਕ ਕਰ ਰਹੇ ਹਨ, ਇਹ ਸਾਡੇ ਤੇ ਟਿਚਕਰਾਂ ਕਰ ਰਹੇ ਹਨ। ਇਹ ਠੀਕ ਨਹੀਂ........... ਵਿਘਨ)

ਸਮਾਜ ਭਲਾਈ ਮੰਤਰੀ : ਸਾਡੇ ਮਨ ਵਿਚ ਕਾਮਰੇਡ ਦਾਨਾ ਰਾਮ ਦਾ ਉਤਨਾ ਹੀ ਸਤਕਾਰ ਹੈ ਜਿਨ੍ਹਾਂ ਕਿਸੇ ਹੋਰ ਐਮ. ਐਲ. ਏ. ਦਾ, ਇਨ੍ਹਾਂ ਦੀਆਂ ਸਿਫਾਰਸ਼ਾਂ ਅਸੀਂ ਬਾਕਾਇਦਾ ਮੰਨਦੇ ਹਾਂ। (ਸ਼ੋਰ)

(ਆਪੋਜ਼ੀਸ਼ਨ ਦੇ ਬਹੁਤ ਸਾਰੇ ਮੈਂਬਰ ਇਸ ਵੇਲੇ ਖੜ੍ਹੇ ਹੋ ਕੇ ਬੋਲਣ ਲੱਗ ਪਏ।)

ਸ੍ਰੀ ਮਨਮੋਹਨ ਕਾਲੀਆ : ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਮਿਉਂਸਪਲ ਏਰੀਆਜ਼ ਲਈ ਜੋ ਧਰਮਸ਼ਾਲਾਵਾਂ ਐਲੋਕੇਟ ਹੋਈਆਂ ਹਨ ਉਨ੍ਹਾਂ ਵਿਚੋਂ ਅਜ ਤਕ ਕਿੰਨੀਆਂ ਸੈਂਕਸ਼ਨ ਹੋਈਆਂ ਹਨ ? (ਸ਼ੋਰ)

ਸਰਦਾਰ ਕਿਰਪਾਲ ਸਿੰਘ : ਇਕ ਤਾਂ ਇਨ੍ਹਾਂ ਤੋਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਦੇ ਹਰੀਜਨਾਂ ਨੂੰ ਇਨ੍ਹਾਂ ਨੇ ਕਿਉਂ ਡੀਬਾਰ ਕੀਤਾ ਹੈ। ਦੂਜੇ ਇਹ ਕਿ ਇਨ੍ਹਾਂ ਨੂੰ ਇਹ ਜ਼ਮੀਨ ਨੂੰ ਟ੍ਰਾਂਸਫਰ ਕਰਨ ਦੀ ਅਥਾਰਟੀ ਨਹੀਂ ਹੈ, ਉਨ੍ਹਾਂ ਨੂੰ ਕਿਉਂ ਡੀਬਾਰ ਕੀਤਾ ਗਿਆ ਹੈ ? (ਵਿਘਨ)

ਸਮਾਜ ਭਲਾਈ ਮੰਤਰੀ : ਇਸ ਤਰ੍ਹਾਂ ਹੁੰਦਾ ਸੀ ਕਿ ਕੋਈ ਜ਼ਿਮੀਂਦਾਰ ਕਿਸੇ ਮੁਜ਼ਾਰੇ ਨੂੰ ਕਹਿ ਦਿੰਦਾ ਸੀ ਕਿ ਆਪਣਾ ਕੋਠਾ ਬਣਾ ਲੈ ਅਤੇ ਫਿਰ ਉਸ ਤੋਂ ਵਗਾਰ ਲੈਂਦਾ ਸੀ ਅਤੇ ਜੇ ਨਾਂਹ ਕਰਦਾ ਸੀ ਤਾਂ ਕਹਿ ਦੇਂਦਾ ਸੀ ਚੁੱਕ ਲੈ ਆਪਣੀਆਂ ਇੱਟਾਂ ਮੇਰੀ ਜ਼ਮੀਨ ਤੋਂ । ਇਸ ਤਕਲੀਫ ਨੂੰ ਦੇਖਦੇ ਹੋਏ ਇਹ ਸ਼ਰਤ ਰਖੀ ਹੈ ਕਿ ਪਹਿਲਾਂ ਜ਼ਮੀਨ ਸਰਕਾਰ ਦੇ ਨਾਂ ਹੋ ਜਾਵੇ ਫਿਰ ਕੰਮ ਸ਼ੁਰੂ ਹੋਵੇ ਤਾਂ ਕਿ ਗਰੀਬਾਂ ਨੂੰ ਬਾਅਦ ਵਿਚ ਤਕਲੀਫ ਨਾ ਹੋਵੇ । (ਤਾੜੀਆਂ) (ਸ਼ੋਰ)

ਸਰਦਾਰ ਕਿਰਪਾਲ ਸਿੰਘ : ਮੇਰੀਆਂ ਦੋਵੇਂ ਗੱਲਾਂ ਦਾ ਜਵਾਬ ਨਹੀਂ ਦਿਤਾ (ਸ਼ੋਰ)

ਮੰਤਰੀ : ਸ਼ਹਿਰਾਂ ਨੂੰ ਡੀਬਾਰ ਨਹੀਂ ਕੀਤਾ ਗਿਆ......................(ਵਿਘਨ)

ਸਰਦਾਰ ਕਿਰਪਾਲ ਸਿੰਘ : ਸਿੱਧਾ ਜਵਾਬ ਦਿਓ..................(ਸ਼ੋਰ) ਸ਼ਹਿਰਾਂ ਵਿਚ ਹਰੀਜਨ ਨਹੀਂ ਰਹਿੰਦੇ ? (ਸ਼ੋਰ)

ਮੰਤਰੀ : ਮੈਂ ਦਸਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਵੀ ਧਰਮਸ਼ਾਲਾਵਾਂ ਬਣਾਉਣ ਦਾ ਪਰਬੰਧ ਕੀਤਾ ਹੈ ਅਤੇ ਕੁਝ ਸੈਂਕਸ਼ਨ ਵੀ ਕੀਤੀਆਂ ਹਨ। (ਤਾੜੀਆਂ) (ਵਿਘਨ)

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ ਆਪ ਨੇ ਦੇਖਿਆ ਹੋਣਾ ਹੈ ਕਿ ਆਨਰੇਬਲ ਮੈਂਬਰਜ਼ ਦੀ ਓਵਰਵਲ ਮਿੰਗ ਮੈਜਾਰਿਟੀ ਇਸ ਸਵਾਲ ਵਿਚ ਇੰਟਰਸਟਿਡ ਹੈ ਅਤੇ ਮਨਿਸਟਰ ਮੁਤਲਕਾ ਨੇ ਵੀ ਕਿਹਾ ਹੈ ਕਿ ਉਹ ਡੀਟੇਲਡ ਜਵਾਬ ਦੇਣ ਨੂੰ ਤਿਆਰ ਹਨ ਬਸ਼ਰਤੇ ਕਿ ਉਨ੍ਹਾਂ ਨੂੰ ਵਕਤ ਦਿਤਾ ਜਾਵੇ । ਮੇਰੀ ਰਿਕਐਸਟ ਹੈ ਕਿ ਇਹ ਮਸਲਾ ਬੜਾ ਅਹਿਮ ਹੈ ਸਾਨੂੰ ਖੁਸ਼ੀ ਹੈ ਕਿ ਸਰਕਾਰ ਨੇ ਹਰੀਜਨਾਂ ਲਈ ਧਰਮਸ਼ਾਲਾਵਾਂ ਬਣਾਉਣ ਵੱਲ ਧਿਆਨ ਦਿਤਾ ਹੈ, ਇਸ ਲਈ ਅਸੀਂ ਇਨ੍ਹਾਂ ਦੀ ਤਾਈਦ ਕਰਦੇ ਹਾਂ ਪਰ ਇਹ ਜੋ ਇਨਫਰਮੇਸ਼ਨ ਦੇਣ ਤੋਂ ਸੰਕੋਚ ਕਰਦੇ ਹਨ ਇਹ ਚੰਗਾ ਨਹੀਂ ਲਗਦਾ। ਇਸ ਲਈ ਮੈਂ ਮੌਅਦ-ਬਾਨਾ ਅਰਜ਼ ਕਰਾਂਗਾ ਕਿ ਸਵਾਲ ਕਲੀਅਰ ਹੈ ਅਤੇ ਇਸ ਵਿਚ ਜਿਨ੍ਹਾਂ ਲਾਈਨਾਂ ਤੇ ਸੂਚਨਾ ਮੰਗੀ ਗਈ ਹੈ ਉਨ੍ਹਾਂ ਤੇ ਆਉਣੀ ਚਾਹੀਦੀ ਹੈ, ਵਰਨਾ ਇਸ ਨੂੰ ਪੈਂਡਿੰਗ ਕਰ ਦਿਉ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਮਗਰ ਇਹ ਨਹੀਂ ਕਿ ਇਹ ਇਸ ਦਾ ਸੰਨ 1972 ਤਕ ਜਵਾਬ ਦੇਣ, ਇਸ ਦਾ ਜਵਾਬ 4-5 ਦਿਨਾਂ ਤਕ ਇਸੇ ਸੈਸ਼ਨ ਵਿਚ ਆਉਣਾ ਚਾਹੀਦਾ ਹੈ। (ਸ਼ੋਰ)

Mr. Speaker : Order please

ਮੰਤਰੀ : ਸਪੀਕਰ ਸਾਹਿਬ, ਧਰਮਸ਼ਾਲਾਵਾਂ ਨੂੰ ਰੈਗੂਲੇਟ ਕਰਨ ਲਈ ਬਾਕਾਇਦਾ ਰੂਲ ਬਣੇ ਹੋਏ ਹਨ ਅਤੇ ਇਹ ਹਾਊਸ ਦੀ ਸਲਾਹ ਨਾਲ ਬਣਾਏ ਗਏ ਸਨ । ਉਨ੍ਹਾਂ ਵਿਚ ਹਰ ਕਿਸਮ ਦੀ ਇਰਰੈਗੂਲੇਰਿਟੀ ਨੂੰ ਦੂਰ ਕਰਨ ਦੀ ਪਾਲਸੀ ਇਖਤਿਆਰ ਕੀਤੀ ਗਈ ਹੈ। ਇਹ ਜੋ ਇਨਫਰਮੇਸ਼ਨ ਮੰਗਦੇ ਹਨ ਇਹ ਦੇਣ ਵਿਚ ਮੈਨੂੰ ਕੋਈ ਸੰਕੋਚ ਨਹੀਂ ਹੈ ਪਰ ਮੈਂ ਅਰਜ਼ ਕਰਦਾ ਹਾਂ ਕਿ ਬੜਾ ਲੇਬੋਰੀਅਸ ਪਰਾਸੈਸ ਹੈ, ਕਈ ਆਦਮੀ ਪਿੰਡਾਂ ਵਿਚ ਭੇਜਣੇ ਪੈਣਗੇ, ਕਾਫ਼ੀ ਵਕਤ ਲਗੇਗਾ। ਅਗਰ ਹਾਊਸ ਇਸ ਗੱਲ ਲਈ ਤਿਆਰ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ।

ਸ੍ਰੀ ਮਨਮੋਹਨ ਕਾਲੀਆ : ਅਗਰ ਜ਼ਿਲਿਆਂ ਬਾਰੇ ਇਹ ਸੂਚਨਾ ਹੈ ਤਾਂ ਕੰਨਸਟੀਚੂਐਂਸੀ ਵਾਈਜ਼ ਵੀ ਛੇਤੀ ਹੀ ਪਤਾ ਲਗ ਸਕਦਾ ਹੈ। ਇਕ ਘੰਟੇ ਦੇ ਅੰਦਰ ਇਹ ਇਨਫ਼ਰਮੇਸ਼ਨ ਮਿਲ ਸਕਦੀ ਹੈ। (ਵਿਘਨ)

ਮੇਜਰ ਹਰਿੰਦਰ ਸਿੰਘ : (ਸ਼ੋਰ) ਇਹ ਆਪਣਾ ਹੀ ਵਕਤ ਜ਼ਾਇਆ ਕਰ ਰਹੇ ਹਨ। ਸਪੀਕਰ ਸਾਹਿਬ, ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ ਮਨਿਸਟਰ ਸਾਹਿਬ ਨੇ ਕਿਹਾ ਹੈ ਇਨ੍ਹਾਂ ਨੂੰ ਇਨਫ਼ਰਮੇਸ਼ਨ ਦੇਣ ਵਿਚ ਕੋਈ ਸੰਕੋਚ ਨਹੀਂ ਹੈ ਪਰ ਕੰਮ ਬੜਾ ਲੇਬੋਰੀਅਸ ਹੈ। ਕੀ ਹਾਊਸ ਨੂੰ ਇਨਫ਼ਰਮੇਸ਼ਨ ਜ਼ਿਆਦਾ ਜ਼ਰੂਰੀ ਹੈ ਜਾਂ ਆਪਣੇ ਅਮਲੇ ਨੂੰ ਨਾ ਕਹਿਣਾ ਕਿ ਉਹ ਮਿਹਨਤ ਕਰਕੇ ਜਵਾਬ ਬਣਾ ਕੇ ਦੇਣ। ਸਪੀਕਰ ਸਾਹਿਬ ਆਪ ਨੇ ਸਵਾਲ ਐਡਮਿਟ ਕੀਤਾ ਹੈ। ਅਗਰ ਇਨ੍ਹਾਂ ਦੇ ਅਮਲੇ ਨੇ ਕੰਮ ਨਹੀਂ ਕਰਨਾ ਤਾਂ ਫਿਰ ਤਨਖਾਹ ਕਿਸ ਗੱਲ ਦੀ ਲੈਂਦੇ ਹਨ, ਇਹ ਸੈਲਯੂਟ ਕਿਸ ਗਲ ਦੇ ਲੈਂਦੇ ਹਨ, ਝੰਡੀਆਂ ਕਿਸ ਕੰਮ ਲਈ ਲਗਾਈਆਂ ਹੋਈਆਂ ਹਨ, ਅਗਰ ਇਨ੍ਹਾਂ ਨੇ ਕੰਮ ਨਹੀਂ ਕਰਨਾ (ਵਿਘਨ) ਘਰੋਂ ਬੈਠ ਕੇ ਹੀ ਟੈਲੀਫ਼ੂਨ ਤੇ ਹੁਕਮ ਦੇ ਛਡਿਆ ਕਰਨ।

Mr. Speaker : Next Question.
(ਆਪੋਜ਼ੀਸ਼ਨ ਵਲੋਂ ਆਵਾਜ਼ਾਂ: ਰੂਲਿੰਗ, ਰੂਲਿੰਗ।)

Sardar Umrao Singh : Sir, what is your ruling ?

Mr. Speaker : I can't force the Government to give an answer.

Minister for Social Welfare : Sir, the proposal is still under the consideration of the Government.

(The Minister started reading out the reply of the next question.)

(*Interruptions and noise in the House*)

ਸਰਦਾਰ ਉਮਰਾਓ ਸਿੰਘ: ਸਪੀਕਰ ਸਾਹਿਬ, ਜਾਂ ਤਾਂ ਇਹ ਕਹਿ ਦੇਣ ਕਿ ਇਹ ਸੂਚਨਾ ਦੇਣੀ ਪਬਲਿਕ ਇੰਟਰੈਸਟ ਵਿਚ ਨਹੀਂ ਹੈ। (ਵਿਘਨ) ਜਾਂ ਇਨਾਂ ਨੂੰ ਹੋਰ ਸਮਾਂ ਦੇ ਦਿਓ...... (ਵਿਘਨ)

ਸ਼੍ਰੀ ਸਪੀਕਰ: ਅਗਰ ਮਨਿਸਟਰ ਸਾਹਿਬ ਕਹਿ ਦੇਣ ਤਾਂ ਮੈਂ ਪੈਂਡਿੰਗ ਰੱਖ ਦਿਆਂਗਾ। (ਸ਼ੋਰ) ਉਨਾਂ ਨੇ ਕਿਹਾ ਹੈ ਕਿ ਇਹ ਸੂਚਨਾਂ ਇਕੱਠੀ ਕਰਨ ਲਈ ਬਹੁਤ ਮਿਹਨਤ ਦਰਕਾਰ ਹੈ। (ਵਿਘਨ) (I will keep it pending if the Minister so desires. (*Noise*) He has stated that a lot of labour is involved in collecting this information.) (*Interruption*)

ਮੇਜਰ ਹਰਿੰਦਰ ਸਿੰਘ: ਅਗਰ ਇਨ੍ਹਾਂ ਵਲੋਂ ਇਹੀ ਰਵਈਆ ਅਪਣਾਇਆ ਜਾਣਾ ਹੈ ਅਤੇ ਸਵਾਲਾਂ ਦੇ ਜਵਾਬ ਦੇ ਮੁਤੱਲਕ ਆਪ ਵਲੋਂ ਇਨਾਂ ਨੂੰ ਪਨਾਹ ਮਿਲਣੀ ਹੈ......

Mr. Speaker : You do not do justice to me. Rules provide that if the labour involved is not commensurate with the result to be achieved then I cannot force the Minister to give reply. (*Interruptions*). I am bound by the rules.

ਮੇਜਰ ਹਰਿੰਦਰ ਸਿੰਘ: ਮੇਰੀ ਬੇਨਤੀ ਸੁਣ ਲਓ। ਰੂਲਜ਼ ਨੂੰ ਮੈਂ ਵੀ ਕੁਝ ਜਾਣਦਾ ਹਾਂ। ਮੈਂ ਇਸ ਆਰਗੂਮੈਂਟ ਵਿਚ ਨਹੀਂ ਪੈਣਾ ਚਾਹੁੰਦਾ।

ਸ਼੍ਰੀ ਸਪੀਕਰ: ਮੇਰੇ ਨਾਲ ਬੇਇਨਸਾਫੀ ਨਾ ਕਰੋ। (Please do not be uncharitable to me.)

ਮੇਜਰ ਹਰਿੰਦਰ ਸਿੰਘ: ਅਗਰ ਇਸ ਬਾਰੇ ਆਪ ਪਾਸ ਸ਼ਿਕਾਇਤ ਨਾ ਕਰੀਏ ਤਾਂ ਕਿਹੜਾ ਦਰਵਾਜ਼ਾ ਖੜਕਾਈਏ। ਮੈਂ ਤਜਵੀਜ਼ ਕਰਦਾ ਹਾਂ ਕਿ ਅਗਰ ਸਰਕਾਰ ਦਾ ਸਵਾਲਾਂ ਬਾਰੇ ਇਹੀ

[ਮੇਜਰ ਹਰਿੰਦਰ ਸਿੰਘ]

ਰਵਈਆ ਰਹਿਣਾ ਹੈ ਤਾਂ ਕਵੈਸਚਨ ਆਵਰ ਨੂੰ ਬੰਦ ਕਰ ਦਿਓ। ਅਗਰ ਆਪ ਨੇ ਇਸ ਸਵਾਲ ਨੂੰ ਪੈਂਡਿੰਗ ਨਹੀਂ ਰਖਣਾ ਤਾਂ ਅਸੀਂ ਕਵੈਸਚਨ ਆਵਰ ਦਾ ਬਾਈਕਾਟ ਕਰੀਏ ਇਸ ਦੇ ਸਿਵਾ ਸਾਡੇ ਪਾਸ ਹੋਰ ਕੋਈ ਚਾਰਾ ਨਹੀਂ। (ਵਿਘਨ) ਜਿਸ ਤਰਾਂ ਇਹ ਗੱਲ ਇਥੇ ਚਲੀ ਹੈ ਇਸ ਤੇ ਮਜ਼ਬੂਰ ਹੋਕੇ ਅਸੀਂ ਵਾਕ ਆਊਟ ਕਰੀਏ..... (ਵਿਘਨ)

चौधरी बलबीर सिंह : इन्होंने कहा है कि बहुत लेबर इन्वाल्वड है। अगर यह इनफरमेशन चण्डीगढ़ के दफतरों से ही आज ही तैयार न हो सके तो जो आप कहेंगे मैं इन्न देने को तैयार हूंगा। इस में कोई लेबर इन्वाल्वड नहीं है। Constituency list गांव के नाम वगैरह सब सूचना मौजूद है। मुझे मौका दें।

Sirdar Kapur Singh: On a point of order, Sir. (ਵਿਘਨ)

Mr. Speaker (ਵਿਘਨ-ਸ਼ੋਰ) Yes please, what is your point of order.

ਕੈਪਟਨ ਰਤਨ ਸਿੰਘ : On a point of order, Sir. ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੇਜਰ ਸਾਹਿਬ ਨੇ ਹੁਣੇ ਕਿਹਾ ਸੀ ਕਿ ਤੁਸੀਂ ਉਨ੍ਹਾਂ ਨੂੰ ਪ੍ਰੋਟੈਕਟ ਕਰ ਰਹੇ ਹੋ ਪਰ ਤੁਸੀਂ ਇਹ ਜਵਾਬ ਦਿਤਾ ਸੀ ਕਿ ਤੁਸੀਂ ਰੂਲਜ਼ ਦੇ ਅਨੁਸਾਰ ਗਵਰਨਡ ਹੋ ਅਤੇ ਕਾਰਵਾਈ ਨੂੰ ਚਲਾਂਦੇ ਹੋ। ਜੇਕਰ ਕਾਰਵਾਈ ਨੂੰ ਤੁਸੀਂ ਰੂਲ ਅਨੁਸਾਰ ਹੀ ਚਲਾਂਦੇ ਹੋ ਤਾਂ ਉਨ੍ਹਾਂ ਵਿਚ ਇਹ ਸਾਫ ਲਿਖਿਆ ਹੋਇਆ ਹੈ ਕਿ ਆਨਸਰ ਸਪੈਸੇਫਿਕ ਹੋਣਾ ਚਾਹੀਦਾ ਹੈ। ਇਸ ਕਵੈਸਚਨ ਵਿਚ ਸਾਫ ਪੁਛਿਆ ਗਿਆ ਸੀ ਕਿ ਵਖ ਵਖ ਅਸੈਂਬਲੀ ਕਾਨਸਟੀਚੂਐਂਸੀਆਂ ਵਿਚ ਕਿਨੀਆਂ ਧਰਮਸ਼ਾਲਾਂ ਬਣਾਈਆਂ ਗਈਆਂ ਪਰ ਇਨ੍ਹਾਂ ਨੇ ਜਵਾਬ ਦਿਤਾ ਹੈ ਜ਼ਿਲ੍ਹਾ ਵਾਈਜ਼ ਇਹ ਰੂਲਜ਼ ਦੇ ਵਿਰੁਧ ਹੈ। ਇਹ ਤੁਹਾਡੇ ਵਿਧਾਨ ਸਭਾ ਸੈਕਟ੍ਰੇਈਟ ਨੂੰ ਚਾਹੀਦਾ ਸੀ ਕਿ ਸਰਕਾਰ ਨੂੰ ਲਿਖ ਭੇਜਦੇ ਕਿ ਜਵਾਬ ਵਿਚ ਜਿਹੜੀ ਇਨਫਾਰਮੇਸ਼ਨ ਸਪਲਾਈ ਕੀਤੀ ਗਈ ਹੈ ਇਹ ਰੂਲਜ਼ ਦੇ ਮੁਤਾਬਿਕ ਨਹੀਂ ਆਈ। ਲੇਕਿਨ ਤੁਸੀਂ ਗੌਰਮੈਂਟ ਨੂੰ ਪ੍ਰੋਟੈਕਟ ਕਰਦੇ ਹੋ ਰੂਲਜ਼ ਉਨ੍ਹਾਂ ਨੂੰ ਪ੍ਰੋਟੈਕਟ ਨਹੀਂ ਕਰਦੇ। (ਵਿਘਨ)

ਸ੍ਰੀ ਸਪੀਕਰ : ਕਪਤਾਨ ਸਾਹਿਬ, ਸਾਡਾ ਇਸ ਵਿਧਾਨ ਸਭਾ ਸਕੱਤ੍ਰੇਤ ਦਾ ਇਹ ਫੰਕਸ਼ਨ ਨਹੀਂ ਕਿ ਗੌਰਮੈਂਟ ਵਲੋਂ ਜਿਹੜਾ ਜਵਾਬ ਆਵੇ ਉਸ ਦੀ ਸਕਰੂਟਿਨੀ ਕਰੀਏ। ਇਹ ਤਾਂ ਮੈਂਬਰ ਸਾਹਿਬਾਨ ਦਾ ਕੰਮ ਹੈ ਅਤੇ ਉਹ ਕਰ ਦੇ ਹਨ ਜਦ ਜਵਾਬ ਉਨ੍ਹਾਂ ਦੇ ਸਾਹਮਣੇ ਆਂਦਾ ਹੈ। (I would like to inform the hon. Member, Captain Rattan Singh, that this is not the function of the Punjab Vidhan Sabha Secretariat to scrutinise the replies to the Questions as are received from the Government. This is for the hon. Members to do so, when the answers are given on the floor of the House.)

ਸਿਰਦਾਰ ਕਪੂਰ ਸਿੰਘ : ਆਨ ਏ ਪੁਆਇੰਟ ਆਫ ਆਰਡਰ। (ਵਿਘਨ) (ਸ਼ੋਰ)।

(ਇਸ ਸਮੇਂ ਕਈ ਮੈਂਬਰ ਬੋਲਣ ਦੀ ਆਗਿਆ ਲੈਣ ਲਈ ਖੜ੍ਹੇ ਹੋ ਗਏ)

Mr. Speaker : Sirdar Kapur Singh is on a point of order. (*Interruption, Noise*)

ਸਿਰਦਾਰ ਕਪੂਰ ਸਿੰਘ : ਸਪੀਕਰ ਸਾਹਿਬ, ਮੇਰਾ ਨਾਮ ਤੁਸੀਂ ਤਿੰਨ ਵਾਰੀ ਬੁਲਾ ਚੁਕੇ ਹੋ ਪਰ ਕੁਝ ਮਾਨਯੋਗ ਮੈਂਬਰ ਆਪ ਹੁਦਰੇ ਹੀ ਉਠ ਕੇ ਗੱਲਾਂ ਕਰਨ ਲਗ ਜਾਂਦੇ ਹਨ ਅਤੇ ਤੁਸੀਂ ਉਨ੍ਹਾਂ

ਨੂੰ ਇਜਾਜ਼ਤ ਦਿੰਦੇ ਰਹਿੰਦੇ ਹੋ (ਵਿਘਨ ਸ਼ੋਰ) ਮੇਰਾ ਪਹਿਲਾ ਪੁਆਇੰਟ ਆਫ ਆਰਡਰ ਇਹੀ ਹੈ ਕਿ ਤੁਸੀਂ ਮੇਰਾ ਨਾਮ ਤਿੰਨ ਵੇਰ ਕਾਲ ਕੀਤਾ, ਪ੍ਰੰਤੂ ਵਿਰੋਧੀ ਦਲ ਵਲੋਂ ਤਿੰਨ ਚਾਰ ਮੈਂਬਰ ਉਠ ਕੇ ਖੜ੍ਹੇ ਹੋ ਜਾਂਦੇ ਹਨ ਅਤੇ ਬੋਲਣ ਲੱਗ ਜਾਂਦੇ ਹਨ ਤੁਸੀਂ ਉਨ੍ਹਾਂ ਨੂੰ ਟੋਕਦੇ ਨਹੀਂ ਅਤੇ ਸੁਣਦੇ ਰਹਿੰਦੇ ਹੋ ਇਹ ਨਿਯਮਾਂ ਦੇ ਵਿਰੁਧ ਹੈ।

ਦੂਜਾ ਮੈਂ ਇਹ ਬੇਨਤੀ ਕਰਦਾ ਹਾਂ ਕਿ ਨਿਯਮਾਂ ਵਿਚ ਸ਼ਬਦ ਭਾਵੇਂ ਕੁਝ ਵੀ ਹੋਣ ਇਹੋ ਜਿਹੀ ਸਥਿਤੀ ਪੈਦਾ ਨਹੀਂ ਹੋਣ ਦੇਣੀ ਚਾਹੀਦੀ ਕਿ ਕੋਈ ਵੇਗਾ ਯੋਗ ਬਹਾਨਾ ਬਣਾ ਕੇ ਵਿਰੋਧੀ ਦਲ ਦੇ ਮੈਂਬਰ ਪ੍ਰਸ਼ਨਾਂ ਸਮੇਂ ਸਦਨ ਵਿਚੋਂ ਉਠ ਕੇ ਬਾਹਰ ਚਲੇ ਜਾਣ। ਮੇਰੀਆਂ ਇਹੀ ਦੋ ਬੇਨਤੀਆਂ ਨੇ। (ਵਿਘਨ ਸ਼ੋਰ)

ਸ਼੍ਰੀ ਸਪੀਕਰ: ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਸਵਾਲ ਵਿਚ ਇਕ ਸਪੈਸੇਫਿਕ ਇਨਫਰਮੇਸ਼ਨ ਮੰਗੀ ਗਈ ਹੈ ਕਿ ਧਰਮਸ਼ਾਲਾਵਾਂ ਬਾਰੇ ਕਾਂਨਸਟੀਚੂਐਂਸੀਵਾਈਜ਼ ਲਿਸਟ ਦਿਤੀ ਜਾਵੇ...... (ਵਿਘਨ) ਸ਼ੋਰ (I would point out to the hon. Minister for Social Welfare that specific information has been sought for in this question, viz, the constituency-wise list of Dharamshalas) (*Interruption*)

Minister for Social Welfare : Sir, I am not hesitant to give the information. My point of order is quite different.

Mr. Speaker : Let us first decide the point of order which has been raised by the hon. Leader of the Opposition —Major Harinder Singh. You have not given information constituency-wise. It is undesirable. How much time will you take in supplying this information, constituency-wise ?

Minister for Social Welfare : Sir, I have to raise a different point of order. (*Interruptions and Noise*)

A voice : The hon. Minister should please address the Chair.

Minister for Social Welfare : I am addressing the Chair. Let me have my say. (*Interruptions and Noise in the House*)

चौधरी बलबीर सिंह : व्यवस्था का प्रश्न (विघ्न) ।

ਸ਼੍ਰੀ ਸਪੀਕਰ: ਡਾਕਟਰ ਭਗਤ ਸਿੰਘ ਵੀ ਪੁਆਇੰਟ ਆਫ ਆਰਡਰ ਤੇ ਹਨ ਉਨ੍ਹਾਂ ਨੂੰ ਕਹਿ ਲੈਣ ਦਿਓ (ਵਿਘਨ) । (Dr. Bhagat Singh is also on a point of order. Let him have his say first.) (*Interruptions*).

चौधरी बलबीर सिंह : अध्यक्ष महोदय, वह नहीं कह सकते जो कुछ आपने कहा है और अपना रूलिंग दिया है इस के बारे में वह कोई एतराज़ नहीं कर सकते । मेरा व्यवस्था का प्रश्न भी यही है कि एक बात पर आपने रूलिंग दिया है उस के बारे में मिनिस्टर साहिब

[चौधरी बलबीर सिंह]

को हक नहीं कि कोई एतराज़ करें। आप का आर्डर फाइनल है और उन्हें इस को मानना पड़ेगा। जहां तक इस सदन के नियमों का सवाल है और कांस्टीच्यूशन का सवाल है उस में भी यह दिया हुआ है कि मिनिस्टर साहिब चेयर की रूलिंग पर एतराज़ नहीं कर सकते उन्हें आप के हुक्म को मानना पड़ेगा। (विघ्न)। (शोर)

Minister for Social Welfare : Sir, I would request that I may be allowed to have my say first.

ਸ੍ਰੀ ਸਪੀਕਰ: ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਹ ਇਕ ਸਾਧਾਰਨ ਗੱਲ ਸੀ ਕਿ ਜਿਹੜਾ ਜਵਾਬ ਤੁਸੀਂ ਇਸ ਸਵਾਲ ਦਾ ਹਾਊਸ ਵਿਚ ਦਿਤਾ ਹੈ ਇਸ ਨਾਲ ਬਹੁਤ ਸਾਰੇ ਮੈਂਬਰ ਸੰਤੁਸ਼ਟ ਨਹੀਂ ਹੋ ਸਕੇ। ਇਸ ਸਵਾਲ ਵਿਚ ਸਪਸੇਫਿਕ ਤੌਰ ਤੇ ਇਹ ਪੁਛਿਆ ਗਿਆ ਸੀ ਕਿ ਕਾਨਸਟੀਚੂਐਂਸੀ ਵਾਈਜ਼ ਧਰਮਸ਼ਾਲਾਂ ਦੀ ਗਿਣਤੀ ਕਿੰਨੀ ਹੈ ਪਰ ਤੁਸੀਂ ਜ਼ਿਲਾਵਾਰ ਦੱਸੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਤੁਸੀਂ ਇਹ ਇਨਫਰਮੇਸ਼ਨ ਇਨ੍ਹਾਂ ਨੂੰ ਦੇ ਦਿਓ। (ਵਿਘਨ) (ਇਸ ਸਮੇਂ ਸਰਦਾਰ ਸੋਹਨ ਸਿੰਘ ਬਾਸੀ ਸਿੰਚਾਈ ਮੰਤਰੀ ਡਾਕਟਰ ਭਗਤ ਸਿਘ, ਸਮਾਜ ਭਲਾਈ ਮੰਤਰੀ ਨਾਲ ਗਲਾਂ ਕਰਨ ਲਗ ਪਏ, ਪਰ ਸਪੀਕਰ ਸਾਹਿਬ ਨੇ ਉਨ੍ਹਾਂ ਨੂੰ ਰੋਕ ਦਿਤਾ।) (ਵਿਘਨ)

ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਪਸੇਫਿਕ ਇਨਫਾਰਮੇਸ਼ਨ ਮੰਗੀ ਗਈ ਹੈ ਇਹ ਕਿੰਨੇ ਦਿਨਾਂ ਵਿਚ ਦੇ ਸਕੋਗੇ ? (ਵਿਘਨ)

(I may point out to the hon. Minister that the hon. Members of this House are not satisfied with the reply which he has given here. In this question, the number of Dharamshalas constituency-wise was asked for specifically but the information supplied is district-wise. I would request him to supply this information constituency-wise.) (*Interruption.*)

He may let me know the time by which he would be able to supply this information. (*Interruptions.*)

Minister for Social Welfare : An hon. Member who makes more noise is permitted to speak while another hon. Member who waits is not permitted to speak. This is my humble submission.

Captain Rattan Singh : It is a reflection on the Chair.

Minister for Social Welfare : I will never think of that. I would say that I may be allowed to explain my point of view. The next question has been called upon and I have answered that question. Under what rule the reply to the previous question is under debate ? I would like to know the relevant Rule according to which the debate on the reply to the previous Question is going on.

Sardar Umrao Singh : I would request the hon. Minister for Social Welfare to quote any Rule under which he is not giving the information asked for.

Minister for Social Welfare : I have already answered the next question. Under what rule, I am called upon to give information about the previous question.

ਸਪੀਕਰ ਸਾਹਿਬ ਮੈਂ ਹਾਊਸ ਵਿਚ ਆਨਰੇਬਲ ਮੈਂਬਰਾਂ ਦੀ ਖਾਹਿਸ਼ ਦਾ ਇਹਤਰਾਮ ਕਰਦਾ ਹਾਂ ਅਤੇ ਜਿਹੜੀ ਇਨਫਰਮੇਸ਼ਨ ਮੰਗੀ ਗਈ ਹੈ ਉਸ ਦੇ ਦੱਸਣ ਤੋਂ ਸੰਕੋਚ ਨਹੀਂ ਕਰ ਰਿਹਾ ਮੈਂ ਤਾਂ ਕੇਵਲ ਐਨੀ ਅਰਜ਼ ਕੀਤੀ ਹੈ ਕਿ ਇਸ ਇਨਫਰਮੇਸ਼ਨ ਨੂੰ ਇਕੱਠਾ ਕਰਨ ਵਿਚ ਭਾਰੀ ਲੇਬਰ ਅਤੇ ਟਾਇਮ ਇਨਵਾਲਵਡ ਹੈ। ਜੇਕਰ ਆਪ ਦਾ ਹੁਕਮ ਹੈ ਤਾਂ ਅਸੀਂ ਮੰਨਣ ਨੂੰ ਜ਼ਰੂਰ ਤਿਆਰ ਹਾਂ ਅਤੇ ਇਹ ਇਨਫਰਮੇਸ਼ਨ ਦੇ ਦਿਤੀ ਜਾਵੇਗੀ।

ਸ੍ਰੀ ਸਪੀਕਰ : ਜਿੰਨਾਂ ਜਲਦੀ ਹੋ ਸਕੇ ਇਹ ਇਨਫਰਮੇਸ਼ਨ ਦਿਤੀ ਜਾਵੇ ।(This information may be supplied as soon as possible.)

ਸਮਾਜ ਭਲਾਈ ਮੰਤਰੀ : ਬਹੁਤ ਅੱਛਾ ਜੀ (ਵਿਘਨ)

ਸਰਦਾਰ ਉਮਰਾਓ ਸਿੰਘ: ਕੀ ਡਿਊਰਿੰਗ ਦਿਸ ਸੈਸ਼ਨ ਇਹ ਇਨਫਰਮੇਸ਼ਨ ਆ ਜਾਵੇਗੀ ?

ਮੰਤਰੀ : ਇਸੇ ਸਸ਼ਨ ਵਿਚ ਇਸ ਇਨਫਾਰਮੇਸ਼ਨ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। (ਵਿਘਨ)

ਸਰਦਾਰ ਸੰਤੋਖ ਸਿੰਘ ਰੰਧਾਵਾ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੈਂ ਆਪ ਦੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਡਾਟਾ ਕੁਲਕਟ ਕਰਨ ਲਈ ਇਨ੍ਹਾਂ ਨੇ ਹਦਾਇਤਾਂ ਹੇਠਾਂ ਆਪਣੇ ਵੈੱਲਫੇਅਰ ਆਫੀਸਰਜ਼ ਨੂੰ ਭੇਜੀਆਂ ਹਨ ਉਨ੍ਹਾਂ ਵਿਚ ਸਪੱਸ਼ਟ ਤੌਰ ਤੇ ਇਹ ਲਿਖਿਆ ਗਿਆ ਸੀ ਕਿ ਕਾਨਸਟੀਚੂਐਂਸੀ ਵਾਈਜ਼ ਇਨਫਰਮੇਸ਼ਨ ਭੇਜੀ ਜਾਵੇ ਅਤੇ ਉਹ ਇਨ-ਫਰਮੇਸ਼ਨ ਇਥੇ ਹੈਡਕੁਆਟਰਜ਼ ਤੇ ਆ ਗਈ ਹੈ ਫਿਰ ਇਹ ਉਸ ਇਨਫਾਰਮੇਸ਼ਨ ਨੂੰ ਹਾਊਸ ਵਿਚ ਦੱਸਣ ਤੋਂ ਕਿਉਂ ਸੰਕੋਚ ਕਰ ਰਹੇ ਹਨ ?

ਸਮਾਜ ਭਲਾਈ ਮੰਤਰੀ : ਇਹ ਜਿਹੜੀ ਇਨਫਾਰਮੇਸ਼ਨ ਆਨਰੇਬਲ ਮੈਂਬਰ ਦੇ ਰਹੇ ਹਨ ਇਹ ਸਹੀ ਨਹੀਂ ਅਤੇ ਇਨ੍ਹਾਂ ਦੀ ਵਾਕਫੀ ਗਲਤ ਹੈ। ਇਨ੍ਹਾਂ ਨੂੰ ਸਹੀ ਇਨਫਾਰਮੇਸ਼ਨ ਦੀ ਗਿਆਤ ਨਹੀਂ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਅਗਲਾ ਸਵਾਲ ਸ੍ਰੀ ਕੇਵਲ ਕ੍ਰਿਸ਼ਨ ਵਲੋਂ (ਵਿਘਨ) (ਸ਼ੋਰ) (Next question by Chaudhri Kewal Krishan.) (*Interruption, noise*)

ਚੌਧਰੀ ਜਗਤ ਰਾਮ : ਆਨ ਏ ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ ਇਹ ਮੇਰੇ ਪਾਸ ਚਿੱਠੀਆਂ ਹਨ ਜਿਹੜੀਆਂ ਇਸ ਸਬੰਧ ਵਿਚ ਹਨ ਕਿ ਇਨਫਾਰਮੇਸ਼ਨ ਹਲਕੇਵਾਈਜ਼ ਮੰਗੀ ਗਈ ਸੀ ਅਤੇ ਇਨ੍ਹਾਂ ਪਾਸ ਮੌਜੂਦ ਹੈ ਪਰ ਇਹ ਦੱਸਣਾ ਨਹੀਂ ਚਾਹੁੰਦੇ ਕਿਉਂਕਿ ਇਨ੍ਹਾਂ ਨੇ ਸਾਡੇ ਇਕ ਵੀ ਹਲਕੇ ਵਿਚ ਕੋਈ ਧਰਮਸ਼ਾਲਾ ਨਹੀਂ ਦਿਤੀ। ਜੇਕਰ ਚਾਹੋ ਤਾਂ ਮੈਂ ਇਹ ਗੱਲ ਸਾਬਤ ਕਰ ਸਕਦਾ ਹਾਂ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਕਿਉਂ ਨਾਰਾਜ਼ ਕਰਦੇ ਹੋ ਇਨ੍ਹਾਂ ਦੇ ਹਲਕੇ ਵਿਚ ਵੀ ਧਰਮਸ਼ਾਲਾ ਬਣਾ ਦਿਓ । (ਵਿਘਨ) (I would request the hon. Minister not to annoy the hon. Member and sanction Dharamshalas for his constituency as well.)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਇਹ ਕਿਉਂ ਸਾਡੇ ਹਲਕਿਆਂ ਵਿਚ ਹਰੀਜਨਾਂ ਲਈ ਧਰਮਸ਼ਾਲਾਂ ਦੇਣਗੇ। ਇਨ੍ਹਾਂ ਨੇ ਇਕ ਹਲਕੇ ਦੇ ਬੰਦੇ ਕੋਲੋਂ 25 ਹਜ਼ਾਰ ਰੁਪਿਆ ਮੰਗਿਆ ਇਸ ਲਈ

[ਚੌਧਰੀ ਜਗਤ ਰਾਮ]

ਕਿ ਮੈਂ ਬਠਿੰਡੇ ਤੋਂ ਲੋਕ ਸਭਾ ਲਈ ਇਲੈਕਸ਼ਨ ਲੜਨੀ ਹੈ। ਉਸ ਨੇ ਇਹ ਰਕਮ ਇਨ੍ਹਾਂ ਨੂੰ ਨਹੀਂ ਦਿੱਤੀ ਇਸ ਲਈ ਉਥੇ ਧਰਮਸ਼ਾਲਾ ਨਹੀਂ ਦਿਤੀ ਗਈ। (ਵਿਘਨ) (ਸ਼ੋਰ)

ਸਮਾਜ ਭਲਾਈ ਮੰਤਰੀ: ਇਹ ਜੋ ਕੁਝ ਆਨਰੇਬਲ ਮੈਂਬਰ ਕਹਿ ਰਹੇ ਹਨ ਇਸ ਵਿਚ ਕੋਈ ਸਚਾਈ ਨਹੀਂ। ਮੈਨੂੰ ਅਫਸੋਸ ਹੈ ਕਿ ਮੈਂਬਰ ਸਾਹਿਬਾਨ ਨੇ ਇਸ ਤਰ੍ਹਾਂ ਦੀਆਂ ਗਲਾਂ ਕੀਤੀਆਂ ਹਨ। ਧਰਮਸਾਲਾਂ ਬਨਾਣ ਦੇ ਸਬੰਧ ਵਿਚ। ਪਰ ਮੈਂ ਬੇਨਤੀ ਕਰਾਂਗਾ ਕਿ ਇਸ ਦੇ ਬਾਰੇ ਵਿਚ ਰੂਲ ਬਣੇ ਹੋਏ ਹਨ ਜਿਨ੍ਹਾ ਨੂੰ ਇਨ੍ਹਾਂ ਮਾਨਯੋਗ ਮੈਂਬਰਾਂ ਨੇ ਪੜ੍ਹਨ ਦੀ ਕੋਸ਼ਿਸ਼ ਨਹੀਂ ਕੀਤੀ। ਜੇਕਰ ਇਹ ਉਨ੍ਹਾਂ ਰੂਲਜ਼ ਨੂੰ ਪੜ੍ਹ ਲੈਂਦੇ ਤਾਂ ਇਸ ਤਰ੍ਹਾਂ ਦਾ ਇਤਰਾਜ਼ ਨਾ ਕਰਦੇ।

Unemployment Allowance for Educated persons in the State

***2200. Chaudhri Kewal Krishan :** Will the Minister for Social Welfare be pleased to state—

(a) whether the Government has decided to consider a proposal for giving unemployment allowance to the educated persons in the State ;

(b) if the answer to part (a) above be in the affirmative, the details of the decision if any, so far made in this regard ?

Dr. Bhagat Singh : (a) The matter is still under consideration of Government. No concrete proposal has yet been formulated.

(b) Question does not arise.

[(ੲ) ਇਹ ਮਾਮਲਾ ਹਾਲੇ ਵਿਚਾਰ ਅਧੀਨ ਹੈ। ਕੋਈ ਖਾਸ ਤਜਵੀਜ਼ ਹਾਲੇ ਤਕ ਨਹੀਂ ਬਣੀ।

(ਬੀ) ਸਵਾਲ ਪੈਦਾ ਨਹੀਂ ਹੁੰਦਾ।

ਮੇਜਰ ਹਰਿੰਦਰ ਸਿੰਘ :ਸਪੀਕਰ ਸਾਹਿਬ, ਮੈਂ ਆਪਦੇ ਕੋਲੋਂ ਇਸ ਗੱਲ ਦੀ ਕਲੈਰੀਫੀਕੇਸ਼ਨ ਲੈਣੀ ਚਾਹੁੰਦਾ ਹਾਂ ਕਿ ਆਪਨੇਇਸ ਗੱਲ ਦੀ ਕਿਰਪਾ ਕੀਤੀ ਸੀ ਕਿ ਇਕ ਸਪੈਸੇਫਿਕ ਸਵਾਲ ਦਾ ਸਪੈਸੇਫਿਕ ਜਵਾਬ ਆਉਣਾ ਚਾਹੀਦਾ ਹੈ। ਮਨਿਸਟਰ ਸਾਹਿਬ ਨੇ ਵੀ ਇਹੋ ਹੀ ਕਿਹਾ ਸੀ ਕਿ ਸਪੈਸੇਫਿਕ ਜਵਾਬ ਦੇ ਦੇਵਾਂਗੇ। ਉਨ੍ਹਾਂ ਨੇ ਅੱਜ ਜੋ ਜਵਾਬ ਦਿੱਤਾ ਹੈ ਉਸ ਤੋਂ ਜ਼ਾਹਰ ਹੁੰਦਾ ਹੈ ਕਿ ਉਨ੍ਹਾਂ ਨੇ ਆਪਦਾ ਹੁਕਮ ਵੀ ਮੰਨ ਲਿਆ ਅਤੇ ਨਾਲ ਹੀ ਟਾਲ ਵੀ ਦਿੱਤਾ। ਮੈਂ ਇਹ ਗੱਲ ਜਾਨਣੀ ਚਾਹੁੰਦਾ ਹਾਂ ਕਿ ਇਸ ਸਵਾਲ ਦਾ ਸਪੈਸੇਫਿਕ ਜਵਾਬ ਇਸ ਸੈਸ਼ਨ ਦੇ ਵਿਚ ਦਿਤਾ ਜਾਵੇਗਾ ਜਾਂ 1972 ਦੇ ਵਿਚ ਦਿੱਤਾ ਜਾਵੇਗਾ ਮੈਨੂੰ ਇਹ ਦੱਸ ਦਿੱਤਾ ਜਾਵੇ ?

Minister for Social Welfare: Sir, my humble submission is that you have called upon the next question and I have answered that question but the hon. Member is still speaking about the previous question. I fail to understand under what Rule this is going on.

Major Harinder Singh : Sir, my submission is that if this is the stand of the Government and the Speaker has decided to remain silent on this point at least......

ਸ੍ਰੀ ਸਪੀਕਰ : ਇਸ ਮੁਆਮਲੇ ਵਿਚ ਤੁਸੀਂ ਮੈਨੂੰ ਖਾਹਮਖਾਹ ਡਰੇਗ ਕਰਦੇ ਹੋ, ਇਸ ਤਰਾਂ ਦਾ ਵਤੀਰਾ ਇਖਤਿਆਰ ਕਰਦੇ ਹੋਏ ਤੁਸੀਂ ਮੇਰੇ ਨਾਲ ਇਨਸਾਫ ਨਹੀਂ ਕਰ ਰਹੇ।
(The hon. Member is dragging me in this matter for nothing. He is not doing justice to me by adopting such an attitude.)

ਮੇਜਰ ਹਰਿੰਦਰ ਸਿੰਘ : ਮੇਰਾ ਦੋਸਤ ਆਪਣੀ ਹੀ ਗਲ ਤੇ ਬਜ਼ਿਦ ਹੈ......

WALK-OUT

Major Harinder Singh : Sir, if this is going to be the policy and stand of the Government in regard to giving replies to questions, at least I, as an individual-not as a Leader of the Opposition-will walk-out as a protest against this attitude of the Government. I am feeling helpless when the Speaker does not help us get justice and fair play.

Sardar Umrao Singh : Sir, we also associate ourselves with our Party Leader and walk out alongwith him.

(At this stage the Congress Members, present in the House, staged a walk-out)

STARRED QUESTIONS AND ANSWERS
(Resumption)

ਕਾਮਰੇਡ ਸੱਤਪਾਲ ਡਾਂਗ : ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਜਾਨਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬੇਕਾਰੀ ਦੇ ਦੂਰ ਕਰਨ ਵਾਸਤੇ ਜਿਹੜੀ ਬੜੀ ਲੰਮੀ ਚੌੜੀ ਸਕੀਮ ਬਣਾਈ ਹੈ, ਉਸ ਦੀਆਂ ਸਾਡੇ ਕੋਲੋਂ ਵਧਾਈਆਂ ਵੀ ਲੈ ਲਈਆਂ ਹਨ, ਕੀ ਉਹ ਦਸਣ ਦੀ ਖੇਚਲ ਕਰਨਗੇ ਕਿ ਇਹ ਕਦੋਂ ਤਕ ਆਊਟ ਹੋ ਜਾਵੇਗੀ।

ਸਮਾਜ ਭਲਾਈ ਮੰਤਰੀ : ਨਾ ਇਸ ਦੇ ਲਈ ਕਿਸੇ ਨੇ ਮੇਰੇ ਤੋਂ ਵਧਾਈਆਂ ਲਈਆਂ ਅਤੇ ਨਾ ਹੀ ਮੈਂ ਇਸ ਬਾਰੇ ਕਿਸੇ ਨੂੰ ਵਧਾਈਆਂ ਦਿੱਤੀਆਂ ਹਨ। ਇਹ ਸਕੀਮ ਹੈ ਜ਼ਰੂਰ ਪਰ ਅਜੇ ਇਹ ਸਰਕਾਰ ਦੇ ਵਿਚਾਰ ਅਧੀਨ ਹੈ।

ਕਾਮਰੇਡ ਸੱਤਪਾਲ ਡਾਂਗ : ਉਹ ਕਹਿੰਦੇ ਹਨ ਕਿ ਇਹ ਸਕੀਮ ਸਰਕਾਰ ਦੇ ਜ਼ੇਰੇ ਗੌਰ ਹੈ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਕਿਸ ਸਟੇਜ ਤੇ ਹੈ ਇਹ ਫਾਈਨੈਂਸ ਮਨਿਸਟਰ ਦੇ ਜ਼ੇਰੇ ਗੌਰ ਹੈ ਜਾਂ ਹੋਰ ਕਿਸੇ ਦੇ ਜ਼ੇਰੇ ਗੌਰ ਹੈ। ਇਹ ਹੈ ਕਿਥੇ ?

ਸਮਾਜ ਭਲਾਈ ਮੰਤਰੀ : ਇਹ ਸਕੀਮ ਬਾਸੀ ਸਾਹਿਬ ਦੇ ਅੰਡਰ ਕਨਸਿਡਰੇਸ਼ਨ ਹੈ ਉਹ ਅਜੇ ਇਸ ਤੇ ਵਿਚਾਰ ਕਰ ਰਹੇ ਹਨ।

चौधरी बलबीर सिंह : क्या मन्त्री महोदय यह बताने की कृपा करेंगे कि जितनी देर तक यह स्कीम सरकार के विचाराधीन रहेगी क्या सरकार ऐजुकेटिड लोगों को अनएम्प्लायमेंट अलाऊंस देगी ?

ਸਮਾਜ ਭਲਾਈ ਮੰਤਰੀ : ਇਹ ਸਾਰਾ ਮੁਆਮਲਾ ਹੀ ਅਜੇ ਸਰਕਾਰ ਦੇ ਵਿਚਾਰ ਅਧੀਨ ਹੈ, ਅਲਾਊਂਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸਰਦਾਰ ਕਿਰਪਾਲ ਸਿੰਘ: ਜਿਹੜਾ ਇਹ ਆਈਡੀਆ ਵਿਚਾਰ ਅਧੀਨ ਹੈ ਬੇਕਾਰੀ ਦੂਰ ਕਰਨ ਦਾ, ਜੇ ਸਰਕਾਰ ਦਾ ਉਨ੍ਹਾਂ ਟੈਕਨੀਕਲ ਸਰਵਿਸਾਂ ਦੇ ਲਈ, ਜਾਂ ਡਿਗਰੀ ਹੋਲਡਰਾਂ ਦੇ ਲਈ ਕੁਝ ਅਲਾਊਂਸ ਦੇਣ ਦਾ ਵਿਚਾਰ ਹੋਵੇ ਤਾਂ ਕੀ ਉਹ ਇਸ਼ਾਰਾ ਕਰਨਗੇ ? ਕੀ ਵਜ਼ੀਰ ਸਾਹਿਬ ਇਸ ਬਾਰੇ ਕੋਈ ਅਸ਼ੋਰੈਂਸ ਦੇਣਗੇ ?

ਸਮਾਜ ਭਲਾਈ ਮੰਤਰੀ: ਇਸ ਵਿਚ ਅਸ਼ੋਰੈਂਸ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ਜਦੋਂ ਕਿ ਇਹ ਸਾਰੀ ਸਕੀਮ ਹੀ ਅਜੇ ਅੰਡਰ ਕੰਨਸਿਡਰੇਸ਼ਨ ਹੈ।

STARRED QUESTIONS NOS. 2161, 2077 and 2078.

(These questions were not put.)

Remission In Sales Tax to the Amrit Banaspati Mills, Rajpura.

***2140. Sardar Surjeet Singh** Atwal (**Put by Comrade Satya Pal Dang**) Will the Minister of State for Excise and Taxation be pleased to state :--

(a) whether it is a fact that some remission in the sales tax has been granted to the owners of the Amrit Banaspati Mills, Rajpura, by the Government, if so, the total amount of sales tax exempted up-to-date ;

(b) the total investment of the said Mill?

Sardar Teja Singh (Minister of State for Health and Industries) (a) No.

(b) About Rs. Two crores.

[(ਏ) ਨਹੀਂ ਜੀ।

(ਬੀ) ਕਰੀਬ ਦੋ ਕਰੋੜ ਰੁਪਏ।

ਕਾਮਰੇਡ ਸੱਤ ਪਾਲ ਡਾਂਗ: ਕੀ ਵਜ਼ੀਰ ਸਾਹਿਬ ਇਹ ਗੱਲ ਦੱਸਣਗੇ ਕਿ ਜਿਹੜੀ ਘਿਓ ਦੀ ਫੈਕਟਰੀ ਲਗਾਉਣ ਦੀ ਅਜਾਜ਼ਤ ਟੰਡਨ ਸਾਹਿਬ ਦੇ ਵਲੋਂ ਦਿੱਤੀ ਗਈ ਸੀ, ਰਾਜਪੁਰੇ ਵਿਖੇ, ਉਹ ਕੋਈ ਫੋਕਲ ਪੁਆਂਇੰਟ ਨਹੀਂ ਸੀ ? ਇਸੇ ਫੈਕਟਰੀ ਲਾਉਣ ਵਾਸਤੇ ਟੰਡਨ ਸਾਹਿਬ ਨੇ ਬਾਅਦ ਵਿਚ ਫੋਕਲ ਪੁਆਇੰਟ ਡਿਕਲੇਅਰ ਕੀਤਾ, ਕੀ ਇਹ ਠੀਕ ਹੈ, ਟੰਡਨ ਸਾਹਿਬ ਨੇ ਆਊਟ ਆਫ ਦੀ ਵੇ ਜਾ ਕੇ ਇਕ ਪਾਰਟੀ ਨੂੰ ਸਪੈਸ਼ਲ ਫਸਿਲਿਟੀਜ਼ ਦਿਤੀਆਂ ਕੀ ਇਹ ਦਰੁਸਤ ਹੈ ?

ਸ਼੍ਰੀ ਮਨਮੋਹਨ ਕਾਲੀਆ: ਆਨ ਏ ਪੁਆਇੰਟ ਆਫ ਆਰਡਰ, ਸਰ। ਇਕ ਮੈਂਬਰ ਨੇ ਇਕ ਆਨਰੇਬਲ ਮੈਂਬਰ ਦੇ ਖਿਲਾਫ ਬੜੀਆਂ ਸੀਰੀਅਸ ਐਲੀਗੇਸ਼ਨਜ਼ ਲਾਈਆਂ ਹਨ ......

ਸ਼੍ਰੀ ਸਪੀਕਰ: ਇਹ ਤਾਂ ਆਨਰੇਬਲ ਮੈਂਬਰ ਨੇ ਇਨਫਰਮੇਸ਼ਨ ਮੰਗੀ ਹੈ, ਇਹ ਕੋਈ ਐਲੀਗੇਸ਼ਨ ਨਹੀਂ। (This is no allegation. Hon'ble Member has sought this information.)

ਸ਼੍ਰੀ ਮਨਮੋਹਨ ਕਾਲੀਆ: ਮੇਰਾ ਕਹਿਣ ਦਾ ਮਤਲਬ ਹੈ ਕਿ ਉਨ੍ਹਾਂ ਇਕ ਮੈਂਬਰ ਦੇ ਖਿਲਾਫ ਪਰੀਜ਼ੰਮਪਸ਼ਨ ਦੇ ਵਿਚ ਐਲੀਗੇਸ਼ਨਜ਼ ਲਾਈਆਂ ਹਨ।

ਸ੍ਰੀ ਸਪੀਕਰ : ਇਹ ਕੋਈ ਐਲੀਗੇਸ਼ਨ ਨਹੀਂ । Please resume your seat. (This is no allegation; please resume your seat.)

Shri Manmohan Kalia : Let this question be put in two parts.

ਰਾਜ ਮੰਤਰੀ, ਸਿਹਤ ਅਤੇ ਉਦਯੋਗ : ਫੋਕਲ ਪੁਆਇੰਟਸ ਦੀ ਸਿਚੂਏਸ਼ਨ 30 ਮਈ 1969 ਨੂੰ ਦਿੱਤੀ ਗਈ ਸੀ । ਸਿਚੂਏਸ਼ਨ ਉਸ ਵੇਲੇ ਦੀ ਸਰਕਾਰ ਦੀ ਡਿਸਕ੍ਰੀਸ਼ਨ ਤੇ ਸੀ, ਜਿਥ ਵੀ ਉਹ ਚਾਹੁੰਦੇ ਦੇ ਸਕਦੇ ਸੀ ।

ਕਾਮਰੇਡ ਸੱਤ ਪਾਲ ਡਾਂਗ: ਕੀ ਇਹ ਹਕੀਕਤ ਹੈ ਕਿ ਫੋਕਲ ਪੁਆਇੰਟਸ ਪ੍ਰੈਜ਼ੀਡੈਂਟ ਰੂਲ ਦੇ ਵਿਚ ਡਿਕਲੇਅਰ ਨਹੀਂ ਹੋਏ, ਪਰ ਇਹ ਟੰਡਨ ਸਾਹਿਬ ਨੇ ਆਪਣੇ ਵਕਤ ਡਿਕਲੇਅਰ ਕਰਾਏ ਅਤੇ ਇਸ ਦਾ ਇਵਜ਼ਾਨਾ ਥੋਕ ਦੀ ਏਜੰਸੀ ਦੇਣ ਵਿਚ ਟੰਡਨ ਸਾਹਿਬ ਦੇ ਸਕੇ ਭਰਾ ਨੂੰ ਮਿਲਿਆ ਜਿਹੜਾ ਕਿ ਇਕ ਮਾਮੂਲੀ ਦਲਾਲ ਸੀ ਅਤੇ ਮੰਡੀ ਵਿਚ 24 ਘੰਟੇ ਕਪੜੇ ਦੀ ਦਲਾਲੀ ਕਰਦਾ ਸੀ, ਅਤੇ ਉਸ ਨੂੰ 5,000 ਟੀਨ ਘਿਓ ਦੇ ਇਕੱਠੇ ਦਿੱਤੇ ਗਏ ?

ਰਾਜ ਮੰਤਰੀ: ਇਹ ਗੱਲ ਮੇਰੇ ਨੋਟਿਸ ਦੇ ਵਿਚ ਨਹੀਂ ।

ਸ੍ਰੀ ਮਨਮੋਹਨ ਕਾਲੀਆ: ਇਹ ਇਕ ਤਰ੍ਹਾਂ ਨਾਲ ਮਿੱਲ ਵਾਲਿਆਂ ਨੂੰ ਅਤੇ ਇਕ ਆਨਰੇਬਲ ਮੈਂਬਰ ਨੂੰ ਡੀਫੇਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਹ ਬਿਲਕੁਲ ਗਲਤ ਹੈ, ਇਸ ਦਾ ਕੁਐਸਚਨ ਦੇ ਨਾਲ ਵੀ ਕੋਈ ਸਬੰਧ ਨਹੀਂ ਇਹ ਸਾਰੀ ਗੱਲ ਸਰੀਹਨ ਗ਼ਲਤ ਹੈ।

ਕਾਮਰੇਡ ਸੱਤ ਪਾਲ ਡਾਂਗ: ਇਹ ਕੋਈ ਜ਼ਬਾਨੀ ਗੱਲ ਨਹੀਂ, ਇਹ ਮੈਂ ਲਿਖ ਕੇ ਦਿੱਤਾ ਹੈ ਕਿ ਰਾਜਪੁਰਾ ਘਿਓ ਫੈਕਟਰੀ ਦੀ ਥੋਕ ਦੀ ਏਜੰਸੀ ਇਕ ਕਪੜੇ ਦੀ ਦਲਾਲੀ ਕਰਨ ਵਾਲੇ ਸ਼ਖਸ ਨੂੰ, ਜਿਹੜਾ ਕਿ ਏਥੋਂ ਦੇ ਇਕ ਮਨਿਸਟਰ ਦਾ ਸਕਾ ਭਾਈ ਹੈ ਉਸ ਨੂੰ ਦਿੱਤੀ ਗਈ ਅਤੇ 5,000 ਟੀਨ ਘਿਓ ਦੇ ਥੋਕ ਵਿਚ ਵੇਚਣ ਲਈ ਉਸ ਨੂੰ ਦਿਤੇ ਗਏ। ਇਸ ਲਈ ਕਿ ਟੰਡਨ ਸਾਹਿਬ ਨੇ ਫੈਕਟਰੀ ਲਾਉਣ ਵਿਚ ਫੈਕਟਰੀ ਵਾਲਿਆਂ ਦੀ ਇਮਦਾਦ ਕੀਤੀ ਸੀ।

चौधरी बलबीर सिंह : जो इल्ज़ामात डांग साहिब ने लगाये हैं क्या मन्त्री महोदय उनकी बाकायदा तौर पर इन्क्वायरी करायेंगे, और इनके खिलाफ कोई ऐक्शन लेंगे ?

ਰਾਜ ਮੰਤਰੀ: ਉਹ ਜੇ ਕੋਈ ਸਪੈਸੀਫਿਕ ਐਲੀਗੇਸ਼ਨਜ਼ ਸਾਨੂੰ ਲਿਖ ਕੇ ਦੇ ਦੇਣ ਤਾਂ ਅਸੀਂ ਇਨਕੁਆਇਰੀ ਕਰਾ ਲਵਾਂਗੇ ।

ਕਾਮਰੇਡ ਸੱਤਪਾਲ ਡਾਂਗ: ਇਸ ਵਿਚ ਛਪਾਉਣ ਦੀ ਕੋਈ ਗੱਲ ਹੀ ਨਹੀਂ । ਮੈਂ ਪਹਿਲਾਂ ਹੀ ਚੀਫ ਮਨਿਸਟਰ ਸਾਹਿਬ ਨੂੰ ਲਿਖ ਕੇ ਦਿੱਤਾ ਹੋਇਆ ਹੈ। ਉਨ੍ਹਾਂ ਨੇ ਇਸ ਦੀ ਫਰਦਰ ਇਲੂਸੀਡੇਸ਼ਨ ਕਰਨ ਵਾਸਤੇ ਇਨ੍ਹਾਂ ਦਾ ਡਿਸਟ੍ਰਿਕਟ ਫੂਡ ਕੰਟਰੋਲਰ ਵੀ ਮੇਰੇ ਪਾਸ ਆਇਆ ਸੀ, ਮੈਂ ਉਸ ਦਾ ਜਵਾਬ ਦੇ ਦਿੱਤਾ ਹੈ, ਹੁਣ ਮੇਰੇ ਲਿਖ ਕੇ ਦੇਣ ਦੀ ਕੀ ਲੋੜ ਹੈ ਉਹ ਸਾਰੀ ਫਾਈਲ ਕੱਢਕੇ ਵੇਖ ਲੈਣ ਅਤੇ ਇਨਕੁਆਇਰੀ ਕਰ ਲੈਣ ।

चौधरी बलबीर सिंह : इस हाउस में एक आनरेबल मैम्बर के खिलाफ कुछ बातें कहीं गईं मगर वज़ीर साहिब ने जवाब यह दिया है कि इस के लिये अलग लिख कर दिया जाये । यह बिल्कुल गलत तरीका है । यहां पर जो भी इल्ज़ाम लगता है उस की रिकार्ड के मुताबिक इन्क्वायरी होनी चाहिये ।

ਸ੍ਰੀ ਸਪੀਕਰ : ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਮਿਲ ਦੀ ਟੋਟਲ ਇਨਵੈਸਟਮੈਂਟ ਕਿੰਨੀ ਹੈ ਜਿਸ ਨੂੰ ਕਿ 2 ਕਰੋੜ ਰੁਪਿਆ ਸੇਲਜ਼ ਟੈਕਸ ਦਾ ਰੀਮਿਸ਼ਨ ਮਿਲਿਆ ਹੈ ?
(I would like to know from the hon. Minister the total capital of the mill to which a remission of sales tax to the tune of Rs 2 crores has been granted)

ਰਾਜ ਮੰਤਰੀ : ਜਨਾਬ, ਇਹ ਦੋ ਕਰੋੜ ਰੁਪਿਆ ਰੀਮਿਸ਼ਨ ਨਹੀਂ ਮਿਲਿਆ ਸਗੋਂ ਇਹ ਹੀ ਕੈਪੀਟਲ ਇਨਵੈਸਟਮੈਂਟ ਹੈ। ਸੇਲਜ਼ ਟੈਕਸ ਦੀ ਰੀਮਿਸ਼ਨ ਦਾ ਕੇਸ ਅਜੇ ਸਰਕਾਰ ਕੋਲ ਪੈਂਡਿੰਗ ਹੈ, ਉਸ ਤੇ ਅਜੇ ਫੈਸਲਾ ਨਹੀਂ ਹੋਇਆ।

ਕਾਮਰੇਡ ਸੱਤ ਪਾਲ ਡਾਂਗ: ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਕੀ ਇਹ ਠੀਕ ਨਹੀਂ ਕਿ ਫੋਕਲ ਪੁਆਇੰਟ ਇੰਡਸਟਰੀ ਨੂੰ ਇਹ ਰਿਆਇਤ ਹੈ ਕਿ ਉਹ 5 ਸਾਲ ਤਕ ਲੋਕਾਂ ਕੋਲੋਂ ਸੇਲਜ਼ ਟੈਕਸ ਲਈ ਜਾਵੇ ਅਤੇ ਸਰਕਾਰ ਕੋਲ ਜਮ੍ਹਾਂ ਨਾ ਕਰਵਾਏ ? ਕੀ ਇਹ ਕੰਸੈਸ਼ਨ ਹੀ ਇਸ ਮਿਲ ਨੂੰ ਹਾਸਲ ਨਹੀਂ ? ਔਰ ਕੀ ਮਨਿਸਟਰ ਸਾਹਿਬ ਜਿਹੜੀਆਂ ਕੰਸੈਸ਼ਨਜ਼ ਫੋਕਲ ਪੁਆਇੰਟ ਇੰਡਸਟਰੀ ਨੂੰ ਦਿੱਤੀਆਂ ਜਾਂਦੀਆਂ ਹਨ ਉਹ ਦੱਸਣਗੇ ?

ਰਾਜ ਮੰਤਰੀ : ਜਿਹੜੀਆਂ ਰਿਆਇਤਾਂ ਫੋਕਲ ਪੁਆਇੰਟਸ ਨੂੰ ਦਿੱਤੀਆਂ ਜਾਂਦੀਆਂ ਹਨ ਉਹ ਅਨੈਕਸਚਰ ਵਿਚ ਦਿੱਤੀਆਂ ਹੋਈਆਂ ਹਨ, ਮੈਂਬਰ ਸਾਹਿਬ ਮਿਹਰਬਾਨੀ ਕਰਕੇ ਉਥੋਂ ਪੜ੍ਹ ਲੈਣ।

ਕਾਮਰੇਡ ਸੱਤ ਪਾਲ ਡਾਂਗ : ਕੀ ਇਹ ਠੀਕ ਨਹੀਂ ਕਿ 5 ਸਾਲ ਸੇਲਜ਼ ਟੈਕਸ ਲੋਕਾਂ ਕੋਲੋਂ ਲੈਣ ਅਤੇ ਸਰਕਾਰ ਕੋਲ ਜਮ੍ਹਾਂ ਨਾ ਕਰਵਾਉਣ ਦੀ ਰਿਆਇਤ ਫੋਕਲ ਪੁਆਇੰਟਸ ਨੂੰ ਦਿਤੀ ਜਾਂਦੀ ਹੈ ਅਤੇ ਇਸ ਮਿਲ ਨੂੰ ਵੀ ਇਹ ਰਿਆਇਤ ਹੈ ?

(ਕੋਈ ਜਵਾਬ ਨਾ ਦਿਤਾ ਗਿਆ।)

ਸਰਦਾਰ ਕਿਰਪਾਲ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ ਸਰ। ਸਪੀਕਰ ਸਾਹਿਬ ਕੀ ਸਾਡੇ ਲਈ ਸੈਪਲੀਮੈਂਟਰੀ ਕਰਨਾ ਮਨ੍ਹਾ ਹੈ ?

ਸ੍ਰੀ ਸਪੀਕਰ : ਨਹੀਂ ਜੀ। (No please.)

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਕਿੰਨੀਆਂ ਫਰਮਾਂ ਨੇ ਇਹ ਫੋਕਲ ਪੁਆਇੰਟਸ ਦੀਆਂ ਕੰਸੈਸ਼ਨਜ਼ ਲੈਣ ਲਈ ਅਪਲਾਈ ਕੀਤਾ ਅਤੇ ਕਿੰਨੀਆਂ ਨੂੰ ਇਹ ਕੰਸੈਸ਼ਨਜ਼ ਦਿਤੀਆਂ ਗਈਆਂ ਅਤੇ ਜੋ ਅੰਮ੍ਰਿਤ ਘੀ ਮਿਲ ਨੂੰ ਕੰਸੈਸ਼ਨਜ਼ ਦਿਤੀਆਂ ਗਈਆਂ ਹਨ ਉਨ੍ਹਾਂ ਨਾਲ ਕੀ ਦੂਜੀਆਂ ਘੀ ਦੀਆਂ ਮਿਲਾਂ ਤੇ ਬੁਰਾ ਅਸਰ ਪਿਆ ਹੈ ?

ਰਾਜ ਮੰਤਰੀ : ਫੋਕਲ ਪੁਆਇੰਟਸ ਇੰਡਸਟਰੀ ਨੂੰ ਦੋ ਸਹੂਲਤਾਂ ਦਿਤੀਆਂ ਜਾਂਦੀਆਂ ਹਨ। ਪਹਿਲੀ ਇਹ ਕਿ ਉਹ ਡਾਇਰੈਕਟ ਕਨਜ਼ੂਮਰ ਨੂੰ ਸੇਲ ਕਰ ਸਕਦੀ ਹੈ ਅਤੇ ਦੂਸਰੀ ਸਹੂਲੀਅਤ ਹੈ ਇੰਟਰ ਸਟੇਟ ਸੇਲ ਕਰਨ ਦੀ। ਜਦੋਂ ਕੋਈ ਕੰਪਨੀ ਇਸ ਲਈ ਐਪਲਾਈ ਕਰਦੀ ਹੈ ਤਾਂ ਸਰਕਾਰ ਉਸ ਦੀ ਜਸਟੀਫੀਕੇਸ਼ਨ ਦੇਖ ਕੇ ਉਹ ਸਹੂਲਤਾਂ ਉਸ ਨੂੰ ਦੇ ਦਿੰਦੀ ਹੈ।

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ ਮੇਰਾ ਸਵਾਲ ਤਾਂ ਬੜਾ ਸਪੈਸਿਫਿਕ ਸੀ, ਪਰ ਇਨ੍ਹਾਂ ਦਾ ਜਵਾਬ ਹੀ ਹੋਰ ਹੈ। ਮੇਰਾ ਸਵਾਲ ਇਹ ਸੀ ਕਿ ਕੀ ਇਸ ਮਿਲ ਨੂੰ ਇਹ ਰਿਆਇਤਾਂ ਦੇਣ ਨਾਲ ਬਾਕੀ ਘੀ ਦੀ ਸਨਅਤ ਤੇ ਕੋਈ ਬੁਰਾ ਅਸਰ ਪਿਆ ਹੈ। ਅਤੇ ਜੇ ਬਾਕੀ ਦੀਆਂ ਮਿਲਾਂ ਅਜਿਹੀ ਰਿਆਇਤ ਮੰਗਣ ਤਾਂ ਕੀ ਸਰਕਾਰ ਉਨ੍ਹਾਂ ਨੂੰ ਇਹ ਰਿਆਇਤਾਂ ਦੇਵੇਗੀ ?

ਰਾਜ ਮੰਤਰੀ: ਅਜੇ ਤਾਂ ਇਸ ਕੰਪਨੀ ਵਲੋਂ ਸੇਲਜ਼ ਟੈਕਸ ਦੇ ਰੀਫੰਡ ਕਰਨ ਵਾਸਤੇ ਕੋਈ ਕਲੇਮ ਨਹੀਂ ਆਇਆ, ਇਸ ਲਈ ਇਸ ਨੂੰ ਸੇਲਜ਼ ਟੈਕਸ ਦੇ ਰੀਫੰਡ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

चौधरी बलबीर सिंह : क्या मन्त्री महोदय बताएंगे कि जो पत्र डांग साहिब ने चीफ मनिस्टर साहिब को लिखा था वह उन तक पहुंच गया है ?

ਰਾਜ ਮੰਤਰੀ: ਮੇਰੇ ਨੋਟਿਸ ਵਿਚ ਕੋਈ ਅਜਿਹੀ ਚੀਜ਼ ਨਹੀਂ ਅਤੇ ਡਾਂਗ ਸਾਹਿਬ ਨੇ ਹਾਊਸ ਵਿਚ ਜੋ ਇਨਫਰਮੇਸ਼ਨ ਦਿਤੀ ਹੈ , ਉਹ ਸਫੀਸ਼ੈਂਟ ਨਹੀਂ ਹੈ, ਇਸ ਲਈ ਮੈਂ ਉਨ੍ਹਾਂ ਕੋਲੋਂ ਹੋਰ ਇਨਫਰਮੇਸ਼ਨ ਮੰਗੀ ਹੈ ਤਾਂ ਕਿ ਕੋਈ ਇਨਕੁਆਇਰੀ ਕਰਵਾ ਸਕੀਏ।

ਕਾਮਰੇਡ ਸੱਤਪਾਲ ਡਾਂਗ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ ਮੈਂ ਇਥੇ ਇਕ ਸਪੈਸਿਫਿਕ ਐਲੀਗੇਸ਼ਨ ਲਗਾਇਆ ਹੈ ਕਿ ਗਵਰਨਰੀ ਰਾਜ ਵਿਚ ਦੋ ਵਾਰ ਇਸ ਮਿਲ ਨੂੰ ਫੋਕਲ ਪੁਆਇੰਟਸ ਇੰਡਸਟਰੀ ਬਨਾਉਣ ਤੋਂ ਇਨਕਾਰ ਕੀਤਾ ਗਿਆ ਅਤੇ ਫਿਰ ਟੰਡਨ ਸਾਹਿਬ ਨੇ ਆਊਟ ਆਫ ਦੀ ਵੇ ਜਾ ਕੇ ਉਸ ਨੂੰ ਫੋਕਲ ਪੁਆਇੰਟਸ ਡਿਕਲੇਅਰ ਕੀਤਾ ਅਤੇ ਉਨ੍ਹਾਂ ਦੇ ਭਾਈ ਨੂੰ 5 ਹਜ਼ਾਰ ਟੀਨ ਦਾ ਕੋਟਾ ਮਿਲਿਆ ਅਤੇ 24 ਘੰਟੇ ਦੇ ਵਿਚ ਵਿਚ ਡਿਸਟ੍ਰਿਕਟ ਫੂਡ ਐਂਡ ਸਪਲਾਈ ਅਫ਼ਸਰ ਨੇ ਉਸ ਨੂੰ ਬਨਾਸਪਤੀ ਘੀ ਦਾ ਲਾਇਸੰਸ ਦਿਤਾ। ਮੈਂ ਇਹ ਐਲੀਗੇਸ਼ਨ ਲਗਾਏ ਹਨ ਪਰ ਮਨਿਸਟਰ ਸਾਹਿਬ ਹਾਲੇ ਹੋਰ ਇਨਫਾਰਮੇਸ਼ਨ ਮੰਗੀ ਜਾ ਰਹੇ ਹਨ (ਵਿਘਨ) ਸਪੀਕਰ ਸਾਹਿਬ ਮੈਨੂੰ ਹੁਣ ਇਹ ਸਮਝ ਪੈਂਦੀ ਹੈ ਕਿ ਪਿਛਲੇ ਸਾਲ ਜਦੋਂ ਅਸੀਂ ਹਾਈ ਕੋਰਟ ਜੱਜ ਦਾ ਟ੍ਰਿਬਿਊਨਲ ਬਨਾਉਣ ਦੀ ਗਲ ਆਖੀ ਸੀ ਤਾਂ ਚੀਫ ਮਨਿਸਟਰ ਸਾਹਿਬ ਸਰਦਾਰ ਬਲਵੰਤ ਸਿੰਘ ਤੇ ਗੱਲ ਸੁੱਟਦੇ ਸੀ ਅਤੇ ਸਰਦਾਰ ਬਲਵੰਤ ਸਿੰਘ, ਸ੍ਰੀ ਟੰਡਨ ਤੇ ਇਹ ਗਲ ਸੁਟਦੇ ਸੀ ਅਤੇ ਇਹ ਟ੍ਰਿਬਿਊਨਲ ਨਹੀਂ ਸੀ ਬਣ ਸਕਿਆ।

ਰਾਜ ਮੰਤਰੀ : ਮੈਂ ਇਕ ਗਲ ਫਿਰ ਕਲੀਅਰ ਕਰ ਦੇਵਾਂ ਕਿ ਕਿਸੇ ਇੰਡਸਟਰੀ ਨੂੰ ਫੋਕਲ ਪੁਆਇੰਟਸ ਡਿਕਲੇਅਰ ਕਰਨਾ ਗੌਰਮਿੰਟ ਦੀ ਡਿਸਕ੍ਰੀਸ਼ਨ ਹੈ। ਗੌਰਮਿੰਟ ਆਪਣੀ ਡਿਸਕ੍ਰੀਸ਼ਨ ਨੂੰ ਕਿਸੇ ਵੇਲੇ ਵੀ ਇਸਤੇਮਾਲ ਕਰ ਸਕਦੀ ਹੈ। ਇਸ ਮਿਲ ਨੇ 25 ਏਕੜ ਪਲਾਟ ਘੇਰਿਆ ਹੋਇਆ ਹੈ। ਡਿਕਲੇਅਰ ਫੋਕਲ ਪੁਆਇੰਟ ਇੰਡਸਟਰੀਅਲ ਸਾਈਟਸ ਤੇ ਸਾਡੇ ਕੋਲ ਕਿਧਰੇ ਵੀ 25 ਏਕੜ ਦਾ ਟੁਕੜਾ ਖਾਲੀ ਨਹੀਂ ਸੀ ਅਤੇ ਇਹ ਜ਼ਮੀਨ ਜਿਥੇ ਹੁਣ ਇਹ ਮਿੱਲ ਹੈ ਫੋਕਲ ਪੁਆਇੰਟ ਸਾਈਟਸ ਦੇ ਬਿਲਕੁਲ ਨਾਲ ਹੈ ਇਸ ਲਈ ਸਰਕਾਰ ਨੇ ਇਹ ਮੁਨਾਸਬ ਸਮਝਿਆ ਕਿ ਇਸ ਨੂੰ ਇਹ ਰਿਆਇਤ ਦਿਤੀਆਂ ਜਾਣ ਔਰ ਜੇ ਮੈਂਬਰ ਸਾਹਿਬ ਇਹ ਸਮਝਦੇ ਹਨ ਕਿ ਇਸ ਵਿਚ ਕੋਈ ਹੇਂਕੀ ਪੈਂਕੀ ਹੋਇਆ ਹੈ ਤਾਂ ਉਹ ਸਾਨੂੰ ਲਿਖ ਦੇਣ। ਅਸੀਂ ਇਨਕੁਆਇਰੀ ਕਰਵਾ ਲਵਾਂਗੇ।

ਸ੍ਰੀ ਸਪੀਕਰ: ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਹ ਇਕ ਗੰਭੀਰ ਮਸਲਾ ਹੈ ਕਿ ਇਕ ਕੰਪਨੀ ਜਿਸ ਦੀ ਕੈਪੀਟਲ ਇਨਵੈਸਟਮੈਂਟ 2 ਕਰੋੜ ਰੁਪਿਆ ਹੈ, ਉਸ ਨੂੰ ਦੋ ਕਰੋੜ ਰੁਪਏ ਦੀਆਂ ਰਿਆਇਤਾਂ ਹਰ ਸਾਲ ਦਿਤੀਆਂ ਜਾਣ। ਇਸ ਲਈ ਇਹ ਇਸ ਮਾਮਲੇ ਦੀ ਉਚੇਚੇ ਧਿਆਨ ਨਾਲ ਪੜਤਾਲ ਕਰਵਾਉਣ। (I would point out to the hon. Minister that it is a serious issue that a company having a total capital investment of Rs. two crores be given a concession amounting to Rs 2 crores every year. I would, therefore, suggest that he should get the matter thoroughly investigated.)

ਰਾਜ ਮੰਤਰੀ: ਸਪੀਕਰ ਸਾਹਿਬ ਮੈਂ ਅਰਜ਼ ਕਰਦਾ ਹਾਂ ਕਿ ਜੋ ਫੋਕਲ ਪੁਆਇੰਟਸ ਇੰਡਸਟਰੀ ਦੀਆਂ ਰਿਆਇਤਾਂ ਹਨ ਉਹ ਨਾ ਕੇਵਲ ਹਿੰਦੁਸਤਾਨ ਬਲਕਿ ਸਾਰੇ ਵਰਲਡ ਦੇ ਇੰਡਸਟਰੀਅਲਿਸਟਸ ਲਈ ਅਸੀਂ ਐਕਸਟੈਂਡ ਕਰਦੇ ਹਾਂ ਤਾਕਿ ਉਹ ਪੰਜਾਬ ਵਿਚ ਇੰਡਸਟਰੀ ਲਾਉਣ। ਅਸੀ ਇਹ ਸਮਝ ਲੈਂਦੇ ਹਾਂ ਕਿ ਜੇ ਇਹੋ ਇੰਡਸਟਰੀ ਇਥੇ ਨਾ ਵੀ ਲਗੀ ਹੁੰਦੀ ਤਾਂ ਵੀ ਸਾਨੂੰ ਕੁਝ ਆਮਦਨ ਨਹੀਂ ਸੀ ਹੋਣੀ, ਇਸ ਦੇ ਲਗਣ ਦੇ ਨਾਲ ਘੱਟੋ ਘੱਟ ਸਟੇਟ ਵਿਚ ਤਾਂ ਇੰਡਸਟਰੀ ਵਧੇਗੀ ਇਹ ਰਿਆਇਤਾਂ ਭਾਵੇਂ ਕਿਸੇ ਇੰਡਸਟਰੀ ਦੀ ਕੈਪੀਟਲ ਇਨਵੈਸਟਮੈਂਟ ਤੋਂ 10 ਗੁਣਾ ਵੀ ਕਿਉਂ ਨਾ ਵਧ ਜਾਣ।

ਸ੍ਰੀ ਸਪੀਕਰ: ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੋ ਕਿਸਮ ਦੀ ਹੈ। ਇਕ ਇੰਜੀਨੀਅਰਿੰਗ ਇੰਡਸਟਰੀ ਅਤੇ ਦੂਸਰੀ ਪ੍ਰੋਸੈਸਿੰਗ ਇੰਡਸਟਰੀ ਜਿਵੇਂ ਕਿ ਤੇਲ ਆਦਿ ਨੂੰ ਹਾਈ-ਡਰੋਜੀਨੇਟ ਕਰਕੇ ਘਿਓ ਬਣਾਉਣਾ ਆਦਿ। ਇਨ੍ਹਾਂ ਦੋਨਾਂ ਇੰਡਸਟਰੀਆਂ ਵਿਚ ਬਹੁਤ ਫ਼ਰਕ ਹੁੰਦਾ ਹੈ। ਪ੍ਰੋਸੈਸਿੰਗ ਇੰਡਸਟਰੀ ਨੂੰ ਇਤਨੀਆਂ ਰਿਆਇਤਾਂ ਦੇਣ ਤੋਂ ਪਹਿਲਾਂ ਸਰਕਾਰ ਨੂੰ ਇਸ ਤੇ ਚੰਗੀ ਤਰ੍ਹਾਂ ਸੋਚ ਵਿਚਾਰ ਕਰ ਲੈਣੀ ਚਾਹੀਦੀ ਹੈ। (I would like to say that the industry is of two kinds—Engineering Industry and the Processing Industry like preparation of Ghee from Oil through hy-drogenation. There is a great difference between these two kinds of industries. The Government should pay due attention before giving so many concessions to the processing Industry).

चौधरी बलबीर सिंह: क्या मन्त्री महोदय इस बात के लिए तैयार हैं कि जो इल्ज़ाम डांग साहिब ने लगाए हैं उन की हाई कोर्ट के किसी जज से इन्क्वायरी करवाएं ?

ਸ੍ਰੀ ਸਪੀਕਰ: ਕੁਐਸਚਨ ਆਵਰ ਖਤਮ ਹੋ ਗਿਆ ਹੈ। (Question hour is over)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ ਤੁਹਾਡੀ ਪਰਮਿਸ਼ਨ ਦੇ ਨਾਲ ਇਹ ਸਪਲੀਮੈਂਟਰੀ ਪੁਛਿਆ ਗਿਆ ਹੈ ਇਸ ਲਈ ਨੈਕਸਟ ਕੁਐਸਚਨ ਆਵਰ ਇਸ ਸੈਪਲੀਮੈਂਟਰੀ ਤੋਂ ਹੀ ਹੋਣਾ ਚਾਹੀਦਾ ਹੈ।

ਸ੍ਰੀ ਸਪੀਕਰ: ਨੈਕਸਟ ਕੁਐਸਚਨ ਆਵਰ ਵਿਚ ਇਹ ਸਵਾਲ ਹੀ ਕੰਨਟੀਨਿਊ ਕਰੇਗਾ। (This question will continue in the next question hour.)

WRITTEN ANSWERS TO STARRED QUESTIONS LAID ON THE TABLE OF THE HOUSE UNDER RULE 45

Facilities Provided at places of Historical/Religious Importance

***2089. Shri Gian Chand Kharbanda**: Will the Minister of State for Public Relations, Tourism and Local Government be pleased to —

(a) lay on the Table of the House a detailed list of those places with their historical background in the State which have historical, religious, political importance and are visited by the people from all over the country occasionally as places of pilgrimage/tourist attraction;

(b) state the details of the steps taken by the Government to provide facilities to the visitors to the places mentioned in part (a) above ;

(c) state whether there is any proposal under the consideration of the Government to prepare any plans for the development of the said places ;

(d) state whether Government has published any literature of tourist interest for attracting people to these places; if so, a copy there of be laid on the Table of the House ?

Sardar Tarlochan Singh Riasti : The benefit to be derived from the information to be collected will not be commensurate with the labour involved.

Demands of House Surgeons of V.J. Hospital, Amritsar and Rajindra Hospital, Patiala.

*2088. **Shri Gian Chand Kharbanda** : Will the Minister of State for Industries and Health be pleased to state —

(a) whether the Government has taken any action on the representation of House Surgeons serving in the V.J. Hospital Amritsar and Rajindra Hospital, Patiala, demanding increase in their allowances and better hostel arrangements, the demands for which they went on strike in August/September, 1970 ;

(b) whether any assurances were held out by the competent authority; if so, the time by which the Government propose to implement those assurances ;

(c) whether there is any proposal under the consideration of the Government for the revision of their pay scales; if so, the time by which a final decision is likely to be taken in the matter ?

ਸਰਦਾਰ ਰਵੇਲ ਸਿੰਘ : (ਏ ਅਤੇ ਸੀ) : ਹਾਂ ਜੀ, ਹਾਊਸ ਸਰਜਨਾਂ ਦੀ ਮਾਨ ਭੇਂਟ ਜਿਹੜੀ ਕਿ ਪਹਿਲਾਂ 275 ਰੁਪਏ ਪ੍ਰਤੀ ਮਹੀਨਾ ਸੀ ਵੱਧਾ ਕੇ ਪਹਿਲੇ 6 ਮਹੀਨਿਆਂ ਲਈ 325 ਰੁਪਏ ਪ੍ਰਤੀ ਮਹੀਨਾ ਤੇ ਉਸ ਤੋਂ ਬਾਅਦ ਅਗਲੇ 6 ਮਹੀਨੇ ਲਈ 350 ਰੁਪਏ ਪ੍ਰਤੀ ਮਹੀਨਾ ਕਰ ਦਿਤੀ ਗਈ ਹੈ। ਜਿਥੋਂ ਤਕ ਉਨ੍ਹਾਂ ਨੂੰ ਰਿਹਾਇਸ਼ੀ ਸਹੂਲਤਾਂ ਦੇਣ ਦਾ ਸਬੰਧ ਹੈ ਨਵੇਂ ਹੋਸਟਲ ਬਣ ਗਏ ਹਨ ਅਤੇ ਉਨ੍ਹਾਂ ਨੂੰ ਉਨ੍ਹਾਂ ਵਿਚ ਰਹਿਣ ਵਾਸਤੇ ਥਾਂ ਦਿਤੀ ਜਾਵੇਗੀ।

(ਬੀ) ਹਾਂ ਜੀ, ਜਿਸ ਤਰ੍ਹਾਂ ਕਿ ਉਪਰੋਕਤ (ਏ) ਭਾਗ ਵਿਚ ਦੱਸਿਆ ਗਿਆ ਹੈ। ਆਸ਼ਵਾਸਨ ਦੇ ਬਾਰੇ ਲੋੜੀਂਦੀ ਕਾਰਵਾਈ ਕਰ ਦਿਤੀ ਗਈ ਹੈ।

Starred Question No. 2275

ਸਰਜੀਤ ਸਿੰਘ

ਸਹਿਕਾਰਤਾ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ,
ਪੰਜਾਬ।

ਅੱਧ ਸਰਕਾਰੀ ਪੱਤਰ ਨੰ: 240 ਸੀ(4)/
ਚੰਡੀਗੜ੍ਹ, ਮਿਤੀ 19 ਜਨਵਰੀ, 1971।

ਵਿਸ਼ਾ:—ਸਟਾਰਡ ਸਵਾਲ ਨੰ: 2275 ਵਲੋਂ ਕਾਮਰੇਡ ਬਾਬੂ ਸਿੰਘ ਮਾਸਟਰ ਅਤੇ ਕਾਮਰੇਡ ਸੱਤਪਾਲ ਡਾਂਗ, ਐਮ. ਐਲ. ਏਜ਼।

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਨਿਸ਼ਾਨ ਵਾਲੇ ਪ੍ਰਸ਼ਨ ਨੰ: 2275 ਜੋ ਮਿਤੀ 20 ਜਨਵਰੀ, 1971 ਲਈ ਪ੍ਰਸ਼ਨਾਂ ਦੀ ਸੂਚੀ ਵਿੱਚ ਕਾਮਰੇਡ ਬਾਬੂ ਸਿੰਘ ਮਾਸਟਰ ਅਤੇ ਕਾਮਰੇਡ ਸੱਤ ਪਾਲ ਡਾਂਗ ਵਲੋਂ

[ਸ੍ਰੀ ਸਪੀਕਰ]

ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਂਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ 25 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸਪਾਤਰ,

(ਸਹੀ) . . . ,

ਸਰਜੀਤ ਸਿੰਘ

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ, ਪੰਜਾਬ।

Allotment of Plots to Legislators by Improvement Trusts on Reserve Prices

***2194. Comrade Dana Ram** : Will the Minister of State for Medical and Local Government be pleased to state :

(a) whether at any time during the period from 1st March, 1970 to 16th December, 1970 instructions were issued by Government to the Improvement Trusts in the State that legislators in their districts be allotted residential/commercial plots at reserve prices; if so, a copy of such instructions be laid on the Table of the House ;

(b) whether these instructions are binding on the Improvement Trusts; if not, the names of the Improvement Trusts which have agreed to and of those which have not agreed to implement the said instructions;

(c) the names of M.L.A.s who have been allotted residential/commercial plots by the Improvement Trusts in accordance with the above mentioned instructions;

(d) the categories of persons other than the legislators who are entitled to purchase plots from the Improvement Trusts, at reserve prices ?

ਸਰਦਾਰ ਰਵੇਲ ਸਿੰਘ : ਹਾਂ ਜੀ, ਹਦਾਇਤਾਂ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ। (ਅਨੁਲਗ 1)

(ਬੀ) ਨਹੀਂ ਜੀ। ਕਿਸੇ ਟਰਸਟ ਨੇ ਇਨ੍ਹਾਂ ਹਦਾਇਤਾਂ ਨੂੰ ਅਪਨਾਉਣ ਬਾਰੇ ਅਸਹਿਮਤੀ ਨਹੀਂ ਦੱਸੀ।

(ਸੀ) ਨਿਲ।

(ਡੀ) ਲੋੜੀਂਦੀ ਸੂਚਨਾ ਅਨੁਲੱਗ 11 ਵਿਚ ਦਿਤੇ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ANNEXURE I

From

The Secretary to Government, Punjab,
Local Government Department.

To

All the Chairmen, Improvement Trusts in Punjab.

Memo No. 33(43)-3*CI*-70/21328, *dated, Chandigarh, the 15th September,* 1970

Subject.—Extending the scope of eligibility for allotment of plots to the Members of Parliament, M.L.As.

Reference correspondence resting with Punjab Government Memo No. 2116-3CI-70/5389, dated the 26th February, 1969, on the subject noted above.

2. Government have considered the question of further extending the scope of eligibility for allotment of plots to certain other categories. It has been decided that the plots may be allotted to the Members of Parliament and Members of the Legislative Assembly hailing from Punjab only at reserve price fixed by the Trusts for plots in their schemes.

3. You are requested to amend the corresponding rule in the Land Disposal Rules accordingly.

(Sd). BALBIR SINGH,
Assistant Director,
for Secretary to Government, Punjab,
Local Government Department.

No. 33(43)-3CI-70/21329, dated Chandigarh, the September, 1970.

A copy is forwarded to the Examiner, Local Fund Accounts, Punjab for information.

(Sd). BALBIR SINGH,
Assistant Secretary,
for Secretary to Government, Punjab,
Local Government Department.

ANNEXURE II

Categories of persons other than Legislators who are entitled to get plots at reserve price from the Improvement Trusts

(i) Departments of Punjab Government, Local Authorities and public undertakings, bodies of public utility, project bodies duly registered for public purposes or public charitable and religious institutions, if any, land is reserved for such purposes in the Scheme ;

(ii) Local displaced persons in the following order :—

(a) Owner occupiers and occupiers claimants of allotable acquired evacuee properties in whose favour allotment of such properties has actually been made by the Central Government.

(b) Absentee land-lords ;

(c) tenants in order of maximum period of tenancy.

(iii) Local displaced persons of other schemes of the Trust to whom a plot could not be given by the Trust in the order specified in clause (ii) above.

[Minister of State for Medical and Local Government]

(iv) Members of the Armed Forces who in their own name or in the names of their husbands/wives or dependent children do not own a building or building site in India ;

(v) Registered House Building Cooperative Societies of the employees of Punjab Government Local authorities and public undertakings ;

(vi) Government employees and the employees of local bodies.

Appointment of High Level Anti-Corruption Tribunal

*2063. **Major Harinder Singh** : Will the Chief Minister be pleased to state —

(a) whether the Punjab Government proposes to appoint a high level Anti-Corruption Tribunal to go into all allegations of corruption against the Ex-Chief Ministers, ex-Ministers, Ministers, Legislators and Senior Officials and to probe into cases of illegal acquisition of wealth and property; if so, the time by which the said Tribunal is likely to come into existence;

(b) if the reply to part (a) above be in the negative, the reasons therefor ?

Sardar Parkash Singh Badal : (a) and (b) The matter is under consideration.

[(ਏ ਤੇ ਬੀ) ਮਾਮਲਾ ਵਿਚਾਰ ਅਧੀਨ ਹੈ ।]

Legislation for Providing Unemployment Insurance

*2064. **Major Harinder Singh** : Will the Chief Minister be pleased to state —

(a) whether the Government proposes to enact a law providing for unemployment insurance in the State; if not, the reasons therefor ;

(b) the steps Government intends to take to end unemployment among the educated sections of society ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ਏ) ਨਹੀਂ ਜੀ । ਪੈਸਿਆਂ ਦੀ ਘਾਟ ਹੋਣ ਕਾਰਨ ।

(ਬੀ) ਸਮਾਜ ਦੇ ਪੜ੍ਹੇ ਲਿਖੇ ਬੇਰੋਜ਼ਗਾਰ ਵਿਅਕਤੀਆਂ ਦੀ ਰੋਜ਼ਗਾਰ ਸਮੱਸਿਆ ਦਾ ਸਮਾਧਾਨ ਕਰਨ ਲਈ ਚੌਥੀ ਪੰਜ-ਸਾਲਾ ਯੋਜਨਾ ਅਧਿਕਤਮ ਰੋਜ਼ਗਾਰ ਦੇ ਵਸੀਲੇ ਪੈਦਾ ਕਰਨ ਵਾਲੀ ਬਣਾਈ ਗਈ ਹੈ ।

Separation of Prosecution Agency from the Police Department

*2023. **Comrade Satya Pal Dang** : Will the Chief Minister be pleased to state —

(a) the details of the progress made since the last session of the Assembly regarding separation of the Prosecution Agency from the Police ;

(b) the time by which complete separation of the two is likely to be effected ?

Sardar Parkash Singh Badal : (a) and (b) Certain formalities which required to be observed are still being looked into and very shortly a decision would be taken.

[(ੳ ਤੇ ਅ) ਕੁਝ ਰਸਮਾਂ ਜਿਨ੍ਹਾਂ ਦੀ ਪੈਰਵੀ ਕਰਨ ਦੀ ਜ਼ਰੂਰਤ ਹੈ, ਨੂੰ ਪੜਤਾਲਿਆ ਜਾ ਰਿਹਾ ਹੈ ਅਤੇ ਛੇਤੀ ਕੋਈ ਫੈਸਲਾ ਕੀਤਾ ਜਾਵੇਗਾ ।]

Persons Died after taking Country Liquor in village Bhalai Anna, District Ferozepur

***2168. Chaudhri Kewal Krishan** : Will the Chief Minister be pleased to state —

(a) whether it has come to the notice of the Government/authorities concerned that four persons died after taking country liquor on 1st December, 1970, in village Bhalai Anna, tehsil Muktsar, district Ferozepur ;

(b) if the reply to part (a) above be in the affirmative, whether any enquiry in the said matter was held if so; a copy of the enquiry report be laid on the Table of the House;

(c) whether any licensees found responsible for selling poisonous liquor have so far been arrested; if so, the number of persons arrested/challaned in this connection ;

(d) the steps taken by the Government to avoid recurrence of such incidents in future ?

Sardar Parkash Singh Badal : (a) Yes Sir.

(b) A regular case F.I.R. No. 353, dated 1st December, 1970 has been registered under section 304, I.P.C., at P.S. Kot Bhai on the statement of one Pritam Singh son of Harnam Singh, Jat resident of village Bhalai Anna. This case is under investigation.

(c) One Jit Singh son of Nand Singh Jat of village Gursar, Police Station Kot Bhai, liquor licensee, who sold the liquor in peg sale, to the four deceased, has been arrested.

(d) Surveillance has been steped up, greater watch is being kept on licensed shops; peg sale is prohibited.

[(ੲ) ਹਾਂ ਜੀ ।

(ਬੀ) ਪਰੀਤਮ ਸਿੰਘ, ਪੁਤਰ ਹਰਨਾਮ ਸਿੰਘ ਜੱਟ ਵਾਸੀ ਪਿੰਡ ਭਲਾਈ ਆਣਾ ਦੇ ਬਿਆਨ ਤੇ ਮੁਕੱਦਮਾ ਨੰ: 353, ਮਿਤੀ 1 ਦਸੰਬਰ, 1970, ਅਧੀਨ ਧਾਰਾ 304 ਤਾਜ਼ੀਰਾਤ ਹਿੰਦ, ਥਾਣਾ ਕੋਟ ਭਾਈ ਦਰਜ ਕੀਤਾ ਗਿਆ ਜੋ ਜ਼ੇਰ ਤਫਤੀਸ਼ ਹੈ ।

(ਸੀ) ਦੋਸ਼ੀ ਜੀਤ ਸਿੰਘ, ਪੁਤਰ ਨੰਦ ਸਿੰਘ ਜੱਟ ਵਾਸੀ ਗੁਰੂ ਸਰ ਥਾਣਾ ਕੋਟ ਭਾਈ ਠੇਕੇਦਾਰ ਸ਼ਰਾਬ ਜਿਸ ਨੇ ਇਨ੍ਹਾਂ ਚੋਹਾਂ ਵਿਅਕਤੀਆਂ ਪਾਸ ਖੁਲ੍ਹੀ ਸ਼ਰਾਬ ਵੇਚੀ ਸੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ।

(ਡੀ) ਪੁਲੀਸ ਗਸ਼ਤ ਕਰਦੀ ਹੈ ਅਤੇ ਸ਼ਰਾਬ ਦਿਆਂ ਠੇਕਿਆਂ ਤੇ ਬਹੁਤਾ ਧਿਆਨ ਦਿਤਾ ਜਾਂਦਾ ਹੈ । ਖੁਲ੍ਹੀ ਸ਼ਰਾਬ ਦੀ ਵਿਕਰੀ ਬੰਦ ਹੈ ।

Police Force deputed for protecting the life and property of Shri Inderjit Singh D.S.P. (Retired) in district Rupar

*2230. **Sardar Raja Singh** : Will the Chief Minister be pleased to state —

(a) whether any Police force has been deputed to protect the life and property of Shri Inderjit Singh, D.S.P. (Retired), in district Rupar ;

(b) if the reply to para (a) above be in the affirmative, the number and names of Police officials so deputed together with the date since when the Police force has been deputed for the said purpose, the circumstances in which it has been deputed and the reasons therefor ;

(c) the total expenditure being incurred annually by the Punjab Government on the Police force so deputed and a detailed statement in this regard be placed on the Table of the House?

Sardar Parkash Singh Badal : (a) No sir. No Police Guard has been provided exclusively for the protection of S. Inderjit Singh, D.S.P. (Retired).

(b and c) Question does not arise.

[(ੲ) ਨਹੀਂ ਜੀ । ਸ੍ਰੀ ਇਦਰਜੀਤ ਸਿੰਘ ਪੈਨਸ਼ਨਰ ਡੀ. ਐਸ. ਪੀ. ਦੇ ਬਚਾਓ ਲਈ ਕੋਈ ਪੁਲਿਸ ਗਾਰਦ ਨਿਜੀ ਤੌਰ ਤੇ ਨਹੀਂ ਲਗਾਈ ਗਈ ।

(ਬੀ) ਅਤੇ (ਸੀ) ਸਵਾਲ ਹੀ ਪੈਦਾ ਨਹੀਂ ਹੁੰਦਾ ।]

***Starred Question No. 2276**

ਪ੍ਰਕਾਸ਼ ਸਿੰਘ ਬਾਦਲ,
ਮੁੱਖ ਮੰਤਰੀ, ਪੰਜਾਬ।

ਅ. ਸ. ਪੱਤਰ ਨੰ: 340/ਬੀ-2,
ਮਿਤੀ 19 ਜਨਵਰੀ, 1971
ਚੰਡੀਗੜ੍ਹ ।

ਪਿਆਰੇ ਸਰਦਾਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਨਿਸ਼ਾਨ ਵਾਲੇ ਪ੍ਰਸ਼ਨ ਨੰ: 2276 ਜੋ ਮਿਤੀ 20 ਜਨਵਰੀ, 1971, ਲਈ ਪ੍ਰਸ਼ਨਾਂ ਦੀ ਸੂਚੀ ਵਿਚ ਕਾਮਰੇਡ ਬਾਬੂ ਸਿੰਘ ਮਾਸਟਰ, ਐਮ. ਐਲ. ਏ., ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਯੂਨਿਟਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪ੍ਰਸ਼ਨ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਪ੍ਰਸ਼ਨ ਨੂੰ ਮਿਤੀ 25 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ।

ਹਿਤੂ,
......
(ਸਹੀ) ਪਰਕਾਸ਼ ਸਿੰਘ ਬਾਦਲ,

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

*For reply to starred question No. 2276 please see appendix to this Debate.

Free Bus lift for school going Children

*2087. **Shri Gian Chand Kharbanda** : Will the Chief Minister be pleased to state —

(a) whether the Government issued instructions on 3rd October, 1969, that concession of free lift to school-going children will not apply to the local bus service in cities; if so, the reasons therefor ;

(b) whether these instructions also apply to those local bus services which cover the cities as well as rural areas ;

(c) whether there is any proposal under consideration of the Government to allow free lift to school-going children in all local bus services; if not, the reasons therefor ?

Sardar Parkash Singh Badal : (a) No Sir, such instructions were, however, issued on 23rd March, 1966, in view of rush of passengers in local buses in cities.

(b) The instructions apply to local service in cities only.

(c) No Sir.

[(ੲ) ਨਹੀਂ ਜੀ ।ਸ਼ਹਿਰਾਂ ਦੀਆਂ ਲੋਕਲ ਬੱਸਾਂ ਵਿਚ ਸਵਾਰੀਆਂ ਦੀ ਭੀੜ ਜ਼ਿਆਦਾ ਹੋਣ ਕਰਕੇ ਇਸ ਤਰ੍ਹਾਂ ਦੀਆਂ ਹਦਾਇਤਾਂ ਸਰਕਾਰ ਵਲੋਂ 23 ਮਾਰਚ, 1966 ਨੂੰ ਜਾਰੀ ਹੋਈਆਂ ਸਨ ।

(ਬੀ) ਇਹ ਹਦਾਇਤਾਂ ਕੇਵਲ ਸ਼ਹਿਰਾਂ ਦੀਆਂ ਲੋਕਲ ਸਰਵਿਸ ਵਾਸਤੇ ਹੀ ਲਾਗੂ ਹਨ ।

(ਸੀ) ਨਹੀਂ ਜੀ ।]

Revision of Minimum Rates of Wages

***2062. Major Harinder Singh** : Will the Chief Minister be pleased to state whether the Government propose to review and revise upwards the existing minimum rates of wages of labour in the State in view of the prevailing dearness ?

ਸਰਦਾਰ ਪਰਕਾਸ਼ ਸਿੰਘ ਬਾਦਲ : ਮੀਨੀਮਮ ਵੇਜਿਜ਼ ਐਕਟ, 1948 ਦੇ ਅਧੀਨ ਕਿਰਤੀਆਂ ਦੀਆਂ ਘੱਟੋ ਘੱਟ ਉਜਰਤਾਂ ਹਰ ਪੰਜ ਸਾਲ ਮਗਰੋਂ ਰਿਵਾਇਜ਼ ਕਰਨੀਆਂ ਹੁੰਦੀਆਂ ਹਨ ਪਰ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਘੱਟੋ ਘੱਟ ਉਜਰਤਾਂ ਹਰ ਤਿੰਨ ਸਾਲ ਬਾਅਦ ਰਿਵਾਇਜ਼ ਕੀਤੀਆਂ ਜਾਣ ।

2. ਮਹਿੰਗਾਈ ਨੂੰ ਮੁੱਖ ਰੱਖਦੇ ਹੋਏ ਜੂਨ, 1969 ਵਿਚ ਸਰਕਾਰ ਨੇ ਕਿਰਤੀਆਂ ਦੀਆਂ ਘੱਟੋ-ਘੱਟ ਉਜਰਤਾਂ ਨੂੰ ਮੂਲ ਸੂਚਕ ਅੰਕ ਨਾਲ ਜੋੜਨ ਦਾ ਫੈਸਲਾ ਕੀਤਾ ਸੀ । ਇਸ ਤੋਂ ਬਾਅਦ 16 ਇਮਪਲਾਈਮੈਂਟਾਂ ਦੇ ਕਿਰਤੀਆਂ ਦੀਆਂ ਉਜਰਤਾਂ ਜੋ ਰਿਵਾਈਜ਼ ਕੀਤੀਆਂ ਗਈਆਂ ਹਨ, ਨੂੰ ਮੂਲ ਸੂਚਕ ਅੰਕ ਨਾਲ ਜੋੜ ਦਿਤਾ ਗਿਆ ਹੈ । ਜਿਸ ਦੇ ਨਤੀਜੇ ਵਜੋਂ 50 ਪੈਸੇ ਪ੍ਰਤੀ ਪੁਆਇੰਟ ਕੀਮਤਾਂ ਦੇ ਚੜ੍ਹਨ ਨਾਲ ਕਿਰਤੀਆਂ ਦੀਆਂ ਉਜਰਤਾਂ ਵਿਚ ਵਾਧਾ ਕੀਤਾ ਜਾਂਦਾ ਹੈ ।

Owners' Rate, Local rate and Numberdari fee realised from villages in Tehsil Patti, District Amritsar

***2232. Sardar Kirpal Singh** : Will the Minister for Irrigation and Power be pleased to state :—

(a) the names of villages of tehsil Patti, district Amritsar, where owners' rate has been imposed under Section 38 of the Northern India Canal and Drainage Act ;

(b) the crop with effect from which the said tax was imposed ;

(c) the amount of Owners' rate, local rate and Numberdari fee realised by the Canal Department from each of the villages mentioned in part (a) above during the period with effect from the crop referred to in part (b) above till Kharif, 1970 ;

(d) whether any Irrigation scheme has been formulated with regard to the villages mentioned in part (a) above if so, the detail thereof;

(e) whether the area of the villages where the said tax was imposed is irrigated from any of the Rajbahas mentioned in Government Notification No. 1696/Rev/1055/51, dated 19th May, 1954 (Public Works Department, Irrigation Branch); if not, the grounds on which the tax was imposed ?

Sardar Sohan Singh Bassi : (a) A statement is laid on the Table of the House.

(b) From Kharif, 1954.

(c) As per statement laid on the Table of the House in reply to part (a) above ;

(d) Two new Minors, namely, (1) Mari Gaur Singh and (2) Bhikhiwind were formulated for the irrigation of the following villages :—

(i) Chung ;
(ii) Mari Gaur Singh ;
(iii) Mari Samra ;
(iv) Kazi Chak ;
(v) Bhikiwind ;
(vi) Singh Pura ;
(vii) Sur Singh ;
(viii) Draske.

The remaining villages were supplied new irrigation from the old perennial channels through new outlets.

(e) None of the Rajbahas mentioned in the notification No. 1696/Rev./1055/51, dated 19th May, 1954, irrigates the villages mentioned in the list against part (a) above. The Owners' Rate is being imposed according to the provisions of section 37 and 38 of the Northern India Canal and Drainage Act No. VIII of 1873 and the rules made thereunder.

[(ਏ) ਸਟੇਟਮੈਂਟ ਸਭਾ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

(ਬੀ) ਖਰੀਫ, 1954 ਤੋਂ ।

(ਸੀ) ਉਪਰ ਪੈਰਾ (ਏ) ਦੇ ਉਤਰ ਵਿਚ ਸਭਾ ਦੀ ਮੇਜ਼ ਤੇ ਰੱਖੀ ਸਟੇਟਮੈਂਟ ਅਨੁਸਾਰ ।

(ਡੀ) ਹੇਠ ਲਿਖੇ ਪਿੰਡਾਂ ਦੀ ਸਿੰਜਾਈ ਲਈ ਦੋ ਨਵੇਂ ਮਾਈਨਰ (1) ਮਾੜੀ ਗੌਰ ਸਿਘ ਅਤੇ (2) ਭਿਖੀ ਵਿੰਡ ਬਣਾਏ ਗਏ ਸਨ :—

(1) ਚੁੰਗ
(2) ਮਾੜੀ ਗੌਰ ਸਿੰਘ
(3) ਮਾੜੀ ਸਮਰਾਏ
(4) ਕਾਜ਼ੀ ਚੱਕ
(5) ਭਿਖੀ ਵਿੰਡ
(6) ਸਿੰਘ ਪੁਰਾ
(7) ਸੁਰ ਸਿੰਘ
(8) ਦਰਾਸਕੇ ।

ਬਾਕੀ ਦੇ ਪਿੰਡਾਂ ਨੂੰ ਨਵੀਂ ਸਿੰਜਾਈ ਪੁਰਾਣੇ ਦੋ ਫਸਲੇ ਰਾਜਬਾਹਿਆਂ ਤੋਂ ਨਵੇਂ ਮੋਘਿਆਂ ਰਾਹੀਂ ਦਿਤੀ ਗਈ ਹੈ ।

(ਈ) ਨੋਟੀਫੀਕੇਸ਼ਨ ਨੰ : 1696 / ਰੈਵੀ/1055/51, ਮਿਤੀ 19 ਮਈ, 1954 ਵਿਚ ਦੱਸੇ ਗਏ ਰਾਜਵਾਹਿਆਂ ਵਿਚੋਂ ਕਿਸੇ ਤੋਂ ਵੀ ਇਨ੍ਹਾਂ ਪਿੰਡਾਂ ਨੂੰ ਜਿਹੜੇ ਭਾਗ (ੲ) ਉਤਰ ਵਿਚ ਸੂਚੀ ਵਿਚ ਦੱਸੇ ਗਏ ਹਨ, ਸਿੰਜਾਈ ਨਹੀਂ ਹੁੰਦੀ ਹੈ । ਓਨਰਜ਼ ਰੇਟ ਕਨਾਲ ਐਕਟ ਦੀ ਧਾਰਾ 37 ਅਤੇ 38 ਅਤੇ ਉਸ ਅਧੀਨ ਬਣੇ ਰੂਲਾਂ ਅਧੀਨ ਲਗਾਇਆ ਜਾਂਦਾ ਹੈ ।]

STATEMENT

Serial No.	Name of village		Amount of Owners' rate realised upto Kharif, 1970	Amount of local rate realised upto Kharif, 1970	Amount of Lambardari fee realised on account of Owners' Rate and Local Rate
			Rs	Rs	Rs
1	Rajoka	..	2,666·19	566·04	No Lambardari fees of Owners' Rate and Local Rate has been realised
2	Dal	..	24,306·71	4,946·34	,,
3	Chak Baba	..	2,227·05	1,014·06	,,
4	Chung	..	2,392·16	1,079·09	,,
5	Ammishah	..	9,945·72	4,602·81	,,
6	Dode	..	10,341·21	5,670·60	,,
7	Kalsian Khurd	..	724·47	306·29	,,
8	Khalra	..	15,950·60	3,725·09	,,
9	Gillpan	..	13,550·03	3,836·79	,,
10	Narli	..	3,641·26	1,190·76	,,

[Minister for Irrigation and Power]

Serial No.	Name of village		Amount of ownerrs', rate realised upto Kharif, 1970	Amount of local rate realised upto Kharif, 1970	Amount of Lambardari fee realised on account of Owners' Rate and Local Rate
			Rs	Rs	Rs
11	Drazke	..	379·31	123·45	No Lambardari fee of Owners' Rate and Local Rate has been realised
12	Mari Goresingh	..	2,686·25	1,526·60	"
13	Kazi Chak	..	147·37	73·69	"
14	Mari Samra	..	897·03	443·51	"
15	Bhikhi Wind	..	215·05	107·53	"
16	Singh Pura	..	299·25	154·58	"
17	Sur Singh	..	6,094·51	3,033·01	"

Starred Question No. 2193

ਸਰਦਾਰ ਸੋਹਣ ਸਿੰਘ ਬਾਸੀ,
ਸਿੰਜਾਈ ਤੇ ਬਿਜਲੀ ਮੰਤਰੀ।

ਅ: ਸ: ਪੱਤਰ ਨੰ: 13-ਏ-ਕਿਉ-ਏ.ਸ. 2(1)–71।
ਚੰਡੀਗੜ੍ਹ ।
ਮਿਤੀ 19 ਜਨਵਰੀ, 1971

ਪਿਆਰੇ

ਪੰਜਾਬ ਵਿਧਾਨ ਸਭਾ ਦੇ ਨਿਸ਼ਾਨ ਵਾਲੇ ਪ੍ਰਸ਼ਨ ਨੰ: 2193 ਜੋ ਮਿਤੀ 20 ਜਨਵਰੀ, 1971 ਲਈ ਪ੍ਰਸ਼ਨਾਂ ਦੀ ਸੂਚੀ ਵਿਚ ਕਾਮਰੇਡ ਦਾਨਾ ਰਾਮ ਦੇ ਨਾਂ ਹੇਠ (ਵਲੋਂ) ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪ੍ਰਸ਼ਨ ਦੇ ਉਤਰ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਪ੍ਰਸ਼ਨ ਨੂੰ ਮਿਤੀ 1 ਫਰਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸਪਾਤਰ,
(ਸਹੀ)
ਸੋਹਣ ਸਿੰਘ ਬਾਸੀ,
ਸਿੰਜਾਈ ਤੇ ਬਿਜਲੀ ਮੰਤਰੀ।

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ।

UNSTARRED QUESTIONS AND ANSWERS

Charter of Demands submitted by Punjab State Market Committee Employees Union, Bhatinda

841. Comrade Satya Pal Dang : Will the Minister for Agriculture with reference to the reply to the Unstarred Question No. 113 included in the list of Unstarred Questions for 23rd April, 1969, be pleased to state—

(a) whether the demands of the employees of the market committees have since been considered by the Government ; if so the decisions thereon ;

(b) if no decision has so far been taken, the reasons therefor ?

Shri Radha Krishan : (a) Yes ; Government appointed Pay Sub-Committee to go into the pay structure of the employees of the market committees. The Government accepted the report of the Committee and directed the Punjab State Agricultural Marketing Board to adopt the same. The Board has since revised the pay-scales of the employees of market committees with effect from 1st February, 1968.

(b) In view of reply to (a) above, question does not arise.

[(ੳ) ਹਾਂ ਜੀ। ਮਾਰਕਿਟ ਕਮੇਟੀਆਂ ਦੇ ਕਰਮਚਾਰੀਆਂ ਦੀ ਤਨਖਾਹ ਬਣਤਰ ਉਤੇ ਗੌਰ ਕਰਨ ਲਈ ਸਰਕਾਰ ਨੇ ਪੇ ਸਬ-ਕਮੇਟੀ ਬਣਾਈ ਸੀ। ਸਰਕਾਰ ਨੇ ਇਸ ਕਮੇਟੀ ਦੀ ਰਿਪੋਟ ਨੂੰ ਸਵੀਕਾਰ ਕਰਦਿਆਂ ਰਾਜ ਖੇਤੀ ਬਾੜੀ ਮੰਡੀਕਰਣ ਬੋਰਡ ਨੂੰ ਇਹ ਰਿਪੋਟ ਅਪਨਾਉਣ ਲਈ ਆਦੇਸ਼ ਦਿਤਾ ਸੀ। ਬੋਰਡ ਨੇ ਮਾਰਕਿਟ ਕਮੇਟੀਆਂ ਦੇ ਕਰਮਚਾਰੀਆਂ ਦੀਆਂ ਤਨਖਾਹਾਂ 1 ਫਰਵਰੀ, 1968 ਤੋਂ ਰੀਵਾਈਜ਼ ਕਰ ਦਿਤੀਆਂ ਹਨ।

(ਅ) ਉਪਰੋਕਤ (ੳ) ਵਿਚ ਦਿਤੇ ਜੁਆਬ ਨੂੰ ਮੁੱਖ ਰੱਖਦਿਆਂ, ਸੁਆਲ ਪੈਦਾ ਨਹੀਂ ਹੁੰਦਾ।]

Complaint made by the cultivators of village Bhikhiwind, tehsil Patti, district Amritsar

845. Sardar Kirpal Singh : Will the Minister for Irrigation and Power be pleased to state —

(a) whether the Executive Engineer, Majitha Division, Upper Bari Doab Canal, Amritsar, received any complaints on 15th December, 1970, under registered cover from the cultivators of village Bhikhiwind, tehsil Patti, district Amritsar ;

(b) if the answer to part (a) above be in the affirmative, the nature thereof ;

(c) whether any enquiry has been held into the said complaint; if so, the extent to which each of the said complaints was found to be correct ;

(d) the action, if any, taken by the Government to remove the said grievances together with the result thereof ?

Sardar Sohan Singh Bassi : (a) Yes.

(b) Nature of the complaint is regarding :

(1) Shortage of canal supply at tail Bhikhiwind Minor ;

(2) Cultivators of village Sur Singh are doing irrigation from Bhikhiwind Minor in the Chak outlets of Basarke Distributary.

(3) Cuts in Bhikhiwind Minor.

(c) The matter regarding (2) above is under investigation; as regards items No. 1 and 3 above, the reply is as under :—

(1) Sohal Drain crosses Bhikhiwind Minor at R.D. 8468 where a temporary crossing exists. Supply to the full extent will be made available as soon as the permanent crossing is completed, which is in progress and likely to be completed by the end of March, 1971.

(2) Cases regarding cuts on Bhikhiwind Minor have already been got registered with the Police Department.

(d) As in part (c) above.

[(ੳ) ਹਾਂ ਜੀ।

(ਅ) ਸ਼ਕਾਇਤ ਦੀ ਕਿਸਮ :—

(1) ਭਿਖੀ ਵਿੰਡ ਮਾਈਨਰ ਦੀ ਟੇਲ ਤੇ ਪਾਣੀ ਦੀ ਘਾਟ।

[ਸਿੰਜਾਈ ਤੇ ਬਿਜਲੀ ਮੰਤਰੀ]

(2) ਪਿੰਡ ਸੁਰ ਸਿਘ ਦੇ ਵਾਸੀ ਭਿੱਖੀ ਵਿੰਡ ਮਾਈਨਰ ਤੋਂ ਬਾਸਰਕੇ ਰਾਜਬਾਹ ਦੇ ਮੋਘਿਆਂ ਦੇ ਚਕਾਂ ਵਿਚੋਂ ਸਿੰਜਾਈ ਕਰ ਰਹੇ ਹਨ ।

(3) ਭਿਖੀ ਵਿੰਡ ਮਾਈਨਰ ਵਿਚ ਟਕੀਆਂ ।

(ੲ) ਕ੍ਰਮ ਨੰ: (2) ਉਪਰ ਦੀ ਖੋਜ ਕੀਤੀ ਜਾ ਰਹੀ ਹੈ ਅਤੇ 1 ਅਤੇ 3 ਦਾ ਉਤਰ ਹੇਠਾਂ ਦਿਤਾ ਜਾਂਦਾ ਹੈ :—

(ਕ੍ਰਮ ਨੰ: 1) ਸੋਹਲ ਡਰੇਨ ਭਿਖੀਵਿੰਡ ਮਾਈਨਰ ਨੂੰ ਬੋਰਜੀ ਨੰ: 8468 ਤੇ ਕਰਾਸ ਕਰਦੀ ਹੈ ਜਿਥੇ ਇਕ ਆਰਜੀ ਕਰਾਸਿੰਗ ਮੌਜੂਦ ਹੈ । ਇਸ ਕਰਾਸਿੰਗ ਤੋਂ ਪਾਰ ਪੂਰਾ ਪਾਣੀ ਤਾਂ ਹੀ ਦਿਤਾ ਜਾਵੇਗਾ ਜਦ ਇਹ ਕਰਾਸਿੰਗ ਪੂਰਾ ਬਣ ਜਾਵੇਗਾ ਜਿਹੜਾ ਕਿ ਉਸਾਰੀ ਅਧੀਨ ਹੈ ਅਤੇ ਮਾਰਚ, 1971 ਦੇ ਅਖੀਰ ਤਕ ਪੂਰਾ ਹੋਣ ਦੀ ਆਸ ਹੈ ।

(ਕ੍ਰਮ ਨੰ: 3) ਭਿਖੀ ਵਿੰਡ ਮਾਈਨਰ ਵਿਚ ਟੱਕੀਆਂ ਦੇ ਕੇਸ ਪਹਿਲਾਂ ਹੀ ਮਹਿਕਮਾ ਪੁਲਿਸ ਕੋਲ ਦਰਜ ਕਰਵਾਏ ਹੋਏ ਹਨ ।

(ਸ) ਜਿਵੇਂ ਉਤੇ ਹਿੱਸਾ (ੲ) ਵਿਚ ਦੱਸਿਆ ਗਿਆ ਹੈ ।

POINTS OF ORDER

Sirdar Kapur Singh : Sir, I may be permitted one minute to make a submission before Sardar Balwant Singh, Finance Minister, stands up to present the Budget. Mr Speaker, Sir, as you know, I am not sitting on the Treasury Benches and the House will support me when I say that I am a staunch upholder of the rights and prerogatives of the Opposition ; but the submission I am going to make, represents the sentiments of many hon. Members of various parties in this House. During the last few days it has been noticed, we have noticed painfully that, the hon. Members, my hon. Friends, the Members of the Congress Party, conduct themselves in a manner which is not in keeping with the highest tradition and dignity of this House. In the first instance, Sir, they conduct themselves in an unruly manner..

Shri Sardari Lal Kapur : On a point of order, Sir.

Sirdar Kapur Singh : Let me proceed. This is, Sir, the type of instance I have in my mind. They conduct themselves in an unruly manner, in contravention of the Rules and Procedure of this House. They stand up four or five members at a time, often, and persist in saying things which are not permitted, which are not in accordance with the Rules. This is one thing which is painful to all of us, to most of us.

The second thing is that today they have staged a walk-out. They staged a walk-out on a previous occasion also. A walk-out is a most serious matter and it always reflects on the prestige and on the dignity of the whole House. It should not be undertaken in a strain of levity, light-heartedness and irresponsibility. This kind of happening is becoming a little too frequent. I wish this to come on record. It represents the sentiments of many serious minded members of this House. (*Interruptions*)

10.00 A.M.

ਮੇਜਰ ਹਰਿੰਦਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰੇ ਮਨ ਵਿਚ ਸਿਰਦਾਰ ਕਪੂਰ ਸਿੰਘ, ਆਨਰੇਬਲ ਮੈਂਬਰ ਵਾਸਤੇ ਬੜੀ ਇਜ਼ਤ ਹੈ ਔਰ ਸਤਿਕਾਰ ਹੈ ਲੇਕਿਨ ਅੱਜ ਉਨ੍ਹਾਂ ਦੇ ਮੁਖ ਵਿਚੋਂ ਇਹ ਸ਼ਬਦ ਸੁਣ ਕੇ 'ਕਿ ਕਾਂਗਰਸ ਬੈਂਚਿਜ਼ ਵਾਲੇ ਐਸਾ ਬੀਹੇਵੀਅਰ

ਅਖਤਿਆਰ ਕਰਦੇ ਹਨ ਜਿਹੜਾ ਕਿ ਅਗੇਂਸਟ ਪਾਰਲੀਮੈਂਟਰੀ ਪਰੋਸੀਜਰ ਹੈ,' ਬੜਾ ਦੁਖ ਹੋਇਆ ਹੈ। ਮੈਂ ਇਸ ਦਾ ਕੋਈ ਜਵਾਬ ਉਨ੍ਹਾਂ ਸ਼ਬਦਾਂ ਵਿਚ ਨਹੀਂ ਦੇਣਾ ਚਾਹੁੰਦਾ, ਗੋ ਸ਼ਬਦਾਂ ਦੀ ਕਮੀ ਮੇਰੇ ਪਾਸ ਨਹੀਂ, ਜਿਨ੍ਹਾਂ ਸ਼ਬਦਾਂ ਨਾਲ ਇਨ੍ਹਾਂ ਨੇ ਆਪਣੇ ਖਿਆਲਾਤ ਦਾ ਇਜ਼ਹਾਰ ਕੀਤਾ ਹੈ। ਮੈਂ ਸਮਝਦਾ ਹਾਂ ਕਿ ਵਾਕ ਆਊਟ ਹਰ ਇਨਸਾਨ, ਹਰ ਪਾਰਟੀ ਦਾ ਆਪਣਾ ਆਪਣਾ ਨਜ਼ਰੀਆ ਹੁੰਦਾ ਹੈ। ਜਿਸ ਵੇਲੇ ਅਸੀਂ ਆਪਣੇ ਆਪ ਨੂੰ ਬੇਬਸ ਪਾਉਂਦੇ ਹਾਂ, ਵਾਕ-ਆਊਟ ਇੱਕ ਹਥਿਆਰ ਹੈ ਜੋ ਕਿ ਗੋਲੀ, ਤੋਪ ਅਤੇ ਰਾਈਫਲ ਨਾਲੋਂ ਵੀ ਘੱਟ ਹਥਿਆਰ ਨਹੀਂ ਹੈ। ਅਸੀਂ ਲੋਕਾਂ ਦੇ ਜਜ਼ਬਾਤ ਦੀ ਤਰਜਮਾਨੀ ਕਰਨ ਵਾਸਤੇ, ਉਨ੍ਹਾਂ ਦੇ ਦੁਖ ਪੇਸ਼ ਕਰਨ ਵਾਸਤੇ ਆਏ ਹਾਂ, ਇਥੇ ਸਿਰਫ ਤਨਖਾਹ ਲੈਣ ਵਾਸਤੇ ਔਰ ਵਜ਼ਾਰਤ ਕੋਲੋਂ ਫਾਇਦਾ ਉਠਾਉਣ ਵਾਸਤੇ ਨਹੀਂ ਆਏ। ਜਿਸ ਵੇਲੇ ਅਸੀਂ ਦੇਖਦੇ ਹਾਂ ਕਿ ਲੋਕਾਂ ਦੇ ਖਿਆਲਾਂ ਦੀ ਤਰਜਮਾਨੀ ਅਸੀਂ ਨਹੀਂ ਕਰ ਸਕਦੇ, ਅਸੀਂ ਆਪਣੇ ਆਪ ਨੂੰ ਇਸ ਤਰ੍ਹਾਂ ਕਰਨ ਵਿਚ ਬੇਬਸ ਪਾਉਂਦੇ ਹਾਂ ਤਾਂ ਉਸ ਵੇਲੇ ਸਾਡਾ ਇਹ ਇਖਲਾਕੀ ਫਰਜ਼ ਬਣ ਜਾਂਦਾ ਹੈ ਕਿ ਅਸੀਂ ਕੁਝ ਕਰੀਏ ਅਤੇ ਸਿਵਾਏ ਵਾਕ-ਆਊਟ ਕਰਨ ਦੇ ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ ਹੈ। ਆਖਰ ਵਿਚ ਮੈਂ ਅਫਸੋਸ ਪਰਗਟ ਕਰਦਾ ਹਾਂ ਕਿ ਸਿਰਦਾਰ ਕਪੂਰ ਸਿੰਘ ਵਰਗੇ ਸਿਆਣੇ, ਸੁਲਝੇ ਹੋਏ ਔਰ ਹਰ ਲਿਹਾਜ਼ ਨਾਲ ਮੈਂ ਸਮਝਦਾ ਹਾਂ ਕਿ ਉਹ ਬੜੇ ਸ਼ਰੀਫ ਇਨਸਾਨ ਹਨ ਕਦੇ ਕਿਸੇ ਦੀ ਜ਼ਾਤ ਤੇ ਹਮਲਾ ਨਾ ਕਰਨ ਵਾਲੇ ਹਨ, ਪਰ ਹੁਣ ਇਨ੍ਹਾਂ ਨੇ ਬੇਜਾ ਹਮਲਾ ਕੀਤਾ ਹੈ। ਇਸ ਬਾਰੇ ਮੈਂ ਅਫਸੋਸ ਪਰਗਟ ਕਰਦਾ ਹਾਂ। ਜਦੋਂ ਅਸੀਂ ਬੇਬਸ ਹੋ ਗਏ ਤਾਂ ਅਸੀਂ ਇਸ ਤਰ੍ਹਾਂ ਪਾਰਲੀ-ਮੈਂਟਰੀ ਪਰੋਸੀਜਰ ਦੇ ਲਿਹਾਜ਼ ਨਾਲ ਹੀ ਕੀਤਾ ਹੈ।

(ਇਸ ਵੇਲੇ ਸਿਰਦਾਰ ਕਪੂਰ ਸਿੰਘ ਜੀ ਆਪਣੀ ਸੀਟ ਤੇ ਕੁਝ ਕਹਿਣ ਲਈ ਖੜੇ ਹੋਏ)

ਸ੍ਰੀ ਸਪੀਕਰ : ਸਿਰਦਾਰ ਕਪੂਰ ਸਿੰਘ, ਕੋਈ ਬਹਿਸ ਨਹੀਂ ਹੋਣੀ ਚਾਹੀਦੀ। (Sirdar Kapur Singh there should be no discussion.)

Sirdar Kapur Singh : Mr. Speaker, Sir, on a point of clarification. When four to five Members stand simultaneously and they bar the speech of an hon. Member................

(*Thumping from the Treasury Benches*)

(*Noise in the House*)

Mr. Speaker : Sardar Balwant Singh Jee.

ਸਰਦਾਰ ਉਮਰਾਓ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਡਾਕੂਮੈਂਟਸ...... (ਵਿਘਨ) ਸਾਡੀ ਲਾਬੀਜ਼ ਵਿਚ ਕਿਉਂ ਰਖੇ ਗਏ ਹਨ। ਤੁਹਾਡੀ ਅਥਾਰਿਟੀ ਤੋਂ ਬਗੈਰ ਇਸ ਤਰ੍ਹਾਂ ਅਲਾਓ ਕਰ ਦਿਤਾ (ਸ਼ੋਰ) (ਵਿਘਨ) ਇਹ ਇਕ ਬੜਾ ਭਾਰੀ ਸਾਡੇ ਰਾਈਟਸ ਉਤੇ..... (ਵਿਘਨ) . . . .

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ, ਸਰ। ਸਿਰਦਾਰ ਕਪੂਰ ਸਿੰਘ ਨੇ ਕਿਹਾ ਹੈ ਇਹ ਚਾਰ ਚਾਰ ਖੜ੍ਹੇ ਹੋ ਜਾਂਦੇ ਹਨ। Sir, this shows only our dynamism that we are so much anxious for the welfare of the people of the State. We are not dumb-driven cattle. We are people.

ਸ੍ਰੀ ਗਿਆਨ ਚੰਦ ਖਰਬੰਦਾ : ਸਪੀਕਰ ਸਾਹਿਬ, ਸਿਰਦਾਰ ਕਪੂਰ ਸਿੰਘ ਨੇ ਕਿਹਾ ਹੈ....... (ਵਿਘਨ) ਡਕਾਲਾ ਅਤੇ ਆਨੰਦਪੁਰ ਸਾਹਿਬ ਦੀਆਂ ਇਲੈਕਸ਼ਨਜ਼ ਵਿਚ ਜੋ ਕੁਝ ਹੋਇਆ ਹੈ ਉਸ ਨੂੰ ਕੌਣ ਕਹਿ ਸਕਦਾ ਹੈ ਕਿ ਉਹ ਸੀਰੀਅਸ ਨਹੀਂ ਹੈ। (ਵਿਘਨ)......।

ਸ੍ਰੀ ਸਪੀਕਰ : ਸਰਦਾਰ ਬਲਵੰਤ ਸਿੰਘ ਬਜਟ ਬਾਰੇ ਗੱਲ ਕਰੋ। (The hon. Minister for Finance, Sardar Balwant Singh may please present the Budget.)

ਸਰਦਾਰ ਬਲਵੰਤ ਸਿੰਘ (ਵਿਤ ਮੰਤਰੀ) : ਮੈਂ 1970-71 ...... (ਵਿਘਨ) (ਸ਼ੋਰ) .... ।

(ਇਸ ਵੇਲੇ ਬਜਟ ਦੀਆਂ ਕਾਪੀਆਂ ਆਨਰੇਬਲ ਮੈਂਬਰਜ਼ ਨੂੰ ਵੰਡੀਆਂ ਜਾ ਰਹੀਆਂ ਸਨ ਅਤੇ ਸ਼ੋਰ ਪੈ ਰਿਹਾ ਸੀ ਜਿਸ ਕਰਕੇ ਕੁਝ ਸੁਣਾਈ ਨਹੀਂ ਦਿਤਾ)

ਸ੍ਰੀ ਸਪੀਕਰ: ਇਹ ਜੋ ਕੁਝ ਬਿਨਾਂ ਇਜਾਜ਼ਤ ਕਿਹਾ ਜਾ ਰਿਹਾ ਹੈ ਰਿਕਾਰਡ ਨਾ ਕੀਤਾ ਜਾਵੇ। (All this which is being said without permission should not be recorded.)

ਸ੍ਰੀ ਗਿਆਨ ਚੰਦ ਖਰਬੰਦਾ: ਮੈਂ ਇਹ ਮੰਗ ਕੀਤੀ ਹੋਈ ਹੈ ਕਿ ਬਜਟ ਦੀ ਕਾਪੀ ਹਿੰਦੀ ਵਿਚ ਸਪਲਾਈ ਕੀਤੀ ਜਾਵੇ। ਰੂਲਜ਼ ਦੇ ਮੁਤਾਬਿਕ ਹਿੰਦੀ ਵਿਚ ਕਾਪੀ ਲੈਣ ਵਾਸਤੇ ਮੰਗ ਕੀਤੀ ਹੋਈ ਹੈ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਰੂਲਜ਼ ਆਫ ਪਰੋਸੀਜਰ ਵਿਚ ਇਹ ਹੈ ਕਿ ਹਿੰਦੀ ਜਾਂ ਪੰਜਾਬੀ ਜਾਂ ਇੰਗਲਿਸ਼ ਵਿਚ ਹੋਵੇ। (The Rules of Procedure lay down that the proceedings of House can be conducted either in Hindi or in Punjabi or in English.)

(ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਕਾਂਗਰਸ ਬੈਂਚਿਜ਼ ਵਲੋਂ ਇਹ ਆਵਾਜ਼ਾਂ ਆ ਰਹੀਆਂ ਸਨ ਕਿ "ਹਿੰਦੀ ਵਿਚ ਹੋਣਾ ਚਾਹੀਦਾ ਹੈ, ਹਿੰਦੀ ਵਿਚ ਹੋਣਾ ਚਾਹੀਦਾ ਹੈ"। ਕੁਝ ਬਜਟ ਦੀਆਂ ਕਾਪੀਆਂ ਕਾਂਗਰਸ ਬੈਂਚਿਜ਼ ਵਲੋਂ ਥਲੇ ਸੁੱਟੀਆਂ ਗਈਆਂ ਅਤੇ ਕਾਂਗਰਸ ਬੈਂਚਿਜ਼ ਦੇ ਕੁਝ ਮੈਂਬਰਜ਼ ਵਾਕ ਆਊਟ ਵੀ ਕਰ ਗਏ)

ਸਰਦਾਰ ਗੁਰਮੀਤ ਸਿੰਘ: (ਸ਼ੋਰ) ਪੰਜਾਬੀ ਜ਼ਬਾਨ ਵਿਚ ਛਪੇ ਹੋਏ ਮੈਟਰ ਦੀ ਵਿਰੋਧਤਾ ਕਰਨੀ ਇਹ ਕਹਿ ਕੇ ਕਿ ਕਿਉਂਕਿ ਹਿੰਦੀ ਵਿਚ ਛਾਪਿਆ ਨਹੀਂ ਇਸ ਲਈ ਪੰਜਾਬੀ ਵਾਲਾ ਚਲਾ ਕੇ ਮਾਰਨਾ ਇਹ ਇਕ ਕਮਿਊਨਲਿਜ਼ਮ ਦਾ ਘਟੀਆ (ਸ਼ੋਰ) (ਵਿਘਨ) ਮੁਜ਼ਾਹਰਾ ਕਰਨਾ ਹੈ। ਜੋ ਕੁਝ ਇਨ੍ਹਾਂ ਮੈਂਬਰਾਂ (ਕਾਂਗਰਸ ਬੈਂਚਿਜ਼ ਵਲੋਂ ਇਸ਼ਾਰਾ ਕਰਦੇ ਹੋਏ) ਨੇ ਕੀਤਾ ਹੈ, ਮੈਂ ਇਸ ਦੀ ਸਖਤ ਵਿਰੋਧਤਾ ਕਰਦਾ ਹਾਂ। (ਸ਼ੇਮ, ਸ਼ੇਮ, ਸ਼ੇਮ) (ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਕੁਝ ਸੁਣਾਈ ਨਹੀਂ ਸੀ ਦਿੰਦਾ)।

ਸ੍ਰੀ ਸਪੀਕਰ: ਕੋਈ ਲਫਜ਼ ਰਿਕਾਰਡ ਨਾ ਕੀਤੇ ਜਾਣ। (No word should be roorded.)

ਕੈਪਟਨ ਰਤਨ ਸਿੰਘ: ਆਨ ਏ ਪੁਆਇੰਟ ਆਫ ਆਰਡਰ, ਸਰ।

ਚੌਧਰੀ ਬਲਬੀਰ ਸਿੰਘ: ਜਦੋਂ ਗਵਰਨਰ ਦਾ ਐਡਰੈਸ ਹਿੰਦੀ, ਪੰਜਾਬੀ ਔਰ ਇਗਲਿਸ਼ ਵਿਚ ਸੀ ਤਾਂ ਬਜਟ ਨੂੰ ਵੀ ਹਿੰਦੀ ਵਿਚ ਕਰ ਦੇਣਾ ਚਾਹੀਦਾ ਸੀ। (ਵਿਘਨ)............

ਸ੍ਰੀ ਸਪੀਕਰ: ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਵਿਚ ਕੋਈ ਹਰਜ ਨਹੀਂ, ਇਸ ਨੂੰ ਵੀ ਜਲਦੀ ਹਿੰਦੀ ਵਿਚ ਸਪਲਾਈ ਕਰ ਦੇਣ। (I would request the Government that there being no objection, Hindi copies should be supplied soon.)

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਜਿਹੜਾ ਹਾਊਸ ਹੈ ਇਹ ਗਵਰਨ ਹੁੰਦਾ ਹੈ ਹਾਊਸ ਰੂਲਜ਼ ਦੇ ਅੰਡਰ ਅਤੇ ਰੂਲਜ਼ ਇਹ ਪਰੋਵਾਈਡ ਕਰਦੇ ਹਨ ਕਿ ਜਿਸ ਲੈਂਗੁਏਜ ਵਿਚ ਮੈਂਬਰ ਸਾਹਿਬਾਨ ਦੀ ਖੁਆਹਿਸ਼ ਹੋਵੇ ਉਸੀ ਲੈਂਗੁਏਜ ਵਿਚ ਮੈਟਰ ਉਸ ਮੈਂਬਰ ਨੂੰ ਦਿਤਾ ਜਾਵੇ (ਵਿਘਨ) ....

Mr. Speaker : It is governed by Rule 77. Rule 77 of the Rules of Procedure and Conduct of Business in the Punjab Legislative Assembly is as under :—

> "Subject to the provisions of Article 210 of the Constitution, the proceedings in the Assembly shall be conducted in Hindi or in Punjabi or in the English language."

ਕੈਪਟਨ ਰਤਨ ਸਿੰਘ : ਮੈਂ ਇਹ ਕਹਾਂਗਾ ਕਿ ਇਹ ਗੌਰਮਿੰਟ ਦੇ ਹਿੱਤ ਦੀ ਗੱਲ ਹੈ ਕਿ ਉਹ ਨੈਰੋ ਮਾਈਂਡਿਡ ਨਾ ਬਣਨ। ਜਿਹੜੇ ਹਿੰਦੀ ਭਗਤ ਹਨ ਉਨ੍ਹਾਂ ਨੇ ਹੀ ਹਿੰਦੀ ਦਾ ਨੁਕਸਾਨ ਕੀਤਾ ਹੈ ਇਸੇ ਤਰ੍ਹਾਂ ਹੀ ਇਹ ਵੀ ਪੰਜਾਬੀ ਦਾ ਨੁਕਸਾਨ ਕਰਨਗੇ। ਅਸੀਂ ਪੰਜਾਬ ਵਾਸੀਆਂ ਨੇ ਸਾਰਿਆਂ ਨੇ ਪੰਜਾਬੀ ਆਪਣੀ ਮਾਤਰੀ ਭਾਸ਼ਾ ਮੰਨੀ ਹੈ ਔਰ ਹਿੰਦੀ ਨੈਸ਼ਨਲ ਲੈਂਗੁਏਜ ਮੰਨਦੇ ਹਾਂ ਅਤੇ ਅੰਗ੍ਰੇਜ਼ੀ ਲਿੰਕ ਲੈਂਗੁਏਜ ਹੈ। ਇਸ ਪਾਲਿਸੀ ਨੂੰ ਤੁਹਾਡੀ ਸਰਕਾਰ ਨੇ ਤਿੰਨ ਲੈਂਗੁਏਜ਼ ਫਾਰਮੂਲਾ ਮੰਨਿਆਂ ਹੈ। ਜੇ ਇਸ ਲੈਂਗੁਏਜ ਫਾਰਮੂਲੇ ਦੀ ਉਲੰਘਣਾ ਕਰੋਗੇ ਤਾਂ ਤੁਹਾਡਾ ਨੁਕਸਾਨ ਹੋਵੇਗਾ। (ਵਿਘਨ) ਇਸ ਲਈ ਵਾਤਾਵਰਨ ਕਾਇਮ ਰੱਖਣ ਲਈ ਜਿਥੇ ਇਸ ਨੂੰ ਤੁਸੀਂ ਸੂਬੇ ਦੀ ਜ਼ਬਾਨ ਵਿਚ ਛਾਪਿਆ ਹੈ ਉਥੇ ਨਾਲ ਦੀ ਨਾਲ ਜੇ ਮੈਂਬਰਾਂ ਦੀ ਖਾਹਿਸ਼ ਹੋਵੇ ਤਾਂ ਇਸ ਨੂੰ ਦੂਸਰੀਆਂ ਜ਼ਬਾਨਾਂ ਵਿਚ ਵੀ ਛਾਪਣਾ ਚਾਹੀਦਾ ਸੀ ਅਤੇ ਮੈਂਬਰਜ਼ ਦੀ ਖਾਹਿਸ਼ ਪੂਰੀ ਕਰਨੀ ਚਾਹੀਦੀ ਸੀ। (ਵਿਘਨ) ਜਿਸ ਤਰ੍ਹਾਂ ਸਰਦਾਰ ਗੁਰਮੀਤ ਸਿੰਘ ਨੇ ਕਿਹਾ ਹੈ, ਉਹ ਪੰਜਾਬੀ ਦੀ ਸੇਵਾ ਨਹੀਂ ਕਰਦੇ ਉਹ ਪੰਜਾਬੀ ਦੀ ਵਿਰੋਧਤਾ ਕਰਦੇ ਹਨ। ਅਸੀਂ ਮੰਨਦੇ ਹਾਂ ਕਿ ਪੰਜਾਬੀ ਸਾਡੀ ਸੂਬੇ ਦੀ ਜ਼ਬਾਨ ਹੈ ਔਰ ਅਸੀਂ ਪੰਜਾਬੀ ਜ਼ਬਾਨ ਲਿਖਾਈ ਹੈ। ਲੇਕਿਨ ਇਸ ਦੇ ਨਾਲ ਹੀ ਨਾਲ ਅਗਰ ਹਾਊਸ ਦੇ ਮੈਂਬਰ ਸਾਹਿਬਾਨ ਦੂਸਰੀਆਂ ਜ਼ਬਾਨਾਂ ਵਿਚ ਚਾਹੁਣ ਤਾਂ ਉਨ੍ਹਾਂ ਦੀ ਖਾਹਿਸ਼ ਪੂਰੀ ਕਰਨੀ ਚਾਹੀਦੀ ਹੈ। ਇਸ ਲਈ ਸਰਕਾਰ ਆਪਣੀ ਪਾਲਿਸੀ ਵਾਜ਼ਹੇ ਕਰੇ। (ਵਿਘਨ) (ਸ਼ੋਰ)

चौधरी बलबीर सिंह : अध्यक्ष महोदय, आप की इस बारे में क्या राए है। आप ने ही मैम्बरज़ की सहूलत का ख्याल रखना है। रूल्ज़ के मुताबिक इस की कापी हिंदी में, पंजाबी में और अंग्रेज़ी में मिलनी चाहिए। इस के पहले प्रैसीडैंट्स हैं। या तो आप यह कह दें कि रूल्ज़ लागू नहीं होते। इस हाउस के जो रूल्ज़ हैं आप ने उनको अपनाना है। इस लिए तीनों भाषाओं में कापी मिलनी चाहियें। या आप यह कह दें आप ने रूल्ज़ को तोड़ दिया है। (विघ्न)

ਸ੍ਰੀ ਸਪੀਕਰ : ਜਿਥੋਂ ਤਕ ਇਸ ਸਦਨ ਦਾ ਤੁਅੱਲਕ ਹੈ, ਜੋ ਹਿੰਦੀ ਵਿਚ ਪ੍ਰਸ਼ਨ ਮਿਲਦੇ ਹਨ ਉਨ੍ਹਾਂ ਸਭ ਦਾ ਜਵਾਬ ਟਰਾਂਸਲੇਸ਼ਨ ਕਰਕੇ ਦਿੰਦੇ ਹਨ ਅਤੇ ਕਦੇ ਕਿਸੇ ਕਿਸਮ ਦਾ ਨੁਕਸ ਨਹੀਂ ਹੋਇਆ। (ਵਿਘਨ) (A practice is already being followed in this House that all the questions etc. which are received in Hindi are translated and no inconvenience has been experienced.)

(*Interruption*)

चौधरी बलबीर सिंह : भाषा के बारे में आप ने जो पालिसी अपनाई है उस का उल्लंघन नहीं होना चाहिए। इस हाउस में आप ने जो रूल्ज़ तय किये हैं, उन रूल्ज़ के मुताबिक इस हाउस में प्रीसीडैंट्स बने हुए हैं। उसके मुताबिक हर मैम्बर को उस की भाषा में कागज मिलने चाहिएं। (विघ्न) जो गवर्नर साहिब का भाषण था उस भाषण की कापियां———(विघ्न)

ਸ੍ਰੀ ਸਪੀਕਰ : ਚੌਧਰੀ ਸਾਹਿਬ, ਮੈਂ ਤੁਹਾਡੀ ਗੱਲ ਸੁਣ ਲਈ ਹੈ। ਹੁਣ ਤੁਸੀਂ ਬੈਠੋ ਮੈਨੂੰ ਵੀ ਕੁਝ ਕਹਿਣ ਦਿਓ। (I have heard the hon. Member Chaudhri Balbir Singh. He may please resume his seat. Let me say something also.)

ਸਰਦਾਰ ਗੁਰਨਾਮ ਸਿੰਘ: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਆਪ ਨੇ ਰੂਲ 77 ਕੋਟ ਕੀਤਾ ਹੈ। ਉਥੇ ਲਫਜ਼ ਹੈ "ਆਰ" ਅੰਗ੍ਰੇਜ਼ੀ ਹੋਵੇ, ਹਿੰਦੀ ਹੋਵੇ ਜਾਂ ਪੰਜਾਬੀ ਹੋਵੇ, ਗੌਰਮਿੰਟ ਨੂੰ ਅਖਤਿਆਰ ਹੈ ਕਿ ਇਸ ਰੂਲ ਦੇ ਮੁਤਾਬਿਕ ਜਿਸ ਭਾਸ਼ਾ ਵਿਚ ਚਾਹੁਣ ਉਹ ਕਰ ਲੈਣ। (ਪ੍ਰਸ਼ੰਸਾ) ਮੈਂ ਹਿੰਦੀ ਦੇ ਬਰਖਿਲਾਫ਼ ਨਹੀਂ ਹਾਂ। ਪੰਜਾਬ ਗੌਰਮਿੰਟ ਨੇ ਹਿੰਦੀ ਲਈ ਬੜੀਆਂ ਸਹੂਲਤਾਂ ਦਿੱਤੀਆਂ ਹਨ, ਜਦੋਂ ਦੀ ਅਕਾਲੀ ਗੌਰਮਿੰਟ ਆਈ ਹੈ। ਮੈਂ ਕਹਿ ਸਕਦਾ ਹਾਂ ਕਿ ਕਾਂਗਰਸ ਗੌਰਮਿੰਟ ਆਪਣੇ ਵਕਤ ਵਿਚ ਹਿੰਦੀ ਨੂੰ ਬਹੁਤੀਆਂ ਸਹੂਲਤਾਂ ਨਹੀਂ ਦੇ ਸਕੀ ਔਰ ਨਾ ਹੀ ਉਸ ਨੇ ਇਸ ਨੂੰ ਸੰਪਰਕ ਭਾਸ਼ਾ ਮੰਨਿਆ ਹੈ (ਵਿਘਨ)..... ਜਿਸ ਤਰ੍ਹਾਂ ਕਿ ਹੁਣ ਪੰਜਾਬ ਗੌਰਮਿੰਟ ਨੇ ਇਸ ਨੂੰ ਸੰਪਰਕ ਭਾਸ਼ਾ ਮੰਨਿਆ ਹੈ। ਇਸ ਦੇ ਇਲਾਵਾ, ਸਪੀਕਰ ਸਾਹਿਬ, ਹਿੰਦੀ ਵਿਚ ਛਪ ਜਾਵੇ, ਇਹ ਮੈਂਬਰ ਸਾਹਿਬਾਨ ਦਾ ਹੱਕ ਹੈ ਕਿ ਉਹ ਸਰਕਾਰ ਨੂੰ ਦਰਖਾਸਤ ਕਰਨ ਕਿ ਇਸ ਭਾਸ਼ਾ ਵਿਚ ਕਾਪੀ ਦਿਤੀ ਜਾਵੇ ਪਰ ਜਿਸ ਤਰ੍ਹਾਂ ਇਥੇ ਰਾਜ ਭਾਸ਼ਾ ਦੀ ਕਾਪੀਆਂ ਸੁੱਟ ਕੇ ਇਨਸਲਟ ਕੀਤੀ ਗਈ ਹੈ ਇਹ ਠੀਕ ਨਹੀਂ ਕੀਤਾ ਗਿਆ। (ਸਰਕਾਰੀ ਬੈਂਚਾਂ ਵਲੋਂ ਸ਼ੇਮ ਸ਼ੇਮ, ਦੇ ਨਾਹਰੇ) ਤੁਸੀਂ ਦੇਖਿਆ ਹੈ ਕਿ ਕਿਸ ਤਰ੍ਹਾਂ ਹਾਊਸ ਵਿਚ ਕਾਪੀਆਂ ਸੁੱਟੀਆਂ ਗਈਆਂ। ਮੈਂ ਸਮਝਦਾ ਹਾਂ ਕਿ ਘੱਟ ਤੋਂ ਘੱਟ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਜ਼ਰੂਰ ਇਸ ਦਾ ਰੀਗਰੇਟ ਕਰਨਾ ਚਾਹੀਦਾ ਹੈ ਜਿਹੜੀ ਕਿ ਰਾਜ ਭਾਸ਼ਾ ਦੀ ਇਨਸਲਟ ਕੀਤੀ ਗਈ ਹੈ। (ਵਿਘਨ) ਇਸ ਤਰ੍ਹਾਂ ਕਾਪੀਆਂ ਸੁੱਟਣਾ ਠੀਕ ਨਹੀਂ। ਪੰਜਾਬੀ ਭਾਸ਼ਾ ਦੇ ਆਧਾਰ ਤੇ ਪੰਜਾਬੀ ਸੂਬਾ ਬਣਿਆ ਹੈ। ਇਸ ਲਈ ਪੰਜਾਬੀ ਬੋਲਣ ਦਾ ਪਹਿਲਾ ਹੱਕ ਹੈ। (ਤਾੜੀਆਂ) ਅਗਰ ਇਹ ਮੈਂਬਰ ਸਾਹਿਬਾਨ ਗੌਰਮਿੰਟ ਨਾਲ ਰਿਸਪੈਕਟ-ਫੁਲੀ ਗੱਲ ਕਰਦੇ ਤਾਂ ਸ਼ਾਇਦ ਇਹ ਕਾਪੀਆਂ ਹਿੰਦੀ ਵਿਚ ਵੀ ਹੋ ਜਾਂਦੀਆਂ, ਪਰ ਇਸ ਤਰ੍ਹਾਂ ਕਾਪੀਆਂ ਸੁੱਟਣਾ ਠੀਕ ਨਹੀਂ। (ਵਿਘਨ) ਇਸ ਲਈ ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਕਹਾਂਗਾ ਕਿ ਉਹ ਮੁਆਫ਼ੀ ਮੰਗਣ ਜਾਂ ਰੀਗਰੇਟ ਸ਼ੋ ਕਰਨ। (ਸਰਕਾਰੀ ਬੈਂਚਾਂ ਵਲੋਂ ਥੰਪਿੰਗ)।

Sirdar Kapur Singh : Sir, I rise to support the sentiments expressed by my hon. Friend Sardar Gurnam Singh. Some hon. Members..........

A Voice : The hon. Member himself is speaking in English.

Sirdar Kapur Singh : Mr. Speaker, Sir...................

A Voice : To which party does the hon. Member on his legs, belong ?

Sirdar Kapur Singh : I am an independent Akali Member.

Mr. Speaker, Sir, some hon. Members from the Congress Party have offered calculated insult to the official language—'*Raj Bhasha*' of this State. They have offered insult to the dignity of the House. Either the Leader of Opposition should express unqualified regrets at the behaviour of these hon. Members or the House should take some formal steps to record its displeasure against this type of behaviour and mis-conduct of these hon. Members. Sir, this is my submission.

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਬਹੁਤ ਦੇਰ ਤੋਂ ਹਿੰਦੀ ਦਾ ਅਤੇ ਪੰਜਾਬੀ ਦਾ ਮਸਲਾ ਚਲਿਆ ਆ ਰਿਹਾ ਹੈ। ਪਹਿਲਾਂ ਜਨਸੰਘ ਹਿੰਦੀ ਦਾ ਨਾਹਰਾ ਲਾਉਂਦਾ ਹੁੰਦਾ ਸੀ ਪਰ ਹੁਣ ਜਨਸੰਘ ਤੋਂ ਇਹ ਨਾਹਰਾ ਕਾਂਗਰਸ ਨੇ ਲੈ ਲਿਆ ਹੈ। (ਵਿਘਨ) ਮੈਂ ਹਿੰਦੀ ਤੇ ਇਤਰਾਜ਼ ਨਹੀਂ ਕਰਦਾ। ਪਹਿਲਾਂ ਹਿੰਦੀ ਦਾ ਨਾਹਰਾ ਜਨਸੰਘ ਕੋਲ ਸੀ ਹੁਣ ਕਾਂਗਰਸ ਨੇ ਇਹ ਨਾਹਰਾ ਲੈ ਲਿਆ ਹੈ। (ਸ਼ੋਰ) (ਵਿਘਨ) ਕੁਝ ਐਸੇ ਲੋਕ ਕਮਿਊਨਲ ਟਾਈਪ ਦਾ ਨਾਹਰਾ ਲਾਕੇ ਜੀਉਂਦੇ ਹਨ। (ਵਿਘਨ) ਜੇ ਹਿੰਦੀ ਦੀ ਵੀ ਕਾਪੀ ਸਪਲਾਈ ਹੋ ਜਾਂਦੀ ਤਾਂ ਇਨ੍ਹਾਂ ਨੂੰ ਸਵਾਲ ਉਠਾਉਣ ਦਾ ਮੌਕਾ ਹੀ ਨਾ ਮਿਲਦਾ। (ਵਿਘਨ) ਇਹ (ਕਾਂਗਰਸ ਵਲ ਇਸ਼ਾਰਾ

[ਸਰਦਾਰ ਕਿਰਪਾਲ ਸਿੰਘ]

ਕਰਦੇ ਹੋਏ) ਜਨ-ਸੰਘ ਤੋਂ ਨਾਹਰਾ ਲੈ ਕੇ ਜੀਉਂਦੇ ਹਨ। ਪੰਜਾਬੀ ਪੰਜਾਬ ਦੀ ਰਾਜ ਭਾਸ਼ਾ ਹੈ। ਜਿਸ ਤਰ੍ਹਾਂ ਮੇਰੇ ਸਾਥੀ ਮਾਨਯੋਗ ਮੈਂਬਰ ਨੇ ਪਹਿਲਾਂ ਕਿਹਾ ਹੈ ਮੈਂ ਉਨ੍ਹਾਂ ਦੇ ਸੈਂਟੀਮੈਂਟਸ ਦੀ ਤਾਈਦ ਕਰਦਾ ਹਾਂ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਨੇ ਹਿੰਦੀ ਦੀ ਕਾਪੀ ਨਾ ਸਪਲਾਈ ਕਰਕੇ, ਉਹ ਜਿਹੜਾ ਨਾਹਰਾ 20 ਸਾਲਾਂ ਤੋਂ ਤੁਰਿਆ ਆਉਂਦਾ ਸੀ ਉਸ ਨੂੰ ਜ਼ਿੰਦਾ ਰਖਣ ਦੀ ਕੋਸ਼ਿਸ਼ ਕੀਤੀ ਹੈ। (ਵਿਘਨ)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਨੂੰ ਮੇਜਰ ਸਾਹਿਬ ਦਾ ਹੁਕਮ ਮਿਲਿਆ ਹੈ ਮੈਂ ਕਹਿ ਦੇਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਕਿਸੇ ਅਨਰੂਲੀ ਐਕਟੇਵਿਟੀ ਇਨ ਦੀ ਹਾਊਸ ਨੂੰ ਅਛਾ ਨਹੀਂ ਸਮਝਦੀ। ਅਗਰ ਤੁਸੀਂ ਕਿਸੇ ਚੀਜ਼ ਨੂੰ ਅੱਛਾ ਨਹੀਂ ਸਮਝਦੇ ਤਾਂ ਉਨ੍ਹਾਂ ਤੋਂ ਮੁਆਫ਼ੀ ਮੰਗਣ ਲਈ ਤਿਆਰ ਹਾਂ। ਸਰਦਾਰ ਗੁਰਨਾਮ ਸਿੰਘ ਹੋਰਾਂ ਨੂੰ ਪੂਰੀ ਤਰ੍ਹਾਂ ਯਾਦ ਹੋਣਾ ਚਾਹੀਦਾ ਹੈ ਕਿ ਗਵਰਨਰ ਐਡਰੈਸ ਵਿਚ ਜਦੋਂ ਕਾਂਗਰਸ ਪਾਰਟੀ ਨੇ ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਦੀ ਮੰਗ ਕੀਤੀ ਸੀ ਤਾਂ ਇਨ੍ਹਾਂ ਨੇ ਹੀ ਇਸ ਨੂੰ ਅਪੋਜ਼ ਕੀਤਾ ਸੀ। ਔਰ ਗਿੱਲ ਸਾਹਿਬ ਨੇ, ਜਿਸ ਵੇਲੇ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਸਪੋਰਟ ਕੀਤੀ ਸੀ ਤਾਂ ਪੰਜਾਬੀ ਨੂੰ ਰਾਜ ਭਾਸ਼ਾ ਦਾ ਸਥਾਨ ਦਿਵਾਇਆ ਸੀ। (ਤਾੜੀਆਂ) ਇਸ ਲਈ ਜਿਥੋਂ ਤਕ ਪੰਜਾਬ ਦੀ ਰਾਜ ਭਾਸ਼ਾ ਦਾ ਸਵਾਲ ਹੈ, ਪੰਜਾਬੀ ਰਾਜ ਭਾਸ਼ਾ ਦੇ ਖਿਲਾਫ਼ ਕੋਈ ਨਹੀਂ ਹੈ। ਸਿਰਦਾਰ ਕਪੂਰ ਸਿੰਘ ਔਰ ਸਰਦਾਰ ਗੁਰਨਾਮ ਸਿੰਘ ਜੋ ਹਨ ਇਹੀ ਪੰਜਾਬੀ ਹਿੰਦੀ ਦੇ ਝਗੜੇ ਅੱਗੇ ਪਾਉਂਦੇ ਰਹੇ ਹਨ। (ਵਿਘਨ) ਜਦ ਪੰਜਾਬ ਗੌਰਮਿੰਟ ਹੈਜ਼ ਕੁਮਿਟਡ ਟੂ ਥਰੀ ਲੈਂਗੁਏਜ਼ ਫ਼ਾਰਮੂਲਾ ਤਾਂ ਫਿਰ ਮੈਂਬਰਜ਼ ਦੀ ਜੋ ਸਪੈਸੀਫ਼ਿਕ ਮੰਗ ਹੈ, ਉਸ ਨੂੰ ਜ਼ਰੂਰ ਮੰਨਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਮੈਂ ਪੰਜਾਬੀ ਵੀ ਪੜ੍ਹ ਲੈਂਦਾ ਹੈ, ਹਿੰਦੀ ਵੀ ਪੜ੍ਹ ਲੈਂਦਾ ਹੈ ਲੇਕਿਨ ਮੈਂ ਅੰਗ੍ਰੇਜ਼ੀ ਅੱਛੀ ਪੜ੍ਹਦਾ ਹਾਂ। ਮੈਂ ਕਹਿੰਦਾ ਹਾਂ ਕਿ ਮੈਨੂੰ ਕਾਪੀ ਅੰਗਰੇਜ਼ੀ ਵਿਚ ਦਿੱਤੀ ਜਾਵੇ, ਇਸ ਬਾਰੇ ਮੈਂ ਲਿਖ ਕੇ ਦੇਣ ਲਈ ਤਿਆਰ ਹਾਂ। ਮੇਰੀ ਅਰਜ਼ ਹੈ ਕਿ ਇਹ ਸਹੂਲਤ ਦਿੱਤੀ ਜਾਵੇ ਅਗਰ ਇਸ ਤਰ੍ਹਾਂ ਸਰਕਾਰ ਅੜੀ ਕਰੇਗੀ ਤਾਂ ਫਿਰ ਸਾਨੂੰ ਇਸ ਸਰਕਾਰ ਦਾ ਖੋਖਲਾ ਪਨ ਨਜ਼ਰ ਆਵੇਗਾ ਔਰ ਇਹ ਤਿੰਨ ਲੈਂਗੁਏਜ਼ ਫ਼ਾਰਮੂਲਾ ਜੋ ਇਹ ਕਹਿੰਦੇ ਹਨ ਇਹ ਬਿਲਕੁਲ ਗਲਤ ਗੱਲ ਹੋਵੇਗੀ। ਸਪੀਕਰ ਸਾਹਿਬ, ਇਹ ਕਾਂਗਰਸ ਪਾਰਟੀ ਹੀ ਸੀ ਜਿਸ ਨੇ ਇਹ ਰਾਜ ਭਾਸ਼ਾ ਪੰਜਾਬੀ ਬਣਾਈ ਹੈ। ਸਰਦਾਰ ਗੁਰਨਾਮ ਸਿੰਘ ਨੇ ਉਸ ਵੇਲੇ ਰਾਜ ਭਾਸ਼ਾ ਦੀ ਮੁਖ਼ਾਲਫ਼ਤ ਕੀਤੀ ਸੀ। (ਵਿਘਨ) ਮੈਂ ਸਰਦਾਰ ਗੁਰਨਾਮ ਸਿੰਘ ਦਾ ਸਤਿਕਾਰ ਕਰਦਾ ਹਾਂ। ਉਹ ਮੇਰੇ ਇਕ ਬਜ਼ੁਰਗ ਦੋਸਤ ਹਨ ...... (ਵਿਘਨ)

ਸ੍ਰੀ ਸਪੀਕਰ : ਕੈਪਟਨ ਸਾਹਿਬ, ਮੈਂ ਤੁਹਾਨੂੰ ਇਕ ਸਿੰਪਲ ਕੁਐਸਚਨ ਪੁੱਛਦਾ ਹਾਂ ਕਿ ਰਾਜ ਭਾਸ਼ਾ ਵਿਚ ਜੋ ਬਜਟ ਸਪੀਚ ਆਈ ਹੈ ਉਸ ਨੂੰ ਇਸ ਤਰ੍ਹਾਂ ਸੁਟਣਾ ਕੀ ਇਹ ਰਾਜ ਭਾਸ਼ਾ ਦਾ ਅਪਮਾਨ ਨਹੀਂ ਹੈ ? (ਵਿਘਨ) (I would pose a simple question to Captain Rattan Singh : whether throwing away the Budget Speech printed in Punjabi amounts to showing disrespect to the official language or not ?)

(Interruption)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਇਹ ਮਾਫ਼ੀ ਮੰਗ ਲਈ ਹੈ। (ਵਿਘਨ) ਕਈ ਵਾਰੀ ਮੈਂਬਰ ਸਾਹਿਬਾਨ ਪਹਿਲਾਂ ਗੁਸੇ ਵਿਚ ਆ ਜਾਂਦੇ ਹਨ ਔਰ ਇਹ ਗੁੱਸੇ ਵਿਚ ਕਈ ਕੁਝ ਕਰ ਜਾਂਦੇ ਹਨ ਪਰ ਬਾਅਦ ਵਿਚ ਜਦੋਂ ਠੰਢੇ ਹੋ ਜਾਂਦੇ ਹਨ ਤਾਂ ਸੋਚਦੇ ਹਨ ਕਿ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੀਦਾ। (ਵਿਘਨ) ਸਪੀਕਰ ਸਾਹਿਬ, ਮੇਰੀ ਅਰਜ਼ ਹੈ ਜਿਸ ਤਰ੍ਹਾਂ ਮੇਜਰ ਸਾਹਿਬ ਨੇ ਵੀ ਕਿਹਾ ਸੀ ਕਿ ਹਿੰਦੀ ਵਿਚ ਇਹ ਦਿੱਤਾ ਜਾਵੇ ਤਾਂ ਇਸ ਵਿਚ ਕੀ ਹਰਜ ਹੈ।

[ਕੈਪਟਨ ਰਤਨ ਸਿੰਘ]

ਜਿਹੜੇ ਜਿਹੜੇ ਮੈਂਬਰ ਸਹਿਬਾਨ ਨੇ ਹਿੰਦੀ ਵਿਚ ਡਾਕੂਮੈਂਟ ਮੰਗਿਆ ਜਿਸ ਤਰ੍ਹਾਂ ਖਰਬੰਦਾ ਜੀ ਨੇ ਮੰਗ ਕੀਤੀ ਸੀ ਉਨ੍ਹਾਂ ਨੇ ਇਨ੍ਹਾਂ ਨੂੰ ਲਿਖ ਕੇ ਵੀ ਦਿਤਾ ਸੀ ਕਿ ਮੈਨੂੰ ਹਿੰਦੀ ਵਿਚ ਇਹ ਭੇਜਿਆ ਜਾਵੇ ਤਾਂ ਇਸ ਵਿਚ ਕੀ ਹਰਜ ਵਾਲੀ ਗਲ ਹੈ ਉਨ੍ਹਾਂ ਨੂੰ ਹਿੰਦੀ ਵਿਚ ਡਾਕੂਮੈਂਟਸ ਦੇ ਦੇਣੇ ਚਾਹੀਦੇ ਹਨ। (ਵਿਘਨ)

ਸ੍ਰੀ ਸਪੀਕਰ : ਕੈਪਟਨ ਸਾਹਿਬ ਜੇ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਹਾਡੀ ਪਾਰਟੀ ਵਲੋਂ ਇਹ ਅਪਮਾਨ ਹੋਇਆ ਹੈ ਤਾਂ ਮੈਂ ਸਮਝਦਾ ਹਾਂ ਕਿ ਹੁਣ ਇਹ ਮਾਮਲਾ ਖਤਮ ਹੋਣਾ ਚਾਹੀਦਾ ਹੈ। (ਵਿਘਨ) (ਸ਼ੋਰ) ਪਲੀਜ਼ ਰਿਜ਼ੀਉਮ ਯੂਅਰ ਸੀਟ ਨਾਓ। (If Captain Sahib feels that disrespect has been shown to the official language of the State by his party members, then we should now close this matter. (*Interruption*) (Noise) Please resume your seat now.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਤੁਸੀਂ ਇਕ ਪਾਸੇ ਦਾ ਦੜਾ ਲਾਇਆ ਕਰੋ। ਗਵਰਨਰ ਸਾਹਿਬ ਦੇ ਐਡਰੈਸ ਵੇਲੇ ਵੀ..............(ਵਿਘਨ) (ਸ਼ੋਰ) ਇਨ੍ਹਾਂ ਨੇ ਮਾਨੂੰ ਇਨਸਟੀਗੇਟ ਕੀਤਾ (ਵਿਘਨ) (ਸ਼ੋਰ)..............

ਸ੍ਰੀ ਸਪੀਕਰ : ਜੇ ਮੈਂਬਰ ਸਾਹਿਬ ਨੂੰ ਕੋਈ ਇਤਰਾਜ਼ ਸੀ, ਜੇ ਇਨ੍ਹਾਂ ਨੂੰ ਕਿਸੇ ਨੇ ਇਨਸਟੀਗੇਟ ਕੀਤਾ ਸੀ ਤਾਂ ਇਹ ਤਰੀਕਾ ਨਹੀਂ ਸੀ ਪ੍ਰੋਟੈਸਟ ਕਰਨ ਦਾ। ਉਹ ਡਿਗਨੀਫਾਈਡ ਤਰੀਕੇ ਨਾਲ ਵਾਕ ਆਉਟ ਕਰ ਸਕਦੇ ਸੀ ਪਰ ਇਸ ਤਰ੍ਹਾਂ ਪੰਜਾਬੀ ਵਿਚ ਛਪੇ ਇਕ ਡਾਕੂਮੈਂਟ ਨੂੰ ਪੈਰਾਂ ਵਿਚ ਸੁਟਣਾ ਅਪਮਾਨ ਹੈ। (ਵਿਘਨ) (In case the hon. Members had any objection to the printing of the speech in Punjabi or they had been provoked, even then this was not the way to protest. They could stage a walk out. But throwing down of a Punjabi document in this way certainly amounts to showing disrespect to the official language.) (*Interruption*)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਅਸੀਂ ਅਪਮਾਨ ਕਿਉਂ ਕਰੀਏ। (ਵਿਘਨ) (ਸ਼ੋਰ) ਸਰਦਾਰ ਗੁਰਨਾਮ ਸਿੰਘ ਨੂੰ ਕੋਈ ਹੱਕ ਨਹੀਂ ਕਿ ਉਹ ਹੁਣ ਪੰਜਾਬੀ ਦੇ ਨਾਹਰੇ ਲਗਾਉਣ। (ਸ਼ੋਰ) (ਵਿਘਨ) ....

Mr. Speaker: Please resume your seat. (*Interruption*) (*Noise*)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਸਾਡੀ ਇਹ ਬਦਕਿਸਮਤੀ ਹੈ ਕਿ ਇਥੇ ਇਹ ਮਾਹੌਲ ਪੈਦਾ ਹੋ ਰਿਹਾ ਹੈ। ਕੁਝ ਹਕੀਕਤ ਹੈ ਜੋ ਸਾਨੂੰ ਸਾਰਿਆਂ ਨੂੰ ਮੰਨਣੀ ਪੈਂਦੀ ਹੈ। ਜਿਸ ਤਰ੍ਹਾਂ ਬੰਗਾਲ ਦੇ ਵਿਚ ਬੰਗਾਲੀ ਭਾਸ਼ਾ ਵਿਚ ਸਾਰੇ ਹਾਉਸ ਦੀ ਕਾਰਵਾਈ ਚਲਦੀ ਹੈ ਉਥੇ ਕੋਈ ਇਸ ਕਿਸਮ ਦਾ ਝਗੜਾ ਨਹੀਂ ਹੈ। ਹਿੰਦੀ ਭਾਸ਼ਾ ਸੰਪਰਕ ਭਾਸ਼ਾ ਹੈ ਉਥੇ ਕੋਈ ਇਸ ਕਿਸਮ ਦਾ ਝਗੜਾ ਨਹੀਂ। (ਵਿਘਨ) ਸਪੀਕਰ ਸਾਹਿਬ, ਇਹ ਸਾਡੀ ਬਦ-ਕਿਸਮਤੀ ਹੈ ਕਿ ਸਾਡੇ ਬਹੁਤ ਸਾਰੇ ਮੈਂਬਰ ਪੰਜਾਬੀ ਵਿਚ ਡਾਕੂਮੈਂਟਸ ਮੰਗਦੇ ਹਨ ਔਰ ਕੁਝ ਹਿੰਦੀ ਵਿਚ ਮੰਗਦੇ ਹਨ ਭਾਵੇਂ ਉਹ ਖੁਦ ਹਿੰਦੀ ਚੰਗੀ ਤਰ੍ਹਾਂ ਸਮਝ ਵੀ ਨਾ ਸਕਣ। ਸਾਨੂੰ ਤਾਂ ਸਗੋਂ ਕੋਈ ਐਸੀ ਚੀਜ਼ ਕਰਨੀ ਚਾਹੀਦੀ ਹੈ ਜਿਸ ਨਾਲ ਕਿ ਛੇਤੀ ਤੋਂ ਛੇਤੀ ਉਹ ਦਿਨ ਆਵੇ ਜਦੋਂ ਅਸੀਂ ਸਾਰੇ ਇਸ ਗੱਲ ਨੂੰ ਮਹਿਸੂਸ ਨਾ ਕਰੀਏ ਅਤੇ ਪੰਜਾਬ ਦੀ ਅਸੈਂਬਲੀ ਦੀ ਜੋ ਕਾਰਵਾਈ ਹੈ ਉਹ ਸਾਰੀ ਦੀ ਸਾਰੀ ਪੰਜਾਬੀ ਵਿਚ ਚੱਲੇ, ਹੋਰ ਕਿਸੇ ਭਾਸ਼ਾ ਵਿਚ ਨਾ ਚੱਲੇ। (ਵਿਘਨ) ਸਪੀਕਰ

[ਕਾਮਰੇਡ ਸੱਤਪਾਲ ਡਾਂਗ]

ਸਾਹਿਬ, ਹਿੰਦੀ ਸਾਡੀ ਨੈਸ਼ਨਲ ਭਾਸ਼ਾ ਹੈ ਇਹ ਇਕ ਅੱਡ ਚੀਜ਼ ਹੈ । ਜੇ ਸਾਡੀ ਸਾਰੀ ਕਾਰਵਾਈ ਪੰਜਾਬੀ ਵਿਚ ਚੱਲੇ ਤਾਂ ਸਾਨੂੰ ਇਹ ਲੜਾਈ ਕਿਉਂ ਮਹਿਸੂਸ ਹੁੰਦੀ । ਪਰ ਸਾਡੀ ਇਹ ਬਦ ਕਿਸਮਤੀ ਹੈ ਕਿ ਅੰਗਰੇਜ਼ਾਂ ਦੇ ਵੇਲੇ ਤੋਂ ਇਹ ਚੀਜ਼ ਚਲੀ ਆ ਰਹੀ ਹੈ ਔਰ ਸਾਨੂੰ ਪੰਜਾਬੀ ਸ਼ੁਰੂ ਤੋਂ ਹੀ ਨਹੀਂ ਪੜ੍ਹਾਈ ਗਈ । ਇਥੇ ਬੱਚਿਆਂ ਨੂੰ ਪ੍ਰਾਇਮਰੀ ਤੋਂ ਹੀ ਪੰਜਾਬੀ ਵਿਚ ਵਿਦਿਆ ਨਹੀਂ ਮਿਲਦੀ ਸੀ । ਬੰਗਾਲ ਵਿਚ ਦੇਖ ਲਵੋ ਉਥੇ ਬੱਚਿਆਂ ਨੂੰ ਪ੍ਰਾਇਮਰੀ ਕਲਾਸ ਤੋਂ ਹੀ ਬੰਗਾਲੀ ਭਾਸ਼ਾ ਵਿਚ ਵਿਦਿਆ ਦਿੱਤੀ ਜਾਂਦੀ ਸੀ । ਸਪੀਕਰ ਸਾਹਿਬ, ਇਹ ਕੁਝ ਪ੍ਰੈਕਟੀਕਲ ਡਿਫੀਕਲਟੀਜ਼ ਹਨ ਇਨ੍ਹਾਂ ਨੂੰ ਮਦੇ ਨਜ਼ਰ ਰਖਣਾ ਚਾਹੀਦਾ ਹੈ ਔਰ ਉਨ੍ਹਾਂ ਡਿਫੀਕਲਟੀਜ਼ ਨੂੰ ਦੂਰ ਕਰਨਾ ਚਾਹੀਦਾ ਹੈ । (ਵਿਘਨ) ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜੇ ਕੋਈ ਹਿੰਦੀ ਭਾਸ਼ਾ ਵਿਚ ਕਾਪੀ ਮੰਗਦਾ ਹੈ ਤਾਂ ਹਿੰਦੀ ਵਿਚ ਉਸ ਨੂੰ ਦਿਓ ਜੇ ਨਵਾਬ ਸਾਹਿਬ ਵਰਗੇ ਉਰਦੂ ਵਿਚ ਮੰਗਦੇ ਹਨ ਤਾਂ ਬੇਸ਼ਕ ਉਰਦੂ ਵਿਚ ਉਨ੍ਹਾਂ ਨੂੰ ਦਿਓ ਇਸ ਵਿਚ ਕੋਈ ਹਰਜ਼ ਵਾਲੀ ਗੱਲ ਨਹੀਂ । ਐਵੇਂ ਇਸ ਗੱਲ ਨੂੰ ਉਛਾਲਣ ਦਾ ਕਿਸੇ ਨੂੰ ਮੌਕਾ ਨਾ ਦਿਓ । (ਵਿਘਨ) ਮੈਂ ਕੈਪਟਨ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਦੋਂ ਪਿਛੇ ਜਿਹੇ ਜਲੰਧਰ ਵਿਚ ਇਕ ਕਾਨਫਰੰਸ ਹੋਈ ਸੀ ਤਾਂ ਉਥੇ ਕਾਂਗਰਸ ਪਾਰਟੀ ਦੇ ਮੈਂਬਰ ਹਾਜ਼ਰ ਸਨ ਉਨ੍ਹਾਂ ਨੇ ਉਥੇ ਭਾਸ਼ਣ ਦਿੱਤਾ ਸੀ ਕਿ ਹਿੰਦੂਓ ਆਪਣੀ ਮਾਤਰ ਭਾਸ਼ਾ ਹਿੰਦੀ ਲਿਖਾਣਾ (ਵਿਘਨ) (ਸ਼ੋਰ) ....

ਕੈਪਟਨ ਰਤਨ ਸਿੰਘ : ਸਾਡੀ ਕਾਂਗਰਸ ਪਾਰਟੀ ਦਾ ਕੋਈ ਮੈਂਬਰ ਉਥੇ ਨਹੀਂ ਸੀ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਤੁਹਾਡੇ ਸੈਣੀ ਸਾਹਿਬ ਉਥੇ ਹੀ ਸਨ (ਵਿਘਨ) (ਸ਼ੋਰ) ਸਪੀਕਰ ਸਾਹਿਬ, ਹੁਣ ਇਲੈਕਸ਼ਨ ਕਰਕੇ ਮਰਦਮ ਸ਼ੁਮਾਰੀ ਪਿਛੇ ਪਾ ਦਿੱਤੀ ਗਈ ਹੈ । ਮੈਂ ਤਾਂ ਕਹਿੰਦਾ ਹਾਂ ਕਿ ਅਸੀਂ ਸਾਰੀਆਂ ਪਾਰਟੀਆਂ ਰਲ ਕੇ ਪ੍ਰਾਇਮ ਮਨਿਸਟਰ ਸਾਹਿਬ ਨੂੰ ਬੇਨਤੀ ਕਰੀਏ ਕਿ ਪੰਜਾਬ ਵਿਚ ਮੁੜ ਕੇ ਇਸ ਗੱਲ ਦਾ ਰਫੜ ਕਿਉਂ ਪਾਉਂਦੇ ਹੋ । (ਵਿਘਨ) ਉਨ੍ਹਾਂ ਨੂੰ ਇਹ ਬੇਨਤੀ ਕਰੀਏ ਕਿ ਇਹ ਕਾਲਮ ਹੀ ਇਸ ਵਿਚੋਂ ਹੁਣ ਕੱਢ ਦਿਓ ਜਿਸ ਤਰ੍ਹਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਮਰਦਮ ਸ਼ੁਮਾਰੀ ਵੇਲੇ ਇਹ ਕਾਲਮ ਕੱਢ ਦਿੱਤਾ ਸੀ, ਹੁਣ ਵੀ ਇਸ ਤਰ੍ਹਾਂ ਕਰ ਦਿਓ । (ਵਿਘਨ) ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਹ ਗੱਲ ਮੰਨ ਲੈਣੀ ਚਾਹੀਦੀ ਹੈ । (ਵਿਘਨ) ਪ੍ਰੈਕਟੀਕਲ ਡਿਫੀਕਲਟੀਜ਼ ਜਿਹੜੀਆਂ ਹਨ ਉਹ ਨਜ਼ਰ ਅੰਦਾਜ਼ ਨਹੀਂ ਕਰਨੀਆਂ ਚਾਹੀਦੀਆਂ । (ਵਿਘਨ) ਐਵੇਂ ਇਨ੍ਹਾਂ ਗੱਲਾਂ ਨੂੰ ਉਛਾਲਣ ਦਾ ਕਿਸੇ ਨੂੰ ਮੌਕਾ ਨਾ ਦਿਓ । (ਵਿਘਨ) (ਸ਼ੋਰ)........ (ਇਸ ਵਕਤ ਉਪ-ਮੰਤਰੀ ਮਾਲ (ਵੈਦ ਕਰਤਾਰ ਸਿੰਘ) ਬੈਠੇ ਬੈਠੇ ਕੁਝ ਬੋਲੇ ਜੋ ਕਿ ਸੁਣਾਈ ਨਹੀਂ ਦਿਤਾ ।)

ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜੇ ਪੰਜਾਬੀ ਦੀ ਤਰੱਕੀ ਕਰਾਉਣੀ ਹੈ ਤਾਂ ਵੈਦ ਕਰਤਾਰ ਸਿੰਘ ਵਰਗਿਆਂ ਨੂੰ ਚੁਪ ਕਰਾਉਣਾ ਚਾਹੀਦਾ ਹੈ । (ਵਿਘਨ) (ਸ਼ੋਰ)

(ਇਸ ਵਕਤ ਹਾਊਸ ਵਿਚ ਕਾਫੀ ਸ਼ੋਰ ਪੈ ਰਿਹਾ ਸੀ)

ਉਪ ਮਾਲ ਮੰਤਰੀ : * * * * * *

* * * * (ਵਿਘਨ) (ਸ਼ੋਰ) (ਬਹੁਤ ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : * * * * *

* * * * * *

*Expunged as ordered by the Chair.

ਉਪ ਮਾਲ ਮੰਤਰੀ : * * * * * * * (ਸ਼ੋਰ) (ਬਹੁਤ ਸ਼ੋਰ) ... ...

ਸਰਦਾਰ ਸਰੂਪ ਸਿੰਘ : (ਸ਼ੋਰ) * * (ਬਹੁਤ ਸ਼ੋਰ)

ਉਪ ਮਾਲ ਮੰਤਰੀ : * * * * * * (ਸ਼ੋਰ) ... ...

ਸਰਦਾਰ ਸਰੂਪ ਸਿੰਘ : * * * (ਸ਼ੋਰ) (ਬਹੁਤ ਸ਼ੋਰ)

ਸ੍ਰੀ ਸਪੀਕਰ : ਜੋ ਕੁਝ ਵੀ ਮੈਂਬਰ ਸਾਹਿਬਾਨ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਹਿ ਰਹੇ ਹਨ that should not form part of the proceedings. (*Noise*) (Whatever the hon. Members are uttering without the permission of the Chair should not form part of the proceedings.) (*Noise*)

ਉਪ ਮਾਲ ਮੰਤਰੀ : * * (ਸ਼ੋਰ) (ਬਹੁਤ ਸ਼ੋਰ)

ਸ੍ਰੀ ਸਪੀਕਰ : ਬੜੇ ਦੁਖ ਦੀ ਗੱਲ ਹੈ ਕਿ ਜੇ ਵਜ਼ੀਰ ਸਾਹਿਬ ਹੀ ਇਸ ਤਰ੍ਹਾਂ ਦੀਆਂ ਗਲਾਂ ਕਰਨ............................ (ਸ਼ੋਰ) (ਬਹੁਤ ਸ਼ੋਰ)

(It is really painful that even the hon. Ministers talk like this ..... (*Noise*)

Comrade Satya Pal Dang : I demand that the Chief Minister should apologise on his behalf. (*Interruption and Noise*)

ਸ੍ਰੀ ਸਪੀਕਰ : ਡਾਂਗ ਸਾਹਿਬ, ਇਹ ਕੋਈ ਗੱਲ ਰਿਕਾਰਡ ਤੇ ਹੀ ਨਹੀਂ ਆਉਣੀ । (ਵਿਘਨ) (ਸ਼ੋਰ) (ਬਹੁਤ ਸ਼ੋਰ) (Dang Sahib, all this is not going to be recorded.) (*Loud Noise*)

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਦੋ ਪੱਖ ਪੇਸ਼ ਕਰਨ ਵਾਸਤੇ ਹਾਊਸ ਦੇ ਸਾਹਮਣੇ ਖੜਾ ਹੋਇਆ ਹਾਂ । ਮੈਨੂੰ ਸਮਝ ਨਹੀਂ ਆਉਂਦੀ ਕਿ ਸਿਰਦਾਰ ਕਪੂਰ ਸਿੰਘ ਵਰਗੇ ਸਿਆਣੇ ਆਦਮੀ ਜਿਨ੍ਹਾਂ ਨੂੰ ਮੈਂ ਜੱਜ ਸਾਹਿਬ ਹੀ ਮੰਨਦਾ ਹਾਂ ਔਰ ਅੱਗੇ ਵਾਸਤੇ ਵੀ ਸਮਝਦਾ ਰਹਾਂਗਾ ਭਾਵੇਂ ਉਹ ਮੈਨੂੰ ਮਿਠੀਆਂ ਮਿਠੀਆਂ ਟਕੋਰ੍ਹਾਂ ਕਰ ਦੇਣ । (ਵਿਘਨ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੇਰੇ ਮੁਤੱਲਕ ਜ਼ਿਕਰ ਕੀਤਾ ਹੈ । ਮੈਨੂੰ ਅਫਸੋਸ ਇਸ ਗੱਲ ਤੇ ਆਉਂਦਾ ਹੈ ਇਨ੍ਹਾਂ ਨੇ ਤਾਂ ਇਥੇ ਇਲੈਕਸ਼ਨ ਪਲੇਟ ਫਾਰਮ ਹੀ ਬਣਾ ਲਿਆ ਹੈ । ਮੈਂ ਤਾਂ ਉਸ ਮਾਹੌਲ ਵਿਚ, ਸਪੀਕਰ ਸਾਹਿਬ, ਪਲਿਆ ਹਾਂ ਜਿਸ ਵੇਲੇ ਇਹ ਮਾਹੌਲ ਸੀ ਕਿ ਜੇਕਰ ਗੁਰਮੁਖੀ ਦਾ ਅਖ਼ਬਾਰ ਵੀ ਪੈਰਾਂ ਥੱਲੇ ਆ ਜਾਂਦਾ ਤਾਂ ਮਾਪੇ ਮੈਨੂੰ ਘੂਰਦੇ ਹੁੰਦੇ ਸੀ । ਮੈਂ ਉਸ ਮਾਹੌਲ ਵਿਚ ਪਲਿਆ ਹਾਂ ਜਿਸ ਵੇਲੇ ਗੁਰਮੁਖੀ ਅਖਰਾਂ ਦੀ ਪੂਜਾ ਹੁੰਦੀ ਸੀ । ਮੈਂ ਕੋਈ ਭੁਲੇਖਾ ਪੈਦਾ ਨਹੀਂ ਕਰਨਾ ਚਾਹੁੰਦਾ । ਜਿਥੋਂ ਤੱਕ ਪੰਜਾਬੀ ਰਾਜ ਭਾਸ਼ਾ ਦਾ ਤੁਅੱਲਕ ਹੈ ਜੇ ਮੈਂ ਮੋਢੀ ਨਹੀਂ ਤਾਂ ਮੈਂ ਗੁਰਮੁਖੀ ਦੀ ਪੂਜਾ ਕਰਨ ਵਾਲਿਆਂ ਵਿਚੋਂ ਸਭ ਤੋਂ ਅੱਗੇ ਹਾਂ । (ਵਿਘਨ)

*Expunged as ordered by the Chair.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ। (ਵਿਘਨ) (ਸ਼ੋਰ) ਮੇਜਰ ਸਾਹਿਬ ਮੈਨੂੰ ਇਹ ਸਮਝ ਨਹੀਂ ਆਈ ਕਿ ਤੁਸੀਂ ਪੰਜਾਬੀ ਨੂੰ ਸਿਖ ਧਰਮ ਨਾਲ ਕਿਉਂ ਜੋੜਦੇ ਹੋ ਅਤੇ ਕਿਉਂ ਇਸ ਭਾਸ਼ਾ ਨੂੰ ਸਿਰਫ ਸਿੱਖ ਘਰਾਣਿਆਂ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹੋ। ਇਸ ਤਰ੍ਹਾਂ ਕਰਨ ਨਾਲ ਹੀ ਤਾਂ ਤਫ਼ਰਕਾਤ ਪੈਦਾ ਹੁੰਦੇ ਹਨ। ਪੰਜਾਬੀ ਪੰਜਾਬ ਦੀ ਭਾਸ਼ਾ ਹੈ ਅਤੇ ਹਰ ਪੰਜਾਬੀ ਦੀ ਭਾਸ਼ਾ ਹੈ। (ਵਿਘਨ)

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਦੋ ਪੱਖੀ ਅਰਜ਼ ਕਰ ਰਿਹਾ ਸੀ। ਇਕ ਤਾਂ ਬਤੌਰ ਸਿੱਖ ਦੇ ਨਾਤੇ, ਇਕ ਬਤੌਰ ਪੰਜਾਬੀ ਦੇ ਨਾਤੇ। ਮੈਂ ਕਹਿ ਰਿਹਾ ਸੀ ਕਿ ਪੰਜਾਬ ਵਿਚ ਜਿੰਨੇ ਵੀ ਰਹਿੰਦੇ ਹਨ, ਉਨ੍ਹਾਂ ਦੀ ਜ਼ਬਾਨ ਪੰਜਾਬੀ ਹੈ। ਮੈਂ ਪੁਨਰ ਚੈਲਿੰਜ ਕਰਦਾ ਹਾਂ ਅਤੇ ਇਸ ਲਈ ਵੱਡੀ ਤੋਂ ਵੱਡੀ ਕੀਮਤ ਅਦਾ ਕਰਨ ਲਈ ਤਿਆਰ ਹਾਂ ਕਿ ਪੰਜਾਬ ਦੀ ਜ਼ਬਾਨ ਪੰਜਾਬੀ ਹੈ। ਜਿਹੜਾ ਵੀ ਪੰਜਾਬ ਵਿਚ ਪੰਜਾਬੀ ਰਾਜ ਭਾਸ਼ਾ ਦਾ ਅਪਮਾਨ ਸੋਚਦਾ ਹੈ, ਉਹ ਦਰੁੱਸਤ ਨਹੀਂ। ਇਸ ਤੋਂ ਇਲਾਵਾ ਜੇਕਰ ਕੋਈ ਮੈਂਬਰ ਸਾਹਿਬਾਨ ਆਪਣੀ ਡਿਫੀਕਲਟੀ ਦਾ ਇਜ਼ਹਾਰ ਕਰਦੇ ਹਨ ਅਤੇ ਲਿਖ ਕੇ ਵੀ ਭੇਜਦੇ ਹਨ ਕਿ ਸਾਨੂੰ ਫਲਾਂ ਜ਼ਬਾਨ ਵਿਚ ਬਜਟ ਦੀ ਕਾਪੀ ਦਿਤੀ ਜਾਵੇ ਤਾਂ ਜੇਕਰ ਸਪਲਾਈ ਕਰ ਦਿੱਤੀ ਜਾਵੇ ਕੋਈ ਹਰਜ਼ ਵਾਲੀ ਗੱਲ ਨਹੀਂ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਜਦੋਂ ਕੋਈ ਖਬਰਾਂ ਹਿੰਦੀ ਵਿਚ ਆਉਂਦੀਆਂ ਹਨ ਤਾਂ ਮੈਨੂੰ ਉਨ੍ਹਾਂ ਦੀ ਕੋਈ ਸਮਝ ਨਹੀਂ ਆਉਂਦੀ ਅਤੇ ਜੇ ਪੰਜਾਬੀ ਵਿਚ ਵੀ ਆਉਣ, ਕਿਉਂ ਜੋ ਹੁਣ ਗਿਆਨੀ ਆਉਣ ਲੱਗ ਪਏ ਹਨ, ਮੈਨੂੰ ਉਹ ਵੀ ਸਮਝ ਨਹੀਂ ਆਉਂਦੀਆਂ ਅਤੇ ਮੈਂ ਚਾਹੁੰਦਾ ਹਾਂ ਕਿ ਅੰਗਰੇਜ਼ੀ ਵਿਚ ਹੋਣ। ਇਸ ਦਾ ਮਤਲਬ ਇਹ ਨਹੀਂ ਕਿ ਪੰਜਾਬੀ ਵਾਸਤੇ ਮੇਰੇ ਦਿਲ ਵਿਚ ਸਤਕਾਰ ਨਹੀਂ। ਮੇਰੀ ਇਹ ਅਰਜ਼ ਹੈ ਕਿ ਜੋ ਮੈਂਬਰ ਸਾਹਿਬਾਨ ਇਥੇ ਡਿਬੇਟ ਵਿਚ ਆਪਣਾ ਹਿੱਸਾ ਪਾਉਣਾ ਚਾਹੁੰਦੇ ਹਨ, ਸਪਲੀਮੈਂਟਰੀ ਰਾਹੀਂ ਜਾਂ ਭਾਸ਼ਣ ਰਾਹੀਂ ਕੋਈ ਕੰਟਰੀਬਿਊਸ਼ਨ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਸ ਗੱਲੋਂ ਕਿਉਂ ਮਹਿਰੂਮ ਰੱਖਿਆ ਜਾਵੇ। ਜਿਹੜੀ ਨੈਸ਼ਨਲ ਲੈਂਗੁਏਜ਼ ਹੈ, ਉਹ ਹਿੰਦੀ ਹੈ ਅਤੇ ਪੰਜਾਬ ਵਿਚ ਪੰਜਾਬੀ ਜ਼ਬਾਨ ਰਾਜ ਭਾਸ਼ਾ ਹੈ ਅਤੇ ਇਹ ਜ਼ਬਾਨ ਸਾਰੇ ਪੰਜਾਬੀਆਂ ਦੀ ਹੈ। ਮੈਂ ਦੋਨਾਂ ਭਾਸ਼ਾਵਾਂ ਦੀ ਕਦਰ ਕਰਦਾ ਹਾਂ। ਮੈਨੂੰ ਇਹ ਸੁਣ ਕੇ ਬੜਾ ਦੁਖ ਹੋਇਆ ਜਦੋਂ ਕਿਹਾ ਗਿਆ ਕਿ ਇਥੇ ਜੋ ਕੁਝ, ਕੁਝ ਮੈਂਬਰਾਂ ਵਲੋਂ ਹੋਇਆ ਹੈ, ਉਸ ਲਈ ਲੀਡਰ ਆਫ਼ ਦੀ ਅਪੋਜ਼ੀਸ਼ਨ ਮਾਫੀ ਮੰਗਣ। ਇਸ ਬਾਰੇ ਮੈਂ ਅਰਜ਼ ਕਰਾਂ ਕਿ ਜੇਕਰ ਕੋਈ ਕਿਸੇ ਕਿਸਮ ਦਾ ਅਪਮਾਨ ਕੀਤਾ ਹੈ ਤਾਂ ਮੈਂ ਚੌਰਾਹੇ ਵਿਚ ਖੜ੍ਹਾ ਹੋ ਕੇ ਮਾਫੀ ਮੰਗਣ ਲਈ ਤਿਆਰ ਹਾਂ। ਇਥੇ ਤਾਂ ਐਸੇ ਵੀ ਹਨ ਜਿਹੜੇ ਗੁਸਲਖਾਨਿਆਂ ਵਿਚ ਮਾਫੀ ਮੰਗਦੇ ਹਨ, ਮੈਂ ਉਨ੍ਹਾਂ ਵਿਚੋਂ ਨਹੀਂ ਹਾਂ। ਜੇ ਮੇਰੇ ਕੋਲੋਂ ਕੋਈ ਕਸੂਰ ਹੋ ਜਾਵੇ ਤਾਂ ਮੈਂ ਤਾਂ ਸੈਕਟਰ 22 ਦੇ ਗਰਾਊਂਡ ਵਿਚ ਖਲੋ ਕੇ ਮਾਫੀ ਮੰਗਣ ਨੂੰ ਤਿਆਰ ਹਾਂ ਅਤੇ ਮੈਂ ਸਾਧ ਸੰਗਤ ਅੱਗੇ ਹੱਥ ਜੋੜ ਕੇ ਖੜਾ ਹੋ ਜਾਵਾਂਗਾ ਅਤੇ ਕਹਾਂਗਾ ਕਿ ਮੇਰੇ ਕੋਲੋਂ ਇਹ ਗਲਤੀ ਹੋ ਗਈ ਹੈ ਮੈਨੂੰ ਮਾਫ ਕਰੋ। ਮੇਰੇ ਮਨ ਵਿਚ ਅਤੇ ਮੇਰੀ ਪਾਰਟੀ ਦੇ ਮਨ ਵਿਚ ਇਹੋ ਜਿਹੀ ਕੋਈ ਗੱਲ ਨਹੀਂ ਕਿ ਪੰਜਾਬੀ ਭਾਸ਼ਾ ਦਾ ਅਪਮਾਨ ਕੀਤਾ ਜਾਵੇ। ਮੇਰੇ ਜਿਸ ਸਾਥੀ ਨੇ ਇਸ ਭਾਸ਼ਾ ਵਿਚ ਬਜਟ ਦੀ ਕਾਪੀ ਮੰਗੀ ਸੀ ਅਗਰ ਸਪਲਾਈ ਕਰ ਦਿੱਤੀ ਜਾਂਦੀ ਤਾਂ ਇਸ ਵਿਚ ਕੋਈ ਹਰਜ ਵਾਲੀ ਗੱਲ ਨਹੀਂ ਸੀ।

ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਜੋ ਤੁਸੀਂ ਮੈਨੂੰ ਇਸ ਨਾ ਚੀਜ਼ ਨੂੰ ਇਸ ਦੇ ਲਈ ਕੁਝ ਸਮਾਂ ਬੋਲਣ ਲਈ ਦਿੱਤਾ ਹੈ। ਮੈਂ ਬੀਮਾਰ ਆਦਮੀ ਹਾਂ ਇਸ ਲਈ ਜ਼ਿਆਦਾ ਦੇਰ ਤੁਹਾਡੇ ਵਿਚ ਨਹੀਂ ਖੜ੍ਹਦਾ ਅਤੇ ਦੋ ਤਿੰਨ ਦਿਨਾਂ ਮਗਰੋਂ ਫਿਰ ਸਹੀ (ਵਿਘਨ) ....

(ਚੌਧਰੀ ਜਗਤ ਰਾਮ ਵਲੋਂ ਵਿਘਨ ਕਿ ਜਿਸ ਤਰ੍ਹਾਂ ਸਰਦਾਰ ਗੁਰਨਾਮ ਸਿੰਘ ਨੇ ਫੋਟੋ ਖਿਚਾ ਕੇ ਮਾਫੀ ਮੰਗੀ ਹੈ ਇਸ ਤਰ੍ਹਾਂ ਇਹ (ਟਰੈਜ਼ਰੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਵੀ ਮਾਫ਼ੀ ਮੰਗਣ .... (ਸ਼ੋਰ) ਵਿਘਨ) ....

ਸਾਥੀ ਰੂਪ ਲਾਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੇਜਰ ਸਾਹਿਬ ਨੇ ਹੁਣੇ ਜ਼ਿਕਰ ਕੀਤਾ ਹੈ ਕਿ ਉਹ ਸਿੱਖ ਘਰਾਣੇ ਵਿਚ ਪੈਦਾ ਹੋਏ ਹਨ। ਮੈਂ ਸਮਝਦਾ ਹਾਂ ਕਿ ਜਿਥੋਂ ਤੱਕ ਸਿੱਖੀ ਦਾ ਤੁਅੱਲਕ ਹੈ ਕਿਸੇ ਸਿੱਖ ਘਰਾਣੇ ਵਿਚ ਪੈਦਾ ਹੋਣ ਨਾਲ ਸਿੱਖੀ ਨਹੀਂ ਆ ਜਾਂਦੀ। ਸਿੱਖੀ ਨਾਮ ਹੈ ਸਿਦਕ ਦਾ। (ਵਿਘਨ) ਇਨ੍ਹਾਂ ਨੂੰ ਕਹੋ ਕਿ ਸਿਦਕ ਦੀਆਂ ਗੱਲਾਂ ਕਰਨ ...... (ਸ਼ੋਰ).........(ਵਿਘਨ)।

Sirdar Kapur Singh : Mr. Speaker, from the speeches that have been made on the point raised by my hon. friend Sardar Gurnam Singh, it appears that the real point has been missed. The real point is not that the Budget Speech should not have been printed in Hindi. There is not a single Member here either on this side or that side who is against the Budget Speech being printed in Hindi. The real point is that some Members of the Congress Party contemptuously and in disrespect of the official language of the State have thrown away on the floor of the House the printed copies of the Budget Speech glven to them and on that point the requirement that has been made is that either the Leader of the Congress Party should express some kind of regrets on behalf of his party or the Leader of the Treasury Benches should make some Motion by which this House can record its great displeasure against the grave mis-conduct of these Members. These are the two alternatives before the House. Since the Leader of the Opposition has not thought it fit to express any regrets on behalf of the Members who have misconducted themselves, this House now expects the Leader of the Treasury Benches to make some kind of Motion by which we can record our displeasure against the mis-conduct of some Members of the Congress party.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ: ਡਾਂਗ ਸਾਹਿਬ, ਹੁਣ ਇਸ ਨੂੰ ਖਤਮ ਕਰਨਾ ਚਾਹੀਦਾ ਹੈ। (Dang Sahib, now this discussion should be stopped.)

ਕਾਮਰੇਡ ਸੱਤ ਪਾਲ ਡਾਂਗ : ਮੈਂ ਇਹੋ ਹੀ ਬੇਨਤੀ ਕਰਨ ਲੱਗਾ ਹਾਂ ਕਿ ਕਪਤਾਨ ਸਾਹਿਬ ਨੇ ਵੀ ਕਹਿ ਦਿੱਤਾ ਕਿ ਉਨ੍ਹਾਂ ਨੇ ਪੰਜਾਬੀ ਦਾ ਕੋਈ ਅਪਮਾਨ ਨਹੀਂ ਕੀਤਾ ਅਤੇ ਉਨ੍ਹਾਂ ਨੇ ਕਿਹਾ ਕਿ ਜੇਕਰ ਕੁਝ ਮੈਂਬਰ ਸਾਹਿਬਾਨ ਨੇ ਕਾਪੀਆਂ ਸੁਟੀਆਂ ਵੀ ਹਨ ਤਾਂ ਇਸ ਕਰਕੇ ਨਹੀਂ ਕਿ ਪੰਜਾਬੀ ਜ਼ਬਾਨ ਦਾ ਅਪਮਾਨ ਕੀਤਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਪੋਜ਼ੀਸ਼ਨ ਕਲੀਅਰ ਕਰਦੇ ਹੋਏ ਰਿਗਰੇਟ ਸ਼ੋ ਕੀਤਾ ਹੈ । ਲੇਕਿਨ ਮੇਜਰ ਸਾਹਿਬ ਫਿਰ ਮੁੜ ਮੁੜਾ ਕੇ ਉਨ੍ਹਾਂ ਗੱਲਾਂ ਨੇ ਆ ਗਏ । ਇਹ ਝਗੜੇ ਉਦੋਂ ਸ਼ੁਰੂ ਹੁੰਦੇ ਹਨ ਜਦੋਂ ਹਿੰਦੀ ਦੇਵ ਨਾਗਰੀ ਸਕਰਿਪਟ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਦੇਵਤਾਵਾਂ ਦੇ ਮੂੰਹ ਵਿਚ ਨਿਕਲੀ ਜ਼ਬਾਨ ਹੈ ਅਤੇ ਪੰਜਾਬੀ ਜ਼ਬਾਨ ਨੂੰ ਗੁਰੂਆਂ ਨਾਲ ਜਾਂ ਸਿੱਖ ਧਰਮ ਨਾਲ ਜੋੜਿਆ ਜਾਂਦਾ ਹੈ। ਇਸ ਨੂੰ ਕਿਸੇ ਧਰਮ ਨਾਲ ਜੋੜਨ ਦੇ ਯਤਨ ਨਾ ਕੀਤੇ ਜਾਣ। ਪੰਜਾਬੀ ਪੰਜਾਬ ਦੀ ਭਾਸ਼ਾ ਹੈ ਅਤੇ ਇਹ ਸਾਰੇ ਪੰਜਾਬੀਆਂ ਦੀ ਹੈ ਅਤੇ ਹਿੰਦੀ ਸਾਡੀ ਰਾਸ਼ਟਰ ਭਾਸ਼ਾ ਹੈ। ਇਸ ਤਰ੍ਹਾਂ ਕਪਤਾਨ ਸਾਹਿਬ ਨੇ ਵੀ ਅਤੇ ਮੇਜਰ ਸਾਹਿਬ ਨੇ ਵੀ ਕਿਹਾ ਹੈ ਕਿ ਉਨ੍ਹਾਂ ਨੇ ਜਾਂ ਉਨ੍ਹਾਂ ਦੀ ਪਾਰਟੀ ਦੇ ਕਿਸੇ ਮੈਂਬਰ ਨੇ ਪੰਜਾਬੀ ਦੇ ਅਪਮਾਨ ਨਹੀਂ ਕੀਤਾ (ਵਿਘਨ).......

ਮੁੱਖ ਮੰਤਰੀ : ਸਪੀਕਰ ਸਾਹਿਬ, ਜੋ ਕੁਝ ਅੱਜ ਇਥੇ ਇਸ ਹਾਊਸ ਵਿਚ ਹੋਇਆ ਹੈ ਇਸ ਦਾ ਮੈਨੂੰ ਬਹੁਤ ਅਫਸੋਸ ਹੈ ਅਤੇ ਦੁਖ ਹੈ । ਇਹ ਭਾਵੇਂ ਸਾਰੇ ਮੈਂਬਰਾਂ ਵਲੋਂ ਨਹੀਂ ਹੋਇਆ ਅਤੇ ਕੁਝ ਮੈਂਬਰਾਂ ਵਲੋਂ ਹੀ ਹੋਇਆ ਹੈ, ਲੇਕਿਨ ਮੈਂ ਸਮਝਦਾ ਹਾਂ ਇਸ ਤਰ੍ਹਾਂ ਕਰਨ ਨਾਲ ਪੰਜਾਬੀ ਬੋਲੀ ਦਾ ਅਪਮਾਨ ਜ਼ਰੂਰ ਹੋਇਆ ਹੈ । ਮੇਜਰ ਸਾਹਿਬ ਹੁਣ ਵੀ ਵੇਖ ਸਕਦੇ ਹਨ ਕਿ ਉਨ੍ਹਾਂ ਦੇ ਪੈਰਾਂ ਵਿਚ, ਉਨ੍ਹਾਂ ਦੇ ਹੇਠਾਂ ਅਤੇ ਪਿਛੇ ਦੋ ਕਾਪੀਆਂ ਪੈਰਾਂ ਥੱਲੇ ਪਈਆਂ ਨਜ਼ਰ ਆ ਰਹੀਆਂ ਹਨ । ਭਾਵੇਂ ਇਹ ਇਕ ਅਯੋਗ ਗੱਲ ਹੈ ਲੇਕਿਨ ਮੈਂ ਚਾਹੁੰਦਾ ਹਾਂ ਕਿ ਇਸ ਚੀਜ਼ ਨੂੰ ਮੁਕਾਉਣਾ ਚਾਹੀਦਾ ਹੈ । ਕੈਪਟਨ ਸਾਹਿਬ ਅਤੇ ਮੇਜਰ ਸਾਹਿਬ ਨੇ ਇਸ ਬਾਰੇ ਰਿਗਰੇਟ ਸ਼ੋ ਕਰ ਦਿੱਤਾ ਹੈ । ਇਸ ਕਰਕੇ ਇਹ ਚੀਜ਼ ਸਾਨੂੰ ਇਥੇ ਹੀ ਮੁਕਾ ਦੇਣੀ ਚਾਹੀਦੀ ਹੈ ਤਾਂ ਜੋ ਕਿ ਅਸੀਂ ਅਗਲੀ ਕਾਰਵਾਈ ਸ਼ੁਰੂ ਕਰ ਸਕੀਏ (ਵਿਘਨ) (ਕਾਂਗਰਸੀ ਬੈਂਚਾਂ ਵਲੋਂ ਵਿਘਨ : ਵੈਦ ਕਰਤਾਰ ਸਿੰਘ ਨੇ ਜੋ ਕੁਝ ਕਿਹਾ ਹੈ ਉਸ ਬਾਰੇ ਮਾਫੀ ਮੰਗਣੀ ਚਾਹੀਦੀ ਹੈ ।) ਇਕ ਗੱਲ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਜੋ ਕੋਈ ਗੱਲ ਵੈਦ ਕਰਤਾਰ ਸਿੰਘ ਹੋਰਾਂ ਨੇ ਕਹੀ ਹੈ, ਜਿਸ ਨਾਲ ਕਿਸੇ ਦਾ ਦਿਲ ਦੁਖਿਆ ਹੈ, ਉਸ ਦੇ ਲਈ ਮੈਂ ਮਾਫੀ ਚਾਹੁੰਦਾ ਹਾਂ ।

ਕੈਪਟਨ ਰਤਨ ਸਿੰਘ : ਇਹ ਬਜਟ ਸਪੀਚ ਹੈ, ਇਹ ਕੋਈ ਬਾਣੀ ਨਹੀਂ, ਇਹ ਕੋਈ ਪੋਥੀ ਨਹੀਂ, ਇਸ ਨੂੰ ਰਿਲੀਜਨ ਨਾਲ ਨਾ ਜੋੜਿਆ ਜਾਵੇ...........(ਵਿਘਨ) ।

ਸ੍ਰੀ ਸਪੀਕਰ : ਕਪਤਾਨ ਸਾਹਿਬ, ਜੇਕਰ ਤੁਹਾਡੇ ਮੈਂਬਰਾਂ ਨੇ, ਬਜਟ ਦੀਆਂ ਕਾਪੀਆਂ ਪੰਜਾਬੀ ਵਿਚ ਸਪਲਾਈ ਕਰਨ ਦਾ ਕੋਈ ਪ੍ਰੋਟੈਸਟ ਕਰਨਾ ਸੀ ਤਾਂ ਕੰਸਟੀਚਿਊਸ਼ਨਲ ਤਰੀਕੇ ਨਾਲ ਕਰਦੇ ਜਿਸ ਤਰ੍ਹਾਂ ਜਨ-ਸੰਘ ਦੇ ਮੈਂਬਰ ਸਾਹਿਬਾਨ ਨੇ ਕੀਤਾ ਹੈ । ਇਸ ਤਰੀਕੇ ਨਾਲ ਪੰਜਾਬੀ ਦਾ ਅਪਮਾਨ ਕੀਤਾ ਜਾਵੇ ਇਹ ਠੀਕ ਨਹੀਂ ।(Captain Sahib, if the Members of your party wanted to show any protest against the supply of Budget Speech supplied in Punjabi, they ought to have followed the constitutional procedure as has been followed by the Jan Sangh Members. It does not look nice that any disrespect be shown to the Punjabi language.)

QUESTION OF PRIVILEGE

Mr. Speaker : I have received notice of a Privilege Motion from Sardar Umrao Singh which reads as under :—

> "I beg to ask for leave to raise the following question of privilege :—
> That the Government suppl ed the speech of the Finance Minister Sardar Balwant Singh in English language to the Press and did not give this speach in English to the Members of this House which has effected the privilege of the Members of this House. Hence this motion.

The attention of the hon. Member is invited to Rule 77 which clearly lays down that the proceedings in the Assembly shall be conducted in Hindi or in Punjabi or in English language. Therefore, no breach of privilege has been committed. I would, however, request the Government to try, as far as possible, to accommodate the wishes of the hon. Members, who want such documents in Hindi or in English language. This, however, cannot be claimed as a matter of right.

(Mr. Speaker called upon the Finance Minister to make the Budget Speech).

ਚੌਧਰੀ ਬਲਬੀਰ ਸਿੰਘ : ਵਿਵਸਥਾ ਦਾ ਪ੍ਰਸ਼ਨ...........(ਵਿਘਨ)

ਕੈਪਟਨ ਰਤਨ ਸਿੰਘ : ਅਗਰ ਅੰਗਰੇਜ਼ੀ ਦੀਆਂ ਕਾਪੀਆਂ ਪਰੈਸ ਨੂੰ ਦਿੱਤੀਆਂ ਹਨ ਤਾਂ ਸਾਨੂੰ ਕਿਉਂ ਨਹੀਂ ਦੇ ਸਕਦੇ ? (ਵਿਘਨ)

ਚੌਧਰੀ ਬਲਬੀਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਪੀਕਰ : ਆਪ ਅਜੰਡੇ ਦੇ ਕਿਸ ਆਈਟਮ ਤੇ ਪੁਆਇੰਟ ਆਫ਼ ਆਰਡਰ ਰੇਜ਼ ਕਰਨਾ ਚਾਹੁੰਦੇ ਹੋ ?(About which item of the agenda the hon. Member wants to raise a point of order ?)

चौधरी बलबीर सिंह : अध्यक्ष महोदय, मैं ने एक सवाल उठाया था, आप ने जवाब नहीं दिया । इस हाउस में तीनों लैंग्वेजिज़ में कापियां सप्लाई की जाती रही हैं ।

श्री अध्यक्ष : मैंने सरकार से रिक्वैस्ट की है कि जरूर सप्लाई किया करें . . . . (विघ्न) आप तशरीफ रखें । (I have requested the Government to arrange the supply of Hindi copies of the Budget speech....(*interruption*) Please resume your seat.)

चौधरी बलबीर सिंह : क्या चले आ रहे प्रिसीडैंट को तोड़ने के लिए आप ने हुक्म दिया है ? (विघ्न) नया हुक्म जारी किया है ? जो प्रिसीडैंट चला आ रहा है वही रूल बन जाता है । आप ने देखना है कि रूल्ज़ पर कैसे अमल होता है (विघ्न) क्या आप ने हुक्म दिया है ?

श्री अध्यक्ष : मैं ने गवर्नमैंट से आप की wishes honour करने की request की है । (I have already requested the Government to honour the wishes of the hon. Members.) (*Noise.*)

चौधरी बलबीर सिंह : जो precedent चले आ रहे हैं. . . . . (शोर)

Captain Rattan Singh: Sir, a very serious point of order. Here is a budget speech of Sardar Balwant Singh, Finance Minister, in English, for the year 1971-72. If this does not become a breach of privilege then what does become a breach of privilege ?

Mr. Speaker : I have already given my ruling that it does not constitute a breach of privilege. Please take your seat. (*Noise*).

ਕੈਪਟਨ ਰਤਨ ਸਿੰਘ : ਫਿਰ ਸਾਨੂੰ ਅੰਗਰੇਜ਼ੀ ਦੀਆਂ ਕਾਪੀਆਂ ਕਿਉਂ ਨਹੀਂ ਦਿਤੀਆਂ ਗਈਆਂ ? (ਵਿਘਨ)

ਸ੍ਰੀ ਸਪੀਕਰ : ਆਪ ਬੈਠੋ । ਮੈਂ ਰੂਲਿੰਗ ਦੇ ਚੁਕਾ ਹਾਂ । ਸਰਦਾਰ ਉਮਰਾਓ ਸਿੰਘ ਨੇ ਇਹੀ ਸਵਾਲ ਉਠਾਇਆ ਸੀ ਪ੍ਰਿਵਿਲਿਜ ਮੋਸ਼ਨ ਰਾਹੀਂ..............ਆਪ ਤਸ਼ਰੀਫ ਰਖੋ । (Please resume your seat. I have already given my ruling. Sardar Umrao Singh had raised this question through a privilege issue. . (*Noise*)

Captain Rattan Singh : Sir, Sardar Balwant Singh should withdraw his words. He said that Captain Rattan Singh is an excellent * * * You can see the record.

Mr. Speaker : This should not form part of the proceedings.

ਸਰਦਾਰ ਉਮਰਾਓ ਸਿੰਘ : ਇਹ ਕਿੰਨੇ ਹੀ ਇਹ ਕੰਮ ਕਰਦੇ ਰਹੇ ਹਨ (ਵਿਘਨ)

---

*Expunged as ordered by the Chair.

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ ਮੈਂ ਆਪ ਦੀ ਰੂਲਿੰਗ ਨੂੰ ਚੈਲੰਜ ਨਹੀਂ ਕਰਦਾ। (ਵਿਘਨ) ਹੁਣ ਇਹ ਸਾਬਤ ਹੋ ਗਿਆ ਹੈ ਇਨ੍ਹਾਂ ਨੇ ਜਾਣ ਬੁਝ ਕੇ ਮੈਂਬਰਜ਼ ਦੇ ਫੀਲਿੰਗਜ਼ ਅਰਾਊਜ਼ ਕੀਤੇ ਹਨ.............. (ਵਿਘਨ)

ਸ੍ਰੀ ਸਪੀਕਰ : ਆਪ ਇਹ ਗੱਲਾਂ ਬਾਅਦ ਵਿਚ ਕਰ ਲੈਣਾ ਹੁਣ ਹਾਊਸ ਨੂੰ ਚੱਲਣ ਦਿਉ।

(You may refer to these matters at some other occasion; let the House proceed now.)

Captain Rattan Singh : (*Showing an English copy of the Budget Speech*) : This is a clear breach of privilege. Has it not been printed in English ?

Mr. Speaker : It has been printed in English. (*Interruptions*)

चौधरी बलबीर सिंह : जिस तरह काम चलता आ रहा है, उसके खिलाफ सरकार ने पंजाबी की कापियां सप्लाई की हैं। अगर आप ने इस का आर्डर किया है . . . .

श्री अध्यक्ष : मैंने कोई ऐसा आर्डर नहीं दिया। (I have not passed such an order.)

चौधरी बलबीर सिंह : अगर आर्डर नहीं दिया तो यह रूल है कि कापियां तीनों ज़बानों में दी जाएंगी।

ਸ੍ਰੀ ਸਪੀਕਰ : ਰੂਲਜ਼ ਬਾਰੇ ਮੈਂ ਰੂਲਿੰਗ ਦਿਤੀ ਹੈ। (I have given a ruling in accordance with the Rules.)

चौधरी बलबीर सिंह : प्रिसीडैंट्स जो होते हैं———

Mr. Speaker: Please resume your seat. (*Interruption*) You have repeated this a number of times.

चौधरी बलबीर सिंह : जो रूल बन गए हैं वह तोड़े गए हैं, इस बारे में कोई कदम उठाना चाहिये। जो बात चली आ रही हो वह रूल बन जाती है। उस को तोड़ने के लिये नया हुक्म देना पड़ेगा----

Mr. Speaker: Sardar Balwant Singh (*Noise.*)

ਕਾਮਰੇਡ ਸੱਤ ਪਾਲ ਡਾਂਗ : ਇਕ ਮੈਂਬਰ ਨੂੰ ਇਹ ਕਾਪੀ ਮਿਲੀ ਹੈ ਸਾਨੂੰ ਨਹੀਂ ਮਿਲੀ। ਇਹ ਕਲੀਅਰ ਡਿਸਕਰਿਮੀਨੇਸ਼ਨ ਹੈ.........(ਵਿਘਨ)

ਸਰਦਾਰ ਉਮਰਾਓ ਸਿੰਘ : ਮੈਨੂੰ ਤਾਂ ਪਬਲਿਕ ਰਿਲੇਸ਼ਨਜ਼ ਵਾਲਿਆਂ ਨੇ ਦਿਤੀ ਹੈ.. .. .. **(ਵਿਘਨ)**

Mr. Speaker: Sardar Balwant Singh.

ਵਿੱਤ ਮੰਤਰੀ : ਸਪੀਕਰ ਸਾਹਿਬ............(ਵਿਘਨ)

चौधरी बलबीर सिंह : जो मोशन और————

ਸ੍ਰੀ ਸਪੀਕਰ : ਮੈਂ ਰੂਲਿੰਗ ਦੇ ਦਿਤੀ ਹੈ.........(ਵਿਘਨ) (I have given the ruling) **(*Interruption*)**

चौधरी बलबीर सिंह : * * * * * * (शोर)

Mr. Speaker : Whatever Chaudhri Balbir Singh is saying without the permission of the Chair should not form part of the proceedings.

WALK OUT.

चौधरी बलबीर सिंह : अगर यहां रूल्ज़ ठीक ढंग से नहीं चलाने तो प्रोटैस्ट करने के सिवा और क्या किया जा सकता है ।

(इस समय चौधरी बलबीर सिंह हाउस से बाहर चले गए ।)

PRESENTATION OF BUDGET FOR THE YEAR 1971-72 AND VOTE ON ACCOUNT BUDGET FOR THREE MONTHS

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸ਼੍ਰੀ ਮਾਨ ਜੀ, ਮੈਂ ਸਾਲ 1971-72 ਦੇ ਬਜਟ ਅਨੁਮਾਨ, ਜੋ ਸਾਲ 1969-70 ਦੇ ਲੇਖੇ ਅਤੇ ਸਾਲ 1970-71 ਦੇ ਸੋਧੇ ਅਨੁਮਾਨ ਵੀ ਦਰਸਾਉਂਦੇ ਹਨ, ਪੇਸ਼ ਕਰਨ ਲਈ ਖੜਾ ਹੋਇਆ ਹਾਂ ।

ਕਿਉਂ ਜੋ ਮਾਨਯੋਗ ਮੈਂਬਰ ਛੇਤੀ ਹੀ ਲੋਕ ਸਭਾ ਦੀਆਂ ਆਉਣ ਵਾਲੀਆਂ ਚੋਣਾਂ ਵਿਚ ਰੁਝ ਜਾਣਗੇ, ਇਸ ਲਈ ਸਮੁੱਚੇ ਸਾਲ ਲਈ ਨਮਿੱਤਣ ਬਿਲ ਪਾਸ ਕਰਨ ਤੋਂ ਪਹਿਲਾਂ ਅਨੁਮਾਨਾਂ ਬਾਰੇ ਵਿਚਾਰ ਕਰਨ ਲਈ ਕਾਫੀ ਸਮਾਂ ਨਹੀਂ ਮਿਲ ਸਕੇਗਾ । ਇਸ ਲਈ ਮੈਂ ਪਹਿਲੇ ਤਿੰਨ ਮਹੀਨਿਆਂ ਦੇ ਲੇਖਿਆਂ ਨੂੰ ਪਾਸ ਕਰਨ ਲਈ ਸਦਨ ਨੂੰ ਬੇਨਤੀ ਕਰਦਾ ਹਾਂ ।

ਅਰੰਭ ਵਿਚ ਹੀ ਮੈਂ ਰਾਜ ਸਰਕਾਰ ਦੀਆਂ ਵਿੱਤੀ ਨੀਤੀਆਂ ਬਣਾਉਣ ਸਬੰਧੀ ਕੁਝ ਨਵੀਆਂ ਗੱਲਾਂ ਦਸਣ ਦੀ ਆਗਿਆ ਮੰਗਦਾ ਹਾਂ ।

ਰਲਵੇਂ-ਮਿਲਵੇਂ ਆਰਥਕ ਪੈਟਰਨ ਨੂੰ ਅਪਨਾਉਣ ਪਿਛੋਂ ਅਸੀਂ ਥੋੜ੍ਹੇ ਸਾਧਨਾਂ ਦੀ ਵਧ ਤੋਂ ਵਧ ਵਰਤੋਂ ਕਰਕੇ ਹੋਰ ਵਿਕਾਸ ਕਰਨ ਦਾ ਯਤਨ ਕੀਤਾ ਹੈ । ਇਸ ਦੇ ਫਲ ਸਰੂਪ ਸਾਧਨ ਦਾ ਪ੍ਰਬੰਧ ਨਿਸਚਿਤ ਕਰਨ ਲਈ ਇਕ ਵਿਉਂਤਬੱਧ ਯੋਜਨਾ ਦੀ ਲੋੜ ਪਈ ਹੈ ਅਤੇ ਅੱਜ ਅਸੀਂ ਦੋ ਸਾਲ ਦੀ ਲੰਮੀ ਚੁਪ ਪਿਛੋਂ ਚੌਥੀ ਪੰਜ-ਸਾਲਾ ਯੋਜਨਾ ਦਾ ਤੀਜਾ ਸਾਲ ਅਰੰਭ ਕਰਨ ਵਾਲੇ ਹਾਂ। ਰਾਸ਼ਟਰੀ ਆਰਥਕਤਾ ਵਿਚ ਪੰਜਾਬ ਨੂੰ ਅੱਜ ਗੌਰਵਤਾਪੂਰਣ ਸਥਾਨ ਪ੍ਰਾਪਤ ਹੈ । ਖੁਰਾਕ ਦੀ ਭਾਰੀ ਕਮੀ ਨੂੰ, ਜਿਸ ਦਾ ਕੁਝ ਸਾਲ ਪਹਿਲਾਂ ਸਮੁੱਚੇ ਦੇਸ਼ ਨੂੰ ਸਾਹਮਣਾ ਕਰਨਾ ਪਿਆ ਸੀ, ਪੰਜਾਬ ਦੇ ਭਰਪੂਰ ਯਤਨਾ ਦੁਆਰਾ ਕਾਬੂ ਕੀਤਾ ਜਾ ਸਕਿਆ ਹੈ । ਪੰਜਾਬ ਇਸ ਗੱਲ ਤੇ ਵੀ ਮਾਣ ਕਰ ਸਕਦਾ ਹੈ ਕਿ ਇਸ ਦੀ ਜੀ ਪ੍ਰਤੀ ਆਮਦਨ ਸਮੁੱਚੇ ਦੇਸ਼ ਵਿਚ ਵਧ ਹੈ । ਇਸ ਸਭ ਕੁਝ ਦਾ ਸਿਹਰਾ ਇਸ ਰਾਜ ਦੇ ਬਹਾਦਰ ਕਰਮਸ਼ੀਲ ਤੇ ਉਦਮੀ ਲੋਕਾਂ ਦੇ ਸਿਰ ਹੈ ।

ਇਸ ਤੋਂ ਪਹਿਲਾਂ ਕਿ ਮੈਂ ਪਿਛਲੇ ਦੋ ਸਾਲਾਂ ਦੇ ਦੌਰਾਨ ਰਾਜ ਸਰਕਾਰ ਦੀ ਵਿੱਤੀ ਨੀਤੀ ਵਿਚ ਲਿਆਂਦੇ ਨਵੇਂ ਝੁਕਾਵਾਂ ਦੀ ਗੱਲ ਕਰਾਂ, ਮੈਂ ਉਹ ਮਜ਼ਬੂਰੀਆਂ ਦੱਸਣੀਆਂ ਚਾਹੁੰਦਾ ਹਾਂ ਜਿਨ੍ਹਾਂ ਅਧੀਨ ਰਾਜ ਦਾ ਬਜਟ ਤਿਆਰ ਕਰਨਾ ਪਿਆ । ਭਾਵੇਂ ਦੇਸ਼ ਵਿਚਲੀਆਂ ਸਾਰੀਆਂ ਮੁੱਖ ਪਾਰਟੀਆਂ

---

*Expunged as ordered by the Chair.

ਨੇ, ਥੋੜ੍ਹੇ ਬਹੁਤ ਫਰਕ ਨਾਲ, ਦੇਸ਼ ਵਿਚ ਇਕ ਅਜਿਹਾ ਸਮਾਜ ਆਰਥਕ ਢਾਂਚਾ ਬਣਾਉਣ ਲਈ ਸੁਗੰਧ ਚੁਕੀ ਸੀ, ਜਿਸ ਵਿਚ ਸਾਧਾਰਨ ਵਿਅਕਤੀ ਦੀ ਹਾਲਤ ਸੁਧਾਰੀ ਜਾਣੀ ਸੀ, ਮੈਨੂੰ ਇਹ ਦੱਸਣ ਵਿਚ ਕੋਈ ਝਿਜਕ ਨਹੀਂ ਕਿ ਭਾਵੇਂ ਇਸ ਪਾਸੇ ਵੱਲ ਕੁਝ ਯਤਨ ਕੀਤੇ ਗਏ ਹਨ, ਤਾਂ ਵੀ ਕੁਝ ਇਕ ਆਦਮੀ ਹੀ ਅਮੀਰ ਬਣਦੇ ਰਹੇ ਹਨ ਅਤੇ ਇਜਾਰਾਦਾਰੀ ਪ੍ਰਚਲਤ ਰਹੀ ਹੈ । ਬੈਂਕਾਂ ਦਾ ਰਾਸ਼ਟਰੀ-ਕਰਣ ਅਤੇ ਇਜਾਰਾਦਾਰੀ ਕਮਿਸ਼ਨ ਦੀ ਨਿਯੁਕਤੀ, ਇਜਾਰਾਦਾਰੀ ਝੁਕਾਵਾਂ ਨੂੰ ਖਤਮ ਕਰਨ ਦੇ ਪ੍ਰਸਿਧ ਸਾਧਨ ਸਨ (ਪ੍ਰਸ਼ੰਸਾ) ਪਰ ਸੰਵਿਧਾਨ ਦੇ ਹਦਾਇਤੀ ਅਸੂਲਾਂ ਦੀ ਪੂਰਤੀ ਲਈ ਇਹ ਉਪਾ ਅਪੂਰਣ ਸਿੱਧ ਹੋਏ ਹਨ । ਸੋ ਰਾਜ ਦੀ ਵਿੱਤੀ ਨੀਤੀਆਂ ਬਣਾਉਣ ਲਈ ਇਸ ਕੌੜੀ ਸਚਾਈ ਨਾਲ ਦੋ ਚਾਰ ਹੋਣਾ ਸੁਭਾਵਕ ਹੈ ।

ਇਕ ਹੋਰ ਬਹੁਤ ਅਹਿਮ ਸਮੱਸਿਆ, ਜਿਸ ਦਾ ਪੰਜਾਬ ਵਰਗੇ ਅਗਾਂਹ-ਵਧੂ ਰਾਜ ਨੂੰ ਆਪਣੀਆਂ ਵਿਤੀ ਨੀਤੀਆਂ ਘੜਨ ਵੇਲੇ ਸਾਹਮਣਾ ਕਰਨਾ ਪੈਂਦਾ ਹੈ, ਸਾਡੇ ਸੰਵਿਧਾਨ ਦੀ ਮੌਜੂਦਾ ਬਣਤਰ ਹੈ। ਪਿਛਲੇ ਸਾਲ ਵੀ ਮੈਂ ਇਹ ਜ਼ਿਕਰ ਕੀਤਾ ਸੀ ਕਿ ਸਾਡੇ ਸੰਵਿਧਾਨ ਦਾ ਫੈਡਰਲ ਰੂਪ ਭਾਰੀ ਤਬਦੀਲੀ ਦੀ ਮੰਗ ਕਰਦਾ ਹੈ । ਭਾਵ ਇਹ ਕਿ ਘਟੋ ਘਟ ਵਿੱਤ ਦੇ ਖੇਤਰ ਵਿਚ ਰਾਜਾਂ ਨੂੰ ਵਧੇਰੇ ਖੁਦ-ਮੁਖਤਿਆਰੀ ਦਿੱਤੀ ਜਾਣੀ ਚਾਹੀਦੀ ਹੈ (ਪ੍ਰਸ਼ੰਸਾ) ਅਤੇ ਇਉਂ ਫੈਡਰਲ ਸੰਵਿਧਾਨ ਦਾ ਰੂਪ ਬਦਲਿਆ ਜਾਣਾ ਚਾਹੀਦਾ ਹੈ । ਇਕ ਫੈਡਰਲ ਸੰਵਿਧਾਨ ਵਿਚ, ਜਿਹੋ ਜਿਹਾ ਕਿ ਸਾਡਾ ਸੰਵਿਧਾਨ ਹੈ, ਵਿਕਾਸ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀਆਂ ਏਜੰਸੀਆਂ ਉਤੇ ਪੈਂਦੀ ਹੈ, ਪਰ ਰਾਜ ਨੂੰ ਕੇਂਦਰ ਵਲੋਂ ਮਿਲੇ ਮਾਇਕ ਸਾਧਨਾਂ ਉਤੇ ਹੀ ਨਿਰਭਰ ਕਰਨਾ ਪੈਂਦਾ ਹੈ । ਇਸ ਸਮੇਂ ਰਾਜਾਂ ਦੇ ਅਧਿਕਾਰ-ਖੇਤਰ ਵਿਚੋਂ ਇਕੱਤਰ ਕੀਤੇ ਗਏ ਕੇਂਦਰੀ ਟੈਕਸਾਂ ਵਿਚੋਂ ਵੀ ਬੜੀ ਮੁਸ਼ਕਲ ਨਾਲ 30 ਫੀ ਸਦੀ ਹੀ ਰਾਜ ਦੀ ਆਮਦਨ ਵਿਚ ਆਉਂਦਾ ਹੈ । ਇਸ ਤੋਂ ਇਲਾਵਾ ਰਾਜ ਸਰਕਾਰ ਦੀ ਵਿੱਤੀ ਨੀਤੀ, ਬਹੁਤ ਹੱਦ ਤਕ, ਕਰੰਸੀ ਨੀਤੀ, ਬੈਂਕਿੰਗ ਨੀਤੀ ਅਤੇ ਬਦੇਸ਼ੀ ਮੁਦਰਾ ਨੀਤੀ ਆਦਿ, ਜਿਹੜੀਆਂ ਕਿ ਕੇਂਦਰ ਸਰਕਾਰ ਦੇ ਹੱਥ ਵਿਚ ਹਨ, ਤੋਂ ਪ੍ਰਭਾਵਤ ਹੁੰਦੀ ਹੈ । ਮਿਸਾਲ ਵਜੋਂ, ਪਿਛਲੇ ਛੇ ਸਾਲਾਂ ਦੇ ਦੌਰਾਨ ਚਾਲੂ ਕਰੰਸੀ ਵਧ ਕੇ ਲਗ ਭਗ 20,00 ਕਰੋੜ ਰੁਪਏ ਹੋ ਗਈ ਹੈ । ਇਸ ਨੇ ਆਰਥਕ ਵਾਧੇ ਦੀ ਦਰ ਅਤੇ ਚਾਲੂ ਸਿੱਕੇ ਵਿਚਕਾਰ ਗੰਭੀਰ ਅਸੰਤੁਲਨ (imbalance) ਪੈਦਾ ਕਰ ਦਿਤਾ ਹੈ । ਇਸ ਨਾਲ ਕੀਮਤਾਂ ਚੜ੍ਹਾਊ ਝੁਕਾਵਾਂ ਨੂੰ ਉਤਸ਼ਾਹ ਮਿਲਿਆ ਹੈ, ਜਿਸ ਨੇ ਜਨ-ਸਾਧਾਰਣ ਅਤੇ ਨਿਸਚਿਤ ਆਮਦਨੀ ਵਾਲੇ ਗਰੁਪਾਂ ਨਾਲ ਸਬੰਧਤ ਲੋਕਾਂ ਨੂੰ ਮਜ਼ਦੂਰਾਂ ਅਤੇ ਮੱਧ-ਸ਼੍ਰੇਣੀ ਦੇ ਕਰਮਚਾਰੀਆਂ ਸਮੇਤ ਬਹੁਤ ਨੁਕਸਾਨ ਪਹੁੰਚਾਇਆ ਹੈ । ਇਸ ਸਭ ਕੁਝ ਤੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਰਾਜ ਦੀਆਂ ਵਿੱਤੀ ਨੀਤੀਆਂ ਉਤੇ ਕੇਂਦਰੀ ਸਰਕਾਰ ਦੁਆਰਾ ਘੜੀਆਂ ਗਈਆਂ ਅਤੇ ਵਰਤੋਂ ਵਿਚ ਲਿਆਂਦੀਆਂ ਗਈਆਂ ਨੀਤੀਆਂ ਦੀ ਡੂੰਘੀ ਛਾਪ ਹੈ । ਅਸਲ ਵਿਚ ਰਾਜ ਦੀਆਂ ਲਗ ਭਗ ਸਾਰੀਆਂ ਵਿੱਤੀ ਨੀਤੀਆਂ, ਦਿੱਲੀ ਵਿਚ ਘੜੀਆਂ ਜਾਂਦੀਆਂ ਹਨ ਨਾ ਕਿ ਚੰਡੀਗੜ੍ਹ ਵਿਚ । ਇਸ ਲਈ ਰਾਜ ਸਰਕਾਰਾਂ ਕੇਂਦਰ ਪਾਸੋਂ ਕੇਵਲ ਇਸ ਗੱਲ ਲਈ ਬੇਨਤੀ ਹੀ ਕਰ ਸਕਦੀਆਂ ਹਨ ਕਿ ਜੇ ਕੇਂਦਰੀ ਸਰਕਾਰ ਸੰਵਿਧਾਨ ਦੇ ਹਦਾਇਤੀ ਅਸੂਲਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਚਾਹੁੰਦੀ ਹੈ ਤਾਂ ਹੋਰ ਸਖਤ ਕਦਮ ਚੁਕਣ ਦੀ ਲੋੜ ਹੈ । ਇਹ ਸਥਿਤੀ ਮੈਨੂੰ ਇਹ ਸੁਝਾ ਕਰਨ ਲਈ ਪ੍ਰੇਰਦੀ ਹੈ ਕਿ ਸੰਗਠਤ ਕੌਮੀ ਵਿੱਤੀ ਨੀਤੀ ਬਣਾਉਣ ਲੱਗਿਆਂ, ਜਿਹੜੀ ਮੇਰੇ ਵਿਚਾਰ ਅਨੁਸਾਰ ਰਾਸ਼ਟਰੀ ਏਕਤਾ ਲਈ ਇਕ ਅਹਿਮ ਵਸੀਲਾ ਹੈ, ਕੇਂਦਰ ਦੇ ਵਿੱਤ ਮੰਤਰਾਲੇ ਨੂੰ ਚਾਹੀਦਾ ਹੈ ਕਿ ਉਹ ਕੋਈ ਅਜਿਹਾ ਢੰਗ ਅਪਣਾਏ ਜਿਸ ਨਾਲ ਰਾਜ ਸਰਕਾਰਾਂ ਵਧੇਰੇ ਪ੍ਰਭਾਵੀ ਰੋਲ ਅਦਾ ਕਰ ਸਕਣ ।

ਉਪਰੋਕਤ ਮਜਬੂਰੀਆਂ ਦੀਆਂ ਸੀਮਾਵਾਂ ਦੇ ਅੰਦਰ ਰਹਿੰਦਿਆਂ, ਸਰਕਾਰ ਦੀ ਵਿੱਤੀ ਨੀਤੀ ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਸਾਧਾਰਣ ਆਦਮੀ ਉਤੇ ਵਾਧੂ ਟੈਕਸਾਂ ਦਾ ਭਾਰ ਨਹੀਂ

[ਵਿੱਤ ਮੰਤਰੀ]

ਪਾਇਆ ਗਿਆ ਅਤੇ ਅੰਦਰਲੇ ਸਾਧਨਾਂ ਨੂੰ ਜੁਟਾਉਣ ਲਈ ਪਹਿਲੀ ਵਾਰ ਭਰਵਾਂ ਯਤਨ ਕੀਤਾ ਗਿਆ ਹੈ ।

ਵਿੱਤੀ ਸਾਲ 1970-71 ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਅਸਿੱਧੇ ਟੈਕਸ ਵਧਾਉਣ ਦੀ ਬਜਾਏ, ਜਿਨ੍ਹਾਂ ਦਾ ਭਾਰ ਅੰਤਮ ਤੌਰ ਤੇ ਸਾਧਾਰਣ ਆਦਮੀ ਤੇ ਪੈਂਦਾ ਹੈ, ਸਮਾਜ ਦੇ ਉਚ-ਵਰਗ ਤੇ ਸਿੱਧੇ ਟੈਕਸ ਲਾਉਣ ਦਾ ਯਤਨ ਕੀਤਾ ਗਿਆ ਹੈ, ਜਿਸ ਦਾ ਭਾਰ ਕਿਸੇ ਹੋਰ ਤੇ ਨਹੀਂ ਪਾਇਆ ਜਾ ਸਕਦਾ । ਟੈਕਸ ਲਾਉਣ ਸਮੇਂ ਟੈਕਸ ਅਦਾ ਕਰਨ ਦੀ ਸਮਰਥਾ ਨੂੰ ਧਿਆਨ ਵਿਚ ਰਖਿਆ ਗਿਆ ਹੈ । ਮਿਸਾਲ ਲਈ ਸਿਨੇਮਾ ਸ਼ੋ ਟੈਕਸ, ਸਟੇਜ ਗੱਡੀਆਂ ਤੇ ਟੋਕਨ ਟੈਕਸ, ਜੰਗਲੀ ਜਾਨਵਰਾਂ ਨੂੰ ਮਾਰਨ ਦੇ ਲਸੰਸ ਦੀ ਫੀਸ, ਖਾਦ ਫੈਕਟਰੀ ਨੰਗਲ ਨੂੰ ਦਿੱਤੀ ਜਾਂਦੀ ਬਿਜਲੀ ਉਤੇ ਡਿਊਟੀ ਵਿਚ ਵਾਧਾ ਆਦਿ ਟੈਕਸ ਇਸ ਸ਼੍ਰੇਣੀ ਵਿਚ ਆਉਂਦੇ ਹਨ । ਮੈਂ ਆਉਣ ਵਾਲੇ ਸਾਲਾਂ ਵਿਚ ਇਸ ਝੁਕਾ ਨੂੰ ਜਾਰੀ ਰੱਖਣ ਦੀ ਆਸ ਕਰਦਾ ਹਾਂ ।

ਇਕ ਹੋਰ ਵਿਸ਼ੇਸ਼ ਗੱਲ ਇਹ ਹੈ ਕਿ ਅਜ਼ਾਦੀ ਪਿਛੋਂ ਵਿਸ਼ੇਸ਼ ਵਿਕਾਸ ਸਕੀਮਾਂ ਨੂੰ ਨੇਪਰੇ ਚਾੜ੍ਹਨ ਲਈ, ਪਹਿਲੀ ਵਾਰ ਵਿੱਤੀ ਸਕੀਮਾਂ ਬਣਾਈਆਂ ਗਈਆਂ ਹਨ, ਜਿਹੜੀਆਂ ਕਿ ਸਮਾਜਕ ਉਤਸ਼ਾਹ ਨੂੰ ਵਧਾਉਣਗੀਆਂ ਅਤੇ ਸਾਧਾਰਣ ਵਿਅਕਤੀ ਦੀ ਆਰਥਕ ਭਲਾਈ ਵਿਚ ਹਿੱਸਾ ਪਾਉਣ-ਗੀਆਂ । ਅਨੁਸੂਚਿਤ ਜਾਤੀਆਂ ਲਈ ਭੋਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਦਿਹਾਤੀ ਅਤੇ ਸ਼ਹਿਰੀ ਵਿਕਾਸ ਬੋਰਡ, ਛੋਟੇ ਕਿਸਾਨਾਂ ਲਈ ਵਿਕਾਸ ਏਜੰਸੀਆਂ ਅਤੇ ਬਾਲਗ ਸਿਖਿਆ ਬੋਰਡ ਬਣਾਉਣਾ, ਇਸ ਕਿਸਮ ਦੇ ਕੁਝ ਪ੍ਰਾਜੈਕਟ ਹਨ । ਮਾਰਜਿਨਲ ਕਿਸਾਨ ਅਤੇ ਖੇਤੀਬਾੜੀ ਮਜ਼ਦੂਰ ਸਕੀਮ ਵੀ ਪੂਰੀ ਤਰ੍ਹਾਂ ਸਰਕਾਰ ਦੇ ਵਿਚਾਰ ਅਧੀਨ ਹੈ । (ਪ੍ਰਸ਼ੰਸਾ)

ਹਰੀਜਨ, ਜਿਹੜੇ ਕਿ ਰਾਜ ਦੀ ਆਬਾਦੀ ਦਾ ਤਕਰੀਬਨ 25 ਫ਼ੀ ਸਦੀ ਬਣਦੇ ਹਨ ਅਤੇ ਜਿਨ੍ਹਾਂ ਵਲ ਹੁਣ ਤੱਕ ਪੂਰਾ ਧਿਆਨ ਨਹੀਂ ਦਿੱਤਾ ਗਿਆ, ਉਨ੍ਹਾਂ ਦੀ ਹਾਲਤ ਸੁਧਾਰਣ ਦਾ ਜ਼ੋਰਦਾਰ ਹੰਭਲਾ ਮਾਰਿਆ ਗਿਆ ਹੈ । ਹਰੀਜਨਾਂ ਨੂੰ ਵਾਧੂ ਤੇ ਨਿਕਾਸੀ ਭੋਂ ਦੇਣ ਤੋਂ ਇਲਾਵਾ ਹਰੀਜਨਾਂ ਪਾਸੋਂ ਚੌਕੀਦਾਰਾ ਟੈਕਸ ਲੈਣਾ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ । (ਪ੍ਰਸ਼ੰਸਾ) ਇਹ ਸਚਾਈ ਹੈ ਕਿ ਅਨੁਸੂਚਿਤ ਜਾਤੀਆਂ ਇਸ ਟੈਕਸ ਤੋਂ ਪੀੜਤ ਰਹੀਆਂ ਹਨ ਅਤੇ ਉਨ੍ਹਾਂ ਨੇ ਇਸ ਵਿਰੁਧ ਜਾਇਜ਼ ਰੋਸ ਪ੍ਰਗਟ ਕੀਤਾ ਸੀ ।

ਆਰਥਕ ਤੌਰ ਤੇ ਕਮਜ਼ੋਰ ਵਰਗ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਜੀਵਨ ਮਿਆਰ ਨੂੰ ਉੱਚਾ ਕਰਨ ਬਾਰੇ ਵੀ ਸਰਕਾਰ ਬਹੁਤ ਚਿੰਤਤ ਹੈ । ਇਸ ਸਬੰਧ ਵਿਚ ਮਾਨਯੋਗ ਮੈਂਬਰਾਂ ਨੂੰ ਮੈਂ ਸੂਚਤ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਜਲੰਧਰ ਵਿਖੇ ਸਤਲੁਜ ਬੇਟ ਦੇ ਇਲਾਕੇ ਵਿਚਲੇ 10,000 ਏਕੜ ਸਰਕਾਰੀ ਬੀਜ ਫਾਰਮ ਦੀ ਜ਼ਮੀਨ ਨੂੰ ਏਕੜ ਪ੍ਰਤੀ ਪਰਵਾਰ ਦੀ ਦਰ ਨਾਲ ਮੁਜ਼ਾਰਿਆਂ ਨੂੰ ਅਲਾਟ ਕਰਨ ਦਾ ਫੈਸਲਾ ਕੀਤਾ ਹੈ (ਪ੍ਰਸ਼ੰਸਾ)

ਇਨ੍ਹਾਂ ਸਾਰੀਆਂ ਕਾਰਵਾਈਆਂ ਤੋਂ ਪ੍ਰਗਟ ਹੁੰਦਾ ਹੈ ਕਿ ਪੰਜਾਬ ਸਰਕਾਰ ਨੇ ਆਪਣੀਆਂ ਆਰਥਕ ਅਤੇ ਵਿੱਤੀ ਨੀਤੀਆਂ ਬਣਾਉਣ ਲੱਗਿਆਂ ਆਮ ਜਨਤਾ ਦੇ ਹਿਤ ਨੂੰ ਸਾਹਮਣੇ ਰੱਖਿਆ ਹੈ ।

ਮੈਂ ਮਾਨਯੋਗ ਮੈਂਬਰਾਂ ਦੇ ਧਿਆਨ ਵਿਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ 273 ਕਰੋੜ ਰੁਪਏ ਦੇ ਬਜਟ ਖਰਚ ਦੇ ਮੁਕਾਬਲੇ ਵਿਚ ਸਾਲ 1970-71 ਦੇ ਵਿੱਤੀ ਸਾਲ ਦੇ ਦੌਰਾਨ ਅਨੁਮਾਨਤ ਖਰਚ 293 ਕਰੋੜ ਰੁਪਏ ਹੋਣ ਕਰਕੇ, 20 ਕਰੋੜ ਰੁਪਏ ਦਾ ਵਾਧਾ ਹੋਵੇਗਾ । ਸਾਲ 1971-72 ਲਈ ਬਜਟ ਦਾ ਖਰਚ 319 ਕਰੋੜ ਰੁਪਏ ਹੈ, ਜਿਸ ਤੋਂ 46 ਕਰੋੜ ਰੁਪਏ ਦਾ ਵਾਧਾ

ਨਜ਼ਰ ਆਉਂਦਾ ਹੈ । ਖਰਚ ਵਿਚ ਇਹ ਵਾਧਾ ਮੁੱਖ ਤੌਰ ਤੇ ਬਿਜਲੀ ਪ੍ਰਾਜੈਕਟਾਂ, ਸੜਕਾਂ ਬਣਾਉਣ, ਜ਼ਰਾਇਤੀ ਪੈਦਾਵਾਰ, ਸਿੰਜਾਈ ਸਹੂਲਤਾਂ ਦੇ ਵਿਸਤਾਰ, ਉਦਯੋਗਕ ਵਿਕਾਸ, ਹਰੀਜਨ ਭਲਾਈ ਅਤੇ ਰਾਜ ਦੀਆਂ ਵਪਾਰਕ ਸਰਗਰਮੀਆਂ ਦੇ ਵਿਕਾਸ ਉਤੇ ਹੋਇਆ ਹੈ । ਇਹ ਵਧੀਕ ਸਾਧਨ ਸਾਡੀਆਂ ਉਨ੍ਹਾਂ ਸਖਤ ਕੋਸ਼ਿਸ਼ਾਂ ਦਾ ਨਤੀਜਾ ਹਨ, ਜਿਹੜੀਆਂ ਅਸਾਂ ਟੈਕਸ ਉਗਰਾਹੁਣ ਵਾਲੀਆਂ ਏਜੰਸੀਆਂ ਉਤੇ ਚੰਗੇਰਾ ਕੰਟਰੋਲ ਕਰਨ, ਭਾਰਤ ਸਰਕਾਰ ਤੋਂ ਕੇਂਦਰੀ ਟੈਕਸਾਂ ਵਿਚੋਂ ਵਡੇਰਾ ਹਿੱਸਾ ਪ੍ਰਾਪਤ ਕਰਨ, ਸੰਸਥਾਈ ਵਿੱਤ ਏਜੰਸੀਆਂ ਤੋਂ ਵਧੇਰੇ ਲਾਭ ਪ੍ਰਾਪਤ ਕਰਨ ਅਤੇ ਰਾਜ ਦੇ ਸਾਧਨਾਂ ਦੇ ਵਿੱਤੀ ਪ੍ਰਬੰਧ ਅਤੇ ਪ੍ਰਭਾਵਸ਼ਾਲੀ ਕੰਟਰੋਲ ਦੁਆਰਾ ਕੀਤੀਆਂ ਹਨ ।

ਲੇਖੇ 1969-70

ਸੋਧੇ ਅਨੁਮਾਨਾਂ ਅਨੁਸਾਰ 1969-70 ਦਾ ਸਾਲ, ਮਨਫ਼ੀ 12 ਲੱਖ ਰੁਪਏ ਦੀ ਰੋਕੜ ਬਾਕੀ ਨਾਲ ਖ਼ਤਮ ਹੋਣਾ ਚਾਹੀਦਾ ਹੈ । ਪਰ ਅਸਲ ਵਿਚ ਇਹ ਮਨਫ਼ੀ 76 ਲੱਖ ਰੁਪਏ ਦੀ ਰੋਕੜ ਬਾਕੀ ਨਾਲ ਖ਼ਤਮ ਹੋਇਆ ਹੈ, ਜਿਸ ਦੇ ਸਿੱਟੇ ਵਜੋਂ ਰੋਕੜ ਬਾਕੀ ਵਿਚ 64 ਲੱਖ ਰੁਪਏ ਦੀ ਕਮੀ ਆਈ ਹੈ । ਪਰ, ਇਹ ਕਮੀ ਵਾਸਤਵਿਕ ਨਹੀਂ ਕਿਉਂਕਿ ਰਾਜ ਸਰਕਾਰ ਨੇ 31 ਮਾਰਚ, 1970 ਨੂੰ ਖ਼ਜ਼ਾਨਾ ਬਿਲਾਂ ਵਿਚ 598 ਲੱਖ ਰੁਪਏ ਦੀ ਪੂੰਜੀ ਲਾਈ ਹੋਈ ਸੀ । ਇਸ ਤਰ੍ਹਾਂ ਸੋਧੇ ਅਨੁਮਾਨ ਤਿਆਰ ਕਰਨ ਸਮੇਂ ਅਨੁਮਾਨਤ ਮਨਫ਼ੀ 12 ਲੱਖ ਰੁਪਏ ਦੀ ਅੰਤਮ ਬਾਕੀ ਨਾਲੋਂ 534 ਲੱਖ ਰੁਪਏ ਦਾ ਵਾਧਾ ਪਰਗਟ ਹੁੰਦਾ ਹੈ । ਜਿਨ੍ਹਾਂ ਕਾਰਨਾਂ ਕਰਕੇ 534 ਲੱਖ ਰੁਪਏ ਦਾ ਵਾਧਾ ਹੋਇਆ ਹੈ, ਉਨ੍ਹਾਂ ਦਾ ਵੇਰਵਾ ਵਿੱਤ ਸਕੱਤਰ ਦੇ ਮੈਮੋਰੈਂਡਮ ਵਿਚ ਦਿੱਤਾ ਗਿਆ ਹੈ ।

ਸੋਧੇ ਅਨੁਮਾਨ 1970-71

ਆਸ ਸੀ ਕਿ ਸੋਧੇ ਅਨੁਮਾਨਾਂ ਦੇ ਅਧਾਰ ਤੇ ਸਾਲ 1970-71 ਮਨਫ਼ੀ 12 ਲੱਖ ਰੁਪਏ ਦੀ ਰੋਕੜ ਬਾਕੀ ਨਾਲ ਅਰੰਭ ਹੋਵੇਗਾ ਅਤੇ ਮਨਫ਼ੀ 742 ਲੱਖ ਰੁਪਏ ਨਾਲ ਖਤਮ ਹੋਵੇਗਾ । ਪਰ, ਹੁਣ ਤਿਆਰ ਕੀਤੇ ਗਏ ਸੋਧੇ ਅਨੁਮਾਨਾਂ ਅਨੁਸਾਰ, ਇਹ ਸਾਲ 196 ਲੱਖ ਰੁਪਏ ਦੀ ਰੋਕੜ ਬਾਕੀ ਨਾਲ ਖਤਮ ਹੋਣ ਦੀ ਸੰਭਾਵਨਾ ਹੈ, ਜਿਸ ਤੋਂ 938 ਲੱਖ ਰੁਪਏ ਦਾ ਵਾਧਾ ਪਰਗਟ ਹੁੰਦਾ ਹੈ ।

ਇਸ ਤਰ੍ਹਾਂ ਮਾਲ ਖਾਤੇ ਲੇਖੇ ਵਿਚ 938 ਲੱਖ ਰੁਪਏ ਦਾ ਵਾਧਾ ਹੋਇਆ ਹੈ । ਮਾਲ ਖਾਤੇ ਆਮਦਨ ਵਿਚ 10,34 ਲੱਖ ਰੁਪਏ (1,54,39 ਲੱਖ ਤੋਂ 1,64,73 ਲੱਖ ਰੁਪਏ) ਅਤੇ ਮਾਲ ਖਾਤੇ ਖ਼ਰਚ ਵਿਚ 96 ਲੱਖ ਰੁਪਏ (1,34,96 ਲੱਖ ਤੋਂ 1,35,72 ਲੱਖ ਰੁਪਏ) ਦਾ ਵਾਧਾ ਹੋਇਆ ਹੈ ।

ਮਾਲ ਖਾਤੇ ਆਮਦਨ ਵਿਚ 10,96 ਲੱਖ ਰੁਪਏ ਦਾ ਵਾਧਾ ਹੋਇਆ ਹੈ । ਇਹ ਮੁੱਖ ਤੌਰ ਤੇ ਭਾਰਤ ਸਰਕਾਰ ਦੁਆਰਾ ਕੀਤੀ ਵਧੇਰੇ ਐਲੋਕੇਸ਼ਨ ਦੇ ਸਿੱਟੇ ਵਜੋਂ ਕੇਂਦਰੀ ਟੈਕਸਾਂ ਤੋਂ ਪ੍ਰਾਪਤ ਹੋਈ ਆਮਦਨ (142 ਲੱਖ ਰੁਪਏ), ਵਿਕਰੀ ਕਰ (290 ਲੱਖ ਰੁਪਏ), ਮੁਸਾਫਰ ਤੇ ਮਾਲ ਟੈਕਸ (141 ਲੱਖ ਰੁਪਏ), ਮਨੋਰੰਜਨ ਟੈਕਸ (13 ਲੱਖ ਰੁਪਏ), ਬਿਜਲੀ ਡਿਊਟੀ (61 ਲੱਖ ਰੁਪਏ), ਜਾਇਦਾਦ ਟੈਕਸ (14 ਲੱਖ ਰੁਪਏ), ਅਸ਼ਟਾਮ (56 ਲੱਖ ਰੁਪਏ), ਪੁਲਿਸ (104 ਲੱਖ ਰੁਪਏ), ਦੂਜੇ ਰਾਜਾਂ ਨੂੰ ਭੇਜੀ ਪੰਜਾਬ ਹਥਿਆਰਬੰਦ ਪੁਲਿਸ ਦੇ ਖਰਚ ਵਜੋਂ ਅਨੁਮਾਨਤ ਬਕਾਇਆਂ ਦੀ ਵਸੂਲੀ ਕਾਰਨ ਸਮੂਹਿਕ ਵਿਕਾਸ ਪ੍ਰਾਜੈਕਟ, ਕੌਮੀ ਪਸਾਰ ਸੇਵਾ ਅਤੇ ਸਥਾਨਕ ਵਿਕਾਸ ਕਾਰਜ (234 ਲੱਖ ਰੁਪਏ), ਮਾਡਲ ਗ੍ਰਾਮ ਸਕੀਮ ਲਈ ਗੈਰ-ਸਰਕਾਰੀ ਸੰਸਥਾਵਾਂ ਤੋਂ ਪ੍ਰਾਪਤ ਹੋਣ ਵਾਲੇ ਅੰਸ਼ਦਾਨਾਂ ਅਤੇ ਕੇਂਦਰੀ ਸਰਕਾਰ ਦੀਆਂ ਸਹਾਇਤਾ ਗ਼ਰਾਂਟਾਂ ਦੇ ਸਿੱਟੇ ਵਜੋਂ (41 ਲੱਖ ਰੁਪਏ) ਵਧੇਰੇ ਆਮਦਨ ਹੋਣ ਕਾਰਨ ਹੋਇਆ ਹੈ । ਪਰੰਤੂ ਰਾਜ ਐਕਸਾਈਜ਼ ਡਿਊਟੀਆਂ (50 ਲੱਖ ਰੁਪਏ) ਅਤੇ ਹੋਰ ਲੇਖਾ ਮੱਦਾਂ

[ਵਿੱਤ ਮੰਤਰੀ]

(12 ਲੱਖ ਰੁਪਏ) ਦੀ ਘੱਟ ਆਮਦਨ ਕਾਰਨ ਇਸ ਵਿਚੋਂ 62 ਲੱਖ ਰੁਪਏ ਘੱਟ ਗਏ ਹਨ, ਜਿਸ ਤੋਂ 10,34 ਲੱਖ ਰੁਪਏ ਦਾ ਵਾਧਾ ਪਰਗਟ ਹੁੰਦਾ ਹੈ ।

ਮਾਲ ਖਾਤੇ ਖਰਚ ਵਿਚ 692 ਲੱਖ ਰੁਪਏ ਦਾ ਵਾਧਾ ਹੋਇਆ ਹੈ । ਇਹ ਵਾਧਾ ਸਮੂਹਿਕ ਵਿਕਾਸ ਪ੍ਰਾਜੈਕਟਾਂ, ਕੌਮੀ ਪਸਾਰ ਸੇਵਾ ਅਤੇ ਸਥਾਨਕ ਵਿਕਾਸ ਕਾਰਜਾਂ ਅਧੀਨ (487 ਲੱਖ ਰੁਪਏ), ਮਾਡਲ ਗ੍ਰਾਮ ਸਕੀਮ ਲਈ ਰਾਜ ਸਰਕਾਰ ਦੁਆਰਾ ਦਿਤੇ ਅੰਸ਼ਦਾਨਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਤੋਂ ਪ੍ਰਾਪਤ ਹੋਏ ਅੰਸ਼ਦਾਨਾਂ ਨੂੰ ਗ੍ਰਾਮ ਵਿਕਾਸ ਫੰਡ ਵਿਚ ਸ਼ਾਮਲ ਕਰਨ ਕਾਰਨ, ਪ੍ਰਬੰਧਕੀ ਸੇਵਾਵਾਂ (93 ਲੱਖ ਰੁਪਏ), ਪੈਨਸ਼ਨਾਂ (39 ਲੱਖ ਰੁਪਏ) ਅਤੇ ਸਥਾਨਕ ਬਾਡੀਆਂ ਨੂੰ ਗਰਾਂਟਾਂ ਦੇਣ ਅਤੇ ਰਾਜ ਲਾਟਰੀ ਸਕੀਮ ਅਧੀਨ ਇਨਾਮਾਂ ਦੀ ਰਕਮ ਵਧਾਉਣ ਤੇ ਜ਼ਿਆਦਾ ਵਾਰ ਲਾਟਰੀਆਂ ਕੱਢਣ ਕਰਕੇ ਕੀਤੇ ਵਧੇਰੇ ਉਪਬੰਧਾਂ ਅਤੇ ਫੁਟਕਲ (73 ਲੱਖ ਰੁਪਏ) ਕਾਰਨ ਹੋਇਆ ਹੈ । 692 ਲੱਖ ਰੁਪਏ ਦੇ ਇਸ ਵਾਧੇ ਵਿਚ ਇਨ੍ਹਾਂ ਮੱਦਾਂ ਉਤੇ ਘੱਟ ਖਰਚੇ ਕਾਰਨ 596 ਲੱਖ ਰੁਪਏ ਦੀ ਕਮੀ ਹੋਈ ਹੈ । ਭੌਂ ਮਾਲੀਆ (53 ਲੱਖ ਰੁਪਏ) ਕਿਉਂਕਿ ਮੁੱਖ ਤੌਰ ਤੇ ਭੌਂ ਮਾਲਕਾਂ ਨੂੰ ਸਪਲਾਈ ਕੀਤੀਆਂ ਜਾਣ ਵਾਲੀਆਂ ਪਾਸ ਬੁਕਾਂ ਦੇ ਨਾ ਛਪਾਉਣ ਕਰਕੇ ਘੱਟ ਖਰਚ ਹੋਏ, ਰਾਜ ਐਕਸਾਈਜ਼ ਡਿਊਟੀਆਂ (33 ਲੱਖ ਰੁਪਏ) ਕਿਉਂਕਿ ਪੰਜਾਬ ਵਿਚਲੀਆਂ ਸ਼ੂਗਰ ਮਿਲਾਂ ਤੋਂ ਵਧੇਰੇ ਮਿਕਦਾਰ ਵਿਚ ਸ਼ੀਰਾ ਪ੍ਰਾਪਤ ਹੋਣ ਕਰਕੇ, ਇਸ ਦੇ ਉਤਪਾਦਨ ਲਈ ਕੀਤੇ ਉਪਬੰਧ ਦੀ ਵਰਤੋਂ ਨਾ ਕੀਤੀ ਗਈ, ਕਰਜ਼ਾ ਸੇਵਾਵਾਂ (75 ਲੱਖ ਰੁਪਏ), ਕਿਉਂ ਜੋ ਕਰਜ਼ੇ ਦੀਆਂ ਸ਼ਰਤਾਂ ਦਾ ਫੈਸਲਾ ਹੋ ਜਾਣ ਕਾਰਨ, ਭਾਰਤ ਸਰਕਾਰ ਨੂੰ ਘੱਟ ਵਿਆਜ ਦੀ ਅਦਾਇਗੀ ਕੀਤੀ ਗਈ, ਮੈਡੀਕਲ ਅਤੇ ਲੋਕ ਸਿਹਤ (98 ਲੱਖ ਰੁਪਏ), ਖੇਤੀਬਾੜੀ ਅਤੇ ਪਸ਼ੂ ਪਾਲਣ (73 ਲੱਖ ਰੁਪਏ), ਸਹਿਕਾਰਤਾ ਅਤੇ ਉਦਯੋਗ (46 ਲੱਖ ਰੁਪਏ), ਰੋਜ਼ਗਾਰ (31 ਲੱਖ ਰੁਪਏ), ਟਰਾਂਸਪੋਰਟ (32 ਲੱਖ ਰੁਪਏ), ਲੋਕ ਕਾਰਜ (78 ਲਖ ਰੁਪਏ), ਜੋ ਕਿ ਅਧਿਕ ਵਸੂਲੀਆਂ ਹੋਣ ਕਰਕੇ ਖਰਚੇ ਵਿਚੋਂ ਘੱਟ ਦਰਸਾਏ ਗਏ ਹਨ ਅਤੇ ਕਾਲ ਸਹਾਇਤਾ (77 ਲੱਖ ਰੁਪਏ) ਕਿਉਂ ਜੋ ਅਨੁਕੂਲ ਹਾਲਾਤ ਹੋਣ ਕਰਕੇ ਕਾਲ ਲਈ ਕੀਤੇ ਗਏ ਉਪਬੰਧ ਦੀ ਪੂਰੀ ਵਰਤੋਂ ਨਹੀਂ ਕੀਤੀ ਗਈ ।

ਪੂੰਜੀਗਤ ਲੇਖੇ ਵਿਚ ਨਿਮਨ ਕਾਰਨਾਂ ਕਰਕੇ 64 ਲੱਖ ਰੁਪਏ ਦਾ ਵਾਧਾ ਪਰਗਟ ਹੁੰਦਾ ਹੈ :— (ੳ) ਪੂੰਜੀਗਤ ਖਰਚੇ ਵਿਚ ਕਮੀ (68 ਲੱਖ ਰੁਪਏ) ਅਤੇ (ਅ) ਨਿਮਨ ਅਧੀਨ ਨਿਰੋਲ ਜਮ੍ਹਾਂ ਰਕਮਾਂ ਵਿਚ ਵਾਧਾ (i) ਸਾਲ ਦੇ ਦੌਰਾਨ ਅਚੇਤ ਫੰਡ (100 ਲੱਖ) ਤੋਂ (200 ਲੱਖ) ਰੁਪਏ ਤੱਕ ਵਧਾਉਣ ਦੇ ਫੈਸਲੇ ਨਾਲ (100 ਲੱਖ ਰੁਪਏ) ਅਤੇ (ii) ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ (722 ਲੱਖ ਰੁਪਏ), ਜੋ ਮੁੱਖ ਤੌਰ ਤੇ 598 ਲੱਖ ਰੁਪਏ ਦੇ ਖਜ਼ਾਨਾਂ ਬਿਲਾਂ ਦੀ ਰੀਡਿਸਕਾਊਂਟਿੰਗ ਦੇ ਸਿੱਟੇ ਵਜੋਂ ਪਿਛਲੇ ਸਾਲ ਤੋਂ ਅੱਗੇ ਲਿਆਂਦੀਆਂ ਗਈਆਂ, ਅਤੇ ਜਿਸ ਵਿਚ ਪਬਲਿਕ ਰਿਣ ਵਿਚ ਘਟ ਜਮ੍ਹਾਂ ਰਕਮਾਂ (90 ਲੱਖ ਰੁਪਏ), ਅਤੇ ਵਧੀਕ ਪੇਸ਼ਗੀਆਂ (736 ਲੱਖ ਰੁਪਏ) ਮੁੱਖ ਕਰਕੇ ਰਾਜ ਬਿਜਲੀ ਬੋਰਡ ਨੂੰ ਬਿਜਲੀ ਪ੍ਰਾਜੈਕਟਾਂ ਲਈ ਦਿੱਤੀਆਂ ਪੇਸ਼ਗੀਆਂ ਵਿਚ ਵਾਧੇ ਕਾਰਨ, ਕਮੀ ਆਈ ਹੈ ।

ਜਿਥੋਂ ਤੱਕ ਸਾਲ 1971-72 ਲਈ ਬਜਟ ਤਜਵੀਜ਼ਾਂ ਦਾ ਸਬੰਧ ਹੈ, ਅਨੁਮਾਨ ਹੈ ਕਿ ਨਿਮਨ ਲੈਣ ਦੇਣ ਦੇ ਨਤੀਜੇ ਵਜੋਂ 429 ਲੱਖ ਰੁਪਏ ਦਾ ਸਮੁੱਚਾ ਘਾਟਾ ਰਹੇਗਾ :—

ਬਜਟ ਅਨੁਮਾਨ 1971-72

(ਰੁਪਏ ਲੱਖਾਂ ਵਿਚ)

(1) ਮੁਢਲੀ ਬਾਕੀ	...	+196

(2) ਮਾਲ ਖਾਤੇ ਲੇਖਾ—		
ਆਮਦਨ	...	1,61,37
ਖ਼ਰਚ	...	1,49,36
ਵਾਧਾ	...	+12,01
(3) ਪੂੰਜੀਗਤ ਖਰਚ (ਨਿਰੋਲ)	...	22,06
(4) ਪਬਲਿਕ ਰਿਣ—		
ਲਿਆ ਰਿਣ	...	1,28,87
ਅਦਾ ਕੀਤਾ ਰਿਣ	...	1,18,97
ਨਿਰੋਲ	...	+9,90
(5) ਕਰਜ਼ੇ ਅਤੇ ਪੇਸ਼ਗੀਆਂ—		
ਪੇਸ਼ਗੀਆਂ	..	28,80
ਵਸੂਲੀਆਂ	..	13,00
ਨਿਰੋਲ	...	−15,80
(6) ਅੰਤਰ-ਰਾਜੀ ਨਿਪਟਾਰਾ ਲੇਖਾ (ਨਿਰੋਲ)	...	+1,10
(7) ਫੰਡ-ਰਹਿਤ ਰਿਣ (ਨਿਰੋਲ)	...	+4,00
(8) ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ (ਨਿਰੋਲ)	...	+4,60
(9) ਭੇਜੀਆਂ ਰਕਮਾਂ (ਨਿਰੋਲ)	...	...
(10) ਅੰਤਮ ਬਾਕੀ	...	−429

ਮਾਲ ਖਾਤੇ ਆਮਦਨ 1,61,37 ਲੱਖ ਰੁਪਏ ਅਤੇ ਮਾਲ ਖਾਤੇ ਖਰਚ 1,49.36 ਲੱਖ ਰੁਪਏ ਹੋਣ ਕਾਰਨ, ਮਾਲ ਖਾਤੇ ਲੇਖੇ ਵਿਚ 12,01 ਲੱਖ ਰੁਪਏ ਦਾ ਵਾਧਾ ਪ੍ਰਗਟ ਹੁੰਦਾ ਹੈ। 1970-71 ਦੇ ਸੋਧੇ ਅਨੁਮਾਨਾਂ (1,64,73 ਲੱਖ ਰੁਪਏ) ਦੇ ਮੁਕਾਬਲੇ ਉਤੇ ਮਾਲ ਖਾਤੇ ਆਮਦਨ (1,61,37 ਲੱਖ ਰੁਪਏ) ਅਰਥਾਤ 3 36 ਲੱਖ ਰੁਪਏ ਘੱਟ ਹੋਈ ਹੈ। ਨਿਮਨ ਮੱਦਾਂ ਵਿਚ ਕੁਲ ਮਿਲਾ ਕੇ 9 70 ਲੱਖ ਰੁਪਏ ਦੀ ਕਮੀ ਆਈ ਹੈ। ਵਿਆਜ ਵਿੱਚ (7,43 ਲੱਖ ਰੁਪਏ), ਇਸ ਦਾ ਮੁੱਖ ਕਾਰਨ ਪੰਜਾਬ ਰਾਜ ਬਿਜਲੀ ਬੋਰਡ ਵਲੋਂ 900 ਲੱਖ ਰੁਪਏ ਹੈ, ਕਰੈਡਿਟ ਦੀ ਅਣਹੋਂਦ ਹੈ, ਕਿਉਂਕਿ ਖੜੇ ਬਕਾਏ 1970-71 ਵਿਚ ਵਸੂਲ ਕੀਤੇ ਗਏ ਸਨ। ਪੁਲਿਸ ਵਿੱਚ (45 ਲੱਖ ਰੁਪਏ), ਪਿਛਲੇ ਬਕਾਏ ਦੀ ਵਸੂਲੀ ਨਾ ਹੋਣ ਕਾਰਨ, ਸਮੂਹਿਕ ਵਿਕਾਸ ਪ੍ਰਾਜੈਕਟਾਂ, ਕੌਮੀ ਪਸਾਰ ਸੇਵਾਵਾਂ ਅਤੇ ਸਥਾਨਕ ਵਿਕਾਸ ਕਾਰਜਾਂ ਵਿੱਚ (77 ਲੱਖ ਰੁਪਏ), ਗੈਰ-ਸਰਕਾਰੀ ਸੰਗਠਨਾਂ ਤੋਂ ਘੱਟ ਅੰਸ਼ਦਾਨਾਂ ਦੀ ਆਸ ਦੇ ਸਿੱਟੇ ਵਜੋਂ ਅਤੇ ਕੇਂਦਰੀ ਸਰਕਾਰ ਤੋਂ ਮਿਲਣ ਵਾਲੀਆਂ ਸਹਾਇਤਾ ਗਰਾਂਟਾਂ ਅਤੇ ਹੋਰਨਾਂ ਵਿਕਾਸ ਸਕੀਮਾਂ ਲਈ ਪ੍ਰਾਪਤ ਹੋਣ ਵਾਲੀਆਂ ਗਰਾਂਟਾਂ (1,05 ਲੱਖ ਰੁਪਏ)। ਐਪਰ, 9,70 ਲੱਖ ਰੁਪਏ ਦੀ ਇਸ ਕਮੀ ਦਾ ਖੱਪਾ 6 34 ਲੱਖ ਰੁਪਏ ਤੱਕ ਨਿਮਨ ਅਧੀਨ ਹੋਣ ਵਾਲੀ ਵਧੀਕ ਆਮਦਨ ਨਾਲ ਪੂਰਾ ਹੋ ਜਾਣ ਦੀ ਆਸ ਹੈ: ਕੇਂਦਰੀ ਟੈਕਸਾਂ ਵਿਚੋਂ ਭਾਰਤ ਸਰਕਾਰ ਦੁਆਰਾ ਅਲਾਟ ਕੀਤੇ ਗਏ ਵਧੀਕ ਹਿੱਸੇ ਤੋਂ (2,00 ਲੱਖ ਰੁਪਏ), ਨੀਲਾਮੀ ਦੇ ਚੰਗੇਰੇ ਸਿੱਟਿਆਂ ਕਾਰਨ

[ਵਿੱਤ ਮੰਤਰੀ]

ਰਾਜ ਐਕਸਾਈਜ਼ ਡਿਊਟੀਆਂ ਤੋਂ (26 ਲੱਖ ਰੁਪਏ) ਵਿਕਰੀ ਕਰ ਤੋਂ (70 ਲੱਖ ਰੁਪਏ) ਹੋਰ ਟੈਕਸਾਂ ਅਤੇ ਡਿਊਟੀਆਂ ਤੋਂ (49 ਲੱਖ ਰੁਪਏ), ਅਸ਼ਟਾਮਾਂ (30 ਲੱਖ ਰੁਪਏ), ਖੇਤੀਬਾੜੀ ਤੋਂ 26 ਲੱਖ ਰੁਪਏ), 60 : 40 ਦੀ ਸਕੀਮ ਅਧੀਨ ਵਧੇਰੇ ਰੂਟ ਲੈ ਲੈਣ ਅਤੇ ਮੁਸਾਫ਼ਰਾਂ ਦੀ ਆਵਾਜਾਈ ਵਿਚ ਵਾਧਾ ਹੋਣ ਕਾਰਨ ਸੜਕ ਟਰਾਂਸਪੋਰਟ ਤੋਂ (190 ਲੱਖ ਰੁਪਏ), ਮੁੱਖ ਕਰਕੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਤੋਂ ਵਸੂਲ ਹੋਣ ਵਾਲੇ ਵਧੀਕ ਵਿਆਜ ਦੀ ਆਸ ਕਾਰਨ ਲਾਭਅੰਸ਼ ਆਦਿ ਤੋਂ (20 ਲੱਖ ਰੁਪਏ) ਅਤੇ ਹੋਰ ਲੇਖਾ-ਮੱਦਾਂ ਤੋਂ (23 ਲੱਖ ਰੁਪਏ) ।

ਮਾਲ ਖਾਤੇ ਖਰਚ 1,49,36 ਲੱਖ ਰੁਪਏ ਹੈ ਜਿਹੜਾ ਸਾਲ 1970-71 ਲਈ ਸੋਧੇ ਅਨੁਮਾਨਾਂ (1,35,92 ਲੱਖ ਰੁਪਏ) ਦੇ ਮੁਕਾਬਲੇ ਤੇ 13,44 ਲੱਖ ਰੁਪਏ ਦਾ ਵਾਧਾ ਦਰਸਾਉਂਦਾ ਹੈ । ਇਹ ਵਾਧਾ ਨਿਮਨ ਮੱਦਾਂ ਅਧੀਨ ਹੋਇਆ ਹੈ ; ਰਿਣ ਸੇਵਾਵਾਂ (2,00 ਲੱਖ ਰੁਪਏ), ਸਮਾਜਿਕ ਤੇ ਵਿਕਾਸ ਸੇਵਾਵਾਂ (583 ਲੱਖ ਰੁਪਏ), ਸਿੰਜਾਈ ਤੇ ਲੋਕ ਨਿਰਮਾਣ (2,29 ਲੱਖ ਰੁਪਏ) 60: 40 ਦੀ ਸਕੀਮ ਅਧੀਨ ਵਧੇਰੇ ਰੂਟਾਂ ਦੇ ਰਾਸ਼ਟਰੀਕਰਣ ਅਤੇ ਟਰੈਫਿਕ ਦੇ ਵਧ ਜਾਣ ਕਾਰਨ, ਸੜਕ ਟਰਾਂਸਪੋਰਟ (1,62 ਲੱਖ ਰੁਪਏ), ਕੁਦਰਤੀ ਆਫਤਾਂ ਉਤੇ ਹੋਣ ਵਾਲੇ ਖਰਚ ਨੂੰ ਪੂਰਾ ਕਰਨ ਲਈ ਕੀਤੇ ਵਧੀਕ ਉਪਬੰਧ ਕਾਰਨ, ਕਾਲ -ਸਹਾਇਤਾ (76 ਲੱਖ ਰੁਪਏ), ਸਟੇਸ਼ਨਰੀ ਤੇ ਛਪਾਈ (29 ਲੱਖ ਰੁਪਏ), ਵਣ (26 ਲੱਖ ਰੁਪਏ) ਅਤੇ ਹੋਰ ਲੇਖਾ ਮੱਦਾਂ (39 ਲੱਖ ਰੁਪਏ) ।

ਪੂੰਜੀਗਤ ਲੇਖਾ 37,86 ਲੱਖ ਰੁਪਏ ਦਾ ਨਿਰੋਲ ਖਰਚਾ ਦਰਸਾਉਂਦਾ ਹੈ, ਜਿਸ ਵਿਚ 22,06 ਲੱਖ ਰੁਪਏ ਦਾ (ਨਿਰੋਲ) ਪੂੰਜੀਗਤ ਖਰਚ ਅਤੇ ਕਰਜ਼ਿਆਂ ਤੇ ਪੇਸ਼ਗੀਆਂ ਅਧੀਨ ਨਾਵੇਂ ਖਾਤੇ 15,80 ਲੱਖ ਰੁਪਏ ਸ਼ਾਮਲ ਹਨ । ਸੋਧੇ ਅਨੁਮਾਨਾਂ (44,09 ਲੱਖ ਰੁਪਏ) ਦੇ ਮੁਕਾਬਲੇ ਉਤੇ ਨਿਰੋਲ ਖਰਚ ਵਿਚ 6,23 ਲੱਖ ਰੁਪਏ ਦੀ ਕਮੀ ਹੋਈ ਹੈ । ਇਹ ਕਮੀ ਕਰਜ਼ਿਆਂ ਤੇ ਪੇਸ਼ਗੀਆਂ (12,12 ਲੱਖ ਰੁਪਏ) ਅਧੀਨ ਦਰਸਾਈ ਗਈ ਹੈ, ਜਿਸ ਵਿਚੋਂ ਪੂੰਜੀਗਤ ਖਰਚ (5,89 ਲੱਖ ਰੁਪਏ ਦਾ ਵਾਧਾ ਕੱਢਿਆ ਗਿਆ ਹੈ ।

ਪੇਸ਼ਗੀਆਂ ਵਿਚ 12,12 ਲੱਖ ਰੁਪਏ ਦੀ ਇਹ ਕਮੀ, ਮੁੱਖ ਤੌਰ ਤੇ ਪੰਜਾਬ ਰਾਜ ਬਿਜਲੀ ਬੋਰਡ ਨੂੰ ਵਿਆਜ ਖਰਚਿਆਂ ਦੇ ਬਕਾਇਆਂ ਦੀ ਅਦਾਇਗੀ ਅਤੇ ਵਧੇਰੇ ਵਸੂਲੀਆਂ ਲਈ ਕਰਜ਼ੇ ਦੇਣ ਵਾਸਤੇ ਸਾਲ 1970-71 ਦੇ ਸੋਧੇ ਅਨੁਮਾਨਾਂ ਵਿਚ 900 ਲੱਖ ਰੁਪਏ ਦਾ ਉਪਬੰਧ ਨਾ ਕੀਤੇ ਜਾਣ ਕਾਰਨ ਹੋਈ ਹੈ। ਨਿਰੋਲ ਪੂੰਜੀਗਤ ਖਰਚ ਵਿਚ 5 89 ਲੱਖ ਰੁਪਏ ਦਾ ਵਾਧਾ ਮੁੱਖ ਤੌਰ ਤੇ ਬਹੁ-ਮੰਤਵੀ ਪ੍ਰਾਜੈਕਟਾਂ (154 ਲੱਖ ਰੁਪਏ), ਸਿੰਜਾਈ ਕਾਰਜਾਂ (1 48 ਲੱਖ ਰੁਪਏ), ਲੋਕ ਨਿਰਮਾਣ (3,14 ਲੱਖ ਰੁਪਏ), ਸੜਕ ਟ੍ਰਾਂਸਪੋਰਟ (44 ਲੱਖ ਰੁਪਏ) ਲਈ ਕੀਤੇ ਵਧੀਕ ਉਪਬੰਧਾਂ ਅਤੇ ਸਰਕਾਰੀ ਵਪਾਰ ਦੀਆਂ ਸਕੀਮਾਂ ਅਧੀਨ ਘਟ ਵਸੂਲੀਆਂ (27 ਲੱਖ ਰੁਪਏ) ਦੇ ਸਿੱਟੇ ਵਜੋਂ ਹੋਇਆ ਹੈ ਜਿਸ ਵਿਚ ਅਚੇਤ ਫੰਡ ਵਿਚ ਨਮਿੱਤਣ ਦਾ ਪਰਬੰਧ ਨਾ ਕੀਤੇ ਜਾਣ ਕਾਰਨ 100 ਲੱਖ ਰੁਪਏ ਦੀ ਕਮੀ ਆਈ ਹੈ ।

ਪੂੰਜੀਗਤ ਲੇਖੇ ਦੇ 37,86 ਲੱਖ ਰੁਪਏ ਦੇ ਨਿਰੋਲ ਖਰਚ ਨੂੰ ਭਾਰਤ ਸਰਕਾਰ ਅਤੇ ਹੋਰ ਸਾਧਨਾਂ ਤੋਂ ਪ੍ਰਾਪਤ ਕੀਤੇ ਜਾਣ ਵਾਲੇ ਕਰਜਿਆਂ (990 ਲਖ ਰੁਪਏ), ਅੰਤਰ-ਰਾਜੀ ਨਿਪਟਾਰਾ ਲੇਖੇ ਅਧੀਨ ਕਰਜ਼ੇ (110 ਲੱਖ ਰੁਪਏ) ਅਤੇ ਜਮ੍ਹਾਂ ਰਕਮਾਂ ਆਦਿ (8 60 ਲੱਖ ਰੁਪਏ) ਵਿਚੋਂ 19,60 ਲੱਖ ਰੁਪਏ ਤੱਕ ਪੂਰਾ ਕਰਨ ਦੀ ਤਜਵੀਜ਼ ਹੈ । ਇਸ ਤਰ੍ਹਾਂ 18,36 ਲੱਖ ਰੁਪਏ ਦਾ ਖੱਪਾ ਰਹਿ ਜਾਂਦਾ ਹੈ । ਮਾਲ ਖਾਤੇ ਲੇਖੇ ਵਿਚ 12,01 ਲੱਖ ਰੁਪਏ ਦੇ ਵਾਧੇ ਅਤੇ 1 96 ਲੱਖ ਰੁਪਏ ਦੀ ਮੁੱਢਲੀ ਬਾਕੀ ਨੂੰ ਹਿਸਾਬ ਵਿਚ ਲੈਣ ਉਪਰੰਤ ਇਹ ਖੱਪਾ 429 ਲੱਖ ਰੁਪਏ ਰਹਿ ਜਾਂਦਾ ਹੈ ।

ਸਾਲਾਨਾ ਯੋਜਨਾ 1971–72

1971-72 ਦੀ ਸਾਲਾਨਾ ਯੋਜਨਾ ਰਾਜ ਦੇ ਆਰਥਕ ਵਿਕਾਸ ਨੂੰ ਤੇਜ਼ ਕਰਨ ਅਤੇ ਲੋਕਾਂ ਦੀਆਂ ਸਮਾਜਿਕ ਆਸਾਂ ਪੂਰੀਆਂ ਕਰਨ ਦੇ ਦੁ-ਪੱਖੇ ਮੰਤਵ ਨੂੰ ਸਾਹਮਣੇ ਰੱਖ ਕੇ ਤਿਆਰ ਕੀਤੀ ਗਈ ਹੈ। ਚੌਥੀ ਯੋਜਨਾ ਨੂੰ ਅੰਤਮ ਰੂਪ ਦਿੰਦੇ ਸਮੇਂ ਚਿਤਵੀਆਂ ਗਈਆਂ ਕੁਝ ਅਗੇਤਾਂ ਦੀ ਅਹਿਮੀਅਤ ਹੋਰ ਵੀ ਵੱਧ ਗਈ ਹੈ ਅਤੇ ਰਾਜ ਦੇ ਲੋਕਾਂ ਦੀਆਂ ਲੋੜਾਂ ਵਿਚ ਕੁਝ ਤਬਦੀਲੀਆਂ ਆਈਆਂ ਹਨ। 1971-72 ਦੀ ਸਾਲਾਨਾ ਯੋਜਨਾ ਨਾ ਕੇਵਲ ਨਵੀਆਂ ਲੋੜਾਂ ਅਤੇ ਜ਼ੋਰ ਫੜ ਚੁਕੀਆਂ ਅਗੇਤਾਂ ਉਤੇ ਹੀ ਪੂਰੀ ਉਤਰਦੀ ਹੈ, ਸਗੋਂ ਇਹ ਸੰਗਰਾਮੀ ਯੋਜਨਾ ਦਾ ਰੂਪ ਧਾਰਨ ਕਰ ਗਈ ਹੈ; ਜਿਸ ਵਿਚ ਪਿਛਲੇ ਅਮਲ ਨੂੰ ਜਾਰੀ ਰੱਖਿਆ ਗਿਆ ਹੈ ਅਤੇ ਆਰਥਕ ਵਿਕਾਸ ਦੇ ਖੇਤਰ ਵਿਚ ਨਵੀਆਂ ਸਕੀਮਾਂ ਸ਼ਾਮਲ ਕੀਤੀਆਂ ਗਈਆਂ ਹਨ। ਬਜਟ ਖਰਚ ਦੇ ਮੁਤਾਬਕ 1971-72 ਦੀ ਯੋਜਨਾ ਯਕੀਨਨ ਇਕ ਬਹੁਤ ਵੱਡਾ ਕਦਮ ਹੈ। 1970-71 ਦੇ ਮੁਢਲੇ ਬਜਟ ਖਰਚ ਦੇ 51.76 ਕਰੋੜ ਰੁਪਏ ਦੇ ਮੁਕਾਬਲੇ ਉਤੇ 1971-72 ਦਾ ਬਜਟ ਖਰਚਾ 68.23 ਕਰੋੜ ਰੁਪਏ ਹੈ। ਇਹ ਚਾਲੂ ਸਾਲ ਨਾਲੋਂ 16.47 ਕਰੋੜ ਰੁਪਏ ਅਰਥਾਤ 31.8 ਫੀ ਸਦੀ ਦਾ ਵਾਧਾ ਦਰਸਾਉਂਦਾ ਹੈ।

ਠੋਸ ਰੂਪ ਵਿਚ ਰਾਜ 48 ਕਰੋੜ ਰੁਪਏ ਦੇ ਸਾਧਨ ਜੁਟਾਉਣ ਵਿਚ ਸਫਲ ਹੋਇਆ ਹੈ, ਜਦੋਂ ਕਿ ਚਾਲੂ ਸਾਲ ਵਿਚ 38.5 ਕਰੋੜ ਰੁਪਏ ਜੁਟਾ ਸਕਣ ਦੀ ਆਸ ਸੀ।

1971-72 ਦੇ ਦੌਰਾਨ ਕੇਂਦਰੀ ਸਹਾਇਤਾ 20.20 ਕਰੋੜ ਰੁਪਏ ਹੈ ਜਦੋਂ ਕਿ 1970-71 ਲਈ ਇਹ 18.35 ਕਰੋੜ ਰੁਪਏ ਸੀ। ਚੌਥੀ ਯੋਜਨਾ ਲਈ 101 ਕਰੋੜ ਰੁਪਏ ਦੀ ਕੁਲ ਕੇਂਦਰੀ ਸਹਾਇਤਾ ਵਿਚ ਕੋਈ ਵਾਧਾ ਨਹੀਂ ਹੋਇਆ। 1971-72 ਲਈ ਕੀਤੇ ਜਾਣ ਵਾਲੇ ਤੇਜ ਵਿਕਾਸ ਲਈ ਖਰਚਾ ਵਧੇਰੇ ਕਰਕੇ ਰਾਜ ਦੇ ਸਾਧਨਾਂ ਤੋਂ ਹੀ ਪੂਰਾ ਕੀਤਾ ਜਾਣਾ ਹੈ। ਬਿਜਲੀ ਦੀ ਕਮੀ ਨੂੰ ਮੁੱਖ ਰੱਖਦੇ ਹੋਏ ਯੋਜਨਾ ਵਿਚ ਸਿੰਜਾਈ ਅਤੇ ਬਿਜਲੀ ਪ੍ਰਾਜੈਕਟਾਂ ਨੂੰ ਪਹਿਲ ਦਿਤੀ ਗਈ ਹੈ। ਬਿਆਸ ਪ੍ਰਾਜੈਕਟ ਜੋ ਕਿ 1973-74 ਵਿਚ ਮੁਕੰਮਲ ਹੋ ਜਾਣਾ ਹੈ, ਲਈ 13.15 ਕਰੋੜ ਰੁਪਏ ਦੀ ਲਾਗਤ ਦਾ ਉਪਬੰਧ ਕੀਤਾ ਗਿਆ ਹੈ, ਜਿਹੜਾ ਕਿ ਸਾਲ 1970-71 ਨਾਲੋਂ 2.62 ਕਰੋੜ ਰੁਪਏ ਵੱਧ ਹੈ। ਬਠਿੰਡਾ ਵਿਖੇ, ਗੁਰੂ ਨਾਨਕ ਥਰਮਲ ਪਲਾਂਟ, ਜਿਸ ਨੂੰ 1972-73 ਵਿਚ ਚਾਲੂ ਕਰਨ ਦੀ ਤਜਵੀਜ਼ ਹੈ, ਲਈ 7.5 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਭਾਖੜੇ ਦੇ ਸੱਜੇ ਕੰਢੇ ਵਾਲੇ ਬਿਜਲੀ ਘਰ ਦੀਆਂ ਅਤੇ ਅਪਰ ਬਾਰੀ ਦੁਆਬ ਨਹਿਰ ਬਿਜਲੀ ਪ੍ਰਾਜੈਕਟਾਂ ਦੀਆਂ ਟਰਾਂਸਮਿਸ਼ਨ ਲਾਈਨਾਂ ਦੀਆਂ ਲੋੜਾਂ ਇਸ ਯੋਜਨਾ ਦੁਆਰਾ ਪੂਰੀਆਂ ਕੀਤੀਆਂ ਗਈਆਂ ਹਨ ਅਤੇ ਇਹ ਦੋਵੇਂ ਸਕੀਮਾਂ 1971-72 ਤੱਕ ਮੁਕੰਮਲ ਹੋ ਜਾਣਗੀਆਂ। ਅਪਰ ਬਾਰੀ ਦੋਆਬ ਨਹਿਰ ਬਿਜਲੀ ਪਰਾਜੈਕਟ ਤੋਂ 45 ਮੈਗਾਵਾਟ ਬਿਜਲੀ ਹੋਰ ਪੈਦਾ ਹੋਵੇਗੀ। ਥੇਂਨ ਡੈਮ ਜੋ ਇਕ ਅੰਤਰ-ਰਾਜੀ ਪ੍ਰਾਜੈਕਟ ਹੈ ਅਤੇ ਜਿਸ ਦੀ ਤਕਨੀਕੀ ਸਫਲਤਾ ਸਿੱਧ ਹੋ ਚੁਕੀ ਹੈ, ਲਈ 1971-72 ਵਿਚ 22 ਲੱਖ ਰੁਪਏ ਰਖੇ ਗਏ ਹਨ।

ਕਾਂਗਰਸ ਦਲ ਵਲੋਂ ਇਕ ਆਵਾਜ਼ : ਕੁਲ ਐਨੀ ਰਕਮ ?

Mr. Speaker : No interruptions please.

ਵਿੱਤ ਮੰਤਰੀ : ਅਜੇ approval ਨਹੀਂ ਪਹੁੰਚੀ, ਗੌਰਮਿੰਟ ਆਫ਼ ਇੰਡੀਆ ਨੇ ਕਲੀਅਰੈਂਸ ਨਹੀਂ ਦਿਤੀ। ਉਹ ਤਾਂ 22 ਲੱਖ ਤੇ ਵੀ ਇਤਰਾਜ ਕਰਦੇ ਹਨ। ਰਾਜ ਸਰਕਾਰ ਨੇ ਇਸ ਪ੍ਰਾਜੈਕਟ ਦੀ ਛੇਤੀ ਪਰਵਾਨਗੀ ਦਿਤੇ ਜਾਣ ਦੀ ਜ਼ੋਰਦਾਰ ਮੰਗ ਕੀਤੀ ਹੈ। ਇਸ ਪ੍ਰਾਜੈਕਟ ਤੋਂ 60 ਫੀ ਸਦੀ ਲੋੜ

[ਵਿੱਤ ਮੰਤਰੀ]

ਫੈਕਟਰ ਦੀ ਦਰ ਨਾਲ 315 ਮੈਗਾਵਾਟ ਬਿਜਲੀ ਪੈਦਾ ਹੋਵੇਗੀ ਅਤੇ 8.61 ਲੱਖ ਏਕੜ ਭੋਂ ਲਈ ਅਧਿਕ ਸਿੰਜਾਈ ਸਹੂਲਤਾਂ ਪ੍ਰਾਪਤ ਹੋਣਗੀਆਂ। ਪੰਜਵੀਂ ਯੋਜਨਾਂ ਵਿਚ ਇਹ ਸਾਡੇ ਵੱਡੇ ਪ੍ਰਾਜੈਕਟਾਂ ਵਿਚੋਂ ਇਕ ਹੋਵੇਗਾ। ਇਸ ਪ੍ਰਾਜੈਕਟ ਸਬੰਧੀ ਮੁਢਲੀਆਂ ਪੜਤਾਲਾਂ ਦਾ ਕੰਮ ਛੇਤੀ ਤੋਂ ਛੇਤੀ ਮੁਕੰਮਲ ਕਰਨ ਦੀ ਤਜਵੀਜ਼ ਹੈ ਤਾਂ ਜੋ ਪ੍ਰਾਜੈਕਟ ਲਈ ਭਾਰਤ ਸਰਕਾਰ ਪਾਸੋਂ ਅੰਤਮ ਪਰਵਾਨਗੀ ਲਈ ਜਾ ਸਕੇ ਅਤੇ ਕੰਮ ਪੂਰੇ ਜ਼ੋਰ ਨਾਲ ਅਰੰਭਿਆ ਜਾ ਸਕੇ ਸ਼ਨਾਮ ਪ੍ਰਾਜੈਕਟ ਦੇ ਨਵਰੂਪਣ ਆਦਿ ਦਾ ਕੰਮ 1971-72 ਵਿਚ ਕੀਤਾ ਜਾਵੇਗਾ। ਇਸ ਦੀਆਂ ਚਾਰੇ ਯੂਨਿਟਾਂ ਬਾਰਾਂ ਬਾਰਾਂ ਮੈਗਾਵਾਟ ਬਿਜਲੀ ਪੈਦਾ ਕਰਨਗੀਆਂ ਅਤੇ ਇਸ ਨਾਲ 48 ਮੈਗਾਵਾਟ ਬਿਜਲੀ ਪ੍ਰਾਪਤ ਹੋ ਜਾਵੇਗੀ ਜਦੋਂ ਕਿ ਇਸ ਸਮੇਂ 18 ਮੈਗਾਵਾਟ ਬਿਜਲੀ ਹੀ ਪ੍ਰਾਪਤ ਹੈ।

1970-71 ਦੇ ਦੌਰਾਨ ਇਹ ਗੱਲ ਸਾਡੇ ਧਿਆਨ ਵਿਚ ਲਿਆਂਦੀ ਗਈ ਕਿ ਪੌਂਗ ਡੈਮ ਦੇ ਇਲਾਕੇ ਵਿਚੋਂ ਉਠਾਏ ਗਏ ਵਿਅਕਤੀਆਂ ਦਾ ਮੁਆਵਜ਼ਾ 18 ਕਰੋੜ ਤੋਂ ਵਧਾ ਕੇ 45 ਕਰੋੜ ਰੁਪਏ ਕਰ ਦੇਣ ਕਾਰਨ, ਅਤੇ ਸਤਲੁਜ-ਬਿਆਸ ਲਿੰਕ ਦੇ ਡੀਜ਼ਾਇਨ ਵਿਚ ਅਦਲਾ ਬਦਲੀਆਂ ਕਰਨ ਕਾਰਨ ਬਿਆਸ ਪ੍ਰਾਜੈਕਟ ਦੇ ਖਰਚ ਵਿਚ 41 ਕਰੋੜ ਰੁਪਏ ਦਾ ਵਾਧਾ ਹੋ ਗਿਆ ਹੈ। ਰਾਜ ਸਰਕਾਰ ਨੇ ਭਾਰਤ ਸਰਕਾਰ ਨੂੰ ਲਿਖਿਆ ਹੈ ਕਿ ਬਿਆਸ ਪ੍ਰਾਜੈਕਟ ਦਾ ਇਹ ਵਾਧੂ ਖਰਚਾ ਭਾਰਤ ਸਰਕਾਰ ਦੇਵੇ, ਕਿਉਂ ਜੋ ਇਹ ਪ੍ਰਾਜੈਕਟ ਰਾਜ ਸਰਕਾਰ ਦੁਆਰਾ ਨਹੀਂ ਚਲਾਇਆ ਜਾ ਰਿਹਾ ਅਤੇ ਨਾਲੇ ਇਸ ਅਧਿਕ ਖਰਚੇ ਦਾ ਪਤਾ ਸਾਨੂੰ ਉਦੋਂ ਲਗਾ ਹੈ ਜਦੋਂ ਕਿ ਯੋਜਨਾ ਨੇਪਰੇ ਚਾੜ੍ਹੀ ਜਾ ਰਹੀ ਹੈ। ਪੰਜਾਬ ਸਰਕਾਰ ਲਈ ਇਹ ਵਾਧੂ ਖਰਚ 28.44 ਕਰੋੜ ਰੁਪਏ ਬਣਦਾ ਹੈ, ਜਿਸ ਦਾ ਪ੍ਰਬੰਧ ਅਸੀਂ ਆਪਣੇ ਵਖ ਵਖ ਸੈਕਟਰਾਂ ਲਈ ਕੀਤੇ ਉਪਬੰਧਾਂ ਵਿਚ ਵੱਡੇ ਰਦੋਬਦਲ ਬਿਨਾਂ ਨਹੀਂ ਕਰ ਸਕਦੇ। ਬਠਿੰਡਾ ਥਰਮਲ ਪਲਾਂਟ ਅਤੇ ਹੋਰ ਬਜਲੀ ਸਕੀਮਾਂ ਉਤੇ ਭਾਰੀ ਪੂੰਜੀ ਲਾਉਣ ਕਾਰਨ, ਜਿਨ੍ਹਾਂ ਦਾ ਖਰਚ ਸਿੱਕੇ ਦੇ ਫੈਲਾਉ ਨਾਲ ਹੋਰ ਵੀ ਵਧ ਗਿਆ ਹੈ, ਇਸ ਰਕਮ ਦਾ ਪ੍ਰਬੰਧ ਕਰਨਾ ਨਾਮੁਮਕਿਨ ਹ ਗਿਆ ਹੈ।

ਖੇਤੀਬਾੜੀ ਅਤੇ ਉਸ ਨਾਲ ਸਬੰਧਤ ਪਰੋਗਰਾਮਾਂ ਲਈ 12.6 ਕਰੋੜ ਰੁਪਏ ਰਖੇ ਗਏ ਹਨ, ਜਦੋਂ ਕਿ ਸਾਲ 1969-70 ਵਿਚ 6 ਕਰੋੜ ਰੁਪਏ ਅਤੇ 1970-71 ਦੇ ਦੌਰਾਨ 7.1 ਕਰੋੜ ਰੁਪਏ ਰਖੇ ਗਏ ਸਨ। ਰਾਜ ਦੇ ਇਸ ਖਰਚ ਵਿਚ ਸੰਸਥਾਈ ਕਰਜ਼ਾ ਸਹਾਇਤਾ ਦੁਆਰਾ ਹੋਰ ਧਨ ਵਧਾਇਆ ਜਾਵੇਗਾ, ਜਿਹੜਾ ਕਿ ਲਗਭਗ 30 ਕਰੋੜ ਰੁਪਏ ਹੋਵੇਗਾ।

ਚੌਥੀ ਯੋਜਨਾ ਦੇ ਪਹਿਲੇ ਦੋ ਸਾਲਾਂ ਦੇ ਪਰੋਗਰਾਮਾਂ ਨੂੰ ਨੇਪਰੇ ਚਾੜ੍ਹਦਿਆਂ ਅਤੇ 1971-72 ਦੀ ਸਾਲਾਨਾ ਯੋਜਨਾ ਬਣਾਉਣ ਲਗਿਆਂ ਪਹਿਲਾਂ ਅਪਣਾਏ ਢੰਗ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ। ਕੁਝ ਨਵੇਂ ਪਰੋਗਰਾਮਾਂ ਨੂੰ, ਜਿਵੇਂ ਕਿ ਬਠਿੰਡਾ ਥਰਮਲ ਪਲਾਂਟ, ਮਾਡਲ ਗਰਾਮ ਪ੍ਰਾਜੈਕਟ, ਨਹਿਰਾਂ ਸੂਇਆਂ ਆਦਿ ਨੂੰ ਪੱਕਾ ਕਰਨ, ਡੀਜ਼ਲ ਜੈਨਰੇਟਿੰਗ ਸੈਟ ਆਦਿ ਖਰੀਦਣ, ਜਿਨ੍ਹਾਂ ਨੂੰ ਕਿ ਚੌਥੀ ਯੋਜਨਾ ਬਣਾਉਣ ਸਮੇਂ ਸ਼ਾਮਲ ਨਹੀਂ ਕੀਤਾ ਗਿਆ ਸੀ, ਹੁਣ ਯੋਜਨਾ ਵਿਚ ਸ਼ਾਮਲ ਕਰ ਲਿਆ ਗਿਆ ਹੈ। ਸੜਕਾਂ ਨੂੰ ਵਧੇਰੇ ਮਹੱਤਤਾ ਦੇਣ ਕਾਰਨ ਚੌਥੀ ਯੋਜਨਾ ਵਿਚ ਜਿੰਨਾ ਖਰਚ ਸੜਕਾਂ ਲਈ ਰਖਿਆ ਗਿਆ ਸੀ, ਉਹ ਸਾਰੇ ਦਾ ਸਾਰਾ ਪਹਿਲੇ ਤਿੰਨ ਸਾਲਾਂ ਵਿਚ ਖਰਚ ਹੋ ਚੁੱਕਿਆ ਹੈ। ਇਸ ਲਈ ਬਦਲੀਆਂ ਆਰਥਕ ਲੋੜਾਂ ਨੂੰ ਪੂਰਾ ਕਰਨ ਲਈ ਅਸੀਂ ਰਾਜ ਦੀ ਚੌਥੀ ਯੋਜਨਾ ਦਾ ਦੋਬਾਰਾ ਮੁਲ-ਅੰਕਣ (re-appraisal) ਕਰਨ ਦਾ ਫੈਸਲਾ ਕੀਤਾ ਹੈ, ਜਿਸ ਵਿਚ ਪਿਛਲੇ ਦੋ ਸਾਲਾਂ ਦੇ ਦੌਰਾਨ ਸਾਧਨਾਂ ਵਿਚ ਹੋਏ ਵਾਧੇ ਨੂੰ ਅਤੇ ਵਖ ਵਖ ਸੈਕਟਰਾਂ ਦੀ ਪਰਸਪਰ ਪਹਿਲ ਨੂੰ ਖਿਆਲ ਵਿਚ ਰਖਿਆ ਜਾਵੇਗਾ। ਇਸ

ਤਰ੍ਹਾਂ ਕਰਨ ਨਾਲ ਸਾਡੀ ਇਹ ਚੌਥੀ ਯੋਜਨਾ ਮੌਜੂਦਾ 293.50 ਕਰੋੜ ਦੀ ਯੋਜਨਾ ਨਾਲੋਂ ਵੱਡੀ ਹੋ ਜਾਵੇਗੀ ।

ਆਰਥਿਕ ਸਥਿਤੀ

ਰਾਜ ਦੀ ਆਰਥਕਤਾ ਲਗਾਤਾਰ ਖੁਸ਼ਹਾਲੀ ਵਲ ਵਧ ਰਹੀ ਹੈ। ਜ਼ਰਾਇਤੀ ਪੈਦਾਵਾਰ ਵਿਚ ਮਹੱਤਵਪੂਰਣ ਵਾਧਾ ਹੋਇਆ ਹੈ। ਉਦਯੋਗਿਕ ਖੇਤਰ ਵਿਚ ਵੀ ਪਹਿਲਾਂ ਨਾਲੋਂ ਵਧੇਰੇ ਸਥਿਰਤਾ ਆਈ ਹੈ। ਜੇਕਰ ਬਿਜਲੀ ਦੀ ਕਮੀ ਨਾ ਹੁੰਦੀ ਤਾਂ ਇਨ੍ਹਾਂ ਦੋਵਾਂ ਖੇਤਰਾਂ ਵਿਚ ਹੋਰ ਵੀ ਵਧ ਪ੍ਰਗਤੀ ਹੋਣੀ ਸੀ। ਖਦਸ਼ਾ ਹੈ ਕਿ ਸਰਦੀਆਂ ਦੀਆਂ ਬਾਰਸ਼ਾਂ ਨਾ ਹੋਣ ਕਰਕੇ ਸਾਡੇ ਜ਼ਰਾਇਤੀ ਅਤੇ ਉਦਯੋਗਕ ਖੇਤਰਾਂ ਨੂੰ ਹੋਰ ਨੁਕਸਾਨ ਪਹੁੰਚੇਗਾ।

ਜ਼ਰਾਇਤੀ ਪੈਦਾਵਾਰ ਦੇ ਖੇਤਰ ਵਿਚ ਤਸੱਲੀਬਖਸ਼ ਕੰਮ ਹੋਇਆ ਹੈ । 1961-62 ਨਾਲ ਖਤਮ ਹੋਣ ਵਾਲੇ ਤਿੰਨ ਸਾਲਾਂ ਦੇ ਸਮੇਂ ਨੂੰ ਆਧਾਰ ਮੰਨ ਕੇ ਜੇ ਜ਼ਰਾਇਤੀ ਪੈਦਾਵਾਰ ਦਾ ਸੂਚਕ-ਅੰਕ 100 ਮੰਨ ਲਿਆ ਜਾਵੇ, ਤਾਂ 1967-68 ਵਿਚ ਜ਼ਰਾਇਤੀ ਪੈਦਾਵਾਰ ਦਾ ਸੂਚਕ ਅੰਕ 163.2, 1968-69 ਵਿਚ 180.3 ਅਤੇ ਫੇਰ 1969-70 ਵਿਚ 200.2 ਹੋ ਜਾਂਦਾ ਹੈ। ਇਸ ਤਰ੍ਹਾਂ 1969-70 ਦੇ ਦੌਰਾਨ ਪਿਛਲੇ ਸਾਲ ਦੇ ਮੁਕਾਬਲੇ ਤੇ 11 ਫੀ ਸਦੀ ਵਾਧਾ ਹੋਇਆ । (ਪ੍ਰਸ਼ੰਸਾ)

ਉਦਯੋਗ ਖੇਤਰ ਵਿਚ ਵੀ ਕਾਫ਼ੀ ਵਿਕਾਸ ਹੋਇਆ ਹੈ। ਸਾਲ 1968-69 ਵਿੱਚ 4.32 ਲੱਖ ਸਾਈਕਲਾਂ ਦੀ ਥਾਂ 1969-70 ਵਿੱਚ 5.01 ਲੱਖ ਸਾਈਕਲ ਤਿਆਰ ਕੀਤੇ ਗਏ; 38,421 ਮੀਟਰਕ ਟਨ ਦੀ ਥਾਂ 45,350 ਮੀਟਰਕ ਟਨ ਖੰਡ ਤਿਆਰ ਕੀਤੀ ਗਈ; 14,81 ਲੱਖ ਰੁਪਏ ਦੀ ਥਾਂ 16,20 ਲੱਖ ਰੁਪਏ ਦੀ ਕੀਮਤ ਦਾ ਕਪੜਾ, 9,31 ਲੱਖ ਰੁਪਏ ਦੀ ਥਾਂ 10,42 ਲੱਖ ਰੁਪਏ ਦੀ ਕੀਮਤ ਦਾ ਹੌਜ਼ਰੀ ਦਾ ਸਾਮਾਨ ਅਤੇ 2 10 ਲੱਖ ਰੁਪਏ ਦੀ ਥਾਂ 2,12 ਲੱਖ ਰੁਪਏ ਦਾ ਖੇਡਾਂ ਦਾ ਸਾਮਾਨ ਤਿਆਰ ਕੀਤਾ ਗਿਆ।

ਥੋਕ ਕੀਮਤਾਂ ਵਿਚ ਲਗਾਤਾਰ ਵਾਧੇ ਕਾਰਨ 1970 ਵਿਚ ਆਮ ਵਰਤੋਂ ਦੀਆਂ ਚੀਜ਼ਾਂ ਦੇ ਪਰਚੂਣ ਨਿਰਖਾਂ ਵਿਚ ਵਾਧੇ ਦਾ ਰੁਝਾਨ ਜਾਰੀ ਰਿਹਾ। ਪਿਛਲੇ ਸਾਲ ਦੇ ਮੁਕਾਬਲੇ ਇਹ ਵਾਧਾ ਬਹੁਤ ਜ਼ਿਆਦਾ ਸੀ। ਰਾਜ ਦੇ 6 ਉਦਯੋਗਕ ਨਗਰਾਂ ਸਬੰਧੀ ਮਜ਼ਦੂਰਾਂ ਲਈ ਤਿਆਰ ਕੀਤੇ ਕੀਮਤ-ਸੂਚਕ ਅੰਕਾਂ ਵਿਚ ਜਨਵਰੀ, 1970 ਤੋਂ ਸਤੰਬਰ, 1970 ਦੇ ਦੌਰਾਨ 7 ਤੋਂ 9 ਪੁਆਇੰਟਾਂ ਦਾ ਵਾਧਾ ਰਿਕਾਰਡ ਕੀਤਾ ਗਿਆ, ਜਦ ਕਿ 1969 ਵਿਚ ਇਹ ਵਾਧਾ 1 ਤੋਂ 4 ਪੁਆਇੰਟ ਸੀ।

ਇਸ ਵਾਰ ਰਾਜ ਦੀ ਆਮਦਨ ਦੇ ਅਨੁਮਾਨ ਸਾਲ 1960-61 ਨੂੰ ਆਧਾਰ ਮੰਨ ਕੇ ਤਿਆਰ ਕੀਤੇ ਗਏ ਹਨ, ਜਦੋਂ ਕਿ ਪਿਛਲੇ ਸਾਲਾਂ ਦੇ ਅਨੁਮਾਨ, ਸਾਲ 1952-53 ਨੂੰ ਆਧਾਰ ਮੰਨ ਕੇ ਤਿਆਰ ਕੀਤੇ ਗਏ ਸਨ। ਸਥਿਰ ਕੀਮਤਾਂ (1960-61) ਦੇ ਆਧਾਰ ਤੇ ਸਾਲ 1968-69 ਵਿਚ ਰਾਜ ਦੀ ਆਮਦਨ 632.17 ਕਰੋੜ ਰੁਪਏ ਸੀ, ਜਦੋਂ ਕਿ ਸਾਲ 1967-68 ਵਿਚ ਇਹ 602.66 ਕਰੋੜ ਰੁਪਏ ਸੀ, ਜਿਸ ਤੋਂ 2.2 ਫੀ ਸਦੀ ਦੇ ਰਾਸ਼ਟਰੀ ਵਾਧੇ ਦੇ ਮੁਕਾਬਲੇ 4.9, ਤਕਰੀਬਨ 5 ਫੀ ਸਦੀ ਦੇ ਵਾਧੇ ਦਾ ਪਤਾ ਲਗਦਾ ਹੈ। ਪਿਛਲੇ ਸਾਲ ਦੇ ਮੁਕਾਬਲੇ ਸਾਲ 1968-69 ਵਿਚ ਰਾਜ ਪੱਧਰ ਤੇ ਪਹਿਲੇ, ਦੂਜੇ ਅਤੇ ਤੀਜੇ ਸੈਕਟਰਾਂ ਵਿਚ ਕ੍ਰਮਵਾਰ 3.9 ਫੀ ਸਦੀ, 8.7 ਫੀ ਸਦੀ ਅਤੇ 4.4 ਫੀ ਸਦੀ ਦਾ ਵਾਧਾ ਹੋਇਆ। 1967-68 ਵਿਚ ਰਾਜ ਦੀ ਜੀ-ਪ੍ਰਤੀ ਆਮਦਨ 443 ਰੁਪਏ ਸੀ, ਜੋ 1968-69 ਵਿਚ ਵਧਕੇ 450 ਰੁਪਏ ਹੋ ਗਈ ਹੈ। ਇਸ ਤਰ੍ਹਾਂ ਇਸ ਵਿਚ 1.16 ਫੀ ਸਦੀ ਦਾ ਵਾਧਾ ਹੋਇਆ ਹੈ ਜਦ ਕਿ ਸਰਬ ਭਾਰਤੀ ਪੱਧਰ ਤੇ ਇਸ ਵਿਚ 0.3 ਫੀ ਸਦੀ ਦੀ ਕਮੀ ਆਈ ਹੈ। ਪ੍ਰਾਪਤ ਅਨੁਮਾਨਾਂ ਅਨੁਸਾਰ (1960-61) ਦੀਆਂ ਕੀਮਤਾਂ ਦੇ ਆਧਾਰ ਤੇ ਸਾਲ 1969-70 ਵਿਚ ਰਾਜ ਦੀ ਆਮਦਨ ਲਗ ਭਗ 690

[ਵਿੱਤ ਮੰਤਰੀ]

ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ, ਜਿਸ ਤੋਂ ਰਾਜ ਦੀ ਜੀ-ਪ੍ਰਤੀ ਆਮਦਨ 476 ਰੁਪਏ ਹੋ ਜਾਵੇਗੀ।

ਕਾਰਗੁਜ਼ਾਰੀ ਬਜਟ

ਪਿਛਲੇ ਸਾਲ, ਪਰਿਵਾਰ ਨਿਯੋਜਨ, ਟਰਾਂਸਪੋਰਟ ਅਤੇ ਲੋਕ ਨਿਰਮਾਣ (ਭਵਨ ਤੇ ਮਾਰਗ) ਵਿਭਾਗਾਂ ਦੇ ਕਾਰਗੁਜ਼ਾਰੀ ਬਜਟ ਤਿਆਰ ਕੀਤੇ ਗਏ ਸਨ ਅਤੇ ਸਤਿਕਾਰ-ਯੋਗ ਮੈਂਬਰਾਂ ਨੂੰ ਬਜਟ ਸਬੰਧੀ ਦਸਤਾਵੇਜ਼ਾਂ ਦੇ ਨਾਲ ਹੀ ਪੇਸ਼ ਕਰ ਦਿਤੇ ਗਏ ਸਨ। ਸਾਲ 1971-72 ਲਈ ਇਨ੍ਹਾਂ ਵਿਭਾਗਾਂ ਲਈ ਅਤੇ ਇਨ੍ਹਾਂ ਤੋਂ ਇਲਾਵਾ ਮੈਡੀਕਲ, ਲੋਕ-ਨਿਰਮਾਣ (ਜਨ-ਸਿਹਤ) ਅਤੇ ਲੋਕ-ਨਿਰਮਾਣ (ਸਿੰਜਾਈ) ਵਿਭਾਗਾਂ ਨਾਲ ਸਬੰਧਤ ਕਾਰਗੁਜ਼ਾਰੀ ਬਜਟ ਵੀ ਤਿਆਰ ਕੀਤੇ ਜਾ ਰਹੇ ਹਨ।

ਸਾਲ 1971-72 ਲਈ, ਪੰਜਾਬ ਰਾਜ ਲਘੂ-ਉਦਯੋਗ ਕਾਰਪੋਰੇਸ਼ਨ ਅਤੇ ਪੰਜਾਬ ਜ਼ਰਾਇਤੀ-ਉਦਯੋਗ ਕਾਰਪੋਰੇਸ਼ਨ ਸਬੰਧੀ ਕਾਰਗੁਜ਼ਾਰੀ ਬਜਟ ਵੀ ਤਿਆਰ ਕੀਤੇ ਜਾ ਰਹੇ ਹਨ।

ਵਿਸ਼ੇਸ਼ ਲਛਣ

ਮਾਨਯੋਗ ਮੈਂਬਰਾਂ ਨੂੰ ਬਜਟ ਦਸਤਾਵੇਜ਼ਾਂ ਨਾਲ ਸਪਲਾਈ ਕੀਤੀ ਗਈ "ਪੰਜਾਬ ਪ੍ਰਗਤੀ ਦੇ ਰਾਹ ਤੇ" ਨਾਂ ਦੀ ਪੁਸਤਕ ਵਿਚ ਵੱਖ ਵੱਖ ਵਿਭਾਗਾਂ ਦੀਆਂ ਸਰਗਰਮੀਆਂ ਦਾ ਵੇਰਵਾ ਦਿੱਤਾ ਗਿਆ ਹੈ। ਫਿਰ ਵੀ, ਇਥੇ ਮੈਂ ਇਨ੍ਹਾਂ ਸਰਗਰਮੀਆਂ ਬਾਰੇ ਕੁਝ ਵਿਸ਼ੇਸ਼ ਗੱਲਾਂ ਅਤੇ ਸਾਡੇ ਅਗਲੇ ਪਰੋਗਰਾਮਾਂ ਅਤੇ ਨੀਤੀਆਂ ਦਾ ਜ਼ਿਕਰ ਕਰਾਂਗਾ।

ਜ਼ਰਾਇਤੀ ਪਦਾਵਾਰ

ਵਧ ਝਾੜ ਦੇਣ ਵਾਲੀਆਂ ਕਿਸਮਾਂ ਪਰਚਲਤ ਕਰਨ, ਛੋਟੇ ਸਿੰਜਾਈ ਕਾਰਜਾਂ ਦਾ ਵਿਸਤਾਰ ਕਰਨ ਅਤੇ ਖਾਦਾਂ ਦੀ ਵਰਤੋਂ ਸਬੰਧੀ ਜ਼ਰਾਇਤੀ ਵਿਕਾਸ ਪਰੋਗਰਾਮ ਦੇ ਫਲਸਰੂਪ, ਜ਼ਰਾਇਤੀ ਪੈਦਾਵਾਰ ਵਿਚ ਕਾਫੀ ਜ਼ਿਆਦਾ ਵਾਧਾ ਹੋਇਆ ਹੈ। ਸਾਲ 1969-70 ਵਿਚ 22.9 ਲੱਖ ਮੀਟਰਕ ਟਨ ਦੇ ਮੁਕਾਬਲੇ ਤੇ 1970-71 ਦੇ ਅੰਤ ਤਕ ਮੰਡੀਆਂ ਵਿਚ 26 ਲੱਖ ਮੀਟਰਕ ਟਨ ਕਣਕ ਪਹੁੰਚ ਜਾਣ ਦੀ ਸੰਭਾਵਨਾ ਹੈ। ਸਾਲ 1969-70 ਵਿਚ ਅਨਾਜ (ਜਿਨਸਾਂ ਅਤੇ ਦਾਲਾਂ) ਦੀ ਪੈਦਾਵਾਰ ਨੇ 69.68 ਲੱਖ ਮੀਟਰਕ ਟਨ ਦੀ ਉਚਿਤਮ ਸਿੱਖਰ ਨੂੰ ਛੋਹ ਲਿਆ ਸੀ, ਜੋ ਕਿ ਸਾਲ 1968-69 ਦੀ 62.12 ਲੱਖ ਮੀਟਰਕ ਟਨ ਦੀ ਪੈਦਾਵਾਰ ਦੇ ਮੁਕਾਬਲੇ ਉਤੇ 12.2 ਫੀ ਸਦੀ ਵਧ ਸੀ। ਸਾਲ 1971-72 ਲਈ 72.50 ਲੱਖ ਮੀਟਰਕ ਟਨ ਅਨਾਜ ਦੀ ਪੈਦਾਵਾਰ ਦਾ ਟੀਚਾ ਮਿਥਿਆ ਗਿਆ ਹੈ, ਜਿਸ ਵਿਚ 49.75 ਲੱਖ ਮੀਟਰਕ ਟਨ ਕਣਕ, 9.20 ਲੱਖ ਕਪਾਹ ਦੀਆਂ ਗੰਢਾਂ, ਗੰਨਾ (ਗੁੜ) 6.30 ਲੱਖ ਮੀਟਰਕ ਟਨ ਅਤੇ 3.60 ਲੱਖ ਮੀਟਰਕ ਟਨ ਤੇਲ ਦੇ ਬੀਜ ਸ਼ਾਮਲ ਹਨ। ਅਨਾਜ, ਕਪਾਹ ਅਤੇ ਤੇਲ ਦੇ ਬੀਜਾਂ ਸਬੰਧੀ ਚੌਥੀ ਯੋਜਨਾ ਦੇ ਟੀਚੇ, ਜਿਹੜੇ ਯੋਜਨਾ-ਸਮੇਂ ਦੇ ਅੰਤ ਤਕ ਪ੍ਰਾਪਤ ਕੀਤੇ ਜਾਣੇ ਸਨ, ਹੁਣ ਰਾਜ ਸਰਕਾਰ ਦੇ ਵਿਸ਼ੇਸ਼ ਯਤਨਾਂ ਸਦਕਾ ਸਾਲ 1971-72 ਦੇ ਅੰਤ ਤਕ, ਅਰਥਾਤ ਦੋ ਸਾਲ ਪਹਿਲਾਂ ਹੀ ਪ੍ਰਾਪਤ ਕਰ ਲਏ ਜਾਣਗੇ।

ਸਾਲ 1970-71 ਵਿਚ 10 ਲੱਖ ਮੀਟਰਕ ਟਨ ਖਾਦ ਦੀ ਖਪਤ ਹੋਣ ਦੀ ਆਸ ਹੈ ਅਤੇ ਖਾਦਾਂ ਦੀ ਖ਼ਰੀਦ ਲਈ 36 ਕਰੋੜ ਰੁਪਏ ਦੇ ਅਲਪਕਾਲੀ ਕਰਜ਼ੇ ਦਿੱਤੇ ਜਾਣਗੇ। ਕਿਉਂ ਜੋ ਰਾਜ ਵਿਚ ਖਪਤ ਹੋਣ ਵਾਲੀ ਕੁਲ ਖਾਦ ਦਾ 70 ਫ਼ੀ ਸਦੀ ਭਾਗ ਕਰਜ਼ੇ ਨਾਲ ਖਰੀਦਿਆ ਜਾਂਦਾ ਹੈ,

ਇਸ ਲਈ ਸਾਲ 1971-72 ਦੇ ਦੌਰਾਨ 42 ਕਰੋੜ ਰੁਪਏ ਦੇ ਕਰਜ਼ੇ ਦਾ ਉਪਬੰਧ ਕਰਨ ਦੀ ਤਜਵੀਜ਼ ਹੈ।

ਸਾਲ ਦੇ ਦੌਰਾਨ ਆਮ ਪਰੋਗਰਾਮ ਅਨੁਸਾਰ ਭੋਂ ਰਹਿਨ ਬੈਂਕਾਂ ਰਾਹੀਂ ਜ਼ਰਾਇਤੀ ਰੀਫ਼ਾਈਨੈਂਸ ਕਾਰਪੋਰੇਸ਼ਨ ਦੀ ਸਹਾਇਤਾ ਨਾਲ ਟਿਊਬਵੈੱਲ ਅਤੇ ਪੰਪਿੰਗ ਸੈਟ ਆਦਿ ਲਾਉਣ ਲਈ ਪੇਸ਼ਗੀ ਕਰਜ਼ੇ ਦੇਣ ਦੀ ਤਜਵੀਜ਼ ਹੈ। ਕਰਜ਼ੇ ਦੇਣ ਦੇ ਇਸ ਪਰੋਗਰਾਮ ਨਾਲ ਸਾਲ 1971-72 ਦੇ ਦੌਰਾਨ ਲਗਭਗ 20,000 ਕਿਸਾਨ ਆਪਣੇ ਟਿਊਬਵੈੱਲ ਲੁਆ ਸਕਣਗੇ।

ਜ਼ਰਾਇਤੀ ਖੇਤਰ ਵਿਚ ਹੋ ਰਹੇ ਆਰਥਕ ਵਿਕਾਸ ਦਾ ਪੂਰਾ ਪੂਰਾ ਲਾਭ ਛੋਟੇ ਕਿਸਾਨਾਂ ਤਕ ਪਹੁੰਚਾਉਣ ਲਈ, ਸੰਗਰੂਰ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਕਿਸਾਨਾਂ ਲਈ ਸੰਗਰੂਰ ਵਿਖੇ ਛੋਟੇ ਕਿਸਾਨਾਂ ਦੀ ਏਜੰਸੀ ਕਾਇਮ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਤਰ੍ਹਾਂ ਫਿਰੋਜ਼ਪੁਰ ਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਲਈ ਫਿਰੋਜ਼ਪੁਰ ਵਿਖੇ ਵੀ ਇਕ ਏਜੰਸੀ ਕਾਇਮ ਕੀਤੀ ਜਾਵੇਗੀ। ਇਹ ਏਜੰਸੀਆਂ ਤਿੰਨ ਹੈਕਟੇਅਰ ਤਕ ਭੋਂ ਰਖਣ ਵਾਲੇ ਛੋਟੇ ਕਿਸਾਨਾਂ ਨੂੰ ਟਿਊਬਵੈੱਲ ਲਾਉਣ, ਭੋਂ ਤੋੜਨ ਅਤੇ ਜ਼ਮੀਨਾਂ ਨੂੰ ਉੱਨਤ ਕਰਨ ਲਈ ਕਰਜ਼ੇ ਪ੍ਰਾਪਤ ਕਰਨ ਵਿੱਚ ਸਹਾਇਤਾ ਦੇਣਗੀਆਂ।

ਪੈਦਾਵਾਰ ਨੂੰ ਹੋਰ ਵਧਾਉਣ ਦੇ ਆਸ਼ੇ ਨਾਲ ਪੰਜਾਬ ਸਰਕਾਰ ਨੇ ਮਸ਼ੀਨੀ ਖੇਤੀ ਨੂੰ ਉਨਤ ਕਰਨ ਲਈ ਹੁਣੇ ਜਿਹੇ ਪੰਜਾਬ ਜ਼ਰਾਇਤੀ ਉਦਯੋਗ ਕਾਰਪੋਰੇਸ਼ਨ ਰਾਹੀਂ 8000 ਟਰੈਕਟਰ ਅਤੇ ਹੋਰ ਜ਼ਰਾਇਤੀ ਸਾਜ਼ ਸਮਾਨ ਖ਼ਰੀਦਣ ਵਾਸਤੇ ਵਿਸ਼ਵ ਬੈਂਕ ਨਾਲ ਮੁਆਇਦਾ ਕੀਤਾ ਹੈ।

ਪਸ਼ੂ ਪਾਲਨ ਅਤੇ ਡੇਅਰੀ

ਰਾਜ ਵਿਚ ਡੇਅਰੀ ਉਦਯੋਗ ਦੇ ਵਿਕਾਸ ਲਈ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ। ਰਾਜ ਵਿਚ ਚਿੱਟੀ ਕਰਾਂਤੀ ਲਿਆਉਣ ਲਈ ਚੌਥੀ ਪੰਜ-ਸਾਲਾ ਯੋਜਨਾ ਅਧੀਨ 275 ਲੱਖ ਰੁਪਏ ਦੀ ਲਾਗਤ ਦੀਆਂ ਕਈ ਸਕੀਮਾਂ ਤਿਆਰ ਕੀਤੀਆਂ ਗਈਆਂ ਹਨ। ਇਸ ਵਿਚੋਂ 119.38 ਲੱਖ ਰੁਪਏ ਦੀ ਰਕਮ ਦਾ ਉਪਬੰਧ ਸਾਲ 1971-72 ਲਈ ਕੀਤਾ ਗਿਆ ਹੈ।

ਲੁਧਿਆਣਾ ਅਤੇ ਬਠਿੰਡਾ ਵਿਖੇ ਦੋ ਵੱਡੇ ਦੁੱਧ ਪਲਾਂਟ ਲਾਉਣ ਦਾ ਕੰਮ ਚਲ ਰਿਹਾ ਹੈ। ਇਨ੍ਹਾਂ ਪ੍ਰਾਜੈਕਟਾਂ ਦੇ ਮੁਕੰਮਲ ਹੋ ਜਾਣ ਨਾਲ ਬੋਤਲਾਂ ਵਾਲੇ ਦੁੱਧ ਦੀ ਅਤੇ ਪਾਊਡਰ ਦੀ ਸਪਲਾਈ ਦੀ ਸਮੱਸਿਆ ਪੰਜਾਬ ਵਿਚ ਬਹੁਤ ਸਾਰੀ ਹੱਲ ਹੋ ਜਾਵੇਗੀ। ਪਸ਼ੂਆਂ ਦਾ ਦੁੱਧ ਵਧਾਉਣ ਲਈ ਵੀ ਰਾਜ ਵਿਚ ਕਈ ਤਜਵੀਜ਼ਾਂ ਬਣਾਈਆਂ ਜਾ ਰਹੀਆਂ ਹਨ, ਤਾਂ ਜੋ ਦੁੱਧ ਦੇ ਮਾਮਲੇ ਵਿਚ ਸਾਡਾ ਰਾਜ ਕੇਵਲ ਸਵੈ ਨਿਰਭਰ ਹੀ ਨਹੀਂ, ਸਗੋਂ ਦੂਜੇ ਰਾਜਾਂ ਨੂੰ ਦੁੱਧ ਭੇਜਣ ਦੇ ਸਮਰਥ ਹੋ ਸਕੇ।

ਐਫਪਰੋ ਵਲੋਂ ਤੋਹਫੇ ਦੇ ਤੌਰ ਤੇ ਦਿਤੀਆਂ ਜਾਣ ਵਾਲੀਆਂ 250 ਹੋਲ ਸਟੀਨ ਫਰੀਸੀਅਨ ਵੱਛੀਆਂ ਵਿਚੋਂ 210 ਵੱਛੀਆਂ ਇਥੇ ਪਹੁੰਚ ਚੁਕੀਆਂ ਹਨ ਅਤੇ ਨਾਭਾ ਡੇਅਰੀ ਫਾਰਮ ਵਿਖੇ ਰੱਖੀਆਂ ਗਈਆਂ ਹਨ। ਆਸ ਹੈ ਕਿ ਬਾਕੀ ਦੀਆਂ 40 ਵੱਛੀਆਂ ਵੀ ਛੇਤੀ ਪਹੁੰਚ ਜਾਣਗੀਆਂ। ਇਨ੍ਹਾਂ ਵਿਚੋਂ 100 ਵੱਛੀਆਂ ਪਸ਼ੂ ਵਿਕਾਸ ਪ੍ਰਾਜੈਕਟਾਂ ਦੇ ਚਾਰ ਪ੍ਰਦਰਸ਼ਨ ਤੇ ਸਿਖਲਾਈ ਫ਼ਾਰਮਾਂ ਵਿਚ ਰੱਖੀਆਂ ਜਾਣਗੀਆਂ ਅਤੇ 150 ਵੱਛੀਆਂ ਨਾਲ ਰੋਪੜ ਜ਼ਿਲ੍ਹੇ ਵਿਚ ਇਕ ਪਸ਼ੂ ਪਾਲਣ ਕਾਲੋਨੀ ਕਾਇਮ ਕੀਤੀ ਜਾਵੇਗੀ, ਜਿਸ ਵਿਚ ਭੋਂ ਰਹਿਤ ਹਰੀਜਨਾਂ ਅਤੇ ਸਾਬਕਾ ਫੌਜੀਆਂ ਨੂੰ ਆਬਾਦ ਕੀਤਾ ਜਾਵੇਗਾ। ਗਊਆਂ ਦੀ ਨਸਲ ਨੂੰ ਚੰਗੇਰਾ ਬਣਾਉਣ ਲਈ ਭਾਰਤ-ਸਵਿਸ ਪ੍ਰਾਜੈਕਟ ਅਧੀਨ ਨਾਭੇ ਵਿਖੇ ਬਰਾਊਨ ਸਵਿਸ ਨਸਲ ਦੀਆਂ ਗਊਆਂ ਰੱਖੀਆਂ ਜਾਣਗੀਆਂ।

[ਵਿੱਤ ਮੰਤਰੀ]

ਸਹਿਕਾਰਤਾ

ਪੰਜਾਬ ਰਾਜ ਵਿਚ ਸਹਿਕਾਰੀ ਅੰਦੋਲਨ ਨੇ ਬਹੁਤ ਉਨਤੀ ਕੀਤੀ ਹੈ। ਰਾਜ ਦੀ 90.4 ਫ਼ੀ ਸਦੀ ਵਸੋਂ ਅਤੇ ਸਾਰੇ ਦੇ ਸਾਰੇ ਆਬਾਦੀ ਵਾਲੇ ਪਿੰਡ ਸਹਿਕਾਰੀ ਸਭਾਵਾਂ ਦੇ ਖੇਤਰ ਵਿਚ ਆ ਗਏ ਹਨ। ਰਾਜ ਵਿਚ 18,294 ਸੁਸਾਇਟੀਆਂ ਹਨ, ਜਿਨ੍ਹਾਂ ਦੇ ਮੈਂਬਰਾਂ ਦੀ ਗਿਣਤੀ 21.18 ਲੱਖ ਅਤੇ ਕਾਰਜ ਪੂੰਜੀ 47.54 ਕਰੋੜ ਰੁਪਏ ਹੈ। ਵਿਭਾਗ ਹੁਣ ਬੋਗਸ ਅਤੇ ਨਿਕੰਮੀਆਂ ਸੁਸਾਇਟੀਆਂ ਨੂੰ ਖਤਮ ਕਰਨ ਦੇ ਯਤਨ ਕਰ ਰਿਹਾ ਹੈ, ਤਾਂ ਜੋ ਚੰਗੀਆਂ ਅਤੇ ਆਰਥਕ ਤੌਰ ਤੇ ਲਾਹੇਵੰਦ ਸੁਸਾ-ਇਟੀਆਂ ਹੀ ਹੋਂਦ ਵਿਚ ਰਹਿ ਜਾਣ। ਖੜੀਆਂ ਫਸਲਾਂ ਦੇ ਆਧਾਰ ਤੇ ਕਰਜ਼ੇ ਦੇਣ ਦੀ ਸਕੀਮ ਪੂਰੀ ਤਰ੍ਹਾਂ ਚਾਲੂ ਕਰ ਦਿਤੀ ਗਈ ਹੈ। ਇਸ ਸਕੀਮ ਅਧੀਨ ਕਰਜ਼ੇ ਦੇਣ ਅਤੇ ਕਿਸਾਨਾਂ ਦੀ ਕਰਜ਼ਾ ਅਦਾ ਕਰ ਸਕਣ ਦੀ ਸਮਰਥਾ ਨੂੰ ਧਿਆਨ ਵਿੱਚ ਰਖਿਆ ਜਾਂਦਾ ਹੈ।

ਰਾਜ ਸਹਿਕਾਰੀ ਸਪਲਾਈ ਅਤੇ ਮਾਰਕਿਟਿੰਗ ਫੈਡਰੇਸ਼ਨ ਨੇ 1969-70 ਦੇ ਦੌਰਾਨ 51.13 ਕਰੋੜ ਰੁਪਏ ਦੀ ਕਣਕ ਖਰੀਦੀ। ਸੇਵਾ ਸਹਿਕਾਰੀ ਸਭਾਵਾਂ ਦੁਆਰਾ ਚਲਾਏ ਜਾਂਦੇ 4,000 ਛੋਟੇ ਡੀਪੂਆਂ ਰਾਹੀਂ ਕਾਸ਼ਤਕਾਰਾਂ ਨੂੰ 34.93 ਕਰੋੜ ਰੁਪਏ ਦੀਆਂ ਖਾਦਾਂ ਵੀ ਸਪਲਾਈ ਕੀਤੀਆਂ ਗਈਆਂ ਹਨ। ਲੁਧਿਆਣੇ ਵਿਖੇ ਦਾਣੇਦਾਰ ਖਾਦਾਂ ਦਾ ਇਕ ਪਲਾਂਟ ਕਾਇਮ ਕੀਤਾ ਗਿਆ ਹੈ ਅਤੇ ਜਲੰਧਰ ਵਿਖੇ ਸਹਿਕਾਰੀ ਕੈਨਰੀ ਵਿਚ ਛੇਤੀ ਹੀ ਉਤਪਾਦਨ ਦਾ ਕੰਮ ਸ਼ੁਰੂ ਹੋ ਜਾਵੇਗਾ। ਅੰਗੂਰਾਂ ਦੇ ਕਾਸ਼ਤਕਾਰਾਂ ਨੂੰ ਅੰਗੂਰਾਂ ਦੀ ਚੰਗੇਰੀ ਕੀਮਤ ਦਿਵਾਉਣ ਲਈ ਫੈਡਰੇਸ਼ਨ ਵਲੋਂ ਇਕ ਅੰਗੂਰ ਪ੍ਰਾਸੈਸਿੰਗ ਯੂਨਿਟ ਕਾਇਮ ਕਰਨ ਦੀ ਤਜਵੀਜ਼ ਹੈ। ਫ਼ਸਲਾਂ ਉਤੇ ਹਵਾਈ ਜਹਾਜ਼ਾਂ ਰਾਹੀਂ ਛਿੜਕਾਉ ਕਰਨ ਲਈ ਰਾਜ ਸਹਿਕਾਰੀ ਮਾਰਕਿਟੰਗ ਫੈਡਰੇਸ਼ਨ ਹੈਲੀਕਾਪਟਰਾਂ ਦੀ ਦਰਾਮਦ ਵੀ ਕਰ ਰਹੀ ਹੈ, ਅਤੇ ਕੇਂਦਰ ਵਲੋਂ ਚਲਾਈ ਇਕ ਸਕੀਮ ਅਧੀਨ ਦੋ ਹੈਲੀਕਾਪਟਰ ਛੇਤੀ ਹੀ ਪ੍ਰਾਪਤ ਹੋ ਜਾਣਗੇ। ਆਸ ਹੈ ਕਿ ਪੰਜਾਬ ਨੂੰ ਕੁਝ ਹੋਰ ਹੈਲੀਕਾਪਟਰ ਵੀ ਐਲੋਕੇਟ ਕੀਤੇ ਜਾਣਗੇ। ਭਾਰਤ ਸਰਕਾਰ ਦੁਆਰਾ ਹੁਣੇ ਜਿਹੇ ਤਿਆਰ ਕੀਤੀ ਇਕ ਸਕੀਮ ਅਧੀਨ ਛੇਤੀ ਹੀ ਕੁਝ ਹਾਰਵੈਸਟਿੰਗ ਕੰਬਾਈਨਾਂ ਦਰਾਮਦ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਸਿੰਜਾਈ

ਰਾਜ ਦਾ ਕੁਲ ਰਕਬਾ 124.20 ਲੱਖ ਏਕੜ ਹੈ। ਇਸ ਵਿਚੋਂ 108.19 ਲੱਖ ਏਕੜ ਖੇਤੀ ਯੋਗ ਹੈ। 1969-70 ਦੇ ਦੌਰਾਨ 56.66 ਲਖ ਏਕੜ ਰਕਬਾ ਨਹਿਰਾਂ ਅਤੇ ਸਰਕਾਰੀ ਟਿਊਬਵੈਲਾਂ ਦੁਆਰਾ ਵਾਸਤਵ ਵਿਚ ਸਿੰਜਾਈ ਅਧੀਨ ਸੀ, ਜਿਸ ਤੋਂ ਕਿ ਸਿੰਜਾਈ ਦੀ ਤੀਬਰਤਾ 52.3 ਫੀ ਸਦੀ ਬਣਦੀ ਹੈ। ਸਿੰਜਾਈ ਲਈ ਪ੍ਰਾਪਤ ਪਾਣੀ ਦਾ ਪੂਰਾ ਪੂਰਾ ਲਾਭ ਉਠਾਉਣ ਲਈ ਅਤੇ ਪਾਣੀ ਨੂੰ ਜ਼ਾਇਆ ਹੋਣ ਤੋਂ ਰੋਕਣ ਲਈ ਕੁਝ ਮੌਜੂਦਾ ਸਿੰਜਾਈ ਚੈਨਲਾਂ ਨੂੰ ਪੱਕਾ ਕਰਨ ਦੀ ਤਜਵੀਜ਼ ਹੈ। ਯੋਜਨਾ ਵਿਚ ਸਿੰਜਾਈ ਲਈ ਵਰਤਮਾਨ ਨਹਿਰਾਂ ਦੇ ਨਵਰੂਪਣ ਅਤੇ ਪੱਕਾ ਕਰਨ ਲਈ ਇਕ ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਅਪਰ ਬਾਰੀ ਦੁਆਬ ਨਹਿਰ ਖੇਤਰ ਵਿਚ ਗੈਰ ਬਾਰਾਮਾਸੀ ਸਿੰਜਾਈ ਦੇ ਵਿਸਤਾਰ, ਸਰਹੰਦ ਅਤੇ ਭਾਖੜਾ ਨਹਿਰੀ ਸਿਸਟਮ ਦੇ ਨਵਰੂਪਣ, ਅਪਰ ਬਾਰੀ ਦੁਆਬ ਨਹਿਰ ਖੇਤਰ ਅਤੇ ਕਾਂਡੀ ਦੇ ਨੀਮ ਪਹਾੜੀ ਇਲਾਕਿਆਂ ਵਿਚ ਟਿਊਬਵੈਲ ਲਾਉਣ ਦੀਆਂ ਸਕੀਮਾਂ ਸਬੰਧੀ ਕੰਮ ਹੋ ਰਿਹਾ ਹੈ। ਸਾਲ 1971-72 ਦੇ ਦੌਰਾਨ ਇਨ੍ਹਾਂ ਸਕੀਮਾਂ ਲਈ 168.40 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਸਰਕਾਰ, ਪਾਕਿਸਤਾਨ ਨੂੰ ਬੰਦ ਕੀਤੇ ਗਏ ਰਾਵੀ ਦੇ ਪਾਣੀ ਦੀ ਪੂਰੀ ਵਰਤੋਂ ਕਰਨ ਸਬੰਧੀ ਥੇਨ ਡੈਮ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ ਅਤੇ ਕੇਂਦਰੀ ਪਾਣੀ ਤੇ ਬਿਜਲੀ ਕਮਿਸ਼ਨ ਤੋਂ ਇਸ ਦੀ ਤੁਰਤ ਮਨਜ਼ੂਰੀ ਪ੍ਰਾਪਤ ਕਰਨ ਲਈ ਭਾਰਤ ਸਰਕਾਰ ਨਾਲ ਗਲਬਾਤ ਕਰ ਰਹੀ ਹੈ।

ਜਲ-ਸਾਧਨਾਂ ਦੀ ਵਰਤੋਂ:—ਜ਼ਮੀਨ ਹੇਠਲੇ ਪਾਣੀ ਦੇ ਸਾਧਨਾਂ ਦਾ ਅੰਦਾਜ਼ਾ ਲਾਉਣ ਲਈ ਸਿੰਜਾਈ ਵਿਭਾਗ ਵਿਚ ਇਕ ਡਾਇਰੈਕਟੋਰੇਟ ਖੋਲ੍ਹੀ ਗਈ ਹੈ, ਤਾਂ ਜੋ ਰਾਜ ਦੇ ਸਮੁੱਚੇ ਜਲ-ਸਾਧਨਾਂ ਲਈ ਇਕ ਆਦਰਸ਼ਕ ਅਤੇ ਸੁਚੱਜੀ ਵਿਕਾਸ ਯੋਜਨਾ ਤਿਆਰ ਕੀਤੀ ਜਾ ਸਕੇ। ਖੋਜ ਦਾ ਕੰਮ ਹੱਥ ਵਿਚ ਲੈ ਲਿਆ ਗਿਆ ਹੈ। ਇਹ ਪ੍ਰਾਜੈਕਟ ਭਾਰਤ ਸਰਕਾਰ ਅਤੇ ਫ਼ੋਰਡ ਫਾਊਂਡੇਸ਼ਨ ਦੇ ਸਹਿਯੋਗ ਨਾਲ ਇੱਕ ਪਾਇਲਟ ਪ੍ਰਾਜੈਕਟ ਦੇ ਤੌਰ ਤੇ ਸ਼ੁਰੂ ਕੀਤਾ ਗਿਆ ਹੈ।

ਹੜ੍ਹ ਕੰਟਰੋਲ ਅਤੇ ਜਲ ਨਿਕਾਸ ਸਕੀਮਾਂ

ਆਸ ਹੈ ਕਿ ਚਾਲੂ ਸਾਲ ਦੇ ਅੰਤ ਤਕ ਸਹਾਇਕ ਸੁਰੱਖਿਆ ਕਾਰਜਾਂ ਦੇ ਨਾਲ ਨਾਲ ਲਗ ਭਗ 427 ਮੀਲ ਲੰਮੇ ਬੰਧ ਅਤੇ 3.000 ਮੀਲ ਨਿਕਾਸੂ ਬਣਾਉਣ ਦਾ ਕੰਮ, ਜੋ ਇਸ ਸਮੇਂ ਵੱਖ ਵੱਖ ਪੱਧਰਾਂ ਤੇ ਹੈ, ਮੁਕੰਮਲ ਹੋ ਜਾਵੇਗਾ ਅਤੇ ਇਸ ਉਤੇ 34.30 ਕਰੋੜ ਰੁਪਏ ਖਰਚ ਹੋਣਗੇ। ਚੌਥੀ ਪੰਜ-ਸਾਲਾ ਯੋਜਨਾ ਦੇ 11.78 ਕਰੋੜ ਰੁਪਏ ਦੇ ਉਪਬੰਧ ਵਿਚੋਂ ਮਾਰਚ, 1971 ਦੇ ਅੰਤ ਤਕ 6.16 ਕਰੋੜ ਰੁਪਏ ਖਰਚ ਹੋਣ ਦੀ ਆਸ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਚੋਆਂ ਉਤੇ ਪੁਲ ਬਣਾਉਣ ਲਈ ਸਾਲ 1971-72 ਲਈ ਹੁਣ ਤਕ 2 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਇਸ ਸਾਲ ਦੇ ਦੌਰਾਨ ਵਿਭਾਗ ਦੁਆਰਾ ਤਿਆਰ ਕੀਤੀਆਂ ਜਾਣ ਵਾਲੀਆਂ ਸਕੀਮਾਂ ਦੀ ਮਹੱਤਤਾ ਅਤੇ ਲੋੜ ਅਨੁਸਾਰ 35 ਲੱਖ ਰੁਪਏ ਦੀ ਹੋਰ ਰਕਮ ਐਲੋਕੇਟ ਕੀਤੀ ਜਾਵੇਗੀ।

ਬਿਜਲੀ

ਇਸ ਸਮੇਂ ਪੰਜਾਬ ਵਿੱਚ ਕੇਵਲ 184 ਮੈਗਾਵਾਟ ਬਿਜਲੀ ਪ੍ਰਾਪਤ ਹੈ, ਜਦੋਂ ਕਿ ਸਾਡੀ ਲੋੜ 502 ਮੈਗਾਵਾਟ ਹੈ। ਇਸ ਤਰ੍ਹਾਂ 318 ਮੈਗਾਵਾਟ ਦੀ ਕਮੀ ਰਹਿ ਜਾਂਦੀ ਹੈ। 1978-79 ਤਕ ਇਹ ਲੋੜ ਵਧ ਕੇ 18,16 ਮੈਗਾਵਾਟ ਹੋ ਜਾਵੇਗੀ। ਇਸ ਤਰ੍ਹਾਂ ਲੋੜ ਅਤੇ ਪ੍ਰਾਪਤੀ ਵਿਚਕਾਰ ਬਹੁਤ ਵੱਡਾ ਖੱਪਾ ਰਹਿ ਜਾਂਦਾ ਹੈ। ਇਸ ਖੱਪੇ ਨੂੰ ਪੂਰਣ ਅਤੇ ਵੱਧ ਰਹੀ ਲੋੜ ਨੂੰ ਪੂਰਾ ਕਰਨ ਲਈ 60 ਫ਼ੀ ਸਦੀ ਲੋਡ ਫ਼ੈਕਟਰ ਦੀ ਦਰ ਨਾਲ 35,00 ਮੈਗਾਵਾਟ ਦੀ ਸੰਸਥਾਪਤ ਸਮਰੱਥਾ ਦੀ ਯੋਜਨਾ ਬਣਾਉਣ ਦੀ ਲੋੜ ਹੈ, ਜਿਸ ਲਈ ਚੋਖੀ ਗਿਣਤੀ ਵਿਚ ਬਿਜਲੀ ਉਤਪਾਦਨ ਪ੍ਰਾਜੈਕਟ ਅਰੰਭ ਕਰਨੇ ਪੈਣਗੇ ਗੁਰੂ ਨਾਨਕ ਥਰਮਲ ਪਲਾਂਟ, ਜੋ ਬੜੀ ਤੇਜ਼ੀ ਨਾਲ ਮੁਕੰਮਲ ਕੀਤਾ ਜਾ ਰਿਹਾ ਹੈ, ਤੋਂ ਇਲਾਵਾ ਪੰਜਾਬ ਰਾਜ ਬਿਜਲੀ ਬੋਰਡ 63.24 ਮੈਗਾਵਾਟ ਸਮਰੱਥਾ ਵਾਲੇ 54 ਡੀਜ਼ਲ ਜੈਨਰੇਟਿੰਗ ਸੈਟ ਵਖ ਵਖ ਸਾਧਨਾਂ ਤੋਂ ਤਰਤ ਪ੍ਰਾਪਤ ਕਰ ਰਿਹਾ ਹੈ। ਬੋਰਡ, ਥਰਮਲ ਬਿਜਲੀ ਘਰ, ਤਲਵਾੜਾ ; ਬਸੀ ਬਿਜਲੀ ਘਰ, ਹਿਮਾਚਲ ਪ੍ਰਦੇਸ਼ ; ਪਰਮਾਣੂ ਬਿਜਲੀ ਘਰ, ਕੋਟਾ ; ਸਤਪੜਾ ਥਰਮਲ ਬਿਜਲੀ ਘਰ, ਮੱਧ ਪ੍ਰਦੇਸ਼ ਅਤੇ ਇੰਦਰ ਪ੍ਰਸਥ ਬਿਜਲੀ ਘਰ, ਦਿੱਲੀ ਤੋਂ ਬਿਜਲੀ ਖਰੀਦਣ ਦਾ ਵੀ ਪ੍ਰਬੰਧ ਕਰ ਰਿਹਾ ਹੈ। ਜਦੋਂ ਤਕ ਪੰਜਾਬ ਵਿੱਚ 1000 ਮੈਗਾਵਾਟ ਦੀ ਸਮਰੱਥਾ ਵਾਲਾ ਪਰਮਾਣੂ ਬਿਜਲੀ ਪਲਾਂਟ ਨਹੀਂ ਲਾਇਆ ਜਾਂਦਾ, ਬਿਜਲੀ ਦੀ ਵੱਧ ਰਹੀ ਮੰਗ ਪੂਰੀ ਨਹੀਂ ਹੋ ਸਕਦੀ। ਸਾਡੇ ਰਾਜ ਨੂੰ ਇਹ ਪ੍ਰਾਜੈਕਟ ਨਾ ਦੇਣਾ ਸਾਡੇ ਰਾਜ ਨਾਲ ਵਿਤਕਰਾ ਹੈ।

ਰਾਜ ਵਿੱਚ ਹੁਣ ਤਕ 6,131 ਪਿੰਡਾਂ ਨੂੰ ਬਿਜਲੀ ਦਿੱਤੀ ਜਾ ਚੁੱਕੀ ਹੈ। ਅਕਤੂਬਰ, 1970 ਦੇ ਅੰਤ ਤਕ 86,917 ਟਿਊਬਵੈਲਾਂ ਨੂੰ ਵੀ ਬਿਜਲੀ ਦਿਤੀ ਗਈ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਗੁਰੂ ਨਾਨਕ ਥਰਮਲ ਪਲਾਂਟ ਦਾ ਪਹਿਲਾ ਯੂਨਿਟ ਸ਼ੁਰੂ ਹੋਣ ਨਾਲ ਘਰੇਲੂ ਅਤੇ ਉਦਯੋਗਿਕ ਕੁਨੈਕਸ਼ਨਾਂ ਦੀ ਮੰਗ ਨੂੰ ਪੂਰਾ ਕਰਨ ਤੋਂ ਇਲਾਵਾ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਬਿਜਲੀ ਪਹੁੰਚਾ ਦਿੱਤੀ ਜਾਵੇਗੀ ਅਤੇ 1,20,000 ਟਿਊਬਵੈਲਾਂ ਨੂੰ ਬਿਜਲੀ ਦਿੱਤੀ ਜਾਵੇਗੀ। (ਪ੍ਰਸ਼ੰਸਾ) (ਵਿਘਨ)

(ਸ: ਸੰਤੋਖ ਸਿੰਘ: ਅਜ ਕਲ ਤਾਂ ਹੀ ਮੋਮ ਬਤੀਆਂ ਜਗ ਰਹੀਆਂ ਹਨ)

ਉਦਯੋਗ

ਉਦਯੋਗੀਕਰਣ ਰਾਹੀਂ ਰਾਜ ਦਾ ਵਧੇਰੇ ਆਰਥਕ ਵਿਕਾਸ ਕਰਨ ਲਈ ਅਸੀਂ ਮੰਗ ਕੀਤੀ ਹੈ ਕਿ ਸਾਡੇ ਰਾਜ ਨੂੰ ਉਦਯੋਗਿਕ ਤੌਰ ਤੇ ਪਛੜਿਆ ਹੋਇਆ ਰਾਜ ਕਰਾਰ ਦਿੱਤਾ ਜਾਵੇ। ਭਾਰਤ ਸਰਕਾਰ ਨੇ ਰਾਜ ਸਰਕਾਰ ਦੀਆਂ ਸਿਫ਼ਾਰਸ਼ਾਂ ਤੇ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਉਦਯੋਗਿਕ ਤੌਰ ਤੇ ਪਛੜਿਆ ਹੋਇਆ ਇਲਾਕਾ ਕਰਾਰ ਦੇ ਦਿਤਾ ਹੈ। ਬਠਿੰਡੇ ਜ਼ਿਲ੍ਹੇ ਨੂੰ ਵੀ ਸੰਸਥਾਈ ਕਰਜ਼ਾ ਸਹੂਲਤਾਂ ਦੇ ਮਨੋਰਥ ਲਈ ਪਛੜਿਆ ਹੋਇਆ ਇਲਾਕਾ ਕਰਾਰ ਦਿੱਤਾ ਗਿਆ ਹੈ।

ਸਾਲ ਦੇ ਦੌਰਾਨ ਪੰਜਾਬ ਰਾਜ ਉਦਯੋਗਕ ਵਿਕਾਸ ਕਾਰਪੋਰੇਸ਼ਨ ਨੇ, ਜੋ ਸਮੁੱਚੇ ਤੌਰ ਤੇ ਸਰਕਾਰੀ ਪੂੰਜੀ ਵਾਲਾ ਅਦਾਰਾ ਹੈ, ਵੱਡੇ ਅਤੇ ਦਰਮਿਆਨੇ ਪੈਮਾਨੇ ਦੇ ਨਵੇਂ ਉਦਯੋਗਕ ਪ੍ਰਾਜੈਕਟਾਂ ਦੇ ਵਿਕਾਸ ਲਈ ਪ੍ਰਸੰਸਾਯੋਗ ਕੰਮ ਕੀਤਾ ਹੈ। ਚਾਰ ਪ੍ਰਾਜੈਕਟਾਂ, ਅਰਥਾਤ ਆਧੁਨਿਕ ਕਰੋਮ ਟੈਨਰੀ ਅਤੇ ਮੈਕੇਨਾਈਜ਼ਡ ਫੁਟ-ਵੀਅਰ ਯੂਨਿਟ, ਜਲੰਧਰ, ਪ੍ਰੀ-ਸਟਰੈਸਡ ਕੰਕਰੀਟ ਪੋਲ ਬਣਾਉਣ ਲਈ ਇੱਕ ਯੂਨਿਟ ਅਤੇ ਮੁਹਾਲੀ ਵਿਖੇ ਮਸ਼ੀਨਰੀ ਦੀ ਫ਼ੈਬਰੀਕੇਸ਼ਨ ਲਈ ਪਲਾਂਟ ਨੇ ਉਤਪਾਦਨ ਵੀ ਸ਼ੁਰੂ ਕਰ ਦਿੱਤਾ ਹੈ। ਕਾਰਪੋਰੇਸ਼ਨ ਨੇ ਬੀਅਰ, ਸਟੀਲ ਬਿਲਿਟਸ, ਟਰੈਕਟਰ, ਸ਼ੀਸ਼ੇ ਦੀਆਂ ਬੋਤਲਾਂ ਅਤੇ ਸਿੰਥੈਟਿਕ ਡੀਟਰਜੈਂਟਸ ਬਣਾਉਣ ਦੇ ਵੱਡੇ ਪੈਮਾਨੇ ਦੇ ਪ੍ਰਾਜੈਕਟਾਂ ਦਾ ਕੰਮ ਵੀ ਹੱਥ ਵਿੱਚ ਲੈ ਲਿਆ ਹੈ। ਪਾਲੀਐਸਟਰ ਸਟੇਪਲ ਰੇਸ਼ਾ ਤਿਆਰ ਕਰਨ ਲਈ ਇੱਕ ਯੂਨਿਟ ਅਤੇ ਮੋਟਰ ਗੱਡੀਆਂ ਦੇ ਟਾਇਰ ਟਿਊਬ ਬਣਾਉਣ ਦੀ ਫੈਕਟਰੀ ਕਾਇਮ ਕਰਨ ਸਬੰਧੀ ਕੰਮ ਸ਼ੁਰੂ ਕਰ ਦਿਤਾ ਗਿਆ ਹੈ। 1971-72 ਦੇ ਬਜਟ ਅਨਮਾਨਾਂ ਵਿਚ 15 ਲੱਖ ਰੁਪਏ ਦੀ ਰਕਮ ਰੱਖੀ ਗਈ ਸੀ। ਇਸ ਗੱਲ ਨੂੰ ਧਿਆਨ ਵਿੱਚ ਰਖਦਿਆਂ ਕਿ ਕੁਝ ਕੁ ਪ੍ਰਾਜੈਕਟ ਮੁਕੰਮਲ ਹੋਣ ਵਾਲੇ ਹਨ, ਇਸ ਰਕਮ ਵਿੱਚ 60 ਲੱਖ ਰੁਪਏ ਦਾ ਹੋਰ ਉਪਬੰਧ ਕਰ ਦਿੱਤਾ ਜਾਵੇਗਾ ਅਤੇ ਇਤਨੀ ਹੀ ਰਕਮ ਲੋੜੀਂਦੀ ਅਦਲਾ ਬਦਲੀ ਰਾਹੀਂ ਇਕੱਠੀ ਕੀਤੀ ਜਾਵੇਗੀ।

ਪੰਜਾਬ ਵਿੱਤ ਕਾਰਪੋਰੇਸ਼ਨ ਨੇ 594 ਫ਼ਰਮਾਂ ਨੂੰ 11.27 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਹਨ। ਇਨ੍ਹਾਂ ਫ਼ਰਮਾਂ ਨੂੰ 7.14 ਕਰੋੜ ਰੁਪਏ ਦੀ ਰਕਮ ਵੰਡੀ ਜਾ ਚੁੱਕੀ ਹੈ। ਕਾਰਪੋਰੇਸ਼ਨ, ਜੈਨਰੇਟਿੰਗ ਸੈਟ ਖਰੀਦਣ ਲਈ ਵਿਆਜ ਦੀਆਂ ਰਿਆਇਤੀ ਦਰਾਂ ਤੇ ਕਰਜ਼ੇ ਦੇਣ ਦਾ ਪ੍ਰਬੰਧ ਵੀ ਕਰ ਰਹੀ ਹੈ। ਰਾਜ ਸਰਕਾਰ ਇਸ ਮਨੋਰਥ ਲਈ ਕਾਰਪੋਰੇਸ਼ਨ ਨੂੰ ਵਿਆਜ ਵਿੱਚ 2 ਫ਼ੀ ਸਦੀ ਦੀ ਸਬਸਿਡੀ ਦੇ ਰਹੀ ਹੈ।

ਉਦਯੋਗਾਂ ਲਈ ਰਾਜ ਸਹਾਇਤਾ ਐਕਟ, 1935 ਅਧੀਨ ਵੀ ਕਰਜ਼ੇ ਦਿੱਤੇ ਜਾ ਰਹੇ ਹਨ। ਜੂਨ, 1970 ਦੇ ਅੰਤ ਤਕ ਇਸ ਸਕੀਮ ਅਧੀਨ 20,378 ਫ਼ਰਮਾਂ ਨੂੰ ਕੁਲ 6.90 ਕਰੋੜ ਰੁਪਏ ਦੇ ਉਦਯੋਗਕ ਕਰਜ਼ੇ ਦਿੱਤੇ ਜਾ ਚੁਕੇ ਹਨ।

ਕਾਰਪੋਰੇਸ਼ਨ

ਪੰਜਾਬ ਸਰਕਾਰ ਨੇ ਲੋਕਾਂ ਦੀ ਆਰਥਕ ਭਲਾਈ ਅਤੇ ਰਾਜ ਦੀ ਕਰ-ਰਹਿਤ ਆਮਦਨ ਵਿਚ ਵਾਧਾ ਕਰਨ ਲਈ ਕਈ ਕੰਪਨੀਆਂ/ਕਾਰਪੋਰੇਸ਼ਨਾਂ ਕਾਇਮ ਕੀਤੀਆਂ ਹਨ। ਅਜਿਹੀਆਂ ਕਾਰਪੋਰੇਸ਼ਨਾਂ ਅਤੇ ਸਟੈਚੂਟਰੀ ਬਾਡੀਆਂ ਵਿੱਚ ਲਗੀ ਪੂੰਜੀ 11,50 ਕਰੋੜ ਰੁਪਏ ਹੈ। ਸਹਿਕਾਰੀ ਖੇਤਰ, ਜਿਸ ਵਿਚ ਖੰਡ ਦੀਆਂ ਮਿਲਾਂ ਵੀ ਸ਼ਾਮਲ ਹਨ, ਦੀ ਪੂੰਜੀ ਇਸ ਤੋਂ ਵੀ ਵਧੇਰੇ ਅਰਥਾਤ 21.38 ਕਰੋੜ ਰੁਪਏ ਹੈ।

ਇਸ ਗੱਲ ਦੇ ਬਾਵਜੂਦ ਕਿ ਕੁਝ ਕਾਰਪੋਰੇਸ਼ਨਾਂ ਨੂੰ ਹੋਂਦ ਵਿਚ ਆਇਆਂ ਕਾਫੀ ਸਮਾਂ ਹੋ ਗਿਆ ਹੈ, ਉਨ੍ਹਾਂ ਉਤੇ ਲਾਏ ਸਰਮਾਏ ਮੁਤਾਬਕ ਆਮਦਨ ਤਸੱਲੀਬਖਸ਼ ਨਹੀਂ । ਕੰਪਨੀਆਂ/ਕਾਰਪੋਰੇਸ਼ਨਾਂ ਦੇ ਕੰਮ ਵਿਚ ਸੁਧਾਰ ਲਿਆਉਣ ਅਤੇ ਉਨ੍ਹਾਂ ਨੂੰ ਵਪਾਰਕ ਤੌਰ ਤੇ ਲਾਹੇਵੰਦ ਬਣਾਉਣ ਲਈ ਸਮੇਂ ਸਮੇਂ ਉਪਾ ਕੀਤੇ ਜਾਂਦੇ ਰਹੇ ਹਨ। ਇਸੇ ਅਨੁਸਾਰ ਹੀ ਇਹ ਫੈਸਲਾ ਕੀਤਾ ਗਿਆ ਹੈ ਕਿ 15 ਸਾਲ ਜਾਂ ਇਸ ਤੋਂ ਵਧ ਸਮੇਂ ਦੇ ਪੁਰਾਣੇ ਅਦਾਰਿਆਂ ਨੂੰ, ਜਿਹੜੇ ਅਜੇ ਤਕ ਘਾਟੇ ਵਿਚ ਜਾ ਰਹੇ ਹਨ, ਬੰਦ ਕਰ ਦਿੱਤਾ ਜਾਵੇ। ਵਿਭਾਗਾਂ ਨੂੰ ਚਾਹੀਦਾ ਹੈ ਕਿ ਉਹ ਹੋਰ ਕੰਪਨੀਆਂ/ਕਾਰਪੋਰੇਸ਼ਨਾਂ ਦੇ ਕੰਮਕਾਰ ਦੀ ਲਗਾਤਾਰ ਨਜ਼ਰਸਾਨੀ ਕਰਨ, ਤਾਂ ਜੋ ਸਰਕਾਰ ਨੂੰ, ਘਟ ਤੋਂ ਘੱਟ ਵਾਜਬ ਆਮਦਨ ਤਾਂ ਮਿਲ ਸਕੇ। ਵਿਭਾਗਾਂ ਨੂੰ ਇਹ ਵੀ ਸਲਾਹ ਦਿੱਤੀ ਗਈ ਹੈ ਕਿ ਉਹ ਯਥਾਯੋਗ ਅੰਦਰੂਨੀ ਆਡਿਟ ਪ੍ਰਣਾਲੀ ਨੂੰ ਪਰਚਲਤ ਕਰਨ; ਸਹੀ ਤੇ ਸਾਫ ਮਾਸਕ, ਤਰੈ-ਮਾਸਕ ਵਿੱਤੀ ਵਿਵਰਣ ਤਿਆਰ ਕਰਨ; ਅਣ-ਉਪਜਾਊ ਮੱਦਾਂ ਉਤੇ ਖਰਚੇ ਦਾ ਮੁਲ-ਅੰਕਣ ਕਰਨ ਅਤੇ ਹਰੇਕ ਲੱਗੀ ਪੂੰਜੀ ਉਤੇ ਆਮਦਨ ਦੇ ਟੀਚੇ ਨਿਯਤ ਕਰਨ ਅਤੇ ਕਾਰਪੋਰੇਸ਼ਨਾਂ ਨੂੰ ਮੁਨਾਸਬ ਹਦਾਇਤਾਂ ਜਾਰੀ ਕਰਨ, ਤਾਂ ਜੋ ਉਨ੍ਹਾਂ ਤੋਂ ਸਰਕਾਰ ਦੀ ਨੀਤੀ ਦੀ ਝਲਕ ਮਿਲ ਸਕੇ।

ਲਗੇ ਸਰਮਾਏ ਨੂੰ ਲਾਹੇਵੰਦ ਬਣਾਉਣ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਅਗੋਂ ਲਈ ਪਬਲਿਕ ਸੈਕਟਰ ਅਦਾਰਿਆਂ ਵਿਚ ਅੰਸ਼ਦਾਨ ਆਮ ਕਰਕੇ 1:1 ਦੇ ਉਚਿਤ ਅਨੁਪਾਤ ਅਨੁਸਾਰ ਹੋਵੇ। ਕੰਪਨੀਆਂ/ਕਾਰਪੋਰੇਸ਼ਨਾਂ ਨੂੰ ਇਹ ਭੀ ਸਲਾਹ ਦਿੱਤੀ ਗਈ ਹੈ ਕਿ ਉਹ ਆਪਣੇ ਪ੍ਰਾਜੈਕਟਾਂ ਅਤੇ ਪਰੋਗਰਾਮਾਂ ਨੂੰ ਅਮਲੀ ਰੂਪ ਦੇਣ ਲਈ ਵਧਦੀ ਮਾਤਰਾ ਵਿਚ ਸੰਸਥਾਈ ਵਿੱਤ ਦਾ ਲਾਭ ਉਠਾਉਣ।

ਸੜਕਾਂ

ਸਾਲ 1970-71 ਦੇ ਦੌਰਾਨ ਮੌਜੂਦਾ ਪੱਕੀਆਂ ਸੜਕਾਂ ਨੂੰ ਚੌੜੇਰਾ ਕਰਨ, ਮਜ਼ਬੂਤ ਕਰਨ ਅਤੇ ਨਵਾਂ ਰੂਪ ਦੇਣ ਤੋਂ ਇਲਾਵਾ 2000 ਕਿਲੋਮੀਟਰ ਸੜਕਾਂ ਪੱਕੀਆਂ ਕੀਤੀਆਂ ਜਾਣਗੀਆਂ (ਪ੍ਰਸ਼ੰਸਾ)। ਸਾਲ ਦੇ ਅੰਤ ਤਕ ਪਕੀਆਂ ਸੜਕਾਂ ਦੀ ਕੁਲ ਲੰਬਾਈ ਜਿਸ ਵਿਚ ਪਿੰਡਾਂ ਦੀਆਂ ਲਿੰਕ ਸੜਕਾਂ ਵੀ ਸ਼ਾਮਲ ਹਨ, 11983 ਕਿਲੋਮੀਟਰ ਤਕ ਪੁੱਜ ਜਾਵੇਗੀ। ਇਸ ਤਰ੍ਹਾਂ ਵੰਡ ਸਮੇਂ ਦੀਆਂ ਪੱਕੀਆਂ ਸੜਕਾਂ ਦੀ ਲੰਬਾਈ ਵਿਚ 425 ਫੀ ਸਦੀ ਦਾ ਵਾਧਾ ਹੋ ਜਾਵੇਗਾ। (ਵਿਘਨ)

ਸਾਲ 1970-71 ਦੇ ਦੌਰਾਨ ਮੁੱਢ ਵਿਚ 400 ਲੱਖ ਰੁਪਏ ਦੀ ਰਕਮ ਸੜਕਾਂ ਵਾਸਤੇ ਟਿੱਕੀ ਗਈ ਸੀ। ਸਾਲ ਦੇ ਦੌਰਾਨ ਕਰੈਸ਼ ਪਰੋਗਰਾਮ ਲਈ 135 ਲੱਖ ਰੁਪਏ ਦੀ ਹੋਰ ਰਕਮ ਦਾ ਉਪਬੰਧ ਕੀਤਾ ਗਿਆ, ਜਿਸ ਵਿਚੋਂ 100 ਲੱਖ ਰੁਪਏ ਦਿਹਾਤੀ ਸੜਕਾਂ ਲਈ ਹਨ।

ਰਾਜ ਵਿਚ ਸੜਕਾਂ ਬਣਾਉਣ ਲਈ ਸਾਲ 1971-72 ਲਈ 10 ਕਰੋੜ ਰੁਪਏ ਦਾ ਇਕ ਪਰੋਗਰਾਮ ਤਿਆਰ ਕੀਤਾ ਗਿਆ ਹੈ ਜੋ ਪਿਛਲੇ ਸਾਲ ਨਾਲੋਂ ਦੁਗਨਾ ਹੈ। ਇਹ ਘੱਟ ਤੋਂ ਘੱਟ ਟੀਚਾ ਹੈ ਅਤੇ ਜੇ ਲੋੜ ਪਈ ਤਾਂ ਇਸ ਉਪਬੰਧ ਵਿਚ ਵਾਧਾ ਕਰਨ ਦੇ ਯਤਨ ਕੀਤੇ ਜਾਣਗੇ। ਇਸ ਵਿਚੋਂ 6 ਕਰੋੜ ਰੁਪਏ ਰਾਜ ਸਰਕਾਰ ਦੇਵੇਗੀ ਅਤੇ ਬਾਕੀ ਦੀ ਰਕਮ ਮਾਰਕਿਟ ਕਮੇਟੀਆਂ ਅਤੇ ਪੰਚਾਇਤਾਂ ਦੇਣਗੀਆਂ। ਇਹ ਖਰਚਾ ਟਿੱਕਣ ਲੱਗਿਆਂ ਦਿਹਾਤੀ ਸੜਕਾਂ ਦੇ ਕਰੈਸ਼ ਪਰੋਗਰਾਮ ਨੂੰ ਬਹੁਤ ਅਹਿਮੀਅਤ ਦਿੱਤੀ ਗਈ ਹੈ ਅਤੇ ਇਸ ਵਾਸਤੇ 4.72 ਕਰੋੜ ਰੁਪਏ ਦੀ ਰਕਮ ਟਿੱਕੀ ਗਈ ਹੈ। ਇਸ ਰਕਮ ਨਾਲ 1575 ਕਿਲੋਮੀਟਰ ਲੰਮੀਆਂ ਦਿਹਾਤੀ ਸੜਕਾਂ ਹੋਰ ਬਣਾਈਆਂ ਜਾ ਸਕਣਗੀਆਂ। ਦਿਹਾਤੀ ਸੜਕਾਂ ਨੂੰ ਦਿੱਤੀ ਗਈ ਉਚ ਅਗੇਤ ਇਸ ਗੱਲ ਤੋਂ ਹੀ ਸਿੱਧ ਹੋ ਜਾਂਦੀ ਹੈ ਕਿ ਚੌਥੀ ਯੋਜਨਾ ਦੇ ਸਮੇਂ ਦੇ ਦੌਰਾਨ 4470 ਕਿਲੋਮੀਟਰ ਲੰਮੀਆਂ ਦਿਹਾਤੀ ਸੜਕਾਂ ਬਣਾਉਣ ਦਾ ਮਿਥਿਆ ਗਿਆ

[ਵਿੱਤ ਮੰਤਰੀ]

ਟੀਚਾ ਪੰਜ-ਸਾਲਾਂ ਦੀ ਥਾਂ ਕੇਵਲ ਤਿੰਨ ਸਾਲਾਂ ਵਿਚ ਹੀ ਪੂਰਾ ਕਰ ਲਿਆ ਜਾਵੇਗਾ। (ਪ੍ਰਸ਼ੰਸਾ) ਇਸ ਦੇ ਨਾਲ ਚੌਥੀ ਯੋਜਨਾ ਲਈ ਕੁਲ 18.14 ਕਰੋੜ ਰੁਪਏ ਦੀ ਟਿੱਕੀ ਰਕਮ ਵਿਚੋਂ 17.91 ਕਰੋੜ ਰੁਪਏ ਸਾਲ 1971-72 ਦੇ ਅੰਤ ਤਕ ਖਰਚ ਕਰ ਲਏ ਜਾਣਗੇ।

ਮਾਡਲ ਗ੍ਰਾਮ

ਪੰਜਾਬ ਇਕ ਜ਼ਰਾਇਤੀ ਰਾਜ ਹੈ ਅਤੇ ਇਸ ਦੀ ਵਸੋਂ ਦੀ ਬਹੁ-ਗਿਣਤੀ ਪਿੰਡਾਂ ਵਿਚ ਰਹਿੰਦੀ ਹੈ। ਦਿਹਾਤੀ ਇਲਾਕਿਆਂ ਵਿਚ ਵਿਕਾਸ ਦੀ ਰਫਤਾਰ ਹੋਰ ਤੇਜ਼ ਕਰਨ ਲਈ ਅਤੇ ਪਿੰਡਾਂ ਵਿਚ ਰਹਿਣ ਸਹਿਣ ਦੀ ਹਾਲਤ ਸੁਧਾਰਨ ਲਈ ਸਾਲ 1969-70 ਵਿਚ ਮਾਡਲ ਗ੍ਰਾਮ ਸਕੀਮ ਚਾਲੂ ਕੀਤੀ ਗਈ।

ਰਾਜ ਦਿਹਾਤੀ ਵਿਕਾਸ ਬੋਰਡ ਸਥਾਪਤ ਕਰ ਦਿੱਤਾ ਗਿਆ ਹੈ ਅਤੇ ਰਾਜ ਵਿਚ ਮਾਡਲ ਗ੍ਰਾਮ ਸਕੀਮ ਤੇ 10 ਕਰੋੜ ਰੁਪਏ ਦੀ ਰਕਮ ਖਰਚ ਕਰਨ ਦੀ ਤਜਵੀਜ਼ ਹੈ ਜਿਸ ਵਿਚੋਂ 50 ਫੀ ਸਦੀ ਰਕਮ ਗੈਰ-ਸਰਕਾਰੀ ਏਜੰਸੀਆਂ, ਦੁਆਰਾ ਦਿੱਤੀ ਜਾਣੀ ਹੈ। ਸਾਲ 1970-71 ਦੇ ਦੌਰਾਨ ਇਸ ਸਕੀਮ ਉਤੇ 4.87 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾ ਰਹੀ ਹੈ। ਸਾਲ 1971-72 ਦੇ ਦੌਰਾਨ ਰਾਜ ਦੇ ਹਿੱਸੇ ਵਜੋਂ 2 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਇਤਿਹਾਸਕ ਅਤੇ ਧਾਰਮਕ ਸਥਾਨ

ਪੰਜਾਬ ਵਿਚ ਬਹੁਤ ਸਾਰੇ ਇਤਿਹਾਸਕ ਸਥਾਨ ਹਨ, ਜਿਥੇ ਵੱਡੀ ਗਿਣਤੀ ਵਿਚ ਸੈਲਾਨੀ ਅਤੇ ਯਾਤਰੀ ਆਉਂਦੇ ਹਨ। ਪਿਛਲੇ ਸਾਲ ਤੋਂ, ਰਾਜ ਸਰਕਾਰ ਨੇ ਇਨ੍ਹਾਂ ਸਥਾਨਾਂ ਦਾ ਵਿਕਾਸ ਕਰਨ ਅਤੇ ਯਾਤਰੀਆਂ ਨੂੰ ਸੁੱਖ-ਸਹੂਲਤਾਂ ਮੁਹੱਈਆ ਕਰਨ ਲਈ ਜ਼ੋਰਦਾਰ ਤੇ ਭਰਵੇਂ ਯਤਨ ਆਰੰਭ ਕੀਤੇ ਹਨ। ਅਜਿਹੇ ਨਗਰਾਂ ਵਾਸਤੇ ਵਖੋ ਵੱਖ ਵਿਕਾਸ ਬੋਰਡ ਸਥਾਪਤ ਕੀਤੇ ਜਾਂਦੇ ਹਨ। ਸਾਲ ਦੇ ਦੌਰਾਨ ਅਨੰਦਪੁਰ ਸਾਹਿਬ, ਨੈਣਾ ਦੇਵੀ, ਰਾਮ ਤੀਰਥ, ਮੁਕਤਸਰ ਅਤੇ ਫਤਹਿਗੜ੍ਹ ਸਾਹਿਬ ਸਬੰਧੀ ਅਜਿਹੇ ਬੋਰਡ ਸਥਾਪਤ ਕੀਤੇ ਗਏ ਹਨ।

ਸੰਗਠਤ ਨਗਰ ਵਿਕਾਸ

ਸਾਡੇ ਵੱਡੇ ਸ਼ਹਿਰਾਂ ਵਿੱਚ ਭੀੜ ਭੜੱਕਾ ਵਧ ਰਿਹਾ ਹੈ ਅਤੇ ਆਵਾਜਾਈ ਵਿਚ ਕਈ ਰੁਕਾਵਟਾਂ ਅਤੇ ਕੋਝੀਆਂ ਇਮਾਰਤਾਂ ਦੀ ਸਮੱਸਿਆ ਤੋਂ ਇਲਾਵਾ ਇਨ੍ਹਾਂ ਵਿੱਚ ਲੋੜੀਂਦੀਆਂ ਸੁੱਖ-ਸਹੂਲਤਾਂ ਵੀ ਪ੍ਰਾਪਤ ਨਹੀਂ। ਇਨ੍ਹਾਂ ਦੇ ਸੁਧਾਰ ਲਈ ਰਾਜ ਸਰਕਾਰ ਨੇ ਉਚ-ਪਧਰੇ ਨਗਰ-ਵਿਕਾਸ ਬੋਰਡ ਸਥਾਪਤ ਕੀਤੇ ਹਨ।

ਸ਼ਹਿਰਾਂ ਦੀਆਂ ਅਪਰੋਚ-ਸੜਕਾਂ ਚੌੜੀਆਂ ਕਰਨ, ਉਨ੍ਹਾਂ ਉਤੇ ਰੋਸ਼ਨੀ ਦਾ ਯੋਗ ਪ੍ਰਬੰਧ ਕਰਨ, ਸੜਕਾਂ ਵਿਚਲੀਆਂ ਰੁਕਾਵਟਾਂ ਹਟਾਉਣ ਅਤੇ ਸ਼ਹਿਰੀ ਜੀਵਨ ਨੂੰ ਹੋਰ ਸਾਫ ਸੁਥਰਾ ਬਣਾਉਣ ਲਈ ਇਕ ਪਰੋਗਰਾਮ ਸ਼ੁਰੂ ਕੀਤਾ ਗਿਆ ਹੈ। ਅੰਮ੍ਰਿਤਸਰ ਵਿਚ, ਸੜਕਾਂ ਚੌੜੀਆਂ ਕਰਨ ਦੇ ਕੰਮ ਤੋਂ ਇਲਾਵਾ, ਲੈਂਡ ਸਕੇਪ ਨੂੰ ਸੁਹਾਵਣਾ ਬਣਾਉਣ ਅਤੇ ਪ੍ਰਮੁੱਖ ਸੜਕਾਂ ਉਤੇ ਗੈਰ-ਕਾਨੂੰਨੀ ਤੌਰ ਤੇ ਮਲੀਆਂ ਥਾਵਾਂ ਖ਼ਾਲੀ ਕਰਾਉਣ ਅਤੇ ਪਸ਼ੂਆਂ ਨੂੰ ਸ਼ਹਿਰ ਤੋਂ ਬਾਹਰ ਲਿਜਾਣ ਲਈ ਯੋਜਨਾਵਾਂ ਵੀ ਬਣਾਈਆਂ ਗਈਆਂ ਹਨ। ਜਲੰਧਰ ਲਈ ਵੀ ਇਕ ਵੱਡੀ ਯੋਜਨਾ ਤਿਆਰ ਕੀਤੀ ਗਈ ਹੈ ਅਤੇ ਇਥੇ ਦੀ ਨਗਰ ਪਾਲਕਾ ਨੂੰ ਸਹਾਇਤਾ ਗਰਾਂਟਾਂ ਅਤੇ ਕਰਜ਼ੇ ਵਜੋਂ ਰਕਮਾਂ ਮੁਹੱਈਆ ਕੀਤੀਆਂ ਗਈਆਂ ਹਨ। ਲੁਧਿਆਣੇ ਲਈ ਵੀ ਇਸੇ ਪਰਕਾਰ ਦੀ ਇਕ ਯੋਜਨਾ ਤਿਆਰ ਕੀਤੀ ਜਾ ਰਹੀ ਹੈ।

ਸਾਲ 1971-72 ਦੇ ਬਜਟ ਵਿਚ ਰਾਜ ਦੀਆਂ ਸਥਾਨਕ ਸੰਸਥਾਵਾਂ ਲਈ ਕੁਲ 150 ਲਖ ਰੁਪਏ ਦੀ ਰਕਮ ਕਰਜ਼ਿਆਂ ਦੇ ਤੌਰ ਤੇ ਅਤੇ 50 ਲੱਖ ਰੁਪਏ ਦੀ ਰਕਮ ਗਰਾਂਟਾਂ ਦੇ ਤੌਰ ਤੇ ਰੱਖੀ ਗਈ ਹੈ।

ਖ਼ੁਰਾਕ

ਸਾਲ 1970 ਦੇ ਮਈ ਅਤੇ ਜੂਨ ਦੇ ਮਹੀਨਿਆਂ ਦੇ ਦੌਰਾਨ ਪੰਜਾਬ ਦੀਆਂ ਮੰਡੀਆਂ ਵਿਚ ਆਈ ਕਣਕ 21.60 ਲੱਖ ਮੀਟਰਕ ਟਨ ਦੀ ਬੇਮਿਸਾਲ ਸਿਖਰ ਨੂੰ ਛੂਹ ਗਈ। ਇਸ ਤਰ੍ਹਾਂ ਭਾਰੀ ਮਿਕਦਾਰ ਵਿਚ ਕਣਕ ਦੇ ਆ ਜਾਣ ਨਾਲ ਸਾਧਾਰਣ ਤੌਰ ਤੇ ਕੀਮਤਾਂ ਵਿਚ ਭਾਰੀ ਕਮੀ ਆ ਜਾਣੀ ਸੀ। ਪਰ ਰਾਜ ਸਰਕਾਰ ਨੇ ਵੇਲੇ ਸਿਰ ਖ਼ੁਰਾਕ ਵਿਭਾਗ, ਭਾਰਤ ਦੀ ਖ਼ੁਰਾਕ ਕਾਰਪੋਰੇਸ਼ਨ ਅਤੇ ਪੰਜਾਬ ਰਾਜ ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨ ਰਾਹੀਂ ਮੰਡੀਆਂ ਵਿਚਲਾ ਵਾਧੂ ਸਟਾਕ ਖਰੀਦਣ ਦੇ ਸਫਲ ਉਪਾ ਕਰ ਲਏ। ਇਨ੍ਹਾਂ ਨਤੀਜੇ ਵਜੋਂ ਕਣਕ ਦੀਆਂ ਕੀਮਤਾਂ ਉਦੋਂ ਵੀ 76 ਰੁਪਏ ਪ੍ਰਤੀ ਕੁਇੰਟਲ ਦੇ ਦਰ ਤੇ ਸਥਿਰ ਰਹੀਆਂ, ਜਦੋਂ ਕਿ ਕਣਕ ਧੜਾ ਧੜ ਮੰਡੀਆਂ ਵਿੱਚ ਆ ਰਹੀ ਸੀ। ਕਿਸਾਨਾਂ ਨੂੰ ਆਪਣੇ ਪਿੰਡਾਂ ਦੇ ਨੇੜੇ ਨੇੜੇ ਕਣਕ ਵੇਚਣ ਦੀਆਂ ਸਹੂਲਤਾਂ ਦੇਣ ਲਈ ਖ਼ਰੀਦ ਕੇਂਦਰਾਂ ਦੀ ਗਿਣਤੀ 159 ਤੋਂ 225 ਕਰ ਦਿੱਤੀ ਗਈ। ਇਹ ਜਾਣ ਕੇ ਖੁਸ਼ੀ ਹੁੰਦੀ ਹੈ ਕਿ ਸਮੁੱਚੇ ਦੇਸ਼ ਦੇ 37 ਲੱਖ ਮੀਟਰਕ ਟਨ ਦੇ ਟੀਚੇ ਦੇ ਮੁਕਾਬਲੇ ਤੇ ਇਕੱਲੇ ਪੰਜਾਬ ਨੇ 24 ਲੱਖ ਮੀਟਰਕ ਟਨ ਕਣਕ ਖਰੀਦੀ ਹੈ। ਕੇਂਦਰੀ ਪੂਲ ਲਈ ਚਾਵਲ ਖਰੀਦਣ ਲਈ ਸਫਲ ਕਦਮ ਉਠਾਏ ਗਏ ਹਨ। ਕੀਮਤਾਂ ਨੂੰ ਡਿਗਣ ਤੋਂ ਬਚਾਉਣ ਲਈ ਭਾਰਤ ਦੀ ਖੁਰਾਕ ਕਾਰਪੋਰੇਸ਼ਨ ਨੂੰ ਮੰਡੀਆਂ ਵਿਚੋਂ ਧਾਨ ਖਰੀਦਣ ਲਈ ਕਿਹਾ ਗਿਆ ਸੀ।

ਰਾਜ ਸਰਕਾਰ ਨੇ ਦੋ ਪੜਾਵਾਂ ਵਿਚ ਵਿਗਿਆਨਕ ਗੁਦਾਮਾਂ ਦੀ ਉਸਾਰੀ ਦਾ ਇਕ ਕਰੈਸ਼ ਪਰੋਗਰਾਮ ਅਰੰਭ ਕੀਤਾ ਹੈ ਜਿਸ ਨਾਲ ਹਰ ਪੜਾ ਵਿਚ 40,000 ਅਤੇ 60,000 ਮੀਟਰਕ ਟਨ ਦੀ ਸਮਰਥਾ ਵਾਲੇ ਗੁਦਾਮ ਬਣਾਏ ਜਾਣਗੇ। ਹੁਣ ਤਕ 70,000 ਮੀਟਰਕ ਟਨ ਦੀ ਸਮਰਥਾ ਦੇ ਬਿਨ ਅਤੇ ਗੁਦਾਮ ਮੁਕੰਮਲ ਹੋ ਚੁਕੇ ਹਨ ਅਤੇ ਬਾਕੀ ਬਣ ਰਹੇ ਹਨ।

ਟਰਾਂਸਪੋਰਟ

ਰਾਜ ਟਰਾਂਸਪੋਰਟ ਵਿਭਾਗ, 60:40 ਦੀ ਸਕੀਮ ਲਾਗੂ ਕਰ ਰਿਹਾ ਹੈ, ਜਿਸ ਨਾਲ ਲਗ ਭਗ 15,000 ਮੀਲਾਂ ਦੇ ਵਧੀਕ ਰੂਟ ਲੈ ਲਏ ਗਏ ਹਨ। ਇਸ ਨਾਲ ਵਧੀਕ ਬੱਸਾਂ ਖਰੀਦਣ ਅਤੇ ਪੁਰਾਣੀਆਂ ਬੱਸਾਂ ਬਦਲਣ ਦੀ ਲੋੜ ਪੈ ਗਈ ਹੈ। ਸਾਲ 1970-71 ਦੇ ਅੰਤ ਤਕ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੀ ਗਿਣਤੀ 1193 ਹੋ ਜਾਵੇਗੀ। ਬਸਾਂ ਵਿਚ ਵਾਧੇ ਤੋਂ ਇਲਾਵਾ ਮੁਸਾਫਰਾਂ ਅਤੇ ਅਮਲੇ ਨੂੰ ਸਹੂਲਤਾਂ ਦੇਣ ਲਈ ਵੀ ਕਦਮ ਚੁੱਕੇ ਜਾ ਰਹੇ ਹਨ। 25 ਬਸ ਕਿਉ-ਸ਼ੈਲਟਰਾਂ ਲਈ ਵੀ ਉਪਬੰਧ ਕੀਤਾ ਗਿਆ ਸੀ, ਜਿਨ੍ਹਾਂ ਵਿਚੋਂ ਬਹੁਤੇ ਵਿਭਾਗੀ ਤੌਰ ਤੇ ਬਣਾ ਲਏ ਗਏ ਹਨ। ਜਲੰਧਰ-ਲੁਧਿਆਣਾ ਦਾ ਬਸ ਰੂਟ, ਮਾਡਲ ਰੂਟ ਕਰਾਰ ਦਿਤਾ ਗਿਆ ਹੈ, ਜਿਸ ਤੇ ਮੁਸਾਫਰਾਂ ਨੂੰ ਚੰਗੇਰੀ ਸੇਵਾ ਦਿੱਤੀ ਜਾਵੇ-ਗੀ ਅਤੇ ਨਿਮਰਤਾ ਭਰਿਆ ਵਰਤਾਉ ਕੀਤਾ ਜਾਵੇਗਾ। ਟਰਾਂਸਪੋਰਟ ਦੇ ਰਾਸ਼ਟਰੀਕਰਣ ਦੀ ਨੀਤੀ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੁਆਰਾ ਵੀ ਲਾਗੂ ਕੀਤੀ ਗਈ ਹੈ। ਇਸ ਕਾਰਪੋਰੇਸ਼ਨ ਨੇ ਵਿਕਾਸ ਦਾ ਇਕ ਪਰੋਗਰਾਮ ਸ਼ੁਰੂ ਕਰ ਦਿਤਾ ਹੈ, ਜਿਸ ਨਾਲ ਇਸ ਨੂੰ ਪ੍ਰਾਈਵੇਟ ਉਪਰੇਟਰਾਂ ਨਾਲ 60:40 ਦਾ ਤਨਾਸਬ ਪ੍ਰਾਪਤ ਹੋ ਜਾਵੇਗਾ। ਪੈਪਸੂ ਦੇ ਖੇਤਰ ਵਿਚ, ਜਿਥੋਂ ਤਕ ਸਾਡੇ ਵਸੀਲੇ ਆਗਿਆ ਦੇਣਗੇ, ਅਸੀਂ 100 ਫੀ ਸਦੀ ਰੂਟਾਂ ਦੇ ਰਾਸ਼ਟਰੀਕਰਣ ਦੇ ਫੈਸਲੇ ਨੂੰ ਪੂਰਾ ਕਰਨ ਦਾ ਯਤਨ ਕਰਾਂਗੇ। ਚੌਥੀ ਯੋਜਨਾਂ ਦੇ ਦੌਰਾਨ ਕਾਰਪੋਰੇਸ਼ਨ, ਬਸਾਂ ਖਰੀਦਣ ਅਤੇ ਵਰਕਸ਼ਾਪਾਂ ਤੇ ਦਫ਼ਤਰ ਬਣਾਉਣ ਲਈ

[ਵਿੱਤ ਮੰਤਰੀ]

545 ਲੱਖ ਰੁਪਏ ਖਰਚ ਕਰੇਗੀ। ਕਾਰਪੋਰੇਸ਼ਨ ਮੁਸਾਫਰਾਂ ਦੀ ਸਹੂਲਤ ਲਈ ਪਟਿਆਲਾ, ਸੰਗਰੂਰ ਅਤੇ ਬਠਿੰਡਾ ਵਿਖੇ ਬਸ-ਅੱਡੇ ਬਣਾਉਣ ਦਾ ਵਿਚਾਰ ਰਖਦੀ ਹੈ। ਕਾਰਪੋਰੇਸ਼ਨ ਦੁਆਰਾ ਕਵਰ ਕੀਤੇ ਰੂਟਾਂ ਦੇ ਨਾਲ ਨਾਲ ਕਾਫੀ ਗਿਣਤੀ ਵਿਚ ਬਸ ਕਿਊ-ਸ਼ੈਲਟਰਾਂ ਦੀ ਉਸਾਰੀ ਹੋ ਰਹੀ ਹੈ।

ਰਾਜ ਵਿੱਚ ਰੋਡ ਟਰਾਂਸਪੋਰਟ ਨੂੰ ਸਹਿਜੇ ਸਹਿਜੇ ਸਰਕਾਰੀ ਕੰਟਰੋਲ ਵਿਚ ਲਿਆਉਣ ਦੀ ਨੀਤੀ, ਉਨਤੀ ਵਲ ਇਕ ਨਿਸਚਿਤ ਕਦਮ ਹੈ। ਪੰਜਾਬ ਟਰਾਂਸਪੋਰਟ ਦੇ 60 ਫੀ ਸਦੀ ਰੂਟ ਤੁਰਤ ਲੈ ਲਏ ਜਾਣ ਨਾਲ, ਪ੍ਰਾਈਵੇਟ ਸੈਕਟਰ ਪਾਸੋਂ, ਬਾਕੀ 40 ਫੀ ਸਦੀ ਰੂਟ ਸੱਤਾਂ ਸਾਲਾਂ ਸਮੇਂ ਦੇ ਵਿਚ, ਹਰ ਸਾਲ 1/3 ਦੇ ਦਰ ਨਾਲ ਲੈ ਲਏ ਜਾਣਗੇ। ਇਸ ਨਾਲ 10 ਸਾਲਾਂ ਦੇ ਅੰਤ ਤਕ ਸੌ ਫੀ ਸਦੀ ਰਾਸ਼ਟਰੀਕਰਣ ਦੀ ਪ੍ਰਾਪਤੀ ਹੋ ਜਾਵੇਗੀ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ

ਰਾਜ ਸਰਕਾਰ ਅਨੁਸੂਚਿਤ ਜਾਤੀਆਂ, ਸਮਾਜਕ ਤੌਰ ਤੇ ਪਛੜੇ ਹੋਏ ਅਤੇ ਗਰੀਬ ਲੋਕਾਂ ਨੂੰ ਸਰਬ ਸਾਂਝੇ ਸਮਾਜਕ ਢਾਂਚੇ ਵਿਚ ਸ਼ਾਮਲ ਕਰਨ ਲਈ ਪੂਰੇ ਜ਼ੋਰ ਨਾਲ ਯਤਨ ਕਰ ਰਹੀ ਹੈ।

ਦਿਹਾਤੀ ਅਤੇ ਸ਼ਹਿਰੀ ਦੋਹਾਂ ਇਲਾਕਿਆਂ ਵਿਚ ਅਨੁਸੂਚਿਤ ਜਾਤੀਆਂ ਲਈ ਧਰਮਸਾਲਾਂ ਅਤੇ ਚੋਪਾਲਾਂ ਬਣਾਉਣ ਸਬੰਧੀ ਪਰੋਗਰਾਮ ਕਾਫੀ ਵੱਡੇ ਪੈਮਾਨੇ ਤੇ ਸ਼ੁਰੂ ਕੀਤਾ ਗਿਆ ਹੈ ਅਤੇ ਚਾਲੂ ਸਾਲ ਦੇ ਦੌਰਾਨ 1000 ਪਿੰਡ ਅਤੇ ਸਾਲ 1971-72 ਦੇ ਦੌਰਾਨ 600 ਪਿੰਡ ਇਸ ਸਕੀਮ ਅਧੀਨ ਆ ਜਾਣਗੇ। ਸਾਲ 1970-71 ਦੇ ਦੌਰਾਨ ਇਸ ਮੰਤਵ ਲਈ 50 ਲੱਖ ਰੁਪਏ ਦੀ ਰਕਮ ਰੱਖੀ ਗਈ ਸੀ। ਸਾਲ 1971-72 ਦੇ ਦੌਰਾਨ ਇਸ ਮਨੋਰਥ ਲਈ 50 ਲੱਖ ਰੁਪਏ ਦੀ ਹੋਰ ਰਕਮ ਰਖੀ ਗਈ ਹੈ। (ਪ੍ਰਸ਼ੰਸਾ)

ਚਾਲੂ ਸਾਲ ਦੇ ਦੌਰਾਨ ਪੰਜਾਬ ਅਨੁਸੂਚਿਤ ਜਾਤੀਆਂ ਦੇ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਐਕਟ ਪਾਸ ਕੀਤਾ ਗਿਆ ਹੈ। ਇਹ ਕਾਰਪੋਰੇਸ਼ਨ ਖੇਤੀ ਬਾੜੀ ਵਿਕਾਸ, ਮਾਰਕੀਟਿੰਗ, ਪ੍ਰਾਸੈਸਿੰਗ, ਜ਼ਰਾਇਤੀ ਪੈਦਾਵਾਰ ਦੀ ਸਪਲਾਈ ਅਤੇ ਸਟੋਰੇਜ, ਛੋਟੇ ਪੈਮਾਨੇ ਦੇ ਉਦਯੋਗ, ਇਮਾਰਤਾਂ, ਟਰਾਂਸਪੋਰਟ ਅਤੇ ਵਣਜ ਅਤੇ ਵਪਾਰ ਆਦਿ ਜਾਂ ਸਰਕਾਰ ਦੁਆਰਾ ਪ੍ਰਵਾਣਿਤ ਕਿਸੇ ਹੋਰ ਸਰਗਰਮੀ ਸਬੰਧੀ ਪਰੋਗਰਾਮਾਂ ਦੀਆਂ ਯੋਜਨਾਵਾਂ ਬਣਾਏਗੀ ਅਤੇ ਇਨ੍ਹਾਂ ਨੂੰ ਨੇਪਰੇ ਚਾੜ੍ਹੇਗੀ। ਕਾਰਪੋਰੇਸ਼ਨ ਪਾਸ 5 ਕਰੋੜ ਰੁਪਏ ਦੀ ਅਧਿਕਾਰਤ ਪੂੰਜੀ ਹੋਵੇਗੀ। ਅਸੀਂ 1 ਕਰੋੜ ਦਿੱਤਾ ਹੈ।

ਹੁਣ 1,800 ਰੁਪਏ ਸਾਲਾਨਾ ਆਮਦਨ ਦੀ ਸੀਮਾ ਦੀ ਥਾਂ 3,600 ਰੁਪਏ ਤਕ ਦੀ ਸਾਲਾਨਾ ਆਮਦਨ ਵਾਲੇ ਮਾਪਿਆਂ ਦੇ ਬੱਚਿਆਂ ਨੂੰ ਵਜ਼ੀਫੇ ਮਿਲ ਸਕਣਗੇ। (ਪ੍ਰਸ਼ੰਸਾ) ਇਸ ਤਰ੍ਹਾਂ ਹੁਣ ਕਾਫੀ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਵਜ਼ੀਫੇ ਮਿਲਣਗੇ ਅਤੇ ਫੀਸਾਂ ਤੋਂ ਛੋਟ ਦੀ ਰਿਆਇਤ ਪ੍ਰਾਪਤ ਹੋਵੇਗੀ। ਪਹਿਲੀ ਅਤੇ ਦੂਜੀ ਡਵੀਜ਼ਨ ਵਿਚ ਪਾਸ ਹੋਣ ਵਾਲੇ ਵਿਦਿਆਰਥੀਆਂ ਦੀ ਸੂਰਤ ਵਿਚ ਵਜ਼ੀਫੇ ਦੀ ਦਰ 6 ਰੁਪਏ ਤੋਂ ਵਧਾ ਕੇ 10 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। (ਪ੍ਰਸ਼ੰਸਾ)

ਸਿਹਤ

ਚਾਲੂ ਸਾਲ ਦੇ ਦੌਰਾਨ 20 ਆਯੁਰਵੈਦਿਕ ਅਤੇ 8 ਐਲੋਪੈਥਿਕ ਡਿਸਪੈਂਸਰੀਆਂ ਖੋਲ੍ਹੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸਰਕਾਰ ਨੇ 50 ਬੈਡ ਦਾ ਮੋਬਾਇਲ ਹਸਪਤਾਲ ਕਾਇਮ ਕਰਨ ਦਾ ਫੈਸਲਾ ਕੀਤਾ ਹੈ। ਇਹ ਹਸਪਤਾਲ ਮੈਡੀਕਲ ਕਾਲਜ, ਅੰਮ੍ਰਿਤਸਰ ਨਾਲ ਲਾਇਆ ਜਾਵੇਗਾ। ਇਸ ਮੋਬਾਇਲ ਹਸਪਤਾਲ ਦੀ ਵਰਤੋਂ ਉਨ੍ਹਾਂ ਇਲਾਕਿਆਂ ਵਿਚ ਕੀਤੀ ਜਾਵੇਗੀ, ਜਿਨ੍ਹਾਂ ਵਿਚ ਡਾਕਟਰੀ ਸਹੂਲਤਾਂ ਘਟ ਪ੍ਰਾਪਤ ਹਨ। ਇਸ ਤੋਂ ਇਲਾਵਾ 6 ਜ਼ਿਲ੍ਹਾ ਹਸਪਤਾਲਾਂ ਅਤੇ 11 ਤਸੀਲ ਹਸਪਤਾਲਾਂ ਦਾ ਦਰਜਾ ਵੀ ਵਧਾ ਦਿਤਾ ਗਿਆ ਹੈ।

ਪਰਿਵਾਰ ਨਿਯੋਜਨ ਪ੍ਰੋਗਰਾਮ ਦਾ ਉਦੇਸ਼ 1974 ਤਕ ਵਰਤਮਾਨ ਰਾਸ਼ਟਰੀ ਜਨਮ ਦਰ ਨੂੰ 39 ਪ੍ਰਤੀ ਹਜ਼ਾਰ ਤੋਂ ਘਟਾ ਕੇ 32 ਪ੍ਰਤੀ ਹਜ਼ਾਰ ਅਤੇ 1978-79 ਤਕ 25 ਪ੍ਰਤੀ ਹਜ਼ਾਰ ਕਰਨਾ ਹੈ। ਪੰਜਾਬ ਰਾਜ ਨੇ ਪਿਛਲੇ ਕੁਝ ਸਾਲਾਂ ਦੇ ਦੌਰਾਨ ਪਰਿਵਾਰ ਨਿਯੋਜਨ ਦੇ ਖੇਤਰ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ ਅਤੇ ਪੰਜਾਬ ਦੇਸ਼ ਭਰ ਵਿਚ ਇਸ ਪਖੋਂ ਇਕ ਵਧੀਆ ਰਾਜ ਗਿਣਿਆ ਗਿਆ ਹੈ। ਰਾਜ ਵਿਚ ਜਨਮ ਦਰ 1961 ਵਿਚ 34.4 ਪ੍ਰਤੀ ਹਜ਼ਾਰ ਤੋਂ ਘਟ ਕੇ 1969 ਵਿਚ 28.20 ਪ੍ਰਤੀ ਹਜ਼ਾਰ ਰਹਿ ਗਿਆ ਹੈ।

ਸਿਖਿਆ

ਸਾਲ 1970-71 ਦੇ ਦੌਰਾਨ 88 ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਗਏ ਹਨ। 255 ਪ੍ਰਾਇਮਰੀ ਸਕੂਲਾਂ ਅਤੇ 146 ਮਿਡਲ ਸਕੂਲਾਂ ਨੂੰ ਕ੍ਰਮਵਾਰ ਮਿਡਲ ਅਤੇ ਹਾਈ ਸਕੂਲ ਬਣਾ ਦਿੱਤਾ ਗਿਆ ਹੈ। 6 ਮਿਡਲ ਅਤੇ 10 ਹਾਈ ਸਕੂਲਾਂ ਵਿਚ ਖੇਤੀ ਬਾੜੀ ਦੀ ਪੜ੍ਹਾਈ ਸ਼ੁਰੂ ਕੀਤੀ ਗਈ।

6 ਤੋਂ 11 ਸਾਲ ਤਕ ਦੀ ਉਮਰ ਵਾਲੇ ਬਚਿਆਂ ਦੇ ਦਾਖਲੇ ਵਿਚ ਵਾਧਾ ਕਰਨ ਲਈ ਸਾਲ 1970–71 ਦੇ ਦੌਰਾਨ 23.82 ਲਖ ਰੁਪਏ ਦੇ ਮੁਕਾਬਲੇ ਤੇ 1971–72 ਦੇ ਦੌਰਾਨ 90.15 ਲੱਖ ਰੁਪਏ ਦੀ ਰਕਮ ਰਖੀ ਗਈ ਹੈ।

ਸਾਲ 1971–72 ਦੇ ਦੌਰਾਨ ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਵਿਚ 6 ਤੋਂ 11 ਅਤੇ 11 ਤੋਂ 14 ਸਾਲ ਦੇ ਬੱਚਿਆਂ ਲਈ ਹੋਰ ਕਲਾਸ ਰੂਮ ਬਣਾਉਣ ਲਈ ਬਰਾਬਰ ਦੀ ਗਰਾਂਟ ਵਜੋਂ 22.50 ਲੱਖ ਰੁਪਏ ਦੀ ਰਕਮ ਰਖੀ ਗਈ ਹੈ। ਪੰਜਾਬ ਦੀ ਪਿਛਲੇ 20 ਸਾਲ ਦੀ ਹਿਸਟਰੀ ਵਿਚ ਇਸ ਨਾਲੋਂ ਅਧਾ ਵੀ ਪ੍ਰਬੰਧ ਨਹੀਂ ਸੀ। (ਵਿਘਨ)

ਭਾਰਤ ਸਰਕਾਰ ਨੇ ਦਿਹਾਤੀ ਇਲਾਕਿਆਂ ਵਿਚ ਪੜ੍ਹਨ ਵਾਲੇ 14 ਤੋਂ 17 ਸਾਲ ਤਕ ਦੀ ਉਮਰ ਦੇ ਹੁਸ਼ਿਆਰ ਬਚਿਆਂ ਲਈ ਇਕ ਸਕੀਮ ਚਾਲੂ ਕੀਤੀ ਹੈ। ਉਨ੍ਹਾਂ ਨੇ ਹਰੇਕ ਵਿਕਾਸ ਬਲਾਕ ਪਿਛੇ ਹਜ਼ਾਰ ਹਜ਼ਾਰ ਰੁਪਏ ਦੇ ਦੋ ਸਾਲਾਨਾ ਵਜ਼ੀਫੇ ਮਨਜ਼ੂਰ ਕੀਤੇ ਹਨ (ਪ੍ਰਸ਼ੰਸਾ)। ਪੰਜਾਬ ਸਰਕਾਰ ਨੇ ਵੀ ਇੰਨੇ ਹੀ ਮੁਲ ਦੇ ਹੋਰ ਵਜ਼ੀਫੇ ਹਰੇਕ ਵਿਕਾਸ ਬਲਾਕ ਪਿਛੇ ਰਖੇ ਹਨ ਅਤੇ ਸਾਲ 1971–72 ਲਈ ਇਸ ਵਾਸਤੇ 2.32 ਲੱਖ ਰੁਪਏ ਦਾ ਉਪਬੰਧ ਕੀਤਾ ਹੈ। ਇਸ ਸਕੀਮ ਨਾਲ ਦਿਹਾਤੀ ਇਲਾਕਿਆਂ ਦੇ ਹੁਸ਼ਿਆਰ ਬਚਿਆਂ ਨੂੰ ਆਪਣੀ ਪੜ੍ਹਾਈ ਜਾਰੀ ਰਖਣ ਵਿਚ ਵਧੇਰੇ ਸਹਾਇਤਾ ਮਿਲੇਗੀ।

ਅੰਮ੍ਰਿਤਸਰ ਵਿਖੇ ਗੁਰੂ ਨਾਨਕ ਯੂਨੀਵਰਸਿਟੀ ਦੀ ਸਥਾਪਨਾ ਉਚੇਰੀ ਸਿਖਿਆ ਦੀ ਉੱਨਤੀ ਵਲ ਇਕ ਸ਼ਲਾਘਾ ਯੋਗ ਕਦਮ ਹੈ। ਇਸ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਅੰਮ੍ਰਿਤਸਰ, ਜਲੰਧਰ, ਗੁਰਦਾਸਪੁਰ ਅਤੇ ਕਪੂਰਥਲਾ ਦੇ ਜ਼ਿਲ੍ਹੇ ਸ਼ਾਮਲ ਕੀਤੇ ਗਏ ਹਨ। ਸਾਲ 1971–72 ਲਈ ਇਸ ਯੂਨੀਵਰਸਿਟੀ ਲਈ 1,25 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ।

ਸਰਕਾਰੀ ਕਰਮਚਾਰੀ

ਮੈਨੂੰ ਇਹ ਦਸਣ ਵਿਚ ਬੜੀ ਖੁਸ਼ੀ ਹੈ ਕਿ ਸੋਧੇ ਹੋਏ ਤਨਖਾਹ ਸਕੇਲਾਂ ਤੋਂ ਪੈਦਾ ਹੋਈਆਂ ਕਥਿਤ ਤਰੁੱਟੀਆਂ ਨੂੰ ਦੂਰ ਕਰਨ ਸਬੰਧੀ ਕੰਮ ਮੁਕੰਮਲ ਕਰ ਲਿਆ ਗਿਆ ਹੈ। ਇਸ ਦੇ ਸਿੱਟੇ ਵਜੋਂ ਇਕ ਕਰੋੜ ਰੁਪਏ ਸਾਲਾਨਾ ਦਾ ਵਧੀਕ ਖਰਚਾ ਹੋਵੇਗਾ। (ਪ੍ਰਸ਼ੰਸਾ) (ਵਿਘਨ)।

ਕੈਪਟਨ ਰਤਨ ਸਿੰਘ : ਕੀ ਆਰਡਰ ਇਸ਼ੂ ਹੋ ਗਏ ਹਨ ?

ਵਿੱਤ ਮੰਤਰੀ : ਆਰਡਰ ਵੀ ਇਸ਼ੂ ਹੋ ਜਾਣਗੇ।

ਸ੍ਰੀ ਸਪੀਕਰ : ਮੁਕੰਮਲ ਹੋ ਜਾਣ ਤੇ ਆਰਡਰ ਵੀ ਇਸ਼ੂ ਹੋ ਜਾਣਗੇ। (Orders will be issued when the details have been worked out.)

ਕੈਪਟਨ ਰਤਨ ਸਿੰਘ : ਇੰਨਾਂ ਕਹਿ ਦੇਣ ਵਿੱਤ ਮੰਤਰੀ ਸਾਹਿਬ ਕਿ ਕਰ ਰਹੇ ਹਾਂ।

ਸ੍ਰੀ ਸਪੀਕਰ: ਇੰਨਾਂ ਕਹਿ ਦਿੱਤਾ ਹੈ ਕਿ ਕੰਮ ਮੁਕੰਮਲ ਕਰ ਲਿਆ ਹੈ ਹੁਣ ਤੁਸੀਂ ਰੋਕੋ ਵੀ ਤਾਂ ਵੀ ਇਨ੍ਹਾਂ ਆਰਡਰ ਜਾਰੀ ਕਰ ਦੇਣੇ ਹਨ (ਹਾਸਾ)। (He has stated that the connected work has been completed. So, even if you try to prevent, he is going to issue the orders).

ਵਿੱਤ ਮੰਤਰੀ: ਜਿਥੋਂ ਤਕ ਸਕੂਲਾਂ ਦੇ ਅਧਿਆਪਕਾਂ ਦਾ ਸਬੰਧ ਹੈ, ਉਨ੍ਹਾਂ ਦੇ ਤਨਖਾਹ ਸਕੇਲ ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਮੁਤਾਬਕ 1 ਨਵੰਬਰ, 1966 ਤੋਂ ਸੋਧੇ ਗਏ ਸਨ, ਤਾਂ ਵੀ ਕੋਠਾਰੀ ਕਮਿਸ਼ਨ ਦੁਆਰਾ ਸਿਫਾਰਸ਼ ਕੀਤੇ ਗਏ ਕੁਝ ਤਨਖਾਹ ਸਕੇਲਾਂ ਦੇ ਸਪੈਨ ਲੰਬੇ ਸਨ । ਰਾਜ ਸਰਕਾਰ ਨੇ ਅਧਿਆਪਕਾਂ ਦੀਆਂ ਪ੍ਰਤਿਬੇਨਤੀਆਂ ਤੇ ਵਿਚਾਰ ਕਰਦੇ ਹੋਏ, ਟਰੇਂਡ ਗ੍ਰੈਜੂਏਟਾਂ, ਜੇ. ਬੀ. ਟੀ. ਅਧਿਆਪਕਾਂ ਅਤੇ ਕਲਾਸੀਕਲ ਤੇ ਵਰਨੈਕੂਲਰ ਅਧਿਆਪਕਾਂ ਦੇ ਸਪੈਨ ਘਟਾ ਦਿਤੇ ਹਨ । ਜਿਸ ਨਾਲ ਇਨ੍ਹਾਂ ਵਰਗਾਂ ਦੇ ਅਧਿਆਪਕਾਂ ਦੀਆਂ ਤਨਖਾਹਾਂ ਦੇਸ਼ ਭਰ ਵਿਚ ਸਭ ਤੋਂ ਵਧ ਹੋ ਜਾਣਗੀਆਂ। (ਪ੍ਰਸ਼ੰਸਾ) । ਇਨ੍ਹਾਂ ਲਾਭਾਂ ਕਾਰਨ 3 ਕਰੋੜ ਰੁਪਏ ਪ੍ਰਤੀ ਸਾਲ ਦਾ ਹੋਰ ਵਿੱਤੀ ਖਰਚ ਹੋਵੇਗਾ । (ਵਿਘਨ)

ਸਾਡੇ ਨਿਸ਼ਾਨੇ

ਹੁਣ ਮੈਂ ਮਾਨਯੋਗ ਮੈਂਬਰਾਂ ਦਾ ਧਿਆਨ ਕੁਝ ਕੁ ਉਨ੍ਹਾਂ ਜ਼ਰੂਰੀ ਆਰਥਕ ਸਮਸਿਆਵਾਂ ਵਲ ਦਿਵਾਉਣਾ ਚਾਹੁੰਦਾ ਹਾਂ, ਜਿਨ੍ਹਾਂ ਦਾ ਸਾਡੇ ਰਾਜ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਮੈਂ ਇਨ੍ਹਾਂ ਸਮਸਿਆਵਾਂ ਨੂੰ ਹਲ ਕਰਨ ਲਈ ਉਨ੍ਹਾਂ ਦੀ ਮਿਲਵਰਤਣ ਲੈਣਾ ਚਾਹੁੰਦਾ ਹਾਂ ।

ਸਭ ਤੋਂ ਮੁਢਲੀ ਸਮਸਿਆ ਇਹ ਹੈ ਕਿ ਪੰਜਾਬ ਦੀ ਆਰਥਕਤਾ ਵਿਚ ਖੇਤੀਬਾੜੀ ਅਜੇ ਵੀ ਪ੍ਰਧਾਨ ਹੈ ਅਤੇ ਜੇ ਸਹੀ ਅਰਥਾਂ ਵਿਚ ਪੰਜਾਬ ਨੇ ਦੇਸ਼ ਦੀ ਰਾਸ਼ਟਰੀ ਆਰਥਕਤਾ ਵਿਚ ਮਹੱਤਵ ਪੂਰਣ ਸਥਾਨ ਪ੍ਰਾਪਤ ਕਰਨਾ ਹੈ, ਤਾਂ ਆਰਥਕਤਾ ਦੇ ਮੌਜੂਦਾ ਉਲਾਰੂ ਵਿਕਾਸ ਵਿਚ ਤਬਦੀਲੀ ਲਿਆਉਣੀ ਪਵੇਗੀ ਅਤੇ ਪੰਜਾਬ ਦੇ ਉਦਯੋਗਿਕ ਵਿਕਾਸ ਲਈ ਤੇਜ਼ੀ ਨਾਲ ਕਦਮ ਚੁਕਣੇ ਪੈਣਗੇ। ਉਦਯੋਗੀਕਰਣ ਲਈ ਬਹੁਤ ਸਾਰੇ ਅਨੁਕੂਲ ਹਾਲਾਤ, ਜਿਵੇਂ ਕਿ ਮਿਹਨਤੀ ਅਤੇ ਹੁਨਰਮੰਦ ਮਜ਼ਦੂਰਾਂ ਦੇ ਮਿਲਣ, ਉਦਯੋਗਪਤੀਆਂ ਦੀ ਪ੍ਰਤਿਭਾ ਅਤੇ ਸਥਿਰ ਰਾਜਸੀ ਹਾਲਾਤ ਹੋਣ ਦੇ ਬਾਵਜੂਦ, ਰਾਜ ਆਪਣੇ ਉਦਯੋਗਕ ਖੇਤਰ ਵਿਚ ਗੁਣਾਤਮਕ ਪੱਖ ਤੋਂ ਕੋਈ ਤਬਦੀਲੀ ਨਹੀਂ ਲਿਆ ਸਕਿਆ । ਇਸ ਦਾ ਕਾਰਨ ਮੁੱਖ ਤੌਰ ਤੇ ਇਹ ਹੈ ਕਿ ਇਕ ਸਰਹਦੀ ਰਾਜ ਹੋਣ ਦੇ ਨਾਤੇ, ਪੰਜਾਬ ਦੀਆਂ ਕੁਝ ਆਪਣੀਆਂ ਸਮਸਿਆਵਾਂ ਹਨ ਅਤੇ ਜਦੋਂ ਤਕ ਪ੍ਰਾਈਵੇਟ ਕੈਪੀਟਲ ਵਿਚ ਇਹ ਵਿਸ਼ਵਾਸ ਪੈਦਾ ਨਹੀਂ ਕੀਤਾ ਜਾਂਦਾ ਕਿ ਪੰਜਾਬ ਵਿਚ ਇਕ ਸਰਹਦੀ ਰਾਜ ਹੋਣ ਤੋਂ ਇਲਾਵਾ, ਲੰਮੇ ਸਮੇਂ ਲਈ ਪੂੰਜੀ ਲਾਉਣ ਸਬੰਧੀ ਬਹੁਤ ਹੀ ਖੁਸ਼ਗਵਾਰ ਵਾਤਾਵਰਨ ਹੈ, ਉਦੋਂ ਤਕ ਉਦਯੋਗ ਪਤੀਆਂ ਨੂੰ ਪ੍ਰਾਈਵੇਟ ਤੌਰ ਤੇ ਪੂੰਜੀ ਲਾਉਣ ਦੀ ਪ੍ਰੇਰਨਾ ਨਹੀਂ ਮਿਲ ਸਕੇਗੀ ਅਤੇ ਇਹ ਕੇਵਲ ਉਦੋਂ ਹੀ ਸੰਭਵ ਹੈ ਜਦੋਂ ਕਿ ਕੇਂਦਰੀ ਸਰਕਾਰ, ਰਾਜ ਵਿਚ ਪਬਲਿਕ ਸੈਕਟਰ ਵਿਚ ਵਡੇ ਪੈਮਾਨੇ ਦੇ ਅਦਾਰੇ ਕਾਇਮ ਕਰੇ । ਇਹੋ ਕਾਰਨ ਹੈ ਕਿ ਪੰਜਾਬ, ਕੇਂਦਰ ਦੁਆਰਾ ਚਲਾਏ ਜਾਣ ਵਾਲੇ ਪਬਲਿਕ ਸੈਕਟਰ ਅਦਾਰਿਆਂ ਦੀ ਸਥਾਪਨਾ ਲਈ ਆਪਣਾ ਕਲੇਮ ਵਾਰ ਵਾਰ ਦੁਹਰਾਉਂਦਾ ਰਿਹਾ ਹੈ । ਨਿਰਸੰਦੇਹ ਇਹ ਬਦਕਿਸਮਤੀ ਦੀ ਗਲ ਹੈ ਕਿ ਕੇਂਦਰੀ ਸਰਕਾਰ ਨੂੰ ਕੀਤੀਆਂ ਸਾਡੀਆਂ ਬੇਨਤੀਆਂ ਦਾ ਕੋਈ ਅਸਰ ਨਹੀਂ ਹੋਇਆ । (ਵਿਘਨ) ਇਸ ਨਾਲ ਰਾਜ ਵਿਚ ਪ੍ਰਚਲਤ ਇਸ ਖਿਆਲ ਨੂੰ ਸ਼ਕਤੀ ਮਿਲਦੀ ਹੈ ਕਿ ਕੇਂਦਰੀ ਸਰਕਾਰ ਪੰਜਾਬ ਨਾਲ ਨਿਆਂ ਕਰਨ ਵਿਚ ਲਗਾਤਾਰ ਅਸਫਲ ਰਹੀ ਹੈ ਅਤੇ ਰਾਜ ਵਿਚ ਕੋਈ ਵੀ ਪ੍ਰਮੁੱਖ ਪਬਲਿਕ ਅਦਾਰਾ ਲਾਉਣ ਤੋਂ ਇਨਕਾਰ ਕਰਨਾ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ ।

ਫੇਰ ਵੀ ਇਸ ਦਾ ਮਤਲਬ ਇਹ ਨਹੀਂ ਕਿ, ਪੰਜਾਬ ਨੂੰ ਆਪਣੇ ਆਪ ਉਦਯੋਗੀਕਰਣ ਲਈ ਯਤਨ ਨਹੀਂ ਕਰਨੇ ਚਾਹੀਦੇ । ਪੰਜਾਬ ਕੋਲ ਜ਼ਰਾਇਤੀ ਉਦਯੋਗਾਂ ਦੇ ਵਿਕਾਸ ਲਈ ਇਕ ਨਿਗਰ

ਆਧਾਰ ਹੈ ਅਤੇ ਇਸ ਪਾਸੇ ਵਲ ਕਈ ਵੱਡੇ ਕਦਮ ਚੁੱਕੇ ਵੀ ਗਏ ਹਨ ਤਾਂ ਵੀ ਜ਼ਰਾਇਤੀ ਆਧਾਰ ਵਾਲੇ ਉਦਯੋਗਾਂ ਦੀ ਗੁੰਜਾਇਸ਼ ਦਾ ਨਵੇਂ ਹਾਲਾਤ ਵਿਚ ਸਰਵੇਖਣ ਕਰਾਉਣ ਦੀ ਤਜਵੀਜ਼ ਹੈ ।

ਮੈਂ ਪੰਜਾਬ ਦੀ ਬਿਜਲੀ ਦੀ ਘਾਟ ਦੀ ਪੁਰਾਣੀ ਸਮਸਿਆ ਬਾਰੇ ਲੰਮਾ ਚੌੜਾ ਹਿਸਾਬ ਦੇਣ ਦੀ ਲੋੜ ਨਹੀਂ ਸਮਝਦਾ । ਇਸ ਗਲ ਦਾ ਸਭ ਨੂੰ ਪਤਾ ਹੈ ਕਿ ਪੰਜਾਬ ਦੀਆਂ ਪਹਿਲੀਆਂ ਸਰਕਾਰਾਂ ਨੇ ਰਾਜ ਦੀਆਂ ਬਿਜਲੀ ਸਬੰਧੀ ਲੋੜਾਂ ਦਾ ਬਿਲਕੁਲ ਹੀ ਗਲਤ ਤੇ ਥੋੜ੍ਹਾ ਅਨੁਮਾਨ ਲਾਇਆ ਸੀ (ਪ੍ਰਸ਼ੰਸਾ) ਅਤੇ ਲੰਮੇ ਸਮੇਂ ਲਈ ਕਈ ਵਾਇਦੇ ਕੀਤੇ ਸਨ, ਜਿਨ੍ਹਾਂ ਨੂੰ ਪੂਰਾ ਕਰਨ ਵਿਚ ਸਾਨੂੰ ਹੁਣ ਔਖ ਹੋ ਰਿਹਾ ਹੈ । ਮੌਜੂਦਾ ਬਿਜਲੀ ਸਪਲਾਈ ਅਤੇ ਬਿਜਲੀ ਦੀ ਲੋੜ ਵਿਚਕਾਰਲਾ ਖੱਪਾ ਪਹਿਲਾਂ ਹੀ ਇੰਨਾ ਜ਼ਿਆਦਾ ਹੈ ਕਿ ਅਸੀਂ ਬਿਜਲੀ ਉਤੇ ਪਾਬੰਦੀਆਂ ਲਾਉਣ ਲਈ ਮਜ਼ਬੂਰ ਹੋ ਗਏ ਹਾਂ । ਇਸ ਨਾਲ ਪਰਤੱਖ ਹੀ ਪਿੰਡਾਂ ਵਿਚ ਬਿਜਲੀ ਪਹੁੰਚਾਉਣ ਅਤੇ ਉਦਯੋਗੀ ਕਰਣ ਦੀਆਂ ਸਕੀਮਾਂ ਰੁਕ ਗਈਆਂ ਹਨ । ਰਾਜ ਦੀਆਂ ਬਿਜਲੀ ਦੀਆਂ ਲੋੜਾਂ ਤੇਜ਼ੀ ਨਾਲ ਵਧ ਗਈਆਂ ਹਨ ਅਤੇ ਬਠਿੰਡੇ ਵਿਖੇ ਗੁਰੂ ਨਾਨਕ ਥਰਮਲ ਪਲਾਂਟ ਅਤੇ ਦਰਾਮਦ ਕੀਤੇ ਡੀਜ਼ਲ ਜਨਰੇਟਿਗ ਸੈਟਾਂ ਦੇ ਬਾਵਜੂਦ ਅਸੀਂ ਨਿਕਟ ਭਵਿਖ ਵਿਚ ਇਸ ਸੰਕਟ ਉਤੇ ਕਾਬੂ ਨਹੀਂ ਪਾ ਸਕਾਂਗੇ । ਇਸ ਦਾ ਸਹੀ ਹਲ ਇਹ ਹੈ ਕਿ 1000 ਮੈਗਾਵਾਟ ਬਿਜਲੀ ਪੈਦਾ ਕਰਨ ਵਾਲੇ ਪਰਮਾਣੂ ਬਿਜਲੀ ਪਲਾਂਟ ਦੀ ਸਾਡੀ ਮੰਗ ਤੁਰੰਤ ਮੰਨ ਲਈ ਜਾਵੇ ਅਤੇ ਇਸ ਪ੍ਰਾਜੈਕਟ ਨੂੰ ਲਾਉਣ ਲਈ ਕਾਰਵਾਈ ਕੀਤੀ ਜਾਵੇ।

ਰਾਜ ਦੀਆਂ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਮੈਂ ਮਾਨਯੋਗ ਮੈਂਬਰਾਂ ਦਾ ਧਿਆਨ ਇਸ ਗਲ ਵਲ ਵੀ ਦਿਵਾਉਣਾ ਚਾਹੁੰਦਾ ਹਾਂ ਕਿ ਸਿੰਧ-ਜਲ-ਸੰਧੀ ਦੇ ਅਧੀਨ ਭਾਵੇਂ ਰਾਵੀ ਦਰਿਆ ਦੇ ਪਾਣੀ ਉਤੇ ਭਾਰਤ ਦਾ ਦਾਅਵਾ ਮੰਨ ਲਿਆ ਗਿਆ ਹੈ ਤਾਂ ਵੀ ਅਸੀਂ ਇਸ ਪਾਣੀ ਨੂੰ ਪੂਰੀ ਤਰ੍ਹਾਂ ਵਰਤਣ ਦੇ ਯੋਗ ਨਹੀਂ । ਇਸ ਦਾ ਮੁੱਖ ਕਾਰਣ ਇਹ ਹੈ ਕਿ ਥੇਂਨ ਡੈਮ ਬਣਾਉਣ ਦੀ ਸਾਡੀ ਤਜਵੀਜ਼ ਤੇ ਸਮੇਂ ਸਿਰ ਵਿਚਾਰ ਨਹੀਂ ਕੀਤੀ ਗਈ ਅਤੇ ਹੁਣ ਜਦ ਕਿ ਇਸ ਪ੍ਰਾਜੈਕਟ ਦੀ ਲੋੜ ਸਿਧ ਹੋ ਚੁੱਕੀ ਹੈ ਕੇਂਦਰੀ ਸਰਕਾਰ ਵਲੋਂ ਅਜੇ ਵੀ ਕਲੀਅਰੈਂਸ ਦੇਣ ਵਿਚ ਢਿਲ ਮਠ ਕੀਤੀ ਜਾ ਰਹੀ ਹੈ। ਇਹ ਗਲ ਕੌਮੀ ਹਿਤ ਵਿਚ ਹੈ ਕਿ ਥੇਂਨ ਡੈਮ ਦੀ ਉਸਾਰੀ ਤੁਰੰਤ ਸ਼ੁਰੂ ਕਰ ਦਿੱਤੀ ਜਾਵੇ ਕਿਉਂ ਜੋ ਜੇ ਇਹ ਉਸਾਰੀ ਅਜ ਵੀ ਸ਼ੁਰੂ ਕਰ ਦਿਤੀ ਜਾਂਦੀ ਹੈ ਤਾਂ ਵੀ ਇਸ ਦੇ ਪਾਣੀ ਦੀ ਵਰਤੋਂ ਕਰਨ ਵਿਚ ਸਾਨੂੰ ਘੱਟੋ ਘੱਟ 6 ਸਾਲ ਦਾ ਸਮਾਂ ਲਗੇਗਾ । ਕੌਮੀ ਵਿਚਾਰਾਂ ਤੋਂ ਇਲਾਵਾ ਵੀ ਪੰਜਾਬ ਇਸ ਪ੍ਰਾਜੈਕਟ ਵਿਚ ਭਾਰੀ ਦਿਲਚਸਪੀ ਰਖਦਾ ਹੈ ।

ਮਾਨਯੋਗ ਮੈਂਬਰ ਜਾਣਦੇ ਹਨ ਕਿ ਅਜੋਕੇ ਯੁਗ ਵਿਚ ਲੋਕਾਂ ਦੇ ਆਰਥਕ ਅਤੇ ਸਭਿਆਚਾਰਕ ਵਿਕਾਸ ਲਈ ਸੜਕਾਂ ਦੀ ਉਸਾਰੀ ਇਕ ਮੁਢਲਾ ਵੱਡਾ ਕਦਮ ਹੈ । ਇਸ ਦੀ ਮਹੱਤਤਾ ਨੂੰ ਮੁਖ ਰੱਖਦਿਆਂ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਵੱਧ ਤੋਂ ਵੱਧ ਅਗਲੇ ਤਿੰਨ ਸਾਲਾਂ ਦੇ ਸਮੇਂ ਵਿਚ ਰਾਜ ਦੇ ਹਰੇਕ ਪਿੰਡ ਨੂੰ ਲਿੰਕ ਸੜਕਾਂ ਨਾਲ ਜੋੜ ਦਿੱਤਾ ਜਾਵੇਗਾ (ਪ੍ਰਸ਼ੰਸਾ)

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜ਼ਰਾਇਤੀ ਉਪਜਾਂ ਦੀਆਂ ਕੀਮਤਾਂ ਨਿਯਤ ਕਰਨ ਦਾ ਕੇਂਦਰੀ ਸਰਕਾਰ ਦਾ ਮੌਜੂਦਾ ਢੰਗ ਬਿਲਕੁਲ ਹੀ ਨਾਮੁਨਾਸਬ ਹੈ । ਜ਼ਰਾਇਤੀ ਪੈਦਾਵਾਰ ਦੀਆਂ ਕੀਮਤਾਂ ਦਾ ਸਬੰਧ ਪੈਦਾਵਾਰ ਦੀ ਲਾਗਤ ਨਾਲ ਨਹੀਂ ਜੋੜਿਆ ਜਾਂਦਾ । ਇਕ ਪਾਸੇ ਖਾਦਾਂ ਦੀਆਂ ਕੀਮਤਾਂ ਵੱਧ ਰਹੀਆਂ ਹਨ ਅਤੇ ਦੂਜੇ ਪਾਸੇ ਮਜ਼ਦੂਰੀ ਦਾ ਖਰਚਾ ਵਧ ਰਿਹਾ ਹੈ । ਪਰ ਜ਼ਰਾਇਤੀ ਪੈਦਾਵਾਰ ਦੀਆਂ ਕੀਮਤਾਂ ਲਗ ਭਗ ਓਥੇ ਦੀਆਂ ਓਥੇ ਖੜੀਆਂ ਹਨ । ਪੰਜਾਬ ਸਰਕਾਰ ਦੀ ਪੱਕੀ ਰਾਏ ਹੈ ਕਿ ਜ਼ਰਾਇਤੀ ਪੈਦਾਵਾਰ ਦੀਆਂ ਕੀਮਤਾਂ ਪੈਦਾਵਾਰ ਦੀ ਲਾਗਤ ਨਾਲ ਸਬੰਧਤ ਹੋਣੀਆਂ ਚਾਹੀਦੀਆਂ ਹਨ ਅਤੇ ਜਿਥੋਂ ਤੱਕ ਖਪਤਕਾਰਾਂ ਦਾ ਸਬੰਧ ਹੈ, ਉਨ੍ਹਾਂ ਨੂੰ ਕਿਸੇ ਹੋਰ ਸ਼ਕਲ ਵਿੱਚ ਜਿਵੇਂ ਅਨਾਜ ਨੂੰ ਸਬਸਿਡੀ ਦੇ ਕੇ ਰਾਹਤ ਦੇਣੀ ਚਾਹੀਦੀ ਹੈ ।

[ਵਿੱਤ ਮੰਤਰੀ]

ਕਿਉਂਕਿ ਅਜੋਕੀ ਵਜ਼ਾਰਤ ਆਮ ਜਨਤਾ ਦੀ ਹਾਲਤ ਸੁਧਾਰਨ ਲਈ ਅਗਾਂਹ-ਵਧੂ ਅਤੇ ਸਥਿਤੀ ਬਦਲਣ ਵਾਲੀਆਂ ਨੀਤੀਆਂ ਲਈ ਆਮ ਕਰਕੇ ਵਚਨਬੱਧ ਹੈ। ਇਸ ਲਈ ਸਰਕਾਰ ਰਾਜ ਵਿਚ ਬੇਰੁਜ਼ਗਾਰੀ ਬਾਰੇ ਬਹੁਤ ਹੀ ਫਿਕਰਮੰਦ ਹੈ। ਹਾਲਤ ਦੀ ਚੰਗੀ ਤਰ੍ਹਾਂ ਜਾਂਚ ਕਰਨ ਲਈ ਅਤੇ ਉਪਾ ਸੁਝਾਉਣ ਲਈ, ਜਿਨ੍ਹਾਂ ਤੇ ਰਾਜ ਦੀ ਸਰਕਾਰ ਲੋੜੀਂਦਾ ਧਿਆਨ ਦੇਵੇਗੀ, ਇਕ ਕਮੇਟੀ ਬਣਾਉਣ ਦੀ ਤਜਵੀਜ਼ ਹੈ।

ਧੰਨਵਾਦ

ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਣ ਸਮਾਪਤ ਕਰਾਂ, ਮੈਂ ਸ੍ਰੀ ਹਰਦੇਵ ਸਿੰਘ ਛੀਨਾ, ਕਮਿਸ਼ਨਰ, ਵਿੱਤ ਅਤੇ ਸਕੱਤਰ, ਪੰਜਾਬ ਸਰਕਾਰ ਅਤੇ ਵਿੱਤ ਵਿਭਾਗ ਦੇ ਹੋਰ ਅਫਸਰਾਂ ਅਤੇ ਕਰਮ-ਚਾਰੀਆਂ ਦਾ, ਜਿਨ੍ਹਾਂ ਨੇ ਪੂਰੀ ਤਨਦੇਹੀ ਨਾਲ ਇਹ ਸ਼ਲਾਘਾ ਯੋਗ ਕੰਮ ਕੀਤਾ ਹੈ, ਧੰਨਵਾਦ ਕਰਦਾ ਹਾਂ। ਅਕਾਊਂਟੈਂਟ-ਜਨਰਲ, ਪੰਜਾਬ ਵਲੋਂ ਦਿੱਤੀ ਗਈ ਸਹਾਇਤਾ ਲਈ ਵੀ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ। ਕੰਟਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ, ਚੰਡੀਗੜ੍ਹ, ਅਤੇ ਉਨ੍ਹਾਂ ਦੇ ਅਮਲੇ ਦਾ ਵੀ ਮੈਂ ਧੰਨਵਾਦੀ ਹਾਂ, ਜਿਨ੍ਹਾਂ ਨੇ ਬਜਟ ਦਸਤਾਵੇਜ਼ਾਂ ਨੂੰ ਸਮੇਂ ਸਿਰ ਛਾਪਣ ਵਿਚ ਪੂਰਾ ਸਹਿਯੋਗ ਦਿੱਤਾ ਹੈ।

ਹੁਣ, ਸ੍ਰੀ ਮਾਨ ਜੀ, ਮੈਂ ਸਾਲ 1971-72 ਦੇ ਬਜਟ ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ।

ਜੈ ਹਿੰਦ

Mr. Speaker : The House stands adjourned till 2.00 P.M. today, the 20th January, 1971.

11.35 A.M. | *(The Sabha, then adjourned till* 2.00 *P.M., the 20th January,* 1971)

82	ਐਚ. ਸੀ. ਜਗਤ ਸਿੰਘ, 1602	,,	,,	17	7	...	7 ਬਟਾਲੀਅਨ, ਪੀ. ਏ. ਪੀ., ਜਲੰਧਰ
83.	ਐਚ. ਸੀ. ਰਾਮ ਪ੍ਰਕਾਸ਼, 3660	,,	,,	17	5	...	,,
84.	ਐਚ. ਸੀ. ਹਰਭਜਨ ਸਿੰਘ, 4/ਐਮ. ਏ. ਪੀ.	,,	,,	12	...	...	,,
85.	ਐਚ, ਸੀ. ਅਮਰ ਕੁਮਾਰ, 3503	,,	,,	19	1	...	75 ਬਟਾਲੀਅਨ ਪੀ. ਏ. ਪੀ., ਜਲੰਧਰ
86.	ਐਚ. ਸੀ. ਚਰਨ ਕਮਲ ਜੀਤ ਸਿੰਘ, 4995	,,	,,	6	11	...	82 ਬਟਾਲੀਅਨ ਪੀ. ਏ. ਪੀ.. ਬਹਾਦਰਗੜ੍ਹ
87.	ਐਚ. ਸੀ. ਮਹਿੰਦਰ ਸਿੰਘ, 1811	,,	,,	15	7	...	36 ਬਟਾਲੀਅਨ ਪੀ. ਏ. ਪੀ., ਜਲੰਧਰ
88.	ਐਚ. ਸੀ. ਪਾਖਰ ਸਿੰਘ, 2097	,,	,,	16	4	...	,,
89.	ਐਚ. ਸੀ. ਜਗਜੀਤ ਸਿੰਘ, 36/91	,,	,,	10	10	...	,,
90.	ਐਚ. ਸੀ. ਜੋਗਿੰਦਰ ਸਿੰਘ, 3403	,,	,,	18	...	...	80 ਬਟਾਲੀਅਨ ਪੀ. ਏ. ਪੀ., ਜਲੰਧਰ
91.	ਐਚ. ਸੀ. ਮੰਗਲ ਸਿੰਘ, 3499	,,	,,	16	...	...	82 ਬਟਾਲੀਅਨ, ਬਹਾਦਰਗੜ੍ਹ
92.	ਐਚ. ਸੀ. ਤਿਲਕ ਰਾਜ, 7/87	,,	,,	20	11	...	7 ਬਟਾਲੀਅਨ, ਬਹਾਦਰਗੜ੍ਹ
93.	ਐਚ. ਸੀ. ਕ੍ਰਿਸ਼ਨ ਚੰਦ, 2588	,,	,,	20	7	...	80 ਬਟਾਲੀਅਨ
94.	ਐਚ. ਸੀ. ਮਹਿੰਦਰ ਸਿੰਘ, 1764	,,	,,	20	1	...	,,
95.	ਐਚ. ਸੀ. ਪ੍ਰੀਤਮ ਸਿੰਘ, 500	,,	ਜੀ. ਆਰ. ਪੀ. ਪੰਜਾਬ	16	1	...	ਜੀ. ਆਰ. ਪੀ. ਪੰਜਾਬ

ਲੜੀ	ਨਾਮ ਅਤੇ ਉਹਦਾ	ਕੋਰਸ ਦਾ ਸਮਾਂ	ਰੇਂਜ	ਪੁਲਿਸ ਵਿਭਾਗ ਵਿਚ ਨਿਯੁਕਤੀ ਦੀ ਮਿਤੀ ਸਾਲ ਮਹੀਨਾ ਦਿਨ	ਪਰੈਜ਼ੰਟ ਪੋਸਟਿੰਗ
96.	ਐਚ. ਸੀ. ਸੋਹਨ ਸਿੰਘ, 6	15-6-69 ਤੋਂ 15-3-70	ਜੀ. ਆਰ. ਪੀ., ਪੰਜਾਬ	14 2 ...	ਜੀ. ਆਰ. ਪੀ., ਪੰਜਾਬ
97.	ਐਚ. ਸੀ. ਭਗਵੰਤ ਸਿੰਘ, 85	,,	,,	16 6 ...	,,
98.	ਐਚ. ਸੀ. ਮਹਿੰਦਰ ਸਿੰਘ, 499	,,	,,	17 5 ...	,,
99.	ਐਚ. ਸੀ. ਮਨੋਹਰ ਲਾਲ, 499	,,	,,	21 4 ...	,,
100	ਐਚ. ਸੀ. ਰੇਸ਼ਮ ਸਿੰਘ, 397	,,	,,	19 5 ...	,,
101.	ਐਚ. ਸੀ. ਸੁਦਰਸ਼ਨ ਸਿੰਘ, 1119/ਪਟਿਆਲਾ	,,	ਸੀ. ਆਈ. ਡੀ., ਪੰਜਾਬ	17-7-51	ਪਟਿਆਲਾ ਰੇਂਜ
102.	ਐਚ. ਸੀ. ਸੋਹਨ ਲਾਲ, 15/ਹੁਸ਼ਿਆਰਪੁਰ	,,	,,	19-9-52	ਸੀ. ਆਈ. ਡੀ., ਸੰਗਰੂਰ
103.	ਐਚ. ਸੀ. ਦੇਵ ਰਾਜ, 900/ਹੁਸ਼ਿਆਰਪੁਰ	,,	,,	28-3-55	ਸਪੈਸ਼ਲ ਇਨਕੁਆਰੀ ਏਜੰਸੀ, ਪੰਜਾਬ
104.	ਐਚ. ਸੀ. ਗੁਰਮੀਤ ਸਿੰਘ, 496/ਅੰਮ੍ਰਿਤਸਰ	,,	,,	1-6-50	ਸੀ. ਆਈ. ਡੀ., ਪੰਜਾਬ, ਚੰਡੀਗੜ੍ਹ
105.	ਐਚ. ਸੀ. ਪ੍ਰੇਮ ਕਿਸ਼ਨ, 192/ਕਪੂਰਥਲਾ	,,	,,	15-4-53	ਪੀ. ਸੀ. ਪੀ., ਹੁਸੈਨੀਵਾਲਾ
106.	ਐਚ. ਸੀ. ਹਰੀ ਚੰਦ, 59/ਗੁਰਦਾਸਪੁਰ	,,	,,	1-3-49	ਸੀ. ਈ ਐਸ., ਪਠਾਨਕੋਟ

107.	ਐਚ. ਸੀ. ਪਰਥੀ ਸਿੰਘ, 623/ਬਠਿੰਡਾ	,,	,,	1-12-51	ਸੀ. ਆਈ. ਡੀ. ਅੰਮ੍ਰਿਤਸਰ
108.	ਐਚ. ਸੀ. ਪ੍ਰੀਤਮ ਸਿੰਘ, 107/ਗੁਰਦਾਸਪੁਰ	,,	,,	19-11-52	,,
109.	ਐਚ. ਸੀ. ਪਰਭਦੇਵ ਸਿੰਘ, 219/ਜੀ. ਆਰ. ਪੀ.	,,	,,	7-7-59	,,
110.	ਐਚ. ਸੀ. ਜਗਤਾਰ ਸਿੰਘ, 52/ਹੁਸ਼ਿਆਰਪੁਰ	,,	ਪੀ. ਟੀ. ਸੀ., ਫਿਲੌਰ	7-7-54	ਐਸ. ਆਈ., ਪੀ. ਟੀ. ਸੀ., ਫਿਲੌਰ
111.	ਐਚ. ਸੀ. ਤਾਰਾ ਚੰਦ, 722/ਜੀ. ਐਸ. ਪੀ.	,,	,,	1-4-59	,,

ਉਨ੍ਹਾਂ ਪੁਲਿਸ ਕਰਮਚਾਰੀਆਂ ਦੀ ਲਿਸਟ ਜਿਨ੍ਹਾਂ ਨੂੰ ਮਾਰਚ, 1969 ਤੋਂ ਲੈ ਕੇ ਹੁਣ ਤਕ ਅਪਰ ਸਕੂਲ ਕੋਰਸ ਵਿੱਚ ਟ੍ਰੇਨਿੰਗ ਦਿਲਾਈ ਗਈ ਹੈ।

ਲੜੀ ਨੰ:	ਨਾਮ ਅਤੇ ਉਹਦਾ	ਕੋਰਸ ਦਾ ਸਮਾਂ	ਰੇਂਜ	ਪੁਲਿਸ ਵਿਭਾਗ ਵਿੱਚ ਨਿਯੁਕਤੀ ਦੀ ਮਿਤੀ	ਪਰੈਜ਼ੰਟ ਪੋਸਟਿੰਗ
1	2	3	4	5	6
1	ਏ. ਆਈ. ਜੀ. ਬੂਆ ਦਾਸ, 1183/ਅੰਮ੍ਰਿਤਸਰ	1-4-69 ਤੋਂ 16-8-69	ਜਲੰਧਰ ਰੇਂਜ	1-10-47	ਗੁਰਦਾਸਪੁਰ

ਲੜੀ ਨੰ:	ਨਾਮ ਅਤੇ ਉਹਦਾ	ਕੋਰਸ ਦਾ ਸਮਾਂ	ਰੇਂਜ	ਪੁਲਿਸ ਵਿਭਾਗ ਵਿੱਚ ਨਿਯੁਕਤੀ ਦੀ ਮਿਤੀ	ਪਰੈਜ਼ੈਂਟ ਪੋਸਟਿੰਗ
2.	ਏ. ਆਈ. ਜੀ. ਕਰਤਾਰ ਸਿੰਘ, 674/ਲੁਧਿਆਣਾ	1-4-69 ਤੋਂ 16-8-69	ਜਲੰਧਰ ਰੇਂਜ	...	ਸੀ. ਆਈ. ਡੀ.
3.	ਏ. ਆਈ. ਜੀ. ਜੰਗ ਸਿੰਘ, 29/ਕਪੂਰਥਲਾ	,,	,,	1-11-51	,,
4.	ਏ. ਆਈ. ਜੀ. ਰਾਮ ਸਰੂਪ, 502/ਲੁਧਿਆਣਾ	,,	,,	6-10-47	ਜਲੰਧਰ
5.	ਏ. ਆਈ. ਜੀ. ਅਮਰੀਕ ਸਿੰਘ, 506/ਅੰਮ੍ਰਿਤਸਰ	,,	,,	27-2-46	ਐਸ. ਆਈ. ਏ., ਪੰਜਾਬ
6.	ਏ. ਆਈ. ਜੀ. ਹਰਬੰਸ ਲਾਲ, 628/ਲੁਧਿਆਣਾ	,,	,,	4-11-47	ਅੰਮ੍ਰਿਤਸਰ
7.	ਏ. ਆਈ. ਜੀ. ਵੇਦ ਪ੍ਰਕਾਸ਼, 128/ਬੀ	,,	,,	5-4-61	ਲੁਧਿਆਣਾ
8.	ਏ. ਆਈ. ਜੀ. ਬਲਵੰਤ ਸਿੰਘ, 121/ਬੀ	,,	,,	21-4-53	ਗੁਰਦਾਸਪੁਰ
9.	ਏ. ਆਈ. ਜੀ. ਰਾਜ ਸਿੰਘ, 90/ਅੰਮ੍ਰਿਤਸਰ	,,	,,	7-6-46	ਐਸ. ਆਈ. ਏ., ਪੰਜਾਬ
10.	ਏ. ਆਈ. ਜੀ. ਹਰਚੰਦ ਸਿੰਘ, 550/ਅੰਮ੍ਰਿਤਸਰ	,,	,,	15-6-47	ਲੁਧਿਆਣਾ
11.	ਏ. ਆਈ. ਜੀ. ਨਰਿੰਦਰ ਪਾਲ, 1364/ਅੰਮ੍ਰਿਤਸਰ	,,	,,	4-1-58	ਅੰਮ੍ਰਿਤਸਰ
12.	ਏ. ਆਈ. ਜੀ. ਬੈਕੁੰਠ ਨਾਥ, 1519/ਅੰਮ੍ਰਿਤਸਰ	,,	,,	24-7-44	ਗੁਰਦਾਸਪੁਰ

13.	ਏ. ਆਈ. ਜੀ. ਮਿਲਖਾ ਸਿੰਘ, 692/ਅੰਮ੍ਰਿਤਸਰ	,,	ਜਲੰਧਰ ਰੇਂਜ	12-8-44	ਗੁਰਦਾਸਪੁਰ
14.	ਏ. ਆਈ. ਜੀ. ਇਕਬਾਲ ਸਿੰਘ, 784/ਜਲੰਧਰ	,,	,,	10-9-46	ਜਲੰਧਰ
15.	ਏ. ਆਈ. ਜੀ. ਦਰਸ਼ਨ ਸਿੰਘ, 397/ਬਠਿੰਡਾ	,,	ਪਟਿਆਲਾ ਰੇਂਜ	13-9-47	ਸੰਗਰੂਰ
16.	ਏ. ਆਈ. ਜੀ. ਫਤਿਹ ਸਿੰਘ, 651 ਪਟਿਆਲਾ	,,	,,	17-4-50	ਸੀ. ਆਈ. ਡੀ., ਪੰਜਾਬ
17.	ਏ. ਆਈ. ਜੀ. ਮੋਹਨ ਲਾਲ, 425/ਐਚ.	,,	,,	22-8-59	,,
18.	ਏ. ਆਈ. ਜੀ. ਹਰਦੇਵ ਸਿੰਘ, 64/ਪੀ. ਆਰ.	,,	,,	4-5-64	ਬਠਿੰਡਾ
19.	ਏ. ਆਈ. ਜੀ. ਜੋਗਿੰਦਰ ਸਿੰਘ, 833/ਐਚ.	,,	,,	16-7-49	ਪਟਿਆਲਾ
20.	ਏ. ਆਈ. ਜੀ. ਅਮਰ ਨਾਥ, 168/ਸੰਗਰੂਰ	,,	,,	21-6-46	ਸੀ. ਬੀ. ਆਈ., ਅੰਬਾਲਾ
				ਸਾਲ ਮਹੀਨੇ ਦਿਨ	
21.	ਏ. ਆਈ. ਜੀ. ਬੰਤ ਸਿੰਘ, 4375	,,	ਪੀ. ਏ. ਪੀ.	14 5 ...	75 ਬਟਾਲੀਅਨ, ਪੀ. ਏ. ਪੀ., ਜਲੰਧਰ
22.	ਏ. ਆਈ. ਜੀ. ਭਗੀਰਥ ਸਿੰਘ, 3883	,,	,,	20 5 ...	,,
23.	ਏ. ਆਈ. ਜੀ. ਉਜਾਗਰ ਸਿੰਘ, 630	,,	,,	21 7 ...	80 ਬਟਾਲੀਅਨ ਪੀ. ਏ. ਪੀ., ਜਲੰਧਰ
24.	ਏ. ਆਈ. ਜੀ. ਪਰਸ ਰਾਮ, 2268	,,	,,	19 2 ...	75 ਬਟਾਲੀਅਨ, ਪੀ. ਏ. ਪੀ., ਜਲੰਧਰ
25.	ਏ. ਆਈ. ਜੀ. ਸ਼ਿਵ ਚਰਨ ਸਿੰਘ, 3501	,,	,,	18 9 ...	7 ਬਟਾਲੀਅਨ, ਪੀ. ਏ. ਪੀ., ਜਲੰਧਰ

ਲੜੀ ਨੰ:	ਨਾਮ ਅਤੇ ਉਹਦਾ	ਕੋਰਸ ਦਾ ਸਮਾਂ	ਰੇਂਜ	ਪੁਲਿਸ ਵਿਭਾਗ ਵਿਚ ਨਿਯੁਕਤੀ ਦੀ ਮਿਤੀ (ਸਾਲ ਮਹੀਨਾ ਦਿਨ)	ਪਰੈਜ਼ੰਟ ਪੋਸਟਿੰਗ
26	ਏ. ਆਈ. ਜੀ. ਧਰਮਿੰਦਰ ਸਿੰਘ, 40/ਆਰ.	1-4-69 ਤੋਂ 16-8-69	ਜੀ. ਆਰ. ਪੀ. ਪੰਜਾਬ	8	ਜੀ. ਆਰ. ਪੀ., ਪੰਜਾਬ
27.	ਏ. ਆਈ. ਜੀ. ਕ੍ਰਿਪਾਲ ਸਿੰਘ, ਨੰ: 17	„	„	28 3 ..	„
28.	ਏ. ਆਈ. ਜੀ. ਨਿਰੰਜਨ ਸਿੰਘ, 723	„	„	25 10 ...	„
29.	ਏ. ਆਈ. ਜੀ. ਫਤਿਹ ਸਿੰਘ, 651/ਪਟਿਆਲਾ	„	ਸੀ. ਆਈ. ਡੀ. ਪੰਜਾਬ	17-4-50	ਸੀ. ਆਈ. ਡੀ., ਅੰਮ੍ਰਿਤਸਰ
30.	ਏ. ਆਈ. ਜੀ. ਮੋਹਨ ਲਾਲ, 425/ਐਨ. ਐਨ. ਐਲ.	„	„	14-5-52	ਸੀ. ਆਈ. ਡੀ., ਲੁਧਿਆਣਾ
31.	ਏ. ਆਈ. ਜੀ. ਕਰਤਾਰ ਸਿੰਘ, 414/ਕਪੂਰਥਲਾ	„	„	19-4-51	ਸਿਕਿਉਰਟੀ ਸਟਾਫ, ਨੰਗਲ
32.	ਏ. ਆਈ. ਜੀ. ਜੰਗ ਸਿੰਘ, 29/ਕਪੂਰਥਲਾ	„	„	1-11-51	ਇਨਟੈਰੋਗੇਸ਼ਨ ਸੈਂਟਰ, ਅੰਮ੍ਰਿਤਸਰ
33.	ਏ. ਆਈ. ਜੀ. ਮਹਿੰਦਰ ਸਿੰਘ, 414/ਕਾਂਗੜਾ	1-10-69 ਤੋਂ 15-3-70	ਜਲੰਧਰ ਰੇਂਜ	1-4-67	ਐਸ. ਆਈ. ਏ.
34.	ਏ. ਆਈ. ਜੀ. ਜਗਜੀਤ ਸਿੰਘ, 639/ਅੰਮ੍ਰਿਤਸਰ	„	„	3-9-47	„

35.	ਏ. ਆਈ. ਜੀ. ਜਗਜੀਤ ਸਿੰਘ, 107/ਜੇ	1–10–69 ਤੋਂ 15–3–70	ਜਲੰਧਰ ਰੇਂਜ	2–4–61	ਸੀ. ਆਈ. ਡੀ.
36.	ਏ. ਆਈ. ਜੀ. ਬ੍ਰਮਦੇਵ ਰਾਜ, 187/ਜੇ	,,	,,	2–4–61	ਲੁਧਿਆਣਾ
37.	ਏ. ਆਈ. ਜੀ. ਰਾਮ ਪ੍ਰਕਾਸ਼, 159	,,	,,	4–4–53	ਐਸ. ਆਈ. ਏ.
38.	ਏ. ਆਈ. ਜੀ. ਹਰਜੀਤ ਸਿੰਘ, 505/ਲੁਧਿਆਣਾ	,,	,,	27–2–49	ਜਲੰਧਰ
39.	ਏ. ਆਈ. ਜੀ. ਕੁੰਦਨ ਸਿੰਘ, 279/ਅੰਮ੍ਰਿਤਸਰ	,,	,,	12–9–47	ਕਪੂਰਥਲਾ
40.	ਏ. ਆਈ. ਜੀ. ਮੇਜਰ ਸਿੰਘ, 1057/ਫਿਰੋਜ਼ਪੁਰ	,,	,,	6–6–44	ਅੰਮ੍ਰਿਤਸਰ
41.	ਏ. ਆਈ. ਜੀ. ਰਾਮ ਸਰੂਪ, 160/ਕਪੂਰਥਲਾ	,,	,,	7–9–47	ਹੁਸ਼ਿਆਰਪੁਰ
42.	ਏ. ਆਈ. ਜੀ. ਅਮਰੀਕ ਸਿੰਘ, 176/ਜੇ	,,	,,	2–4–61	ਅੰਮ੍ਰਿਤਸਰ
43.	ਏ. ਆਈ. ਜੀ. ਪੂਰਨ ਸਿੰਘ, 559/ਹੁਸ਼ਿਆਰਪੁਰ	,,	,,	18–12–44	ਐਸ. ਆਈ. ਏ.
44.	ਏ. ਆਈ. ਜੀ. ਗੁਰਦਿਆਲ ਸਿੰਘ, 719/ਅੰਮ੍ਰਿਤਸਰ	,,	,,	1–3–48	ਅੰਮ੍ਰਿਤਸਰ
45.	ਏ. ਆਈ. ਜੀ. ਬੇਲੀ ਰਾਮ, 626/ਹੁਸ਼ਿਆਰਪੁਰ	,,	,,	23–4–47	ਲੁਧਿਆਣਾ
46.	ਏ. ਆਈ. ਜੀ. ਸਤਿਆ ਪਾਲ, 571/ਹੁਸ਼ਿਆਰਪੁਰ	,,	,,	28–10–47	ਜਲੰਧਰ
47.	ਏ. ਆਈ. ਜੀ. ਗੁਰਦਿਆਲ ਸਿੰਘ, 416/ਹੁਸ਼ਿਆਰਪੁਰ	,,	,,	10–1–45	ਐਸ. ਆਈ. ਏ.
48.	ਏ. ਆਈ. ਜੀ. ਬਾਲ ਕ੍ਰਿਸ਼ਨ, 196/ਹੁਸ਼ਿਆਰਪੁਰ	,,	,,	11–11–47	,,

ਲੜੀ ਨੰ:	ਨਾਮ ਅਤੇ ਉਹਦਾ	ਕੋਰਸ ਦਾ ਸਮਾਂ	ਰੇਂਜ	ਪੁਲਿਸ ਵਿਭਾਗ ਵਿਚ ਨਿਯੁਕਤੀ ਦੀ ਮਿਤੀ	ਪਰੈਜ਼ੰਟ ਪੋਸਟਿੰਗ
49.	ਏ. ਆਈ. ਜੀ. ਮਦਨ ਲਾਲ, 101/ਗੁਰਦਾਸਪੁਰ	1-10-69 ਤੋਂ 15-3-70	ਜਲੰਧਰ ਰੇਂਜ	16-5-44	ਅੰਮ੍ਰਿਤਸਰ
50.	ਏ. ਆਈ. ਜੀ. ਮਲੂਕ ਸਿੰਘ, 43/ਫਿਰੋਜ਼ਪੁਰ	,,	,,	4-10-45	ਜਲੰਧਰ
51.	ਏ. ਆਈ. ਜੀ. ਸੁਖਦੇਵ ਸਿੰਘ, 69/ਪੀ. ਆਰ.	,,	ਪਟਿਆਲਾ ਰੇਂਜ	21-6-46	ਸੀ. ਬੀ. ਆਈ., ਅੰਬਾਲਾ
52.	ਏ. ਆਈ. ਜੀ. ਗੁਰਦਿਆਲ ਸਿੰਘ, 171/ਪੀ. ਆਰ.	,,	,,	20-4-65	ਐਸ. ਆਈ. ਏ., ਪੰਜਾਬ
53.	ਏ. ਆਈ. ਜੀ. ਹਰਦੇਵ ਸਿੰਘ, 330/ਬੀ. ਟੀ. ਆਈ.	,,	,,	9-9-50	ਰੋਪੜ
54.	ਏ. ਆਈ. ਜੀ. ਝੰਡਾ ਸਿੰਘ, 803/ਐਚ.	,,	,,	2-8-51	ਐਸ. ਆਈ. ਏ., ਪੰਜਾਬ
55.	ਏ. ਆਈ. ਜੀ. ਪ੍ਰੀਤਮ ਸਿੰਘ, 204/ਸੰਗਰੂਰ	,,	,,	17-10-49	ਬਠਿੰਡਾ
56.	ਏ. ਆਈ. ਜੀ. ਪ੍ਰੀਤਮ ਸਿੰਘ, 775/ਪਟਿਆਲਾ	,,	,,	24-2-48	ਬਠਿੰਡਾ
57.	ਏ. ਆਈ. ਜੀ. ਸਵਰਨ ਸਿੰਘ, 149/ਸੰਗਰੂਰ	,,	,,	13-5-49	ਐਸ. ਆਈ. ਏ., ਪੰਜਾਬ
58.	ਐਫ, ਐਸ. ਆਈ. ਅਜੈਬ ਸਿੰਘ, 3933	,,	ਪੀ. ਏ. ਪੀ., ਜਲਧਰ	ਸਾਲ ਮਹੀਨਾ ਦਿਨ 19 6 ..	36 ਬਟਾਲੀਅਨ ਪੀ. ਏ. ਪੀ.,

59.	ਐਫ਼. ਐਸ. ਆਈ. ਗੁਰਦੇਵ ਸਿੰਘ, 236	1–10–69 ਤੋਂ 15–3–70	ਪੀ. ਏ. ਪੀ. ਜਲੰਧਰ	19	7	..	75 ਬਟਾਲੀਅਨ ਪੀ. ਏ. ਪੀ.,
60.	ਐਫ਼. ਐਸ. ਆਈ. ਦੀਵਾਨ ਚੰਦ, 362	,,	,,	19	3	..	82 ਬਟਾਲੀਅਨ ਪੀ. ਏ. ਪੀ., ਜਲੰਧਰ
61.	ਐਫ਼. ਐਸ. ਆਈ. ਅਵੀਨਾਸ਼ੀ ਦਾਸ, 709	,,	,,	20	1	..	80 ਬਟਾਲੀਅਨ ਪੀ. ਏ. ਪੀ., ਜਲੰਧਰ
62.	ਐਫ਼. ਐਸ. ਆਈ. ਸੁਖਦੇਵ ਰਾਜ, 3573	,,	,,	20	11	..	7 ਬਟਾਲੀਅਨ ਪੀ. ਏ. ਪੀ., ਜਲੰਧਰ
63.	ਐਫ਼. ਐਸ. ਆਈ. ਜੋਗਿੰਦਰ ਸਿੰਘ, 6233	,,	,,	12	2	..	75 ਬਟਾਲੀਅਨ ਪੀ. ਏ. ਪੀ., ਜਲੰਧਰ
64.	ਐਫ਼. ਐਸ. ਆਈ. ਰਾਮ ਦੇਵ, 5067	,,	,,	11	1	..	7 ਬਟਾਲੀਅਨ ਪੀ. ਏ. ਪੀ., ਜਲੰਧਰ
65.	ਐਫ਼. ਐਸ. ਆਈ. ਬਾਜ਼ ਸਿੰਘ, 851	,,	ਜੀ. ਆਰ. ਪੀ., ਪੰਜਾਬ	19	10	..	ਜੀ. ਆਰ. ਪੀ. ਪੰਜਾਬ, ਪਟਿਆਲਾ
66.	ਅ ਾਈ. ਗੁਰਦਿਆਲ ਸਿੰਘ, 1095/ਅੰਮ੍ਰਿਤਸਰ	1–4–70 ਤੋਂ 16–8–70	ਜਲੰਧਰ ਰੇਂਜ	21	9	..	ਹੁਸ਼ਿਆਰ
67.	ਏ. ਐਸ. ਆਈ. ਚਰਨ ਸਿੰਘ, 1115/ਅੰਮ੍ਰਿਤਸਰ	,,	,,	1	2	44	ਫ਼ਿਰੋਜ਼ਪੁਰ
68.	ਏ. ਐਸ. ਆਈ. ਬਾਲ ਕ੍ਰਿਸ਼ਨ, 1666/ਅੰਮ੍ਰਿਤਸਰ	,,	,,	4–9–49			ਗੁਰਦਾਸਪੁਰ
69.	ਏ. ਐਸ. ਆਈ. ਸੁਰਜੀਤ ਸਿੰਘ, 285/ਲੁਧਿਆਣਾ	,,	,,	13–10–51			ਲੁਧਿਆਣਾ
70.	ਏ. ਐਸ. ਆਈ. ਜਰਨੈਲ ਸਿੰਘ, 154/ਅੰਮ੍ਰਿਤਸਰ	,,	,,	10–12–48			,,

ਲੜੀ ਨੰ:	ਨਾਮ ਅਤੇ ਉਹਦਾ	ਕੋਰਸ ਦਾ ਸਮਾਂ	ਰੇਂਜ	ਪੁਲਿਸ ਵਿਭਾਗ ਵਿਚ ਨਿਯੁਕਤੀ ਦੀ ਮਿਤੀ	ਪਰੈਜ਼ੈਂਟ ਪੋਸਟਿੰਗ
71.	ਏ. ਐਸ. ਆਈ. ਗੁਰਮੇਲ ਸਿੰਘ, 810/ਅੰਮ੍ਰਿਤਸਰ	,,	ਜਲੰਧਰ ਰੇਂਜ	7-6-50	ਅੰਮ੍ਰਿਤਸਰ
72.	ਏ. ਐਸ. ਆਈ. ਸਵਰਨ ਸਿੰਘ, 350/ਕਪੂਰਥਲਾ	,,	,,	1-5-51	ਜਲੰਧਰ
73.	ਏ. ਐਸ. ਆਈ. ਦਿਆਲ ਸਿੰਘ, 495/ਲੁਧਿਆਣਾ	,,	,,	4-8-56	ਲੁਧਿਆਣਾ
74.	ਏ. ਐਸ. ਆਈ. ਦਿਵਾਨ ਚੰਦ, 428/ਜੇ	,,	,,	15-4-64	ਅੰਮ੍ਰਿਤਸਰ
75.	ਏ. ਐਸ. ਆਈ. ਗੋਪਾਲ ਸਿੰਘ, 79/ਕਪੂਰਥਲਾ	,,	,,	6-1-51	ਲੁਧਿਆਣਾ
76.	ਏ. ਐਸ. ਆਈ. ਜਸਬੀਰ ਸਿੰਘ, 1726/ਅੰਮ੍ਰਿਤਸਰ	,,	,,	..	ਸੀ. ਆਈ. ਡੀ., ਪੰਜਾਬ
77.	ਏ. ਐਸ. ਆਈ. ਕ੍ਰਿਸ਼ਨ ਕੁਮਾਰ, 1268/ਫ਼ਿਰੋਜ਼ਪੁਰ	,,	,,	24-7-44	ਜਲੰਧਰ
78.	ਏ. ਐਸ. ਆਈ. ਕਰਤਾਰ ਸਿੰਘ, 414/ਕਪੂਰਥਲਾ	,,	,,	..	ਹੁਸ਼ਿਆਰਪੁਰ
79.	ਏ. ਐਸ. ਆਈ. ਰਤਨ ਚੰਦ, 238/ਫ਼ਿਰੋਜ਼ਪੁਰ	,,	,,	3-2-48	ਫ਼ਿਰੋਜ਼ਪੁਰ
80.	ਏ. ਐਸ. ਆਈ. ਪਰਾਨ ਨਾਥ, 1139/ਫ਼ਿਰੋਜ਼ਪੁਰ	,,	,,	20-11-47	ਅੰਮ੍ਰਿਤਸਰ
81.	ਏ. ਐਸ. ਆਈ. ਅਮਰੀਕ ਸਿੰਘ, 427/ਜੇ:	,,	,,	12-4-64	ਲੁਧਿਆਣਾ

82.	ਏ. ਐਸ. ਆਈ. ਕਪੂਰ ਸਿੰਘ, 212/ਕਪੂਰਥਲਾ	,,	,,	16-1-48	ਹੁਸ਼ਿਆਰਪੁਰ
83.	ਏ. ਐਸ. ਆਈ. ਦਿਲਬਾਗ ਸਿੰਘ, 1639/ਅੰਮ੍ਰਿਤਸਰ	,,	,,	..	ਫ਼ਿਰੋਜ਼ਪੁਰ
84.	ਏ. ਐਸ. ਆਈ. ਓਮ ਪ੍ਰਕਾਸ਼ 363/ਜਲੰਧਰ	,,	,,	20-10-47	ਐਸ. ਆਈ. ਬੀ.
85.	ਏ. ਐਸ. ਆਈ. ਅਜਮੇਰ ਸਿੰਘ, 419/ਕਪੂਰਥਲਾ	,,	,,	26-5-49	ਜਲੰਧਰ
86.	ਏ. ਐਸ. ਆਈ. ਹਰਦੀਪ ਸਿੰਘ, 846/ਬਠਿੰਡਾ	,,	ਪਟਿਆਲਾ ਰੇਂਜ	22-10-63	ਪਟਿਆਲਾ
87.	ਏ. ਐਸ. ਆਈ. ਬਲਦੇਵ ਸਿੰਘ, 51/ਬਠਿੰਡਾ	,,	,,	10-1-57	ਬਠਿੰਡਾ
88.	ਏ. ਐਸ. ਆਈ. ਸਰਵਨ ਸਿੰਘ, 48/ਪੀ. ਆਰ.	,,	,,	25-4-64	ਬਠਿੰਡਾ
89.	ਏ. ਐਸ. ਆਈ. ਚੰਦ ਸਿੰਘ, 24/ਪੀ. ਆਰ.	,,	,,	12-5-63	ਬਠਿੰਡਾ
90.	ਏ. ਐਸ. ਆਈ. ਦੇਵ ਰਾਜ, 311/ਬਠਿੰਡਾ	,,	,,	5-12-47	ਐਸ. ਆਈ. ਏ., ਪੰਜਾਬ
91.	ਏ. ਐਸ. ਆਈ. ਗਿਆਨ ਸਿੰਘ, 672/ਬਠਿੰਡਾ	,,	,,	2-4-53	ਸੀ. ਆਈ. ਡੀ., ਪੰਜਾਬ
92.	ਏ. ਐਸ. ਆਈ. ਸਿਰੀ ਰਾਮ, 202/ਐਚ.	,,	,,	2-7-52	ਯੂ. ਟੀ., ਚੰਡੀਗੜ੍ਹ
93.	ਏ. ਐਸ. ਆਈ. ਜੋਗਿੰਦਰ ਸਿੰਘ, 553/ਬਠਿੰਡਾ	,,	,,	21-6-54	ਐਸ. ਆਈ. ਏ., ਪੰਜਾਬ
94.	ਏ. ਐਸ. ਆਈ. ਹਰਨੇਕ ਸਿੰਘ, 143/ਪੀ. ਆਰ.	,,	,,	20-4-66	ਬਠਿੰਡਾ
95.	ਏ. ਐਸ. ਆਈ. ਬ੍ਰਿਜ ਕਿਸ਼ੋਰ ਦੱਤ, 23/ਪਟਿਆਲਾ	,,	,,	28-7-51	ਸੀ. ਆਈ. ਡੀ.

ਲੜੀ ਨੰ:	ਨਾਮ ਤੇ ਉਹਦਾ	ਕੋਰਸ ਦਾ ਸਮਾਂ	ਰੇਂਜ	ਪੁਲਿਸ ਵਿਭਾਗ ਵਿਚ ਨਿਯੁਕਤੀ ਦੀ ਮਿਤੀ	ਪਰੈਜ਼ੰਟ ਪੋਸਟਿੰਗ
96.	ਏ. ਐਸ. ਆਈ. ਗੁਰਦੇਵ ਸਿੰਘ, 23/ਪਟਿਆਲਾ	,,	ਪਟਿਆਲਾ ਰੇਂਜ	29-10-47 ਸਾਲ ਮਹੀਨਾ ਦਿਨ	ਪਟਿਆਲਾ
97.	ਐਫ਼. ਐਸ. ਆਈ. ਦਵਾਰਕਾ ਦਾਸ, 4048	,,	ਪੀ. ਏ. ਪੀ., ਜਲੰਧਰ	21 5 ..	7 ਬਟਾਲੀਅਨ ਪੀ. ਏ. ਪੀ., ਜਲੰਧਰ
98.	ਐਫ਼. ਐਸ. ਆਈ. ਅਨੂਪ ਸਿੰਘ, 4222	,,	,,	22 3 ..	36 ਬਟਾਲੀਅਨ ਪੀ. ਏ. ਪੀ., ਜਲੰਧਰ
99.	ਐਫ਼. ਐਸ. ਆਈ. ਬਲਦੇਵ ਸਿੰਘ 1569	,,	,,	16 3 ..	36 ਬਟਾਲੀਅਨ ਪੀ. ਏ. ਪੀ., ਜਲੰਧਰ
100.	ਐਫ਼. ਐਸ. ਆਈ. ਨਸੀਬ ਚੰਦ, 3383	,,	,,	19	75 ਬਟਾਲੀਅਨ ਪੀ. ਏ. ਪੀ., ਜਲੰਧਰ
101.	ਐਫ਼. ਐਸ. ਆਈ. ਮੇਜਰ ਸਿਘ, 4225	,,	,,	10 7 ..	36 ਬਟਾਲੀਅਨ ਪੀ. ਏ. ਪੀ., ਜਲੰਧਰ
102.	ਐਫ਼. ਐਸ. ਆਈ. ਵਿਣਬਾਗ ਸਿੰਘ, 5878	,,	,,	15 10 ..	82 ਬਟਾਲੀਅਨ ਪੀ. ਏ. ਪੀ., ਬਹਾਦਰਗੜ੍ਹ
103.	ਐਫ਼. ਐਸ. ਆਈ. ਸ਼ਿਆਮ ਕੁਮਾਰ, 240	,,	,,	19 8 ..	36 ਬਟਾਲੀਅਨ ਪੀ. ਏ. ਪੀ., ਜਲੰਧਰ
104.	ਐਫ਼. ਐਸ. ਆਈ. ਹਰਦੀਪ ਸਿੰਘ, 7197	,,	,,	6 7 ..	36 ਬਟਾਲੀਅਨ ਪੀ. ਏ. ਪੀ., ਜਲੰਧਰ
105.	ਏ. ਐਸ. ਆਈ. ਅਮਰ ਸਿੰਘ, 867	,,	ਜੀ. ਆਰ. ਪੀ.	23	ਜੀ. ਆਰ. ਪੀ., ਪੰਜਾਬ
106.	ਏ. ਐਸ. ਆਈ. ਨਿਰੰਜਨ ਸਿੰਘ, 296	,,	,,	21 8 ..	ਜੀ. ਆਰ. ਪੀ., ਪੰਜਾਬ
107.	ਏ. ਐਸ. ਆਈ. ਜਸਬੀਰ ਸਿੰਘ, 415/ਅੰਬਾਲਾ	,,	ਸੀ. ਆਈ. ਡੀ.	16-8-49	ਸੀ. ਆਈ. ਡੀ., ਚੰਡੀਗੜ੍ਹ, ਪੰਜਾਬ

867 P.V.S.—Govt. Press, Chd

Published under the authority of the Punjab Vidhan Sabha and printed by the Controller, Govt. Press, Chandigarh.

Punjab Vidhan Sabha

DEBATES

20th January, 1971 (*Afternoon Sitting*)

Vol. I—No. 4

OFFICIAL REPORT

CONTENTS

Wednesday, the 20th January, 1971
(*Afternoon Sitting*)

Punjab Vidhan Sabha Secretariat, Chandigarh.
Price : 6·65 Paise

ERRATA
To
Punjab Vidhan Sabha
DEBATES

Dated the 20th January, 1971 (Afternoon Sitting)

Vol. I—No. 4

Read	*For*	*Page*	*Line*
lessee	leassee	(4) 2	8
ਨਾ-ਕਾਮਯਾਬ	ਕਾਮਯਾਬ	(4) 6	3rd from below
wants	ants	(4) 7	2nd from below
seek	wseek	(4) 7	2nd from below
ਚੀਫ਼ ਮਨਿਸਟਰ ਸਾਹਿਬ	ਚੀਫ਼ ਮਨਿਮਟਰ ਸਾਹਿਬ	(4) 9	12
resume	reaume	(4) 9	last
ਤਰਨ ਤਾਰਨ	ਤਰਨ ਤਾਚਨ	(4) 16	10
ELECTRICITY SUPPLIED	ELELTRICITY SUPPCIED	(4) 38	4th from below
concentrated	consentrated	(4) 46	4th from below
ਕਮਰਸ਼ੀਅਲ	ਰਮਰਸ਼ੀਅਲ	(4) 71	1
ਬੋਲ	ਥੋਲ	(4) 89	5th from below
ਪਰੋਵੀਜ਼ਨ	ਪਰੋਵੀਫ਼ਨ	(4) 90	12
ਕੰਵਰ ਲਾਜਿੰਦਰ ਸਿੰਘ ਬੇਦੀ	ਕੰਵਰ ਾਲਜਿੰਦਰ ਸਿੰਘ ਬੇਦੀ	(4) 95	9
ਚੀ	ਚੀਫ਼	(4) 100	5
Shri Gian Chand Kharbanda	Shri Gian Chand Karbanda	(i) (Appendix)	7

———

PUNJAB VIDHAN SABHA

Wednesday, The 20th January, 1971

(AFTERNOON SITTING)

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 p.m. of the Clock Mr. Speaker (Sardar Darbara Singh) in the Chair.

STARRED QUESTIONS AND ANSWERS

*Supplementaries to Starred Question No. 2140

ਸਰਦਾਰ ਕਿਰਪਾਲ ਸਿੰਘ : ਕੀ ਮੰਤਰੀ ਜੀ ਦਸਣਗੇ ਕਿ ਉਨ੍ਹਾਂ ਨੇ ਜੋ ਸਵਾਲ ਦੇ ਜਵਾਬ ਦੇ ਵਿਚ ਕਿਹਾ ਹੈ ਕਿ ਫੋਕਲ ਪੁਆਇੰਟਸ ਦੀ ਸਿਚੂਏਸ਼ਨ ਵੇਖੀ ਗਈ, ਕੀ ਉਹ ਦਸ ਸਕਦੇ ਹਨ ਕਿਨ੍ਹਾਂ ਪੁਆਇੰਟਸ ਤੇ ਸਿਚੂਏਸ਼ਨ ਦਾ ਫੈਸਲਾ ਕੀਤਾ ਗਿਆ ? ਮਿਸਾਲ ਦੇ ਤੌਰ ਤੇ ਕੀ ਉਹ ਕੋਈ ਫੈਸਲਾ ਦਸ ਸਕਦੇ ਹਨ ?

ਸਿਹਤ ਅਤੇ ਉਦਯੋਗ ਰਾਜ ਮੰਤਰੀ : ਇਹੋ ਇਕ ਫੈਸਲਾ ਹੋਇਆ ਹੈ ਅਜੇ ਤੱਕ ਹੋਰ ਕੋਈ ਨਹੀਂ ਹੋਇਆ। ਹੁਣ ਕੁਝ ਸਾਹਿਬਾਨ ਨੇ ਐਪਲਾਈ ਕੀਤਾ ਹੈ, ਇਹ ਮੁਆਮਲਾ ਅਜੇ ਸਰਕਾਰ ਦੇ ਵਿਚਾਰ ਅਧੀਨ ਹੈ। ਇਹ ਫੋਕਲ ਪੁਆਇੰਟਸ ਉਸ ਵੇਲੇ ਦੀ ਸਰਕਾਰ ਨੇ ਆਪਣੀ ਡਿਸਕਰੀਸ਼ਨ ਇਸਤੇਮਾਲ ਕਰਕੇ ਕਾਇਮ ਕੀਤੇ ਸੀ।

चौधरी बलबीर सिंह : क्या यह बात दरूस्त है कि जो फोकल प्वायंट्स उस वक्त की मिनिस्ट्री ने तजवीज़ करके भेजे थे वे गवर्नर साहिब ने रिजैक्ट कर दिये थे ?

ਰਾਜ ਮੰਤਰੀ : ਇਸ ਸਵਾਲ ਦਾ ਮੁਤਲਕਾ ਸਵਾਲ ਨਾਲ ਕੋਈ ਸਬੰਧ ਨਹੀਂ। ਉਹ ਵਖਰਾ ਲਿਖ ਕੇ ਭੇਜ ਦੇਣ, ਮੈਂ ਜਵਾਬ ਦੇ ਦੇਵਾਂਗਾ।

CANCELLATION OF LEASE DEED OF BIRLA SEED FARM

*2065. **Major Harinder Singh**. Will the Minister for Agriculture be pleased to state:—

(a) whether the Government has actually cancelled the lease deed of the Birla Seed Farm; if not, the reasons therefor;

(b) if the reply to part (a) above be in the affirmative, the date when the possession of the said Farm was taken over by the Government and the manner in which it is proposed to dispose of the area covered by the Farm ?

---

*Starred Question No. 2140 and reply thereto appear in the P. V. S. Debate dated 20th January, 1971 (Morning Sitting)

Chaudhri Radha Krishan :

(a) The Govt. has decided to cancel the deed of the Birla Seed Farm. Three months notice for the termination of this lease has been served on the lessee, as required by the terms of the lease deed.

(b) The possession of the Farm will be taken after the expiry of the period of three months of the receipt of the notice by the leassee.

The Government land will remain with the Agriculture Department for the establishment of a Seed Farm under direct cultivation. The land of the Gram Panchayats and Shamlat Deh will be given back to the owners. The land of the private owners acquired by the Government will be returned to the owners in [the same manner.

[(ੲ) ਸਰਕਾਰ ਨੇ ਬਿਰਲਾ ਬੀਜ ਫਾਰਮ ਦਾ ਪੱਟਾ ਰਦ ਕਰਨ ਦਾ ਫੈਸਲਾ ਕਰ ਦਿਤਾ ਹੈ। ਪਟੇਦਾਰ ਦੀਆਂ ਸ਼ਰਤਾਂ ਅਨੁਸਾਰ ਪੱਟਾਨਾਮਾ ਰਦ ਕਰਨ ਲਈ ਪਟੇਦਾਰ ਨੂੰ ਤਿੰਨ ਮਹੀਨੇ ਦਾ ਨੋਟਿਸ ਜਾਰੀ ਕਰ ਦਿਤਾ ਗਿਆ ਹੈ।

(ਬੀ ਫਾਰਮ ਦਾ ਕਬਜ਼ਾ ਪਟੇਦਾਰ ਨੂੰ ਨੋਟਿਸ ਮਿਲਣ ਤੋਂ ਤਿੰਨ ਮਹੀਨਿਆਂ ਉਪਰੰਤ ਲਿਆ ਜਾਵੇਗਾ।

ਅਗੇ ਵਾਸਤੇ ਇਸ ਫਾਰਮ ਦੇ ਵਿਚ ਸਰਕਾਰ ਦੀ ਜ਼ਮੀਨ ਖੇਤੀਬਾੜੀ ਵਿਭਾਗ ਕੋਲ ਰਹੇਗੀ ਅਤੇ ਉਹ ਇਸ ਨੂੰ ਆਪਣਾ ਬੀਜ ਫਾਰਮ ਬਣਾ ਕੇ ਸਿੱਧਾ ਕਾਸ਼ਤ ਕਰਨਗੇ। ਗਰਾਮ ਪੰਚਾਇਤਾਂ ਅਤੇ ਸ਼ਾਮਲਾਟ ਦੇਹ ਦੀ ਜ਼ਮੀਨ ਮਾਲਕਾਂ ਨੂੰ ਵਾਪਸ ਕੀਤੀ ਜਾਵੇਗੀ ਅਤੇ ਪ੍ਰਾਈਵੇਟ ਕਾਸ਼ਤਕਾਰਾਂ ਦੀ ਜ਼ਮੀਨ ਜਿਹੜੀ ਕਿ ਐਕੁਆਇਰ ਹੋਈ ਸੀ, ਉਹ ਵੀ ਉਸੇ ਰੂਪ ਵਿਚ ਮਾਲਕਾਂ ਨੂੰ ਵਾਪਸ ਕੀਤੀ ਜਾਵੇਗੀ।]

ਸਰਦਾਰ ਗੁਰਬੰਤਾ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਜ਼ਮੀਨਾਂ ਦੇ ਪੱਟੇ ਕੈਂਸਲ ਕੀਤੇ ਹਨ ਕੀ ਇਹ ਜ਼ਮੀਨ ਹਰੀਜਨਾਂ ਨੂੰ ਉਨ੍ਹਾਂ ਸ਼ਰਤਾਂ ਨਾਲ ਹੀ ਦੇਵੇਗੀ ਜਿਸ ਸ਼ਰਤ ਦੇ ਨਾਲ ਬਿਰਲਾ ਸੀਡ ਫਾਰਮ ਨੂੰ ਦਿੱਤੀ ਗਈ ਸੀ ?

ਮੰਤਰੀ : ਇਹ ਜ਼ਮੀਨ ਰਾਮ ਕਿਸ਼ਨ ਮਨਿਸਟਰੀ ਵਕਤ ਦਿੱਤੀ ਗਈ ਸੀ ਤਾਂ ਜੋ ਵਧੀਆ ਕਿਸਮ ਦਾ ਸੀਡ ਤਿਆਰ ਹੋ ਸਕੇ। ਹਰੀਜਨ ਕਾਰਪੋਰੇਸ਼ਨ ਨੂੰ ਦੇਣ ਬਾਰੇ ਮੇਰੇ ਪਾਸ ਜਿਹੜਾ ਸੁਝਾਉ ਆਇਆ ਹੈ, ਇਹ ਬਹੁਤ ਚੰਗਾ ਵਿਚਾਰ ਹੈ, ਇਸ 'ਤੇ ਵਿਚਾਰ ਕੀਤਾ ਜਾਵੇਗਾ।

ਕਾਮਰੇਡ ਸੱਤ ਪਾਲ ਡਾਂਗ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਪੱਟੇ ਕਿਸ ਤਾਰੀਖ ਨੂੰ ਮਨਸੂਖ ਕੀਤੇ ਗਏ ਸੀ, ਇਹ ਮਨਸੂਖੀ ਦਾ ਆਰਡਰ ਕਿਸ ਤਾਰੀਖ ਨੂੰ ਹੋਇਆ ਸੀ ਅਤੇ ਮਨਸੂਖੀ ਦਾ ਨੋਟਿਸ ਕਿਸ ਤਾਰੀਖ ਨੂੰ ਸਰਵ ਕੀਤਾ ਗਿਆ ਸੀ ?

ਮੰਤਰੀ : ਇਹ ਮਨਸੂਖੀ ਦਾ ਆਰਡਰ 2-9-70 ਨੂੰ ਜਾਰੀ ਕੀਤਾ ਗਿਆ ਸੀ ਅਤੇ ਇਸ ਦੇ ਲਈ 7-1-71 ਨੂੰ ਨੋਟਿਸ ਸਰਵ ਕੀਤਾ ਗਿਆ ਸੀ।

ਡਾਕਟਰ ਅਮੀਰ ਸਿੰਘ ਕਲਕਟ : ਕੀ ਵਜ਼ੀਰ ਸਾਹਿਬ ਦਸਣਗੇ ਕਿ ਆਰਡਰ ਪ੍ਰਾਸ ਹੋਇਆ

2-9-70 ਨੂੰ ਪਰ ਨੋਟਿਸ ਸਰਵ ਹੋਇਆ 7-1-71 ਨੂੰ, ਇਤਨੀ ਦੇਰੀ ਕਰਨ ਦਾ ਕੀ ਕਾਰਨ ਹੈ? ਕਿਉਂ ਤਾਖੀਰ ਕੀਤੀ ਗਈ ?

ਮੰਤਰੀ : ਕਈ ਲੀਗਲ ਇਮਪਲੀਕੇਸ਼ਨਜ਼ ਇਨਵਾਲਵਡ ਸਨ ਇਸ ਲਈ ਇਤਨੀ ਦੇਰ ਹੋਈ। ਜਦੋਂ ਤੱਕ ਉਹ ਲੀਗਲ ਗੱਲਾਂ ਇਮਪਲੀਮੈਂਟ ਨਾ ਹੋ ਜਾਣ ਨੋਟਿਸ ਸਰਵ ਨਹੀਂ ਹੋ ਸਕਦਾ ਸੀ।

ਚੌਧਰੀ ਬਲਬੀਰ ਸਿੰਹ : मैं वज़ीर साहिब से यह जानना चाहता हूं कि क्या सरकार ने नोटिस जारी करने से पहले यह देख लिया था कि इसकी तामील में इतनी देर क्यों हुई ?

ਮੰਤਰੀ : ਡਾਇਰੈਕਟਰ ਦੀ ਰਿਪੋਰਟ ਤੇ ਗੌਰਮਿੰਟ ਨੇ ਲੀਜ਼ ਕੈਂਸਲ ਕਰਨ ਦਾ ਫੈਸਲਾ ਕੀਤਾ ਸੀ ਇਸ ਨੋਟਿਸ ਨੂੰ ਪੂਰੀ ਕਾਨੂੰਨੀ ਸ਼ਕਲ ਦੇਣ ਲਈ ਹੀ ਇਸ ਦੇ ਸਰਵ ਕਰਨ ਵਿਚ ਦੇਰੀ ਹੋਈ ਹੈ, ਇਹ ਗੌਰਮਿੰਟ ਨੇ ਵੇਖ ਲਿਆ ਸੀ।

ਕਾਮਰੇਡ ਸੱਤਪਾਲ ਡਾਂਗ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਕਿਤੇ ਨੋਟਿਸ ਦੇਰੀ ਨਾਲ ਸਰਵ ਕਰਨ ਦੀ ਇਹ ਵਜ੍ਹਾ ਤਾਂ ਨਹੀਂ ਕਿ ਡਾਕਟਰ ਭਗਤ ਸਿੰਘ ਪ੍ਰਾਈਵੇਟਲੀ ਬਿਰਲਾ ਸਾਹਿਬ ਨਾਲ ਕੋਈ ਨੈਗੋਸੀਏਸ਼ਨ ਕਰ ਰਹੇ ਹੋਣ ?

ਮੰਤਰੀ : ਐਸੀ ਕੋਈ ਵੀ ਨੈਗੋਸੀਏਸ਼ਨ ਨਹੀਂ ਹੋ ਰਹੀ।

Mr. Speaker : Not allowed.

ਸਮਾਜ ਭਲਾਈ ਮੰਤਰੀ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ ਸਰ। ਇਥੇ ਕਾਮਰੇਡ ਸੱਤ ਪਾਲ ਡਾਂਗ ਨੇ ਇਕ ਸਵਾਲ ਦੇ ਸਿਲਸਲੇ ਵਿਚ ਮੇਰਾ ਨਾਂ ਵਰਤਿਆ ਹੈ ਕਿ ਮੈਂ ਪ੍ਰਾਈਵੇਟ ਕੈਪੇਸਟੀ ਵਿਚ ਬਿਰਲਾ ਫਾਰਮ ਨਾਲ ਨੈਗੋਸੀਏਸ਼ਨ ਦੇ ਕੁਝ ਯਤਨ ਕਰ ਰਿਹਾ ਹਾਂ। ਇਸ ਬਾਰੇ ਮੈਂ ਆਪਣੀ ਪੁਜ਼ੀਸ਼ਨ ਕਲੀਅਰ ਕਰ ਦਿਆਂ ਕਿ ਮੈਂ ਚੀਫ ਮਨਿਸਟਰ ਸਾਹਿਬ ਅਤੇ ਹੋਰ ਮਨਿਸਟਰ ਸਾਹਿਬਾਨ ਨਾਲ ਇਹ ਜ਼ਰੂਰ ਯਤਨ ਕੀਤਾ ਹੈ ਕਿ ਜਿਹੜੀ ਨਿਕਾਸੀ ਜ਼ਮੀਨ ਅਤੇ ਹੋਰ ਫਾਰਮਾਂ ਦੀ ਜ਼ਮੀਨ ਪੱਟੇ ਕੈਂਸਲ ਕਰਨ ਉਪਰੰਤ ਆਉਣੀ ਹੈ ਜੇ ਉਹ ਸਾਰੀ ਦੀ ਸਾਰੀ ਬਣ ਰਹੀ ਹਰੀਜਨ ਕਾਰਪੋਰੇਸ਼ਨ ਨੂੰ ਦੇ ਦਿਤੀ ਜਾਵੇ ਤਾਂ ਇਸ ਨਾਲ ਲੋਕਾਂ ਦਾ ਬਹੁਤ ਹੀ ਭਲਾ ਹੋ ਸਕਦਾ ਹੈ। ਮੈਂ ਅਜੇ ਵੀ ਇਸ ਮੁਆਮਲੇ ਤੇ ਵਿਚਾਰ ਕਰ ਰਿਹਾ ਹਾਂ।

ਕਾਮਰੇਡ ਸੱਤ ਪਾਲ ਡਾਂਗ : ਕੀ ਤੁਸੀਂ ਬਿਰਲਾ ਨੂੰ ਵੀ ਮਿਲੇ ਸੀ ਜਾਂ ਨਹੀਂ ?

ਮੰਤਰੀ : ਮੈਂ ਕਿਸੇ ਬਿਰਲੇ ਨੂੰ ਨਹੀਂ ਮਿਲਿਆ। ਸਾਡਾ ਬਿਰਲਾ ਤਾਂ ਮਹਿਜ਼ ਚੀਫ ਮਨਿਸਟਰ ਹੀ ਹੈ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਜੇ ਤੁਸੀਂ ਬਿਰਲੇ ਕੋਲੋਂ ਖੈਰਾਤ ਦੀ ਆਸ ਕਰਦੇ ਹੋ ਇਹ ਕਿਥੋਂ ਤੱਕ ਚਲੇਗੀ ?

(How long can the hon. Minister hope for favour from Birlas ?)

ਮੰਤਰੀ : ਮੈਂ ਇਹ ਕੋਸ਼ਿਸ਼ ਹਰੀਜਨਾਂ ਦੇ ਭਲੇ ਲਈ ਕੀਤੀ ਹੈ, ਜਿਹੜੀ ਕਿ ਅਜੇ ਵੀ ਜਾਰੀ ਹੈ। ਮੈਂ ਬਿਰਲੇ ਨੂੰ ਵੀ ਮਿਲਣ ਨੂੰ ਤਿਆਰ ਹਾਂ ਪਰ ਉਹ ਮਿਲਦਾ ਹੀ ਨਹੀਂ।

ਸ੍ਰੀ ਮਨਮੋਹਨ ਕਾਲੀਆ : ਇਹ ਸ਼ੋ-ਕਾਜ਼ ਨੋਟਿਸ ਜਿਹੜਾ ਸਰਵ ਹੋਇਆ ਇਹ ਲੀਜ਼ ਡੀਡ ਕੈਂਸਲ ਕਰਨ ਦਾ ਹੈ ਜਾਂ ਇਹ ਆਰਡਨਰੀ ਨੋਟਿਸ ਹੈ ਕਿ ਤੁਹਾਡਾ ਫਾਰਮ ਕਿਉਂ ਨਾ ਸਰਕਾਰ ਲੈ ਲਵੇ, ਜਿਸ ਤਰ੍ਹਾਂ ਕਿ ਪ੍ਰਿਲਿਮਨਰੀ ਸਟੇਜ ਤੇ ਨੋਟਿਸ ਇਸ਼ੂ ਹੁੰਦਾ ਹੈ ? ਨੋਟਿਸ ਦਾ ਸਬਜੈਕਟ ਕੀ ਹੈ ਉਹ ਦਸ ਦਿਓ ?

ਖੇਤੀ ਬਾੜੀ ਮੰਤਰੀ : ਨੋਟਿਸ ਇਹ ਹੈ ਕਿ ਪੰਜਾਬ ਗੌਰਮਿੰਟ ਰਾਹੀਂ ਵਧੀਆ ਬੀਜ ਦੀ ਉਪਜ ਵਾਸਤੇ ਕੁਝ ਸ਼ਰਾਇਤਾਂ ਤੇ ਬਿਰਲਾ ਫਾਰਮ ਲੀਜ਼ ਡੀਡ ਤੇ ਦਿੱਤਾ ਗਿਆ ਸੀ। ਪਰ ਉਨ੍ਹਾਂ ਸ਼ਰਾਇਤਾਂ ਦੀ ਫਾਰਮ ਮੈਨੇਜਮੈਂਟ ਵਲੋਂ ਬਹੁਤ ਖਿਲਾਫ ਵਰਜ਼ੀ ਕੀਤੀ ਗਈ ਹੈ। ਉਨ੍ਹਾਂ ਦੀ ਇਹ ਲੀਜ਼ ਡੀਡ ਤਿੰਨ ਮਾਹ ਦੇ ਨੋਟਿਸ ਦੇ ਜ਼ਰੀਏ ਮਨਸੂਖ ਕੀਤੀ ਜਾਂਦੀ ਹੈ, ਲਿਹਾਜ਼ਾ ਚਾਲਾਨ ਨੰ: 3 ਅਤੇ 4 ਦੇ ਜ਼ਰੀਏ ਇਸ ਨੋਟਿਸ ਦੀ ਵਸੂਲੀ ਦੇ ਤਿੰਨ ਮਾਹ ਦੇ ਖਤਮ ਹੋਣ ਤੋਂ ਬਾਅਦ ਲੀਜ਼ ਡੀਡ ਖਤਮ ਸਮਝੀ ਜਾਵੇਗੀ। ਇਸ ਤਰ੍ਹਾਂ ਦਾ ਇਹ ਨੋਟਿਸ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਦਸਣਗੇ ਕਿ ਬਿਰਲਾ ਫਾਰਮ ਵਿਚ ਜਿਹੜੇ ਛੋਟੇ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਐਕੁਆਇਰ ਕੀਤੀਆਂ ਗਈਆਂ ਸਨ ਉਹ ਉਨ੍ਹਾਂ ਨੂੰ ਵਾਪਸ ਦੇ ਦਿਤੀਆਂ ਜਾਣਗੀਆਂ ?

ਮੰਤਰੀ : ਉਸ ਫਾਰਮ ਦੇ ਲਈ ਕੁਲ 1 ਹਜ਼ਾਰ ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ ਜਿਸ ਵਿਚੋਂ 422 ਏਕੜ ਸਰਕਾਰ ਦੀ ਆਪਣੀ ਜ਼ਮੀਨ ਸੀ, 256 ਏਕੜ ਗ੍ਰਾਮ ਪੰਚਾਇਤਾਂ ਦੀ ਜ਼ਮੀਨ ਸੀ, 20 ਏਕੜ ਸ਼ਾਮਲਾਤ ਦੀ ਜ਼ਮੀਨ ਸੀ, ਅਤੇ 302 ਏਕੜ ਜ਼ਮੀਨ ਛੋਟੇ ਕਾਸ਼ਤਕਾਰਾਂ ਕੋਲੋਂ ਐਕੁਆਇਰ ਕੀਤੀ ਗਈ ਸੀ। ਹੁਣ ਇਹ ਪੱਟਾ ਖਤਮ ਕਰਨ ਤੋਂ ਮਗਰੋਂ ਗ੍ਰਾਮ ਪੰਚਾਇਤਾਂ ਅਤੇ ਸ਼ਾਮਲਾਤ ਅਤੇ ਛੋਟੇ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਉਨ੍ਹਾਂ ਨੂੰ ਵਾਪਸ ਕਰ ਦਿਤੀਆਂ ਜਾਣਗੀਆਂ ਅਤੇ ਜਿਹੜੀ ਸਰਕਾਰ ਦੀ ਆਪਣੀ ਜ਼ਮੀਨ ਹੈ ਉਹ ਸਰਕਾਰ ਸਿਧਾ ਫਾਰਮ ਬਣਾ ਕੇ ਆਪਣੇ ਕੋਲ ਰਖੇਗੀ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਜੋ ਬਿਰਲੇ ਦੀਆਂ ਮਿੰਨਤਾਂ ਕਰਦੇ ਹਨ, ਇਹ ਜ਼ਮੀਨ ਸਿਧੀ ਹੀ ਟਰਾਸਫਰ ਕਿਉਂ ਨਹੀਂ ਕਰ ਦਿੰਦੇ ? (ਹਾਸਾ)

(Dr. Bhagat Singh is making requests to Birlas in vain; why does'nt he transfer this land straightaway ?) (Laughter)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ ਬੜੀ ਕੋਸ਼ਿਸ਼ ਕੀਤੀ ਪਰ ਉਸਨੇ ਹੀ ਇੰਟਰਵਿਊ ਨਹੀਂ ਦਿਤਾ। ਇਹ ਬੜੀ ਸ਼ਰਮ ਦੀ ਗਲ ਹੈ ਕਿ ਪੰਜਾਬ ਸਰਕਾਰ ਦਾ ਵਜ਼ੀਰ ਹੋਵੇ ਅਤੇ ਬਿਰਲਾ ਇੰਟਰਵਿਊ ਲਈ ਵਕਤ ਨਾ ਦੇਵੇ। ਪਤਾ ਨਹੀਂ ਇਨ੍ਹਾਂ ਨੂੰ ਉਸ ਤੇ ਇਤਨਾ ਫੇਥ ਕਿਉਂ ਹੈ ? (ਵਿਘਨ)

ਸਮਾਜ ਭਲਾਈ ਮੰਤਰੀ : ਸਪੀਕਰ ਸਾਹਿਬ, ਮੈਂ ਲੋਕਾਂ ਦੀ ਭਲਾਈ ਲਈ ਸਿਰਫ ਬਿਰਲੇ ਕੋਲ ਹੀ ਨਹੀਂ ਸਗੋਂ ਹਰ ਕਿਸੀ ਕੋਲ ਜਾਣ ਨੂੰ ਤਿਆਰ ਹਾਂ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਜਦੋਂ ਸਰਕਾਰ ਨੇ ਇਸ ਪੱਟੇ ਨੂੰ ਹੀ ਨਹੀਂ ਰਹਿਣ ਦੇਣਾ ਤਾਂ ਫਿਰ ਬਿਰਲੇ ਦੀਆਂ ਮਿੰਨਤਾਂ ਕਰਨੀਆਂ ਤੁਹਾਨੂੰ ਸ਼ੋਭਦੀਆਂ ਨਹੀਂ। (ਵਿਘਨ)

(When the Govt. have decided to cancel this deed, then it does not behove the hon. Minister to approach and make requests to Birla.)

(Interruptions)

ਸਮਾਜ ਭਲਾਈ ਮੰਤਰੀ : ਸਪੀਕਰ ਸਾਹਿਬ, ਇਹ ਫਾਈਨਲ ਡਿਸੀਜ਼ਨ ਹੋਣ ਤੋਂ ਪਹਿਲਾਂ ਮੈਂ ਬਿਰਲੇ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਸੀ ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਸਾਰੀਆਂ ਫਾਰਮੈਲਟੀਜ਼ ਕਦੋਂ ਤਕ ਪੂਰੀਆਂ ਹੋ ਜਾਣਗੀਆਂ ?

ਸ੍ਰੀ ਸਪੀਕਰ : ਇਹ ਤਾਂ ਕਲੀਅਰ ਹੈ ਕਿ ਤਿੰਨ ਮਹੀਨੇ ਤੋਂ ਬਾਅਦ ਉਹ ਪੱਟਾ ਖਤਮ ਹੋ ਜਾਵੇਗਾ । (It is clear that on the expiry of the period of three months the lease deed would automatically become inoperative.)

ਸ੍ਰੀ ਸਰਦਾਰੀ ਲਾਲ ਕਪੂਰ : ਕੀ ਸਰਕਾਰ ਦੇ ਨੋਟਿਸ ਮਿਲਣ ਤੋਂ ਬਾਦ ਉਹ ਕਿਸੇ ਕੋਰਟ ਆਦਿ ਵਿਚ ਤਾਂ ਨਹੀਂ ਗਏ ?

ਖੇਤੀ ਬਾੜੀ ਮੰਤਰੀ : ਮੇਰੇ ਨੋਟਿਸ ਵਿਚ ਅਜਿਹੀ ਕੋਈ ਗਲ ਨਹੀਂ ਹੈ ।

ਚੌਧਰੀ ਤੁਲਸੀ ਰਾਮ ਚੌਹਾਨ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਦੋਂ ਪਿਛਲੇ ਸੈਸ਼ਨ ਵਿਚ ਇਥੇ ਕਿਹਾ ਗਿਆ ਸੀ ਕਿ ਉਹ ਪੱਟਾ ਖਤਮ ਕਰ ਦਿਤਾ ਗਿਆ ਹੈ ਅਤੇ ਫਿਰ ਫਾਈਨਲ ਆਰਡਰ ਹੋਣ ਤੋਂ 6 ਮਹੀਨੇ ਬਾਦ ਵਿਚ ਨੋਟਿਸ ਭੇਜਿਆ ਗਿਆ ਹੈ, ਇਸ ਡੀਲੇ ਦੇ ਕੀ ਕਾਰਣ ਹਨ ?

ਮੰਤਰੀ : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਸਿਰਫ਼ ਇਤਨੀ ਗਲ ਸਰਦਾਰ ਗੁਰਨਾਮ ਸਿੰਘ ਨੇ ਕਹੀ ਸੀ ਕਿ ਅਸੀਂ ਉਹ ਪੱਟਾ ਖਤਮ ਕਰਨ ਲਈ ਸੋਚ ਰਹੇ ਹਾਂ, ਜਿਥੋਂ ਤਕ ਡੀਲੇ ਦਾ ਸਬੰਧ ਹੈ ਉਸ ਬਾਰੇ ਅਰਜ਼ ਹੈ ਕਿ ਫ਼ਾਈਨਲ ਡਿਸੀਜ਼ਨ ਲੈਣ ਤੋਂ ਮਗਰੋਂ ਉਸ ਨੂੰ ਕਾਨੂੰਨੀ ਰੂਪ ਦੇਣ ਲਈ ਵਕਤ ਲਗ ਗਿਆ ਹੈ । ਜਦੋਂ ਸਰਦਾਰ ਗੁਰਨਾਮ ਸਿੰਘ ਨੇ ਹਾਊਸ ਵਿਚ ਇਹ ਗਲ ਕਹੀ ਸੀ ਤਾਂ ਅਸੀਂ ਡਾਇਰੈਕਟਰ ਨੂੰ ਕਿਹਾ ਸੀ ਉਹ ਆਪਣੀ ਰਿਪੋਰਟ ਇਸ ਵਿਸ਼ੇ ਤੇ ਭੇਜੇ, ਉਸ ਨੇ ਆਪਣੀ ਰਿਪੋਰਟ ਭੇਜੀ ਕਿ ਇਨ੍ਹਾਂ ਇਨ੍ਹਾਂ ਸ਼ਰਤਾਂ ਦੀ ਉਲੰਘਣਾ ਹੋ ਰਹੀ ਹੈ, ਇਸ ਲਈ ਇਸ ਪੱਟੇ ਨੂੰ ਮਨਸੂਖ ਕਰਨ ਦਾ ਫੈਸਲਾ ਕੀਤਾ ਗਿਆ ਸੀ । ਇਸ ਵਿਚ ਡੀਲੇ ਨਹੀਂ ਹੋਈ ਸਿਰਫ਼ ਕਾਨੂੰਨੀ ਰੂਪ ਦੇਣ ਵਿਚ ਕੁਝ ਵਕਤ ਲਗਾ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਇਹ ਜੋ ਕਿਹਾ ਹੈ ਕਿ ਇਹ ਜ਼ਮੀਨ ਹਰੀਜਨ ਕਾਰਪੋਰੇਸ਼ਨ ਦੇ ਹਵਾਲੇ ਕਰ ਦਿਤੀ ਜਾਵੇਗੀ, ਇਹ ਕਦੋਂ ਤਕ ਹੋ ਜਾਵੇਗੀ ?

ਮੰਤਰੀ : ਇਹ ਤਾਂ ਜਦੋਂ ਜ਼ਮੀਨ ਸਰਕਾਰ ਦੇ ਕਬਜ਼ੇ ਵਿਚ ਆ ਜਾਵੇਗੀ ਤਾਂ ਹੀ ਇਸ ਬਾਰੇ ਹੋਰ ਵਿਚਾਰ ਹੋ ਸਕਦੀ ਹੈ ।

ਕਾਮਰੇਡ ਸੱਤ ਪਾਲ ਡਾਂਗ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਇਨ੍ਹਾਂ ਨੇ ਇਹ ਜੋ ਕਿਹਾ ਹੈ ਕਿ ਇਹ ਛੋਟੇ ਕਾਸ਼ਤਕਾਰਾਂ, ਪੰਚਾਇਤਾਂ ਅਤੇ ਸ਼ਾਮਲਾਤਾਂ ਦੀ ਜ਼ਮੀਨ ਵਾਪਸ ਕਰ ਦਿਆਂਗੇ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ 1965 ਤੋਂ ਲੈ ਕੇ 1971 ਤਕ ਇਨ੍ਹਾਂ ਨੂੰ ਇਸ ਜ਼ਮੀਨ ਦਾ ਕੋਈ

[ਕਾਮਰੇਡ ਸੱਤ ਪਾਲ ਡਾਂਗ]
ਮੁਆਵਜ਼ਾ ਦਿਤਾ ਗਿਆ ਹੈ, ਜੇ ਦਿਤਾ ਗਿਆ ਹੈ ਤਾਂ ਕਿਤਨਾ ਅਤੇ ਜੇ ਨਹੀਂ ਤਾਂ ਕਿਸ ਕਾਨੂੰਨ ਦੇ ਅਧੀਨ ਇਹ ਜ਼ਮੀਨ ਇਨ੍ਹਾਂ ਕੋਲੋਂ ਖੋਹੀ ਗਈ ਸੀ ?

ਸ੍ਰੀ ਸਪੀਕਰ : ਜ਼ਮੀਨ ਤਾਂ ਲੈਂਡ ਯੂਟੇਲਾਈਜ਼ੇਸ਼ਨ ਐਕਟ ਦੇ ਅਧੀਨ ਹੀ ਲਈ ਗਈ ਹੋਵੇਗੀ। (The land might have been acquired under the Land Utilisation Act.)

ਕਾਮਰੇਡ ਸੱਤ ਪਾਲ ਡਾਂਗ : ਇਹ ਗਲ ਨਹੀਂ, ਸਪੀਕਰ ਸਾਹਿਬ, ਜ਼ਮੀਨ ਸਿਰਫ ਧੱਕੇ ਦੇ ਨਾਲ ਹੀ ਖੋਹੀ ਗਈ ਸੀ। ਐਕਟ ਦੇ ਅਨੁਸਾਰ ਕੋਈ ਵੀ ਕਾਰਵਾਈ ਨਹੀਂ ਸੀ ਕੀਤੀ ਗਈ।

ਕਾਮਰੇਡ ਬਾਬੂ ਸਿੰਘ ਮਾਸਟਰ : ਸਪੀਕਰ ਸਾਹਿਬ, ਇਹ ਕੋਈ ਬੰਜਰ ਜ਼ਮੀਨ ਨਹੀਂ ਸੀ ਸਗੋਂ ਸਰਕਾਰ ਨੇ ਆਪ ਦੋ ਫਸਲਾਂ ਇਸ ਜ਼ਮੀਨ ਤੋਂ ਲਈਆਂ ਸਨ।

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਇਹ ਜ਼ਮੀਨ ਜੰਗੇ ਅਜ਼ਾਦੀ ਦੇ ਸ਼ਹੀਦਾਂ ਦੇ ਵਾਰਸਾਂ ਜਾਂ ਪੁਲਿਟੀਕਲ ਸਫਰਰਜ਼ ਨੂੰ ਦੇਣ ਦੀ ਕੋਈ ਤਜਵੀਜ਼ ਹੈ ?

ਮੰਤਰੀ : ਇਸ ਲਈ ਵਖਰਾ ਪ੍ਰੋਵੀਜ਼ਨ ਹੈ, ਇਸ ਲਈ ਇਸ ਵਿਚ ਇਸ ਵਾਸਤੇ ਕੋਈ ਪ੍ਰੋਵੀਜ਼ਨ ਦੀ ਲੋੜ ਨਹੀਂ ਹੈ।

FUNDS ALLOCATED FOR TRIAL BORES.

*2192. **Sardar Partap Singh Kadian** : Will the Minister for Agriculture be pleased to state:—

(a) the extent to which funds were allocated in the year 1969-70 and 1970-71 for the trial bores in areas where there is difficulty regarding the availability of sufficient quantity and proper quality of water ;

(b) the total number of trial bores tried during each of the above mentioned years, together with the extent of success achieved so for ?

Chuadhri Radha Krishan :

(a) 1969-70......Rs. 11,93,500/-
1970-71......Rs. 10,99,840/-

(b)

Year.	Successful	Unsuccess-ful.	Work in progress.	Total
1969-70	3	11	—	14
1970-71	4	2	2	8

[(ੳ) 1969-70.........11,93,500 ਰ:
1970-71... .....10,99,840 ਰੁ:

(ਅ)

ਸਾਲ	ਕਾਮਯਾਬ	ਕਾਮਯਾਬ	ਉਸਾਰੀ ਵਿਚ	ਜੋੜ
1969-70	3	11	—	14
1970-71	4	2	2	8]

ਸਰਦਾਰ ਪ੍ਰਤਾਪ ਸਿੰਘ ਕਾਦੀਆਂ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਜਿਤਨੀ ਰਕਮ ਇਨ੍ਹਾਂ ਨੇ ਦਸੀ ਹੈ, ਇਸ ਵਿਚੋਂ ਕਿਤਨੀ ਯੂਟੇਲਾਈਜ਼ ਹੋ ਚੁਕੀ ਹੈ ?

ਮੰਤਰੀ : ਪ੍ਰੀਜ਼ੂਅਮ ਤਾਂ ਕੀਤਾ ਜਾਂਦਾ ਹੈ ਕਿ ਸਾਰੀ ਦੀ ਸਾਰੀ ਹੀ ਯੂਟੇਲਾਈਜ਼ ਕਰ ਲਈ ਗਈ ਹੈ।

ਸ੍ਰੀ ਸਪੀਕਰ : ਵਜ਼ੀਰ ਸਾਹਿਬ ਇਥੇ ਪ੍ਰੀਜ਼ੰਪਸ਼ਨ ਵਾਲੇ ਜਵਾਬ ਚੰਗੇ ਨਹੀਂ ਲਗਦੇ । (ਥੰਪਿੰਗ) (It is not proper to give replies based on presumption.)

ਮੰਤਰੀ : ਇਸ ਲਈ ਵਖਰਾ ਨੋਟਿਸ ਦੇ ਦੇਣ ਜੀ ਪਤਾ ਕਰਕੇ ਦਸ ਦਿਆਂਗਾ।

ਸਰਦਾਰ ਪ੍ਰਤਾਪ ਸਿੰਘ ਕਾਦੀਆਂ : ਵਜ਼ੀਰ ਸਾਹਿਬ ਨੇ ਇਹ ਦਸਿਆ ਹੈ ਕਿ ਕੁਝ ਟਿਊਬਵੈਲ ਸਕਸੈਸਫੁਲ ਹੋਏ ਅਤੇ ਕੁਝ ਅਨਸਕਸਸਫੁਲ ਰਹੇ। ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਸਕਸੈਸਫੁਲ ਰਹੇ ਕੀ ਉਨ੍ਹਾਂ ਤੋਂ ਰੋਸ਼ਨੀ ਲੈ ਕੇ ਕੁਝ ਪ੍ਰਾਈਵੇਟ ਟਿਊਬਵੈਲਜ਼ ਵੀ ਲਗਾਏ ਗਏ ਹਨ ?

ਮੰਤਰੀ : ਪ੍ਰਾਈਵੇਟ ਟਿਊਬਵੈਲਾਂ ਦਾ ਹਿਸਾਬ ਕਿਤਾਬ ਅਸੀਂ ਕਿਵੇਂ ਰਖ ਸਕਦੇ ਹਾਂ।

ਸਰਦਾਰ ਰਾਜਾ ਸਿੰਘ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਜਿਹੜੇ ਡੀਪ ਬੋਰਿੰਗ ਇਹ ਕਰਵਾ ਰਹੇ ਹਨ ਇਸ ਵਿਚ ਸਬ-ਮਾਊਂਟੇਂਸੀਅਸ ਏਰੀਆਂ ਦਾ ਖਿਆਲ ਵੀ ਰਖਿਆ ਜਾਵੇਗਾ ਜਿਹੜਾ ਕਿ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਹੈ, ਜਿਸ ਤਰ੍ਹਾਂ ਕਿ ਜ਼ਿਲ੍ਹਾ ਰੋਪੜ।

ਮੰਤਰੀ : ਰੋਪੜ ਜ਼ਿਲ੍ਹੇ ਦਾ ਖਾਸ ਖਿਆਲ ਰਖਿਆ ਹੈ।

ਡਾਕਟਰ ਅਮੀਰ ਸਿੰਘ ਕਲਕਟ : ਕੀ ਵਜ਼ੀਰ ਸਾਹਿਬ ਦਸਣਗੇ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੰਡੀ ਦੇ ਇਲਾਕੇ ਵਿਚ ਵੀ ਡੀਪ ਬੋਰਿੰਗ ਕਰਵਾ ਰਹੇ ਹਨ ਜਿਥੇ ਕਿ ਇਸ ਦੀ ਖਾਸ ਲੋੜ ਹੈ ?

ਮੰਤਰੀ : ਰੋਪੜ ਵਿਚ ਟਗੋਰੀ ਦੇ ਸਥਾਨ ਤੇ, ਜ਼ਿਲਾ ਹੁਸ਼ਿਆਰਪੁਰ ਵਿਚ ਨਾਰਾ, ਬਬਲਾ ਅਤੇ ਪੋਰੀਬੋਂਦਾ ਦੇ ਸਥਾਨਾਂ ਤੇ ਅਤੇ ਹੋਰ ਕਈ ਥਾਵਾਂ ਤੇ ਡੀਪ ਬੋਰਿੰਗ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਚੌਧਰੀ ਤੁਲਸੀ ਰਾਮ ਚੌਹਾਨ : ਕੀ ਬਲਾਚੌਰ ਦੇ ਇਲਾਕੇ ਵਿਚ ਵੀ ਕੋਈ ਡੀਪ ਬੋਰਿੰਗ ਕੀਤੀ ਗਈ ਹੈ।

ਮੰਤਰੀ : ਮੈਂ ਅਰਜ਼ ਕੀਤੀ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਲਾਕੇ ਨਾਰਾ ਵਿਚ ਬੋਰਿੰਗ ਸ਼ੁਰੂ ਕੀਤੀ ਗਈ ਸੀ ਪਰ ਉਥੇ ਜ਼ਮੀਨ ਸਖ਼ਤ ਅਤੇ ਪਥਰੀਲੀ ਹੋਣ ਦੇ ਕਾਰਣ ਕਾਮਯਾਬੀ ਹਾਸਲ ਨਹੀਂ ਹੋਈ।

ਚੌਧਰੀ ਤੁਲਸੀ ਰਾਮ ਚੌਹਾਨ : ਸਪੀਕਰ ਸਾਹਿਬ ਮੇਰਾ ਸਵਾਲ ਤਾਂ ਬਲਾਚੌਰ ਬਾਰੇ ਸੀ।

ਸ੍ਰੀ ਸਪੀਕਰ : ਇਹ ਸਵਾਲ ਬਲਾਚੌਰ ਬਾਰੇ ਨਹੀਂ ਸੀ, ਤੁਸੀਂ ਇਨਫਾਰਮੇਸ਼ਨ ਲੈਣੀ ਹੈ ਤਾਂ ਵਖਰਾ ਨੋਟਿਸ ਦੇ ਦਿਓ।

(This question does not relate to Balachaur. If the hon. Member ants to wseek information about Balachaur then he may give fresh notice of a question.)

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਜਿਥੇ ਬੋਰਿੰਗ ਕਾਮਯਾਬ ਹੋ ਗਈ ਹੈ, ਉਥੇ ਕੀ ਪ੍ਰਬੰਧ ਕੀਤਾ ਗਿਆ ਹੈ ਅਤੇ ਉਸ ਤੋਂ ਕੀ ਫ਼ਾਇਦਾ ਉਠਾਇਆ ਜਾ ਰਿਹਾ ਹੈ ?

ਮੰਤਰੀ : ਉਥੇ ਟਿਊਬਵੈਲਾਂ ਨੂੰ ਪਕਿਆਂ ਕਰ ਦਿਤਾ ਗਿਆ ਹੈ ।

(ਇਸ ਵੇਲੇ ਚੌਧਰੀ ਤੁਲਸੀ ਰਾਮ ਚੌਹਾਨ ਕੁਝ ਬੋਲੇ ਪਰ ਮਾਈਕ ਬੰਦ ਹੋਣ ਕਾਰਣ ਸੁਣਾਈ ਨਹੀਂ ਦਿਤਾ ।)

ਸ਼੍ਰੀ ਸਪੀਕਰ : ਤੁਸੀਂ ਵਖਰਾ ਨੋਟਿਸ ਦੇ ਕੇ ਪੁਛ ਲਓ । (ਵਿਘਨ) ਇਨ੍ਹਾਂ ਨੂੰ ਮੇਰਾ ਦੁਖ ਨਹੀਂ ਮਾਹਲ ਪੁਰ ਦਾ ਹੈ (ਵਿਘਨ)

(The hon. Member may seek the information through a fresh notice (Interruptions). He is not feeling concerned about me, but is feeling sore about Mahalpur)

ਚੌਧਰੀ ਤੁਲਸੀ ਰਾਮ ਚੌਹਾਨ : ਸਪੀਕਰ ਸਾਹਿਬ, ਮੈਂ ਇਕ ਸਵਾਲ ਪੁਛਿਆ ਹੈ, ਪਰ ਮਨਿਸਟਰ ਸਾਹਿਬ ਉਸਦਾ ਜਵਾਬ ਨਹੀਂ ਦੇ ਰਹੇ ਅਤੇ ਤੁਸੀਂ ਸਾਡੇ ਰਾਈਟ ਦੀ ਪ੍ਰੋਟੈਕਸ਼ਨ ਨਹੀਂ ਕਰ ਰਹੇ, ਇਸ ਤੋਂ ਤਾਂ ਇਹ ਚੰਗਾ ਹੈ ਕਿ ਅਸੀਂ ਅਸਤੀਫ਼ਾ ਦੇ ਜਾਈਏ ।

ਸ਼੍ਰੀ ਸਪੀਕਰ : ਚੌਹਾਨ ਸਾਹਿਬ, ਐਸੀ ਕਿਹੜੀ ਗਲ ਹੋ ਗਈ ਹੈ ਕਿ ਤੁਸੀਂ ਅਸਤੀਫ਼ਾ ਦੇਣ ਦੀ ਗਲ ਕਰਦੇ ਹੋ । (ਵਿਘਨ)

(*Addressing Chaudhri Tulsi Ram Chauhan* : There is nothing to make you talk of tendering resignation.)

ਚੌਧਰੀ ਤੁਲਸੀ ਰਾਮ ਚੌਹਾਨ : ਇਹ ਬਲਾਚੌਰ ਬਾਰੇ ਕੋਈ ਇਨਫਰਮੇਸ਼ਨ ਨਹੀਂ ਦੇ ਰਹੇ ਕਿ ਉਥੇ ਵੀ ਕੋਈ ਡੀਪ ਬੋਰਿੰਗ ਹੋਵੇਗੀ ਜਾਂ ਨਹੀਂ ?

ਮੰਤਰੀ : ਉਥੇ ਵੀ ਕਰ ਦਿਆਂਗੇ ।

चौधरी बलबीर सिंह : अध्यक्ष महोदय, मन्त्री महोदय ने कहा है कि नारा में जमीन सख्त थी इस लिए यह फेल हो गए । मगर वहां की पंचायत ने डीप बोरिंग करवाई और कामयाब रही । क्या मंत्री महोदय इस बात की इन्क्वायरी करवाएंगे कि सरकारी अमला वहां पर फेल क्यों हुआ और प्राईवेट लोग कामयाब क्यों हुए ?

ਮੰਤਰੀ : ਸਪੀਕਰ ਸਾਹਿਬ, ਹਰ ਜਗ੍ਹਾ ਵਖਰੀ ਵਖਰੀ ਹੁੰਦੀ ਹੈ ਇਸ ਲਈ ਮੈਂ ਕਿਵੇਂ ਕਹਿ ਸਕਦਾ ਹਾਂ ਕਿ ਉਹ ਫੇਲ੍ਹ ਕਿਵੇਂ ਹੋਏ ਅਤੇ ਉਹ ਕਾਮਯਾਬ ਕਿਵੇਂ ਹੋਏ ?

ਚੌਧਰੀ ਬਲਬੀਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ ....

Mr. Speaker : Please resume your seat.

ਚੌਧਰੀ ਸੱਤ ਦੇਵ : ਕੀ ਫ਼ਿਰੋਜ਼ਪੁਰ ਦੇ ਏਰੀਏ ਵਿਚ ਕੋਈ ਟਰਾਇਲ ਬੋਰ ਕੀਤਾ ਹੈ ?

ਮੰਤਰੀ : ਦੀਪ ਸਿੰਘ ਵਾਲਾ ਵਿਖੇ ਬੋਰ ਕੀਤਾ ਗਿਆ ਹੈ ।

ਸਰਦਾਰ ਕਿਰਪਾਲ ਸਿੰਘ : ਇਹ ਟਰਾਇਲ ਬੋਰਜ਼ ਜਿਥੇ ਜਿਥੇ ਕੀਤੇ ਗਏ ਹਨ ਕੀ ਇਸ ਦਾ, ਜਿਹੜੇ ਅਗੇ ਹੀ ਉਥੇ ਟਿਊਬਵੈਲ ਹਨ, ਉਨ੍ਹਾਂ ਤੇ ਕੋਈ ਅਸਰ ਤਾਂ ਨਹੀਂ ਪਿਆ ?

ਸ੍ਰੀ ਸਪੀਕਰ : ਟਿਊਬਵੈਲ ਦਾ ਮਹਿਕਮਾ ਤਾਂ ਬਾਸੀ ਸਾਹਿਬ ਕੋਲ ਹੈ ।

(The Department concerning Tubewells is under the charge of Sardar Sohan Singh Bassi.)

ਚੌਧਰੀ ਬਲਬੀਰ ਸਿੰਘ : ਸੈਂਟਰਲ ਗੌਰਮੈਂਟ ਨੇ ਵੀ ਟੈਸਟ ਬੋਰਜ਼ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਅਤੇ ਪੰਜਾਬ ਗੌਰਮੈਂਟ ਨੇ ਵੀ ਇਹ ਕੰਮ ਸ਼ੁਰੂ ਕੀਤਾ ਹੋਇਆ ਹੈ । ਕੀ ਇਹ ਕੰਮ ਸੈਂਟਰਲ ਗੌਰਮੈਂਟ ਅਤੇ ਪੰਜਾਬ ਗੌਰਮੈਂਟ ਦੀ ਕੋਆਰਡੀਨੇਸ਼ਨ ਨਾਲ ਹੋ ਰਿਹਾ ਹੈ ਜਾਂ ਕਿ ਦੋਵੇਂ ਅਲਹਿਦਾ ਅਲਹਿਦਾ ਕਰ ਰਹੇ ਹਨ ?

ਮੰਤਰੀ : ਦੋਵੇਂ ਅਲਹਿਦਾ ਅਲਹਿਦਾ ਕੰਮ ਕਰ ਰਹੇ ਹਨ ।

ਚੌਧਰੀ ਤੁਲਸੀ ਰਾਮ ਚੌਹਾਨ : ਸਿਰਾਏ ਨਾਗਾ ਅਤੇ ਮਾਲਪੁਰ ਵਿਚ ਟਰਾਇਲ ਬੋਰਜ਼ ਕਰਾਉਣ ਲਈ ਚੀਫ਼ ਮਨਿਸਟਰ ਸਾਹਿਬ ਨੂੰ ਮਿਲੇ ਉਨ੍ਹਾਂ ਨੇ ਕਿਹਾ ਕਿ ਰਿਗ ਮਸ਼ੀਨਜ਼ ਨਹੀਂ ਹਨ । ਕੀ ਬਲਾਚੌਰ ਦੇ ਇਲਾਕੇ ਵਾਸਤੇ ਰਿਗ ਮਸ਼ੀਨਜ਼ ਨਹੀਂ ਹਨ ਅਤੇ ਹੋਰ ਬਾਕੀ ਦਿਆਂ ਇਲਾਕਿਆਂ ਵਾਸਤੇ ਰਿਗ ਮਸ਼ੀਨਜ਼ ਹਨ ?

ਮੰਤਰੀ : ਕੁਲ 7 ਰਿਗ ਮਸ਼ੀਨਜ਼ ਹਨ । ਸਿਰਾਏ ਨਾਗਾ ਵਿਖੇ ਖਾਰਾ ਪਾਣੀ ਹੋਣ ਕਰਕੇ ਇਹ ਸਕੀਮ ਕਾਮਯਾਬ ਨਹੀਂ ਹੋਈ । ਤੁਹਾਡੇ ਬਲਾਚੌਰ ਦੇ ਇਲਾਕੇ ਵਿਚ ਵੀ ਇਹ ਕੰਮ ਕਰਾਂਗੇ ।

ਸ੍ਰੀ ਸਪੀਕਰ : ਇਹ ਬੋਰਿੰਗ ਪੀਣ ਦੇ ਪਾਣੀ ਵਾਸਤੇ ਹੁੰਦੀ ਹੈ ਜਾਂ ਕਿ ਖੇਤੀ ਬਾੜੀ ਵਾਸਤੇ ਹੁੰਦੀ ਹੈ ?

(Is this boring meant for obtaining drinking water or that for Agricultural purposes ?)

ਮੰਤਰੀ : ਮੇਨ ਬੋਰਿੰਗ ਤਾਂ ਖੇਤੀ ਬਾੜੀ ਵਾਸਤੇ ਹੀ ਹੁੰਦੀ ਹੈ ਪਰ ਪੀਣ ਦੇ ਪਾਣੀ ਵਾਸਤੇ ਵੀ ਬੋਰਿੰਗ ਕੀਤੀ ਜਾਂਦੀ ਹੈ ।

ਸਰਦਾਰ ਅਜੀਤ ਸਿੰਘ : ਤਲਵੰਡੀ ਸਾਬੋ ਵਿਖੇ ਪੀਣ ਦੇ ਪਾਣੀ ਦੀ ਬੜੀ ਤਕਲੀਫ ਹੈ । ਕੀ ਇਸ ਇਲਾਕੇ ਵਿਚ ਵੀ ਕੋਈ ਟਰਾਇਲ ਬੋਰਿੰਗ ਦਾ ਕੰਮ ਕੀਤਾ ਜਾਵੇਗਾ ?

ਮੰਤਰੀ : ਤਿੰਨ ਚਾਰ ਜਗ੍ਹਾ ਤੇ ਬੋਰਿੰਗ ਕਰਾਈ ਸੀ ਪਰ ਫੇਲ੍ਹ ਹੋ ਗਈ ।

ਸੰਤ ਲੱਖਾ ਸਿੰਘ : ਮਾਨਸਾ ਦੇ ਏਰੀਏ ਵਿਚ ਵੀ (ਵਿਘਨ)

ਸ੍ਰੀ ਸਪੀਕਰ : ਸੰਤ ਜੀ ਤਸ਼ਰੀਫ ਰਖੋ ।

(The hon. Member Sant Lakha Singh may please reaume his seat)

COMMUNICATION REGARDING GRIEVANCES OF CONVICTS AND UNDERTRIAL PRISONERS

*2234. **Comrade Dana Ram :** Will the Minister of State for Jails and Transport be pleased to state :—

(a) whether any legislator sent to the Chief Minister, Punjab a communication in the month of October, 1970, containing some grievances of the convicts and the undertrial prisoners lodged in Punjab Jails; if so, the details of the grievances mentioned therein together with the suggestions, if any, made by the legislator concerned be laid on the Table of the House ;

(b) the action taken by the Government on the said communication ?

Sardar Jagdev Singh :

(a) Yes. A copy of the letter is laid on the Table of the House.

(b) The matter is under consideration.

[(ੳ) ਹਾਂ ਜੀ । ਚਿਠੀ ਦੀ ਇਕ ਨਕਲ ਸਭਾ ਦੇ ਪੇਸ਼ ਹੈ ।

(ਅ) ਮਾਮਲਾ ਵਿਚਾਰ ਅਧੀਨ ਹੈ ।]

Ekta Bhawan,
Chheharta.
Dated Oct. 1970.

My Dear,

I was in Central Jail, Patiala from 16.8.1970 to 13.9.70 in connection with the land agitation. Many genuine grievances of the convicts and the undertrial prisoners lodged in Punjab Jails came to my notice. I consider it my duty to bring these at least the most pressing ones to the notice of the Government and to request that you take steps to remove the same.

1. One who gets a life sentence, he has to undergo imprisonment for 20 years minus the remissions that he may be granted. As it is well known, remissions are granted by Superintendent of the Jail as well as by the Inspector General. In theory at least these depend upon the convict's conduct in the Jail and are an incentive for good and improved behaviour. Remissions granted by the Superintendent or the Inspector General can be cancelled by them as punishment. Besides these remissions, general remissions can and are often granted by the Government on such occasions as 100th Anniversary of Gandhiji's birthday, 500th Anniversary of Guru Nanak's birthday etc. Often when a new Government assumes power, it grants general remission.

A convict expects to be released after he has been in the Jail (as a convict) for a period which is equal to his sentence minus the total of the remissions granted to him. Actually he does not get release automatically after the expiry of this period. His actual release depends upon the police report or the report of the District Magistrate based on police report regarding the desirability or otherwise of releasing him. His record inside the Jail called 'Naskha' is sent to the District Magistrate for getting this report. The actual release takes place only if the police report does not raise any objection to the same. If the Police report is negative and says that his release is not desirable, he cannot be released He continues to be kept in Jail till such time as a favourable

police report is available or till he has served his full sentence minimum the general remissions given by the Government.

This system of actual release depending upon the police report from outside is one of the most actually felt grievances of the convicts. It is so because it has become a source of much corruption. I was told that no one gets favourable reports without paying big sums of money to a number of officials and often these reports take very long to come. I have discussed this matter with some experts and I am convinced that there is no justification at all for the system of these police reports. The extent of remission in the sentence should depend upon entirely the conduct inside the Jail. There may even be a ceiling on remission. The desirability of general remission may also be debated. Substantive minimum which must be undergone may also be considered. But there does not appear to be any justification whatsoever for the present system of releases depending upon police reports and the same should be abolished as soon as possible.

2. Grant of leave to convicts tool is dependent upon police reports. If one and the same convict applies for leave more than once, police reports is obtained every time. And there have been cases in which there have been positive reports first time, but negative reports second time without any negative reports about the conduct during the leave already availed.

The problem is not at par with the problem of police reports in connection with releases but it too requires to be reviewed.

3. A certain number of interviews by relatives etc. are allowed but in most of the Jails these interviews take place with quite a wide double Jangla in between. This system is most humiliating besides being extremely inconvenient. It has been the source of much resentment. The demand for abolition of this system was one of the demands of the convicts and prisoners in Ferozepur Central Jail, which led to the tragic firing inside that Jail in the beginning of 1969. In the Vidhan Sabha we had pressed the Government to concede the just demands of the convicts and the prisoners. And this was one of the few demands which the Government had not rejected outright but had promised to consider.

While in Patiala Jail, I became still more fully convinced that this demand is entirely reasonable and fully justified. The Central Jail, Patiala is perhaps the only one Central Jail in the State in which the system of double Jangla does not exists and this has not created any problem or difficulty. I would, therefore, suggest immediate abolition of double Jangla System in all the Jails in the State.

4. The demands of the convicts and the prisoners in the Ferozepur Jail included the demand for supply of sugar at controlled rates at the same rate as in the case of free citizens. The demand is obviously quite just and reasonable. This was the only demand about which we were told in the Vidhan Sabha that the Government had decided to accept this demand. I was surprised to find while in Patiala Jail, that in actual practice the demand had not yet been conceded by the Government.

I would urge that immediate orders be issued for supply of sugar at controlled rates to all the convicts and prisoners at the same rate as is admissible to free citizens.

5. The demand of the convicts and prisoners that arrangements for overnight stay of their relatives coming from far off places for interviews also seems reasonable and just and should be considered sympathetically.

6. The criteria for placing under trial prisoners and convicts in better class needs to be reviewed. There are many anomalies in the existing criteria.

[Comrade Satya Pal Dang]

There are some of the most pressing general demands of the ordinary convicts and prisoners. Some other general demands come to the forefront every time there is an agitation and there are large number of agitations prisoners in the jail. Some of the most pressing of these are as below :—

(1) The news papers and journals are allowed or disallowed inside the jail depending upon whether or not it is in the list of permissible journals and newspapers. This list is usually approved by the Chief Minister and often reflects his political prejudices. At present while notedly communal and Jan Sangh Organ Pardeep is allowed inside the jails, progressive papers like Nwan Zamana, Patriot, etc. are not allowed.

All legal newspapers and journals should be allowed inside jails without any restriction whatsoever. Likewise all legal literature including Marxist literature should be permitted.

(2) Political/agitation prisoners should not be treated on the same footing as other under-trial or convicts. A special class should be created.

(3) Convicts on their release are paid Railway or bus fare to reach homes (or place of arrest whichever is nearer) and also diet money. This facility is not available in case of undertrial prisoners. They are not paid any fares when they are acquitted and/or discharged. This causes much hardship and is also highly unjust. In case of agitation prisoners, it always leads to a good deal of trouble between them and the jail authorities.

I would very strongly urge immediate modification of the existing rules so as to put undertrial prisoners at least on par with the convicts in the matter of fare etc. on their release. If the Government evolves a system under which free travel upto homes by the Punjab Roadways or the PEPSU Corporation Roadways is permitted to the undertrial prisoners their discharge, it would not cost the State exchequer anything. Railway journey or journey by private buses be permitted only where the same is not possible by means of public sector buses.

Many other just demands could be mentioned but having mentioned the most pressing ones, I would like to emphasize in this letter one more point only.

Many of the difficulties of the undertrial prisoners and convicts as well as many problems of the jail authorities are there because jail life continues to be governed by an entirely out moded jail code which require a thorough revision. You may perhaps remember that in the Punjab Vidhan Sabha I have been making this demand since long especially after the gruesome firing in the Ferozepur Jail in the beginning of 1969. Your predecessor, S. Gurnam Singh accepted my suggestions and agreed to appoint a Committee to recommend to the Government changes necessary in the Jail Code. This, however, has not been implemented as yet. I would strongly urge that such a Committee be appointed without further delay and it be required to submit its report within three months at the latest.

Finally, I would request that I may please be informed of the action that you may take in connection with the suggestions made above. I would also like to bring to your notice some problems of the employers of the Jail department but I would do that through a separate letter.

Yours Sincerely
(Satya Pal Dang)
M. L. A.

S. Parkash Singh Badal,
Chief Minister, Punjab,
Chandigarh.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਦੋਂ ਅਸੀਂ ਜੇਲ੍ਹਾਂ ਵਿਚ ਜਾਂਦੇ ਹਾਂ ਤਾਂ ਉਥੇ ਕੈਦੀ ਸਾਨੂੰ ਕਹਿੰਦੇ ਹਨ ਕਿ ਜਦੋਂ ਅਕਾਲੀ ਜੇਲ੍ਹਾਂ ਵਿਚ ਆਉਂਦੇ ਹੁੰਦੇ ਸੀ ਤਾਂ ਉਹ ਸਾਨੂੰ ਕਹਿੰਦੇ ਹੁੰਦੇ ਸੀ ਕਿ ਜਦੋਂ ਉਨ੍ਹਾਂ ਦਾ ਰਾਜ ਆਵੇਗਾ ਤਾਂ ਉਹ ਜਿਹੜੀਆਂ ਵੀ ਕੈਦੀਆਂ ਦੀਆਂ ਤਕਲੀਫਾਂ ਹਨ ਉਨ੍ਹਾਂ ਨੂੰ ਦੂਰ ਕਰ ਦੇਣਗੇ । ਪਰ ਉਹ ਤਕਲੀਫਾਂ ਤਾਂ ਹਾਲੇ ਤਕ ਦੂਰ ਨਹੀਂ ਹੋਈਆਂ ਹਨ ।

ਰਾਜ ਮੰਤਰੀ : ਇਹ ਮਾਮਲਾ ਵਿਚਾਰ ਅਧੀਨ ਹੈ ।

ਕਾਮਰੇਡ ਸੱਤ ਪਾਲ ਡਾਂਗ : ਪੰਜਾਬੀ ਸੂਬੇ ਦੇ ਮੋਰਚੇ ਵਿਚ ਜਦੋਂ ਅਕਾਲੀ ਜੇਲ੍ਹਾਂ ਵਿਚ ਗਏ ਤਾਂ ਕੈਦੀਆਂ ਨੇ ਉਨ੍ਹਾਂ ਨੂੰ ਆਪਣੀਆਂ ਤਕਲੀਫਾਂ ਦਸੀਆਂ ਤਾਂ ਅਕਾਲੀਆਂ ਨੇ ਕਿਹਾ ਕਿ ਜਦੋਂ ਉਨ੍ਹਾਂ ਦਾ ਰਾਜ ਆਵੇਗਾ ਤਾਂ ਇਹ ਤਕਲੀਫਾਂ ਸਭ ਦੂਰ ਕਰ ਦਿਤੀਆਂ ਜਾਣਗੀਆਂ, ਪਰ ਇਸ ਤਰ੍ਹਾਂ ਹਾਲੇ ਤਕ ਤਾਂ ਹੋਇਆ ਨਹੀਂ ਹੈ । (ਸ਼ੋਰ)

(ਕੋਈ ਜਵਾਬ ਨਹੀਂ ਆਇਆ)

ਸਰਦਾਰ ਕਿਰਪਾਲ ਸਿੰਘ : ਕੈਦੀ ਜਦੋਂ ਸਜ਼ਾ ਭੁਗਤ ਚੁਕਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਰਿਹਾਈ ਕਰਾਉਣ ਵਾਸਤੇ ਆਪਣੇ ਚਾਲ ਚਲਣ ਬਾਰੇ ਪੁਲਸ ਦਾ ਸਰਟੀਫੀਕੇਟ ਲੈਣਾ ਪੈਂਦਾ ਹੈ ਜਿਸ ਵਾਸਤੇ ਕਿ ਆਈ. ਜੀ. ਲੈਵਲ ਤਕ ਬੜੀ ਭਾਰੀ ਰਿਸ਼ਵਤ ਚਲਦੀ ਹੈ ਅਤੇ ਕਾਫੀ ਦੇਰ ਲਗ ਜਾਂਦੀ ਹੈ । ਇਸ ਸਿਸਟਮ ਨੂੰ ਚੇਂਜ ਕਰਾਉਣ ਵਾਸਤੇ ਅਤੇ ਸਿੰਪਲੀਫ਼ਾਈ ਕਰਨ ਵਾਸਤੇ ਸਰਕਾਰ ਕੀ ਕੁਝ ਕਰ ਰਹੀ ਹੈ ?

ਰਾਜ ਮੰਤਰੀ : ਇਸ ਵਾਸਤੇ ਸੈਪਰੇਟ ਨੋਟਿਸ ਦੇ ਦਿਉ ।

ਸ਼੍ਰੀ ਮਨਮੋਹਨ ਕਾਲੀਆ : ਇਕ ਸ਼ਰਤ ਇਹ ਹੈ ਕਿ ਕੈਦੀ ਨੂੰ ਰਿਹਾਅ ਹੋਣ ਵਾਸਤੇ ਪੰਚਾਇਤ ਦੀ ਰਿਕਮੈਂਡੇਸ਼ਨ ਦੀ ਲੋੜ ਹੈ ਅਤੇ ਪੰਚਾਇਤਾਂ ਕਈ ਵਜ੍ਹਾ ਕਰਕੇ ਆਨ ਮੈਰਿਟ ਰਿਕਮੈਂਡੇਸ਼ਨ ਸਰਟੀਫੀਕੇਟ ਜਾਰੀ ਨਹੀਂ ਕਰਦੀਆਂ, ਜਿਸ ਕਰਕੇ ਕੈਦੀ ਵਿਚਾਰੇ ਜੇਲ੍ਹ ਵਿਚ ਹੀ ਸੜਦੇ ਰਹਿੰਦੇ ਹਨ । ਕੀ ਸਰਕਾਰ ਇਹ ਰਿਲੀਫ ਕੈਦੀਆਂ ਨੂੰ ਆਨ ਮੈਰਿਟ ਦੇਣ ਨੂੰ ਤਿਆਰ ਹੈ ?

ਸ਼੍ਰੀ ਸਪੀਕਰ : ਕੀ ਇਹ ਸਵਾਲ ਇਸ ਨਾਲ ਮੁਤਅੱਲਕ ਹੈ ?
(Does this supplementary arise out of this question ?)

ਸ਼੍ਰੀ ਮਨਮੋਹਨ ਕਾਲੀਆ : ਹਾਂ ਜੀ ।

ਕਾਮਰੇਡ ਸੱਤ ਪਾਲ ਡਾਂਗ : ਜਿਹੜੀ ਜ਼ਿੰਦਗੀ ਦੀ ਸਜ਼ਾ ਹੋਈ ਹੁੰਦੀ ਹੈ, ਜਿਹੜੀਆਂ ਉਹਦੇ ਵਿਚੋਂ ਰਿਆਇਤਾਂ ਮਿਲ ਜਾਂਦੀਆਂ ਹਨ ਉਹ ਵੀ ਕਿਸੇ ਅਥਾਰਿਟੀ ਦੀ ਰਿਕਮੈਂਡੇਸ਼ਨ ਤੇ ਹੀ ਹੁੰਦਾ ਹੈ ਜਿਸ ਨਾਲ ਕਿ ਅਲਟੀਮੇਟਲੀ ਸਜ਼ਾ ਖਤਮ ਕਰਾਈ ਜਾਂਦੀ ਹੈ ਫੇਰ ਪੁਲਿਸ ਕੋਲੋਂ ਰਿਪੋਰਟ ਲੈਣ ਦੀ ਜ਼ਰੂਰਤ ਕਿਉਂ ਮਹਿਸੂਸ ਕੀਤੀ ਜਾਂਦੀ ਹੈ । ਇਸ ਚੀਜ਼ ਦੀ ਜਸਟੀਫਿਕੇਸ਼ਨ ਕੀ ਹੈ, ਮਨਿਸਟਰ ਸਾਹਿਬ ਇਹ ਦਸਣ ?

ਰਾਜ ਮੰਤਰੀ : ਸਜ਼ਾਏ ਮੌਤ ਤੋਂ 20 ਸਾਲ ਸਜ਼ਾ ਹੋ ਜਾਂਦੀ ਹੈ ਇਸ ਲਈ ਸਾਡੇ ਅਠ ਸਾਲ ਦੀ ਸਜ਼ਾ ਕਟਦੀ ਹੈ । ਬਾਕੀ ਦੀ ਸਜ਼ਾ ਵਾਸਤੇ ਉਹਦੀ ਰਿਹਾਈ ਵੇਲੇ ਡਿਸਟ੍ਰਿਕਟ ਮੈਜਿਸਟ੍ਰੇਟ ਦੀ ਰਿਪੋਰਟ ਲਈ ਜਾਂਦੀ ਹੈ ਕਿ ਉਹਦਾ ਚਾਲ ਚਲਣ ਅਛਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਰਿਮੀਸ਼ਨ ਦੇਣ ਦਾ ਜੋ ਸਿਸਟਮ ਇਸ ਵੇਲੇ ਚਲ ਰਿਹਾ ਹੈ ਉਹ

[ਕਾਮਰੇਡ ਸੱਤ ਪਾਲ ਡਾਂਗ]
ਡਿਫੈਕਟਿਡ ਹੈ । ਇਸ ਵਿਚ ਰਿਸ਼ਵਤ ਚਲ ਰਹੀ ਹੈ । ਇਸ ਲਈ ਇਸ ਸਿਸਟਮ ਨੂੰ ਚੇਂਜ ਕਰਨਾ ਚਾਹੀਦਾ ਹੈ ਜਿਸ ਨਾਲ ਕਿ ਕੁਰਪਸ਼ਨ ਵਧ ਰਹੀ ਹੈ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਰਦਾਰ ਕਿਰਪਾਲ ਸਿੰਘ : ਦਸ ਸਾਲ ਦੀ ਜਿਹੜੀ ਰਿਮੀਸ਼ਨ ਹੁੰਦੀ ਹੈ ਕੈਦ ਵਿਚ ਇਸ ਦਾ ਜਿਹੜਾ ਸਿਸਟਮ ਹੈ ਉਹ ਬੜਾ ਡਿਫੈਕਟਿਵ ਹੈ ! ਇਸ ਨੂੰ ਮੌਡੀਫਾਈ ਕਰਨਾ ਚਾਹੀਦਾ ਹੈ । ਕਈ ਕੈਦੀ ਜੇਲ੍ਹ ਵਿਚ ਸਜ਼ਾ ਸਾਰੀ ਦੀ ਸਾਰੀ ਭੁਗਤ ਚੁੱਕੇ ਹਨ ਪਰ ਫੇਰ ਵੀ ਉਹ ਵਿਚਾਰੇ ਛਡੇ ਨਹੀਂ ਜਾਂਦੇ ਹਨ । ਜੇ ਰਿਸ਼ਵਤ ਦੇ ਦਿਤੀ ਜਾਵੇ ਤਾਂ ਸਭ ਕੁਝ ਜਲਦੀ ਹੋ ਜਾਂਦਾ ਹੈ ।

ਸ੍ਰੀ ਸਪੀਕਰ : ਇਹ ਤਾਂ ਉਹਦੀ ਰੈਪੀਟੀਸ਼ਨ ਹੈ ਜੋ ਕਿ ਡਾਂਗ ਸਾਹਿਬ ਨੇ ਮੰਗ ਕੀਤੀ ਹੈ ।

(It is the repetition of what has been demanded by Com. Satya Pal Dang.)

ਡਾਕਟਰ ਅਮੀਰ ਸਿੰਘ ਕਲਕਟ : ਇਥੇ ਜੋ ਕੁਰਪਸ਼ਨ ਦੀਆਂ ਗਲਾਂ ਕੀਤੀਆਂ ਗਈਆਂ ਹਨ ਕੀ ਮੰਤਰੀ ਸਾਹਿਬ ਇਸ ਚੀਜ਼ ਨੂੰ ਰੋਕਣ ਵਾਸਤੇ ਕੋਈ ਐਮ. ਐਲ. ਏਜ਼ ਦੀਆਂ ਜ਼ਿਲ੍ਹਾਵਾਰ ਕਮੇਟੀਆਂ ਬਣਾਉਣ ਵਾਸਤੇ ਤਿਆਰ ਹਨ ?

ਰਾਜ ਮੰਤਰੀ : ਇਹ ਕਮੇਟੀਆਂ ਤਾਂ ਪਹਿਲਾਂ ਹੀ ਬਣੀਆ ਹੋਈਆਂ ਹਨ । ਇਸ ਲਈ ਨਵੀਆਂ ਕਮੇਟੀਆਂ ਬਨਾਉਣ ਵਾਸਤੇ ਹੋਰ ਕੋਈ ਲੋੜ ਨਹੀਂ ਹੈ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਗ਼ਲਤ ਗਲ ਕਹੀ ਗਈ ਹੈ ਕਿ ਹਰ ਜ਼ਿਲ੍ਹੇ ਵਿਚ ਅਗੇ ਹੀ ਐਮ. ਐਲ. ਏਜ਼ ਦੀਆਂ ਕਮੇਟੀਆਂ ਬਣੀਆ ਹੋਈਆਂ ਹਨ, ਮਨਿਸਟਰ ਸਾਹਿਬ ਦਸ ਦੇਣ ਕਿ ਕਿਹੜੇ ਕਿਹੜੇ ਜ਼ਿਲੇ ਵਿਚ ਇਹ ਕਮੇਟੀਆਂ ਬਣੀਆਂ ਹੋਈਆਂ ਹਨ ?

ਰਾਜ ਮੰਤਰੀ : ਇਸ ਵਾਸਤੇ ਸੈਪਰੇਟ ਨੋਟਿਸ ਦੇ ਦੇਣ ਮੈਂ ਦਸ ਦਿਆਂਗਾ । (ਥੰਪਿੰਗ)

STATE SHEEP FARM IN MATTEWARA, DISTRICT LUDHIANA

*2028. **Comrade Satya Pal Dang** : Will the Minister of State for Animal Husbandry and Power be pleased to state :—

(a) whether the Government is considering any proposal to set up a State Sheep Farm in Mattewara district Ludhiana; if so, the area of the land proposed for this farm;

(b) the area of land out of that referred to in part (a) which is already under cultivation and the number of families cultivating the same;

(c) whether attempts have been made to evict these families, forcibly and whether the same have been resisted ?

Sardar Randhir Singh Cheema :

(a) A Sheep Breeding Farm had already been established at Matterwara during the year 1968-69. About 800 acres of land is in possession of the Department for the development of this farm.

(b) The entire area is being cultivated by the Deptt., no private individual, is cultivating any part of the farm.

(c) In view of the position explained at (b) above the question does not arise.

[(ੳ) ਸਾਲ 1968-69 ਵਿੱਚ ਪਹਿਲਾਂ ਹੀ ਮਾਤੇਵਾੜਾ ਵਿਖੇ ਇਕ ਭੇਡ ਨਸਲਕਸ਼ੀ ਫਾਰਮ ਦੀ ਸਥਾਪਨਾ ਕੀਤੀ ਗਈ ਸੀ। ਇਸ ਫਾਰਮ ਦੀ ਲਗਪਗ 800 ਏਕੜ ਜ਼ਮੀਨ ਵਿਭਾਗ ਦੇ ਕਬਜ਼ੇ ਵਿਚ ਹੈ।

(ਅ) ਇਸ ਸਾਰੀ ਜ਼ਮੀਨ ਦੀ ਕਾਸ਼ਤ ਵਿਭਾਗ ਵਲੋਂ ਆਪ ਹੀ ਕਰਾਈ ਜਾਂਦੀ ਹੈ ਅਤੇ ਹੋਰ ਕੋਈ ਪ੍ਰਾਈਵੇਟ ਟੱਬਰ ਇਸ ਜ਼ਮੀਨ ਦੀ ਕਾਸ਼ਤ ਨਹੀਂ ਕਰਦਾ।

(ੲ) ਉਪਰੋਕਤ (ਅ) ਵਿੱਚ ਦੱਸੇ ਹਾਲਾਤ ਨੂੰ ਮੁੱਖ ਰੱਖਦਿਆਂ ਹੋਇਆਂ ਕਿਸੇ ਪ੍ਰਾਈਵੇਟ ਕੋੜਮੇ ਨੂੰ ਕੱਢਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।]

ਕਾਮਰੇਡ ਸੱਤ ਪਾਲ ਡਾਂਗ : ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਇਹ 800 ਏਕੜ ਜ਼ਮੀਨ ਜਿਹੜੀ ਹੈ ਇਹ ਸਰਕਾਰ ਦੀ ਜ਼ਮੀਨ ਹੈ ਅਤੇ ਕਿਹਾ ਹੈ ਕਿ ਕਿਸੇ ਨੂੰ ਕੱਢਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੈਂ ਦਸਦਾ ਹਾਂ ਕਿ ਪਿਛਲੇ ਸਾਲ ਡੇਢ ਸੌ ਟੱਬਰਾਂ ਨੂੰ ਕੱਢਣ ਦਾ ਯਤਨ ਕੀਤਾ ਗਿਆ। ਡੇਢ ਸੌ ਦੇ ਕਰੀਬ ਤੋਂ ਜ਼ਬਰਦਸਤੀ ਖਾਲੀ ਕਰਵਾਇਆ ਗਿਆ। ਜਦ ਬਾਦਲ ਸਾਹਿਬ ਬਾਹਰ ਵਿਦੇਸ਼ ਗਏ ਹੋਏ ਸਨ ਤਾਂ ਮਗਰੋਂ ਬਾਸੀ ਸਾਹਿਬ ਨੂੰ ਇਕ ਡੈਪੂਟੇਸ਼ਨ ਮਿਲਿਆ ਅਤੇ ਬਾਸੀ ਸਾਹਿਬ ਨੇ ਡੀ. ਸੀ. ਤੋਂ ਰਿਪੋਰਟ ਮੰਗਵਾਈ ਸੀ। ਇਹ ਕਹਿੰਦੇ ਹਨ ਕਿ ਕਿਸੇ ਨੂੰ ਉਜਾੜਿਆ ਨਹੀਂ ਗਿਆ। ਮੈਂ ਪੁਛਦਾ ਹਾਂ ਕਿ ਉਹ ਕਿਥੋਂ ਉਜਾੜੇ ਗਏ ਸਨ ?

ਰਾਜ ਮੰਤਰੀ : ਇਹੋ ਜਿਹੀ ਸਾਡੇ ਨੋਟਿਸ ਵਿਚ ਗੱਲ ਨਹੀਂ ਆਈ। ਲੇਕਿਨ ਇਹ ਮੈਂ ਦੱਸਦਾ ਹਾਂ ਕਿ ਇਸ ਤੇ ਸਾਰਾ ਕਬਜ਼ਾ ਸਰਕਾਰ ਦਾ ਆਪਣਾ ਹੈ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਵਜ਼ੀਰ ਸਾਹਿਬ ਇਸ ਦੇ ਮੁਤੱਲਕ ਜਾਂਚ ਪੜਤਾਲ ਕਰਨ ਨੂੰ ਤਿਆਰ ਹਨ ਅਤੇ ਜੇ ਇਹ ਸਾਬਤ ਹੋ ਜਾਵੇ ਕਿ ਉਥੋਂ ਬਹੁਤ ਸਾਰੇ ਖਾਨਦਾਨ ਉਜਾੜੇ ਗਏ ਤਾਂ ਕੀ ਇਹ ਉਨ੍ਹਾਂ ਨੂੰ ਫਿਰ ਉਥੇ ਵਸਾਉਣ ਲਈ ਤਿਆਰ ਹੋਣਗੇ ?

(ਕੋਈ ਉੱਤਰ ਨਹੀਂ ਦਿਤਾ ਗਿਆ।)

WHEAT PURCHASED BY THE GOVERNMENT

***2146 Sardar Gurbanta Singh** : Will the Minister of State for Food and Supplies be pleased to state the quantum of wheat purchased by the Government in the State during the current year upto 31st December, 1970 alongwith the quantum of wheat purchased from each of the grain markets and the names of grain markets where from the said wheat was purchased ?

ਸਰਦਾਰ ਗੁਰਮੀਤ ਸਿੰਘ : ਪੰਜਾਬ ਸਰਕਾਰ ਨੇ 31-12-1970 ਤੱਕ 99,50,155 ਕੁਇੰਟਲ (9,95,015 ਟੰਨ) ਕਣਕ ਖਰੀਦੀ ਹੈ।

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਜਿਨ੍ਹਾਂ ਗਰੇਨ ਮਾਰਕੀਟ (ਮੰਡੀਆਂ) ਵਿਚੋਂ ਇਹ ਕਣਕ ਖਰੀਦੀ ਗਈ ਤੇ ਕਿੰਨੀ ਕਿੰਨੀ ਮਿਕਦਾਰ ਵਿਚ ਇਹ ਕਣਕ ਹਰ ਇੱਕ ਮੰਡੀ ਵਿਚ ਖਰੀਦੀ ਗਈ ਦਾ ਵੇਰਵਾ ਨਾਲ ਨੱਥੀ ਹੈ ।

ਪੰਜਾਬ ਸਰਕਾਰ ਵਲੋਂ ਖਰੀਦੀ ਗਈ ਕਣਕ ਅਤੇ ਜਿਨ੍ਹਾਂ ਮੰਡੀਆਂ ਵਿਚੋਂ ਇਹ ਕਣਕ ਖਰੀਦੀ ਗਈ ਉਸ ਦਾ ਵੇਰਵਾ :—

(ਅੰਕੜੇ ਕੁਵਿੰਟਲਾਂ ਵਿਚ ਹਨ)

	ਮੰਡੀ ਦਾ ਨਾਂ	ਕੁੱਲ ਖ਼ਰੀਦ ਜੋੜ
	ਅੰਮ੍ਰਿਤਸਰ	
1.	ਅੰਮ੍ਰਿਤਸਰ	1,10,789
2.	ਤਰਨ ਤਾਰਨ	1,13,507
3.	ਪੱਟੀ	72,502
4.	ਗਹਿਰੀ	46,272
5.	ਜੰਡਿਆਲਾ	68,696
6.	ਮਜਿੱਠਾ	29,502
7.	ਰਈਆ	85,389
8.	ਭਿੱਖੀ ਵਿੰਡ	39,283
9.	ਖਾਲੜਾ	78,258
10.	ਅਜਨਾਲਾ	28,868
11.	ਵੇਰਕਾ	7,635
12.	ਚੋਗਾਂਵਾ	60,978
13.	ਝਬਾਲ	44,781
14.	ਜੈਂਤੀਪੁਰ	31,875
15.	ਮਹਿਤਾ	66,726
16.	ਤਰਸਿਕਾ	20,760
17.	ਖੇਮਕਰਨ	25,591
18.	ਛੇਹਰਟਾ	30,883
19.	ਕੱਥੂ ਨੰਗਲ	18,771
20.	ਰਾਮਦਾਸ	12,080
21.	ਕੁਕੜਾਂਵਾਲਾ	26,112
22.	ਅਲਗੋ	19,779
23.	ਖਡੂਰ ਸਾਹਿਬ	23,238
24.	ਰਾਜਾ ਸਾਂਸੀ	27,612
25.	ਸ਼ਾਹਬਾਜ਼ ਪੁਰ	12,431
26.	ਤਖਤੂ ਚੱਕ	18,190
27.	ਅਮਰ ਕੋਟ	6,886
	ਜੋੜ	11,27,394

	ਮੰਡੀ ਦਾ ਨਾਂ	ਕੁੱਲ ਖ਼ਰੀਦ ਜੋੜ
	ਬਠਿੰਡਾ	
1.	ਬਠਿੰਡਾ	31,146
2.	ਗੁਨਿਆਨਾ	44 579
3.	ਬੁਢਲਾਡਾ	1,05,754
4.	ਕੋਟਕਪੂਰਾ	1,61,654
5.	ਮਾਨਸਾ	1,24,473
6.	ਫ਼ਰੀਦਕੋਟ	47,906
7.	ਜੈਤੋ	83,302
8.	ਰਾਮਪੁਰਾਫੂਲ	1,19,379
9.	ਬਰੇਟਾ	42,981
10.	ਮੋੜ	41,872
11.	ਰਮਾਂ	25,244
12.	ਭੂਚੋ	78,763
13.	ਸੰਗਤ	6,546
14.	ਸਰਦੂਲਗੜ੍ਹ	14,508
15.	ਭਿੱਖੀ	24,269
16.	ਭਾਈ ਰੂਪਾਂ	19,254
17.	ਪੰਜ ਗਰੇਨ	28,244
18.	ਸਾਦਿਕ	10,822
19.	ਜਲੋਂਵਾਲ	6,853
	ਜੋੜ	10,17,549
	ਫਾਜ਼ਿਲਕਾ	
1.	ਫਾਜ਼ਿਲਕਾ	90,977
2.	ਅਬੋਹਰ	87,527
3.	ਮੁਕਤਸਰ	1,49,260
4.	ਮਲੋਟ	98,611
5.	ਜਲਾਲਾਬਾਦ	34,423
6.	ਗਿਦੜਬਾਹਾ	47,953
7.	ਬੇਰੀ ਵਾਲਾ	39,541
8.	ਲਖੇਵਾਲੀ	7,708
9.	ਲਾਢੂਕਾ	12,308
10.	ਰੋੜਾਂਵਾਲੀ	7,680
11.	ਲੰਬੀ	8,284
	ਜੋੜ	5,84,272

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

	ਮੰਡੀ ਦਾ ਨਾਂ		ਕੁੱਲ ਖ਼ਰੀਦ ਜੋੜ
	ਫ਼ੀਰੋਜ਼ਪੁਰ		
1.	ਫ਼ੀਰੋਜ਼ਪੁਰ ਸਿਟੀ		74,346
2.	ਫ਼ੀਰੋਜ਼ਪੁਰ ਕੈਂਟ		73,046
3.	ਨਿਹਾਲ ਸਿੰਘ ਵਾਲਾ		58,209
4.	ਬਾਘਾ ਪੁਰਾਣਾ		1,15,767
5.	ਜ਼ੀਰਾ		51,124
6.	ਤਲਵੰਡੀ		86,294
7.	ਮੋਗਾ		2,24,759
8.	ਮੱਖੂ		28,122
9.	ਗੁਰੂ ਹਰਸਹਾਏ		49,668
10.	ਧਰਮ ਕੋਟ		50,242
11.	ਬਧਨੀ ਕਲਾਂ		46,629
12.	ਅਜੀਤ ਵਾਲ		45,674
13.	ਸਮਾਲਸਰ		9,352
14.	ਮਲਾਂ ਵਾਲਾ		9,693
15.	ਭਿੰਡਰਕਲਾਂ		19,866
16.	ਦਰੌਲੀ ਭਾਈ		11,879
		ਜੋੜ	9,54,670
	ਗੁਰਦਾਸਪੁਰ		
1.	ਗੁਰਦਾਸਪੁਰ		1,00,956
2.	ਪਠਾਨਕੋਟ		4,375
3.	ਦੀਨਾ ਨਗਰ		46,068
4.	ਕਾਦੀਆਂ		86,994
5.	ਧਾਰੀਵਾਲ		79,338
6.	ਡੇਰਾ ਬਾਬਾ ਨਾਨਕ		9,836
7.	ਫਤਿਹ ਗੜ੍ਹ ਚੂੜੀਆਂ		69,278
8.	ਸ੍ਰੀ ਹਰਗੋਬਿੰਦ ਪੁਰ		17,936
9.	ਬਟਾਲਾ		2,20,462
10.	ਧਰਮਕੋਟ ਰੰਧਾਵਾ		2,133
11.	ਕਾਹਨੂੰਵਾਲ		21,884
12.	ਦੋਰੰਗਲਾ		21,114
		ਜੋੜ	6,80,374

ਮੰਡੀ ਦਾ ਨਾਂ	ਕੁੱਲ ਖ਼ਰੀਦ ਜੋੜ
ਹੁਸ਼ਿਆਰਪੁਰ	
1. ਹੁਸ਼ਿਆਰਪੁਰ	25,119
2. ਮੁਕੇਰੀਆਂ	40,361
3. ਬਲਾਚੌਰ	23,189
4. ਦਸੂਹਾ	36,408
5. ਟਾਂਡਾਉੜਮੁੜ	66,007
6. ਹਰਿਆਣਾ	6,241
7. ਸੈਲਾਖੁਰਦ	16,257
8. ਗੜ੍ਹ ਸ਼ੰਕਰ	44,128
9. ਜਲੋਵਾਲ	3,180
10. ਨੰਦਾ ਚੌਰ	21,920
ਜੋੜ	2,82,813
ਜਲੰਧਰ	
1. ਜਲੰਧਰ ਸਿਟੀ	1,02,915
2. ਜਲੰਧਰ ਕੈਂਟ	20,727
3. ਬੰਗਾ	60,391
4. ਫਿਲੌਰ	49,227
5. ਨਕੋਦਰ	59,670
6. ਨਵਾਂ ਸ਼ਹਿਰ	1,12,387
7. ਸ਼ਾਹਕੋਟ	60,209
8. ਨੂਰ ਮਹਿਲ	63,923
9. ਆਦਮਪੁਰ	40,821
10. ਕਰਤਾਰਪੁਰ	33,363
11. ਅਪਰਾ	19,288
12. ਮਹਿਤਪੁਰ	12,506
13. ਭੋਗਪੁਰ	39,273
14. ਅਲਾਵਲਪੁਰ	32,098
15. ਬਿਲਗਾ	18,586
16. ਗਰਾਇਆ	30,185
17. ਰਾਹੋਂ	23,256
18. ਮੁਕੰਦਪੁਰ	42,287
ਜੋੜ	8,21,112

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਮੰਡੀ ਦਾ ਨਾਂ		ਕੁੱਲ ਖ਼ਰੀਦ ਜੋੜ
ਕਪੂਰਥਲਾ		
1. ਕਪੂਰਥਲਾ		94,038
2. ਫਗਵਾੜਾ		1,11,893
3. ਸੁਲਤਾਨਪੁਰ ਲੋਧੀ		76,752
4. ਭਲੱਥ		37,408
5. ਢਿਲਵਾਂ		24,873
6. ਕਾਲਾ ਸੰਘੀਆ		33,355
	ਜੋੜ	3,78,319
ਲੁਧਿਆਣਾ		
1. ਲੁਧਿਆਣਾ		1,42,197
2. ਸਾਹਨੇਵਾਲ		82,393
3. ਦੋਰਾਹਾ		1,25,373
4. ਖੰਨਾ		3,50,647
5. ਜਗਰਾਉਂ		3,20,030
6. ਮੁਲਾਂਪੁਰ		1,61,581
7. ਰਾਏਕੋਟ		84,194
8. ਸਮਰਾਲਾ		1,03,235
9. ਮਾਛੀਵਾੜਾ		67,403
10. ਖੁਮਾਣੂ		45,854
11. ਕਿਲਾ ਰਾਏਪੁਰ		35,703
12. ਮਲੌਟ		77,766
13. ਖਾਇਲ		74,772
14. ਪਖੋਵਾਲ		21,026
	ਜੋੜ	16,95,174
ਰੋਪੜ		
1. ਰੋਪੜ		16,110
2. ਖਰੜ		25,470
3. ਕੁਰਾਲੀ		33,867
4. ਮੁਰਿੰਡਾ		53,805
5. ਨੰਗਲ		763
6. ਚਮਕੌਰ ਸਾਹਿਬ		36,060
	ਜੋੜ	1,66,075

ਮੰਡੀ ਦਾ ਨਾਂ	ਕੁੱਲ ਖ਼ਰੀਦ ਜੋੜ
ਪਟਿਆਲਾ	
1. ਪਟਿਆਲਾ	2,09,972
2. ਨਾਭਾ	1,85,400
3. ਸਮਾਣਾ	1,18,879
4. ਰਾਜਪੁਰਾ	1,13,141
5. ਸਰਹੰਦ	1,03,443
6. ਅਮਲੋਹ	44,249
7. ਡੇਰਾ ਬਸੀ	2,942
8. ਗੋਬਿੰਦਗੜ੍ਹ	25,370
9. ਬਸੀ ਪਠਾਣਾ	36,238
10. ਪਾਤੜਾਂ	68,254
11. ਸਨੌਰ	34,951
12. ਟੋਹੜਾਂ	8,374
ਜੋੜ	9,51,213
ਸੰਗਰੂਰ	
1. ਸੰਗਰੂਰ	82,516
2. ਧੂਰੀ	1,32,030
3 ਸੁਨਾਮ	1,14,985
4. ਲਹਿਰਾਗਾਗਾ	45,686
5. ਮਲੇਰਕੋਟਲਾ	1,10,089
6. ਤਪਾ	78,879
7. ਅਹਿਮਦਗੜ੍ਹ	1,70,725
8. ਬਰਨਾਲਾ	2,11,185
9. ਭਵਾਨੀਗੜ੍ਹ	78,517
10. ਮਹਿਲਕਲਾਂ	28,782
11. ਭਦੌੜ	27,329
12. ਧਨੌਲਾ	22,649
13. ਸ਼ੇਰਪੁਰ	33,424
14. ਚੀਮਾ	54,577
15. ਅਮਰਗੜ੍ਹ	44,210
16. ਸੰਦੌੜ	55,607
ਜੋੜ	12,91,190

ਸ਼੍ਰੀ ਗਿਆਨ ਚੰਦ ਖਰਬੰਦਾ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਆਮ ਤੌਰ ਤੇ ਕਣਕ ਦੀ ਬਰਸਾਤ ਦੇ ਦਿਨਾਂ ਵਿਚ ਖਰੀਦ ਕੀਤੀ ਜਾਂਦੀ ਹੈ ਅਤੇ ਉਸ ਦਾ ਸਟਾਕ ਭਿੱਜ ਜਾਂਦਾ ਹੈ ਅਤੇ ਨਮੀ ਦੇ ਕਾਰਨ ਇਸ ਦਾ ਭਾਰ ਵਧ ਜਾਂਦਾ ਹੈ । ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਨਮੀ ਨਾਲ ਕਿੰਨੇ ਪਰਸੈਂਟ ਭਾਰ ਵਧ ਜਾਂਦਾ ਹੈ ?

ਰਾਜ ਮੰਤਰੀ : ਪਿਛਲੇ ਸਾਲ 15 ਲੱਖ ਰੁਪਏ ਦੇ ਤਰਪਾਲ ਖਰੀਦੇ ਗਏ । ਬਦਕਿਸਮਤੀ ਨਾਲ ਪਿਛਲੇ ਸਾਲ ਬਾਰਸ਼ਾਂ ਕਾਰਨ ਗੰਦਮ ਦਾ ਨੁਕਸਾਨ ਹੋਇਆ । ਮੁੱਖ ਮੰਤਰੀ ਅਤੇ ਪੰਜਾਬ ਦੇ ਫੂਡ ਮਨਿਸਟਰ ਸਾਹਿਬ ਨੇ ਦਿਲੀ ਦੀ ਫੂਡ ਮਨਿਸਟਰੀ ਦੇ ਨਾਲ ਗੱਲਬਾਤ ਕਰਕੇ ਕਿਸਾਨਾ ਨੂੰ ਭਿੱਜੀ ਹੋਈ ਕਣਕ ਦਾ 74-75 ਰੁਪਏ ਭਾਅ ਦਿਵਾ ਦਿਤਾ ਸੀ । ਇਕ ਲੱਖ ਦੀ ਕਣਕ, ਜਿਹੜੀ ਕਿ ਭਿੱਜ ਗਈ ਸੀ, ਉਹ ਲੋਕਾਂ ਵਲੋਂ ਸਰਕਾਰ ਨੇ ਖ਼ਰੀਦ ਲਈ ਤਾਕਿ ਕਿਸਾਨਾਂ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ ।

ਸ਼੍ਰੀ ਸਪੀਕਰ : ਖਰਬੰਦਾ ਸਾਹਿਬ ਦਾ ਤਾਂ ਸਵਾਲ ਇਹ ਹੈ ਕਿ ਮੁਆਇਸਚਰ ਨਾਲ ਕਿੰਨਾ ਭਾਰ ਵਧ ਜਾਂਦਾ ਹੈ ?

(The supplementary put by Shri Gian Chand Kharbanda is to know the increase in the weight of wheat due to moisture.)

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਟੈਕਨੀਕਲ ਸਵਾਲ ਹੈ, ਵੇਟ ਰੇਟ ਅਤੇ ਫਮੀਗੇਸ਼ਨ ਦਾ । ਇਸ ਦਾ ਨੋਟਿਸ ਦੇ ਦੇਣ ਇਨ੍ਹਾਂ ਨੂੰ ਸਾਰੀ ਡੀਟੇਲ ਤੁਹਾਡੇ ਰਾਹੀਂ ਪੇਸ਼ ਕਰ ਦਿਆਂਗੇ ।

चौधरी बलबीर सिंह : क्या वजीर साहिब बताएंगे कि इस अनाज़ के खरीदने में ज्यादा भाग श्रैफ.सी.आई. का है श्रौर पंजाब के इम्पलाईज़ के साथ डिस्क्रीमीनेशन होता है ? क्या सरकार इस अनाज़ को खुद खरीदने की प्रपोज़ल पर गौर करेगी ?

ਰਾਜ ਮੰਤਰੀ : ਪਿਛਲੇ ਸਾਲ 19 ਲੱਖ ਟਨ ਅਤੇ ਇਸ ਸਾਲ 24 ਲੱਖ ਟਨ ਇਕੱਲੇ ਪੰਜਾਬ ਵਿਚੋਂ ਪਰੋਕਿਉਰ ਕਰਕੇ ਹਿੰਦੁਸਤਾਨ ਦੇ 36 ਲੱਖ ਟਨ ਦੇ ਭੰਡਾਰ ਲਈ ਅਨਾਜ ਦਿਤਾ ਹੈ । 10 ਲੱਖ ਟਨ ਅਨਾਜ ਪੰਜਾਬ ਸਰਕਾਰ ਨੇ ਖਰੀਦਿਆ 7 ਲੱਖ ਟਨ ਐਫ. ਸੀ. ਆਈ. ਨੇ ਅਤੇ 6·63 ਲੱਖ ਟਨ ਮਾਰਕ-ਫੈਡ ਨੇ ਖਰੀਦਿਆ । ਇਸ ਸਾਲ 15 ਲਖ ਟਨ ਪੰਜਾਬ ਸਰਕਾਰ ਵਲੋਂ ਖਰੀਦੇ ਜਾਣ ਦਾ ਨਿਸ਼ਾਨਾ ਹੈ । ਐਫ. ਸੀ. ਆਈ. ਵੱਲੋਂ 5 ਜਾਂ ਸਾਢੇ ਪੰਜ ਲੱਖ ਟਨ ਖਰੀਦਣ ਲਈ ਪਰੋਵੀਜ਼ਨ ਕੀਤੀ ਗਈ ਹੈ । ਕੁਝ ਮੁਲਾਜ਼ਮ ਵਾਪਿਸ ਕਰਨ ਲਈ, ਜਿਨ੍ਹਾਂ ਦਾ ਸਮਾਂ ਪੂਰਾ ਹੋ ਗਿਆ ਹੈ, ਉਨ੍ਹਾਂ ਦੀ ਤਜਵੀਜ਼ ਆਈ ਹੈ । ਪੰਜਾਬ ਸਰਕਾਰ ਉਨ੍ਹਾਂ ਨਾਲ ਇਹ ਮਸਲਾ ਟੇਕ ਅੱਪ ਕਰੇਗੀ, ਇਸ ਵਿਚ ਉੱਦਮ ਕਰ ਰਹੀ ਹੈ ਅਤੇ ਪਰਸਨਲ ਲੈਵਲ ਤੇ ਵੀ ਕੋਸ਼ਿਸ਼ ਕਰੇਗੀ ਕਿ ਉਹ ਮੁਲਾਜ਼ਮ ਵਾਪਿਸ ਨਾ ਆਉਣ ।

ਸ਼੍ਰੀ ਸਪੀਕਰ : ਕੀ ਤੁਹਾਡੇ ਖਿਆਲ ਵਿਚ ਇਹ ਮੁਲਾਜ਼ਮ ਥੋੜ੍ਹੇ ਹੀ ਹਨ ?

(Does the hon. State Minister think that these employees are only a handful in number ?)

ਰਾਜ ਮੰਤਰੀ : ਹਾਂ ਜੀ, ਥੋੜ੍ਹੇ ਹੀ ਹਨ !

ਸਰਦਾਰ ਗੁਰਬੰਤਾ ਸਿੰਘ : ਜਿਹੜਾ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਮੈਂ ਹਾਊਸ ਦੀ ਮੇਜ਼ ਤੇ ਰੱਖਦਾ ਹਾਂ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਕਿਸਾਨ ਮੰਡੀ ਵਿਚ ਅਨਾਜ ਲਿਆਉਂਦਾ ਹੈ, ਇਸ ਸਾਲ ਦਾ ਤਾਂ ਮੈਂ ਨਹੀਂ ਕਹਿੰਦਾ, ਲੇਕਿਨ ਕਈ ਵਾਰੀ ਜਦੋਂ ਮੰਡੀ ਵਿਚ ਅਨਾਜ ਲਿਆਉਂਦਾ ਹੈ ਤਾਂ ਬੇਮੌਸਮੀ ਬਾਰਿਸ਼ਾਂ ਹੋਣ ਕਾਰਨ ਅਨਾਜ਼ ਭਿੱਜ ਜਾਂਦਾ ਹੈ ਅਤੇ ਖਰਾਬ ਹੋ ਜਾਂਦਾ ਹੈ । ਕੀ ਇਨ੍ਹਾਂ ਨੇ ਕਦੇ

ਇਸ ਚੀਜ਼ ਦੀ ਚੈਕਿੰਗ ਕੀਤੀ ਹੈ । ਕੀ ਸਰਕਾਰ ਇਸ ਵਾਸਤੇ ਵੀ ਤਿਆਰ ਹੈ ਕਿ ਮੰਡੀਆਂ ਵਿਚ ਸ਼ੈਡ ਬਣਾ ਦਿਤੇ ਜਾਣ ਤਾਕਿ ਕਿਸਾਨਾਂ ਦਾ ਅਨਾਜ ਖਰਾਬ ਨਾ ਹੋਵੇ ?

ਰਾਜ ਮੰਤਰੀ : ਇਹ ਰੈਲੇਵੈਂਟ ਸਵਾਲ ਤਾਂ ਨਹੀਂ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਐਫ. ਸੀ. ਆਈ. ਵੱਲੋਂ ਅਤੇ ਮਾਰਕ-ਫੈਡ ਵਲੋਂ ਅਤੇ ਸਰਕਾਰ ਵੱਲੋਂ ਬਹੁਤ ਸਾਰੀ ਗਿਣਤੀ ਵਿਚ ਗੁਦਾਮ ਬਣਾਏ ਜਾ ਰਹੇ ਹਨ ਤਾਕਿ ਕਣਕ ਦੇ ਭਿੱਜਣ ਤੋਂ ਬਚਾ ਹੋ ਸਕੇ, ਅਤੇ ਕਰੋੜਾਂ ਰੁਪਿਆ ਤਿੰਨਾਂ ਸੰਸਥਾਵਾਂ ਵੱਲੋਂ ਇਸ ਕੰਮ ਲਈ ਖਰਚ ਕੀਤਾ ਜਾ ਰਿਹਾ ਹੈ ।

ਸਰਦਾਰ ਗੁਰਬੰਤਾ ਸਿੰਘ : ਗੌਰਮਿੰਟ ਵੱਲੋਂ ਮਾਰਕਿਟ ਸੁਸਾਇਟੀਆਂ ਵਿਚੋਂ ਪੈਸੇ ਲੈਕੇ ਮਾਡਰਨ ਵਿਲਿਜਜ਼ ਤੇ ਖਰਚ ਕੀਤਾ ਜਾ ਰਿਹਾ ਹੈ । ਕੀ ਗੌਰਮਿੰਟ ਨੂੰ ਇਹ ਅਖਤਿਆਰ ਨਹੀਂ ਕਿ ਮਾਰਕਿਟ ਸੁਸਾਇਟੀਆਂ ਨੂੰ ਕਹੇ ਜਦ ਜ਼ਿਮੀਂਦਾਰਾਂ ਦਾ ਮਾਲ ਮੰਡੀ ਵਿਚ ਪਿਆ ਹੋਵੇ ਤਾਂ ਉਸ ਦੀ ਹਿਫਾਜਤ ਕੀਤੀ ਜਾਵੇ ਅਤੇ ਸ਼ੈਡ ਬਣਾਏ ਜਾਣ ?

ਸ੍ਰੀ ਸਪੀਕਰ : ਫਿਰ ਤਾਂ 30% ਘੱਟੋ ਘੱਟ ਬੱਜਟ ਦਾ ਹਿੱਸਾ ਇਸ ਕੰਮ ਵਾਸਤੇ ਖਰਚ ਕਰਨਾ ਪਵੇਗਾ।

(Then at least 30 percent of the Budget shall have to be spent for this purpose.)

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕੀ ਨਮੀ ਨਾਲ ਵਧਣ ਵਾਲਾ ਵਜ਼ਨ, ਇਨਸਪੈਕਟਰ, ਦੁਕਾਨਦਾਰਾਂ ਔਰ ਆੜ੍ਹਤੀਆਂ ਨਾਲ ਮਿਲਕੇ ਖਾ ਜਾਂਦੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਮਾਲ ਗੁਦਾਮ ਵਿਚ ਜਾਂਦਾ ਹੈ ਤਾਂ ਆਇਆ ਇਸ ਕਿਸਮ ਦੀ ਕੋਈ ਚੈਕਿੰਗ ਹੈ ਅਤੇ ਕੀ ਕੋਈ ਕੇਸ ਵੀ ਫੜਿਆ ਹੈ ?

ਰਾਜ ਮੰਤਰੀ : ਕਿਉਂਕਿ ਇਸ ਦੇ ਨਾਲ ਕਲਾਈਮੇਟ ਦਾ ਸਬੰਧ ਹੈ, ਅਸੀਂ ਕਿਸੇ ਪਾਰਟੀ ਨੂੰ ਜਾਂ ਸੂਬੇ ਨੂੰ ਅਨਾਜ ਨਹੀਂ ਭੇਜਦੇ ਅਸੀਂ ਤਾਂ ਐਫ. ਸੀ. ਆਈ. ਨੂੰ ਅਨਾਜ਼ ਦਿੰਦੇ ਹਾਂ । ਚਾਵਲਾਂ, ਮੱਕੀ ਲਈ ਮੁਆਇਸਚਰ ਮਾਪਣ ਦੀਆਂ ਮਸ਼ੀਨਾਂ ਐਫ. ਸੀ. ਆਈ. ਦੇ ਮੁਲਾਜ਼ਮਾਂ ਦੇ ਪਾਸ ਹੁੰਦੀਆਂ ਹਨ । ਉਹ ਇਸ ਨੂੰ ਦੇਖ ਲੈਂਦੇ ਹਨ ਅਤੇ ਉਹ ਮੌਕੇ ਤੇ ਹੀ ਘੱਟ ਵੱਧ ਦਾ ਖਿਆਲ ਕਰ ਲੈਂਦੇ ਹਨ ।

ਸਰਦਾਰ ਸਰੂਪ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਸੰਨ 1968-69 ਵਿਚ ਇਨ੍ਹਾਂ ਦੇ ਨੋਟਿਸ ਵਿਚ ਆਇਆ ਹੈ ਕਿ ਕੁਝ ਗੁਦਾਮਾਂ ਵਿਚ ਮੁਲਾਜ਼ਮਾਂ ਵਲੋਂ ਮਾਲ ਚੋਰੀ ਕਰਨ ਦੇ ਬਾਵਜੂਦ ਤਕਰੀਬਨ 300 ਟਨ ਮਾਲ ਬਾਰਸ਼ ਦੀ ਨਮੀ ਨਾਲ ਵਧਿਆ । ਕੀ ਵਜ਼ੀਰ ਸਾਹਿਬ ਇਸ ਦੀ ਪੜਤਾਲ ਕਰਾਉਣ ਨੂੰ ਤਿਆਰ ਹਨ ਕਿ ਨਮੀ ਨਾਲ ਕਿੰਨਾਂ ਮਾਲ ਵਧਣਾ ਚਾਹੀਦਾ ਸੀ ?

ਰਾਜ ਮੰਤਰੀ : ਛੋਟੀਆਂ ਛੋਟੀਆਂ ਚੋਰੀਆਂ ਅਗਰ ਕੋਈ ਹੋਣ ਤਾਂ ਲਾ ਐਂਡ ਆਰਡਰ ਦੇ ਮੁਤਾਬਿਕ ਉਦੋਂ ਹੀ ਫੈਸਲਾ ਹੋ ਜਾਂਦਾ ਹੈ । ਲੇਕਿਨ ਅਗਰ ਕੋਈ ਇਨਸਟਾਂਸ ਇਨ੍ਹਾਂ ਕੋਲ ਹੈ ਤਾਂ ਮੈਂ ਰੀਕੁਐਸਟ ਕਰਾਂਗਾ ਕਿ ਮੇਰੇ ਧਿਆਨ ਵਿਚ ਲਿਆਉਣ ਉਥੇ ਜ਼ਰੂਰ ਪੜਤਾਲ ਕਰਵਾਵਾਂਗੇ ।

AYURVEDIC SYSTEM OF MEDICINE

***2090. Shri Gian Chand Kharbanda** : Will the Minister of State for Industries and Health be pleased to state :—

(a) the details of the steps taken by the Government to encourage or develop the Ayurvedic System of Medicine in Punjab;

[Shri Gian Chand Kharbanda]

(b) whether the Punjab Ayurvedic Conference Amritsar submitted any demands to the Government; if so, the extent to which these have been acceded to;

(c) the stage at which the proposal to establish separate Directorate of Ayurvedic System of Medicine in Punjab State ?

ਸਰਦਾਰ ਤੇਜਾ ਸਿੰਘ :

(ਏ) ਇਹ ਸੂਚਨਾ ਨਾਲ ਨੱਥੀ ਵਿਵਰਣ 'ੳ' ਵਿਚ ਦਰਜ਼ ਹੈ।

(ਬੀ) ਹਾਂ ਜੀ। ਇਨ੍ਹਾਂ ਮੰਗਾਂ ਦਾ ਮਾਮਲਾ ਅਜੇ ਵਿਚਾਰ ਅਧੀਨ ਹੈ।

(ਸੀ) ਹਾਲ ਦੀ ਘੜੀ ਆਯੁਰਵੈਦਿਕ ਡਾਇਰੈਕਟਰ ਨੂੰ ਵੱਖਰਾ ਕਰਨ ਦਾ ਵਿਚਾਰ ਛਡ ਦਿਤਾ ਗਿਆ ਹੈ।

ਵਿਵਰਣ 'ੳ'

'ਏ' ਆਯੁਰਵੈਦਿਕ/ਯੂਨਾਨੀ ਇਲਾਜ ਪ੍ਰਣਾਲੀ ਦੇ ਵਿਕਾਸ ਹਿੱਤ ਲਏ ਗਏ ਸਟੈਪਸ ਦਾ ਵੇਰਵਾ ਨਿਮਨ ਪ੍ਰਕਾਰ ਹੈ :—

(1) ਇਸ ਸਮੇਂ ਪੰਜਾਬ ਰਾਜ ਵਿਚ 256 (ਜਿਨ੍ਹਾਂ ਵਿਚ ਹੁਣੇ ਮਨਜ਼ੂਰ ਹੋਈਆਂ 20 ਡਿਸਪੈਂਸਰੀਆਂ ਵੀ ਸ਼ਾਮਿਲ ਹਨ) ਚਲ ਰਹੀਆਂ ਹਨ ਅਤੇ ਆਯੁਰਵੈਦਿਕ/ਯੂਨਾਨੀ ਇਲਾਜ਼ ਪ੍ਰਣਾਲੀ ਰਾਹੀਂ ਮੁਫਤ ਮੈਡੀਕਲ ਸਹੂਲਤਾਂ ਦਾ ਪ੍ਰਬੰਧ ਕਰ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ ਦਿਹਾਤੀ ਇਲਾਕੇ ਵਿਚ ਦੋ ਦਸ ਬੈਂਡਾਂ ਵਾਲੇ ਹਸਪਤਾਲ ਅਤੇ ਪਟਿਆਲਾ ਵਿਖੇ ਇਕ ਟੀਚਿੰਗ ਹਸਪਤਾਲ ਵੀ ਚਲ ਰਹੇ ਹਨ।

(2) ਇਕ ਸਰਕਾਰੀ ਆਯੁਰਵੈਦਿਕ ਕਾਲਜ ਹੈ। ਇਸ ਵਿਚ 30 ਵਿਦਿਆਰਥੀ ਡਿਗਰੀ ਕੋਰਸ ਅਤੇ 50 ਵਿਦਿਆਰਥੀ ਉਪਵੈਦ ਕੋਰਸ ਵਿਚ ਦਾਖਲ ਕਰਨ ਦੀ ਸਮਰਥਾ ਹੈ। ਇਸ ਤੋਂ ਛੁਟ ਜਲੰਧਰ ਵਿਖੇ ਇਕ ਪ੍ਰਾਈਵੇਟ ਆਯੁਰਵੈਦਿਕ ਕਾਲਜ ਹੈ ਜਿਥੇ ਹਰ ਸਾਲ 50 ਵਿਦਿਆਰਥੀ ਡਿਗਰੀ ਕੋਰਸ ਵਿਚ ਦਾਖਲ ਕੀਤੇ ਜਾਂਦੇ ਹਨ। ਉਕਤ ਦੋਵੇਂ ਕਾਲਜ ਆਯੁਰਵੈਦਿਕ ਸੰਸਥਾਵਾਂ ਲਈ ਆਯੁਰਵੈਦਿਕ ਗਰੈਜੂਏਟ ਅਤੇ ਕੰਪਾਊਂਡਰ ਮੁਹੱਈਆ ਕਰਦੇ ਹਨ। 1963 ਦੇ ਐਕਟ ਦੇ ਅਧੀਨ ਆਯੁਰਵੈਦਿਕ/ਯੂਨਾਨੀ ਇਲਾਜ ਪ੍ਰਣਾਲੀ ਦੀ ਫੈਕਲਟੀ ਵੀ ਸਥਾਪਿਤ ਹੈ।

(3) ਆਯੁਰਵੈਦਿਕ/ਯੂਨਾਨੀ ਪ੍ਰੈਕਟੀਸ਼ਨਰਜ਼ ਐਕਟ 1963 ਦੇ ਅਧੀਨ ਇਲਾਜ਼ ਪ੍ਰਣਾਲੀ ਪ੍ਰੈਕਟੀਸ਼ਨਰਾਂ ਦੀ ਪ੍ਰੈਕਟਿਸ ਕੀਤੀ ਜਾਂਦੀ ਹੈ।

(4) ਆਯੁਰਵੈਦਿਕ/ਯੂਨਾਨੀ ਡਿਸਪੈਂਸ਼ਰੀਆਂ ਦੇ ਵੈਦ/ਹਕੀਮ ਇਨਚਾਰਜ਼ ਅਤੇ ਆਯੁਰਵੈਦਿਕ ਹਸਪਤਾਲ ਦੇ ਸੁਪਰਡੈਂਟ ਸਮੂਹ ਕਰਮਚਾਰੀਆਂ ਦੇ ਬਿਨਾਂ ਕਿਸੇ ਤਨਖਾਹ ਦੇ ਲਿਹਾਜ਼ ਦੇ ਇਸ ਪ੍ਰਣਾਲੀ ਰਾਹੀਂ ਕਰਾਏ ਗਏ ਇਲਾਜ਼ ਪੁਰ ਖਰਚ ਕੀਤੀ ਗਈ ਰਕਮ ਦੀ ਪ੍ਰਤਿ ਪੂਰਤੀ ਕਰਨ ਲਈ ਏ. ਐਮ. ਏ. ਨਿਯਤ ਕੀਤੇ ਜਾ ਚੁਕੇ ਹਨ ਅਤੇ ਇਸ ਤਰ੍ਹਾਂ ਪ੍ਰਣਾਲੀ ਨੂੰ ਸਰਕਾਰ ਵਲੋਂ ਮਾਨਤਾ ਦਿਤੀ ਗਈ ਹੈ।

(5) ਸਰਕਾਰ ਦੇ ਫੈਸਲੇ ਅਨੁਸਾਰ ਦਿਹਾਤੀ ਇਲਾਕਿਆਂ ਵਿਚ ਜਿਥੇ ਮਾਡਰਨ ਮੈਡੀਸਨ ਦੇ ਕੁਆਲੀਫਾਈਡ ਡਾਕਟਰ ਉਪਲਭਦ ਨਹੀਂ ਹਨ ਡਿਸਪੈਂਸਰੀਆਂ ਦੇ ਵੈਦ/ਹਕੀਮ ਇਨਚਾਰਜ਼ ਸਕੂਲਾਂ ਵਿਚ ਸਿਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀ ਸਿਹਤ ਦੀ ਦੇਖ ਭਾਲ ਕਰਨ ਲਈ ਪਾਰਟ ਟਾਈਮ ਮੈਡੀਕਲ ਅਫਸਰ ਦੀ ਅਸਾਮੀ ਪੁਰ ਨਿਯੁਕਤ ਹੋਣ ਦੇ ਪਾਤਰ ਕਰਾਰ ਦਿਤੇ ਗਏ ਹਨ।

(6) ਇਸ ਵਿੱਤ ਸਾਲ ਦੇ ਦੌਰਾਨ 20 ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ। ਇਸ ਤਰ੍ਹਾਂ ਇਨ੍ਹਾਂ ਡਿਸਪੈਂਸਰੀਆਂ ਦੀ ਸੰਖਿਆ 236 ਤੋਂ ਵੱਧ ਕੇ 256 ਹੋ ਗਈ ਹੈ।

(7) ਇਸ ਵਿੱਤ ਸਾਲ ਨਾਨ-ਪਲਾਨ ਪੱਖ ਵੱਲ ਭਿੰਨ ਭਿਨ ਕਾਰਜਾਂ ਸਬੰਧੀ 34 55 ਲੱਖ ਰੁਪਏ ਦੀ ਬਜਟ ਉਪਬੰਧ ਹੈ। ਇਸ ਤੋਂ ਇਲਾਵਾ ਡਿਸਪੈਂਸਰੀਆਂ ਲਈ ਦਵਾਈਆਂ ਅਤੇ ਇਕਯੂਪਮੈਂਟ ਦੀ ਖਰੀਦ ਲਈ 2 ਲੱਖ ਰੁਪੈ ਦੀ ਰਕਮ ਬਤੌਰ ਸਪੈਸ਼ਲ ਗਰਾਂਟ ਦੇ ਮਨਜ਼ੂਰ ਕੀਤੀ ਗਈ ਹੈ।

(8) ਵਿਭਾਗ ਦੇ ਕੰਮ ਦੀ ਦੇਖ ਭਾਲ ਕਰਨ ਲਈ ਉਪ-ਡਾਇਰੈਕਟਰ ਆਯੂਰਵੈਦ ਦੀ ਅਸਾਮੀ ਦੀ ਰਚਨਾ ਕੀਤੀ ਜਾ ਚੁਕੀ ਹੈ ਅਤੇ ਇਸ ਆਸਾਮੀ ਨੂੰ ਭਰਨ ਲਈ ਕੇਸ ਵਿਚਾਰ ਅਧੀਨ ਹੈ।

(9) ਆਯੂਰਵੈਦ ਪ੍ਰਣਾਲੀ ਰਾਹੀਂ ਇਲਾਜ ਦਾ ਪ੍ਰਬੰਧ ਕਰਨ ਤੋਂ ਛੁਟ ਆਯੂਰਵੈਦ ਹਸਪਤਾਲ ਪਟਿਆਲਾ ਵਿਖੇ "ਆਸਵਾਤ" ਅਤੇ "ਸਵਾਸ" ਆਦਿ ਬਿਮਾਰੀਆਂ ਪੁਰ ਰਿਸਰਚ ਵੀ ਕੀਤੀ ਜਾ ਰਹੀ ਹੈ। ਇਸ ਹਸਪਤਾਲ ਵਿਚ ਫੈਮਲੀ ਪਲਾਨਿੰਗ ਪਰੋਗਰਾਮ ਅਧੀਨ ਕਈ ਕੈਂਪ ਵੀ ਲਗਾਏ ਗਏ ਹਨ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਦਸਣ ਦੀ ਕਿਰਪਾਲਤਾ ਕਰਨਗੇ ਕਿ ਆਯੂਰਵੈਦਿਕ ਕਾਨਫਰੰਸ ਅੰਮ੍ਰਿਤਸਰ ਨੇ ਜੋ ਮੈਮੋਰੈਂਡਮ ਅਪਣੀਆਂ ਮੰਗਾਂ ਦਾ ਸਰਕਾਰ ਨੂੰ ਦਿਤਾ ਸੀ ਉਸ ਦਾ ਕੁਝ ਕੀਤਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜੋ ਉਨ੍ਹਾਂ ਦੀਆਂ ਮੰਗਾਂ ਦਾ ਮੰਗ-ਪੱਤਰ ਹੈ ਉਸ ਤੇ ਟਿਪਣੀ ਕੀਤੀ ਜਾ ਰਹੀ ਹੈ। ਇਹ ਸਰਕਾਰ ਦੇ ਵਿਚਾਰ ਅਧੀਨ ਹੈ। ਅਗਰ ਕੋਈ ਜਾਇਜ਼ ਮੰਗ ਹੋਵੇਗੀ ਤਾਂ ਜ਼ਰੂਰੀ ਪੂਰੀ ਕੀਤੀ ਜਾਵੇਗੀ।

ਸ੍ਰੀ ਗਿਆਨ ਚੰਦ ਖਰਬੰਦਾ : ਮਨਿਸਟਰ ਸਾਹਿਬ ਨੂੰ ਯਾਦ ਹੋਵੇਗਾ ਕਿ ਪਿਛਲੇ ਸੈਸ਼ਨ ਵਿਚ ਮੇਰਾ ਇਹ ਸਵਾਲ ਸੀ ਅਤੇ ਇਹੋ ਹੀ ਜਵਾਬ ਦਿਤਾ ਗਿਆ ਸੀ ਕਿ ਇਹ ਜ਼ੇਰੇ ਗੌਰ ਹੈ। ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਜ਼ੇਰੇ ਗੌਰ ਕਦ ਤਕ ਰਹੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜੋ ਮੈਮੋਰੈਂਡਮ ਹੈ ਇਹ ਪਿਛੇ ਜਿਹੜੀ ਆਯੂਰਵੈਦਿਕ ਕਾਨਫਰੰਸ ਹੋਈ ਉਸ ਤੋਂ ਬਾਦ ਦਿਤਾ ਗਿਆ ਹੈ। ਪਿਛਲੇ ਸੈਸ਼ਨ ਦੀ ਤਾਂ ਇਸ ਦੇ ਵਿਚ ਕੋਈ ਗਲ ਹੀ ਨਹੀਂ ਆਉਂਦੀ।

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਆਯੂਰਵੈਦਿਕ ਦਵਾਈਆਂ ਦਾ ਸਟੈਂਡਰਡ ਮੁਕਰਰ ਕਰਨ ਵਾਸਤੇ ਕੋਈ ਇਹੋ ਜਿਹਾ ਅਦਾਰਾ, ਜਿਹੜਾ ਕਿ ਦਵਾਈਆਂ ਸਟੈਂਡਰਡਾਈਜ਼ ਕਰੇ, ਗੌਰਮਿੰਟ ਵਲੋਂ ਮੁੱਕਰਰ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਐਸਾ ਆਦਾਰਾ ਤਾਂ ਮੁਕਰਰ ਨਹੀਂ ਹੈ ਲੇਕਿਨ ਜਿਹੜਾ ਸਾਡਾ ਪਟਿਆਲੇ ਵਿਚ ਔਸ਼ਧਾਲਿਆ ਹੈ ਉਥੇ ਸਟੈਂਡਰਡ ਦੀਆਂ ਮੈਡੀਸਨ ਹੀ ਤਿਆਰ ਕੀਤੀਆਂ ਜਾਂਦੀਆਂ ਹਨ। ਉਹ ਪੰਜਾਬ ਗੌਰਮਿੰਟ ਦੇ ਕੰਟਰੋਲ ਵਿਚ ਹੈ। ਆਯੂਰਵੈਦਿਕ ਰਿਸਰਚ ਇਨਸਟੀਚਿਊਟ ਵੀ ਪਟਿਆਲੇ ਵਿਚ ਹੈ ਜਿਥੇ ਦਵਾਈਆਂ ਦੀ ਦੇਖਭਾਲ ਅਤੇ ਅਗਜ਼ਾਮੀਨੇਸ਼ਨ ਕੀਤੀ ਜਾਂਦੀ ਹੈ। ਅਗਰ ਕੋਈ ਨੁਕਸ ਪਤਾ ਲਗੇ ਤਾਂ ਉਸ ਦੀ ਜਾਂਚ ਪੜਤਾਲ ਕੀਤੀ ਜਾਂਦੀ ਹੈ। (ਵਿਘਨ)

ਸ੍ਰੀ ਸਪੀਕਰ : ਮਨਿਸਟਰ ਸਾਹਿਬ ਇਹ ਇਕ ਬੜੀ ਅਜੀਬ ਜਿਹੀ ਗਲ ਹੈ ਕਿ ਜੇ ਦਵਾਈਆਂ ਦੇ ਸਟੈਂਡਰਡ ਦੇ ਮਿਆਰ ਦੀ ਜਾਂਚ ਕਰਨ ਵਾਸਤੇ ਕੋਈ ਅਦਾਰਾ ਨਾ ਹੋਵੇ; ਇਸ ਤਰ੍ਹਾਂ ਅਸੀਂ ਅਵਾਮ ਦੀ ਸਿਹਤ ਨਾਲ ਕੋਈ ਇਨਸਾਫ਼ ਨਹੀਂ ਕਰ ਰਹੇ। ਗੌਰਮਿੰਟ ਨੂੰ ਜ਼ਰੂਰ ਇਸ ਤੇ ਕੋਈ ਵਿਚਾਰ ਕਰਨਾ ਚਾਹੀਦਾ ਹੈ। ਦਵਾਈਆਂ ਦੇ ਸਟੈਂਡਰਡ ਦੀ ਜਾਂਚ ਕਰਨ ਲਈ ਜ਼ਰੂਰ ਸਟੈਪ ਚੁਕਣਾ ਚਾਹੀਦਾ ਹੈ। (ਵਿਘਨ)

(Addressing the Minister of State for Health and Industries : It is very strange that there is no agency to check the standard of the medicines,

[Mr. Speaker]
We can not do justice with the matter relating to the Public Health in the absence of such an agency. Govt. must take it up for consideration and take steps to check the standard of medicines.) (Interruption)

ਰਾਜ ਮੰਤਰੀ : ਸਪੀਕਰ ਸਾਹਿਬ, ਅਰਜ਼ ਹੈ ਕਿ ਇਹ ਜੋ ਮਾਮਲਾ ਹੈ ਇਹ ਜ਼ਿਆਦਾ ਸੈਂਟਰਲ ਗੌਰਮਿੰਟ ਦੇ ਅਧੀਨ ਹੈ । ਸਾਡੀਆਂ ਜੋ ਫਾਰਮੇਸੀਜ਼ ਹਨ ਜੋ ਪੰਜਾਬ ਵਿਚ ਵਾਕਿਆ ਹਨ, ਉਨ੍ਹਾਂ ਦੀਆਂ ਦਵਾਈਆਂ ਨੂੰ ਅਸੀਂ ਸਟੈਂਡਰਡਾਈਜ਼ ਕਰ ਸਕਦੇ ਹਾਂ । ਪਰ ਇਹ ਜਿਹੜਾ ਹਮਦਰਦ ਦਵਾਖਾਨਾ ਜਾਂ ਝੂਲ ਫਾਰਮੇਸੀ ਵਗੈਰਾ ਹਨ ਉਹ ਪਜਾਬ ਵਿਚ ਵਾਕਿਆ ਨਹੀਂ ਹਨ । ਇਸ ਕਰਕੇ ਅਸੀਂ ਕੁਝ ਨਹੀਂ ਕਰ ਸਕਦੇ । (ਵਿਘਨ) ਸਾਡੇ ਡਰੱਗ ਇੰਸਪੈਕਟਰ ਜੋ ਹਨ ਉਹ ਅਕਸਰ ਕੈਮਿਸਟਾਂ ਦੀਆਂ ਦੁਕਾਨਾਂ ਤੇ ਜਾ ਕੇ ਦੇਖਦੇ ਹਨ ਅਗਰ ਕੋਈ ਐਸੀ ਚੀਜ਼ ਫੜੀ ਜਾਏ ਜਿਹੜੀ ਕਿ ਠੀਕ ਨਾ ਹੋਵੇ ਤਾਂ ਉਨ੍ਹਾਂ ਦਾ ਚਾਲਾਨ ਵਗੈਰਾ ਕੀਤਾ ਜਾਂਦਾ ਹੈ । (ਵਿਘਨ)

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਗਲ ਠੀਕ ਨਹੀਂ ਹੈ ਕਿ ਪਟਿਆਲੇ ਵਿਚ ਇਕ ਲੈਬਾਰਟਰੀ ਹੈ ਜਿਥੇ ਬਾਹਰੋਂ, ਜਿਹੜੇ ਇੰਸਪੈਕਟਰ ਹਨ ਸ਼ਕ ਪੈਣ ਤੇ, ਦਵਾਈਆਂ ਇਕਠੀਆਂ ਕਰਕੇ ਲਿਆ ਕੇ ਐਗਜ਼ਾਮੀਨੇਸ਼ਨ ਕਰਦੇ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਗਲ ਬਿਲਕੁਲ ਦਰੁਸਤ ਹੈ । ਮੈਂ ਤਾਂ ਪਹਿਲਾਂ ਹੀ ਇਹ ਕਿਹਾ ਹੈ ਕਿ ਸਾਡੀ ਰਿਸਰਚ ਇਨਸਟੀਚਿਊਟ ਪਟਿਆਲੇ ਵਿਚ ਵਾਕਿਆ ਹੈ ਉਹ ਦਵਾਈਆਂ ਦੇ ਸਟੈਂਡਰਡ ਨੂੰ ਨਾਪਦੀ ਹੈ । ਉਥੇ ਐਗਜ਼ਾਮੀਨੇਸ਼ਨ ਕੀਤੀ ਜਾਂਦੀ ਹੇ ਔਰ ਕੀਤੀ ਜਾ ਰਹੀ ਹੈ । (ਵਿਘਨ)

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਦਸਣਗੇ ਕਿ ਐਲੋਪੈਥੀ ਦਵਾਈਆਂ ਦੀ ਮਹਿੰਗਾਈ ਦਿਨ-ਬ-ਦਿਨ ਵਧ ਰਹੀ ਹੈ ਔਰ ਇਸ ਮਹਿੰਗਾਈ ਦੇ ਜ਼ਿਆਦਾ ਹੋਣ ਕਾਰਣ ਕੀ ਆਯੁਰਵੈਦਿਕ ਸਿਸਟਮ ਨੂੰ ਜ਼ਿਆਦਾ ਪ੍ਰਚਲਤ ਕਰਨ ਵਾਸਤੇ ਸਾਡੀ ਗੌਰਮਿੰਟ ਕੋਈ ਕਦਮ ਚੁਕ ਰਹੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਚੁਕਾ ਹਾਂ ਕਿ 256 ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹੀਆਂ ਹੋਈਆਂ ਹਨ ਜਿਹੜੀਆਂ ਕਿ ਇਸ ਵੇਲੇ ਚਲ ਰਹੀਆਂ ਹਨ । ਇਨ੍ਹਾਂ ਤੋਂ ਇਲਾਵਾ ਦਿਹਾਤੀ ਇਲਾਕੇ ਵਿਚ ਦੋ ਦਸ ਦਸ ਬੈਡਾਂ ਵਾਲੇ ਹਸਪਤਾਲ ਅਤੇ ਪਟਿਆਲੇ ਵਿਚ ਇਕ ਟੀਚਿੰਗ ਹਸਪਤਾਲ ਵੀ ਚਲ ਰਹੇ ਹਨ । ਇਸ ਤੋਂ ਇਲਾਵਾ ਦੋ ਲਖ ਰੁਪਏ ਦੀ ਰਕਮ ਬਤੌਰ ਸਪੈਸ਼ਲ ਗਰਾਂਟ ਦੇ ਮਨਜ਼ੂਰ ਕੀਤੀ ਗਈ ਹੈ । ਇਸ ਚਾਲੂ ਪੰਜ ਸਾਲਾ ਯੋਜਨਾ ਵਿਚ 60 ਹੋਰ ਡਿਸਪੈਂਸਰੀਆਂ ਖੋਲ੍ਹਣ ਦਾ ਪ੍ਰਬੰਧ ਸਰਕਾਰ ਕਰ ਰਹੀ ਹੈ ।

ਸ਼੍ਰੀ ਮਨਮੋਹਨ ਕਾਲੀਆ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੀਆਂ ਆਯੁਰਵੈਦਿਕ ਦਵਾਈਆਂ, ਸਿਵਲ ਡਿਸਪੈਂਸਰੀਜ਼ ਅਤੇ ਲੋਕਲ ਬਾਡੀਜ਼ ਡਿਸਪੈਂਸਰੀਜ਼ ਵਾਸਤੇ ਖਰੀਦੀਆਂ ਜਾਂਦੀਆਂ ਹਨ ਉਨ੍ਹਾਂ ਦਾ ਸਟੈਂਡਰਡ ਪੰਜਾਬ ਗੌਰਮਿੰਟ ਲੈਵਲ ਤੇ ਚੈਕ ਹੁੰਦਾ ਹੈ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਪਿੰਡਾਂ ਵਿਚ ਜਿਹੜੀਆਂ ਡਿਸਪੈਂਸਰੀਆਂ ਸਰਕਾਰ ਨੇ ਖੋਲ੍ਹੀਆਂ ਹਨ ਉਨ੍ਹਾਂ ਦੀਆਂ ਦਵਾਈਆਂ ਦਾ ਸਟੈਂਡਰਡ ਚੈਕ ਕੀਤਾ ਜਾਂਦਾ ਹੈ । ਲੇਕਿਨ ਨਾਲ ਹੀ ਅਰਜ਼ ਹੈ ਕਿ ਜਿਹੜੀਆਂ ਦਵਾਈਆਂ ਵੈਦ ਜਾਂ ਹਕੀਮ ਖੁਦ ਆਪਣੇ ਲੈਵਲ ਤੇ ਤਿਆਰ ਕਰਦੇ ਹਨ ਉਨ੍ਹਾਂ ਦੇ ਮੁਤੱਲਕ ਕੋਈ ਖ਼ਾਸ ਚੈਕ ਨਹੀਂ । ਸ਼ਾਇਦ ਇਨ੍ਹਾਂ ਨੂੰ ਮੋਗੇ ਵਾਲੇ ਕੇਸ ਦਾ ਸ਼ੱਕ ਹੋਣਾ ਹੈ । ਮੈਂ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਆਪਣੇ ਤੌਰ ਤੇ ਦਵਾਈਆਂ ਤਿਆਰ ਕੀਤੀਆਂ ਜਿਸ ਕਰਕੇ ਜਾਨੀ ਨੁਕਸਾਨ ਹੋਇਆ । (ਵਿਘਨ)

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਦਿਤਾ ਗਿਆ । (ਵਿਘਨ)

ਸਰਦਾਰ ਸਰੂਪ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਪਿਛੇ ਜਿਹੇ ਜਦੋਂ ਜਲੰਧਰ ਵਿਚ ਡੀ. ਸੀ. ਸਾਹਿਬ ਨੇ ਜਲੰਧਰ ਮਿਊਂਸਿਪਲ ਵੈਦਕ ਡਿਸਪੈਂਸਰੀਜ਼ ਤੇ ਛਾਪਾ ਮਾਰਿਆ ਤਾਂ ਦਵਾਈਆਂ ਵਿਚੋਂ ਕੀੜੇ ਨਿਕਲੇ, ਆਇਆ ਉਹ ਰਿਸਰਚ ਇਨਸਟੀਚਿਊਟ ਵਿਚੋਂ ਟੈਸਟ ਹੋ ਕੇ ਆਈਆਂ ਸਨ ਜਾਂ ਨਹੀਂ ? (ਵਿਘਨ)

(ਕੋਈ ਜਵਾਬ ਨਹੀਂ ਦਿੱਤਾ ਗਿਆ)

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਇਸ ਗਲ ਦੀ ਰੋਸ਼ਨੀ ਵਿਚ ਦਸਣਗੇ ਕਿ ਆਯੁਰਵੈਦ ਜਿਹੜੇ ਹਨ ਉਨ੍ਹਾਂ ਦੀ ਰਜਿਸਟਰੇਸ਼ਨ ਬੜੀ ਸਿਫਾਰਸ਼ ਨਾਲ ਹੁੰਦੀ ਹੈ ਜੇ ਇਥੇ ਨਾ ਹੋਵੇ ਤਾਂ ਗਵਾਂਢੀ ਸੂਬਿਆਂ ਵਿਚ ਹੋ ਜਾਂਦੀ ਹੈ । ਕੀ ਸਰਕਾਰ ਇਹ ਦੇਖੇਗੀ ਕਿ ਜਿਹੜੇ ਇਹ ਪ੍ਰੈਕਟਿਸ ਕਰਦੇ ਹਨ ਉਹ ਵਾਕਿਅਈ ਹੀ ਪ੍ਰੈਕਟਿਸ ਕਰਨ ਲਈ ਕੁਆਲੀਫਾਈਡ ਹਨ ਤਾਂ ਕਿ ਕੋਈ ਨੁਕਸਾਨ ਨਾ ਹੋਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਜਿਹੜੇ ਇਹ ਪ੍ਰਾਈਵੇਟ ਪ੍ਰੈਕਟਿਸ ਕਰਦੇ ਹਨ ਉਨ੍ਹਾਂ ਨੂੰ ਕਿਸ ਬੇਸਿਜ਼ ਤੇ ਲਾਇਸੈਂਸ ਜਾਰੀ ਕੀਤੇ ਜਾਣ । ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਜਲਦੀ ਹੀ ਫੈਸਲਾ ਹੋ ਜਾਵੇਗਾ ।

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਮੇਰੇ ਕੁਐਸਚਨ ਦਾ ਜਵਾਬ ਨਹੀਂ ਆਇਆ ।

ਚੌਧਰੀ ਬਲਬੀਰ ਸਿੰਹ : क्या मन्त्री महोदय बताएंगे कि क्या वैद्य करतार सिंह जी ने लाईसैंस लिया हुआ है या नहीं ?

(ਕੋਈ ਉੱਤਰ ਨਹੀਂ ਆਇਆ)

(ਇਸ ਵਕਤ ਮਾਈਕ ਬੰਦ ਹੋ ਗਿਆ)

ਡਾਕਟਰ ਅਮੀਰ ਸਿੰਘ ਕਲਕਟ : ਕੀ ਮੰਤਰੀ ਸਾਹਿਬ ਦਸਣ ਦੀ ਕਿਰਪਾਲਤਾ ਕਰਨਗੇ ਕਿ ਜੋ ਆਯੁਰਵੈਦਿਕ ਹਸਪਤਾਲ ਜਾਂ ਡਿਸਪੈਂਸਰੀਆਂ ਆਦਿ ਖੋਲ੍ਹੀਆਂ ਹਨ, ਉਨ੍ਹਾਂ ਵਿਚ ਜਿਹੜੇ ਮਰੀਜ਼ ਜਾਂਦੇ ਹਨ, ਉਨ੍ਹਾਂ ਵਿਚੋਂ ਕਿੰਨੇ ਠੀਕ ਹੁੰਦੇ ਹਨ ਅਤੇ ਕਿੰਨੇ ਨਹੀਂ ?

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਸ ਦਾ ਜਵਾਬ ਨਹੀਂ ਆਉਣਾ ਚਾਹੀਦਾ, ਕਿਉਂਕਿ ਇਹ ਪ੍ਰੋਫੈਸ਼ਨਲ ਰਾਈਵਲਰੀ ਕਾਰਨ ਹੀ ਪੁਛਿਆ ਗਿਆ ਹੈ । (ਹਾਸਾ)

ਸ੍ਰੀ ਸਪੀਕਰ : ਇਹ ਬੜਾ ਗੰਭੀਰ ਮਸਲਾ ਹੈ, ਜਿਸ ਤਰ੍ਹਾਂ ਸਾਡੇ ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਕੁਝ ਵੈਦ ਘਰਾਂ ਵਿਚ ਦਵਾਈਆਂ ਬਣਾਉਂਦੇ ਹਨ ਅਤੇ ਉਨ੍ਹਾਂ ਨਾਲ ਕਈ ਵਾਕਿਆਤ ਹੋਏ ਹਨ, ਕਿਉਂਕਿ ਉਨ੍ਹਾਂ ਦਵਾਈਆਂ ਦੇ ਸਟੈਂਡਰਡ ਦੀ ਕੋਈ ਚੈਕਿੰਗ ਨਹੀਂ ਹੁੰਦੀ । ਉਨ੍ਹਾਂ ਦੀ ਚੈਕਿੰਗ ਲਈ ਕੋਈ ਨਾ ਕੋਈ ਅਦਾਰਾ ਜ਼ਰੂਰ ਮੁਕੱਰਰ ਕਰਨਾ ਚਾਹੀਦਾ ਹੈ ।

(This matter is of a very serious nature. As the hon. Minister has stated, some Vaids themselves prepare medicines at their residences. This practice has resulted in a number of mishaps as there are no arrangements for checking the standard of such medicines. There must be some agency which should standardise the medicines.)

ਰਾਜ ਮੰਤਰੀ : ਜਿਥੋਂ ਤਕ ਡਾਕਟਰ ਸਾਹਿਬ ਦੇ ਇਸ ਸੁਆਲ ਦਾ ਤਅਲੁਕ ਹੈ ਮੈਂ ਇਹ ਕਹਿ ਸਕਦਾ ਹਾਂ ਕਿ ਮੇਰਾ ਤਜ਼ਰਬਾ ਇਹ ਹੈ ਕਿ ਇਹ ਆਯੁਰਵੈਦਿਕ ਸਿਸਟਮ ਪੰਜਾਬ ਵਿਚ ਜ਼ਿਆਦਾ ਕਾਮਯਾਬ ਹੋਇਆ ਹੈ। ਪੰਜਾਬ ਦੇ ਲੋਕਾਂ ਨੇ ਵੈਦਾਂ ਨੂੰ ਬੜਾ ਅਪਨਾਇਆ ਹੈ। ਮੇਰੇ ਕੋਲ ਡਿਸਪੈਂਸਰੀਆਂ ਖੋਲ੍ਹਣ ਦੇ ਸਿਲਸਿਲੇ ਵਿਚ ਜਦੋਂ ਵੀ ਰਿਪ੍ਰੈਜ਼ੈਂਟੇਸ਼ਨਾਂ ਆਉਂਦੀਆਂ ਹਨ ਤਾਂ 20-20 ਪੰਚਾਇਤਾਂ ਇਹ ਲਿਖ ਕੇ ਭੇਜਦੀਆਂ ਹਨ ਕਿ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹੀਆਂ ਜਾਣ। ਇਹ ਅਦਾਰਾ ਬੜਾ ਪਾਪੂਲਰ ਹੋ ਰਿਹਾ ਹੈ। ਡਾਕਟਰਾਂ ਨੂੰ ਤਾਂ ਪਿੰਡਾਂ ਵਿਚੋਂ ਮੁਸ਼ਕ ਆਉਂਦੀ ਹੈ ਅਤੇ ਉਹ ਤਾਂ ਜਾਣ ਲਈ ਤਿਆਰ ਨਹੀਂ। ਮੇਰਾ ਤਾਂ ਇਹ ਵਿਚਾਰ ਹੈ ਕਿ ਜੇਕਰ ਇਸ ਵਲ ਜ਼ਿਆਦਾ ਉਪਰਾਲੇ ਕਰੀਏ ਤਾਂ ਪੰਜਾਬ ਅਤੇ ਇਸ ਦੇ ਪਿੰਡਾਂ ਲਈ ਇਹ ਜ਼ਿਆਦਾ ਮੁਫ਼ੀਦ ਸਾਬਤ ਹੋਵੇਗਾ।

ਚੌਧਰੀ ਤੁਲਸੀ ਰਾਮ ਚੌਹਾਨ : ਕੀ ਮਨਿਸਟਰ ਸਾਹਿਬ ਇਸ ਗਲ ਲਈ ਗੌਰ ਕਰਨ ਲਈ ਤਿਆਰ ਹਨ ਕਿ ਇਨ੍ਹਾਂ ਦੀ ਮਨਿਸਟਰੀ ਵਿਚ ਵੈਦ ਕਰਤਾਰ ਸਿੰਘ ਰਜਿਸਟਰਡ ਵੈਦ ਹਨ ਅਤੇ ਤਜ਼ਰਬੇ-ਕਾਰ ਹਨ ਇਸ ਮਾਮਲੇ ਵਿਚ, ਕੀ ਇਹ ਮਹਿਕਮਾ ਉਸਨੂੰ ਸੌਂਪ ਦਿਤਾ ਜਾਵੇ ਕਿਉਂਕਿ ਮਾਮਲਾ ਬੜਾ ਗੰਭੀਰ ਹੈ ? (ਹਾਸਾ) (ਕੋਈ ਉੱਤਰ ਨਹੀਂ ਆਇਆ)

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ ਇਸ ਗਲ ਤੇ ਵਿਚਾਰ ਕਰਨ ਲਈ ਤਿਆਰ ਹਨ ਕਿ ਪਟਿਆਲਾ ਆਦਿ ਜਿਥੇ ਵੀ ਇਸ ਕਿਸਮ ਦੀਆਂ ਡਿਸਪੈਂਸਰੀਆਂ ਹਨ, ਉਨ੍ਹਾਂ ਵਿਚ ਦਵਾਈਆਂ ਆਦਿ ਦੀ ਬੜੀ ਘਾਟ ਹੈ ਅਤੇ ਇਸ ਪਰਪਜ਼ ਲਈ ਬਜਟ ਵਿਚ ਜ਼ਿਆਦਾ ਪੈਸੇ ਰਖ ਕੇ ਦਵਾਈਆਂ ਆਦਿ ਦਾ ਚੰਗਾ ਪ੍ਰਬੰਧ ਕਰਨਗੇ ?

ਰਾਜ ਮੰਤਰੀ : ਇਸ ਬਾਰੇ ਮੈਂ ਪਹਿਲਾਂ ਅਰਜ਼ ਕਰ ਚੁਕਾ ਹਾਂ ਕਿ ਇਸ ਕੰਮ ਲਈ ਦੋ ਲੱਖ ਰੁਪਏ ਰਖੇ ਹੋਏ ਹਨ ਅਤੇ ਹੋਰ ਵੀ ਕੋਸ਼ਿਸ਼ ਕੀਤੀ ਜਾਏਗੀ, ਜੇਕਰ ਸਰਦਾਰ ਬਲਵੰਤ ਸਿੰਘ ਜੀ ਇਸ ਕੰਮ ਲਈ ਮੰਨ ਜਾਣ। ਮੈਂ ਆਪ ਵੀ ਮਹਿਸੂਸ ਕਰਦਾ ਹਾਂ ਕਿ ਇਸ ਕੰਮ ਲਈ ਹੋਰ ਜ਼ਿਆਦਾ ਤਵੱਜੋ ਦਿਤੀ ਜਾਣੀ ਚਾਹੀਦੀ ਹੈ।

UPGRADING OF POSTS OF SENIOR LECTURERS IN THE E.N.T. AND SURGERY DEPARTMENT

***2316. Shri Balmukand Sharma** : Will the Minister of State for Industries and Health be pleased to state :—

(a) whether it is a fact that certain posts of Senior Lecturers were upgraded to those of Assistant Professors in the ENT and Surgery Departments of Government Medical Colleges in Punjab;

(b) if the answer to part (a) above be in the affirmative, whether it has come to the notice of the Government that certain junior doctors have been adversely affected by this upgradation ?

ਸਰਦਾਰ ਹਰਵੇਲ ਸਿੰਘ (ਰਾਜ ਮੰਤਰੀ, ਮੈਡੀਕਲ ਸਿਖਿਆ) : (ੲ) ਹਾਂ ਜੀ।

(ਬੀ) ਕੇਵਲ ਈ. ਐਨ. ਟੀ. ਵਿਭਾਗ ਵਿਚ ਸਹਾਇਕ ਪਰੋਫੈਸਰਾਂ ਦੀ ਤਰੱਕੀ ਕੀਤੀ ਗਈ ਹੈ ਜਿਸ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ ਅਤੇ ਸਰਜਰੀ ਵਿਭਾਗ ਵਿਚ ਹਾਲੇ ਤਕ ਕੋਈ ਤਰੱਕੀ ਨਹੀਂ ਕੀਤੀ ਗਈ।

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਇਨ੍ਹਾਂ ਤੱਰਕੀਆਂ ਦੇ ਸਿਲਸਿਲੇ ਵਿਚ ਕੁਝ ਪਾਵਰਫੁਲ ਆਦਮੀ ਬੋਗਸ ਜਿਹੀਆਂ ਡਿਗਰੀਆਂ ਨਾਲ ਦੂਜਿਆਂ ਨੂੰ ਸੁਪਰਸੀਡ ਕਰ ਜਾਂਦੇ ਹਨ ਅਤੇ ਇਹ ਚੀਜ਼ ਨਾ ਹੋਵੇ ?

ਰਾਜ ਮੰਤਰੀ : ਐਸੀ ਕੋਈ ਚੀਜ਼ ਨੋਟਿਸ ਵਿਚ ਹੁਣ ਤਕ ਨਹੀਂ ਆਈ ।

ਸ੍ਰੀ ਬਾਲਮੁਕੰਦ ਸ਼ਰਮਾ : ਕੀ ਮਨਿਸਟਰ ਸਾਹਿਬ ਦਸਣ ਦੀ ਕਿਰਪਾਲਤਾ ਕਰਨਗੇ ਕਿ ਸੀਨੀਅਰ ਲੈਕਚਰਰਜ਼ ਨੂੰ ਛੱਡ ਕੇ ਕੁਝ ਐਸਿਸਟੈਂਟ ਪ੍ਰੋਫੈਸਰਾਂ ਨੂੰ ਤਰੱਕੀਆਂ ਦਿਤੀਆਂ ਗਈਆਂ ਹਨ, ਕੀ ਉਹ ਮੈਰਿਟ ਤੇ ਦਿਤੀਆਂ ਗਈਆਂ ਹਨ ਜਾਂ ਆਪਣੇ ਕੁਝ ਆਦਮੀਆਂ ਨੂੰ ਫ਼ਾਇਦਾ ਪਹੁੰਚਾਣ ਲਈ ਦਿਤੀਆਂ ਗਈਆਂ ਹਨ ?

ਰਾਜ ਮੰਤਰੀ : ਮੈਂ ਪਹਿਲੇ ਹੀ ਦਸ ਚੁਕਾ ਹਾਂ ਕਿ ਸਰਜਰੀ ਵਿਭਾਗ ਵਿਚ ਕੋਈ ਤਰੱਕੀ ਨਹੀਂ ਕੀਤੀ ਗਈ, ਸਿਰਫ਼ ਈ. ਐਨ. ਟੀ. ਵਿਭਾਗ ਵਿਚ ਹੀ ਸਹਾਇਕ ਪਰੋਫ਼ੈਸਰਾਂ ਦੀਆਂ ਤਰੱਕੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ ।

ਕਾਮਰੇਡ ਸੱਤ ਪਾਲ ਡਾਂਗ : ਮੰਤਰੀ ਸਾਹਿਬ ਨੇ ਕਿਹਾ ਹੈ ਕਿ ਕੋਈ ਚੀਜ਼ ਨੋਟਿਸ ਵਿਚ ਨਹੀਂ ਆਈ । ਕੀ ਇਹ ਗੱਲ ਠੀਕ ਨਹੀਂ ਕਿ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਂਦਾ ਗਿਆ ਕਿ ਪ੍ਰਿੰਸੀਪਲ ਸਾਹਿਬ ਦੀ ਲੜਕੀ ਨੂੰ ਅਤੇ ਕਿਸੇ ਵਡੇ ਅਫ਼ਸਰ ਦੇ ਜਵਾਈ ਨੂੰ ਪ੍ਰਮੋਸ਼ਨ ਦੇਣ ਲਈ ਪੋਸਟਾਂ ਕਰੀਏਟ ਕੀਤੀਆਂ ਗਈਆਂ । ਇਸ ਤੋਂ ਇਲਾਵਾ ਕਿਸੇ ਡਾਕਟਰ ਦੇ ਭਰਾ ਅਤੇ ਭਰਜਾਈ ਲਈ, ਜਿਨ੍ਹਾਂ ਨੇ ਕਿਸੇ ਅਕਾਲੀ ਲੀਡਰ ਦਾ ਇਲਾਜ ਕੀਤਾ, ਸਪੈਸ਼ਲ ਪੋਸਟਾਂ ਕਰੀਏਟ ਕੀਤੀਆਂ ਗਈਆਂ ?

ਰਾਜ ਮੰਤਰੀ : ਐਸੀ ਕੋਈ ਸਕੀਮ ਹਾਲੇ ਤਕ ਆਈ ਨਹੀਂ ।

(ਕਈ ਮੈਂਬਰਾਂ ਵਲੋਂ ਹਾਸਾ । ਇਥੇ ਸਕੀਮ ਦਾ ਤਾਂ ਕੋਈ ਕੁਐਸਚਨ ਹੀ ਨਹੀਂ)

ਸਾਥੀ ਰੂਪ ਲਾਲ : ਮੈਂ 8 ਦਿਨ ਪਹਿਲਾਂ ਵਜ਼ੀਰ ਸਾਹਿਬ ਕੋਲ ਇਕ ਕੇਸ ਲੈ ਕੇ ਗਿਆ ਸੀ ਕਿ ਕੋਈ ਰਾਜਕੁਮਾਰ ਇਕ ਲੈਕਚਰਰ ਹੈ, ਉਸ ਦੀ ਸਿਨੀਆਰਟੀ ਰੋਕ ਕੇ ਦੂਜਿਆਂ ਨੂੰ ਤਰੱਕੀ ਦਿਤੀ ਗਈ ਹੈ, ਕੀ ਉਸ ਕੇਸ ਤੇ ਮੁੜ ਵਿਚਾਰ ਕਰਕੇ ਫ਼ੈਸਲਾ ਕਰਨ ਨੂੰ ਮਨਿਸਟਰ ਸਾਹਿਬ ਤਿਆਰ ਹਨ ?

ਰਾਜ ਮੰਤਰੀ : ਮੈਂ ਪਹਿਲਾਂ ਕਿਹਾ ਹੈ ਕਿ ਸਿਵਾਏ ਈ. ਐਨ. ਟੀ ਦੇ ਪ੍ਰੋਫ਼ੈਸਰਾਂ ਦੇ ਕਿਸੇ ਦੀ ਕੋਈ ਤਰੱਕੀ ਨਹੀਂ ਕੀਤੀ ਗਈ, ਜਿਹੜੀਆਂ ਜਨਰਲ ਚੀਜ਼ਾਂ ਹਨ, ਉਹ ਰੁਟੀਨ ਵਿਚ ਹੋ ਜਾਣਗੀਆਂ ।

AMOUNT SANCTIONED FOR THE IMPROVEMENT OF JULLUNDUR CITY

***2147. Sardar Gurbanta Singh** : Will the Chief Minister be pleased to state :—

(a) whether it is a fact that the Finance Minister, Punjab while unfurling the National Flag on the 15th August, 1970 announced that a sum of Rs. 50 lacs for the improvement of Jullundur City shall be placed at the disposal of the Commissioner, Jullundur Division by the Government ; if so, whether sanction of the said amount has so far been issued by the Government ;

[Sardar Gurbanta Singh]

(b) if the reply to part (a) above be in the affirmative, whether any amount has so far been spent out of the said amount upto the 15th November, 1970 ;

(c) whether any schemes have been called for by the Government from the concerned authorities at Jullundur for the utilization of the amount referred to in part (a) above ; if so, the copies of such schemes if received by the Government be laid on the Table of the House ?

ਸਰਦਾਰ ਰਵੇਲ ਸਿੰਘ (ਰਾਜ ਮੰਤਰੀ ਸਥਾਨਕ ਸਰਕਾਰ) :

(ੳ) ਹਾਂ ਜੀ, ਪਰ ਰਸਮੀ ਮਨਜ਼ੂਰੀ ਅਜੇ ਜਾਰੀ ਨਹੀਂ ਹੋਈ ।

(ਅ) ਸਵਾਲ ਪੈਦਾ ਨਹੀਂ ਹੁੰਦਾ ।

(ੲ) ਸਕੀਮਾਂ ਦੀ ਸੂਚੀ ਵੇਰਵੇ ਸਮੇਤ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

STATEMENT OF SCHEMES FOR IMPROVEMENT AND DEVELOPMENT OF JULLUNDUR CITY FOR THE UTILIZATION OF RS. 50 LAKHS.

1. **Jullundur City outfall Jamsher drain from Garha Lift Station to East Bein outside Jullundur City Municipal Limits.**

The total cost of this scheme is Rs. 34·15 lakhs. During the year 1970—71 a sum of Rs. 13·37 lakhs would be spent for the acquisition of land etc. for this drain. This scheme will be financed by the Local Municipal Committee as it is related only to the drainage of Jullundur City Storm Water. This would also involve a recurring expenditure of approximately Rs. 40 to 50 thousand for its annual maintenance.

2. **Construction of Syphon for drainage of flood Water from Industrial Area to Kala Singha drain outside Jullundur City Municipal Limits.**

The estimated cost of the syphon is Rs. Two Lakhs. It would drain out the storm water of the Industrial area into the Kala Saingha drain. This scheme pertains to the drainage of storm water of the Jullundur City outside the Municipal Limits.

3. **Improvement of Maojr Municipal Roads/Improvement Trust Roads and Roads in Industrial Area Jullundur (Including traffic lights at important junctions.)**

The estimated cost of this scheme is Rs. 14·63 lakhs. It will be spent for the improvement of the major roads.

4. **Storm Water drainage Scheme within Jullundur City Municipal Limits (Phase I)**

The Storm Water Drainage Scheme within the Jullundur City Municipal Limits is split up into two independent phases (Phase I costing Rs. 61·59 lakhs and phase II Rs. 39·52 lakhs. Total Rs. 101·11 lakhs). A sum of Rs. 15 lakhs will be spent for the execution of the first instalment of the first phase. It includes storm water drainage scheme provided for storm water drain from Adda Hoshiarpur to City Municipal Limits at Garha. The drainage of the City storm water from the Municipal Committee limits at Garha would further be continued in the proposed open channel Jamsher drain.

5. Improvement of the G. T. Road Jullundur (Phase I)

The Co-ordinated Scheme for the proposed improvement of the G. T. Road, Jullundur phase I from the Rainak Bazar Chowk to the Radio Colony Chowk at Jullundur at a total expenditure of Rs. 27·9 lakhs is to be carried out. The Municipal Committee and the Improvement Trust have passed their resolutions to contribute 1/4th share against the expenditure for the improvement of G. T. Road viz. for the provision of services, street lighting etc.

6. 90′ wide road through Adarsh Nagar and Jawahar Nagar etc. at Jullundur.

The estimated cost of this scheme is Rs. five lakhs. This scheme is for the improvement of this road by the P. W. D. and for lighting and other improvements is to be made by the Municipal Committee, Jullundur.

ਸਰਦਾਰ ਗੁਰਬੰਤਾ ਸਿੰਘ : ਇਹ ਜਿਹੜੀਆਂ ਸਕੀਮਾਂ ਮੇਜ਼ ਤੇ ਰਖੀਆਂ ਗਈਆਂ ਹਨ, ਇਨ੍ਹਾਂ ਦੇ ਵਿਚ ਮਨਿਸਟਰ ਸਾਹਿਬ ਨੇ ਕੇਵਲ ਇਹ ਦਸਿਆ ਹੈ ਕਿ ਸੜਕਾਂ, ਡਰੇਨੇਜ, ਅਤੇ ਇੰਡਸਟਰੀਅਲ ਏਰੀਆ ਦਾ ਪਾਣੀ ਕਢਿਆ ਜਾਵੇਗਾ ਆਦਿ। ਇਸ ਦੇ ਨਾਲ ਜਲੰਧਰ ਨੂੰ ਕੋਈ ਫ਼ਾਇਦਾ ਨਹੀਂ ਹੋਣ ਲਗਾ। ਉਹ 50 ਲੱਖ ਰੁਪਿਆ ਇਨ੍ਹਾਂ ਨੇ ਕਿਥੇ ਖ਼ਰਚ ਕਰਨਾ ਹੈ ?

ਰਾਜ ਮੰਤਰੀ : ਇਸ ਸਕੀਮ ਦੀ ਮਨਜ਼ੂਰੀ ਤੋਂ ਬਾਦ ਇਕ ਕਮੇਟੀ ਬਣਾਈ ਗਈ ਸੀ, ਜਿਸ ਦੇ ਵਿਚ ਮਨਿਸਟਰ ਇੰਚਾਰਜ, ਚੀਫ਼ ਇੰਜੀਨੀਅਰ ਅਤੇ 18 ਹੋਰ ਸਜਣ ਸਨ, ਉਸ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਇਹ ਰੁਪਇਆ ਕਿਸ ਤਰ੍ਹਾਂ ਖ਼ਰਚ ਕਰਨਾ ਹੈ।

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਇਹ ਜਿਹੜੀਆਂ ਸਕੀਮਾਂ ਇਨ੍ਹਾਂ ਨੇ ਦਿਤੀਆਂ ਹਨ, ਇਨ੍ਹਾਂ ਵਿਚ ਚਾਰ ਚੀਜ਼ਾਂ ਜਿਹੜੀਆਂ ਮੈਂ ਪਹਿਲਾਂ ਦਸੀਆਂ ਹਨ, ਉਨ੍ਹਾਂ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਹੈ, ਜਿਹੜਾ ਸਰਦਾਰ ਬਲਵੰਤ ਸਿੰਘ ਜੀ ਉਥੇ 50 ਲੱਖ ਰੁਪਏ ਖ਼ਰਚ ਕਰਨ ਦਾ ਇਲਾਨ ਕਰਕੇ ਆਏ ਹਨ, ਉਹ ਕਿਥੇ ਖ਼ਰਚ ਕਰਨਾ ਹੈ ? ਇਹ ਜਿਹੜੀ 18 ਆਦਮੀਆਂ ਦੀ ਸਕੀਮ ਆਦਿ ਦਸੀ ਹੈ, ਇਹ ਤਾਂ ਹੋਰ ਚੀਜ਼ ਹੈ। (ਵਿਘਨ)

3·00 P.M. | **ਰਾਜ ਮੰਤਰੀ** : ਇਹ ਡੀਟੇਲ ਦਿਤੀ ਹੋਈ ਹੈ ਕਿ ਹਰ ਸਕੀਮ ਤੇ ਕਿੰਨਾ ਕਿੰਨਾ ਖ਼ਰਚ ਹੋਣਾ ਹੈ। ਅਗਰ ਪਾਣੀ ਕਢਿਆ ਜਾਣਾ ਹੈ ਤਾਂ ਉਹ ਵੀ ਸ਼ਹਿਰ ਦੀ ਇੰਪਰੂਵਮੈਂਟ ਲਈ ਹੀ ਹੈ ਅਤੇ ਜੇ ਸੜਕਾਂ ਦੀ ਮੁਰੰਮਤ ਹੋਣੀ ਹੈ ਤਾਂ ਉਹ ਵੀ ਸ਼ਹਿਰ ਦੇ ਭਲੇ ਲਈ ਹੀ ਹੈ।

Mr. Speaker : Question hour is over. The remaining questions on the list are deemed to have been answered under Rule 45 (New Rule 38) of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 45. (New Rule 38)

Starred Question No. 2091

ਰਵੇਲ ਸਿੰਘ

ਮੈਡੀਕਲ ਸਿਖਿਆ
ਅਤੇ ਸਥਾਨਕ-ਸਰਕਾਰ
ਰਾਜ ਮੰਤਰੀ, ਪੰਜਾਬ।

ਅੱਧ ਸਰਕਾਰੀ ਪੱਤਰ ਨੰ: 488-ਸੀ 1 (ਏ.ਐਸ.ੳ. 2)-71/217
ਮਿਤੀ, ਚੰਡੀਗੜ੍ਹ 19-1-1971.

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2091, ਜੋ ਮਿਤੀ 20-1-1971 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਗਿਆਨ ਚੰਦ ਖਰਬੰਦਾ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਨੂੰ ਮਿਤੀ 29-1-1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸ ਪਾਤਰ,
ਸਹੀ/-
(ਰਵੇਲ ਸਿੰਘ)

ਸਰਦਾਰ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ।

Starred Question No. 2196

ਪ੍ਰਕਾਸ਼ ਸਿੰਘ ਬਾਦਲ

ਅ.ਸ.ਨੰ: 112-ਕੈਬਨਿਟ-71/
Chief Minister, Punjab.
ਚੰਡੀਗੜ੍ਹ
19 ਜਨਵਰੀ, 1971.

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2196, ਜ ਮਿਤੀ 20-1-1971 ਲਈ ਸਵਾਲਾਂ ਦੀ ਸੂਚੀ ਵਿਚ ਸ੍ਰੀ ਦਾਨਾ ਰਾਮ ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 5-2-1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਹਿਤੂ,
ਸਹੀ/-
(ਪ੍ਰਕਾਸ਼ ਸਿੰਘ ਬਾਦਲ)

ਸਰਦਾਰ ਦਰਬਾਰਾ ਸਿੰਘ,
ਸਪੀਕਰ
ਪੰਜਾਬ ਵਿਧਾਨ ਸਭਾ, ਚੰਡੀਗੜ੍ਹ।

ALLEGED MURDER OF SURJIT SINGH S/O S. BANTA SINGH OF BUTALA, DISTRICT AMRITSAR.

*2198. **Comrade Dana Ram** : Will the Chief Minister be pleased to state :—

(a) whether the Senior Superintendent of Police, Amritsar received a representation dated 10-11-70 entitled "Murder of Surjit Singh s/o S. Banta Singh of Butala P. S. Beas, district Amritsar (Punjab)" from Smt. Manjit Kaur; if so, a copy of the same be laid on the Table of the House;

(b) the action taken by the Government on the said representation and the present position of the case ?

Sardar Parkash Singh Badal : (a) Yes Sir. A copy of the representation is laid on the Table of the House.

(b) The investigation of the case was verified by a gazetted officer, incharge of the Halqa. No evidence was produced by the complainant during the investigation which may show the complicity of the reasons, in the murder, now named in the representation. The representation was, therefore, filed. The challan against accused Ajit Singh, arrested in this case is being put up in the court.

[(ੲ) ਹਾਂ, ਜੀ। ਪ੍ਰਤੀਬੇਨਤੀ ਦੀ ਇਕ ਕਾਪੀ ਸ਼ਭਾ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਬੀ) ਦੋਬਾਰਾ ਤਫਤੀਸ਼/ਜਾਂਚ ਹਲਕੇ ਦੇ ਗਜ਼ਟਿਡ ਅਫ਼ਸਰ ਰਾਹੀਂ ਕਰਵਾਈ ਗਈ ਸੀ। ਜਾਂਚ ਪੜਤਾਲ ਸਮੇਂ ਸ਼ਕਾਇਤ ਕਰਤਾ ਨੇ ਕੋਈ ਸਬੂਤ ਪੇਸ਼ ਨਹੀਂ ਕੀਤਾ ਕਿ ਇਸ ਕਤਲ ਵਿਚ ਕਿਨ੍ਹਾਂ ਆਦਮੀਆਂ ਦਾ ਹੱਥ ਹੈ। ਇਸ ਕਾਰਣ ਕਰਕੇ ਪ੍ਰਤੀਬੇਨਤੀ ਨੂੰ ਦਫ਼ਤਰ ਦਾਖਲ ਕਰ ਦਿਤਾ ਗਿਆ। ਸ੍ਰੀ ਅਜੀਤ ਸਿੰਘ, ਜਿਸ ਨੂੰ ਕਿ ਇਸ ਕਤਲ ਦੇ ਸਿਲਸਿਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ, ਦੇ ਵਿਰੁੱਧ ਅਦਾਲਤ ਵਿਚ ਚਲਾਨ ਪੇਸ਼ ਕੀਤਾ ਜਾ ਰਿਹਾ ਹੈ।]

From

Smt. Manjit Kaur,
w/o S. Surjit Singh (late),
(Vill. & P. O. Butala) (Patti Pullan)
Distt. Amritsar (P. S. Beas),

To

The Sr. Supdt. of Police,
Amritsar
Dated 10-11-70.

Subject :— Murder of Surjit Singh s/o Banta Singh of Butala, P. S. Beas, Distt, Amritsar (Punjab).

Sir,

With great regret and sorrow heart I am to say that my husband named above was murdered on the night of Diwali (29/30-10-70) in the house of S. Charan Singh

[Chief Minister]

S/o S. Lal Singh. The local police fully aware of the fact and knows the culprits well but due to the political pressure of some local MLAs and especially by S. Hari Singh Butala they are avoiding to arrest of the real culprits.

2. *DSP Gurbax Singh have witnesses the blood stained and other marks connected with the murder and have also collected oil mixed with blood and other signs and have packed the same in small cloth bags in front of huge crowd of villagers of Butala and in the same time he have also proved through Dr. Nirmal Singh of Rural Dispensary Butala, was called at about 9.35 p.m. 29-10-70 by Sardar Amarjit Singh and witnessed that Surjit Singh was dead at that time. But I and the parents of my husband came to know about the death of my husband in the morning of 30-10-70 at about 7-30 a.m. by someone else but not by Amarjit Singh or S Charan Singh or any body else of their family. Police know the culprits but due to the political pressure they have only taken action on Jit Singh, whereas the murder is done by Amarjit Singh, Charan Singh and his son Surinder Singh and his servant Jit Singh and others.

To punish the actual culprits I request you to reinvestigate the case personally or hand over the inquiry to Central C.I.D. for we have lost faith in local police for they are bound to do according to the will of MLAs and Jathedars.

Crying for justice to the Govt. of India and from the people of India.

Sd/-Manjit Kaur

CC & O : Sri Sat Pal Dang, Communist MLA Punjab.
Dr. Baldev Prakash, Jan Sang MLA Punjab;
Major Harinder Singh Congress President Punjab;
C.M. Punjab, Chandigarh.
I.G. Punjab, Chandigarh.

CASES OF SMUGGLING OF FOODGRAINS

*2225. **Dr. Sadhu Ram** : Will the Chief Minister be pleased to state the number of cases of smuggling of foodgrains detected since 1st October, 1970 on the borders of the State ?

Sardar Parkash Singh Badal : Only one case of smuggling of foodgrains on the borders of the State was detected since 1st October, 1970 in which 10 Kgs of rice were being smuggled to Rajasthan.

[ਮਿਤੀ 1-10-1970 ਤੋਂ ਅਨਾਜ ਦੀ ਸਮਗਲਿੰਗ ਦਾ ਕੇਵਲ ਇਕ ਕੇਸ ਪਕੜਿਆ ਗਿਆ ਹੈ ਜਿਸ ਵਿਚ 10 ਕਿਲੋ ਚਾਵਲ ਰਾਜਿਸਥਾਨ ਵਲ ਲੈ ਜਾਏ ਜਾ ਰਹੇ ਸੀ ।]

PROPOSED INSTALLATION OF PROTEIN PLANT IN THE STATE

***2191. Sardar Partap Singh Kadian** : **Will the Chief Minister be pleased to state :—**

(a) whether it is a fact that the Industrial Development Corporation proposed to instal a Protein Plant in the State;

(b) the date when the said Corporation received letter of intents from the Government of India for the said Plant together with the progress made in this regard upto-date ;

*Printed as received from the Government.

(c) the date by which the said Plant is expected to start production ?

Sardar Teja Singh (Minister of State, Health and Industries) :

(a) Yes,

(b) The Corporation was granted a letter of intent by Government of India for the manufacture of following items in September, 1968 :—

(i)	Cotton Seed Flour	: 8,000 tons.
(ii)	Cut Lint/Chemical Lint	: 2,200 tons.
(iii)	Refined oil	: 4,500 tons.

The Corporation was to procure process technology from the Regional Research Laboratory, Hyderabad. Many meetings took place between Dr. G. S. Sidhu, Director, Regional Research Laboratory, Hyderabad and representatives of this Corporation. However, the laboratory has not been able to develop the process know-how for making edible protein flour from de-oiled cake which could be exploited on commercial basis. It has now been proposed to set up a Solvent Extraction Plant in the first phase in collaboration with Markfed.

(c) The revised project report based on latest development and technology is under preparation with the help of Regional Research Laboratory Hyderabad. Further action will be taken after this report is received.

[(ੳ) ਹਾਂ ਜੀ।

(ਅ) ਕਾਰਪੋਰੇਸ਼ਨ ਨੂੰ ਭਾਰਤ ਸਰਕਾਰ ਵਲੋਂ ਲੈਟਰ ਆਫ ਇਨਟੈਂਟ ਹੇਠ ਲਿਖੇ ਆਈਟਿਮਾਂ ਦੇ ਬਨਾਣ ਲਈ ਸਤੰਬਰ, 1968 ਵਿੱਚ ਦਿੱਤਾ ਗਿਆ।

(1)	ਕਾਟਨ ਸੀਡ ਫਲੋਰ	8,000 ਟਨ
(2)	ਕਟ ਲਿੰਟ/ਕੈਮੀਟਲ ਲਿੰਟ	2,200 ਟਨ
(3)	ਰੀਫਾਈਨਡ ਤੇਲ	4,500 ਟਨ

ਕਾਰਪੋਰੇਸ਼ਨ ਨੇ ਰੀਜਨਲ ਰਿਸਰਚ ਲੈਬਾਰਟਰੀ, ਹੈਦਰਾਬਾਦ ਤੋਂ ਪਰੋਸੈਸ ਟੈਕਨਾਲੋਜੀ ਦੀ ਪ੍ਰਾਪਤੀ ਕਰਨੀ ਸੀ। ਇਸ ਲਈ ਸ਼੍ਰੀ ਜੀ. ਐਸ. ਸਿਧੂ, ਡਾਇਰੈਕਟਰ ਰੀਜਨਲ ਰੀਸਰਚ ਲੈਬਾਰਟਰੀ ਅਤੇ ਕਾਰਪੋਰੇਸ਼ਨ ਦੇ ਰਿਪਰਿਜ਼ੈਂਟੇਟਿਵਜ਼ ਵਿਚਕਾਰ ਕਈ ਵਾਰ ਇਕਤ੍ਰਤਾਵਾਂ ਹੋਈਆਂ। ਅਲਬਤਾ ਲੈਬਾਰਟਰੀ ਪਰਾਸੈਸ ਨੂੰ ਡੀਵੈਲਪ ਕਰਨ, ਕਿ ਕਿਸ ਤਰ੍ਹਾਂ ਡੀ. ਆਇਲਡ ਕੇਕ ਤੋਂ ਪਰੋਟੀਨ ਫਲੋਰ ਬਣਾਇਆ ਜਾ ਸਕਦਾ ਹੈ ਅਤੇ ਇਸ ਨੂੰ ਵਿਉਪਾਰਕ ਤੌਰ ਤੇ ਵਰਤਿਆ ਜਾ ਸਕੇ, ਵਿਚ ਕਾਮਯਾਬ ਨਹੀਂ ਹੋਈ। ਹੁਣ ਸਾਲਵੇਂਟ ਐਕਸਟੈਕਸ਼ਨ ਪਲਾਂਟ, ਪਹਿਲੇ ਫੇਜ਼ ਵਿਚ ਮਾਰਕਫੈਡ ਦੀ ਮਿਲਵਰਤਣ ਨਾਲ, ਲਗਾਣ ਦਾ ਵਿਚਾਰ ਹੈ।

(ੲ) ਅਗਲੀ ਡਿਵੈਲਪਮੈਂਟ ਅਤੇ ਟੈਕਨਾਲੋਜੀ ਦੀ ਰੀਵਾਈਜ਼ਡ ਪ੍ਰੋਜੈਕਟ ਰਪੋਟ ਰੀਜਨਲ ਲੈਬਾਟਰੀ ਹੈਦਰਾਬਾਦ ਦੀ ਇਮਦਾਦ ਨਾਲ, ਤਿਆਰ ਕੀਤੀ ਜਾ ਰਹੀ ਹੈ। ਇਸ ਰਪੋਟ ਦੇ ਤਿਆਰ ਹੋਣ ਉਪਰੰਤ ਹੀ ਅਗੋਂ ਕਾਰਵਾਈ ਕੀਤੀ ਜਾਵੇਗੀ।]

———

QUARTERS CONSTRUCTED UNDER THE INDUSTRIAL HOUSING SCHEME.

***2036. Comrade Satya Pal Dang** : Will the Chief Minister be pleased to :—

(a) state the total number of Quarters so far constructed under the Industrial Housing Scheme in the State and a list showing the location thereof be placed on the Table of the House ;

(b) lay on the Table of the House a statement showing—

(i) the number of such Quarters out of those mentioned in part (a) above the ownership of which has been transferred to the worker-allottees under the hire-purchase system place-wise;

(ii) the number of cases in which agreement have been entered into with the worker-occupants for transferring the ownership of the quarters to them on hire-purchase basis place-wise ;

(c) state whether any scheme for transferring the ownership of the said quarters at Amritsar was framed and whether the workers living in these quarters were asked to enter into agreements with the Government;

(d) state whether Government received from any trade unions and/or individuals any objections regarding the terms of the proposed agreement ; if so, the names of such trade unions and individuals together with the nature of objections raised by them;

(e) state whether any meeting was fixed to be held on 26.5.70 to discuss these objections ; if so, whether the meeting was actually held; if not, the reasons for the cancellation of the said meeting;

(f) state whether any letter or memorandum was received by the Secretary, Housing and Urban Development Department, Punjab, from any legislator regarding the cancellation of the meeting in May or June, 1970; if so, the action, if any, taken thereon and the present position of the case regarding disposal of the objections;

(g) state whether any scheme was framed regarding the quarters at Mandi Gobindgarh;

(h) state whether any objections were received in this regard from any Trade Union of Mandi Gobindgarh; if so, from whom together with the nature of objections raised;

(i) state whether the objections referred to in part (h) have been considered and decision taken thereon ?

ਸਰਦਾਰ ਪ੍ਰਕਾਸ਼ ਸਿੰਘ ਬਾਦਲ :

(ੲ) 1627, ਇਨ੍ਹਾਂ ਮਕਾਨਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਬੀ) (i) ਕੋਈ ਨਹੀਂ
ਅਤੇ (ii) ਕੋਈ ਨਹੀਂ

(ਸੀ) ਜੀ ਹਾਂ।

(ਡੀ) ਜੀ ਹਾਂ। ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਈ) ਜੀ ਹਾਂ। ਸਥਾਨਕ ਸਰਕਾਰ ਮੰਤਰੀ ਜੀ ਦੇ ਹੋਰ ਜ਼ਰੂਰੀ ਰੁਝੇਵਿਆਂ ਕਾਰਨ ਮੀਟਿੰਗ ਕੈਂਸਲ ਕੀਤੀ ਗਈ ਸੀ।

(ਐਫ) ਜੀ ਹਾਂ। 23-12-1970 ਨੂੰ ਹੋਈ ਮੀਟਿੰਗ ਵਿਚ ਸਾਰੇ ਮਾਮਲਿਆਂ ਤੇ ਵਿਚਾਰ ਕੀਤਾ ਗਿਆ ਹੈ। ਅੰਤਮ ਫੈਸਲਾ ਜਲਦੀ ਹੋਣ ਦੀ ਆਸ ਹੈ।

(ਜੀ) ਜੀ ਹਾਂ।

(ਐਚ) ਜੀ ਨਹੀਂ।

(ਆਈ) ਸਵਾਲ ਹੀ ਪੈਦਾ ਨਹੀਂ ਹੁੰਦਾ।

ਅਨੁਲਗ 'ੳ'

(ੲ) ਸਾਰੀ ਸਕੀਮ ਅਧੀਨ ਬਣੇ ਮਕਾਨਾਂ ਦੀ ਸੂਚੀ ਨਿਮਨ ਲਿਖਤ ਅਨੁਸਾਰ ਹੈ :—

1.	ਧਾਰੀਵਾਲ	60
2.	ਬਟਾਲਾ	58
3.	ਲੁਧਿਆਣਾ	250
4.	ਫਗਵਾੜਾ	100
5.	ਭੋਗਪੁਰ	200
6.	ਇਸਲਾਮਾਬਾਦ, ਅੰਮ੍ਰਿਤਸਰ	300
7.	ਛੇਹਰਟਾ, ਅੰਮ੍ਰਿਤਸਰ	108
8.	ਗੋਬਿੰਦਗੜ੍ਹ	100
9.	ਰਾਜਪੁਰਾ	40
10.	ਘਾਨਪੁਰ, ਅੰਮ੍ਰਿਤਸਰ	114
11.	ਅਸ਼ੋਕ ਨਗਰ, ਲੁਧਿਆਣਾ	132
12.	ਮੋਤੀ ਨਗਰ, ਲੁਧਿਆਣਾ	80
13.	ਗਾਂਧੀ ਨਗਰ, ਲੁਧਿਆਣਾ	85

(ਡੀ) ਸਕੱਤਰ ਸ਼ਿਵ ਨਗਰ ਇੰਡਸਟਰੀਅਲ ਲੇਬਰ ਕਾਲੋਨੀ ਸੋਸਾਇਟੀ ਸ਼ਿਵ ਨਗਰ (ਇਸਲਾਮਾਬਾਦ) ਅੰਮ੍ਰਿਤਸਰ ਅਤੇ ਜਨਰਲ ਸਕੱਤਰ ਟੈਕਸਟਾਈਲ ਮਜ਼ਦੂਰ ਏਕਤਾ ਯੂਨੀਅਨ, ਏਕਤਾ ਭਵਨ ਪੁਤਲੀਘਰ, ਅੰਮ੍ਰਿਤਸਰ ਆਦਿ ਵਲੋਂ ਤਜਵੀਜ਼ ਕੀਤੇ ਐਗਰੀਮੈਂਟ ਵਿਰੁਧ ਹੇਠ ਲਿਖੇ ਇਤਰਾਜ਼ ਆਏ ਸਨ :—

(1) ਮਕਾਨਾਂ ਦੀ ਕਿਤਾਬੀ ਕੀਮਤ ਜਾਂ ਮੂਲ ਕੀਮਤ ਦੇ ਆਧਾਰ ਤੇ ਮਕਾਨ ਵੇਚਣੇ ਚਾਹੀਦੇ ਹਨ।

(2) ਜੋ ਅਲਾਟੀ ਹਾਲੇ ਤਕ ਇਨ੍ਹਾਂ ਮਕਾਨਾਂ ਵਿਚ ਬੈਠੇ ਹਨ ਅਤੇ ਕਿਰਾਇਆ ਦਿੱਤਾ ਹੈ ਇਹ

[Chief Minister]

ਕਰਾਇਆ ਇਸ ਕੀਮਤ ਵਿਚੋਂ ਘਟਾ ਦਿੱਤਾ ਜਾਵੇ ਅਤੇ ਉਸ ਅਲਾਟੀ ਕੋਲੋਂ ਬਾਕੀ ਦੀ ਰਕਮ ਹੀ ਲਈ ਜਾਵੇ ।

(3) ਅਲਾਟੀ ਕੋਲੋਂ ਅਲਾਟਮੈਂਟ ਵੇਲੇ ਅੱਧੀ ਕੀਮਤ ਇਕੱਠੀ ਨਾ ਲਈ ਜਾਵੇ ।

(4) ਜੇ ਮਕਾਨ ਦੀ ਕੀਮਤ ਕੋਈ ਅਲਾਟੀ 30 ਸਾਲਾਂ ਤੋਂ ਪਹਿਲਾਂ ਜਮ੍ਹਾਂ ਕਰਾ ਦੇਵੇ ਤਾਂ ਮਾਲਕੀ ਹੱਕ ਉਸ ਨੂੰ ਪੂਰੀ ਕੀਮਤ ਦੇਣ ਤੇ ਹੀ ਮਿਲ ਜਾਣਾ ਚਾਹੀਦਾ ਹੈ । ਕਿਸੇ ਅਲਾਟੀ ਦੀ ਮੌਤ ਹੋਣ ਜਾਂ ਨੌਕਰੀ ਛਡਣ ਤੇ ਉਸ ਨੂੰ ਮਕਾਨ ਗਿਰਵੀ ਰਖਣ ਤੇ ਬਤੌਰ ਤੋਹਫ਼ਾ ਦੇਣ ਤੋਂ ਜਾਂ ਕਰਾਏ ਤੇ ਦੇਣ ਲਈ ਜੋ ਸਰਕਾਰ ਦੀ ਇਜਾਜ਼ਤ ਲੈਣ ਦੀ ਲੋੜ ਹੈ, ਇਸ ਬਾਰੇ ਸੁਝਾਓ ਹੈ ਕਿ ਜੇ ਐਸਾ ਕਿਰਤੀ ਕਿਸੇ ਦੂਸਰੇ ਕਿਰਤੀ ਨੂੰ ਇਨ੍ਹਾਂ ਹਾਲਾਤ ਵਿਚ ਮਕਾਨ ਦਿੰਦਾ ਹੈ ਕਿ ਉਸ ਨੂੰ ਕਿਸੇ ਐਸੀ ਸਰਕਾਰ ਦੀ ਮਨਜ਼ੂਰੀ ਲੈਣ ਦੀ ਲੋੜ ਨਹੀਂ ਚਾਹੀਦੀ ।

(5) 30 ਸਾਲਾਂ ਦੇ ਅੰਦਰ ਅੰਦਰ ਨੌਕਰੀ ਤੋਂ ਨਿਕਲ ਜਾਣ, ਬਰਖਾਸਤ ਹੋਣ ਜਾਂ ਅਸਤੀਫਾ ਦੇਣ ਦੀ ਹਾਲਤ ਵਿਚ ਅਲਾਟਮੈਂਟ ਵਾਪਿਸ ਲੈਣ ਦੀ ਸ਼ਰਤ ਉਡਾ ਦੇਣੀ ਚਾਹੀਦੀ ਹੈ ।

CONNECTING NURPUR BEDI WITH ROPAR BY CONSTRUCTING A BRIDGE OVER SUTLEJ

*2164. **Sardar Surjit Singh Atwal :** Will the Minister for Irrigation and Power be pleased to state :—

(a) whether the Government propose to connect village Nurpur Bedi, district Hoshiarpur with Ropar, Anandpur Sahib road by constructing a bridge over the river Sutlej in place of the Boat Bridge;

(b) if the answer to part (a) above be in the affirmative the time separately by which the construction of the said Bridge is likely to be taken in hand and completed ?

Sardar Sohan Singh Bassi : (a) Matter is under consideration.

(b) Loan for new major bridges over Sutlej and Beas has been asked for from Government of India and the proposals will be finalised on the receipt of loan.

[(ੲ) ਮਾਮਲਾ ਵਿਚਾਰ ਅਧੀਨ ਹੈ;

(ਬੀ) ਸਤਲੁਜ ਅਤੇ ਬਿਆਸ ਤੇ ਨਵੇਂ ਵੱਡੇ ਪੁਲ ਬਨਾਉਣ ਲਈ ਕੇਂਦਰੀ ਸਰਕਾਰ ਕੋਲੋਂ ਕਰਜ਼ਾ ਮੰਗਿਆ ਹੈ ਅਤੇ ਕਰਜ਼ਾ ਮਿਲਣ ਤੇ ਤਜਵੀਜ਼ਾਂ ਨੂੰ ਅੰਤਿਮ ਰੂਪ ਦਿਤਾ ਜਾਵੇਗਾ ।]

REBATE IN TARIFF FOR ELELTRICITY SUPPCIED TO TUBEWELLS ANNOUNCED BY PUNJAB STATE ELECTRICITY BOARD.

*2128 **Major Harinder Singh :** Will the Minister for Irrigation and Power be pleased to state :—

(a) whether it is a fact that the Punjab State Electricity Board has announced 25% rebate in the tariff for electricity supplied to tube-wells in the State;

(b) whether the rebate is only for three months, viz. August to October, 1970, if so, the reasons for giving rebate only for three months;

(c) whether the Government propose to take action to see that this rebate is available till such time as the supply of that electricity becomes regular and continuous ?

Sardar Sohan Singh Bassi : (a) Yes, Rebate of Rs. 2/- per B.H.P. per month on all Tubewells connections below 20 B.H.P. governed under the flat rate tariff for the months of August, September and October, 1970 has been allowed during which severe restrictions on supply to rural areas were enforced

(b) Yes. Severe restrictions on supply to rural areas were enforced only during August, to October, 1970 for which rebate has already been allowed.

(c) the rotational operation of rural feeders as was in for prior to the imposition of power cut this year has been reintroduced w.e.f. 15.10.1970, and as such no rebate can be allowed after October, 1970.

[(ੳ) ਹਾਂ ਜੀ । ਦੋ ਰੁਪਏ ਪ੍ਰਤੀ ਮਹੀਨੇ ਪ੍ਰਤੀ ਬੀ. ਐਚ. ਪੀ. ਦੇ ਹਿਸਾਬ ਨਾਲ ਸਾਰੇ ਟਿਊਬਵੈਲ ਕੁਨੈਕਸ਼ਨਾਂ ਤੇ ਜੋ ਕਿ 20 ਬੀ. ਐਚ. ਪੀ. ਤੋਂ ਘੱਟ ਹਨ ਅਤੇ ਫਲੈਟ ਰੇਟ ਦੇ ਅਧੀਨ ਹਨ, ਅਗਸਤ, ਸਤੰਬਰ ਅਤੇ ਅਕਤੂਬਰ 1970 ਲਈ ਛੋਟ ਦਿਤੀ ਗਈ ਹੈ । ਇਨ੍ਹਾਂ ਮਹੀਨਿਆਂ ਵਿਚ ਬਿਜਲੀ ਦੀ ਸਪਲਾਈ ਉੱਤੇ ਖਾਸ ਪਾਬੰਦੀ ਲਾਈ ਹੋਈ ਸੀ ।

(ਅ) ਹਾਂ ਜੀ । ਪੇਂਡੂ ਇਲਾਕਿਆਂ ਨੂੰ ਬਿਜਲੀ ਦੀ ਸਪਲਾਈ ਤੇ ਖਾਸ ਪਾਬੰਦੀਆਂ ਸਿਰਫ਼ ਅਗਸਤ ਤੋਂ ਅਕਤੂਬਰ 1970 ਤਕ ਲਾਈਆਂ ਸਨ ਜਿਸ ਲਈ ਕਿ ਰਿਬੇਟ ਪਹਿਲਾਂ ਹੀ ਦਿਤਾ ਜਾ ਚੁੱਕਿਆ ਹੈ ।

(ੲ) ਇਸ ਸਾਲ ਬਿਜਲੀ ਤੇ ਕਟੌਤੀ ਲਾਉਣ ਤੋਂ ਪਹਿਲਾਂ ਪਿੰਡਾਂ ਨੂੰ ਬਿਜਲੀ ਦੀ ਸਪਲਾਈ, ਜੋ ਕਿ ਰੋਟੇਸ਼ਨ ਨਾਲ ਦਿਤੀ ਜਾਂਦੀ ਸੀ, ਫਿਰ 15-10-70 ਤੋਂ ਚਾਲੂ ਕਰ ਦਿਤੀ ਗਈ ਹੈ । ਇਸ ਕਰਕੇ ਅਕਤੂਬਰ, 70 ਤੋਂ ਬਾਦ ਰਿਬੇਟ ਨਹੀਂ ਦਿਤਾ ਜਾ ਸਕਦਾ ।]

WRITING NAMES ON MILE STONES ETC. IN HINDI

***2092. Shri Gian Chand Kharbanda** : Will the Minister for Irrigation and Power be pleased to state :—

(a) whether it is a fact that Government decided that names of places etc., on mile stones on the main-roads of the State be written in Hindi in Devanagri script also;

[Shri Gian Chand Kharbanda]

(b) if the reply to part (a) above be in the affirmative, whether this decision has been carried out, if not, the reasons therefor, and the action, if any, proposed to be taken against the officers responsible for not implementing the above said decision ?

Sardar Sohan Singh Bassi :

(a) Yes. On every alternative kilometre.

(b) The above decision has been carried out on majority of the roads and it is being implemented on the balance of the roads.

[(ੲ) ਹਾਂ ਜੀ। ਹਰ ਇਕ ਆਲਟਰਨੇਟਿਵ ਕਿਲੋਮੀਟਰ ਬੁਰਜ਼ੀ ਤੇ।

(ਬੀ) ਉਪਰੋਕਤ ਫੈਸਲਾ ਬਹੁਗਿਣਤੀ ਸੜਕਾਂ ਤੇ ਲਾਗੂ ਕੀਤਾ ਜਾ ਚੁਕਾ ਹੈ ਅਤੇ ਬਾਕੀ ਸੜਕਾਂ ਤੇ ਲਾਗੂ ਕੀਤਾ ਜਾ ਰਿਹਾ ਹੈ।]

TARGET FIXED FOR CONSTRUCTION OF ROADS UNDER THE ROAD CRASH PROGRAMME

***2169. Sardar Surjit Singh Atwal :** Will the Minister for Irrigation and Power be pleased to state :—

(a) the target, if any, fixed by the Government for the construction of long as well as link roads in the State during the year 1970-71 under the Road Crash Programme; as whole and districtwise, separately alongwith the funds earmarked for the purpose for each district;

(b) the extent to which the said target has been achieved to-date stating the expenditure incurred out of the provision made;

(c) whether the shortfall in the target, if any, is likely to be made up by the end of the current financial year, if not, the reasons therefor ?

Sardar Sohan Singh Bassi :

(a) No.

(b) In view of (a) above question does not arise. However 839 Kms. of roads have been constructed upto the end of November, 1970. Out of an allocation of Rs. 2·83 crores, Rs. 2·55 crores (about 90%) have been incurred. The balance will also be utilised by the end of the current financial year.

(c) In view of (a) above question does not arise.

[(ੲ) ਨਹੀਂ ਜੀ।

(ਬੀ) ਉਪਰੋਕਤ (ੲ) ਅਨੁਸਾਰ ਸਵਾਲ ਹੀ ਪੈਦਾ ਨਹੀਂ ਹੁੰਦਾ। ਫਿਰ ਵੀ 839 ਕਿਲੋਮੀਟਰ ਸੜਕਾਂ ਨਵੰਬਰ, 1970 ਦੇ ਅੰਤ ਤਕ ਬਣ ਚੁਕੀਆਂ ਹਨ। 2·83 ਕਰੋੜ ਰੁਪੈ ਦੇ ਉਪਬੰਧ ਵਿਚੋਂ 2·55 ਕਰੋੜ ਰੁਪੈ (ਜਿਹੜਾ ਕਿ 90% ਹੈ) ਖਰਚ ਹੋ ਚੁਕਾ ਹੈ। ਬਾਕੀ ਰਕਮ ਵੀ ਇਸ ਵਿੱਤੀ ਸਾਲ ਦੇ ਅੰਤ ਤਕ ਖਰਚ ਹੋ ਜਾਵੇਗੀ।

(ਸੀ) ਉਪਰੋਕਤ (ੲ) ਅਨੁਸਾਰ ਸੁਆਲ ਹੀ ਪੈਦਾ ਨਹੀਂ ਹੁੰਦਾ।]

REALISATION OF OWNERS' RATE IN VILLAGES KHALRA AND DODE, TEHSIL PATTI DISTRICT AMRITSAR.

***2310 Sardar Kirpal Singh** : Will the Minister for Irrigation and Power be pleased to state :—

(a) the date on which he received letter No. 481 dated 5-6-70 which was sent by me and Sardar Sajjan Singh Margindpuri Ex. M.L.A. under registered cover about realisation of owners' rate in villages Khalra and Dode, tehsil Patti, District Amritsar ;

(b) whether the government have held any enquiry on the points raised in the letter mentioned in part (a) above; if so, the result thereof in respect of each point together with the final decision taken by the Government in the case;

(c) whether he received any representation from the land owners of villages Khalra and Dode, tehsil Patti, between 20.6.70 and 30-6-70 protesting against the realisation of the said rate alongwith my letter No. 489 dated 18-6-70; if so, when;

(d) whether the government have held any enquiry about the objections raised in the representation referred to in part (c) above; if so, the extent to which each of the objection was found to be correct after the said enquiry together with the final decision taken by the Government in this case ?

Sardar Sohan Singh Bassi : (a) The letter was received at Chandigarh on 12-6-70.

(b & d) The matter is under consideration.

(c) Yes, on 22-6-70.

[(ੲ) ਪੱਤਰ 12-6-70 ਨੂੰ ਚੰਡੀਗੜ੍ਹ ਪੁਜਾ ਸੀ।

(ਬੀ ਤੇ ਡੀ) ਮਾਮਲਾ ਵਿਚਾਰ ਅਧੀਨ ਹੈ।

(ਸੀ) ਹਾਂ, 22-6-70 ਨੂੰ।]

Starred Question No. 2311

ਸ. ਸ. ਬਾਸੀ,
ਸਿੰਚਾਈ ਤੇ ਬਿਜਲੀ ਮੰਤਰੀ ।

ਅ: ਸ: ਨੰ: 311-ਏ. ਸ. 2 (1)-71/
ਚੰਡੀਗੜ੍ਹ ।
ਮਿਤੀ 19 ਜਨਵਰੀ, 71.

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2311, ਜੋ ਮਿਤੀ 20-1-71 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਕਿਰਪਾਲ ਸਿੰਘ ਐਮ. ਐਲ. ਏ. ਦੇ ਨਾਂ ਹੇਠ (ਵਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਆਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 1-2-71 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
ਸਹੀ/-
(ਸੋਹਨ ਸਿੰਘ ਬਾਸੀ)
ਮੰਤਰੀ ਸਿੰਚਾਈ ਤੇ ਬਿਜਲੀ ।

ਸਰਦਾਰ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

Starred Question No. 2035

ਅ: ਸ: ਨੰ: 4429-ਐਫ. ਆਰ. (ਪੀ. ਆਰ. ਸੀ.)/1241

ਬਲਵੰਤ ਸਿੰਘ,

ਮੰਤਰੀ,
ਵਿੱਤ ਵਿਭਾਗ, ਪੰਜਾਬ,
ਚੰਡੀਗੜ੍ਹ ।
19 ਜਨਵਰੀ, 1971

ਮਾਨਯੋਗ ਸਰਦਾਰ ਸਾਹਿਬ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2035, ਜੋ ਮਿਤੀ 20 ਜਨਵਰੀ, 1971, ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਸੱਤ ਪਾਲ ਡਾਂਗ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੈ । ਲੋੜੀਂਦੀ ਸੂਚਨਾ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਪੰਦਰਾਂ ਦਿਨਾਂ ਤੋਂ ਪਿਛੋਂ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਹਿਤੂ,
ਸਹੀ/-
(ਬਲਵੰਤ ਸਿੰਘ)

ਸਰਦਾਰ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

DHARAMSHALAS FOR HARIJANS

***2149. Sardar Gurbanta Singh** : Will the Minister for Social Welfare be pleased to state :—

(a) whether any orders have been passed in the State during the period from April, 1970 to 15th December, 1970 by the Government for the construction of Dharamshalas for Harijans, if so, the total number of Dharamshalas so proposed to be constructed ;

(b) whether any criteria has been laid down that Dharamshalas would be allotted in accordance with the population of Scheduled Castes in each district ; if not, the basis on which these are allotted ?

Doctor Bhagat Singh : (a) Yes, 472.

(b) The sanction for the construction of new Dharamshalas or the repairs to the existing ones is accorded by the Government in accordance with rules, a copy of which is laid on the Table of the House.

[(ੲ) ਹਾਂ ਜੀ, 472.

(ਬੀ) ਨਵੀਆਂ ਧਰਮਸ਼ਾਲਾਂ ਬਨਾਉਣ ਸਬੰਧੀ ਅਤੇ ਪੁਰਾਣੀਆਂ ਦੀ ਮੁਰੰਮਤ ਲਈ ਸਰਕਾਰ ਬਣਾਏ ਗਏ ਰੂਲਾਂ ਦੇ ਅਧਾਰ ਤੇ ਮੰਜ਼ੂਰੀ ਦਿੰਦੀ ਹੈ। ਰੂਲਾਂ ਦੀ ਕਾਪੀ ਸੂਚਨਾ ਲਈ ਸਦਨ ਦੇ ਮੇਜ਼ ਤੇ ਰਖੀ ਜਾਂਦੀ ਹੈ।]

WELFARE DEPARTMENT PUNJAB
NOTIFICATION
RULES

Dated

The Governor of Punjab is pleased to make the following rules which shall come into force with effect from 1970.

Title and Application — 1. (i) These rules shall be called the grant of subsidy for Dharamshalas/Chaupals Rules, 1970.

(ii) These rules shall be applicable throughout the State of Punjab.

Aim — 2. The aim of these rules is to provide subsidy for the construction or repairs of Dharamshalas/Chaupals Primarily for use by the members of Scheduled Castes/Backward Classes which will be open to other castes as well.

Eligibility — 3. (i) The Selection of places and the amount to be given in each case under the scheme will be made by the Government in Welfare Department. Government may consult the M.L.A. of the ilaqa for this purpose.

[Minister for Social Welfare]

(ii) The subsidy for the construction of New Dharamshalas Chaupals will only be given to the villages/towns where the member of Scheduled Castes/Backward Classes have got their own site or sites provided by the village Panchayat/Municipal Committee/ Notified area Committee and will undertake to contribute manual labour and to incur the expenditure over and above the subsidy amount to complete the building.

(iii) The Dharamshala will be constructed according to the Plan and estimates approved by the Government.

(iv) The construction will be completed within a period of one year from the date of disbursement of the amount.

Limit of Subsidy

4. The maximum subsidy that can be given for the construction of a new Dharamshala/Chaupal or for completing an incomplete Dharamshala/Chaupal or for carrying out repairs to an existing Dharamshala/Chaupal will be as under :—

(i) For the construction of a new Dharamshala/Chaupal.	5500/-
(ii) For completing incomplete Dharamshala/Chaupal or for carrying out repairs in an existing Dharamshala/Chaupal.	2000/-or less depending upon the actual need.

5. The amount of subsidy will be placed at the disposal of a Managing Committee consisting of the following members :—

(i)	S.D.O. (Civil)	Ex. Officio Chairman
(ii)	Distt. Welfare	Ex. Officio Vice Chairman
(iii)	Sarpanch or a Panch or Municipal Commissioner other than a Sch. Castes.	Member
(iv)	Tehsil Welfare Officer	Ex. Officio Member-Secretary.
(v)	Three other Scheduled Castes residents including at least one Scheduled Castes Panch/Municipal Commissioner.	Members

6. The amount will be utilised exclusively for the specific purpose for which it is given and the Managing Committee will be responsible for the correct utilisation of the funds sanctioned by the Government according to approved Plan.

Procedure making Applications and verifications.

7. Application for the grant of subsidy for the construction of a new Dharamshala/Chaupal, or for completing an incomplete Dharamshala/Chaupal, or for carrying out repairs to an existing Dharamshala/Chaupal, will be submitted in the prescribed form (Annexure 'A') by the intending Scheduled Castes applicants to the Director, Welfare of Scheduled Castes and Backward Classes, Punjab or District Welfare Officer concerned. The application forms will be obtainable free of charge from any of afore-mentioned Officers.

8. On receipt of an application (Annexure A) it will be recorded in a receipt register maintained in the office of Director, Welfare of Scheduled Castes and Backward Classes, Punjab or District Welfare Officer of the area.

9. It shall be the duty of the District Welfare Officer concerned to varify the eligibility of the applicants.The District Welfare Officer will in consultation with the M.L.A. or member S.G.P.C. concerned in a constituency, select and recommend suitable places for the construction or repair etc. of the Dharamshalas and submit the applications duly completed in all respects to the Director, Welfare of Scheduled Castes and Backward Classes for necessary sanction.

Powers to sanction subsidy.

10. The Director, Welfare of Scheduled Castes and Backward Classes, Punjab shall issue sanction in accordance with the decision under Rule 3 ibid. The orders passed on such cases shall be communicated to the applicants and District Welfare Officers for further necessary action.

11. (i) The subsidy amount will be drawn by the Director, Welfare of Scheduled Castes and Backward Classes, Punjab, at Chandigarh, on a contingent bill under the Head 21-Misc. Departments D-V. Schemes for the benefit of Backward Classes "subsidy for the construction of Dharamshala", (Non-Plan) and will be sent to the District Welfare Officer concerned in the shape of R. T. R. drawn in favour of the Chairman, Managing Committee of the village/Basti of the City concerned.

(ii) The utilisation certificate in respect of every sanction for grant-in-aid (subsidy will be sent by the Director, Welfare of Scheduled Castes and Backward Classes, Punjab, to Accountant General, within a maximum period of one year from the date of its drawal from the treasury.

(iii) Immediately after the completion of work and in no case after one month from the date of completion of work proper accounts shall be rendered by the Managing Committee of each Dharamshala/Chaupal, to the Director, Welfare of Scheduled Castes and Backward Classes, Punjab through the District Welfare Officer of the concerned district who will certify the accounts their correctness and proper utilisation of Government funds. After scrutiny of the accounts the file will be sent back to the District Welfare Officer concerned for custody and for audit by the office of the Accountant General, Punjab if needed be.

12. The amount of sub sidy sanctioned will be paid to the Chairman of the Managing Committee (S.D.O., Civil) in lump sum which will be disbursed to the Managing Committee in three instalments. The Ist instalment of 25% shall be given for raising the Dharamshala upto plinth level, 50% for constructing Dharamshala upto roof level and as also for eracting boundary walls and remaining 25% for final completion 2nd and 3rd instalments will be released on the recommendations of Tehsil Welfare Officer/District Welfare Officer.

For the purpose of accounts and audit, the subsidy will be treated as grant-in-aid in terms of rules contained in the P.F.R. Vol. I.

13. In case the Managing Committee fails to render the account or misuses the whole or part of the subsidy amount, on some other works the Government may recover the amount, as arrears of land reven ue.

[Minister for Social Welfare]

14. In case of any dispute about the Dharamshala/Chaupal, the decision will be taken by the Majority of the members of the Committee.

General

15. (1) The Dharamshala/Chaupal will be open to use by general Public as well.

(2) The site for the construction of the building will be provided free by the Gram Panchayat/Harijan Panchayat.

(3) The District Welfare Officer/Tehsil Welfare Officer or any other Officer of the Department shall inspect the construction works.

(4) The ownership of the building shall vest with the Government for five years after its completion.

(5) After the completion of the building the Managing Committee shall appoint a care taker who shall be resident Scheduled Castes of the village, for keeping custody of the building on behalf of the Committee. The Managing Committee shall be responsible for proper use of the building and for its proper maintenance by undertaking repairs etc. Where required after five years of completion of the building, the ownership will be transferred to the Managing Committee.

(6) The Director, Welfare of Scheduled Castes and Backward Classes Department Punjab, may on a report from the District Welfare Officer concerned, sanction the utilisation of funds given for construction of a new or the repair of exiting Dharamshala/Dharamshalas or vice-versa.

ANNEXURE 'A'

APPLICATION FOR THE GRANT OF SUBSIDY FOR THE CONSTRUCTION OF A NEW DHARAMSHALA/CHAUPAL OR FOR COMPLETING INCOMPLETE DHARAMSHALA/CHAUPAL OR FOR CARRYING OUT REPAIRS TO AN EXISTING DHARAMSHALAS/CHAUPALS.

1. Name of the village, P. O. Block and Tehsil/Sub Division District.
2. Name of the Chairman Managing Committee and other members.
3. Population in the village :—
   (i) Total Population;
   (ii) Scheduled Castes/Backward Classes Population :—
   (iii) Whether Sch. Castes/Backward Classes are scattered or consentrated ?
4. Whether the members of Sch. Castes/Backward Classes have got their own sites for the construction i.e. of a new Dharamshala/Chaupal (if so rough sketch may be attached).

5. Whether any Dharamshala/Chaupal exists in the Village/ Basti of the city ? If so, its condition i.e. repairable or not.
6. Whether the application will comply with any general or special orders of the Controlling Authority relating to the construction work of the building of the Dharamshala and shall execute an agreement in the prescribed form for this purpose.
7. Is there any other Dharamshala/Chaupal in the village/Basti of the City for member of Sch Castes/Backward Classes.

CERTIFICATE FROM THE TEHSIL/DISTRICT WELFARE OFFICER :

Certified that the particulars given above are correct.

Tehsil Welfare Officer   District Welfare Officer

CONVENTION OF HARIJANS HELD AT PATIALA ON 29-11-70

***2158. Sardar Surjit Singh Atwal** : Will the Minister for Social Welfare be pleased to state whether it is a fact that in a Covnention of Harijans held in the Central Public Library, Patiala on 29-11-70 which he addressed, the Harijans presented a Memorandum to him detailing therein their grievances; if so, a copy thereof alongwith the action taken thereon be laid on the Table of the House ?

Dr. Bhagat Singh : Yes. The demands are being considered by Government in various departments to which these relate. A copy of Memorandum is laid on the Table of the House.

[ਜੀ ਹਾਂ, ਇਨ੍ਹਾਂ ਮੰਗਾਂ ਨੂੰ ਸਰਕਾਰ ਦੇ ਸਬੰਧਤ ਵਿਭਾਗਾਂ ਵਿਚ ਵਿਚਾਰਿਆ ਜਾ ਰਿਹਾ ਹੈ। ਮੈਮੋਰੰਡਮ ਦੀ ਨਕਲ ਸੱਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।]

ਸੇਵਾ ਵਿਖੇ

ਮੁੱਖ ਮੰਤਰੀ, ਸਮਾਜਕ ਕਲਿਆਣ ਮੰਤਰੀ ਤਥਾ ਪੁਨਰ ਨਿਵਾਸ ਮੰਤਰੀ, ਉਪ ਮਾਲ ਮੰਤਰੀ ਅਤੇ ਪਾਰਲੀਮੈਂਟਰੀ ਸਕੱਤਰ ਸਾਹਿਬਾਨ ਪੰਜਾਬ, ਚੰਡੀਗੜ੍ਹ (ਕੈਂਪ ਪਟਿਆਲਾ)

ਵਿਸ਼ਾ : ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਕਰਨ ਸਬੰਧੀ ਧਿਆਨ ਦਿਵਾਊ ਪੱਤਰ।

ਸ਼੍ਰੀਮਾਨ ਜੀਓ,

ਬਹੁਤ ਦੇਰ ਦੀ ਘੋਲ ਕਰਨ ਪਿਛੋਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੇ ਅਨੁਸੂਚਿਤ ਜਾਤੀਆਂ (ਹਰੀਜਨਾਂ) ਤੇ ਪਛੜੀਆਂ ਜਾਤੀਆਂ ਦੀ ਭਲਾਈ ਕਰਨ ਸਬੰਧੀ ਕਈ ਪਰਕਾਰ ਦੇ ਧੰਦੇ-ਤੇ-ਕਾਨੂੰਨ ਬਣਾਉਣੇ ਆਰੰਭੇ ਹੋਏ ਹਨ। ਪਰੰਤੂ ਸਾਨੂੰ ਇਹ ਗਲ ਬੜੇ ਦੁਖ ਨਾਲ ਕਹਿਣੀ ਪਈ ਹੈ ਕਿ ਜੇ ਕੁਝ ਥੋੜ੍ਹਾ ਬਹੁਤ ਦੇਣ ਜਾਂ ਇਹਨਾਂ ਦੀ ਭਲਾਈ ਨੂੰ ਮੁੱਖ ਰਖਦਿਆਂ ਉਦਮ ਕਰਿਆ ਜਾਂਦਾ ਹੈ ਤਾਂ

[ਸਮਾਜ ਭਲਾਈ ਮੰਤਰੀ]

ਉਸ ਘੜੀ ਸਕੀਮ (ਵਿਉਂਤ) ਦੇ ਕਾਗਜ਼, ਮਹੀਨੇ ਬਧੀ ਉਚ ਅਧਿਕਾਰੀਆਂ ਦੀਆਂ ਮੇਜ਼ਾਂ ਦੀਆਂ ਦਰਾਜ਼ਾਂ ਤੋਂ ਬਾਹਰ ਨਹੀਂ ਨਿਕਲਦੇ। ਇਹ ਕੋਈ ਅੱਜ ਨਵੀਂ ਗੱਲ ਨਹੀਂ ਬੀਤੇ ਤੀਹ ਸਾਲਾਂ ਤੋਂ ਅਸੀਂ ਇਹੋ ਵੇਖਦੇ ਆ ਰਹੇ ਹਾਂ।

ਅੱਜ ਮਿਤੀ 29-11-70 ਨੂੰ ਜ਼ਿਲ੍ਹਾ ਪਟਿਆਲਾ ਦੀਆਂ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਕਰਨ ਤੋਂ ਸੁਝਾਓ ਦੇਣ ਲਈ ਇੱਕਤਰਤਾ ਰੱਖੀ ਗਈ ਹੈ। ਅਸੀਂ ਇਸ ਇਕੱਰਤਰਤਾ ਵਿਚ ਪੰਜਾਬ ਸਰਕਾਰ ਨੂੰ ਅਨੁਸੂਚਿਤ ਜਾਤੀਆਂ ਦੀਆਂ ਹੇਠ ਲਿਖੀਆਂ ਔਕੜਾਂ ਤੇ ਇਹਨਾਂ ਨਾਲ ਵਾਪਰ ਰਹੀਆਂ ਘਟਨਾਵਾਂ ਦਾ ਸੰਖੇਪ ਜਿਹਾ ਵਰਨਣ ਕਰਨਾ ਅਤੀ ਜ਼ਰੂਰੀ ਸਮਝਦੇ ਹਾਂ। ਜਿਹਨਾਂ ਲੋਕਾਂ ਨੂੰ ਆਜ਼ਾਦ ਦੇਸ਼ ਵਿਚ ਅਜੇ ਭੀ ਬੁਰੀ ਤਰ੍ਹਾਂ ਸਾਕਾਰ ਹੋਣਾ ਪਾਪ ਹੈ।*

(1) ਜੇ. ਬੀ. ਟੀ. ਅਧਿਆਪਕ ਲਗਾਉਣ ਸਬੰਧੀ

(ੳ) ਪੰਜਾਬ ਵਿਚ 32296 ਆਸਾਮੀਆਂ ਵਿਚੋਂ 6459 ਰੀਜ਼ਰਵ ਆਸਾਮੀਆਂ ਬਣਾਈਆਂ ਹਨ। ਪਰੰਤੂ ਸਿਖਿਆ ਵਿਭਾਗ ਨੇ ਅਜੇ ਤਕ 2339 ਅਨੁਸੂਚਿਤ ਜਾਤੀਆਂ ਦੇ ਅਧਿਆਪਕ ਲਾਏ ਹਨ। ਜਿਸ ਕਰਕੇ 1839 ਹਰੀਜਨ ਜੇ.ਬੀ.ਟੀ. ਟਰੇਂਡ ਬੇਕਾਰ ਫਿਰ ਰਹੇ ਹਨ ਅਤੇ ਬੀ. ਐਡ., ਐਮ. ਐਡ. ਟਰੇਂਡ ਇਹਨਾਂ ਤੋਂ ਵੱਖ ਹਨ, ਜਿਹਨਾਂ ਨੂੰ ਅਜੇ ਤਕ ਪੱਕੇ ਤੌਰ ਤੇ ਨਹੀਂ ਲਾਇਆ ਗਿਆ।

(ਅ) ਇਹ ਭੀ ਵੇਖਣ ਵਿਚ ਆਇਆ ਹੈ ਕਿ ਜ਼ਿਲ੍ਹਾ ਸਿਖਿਆ ਅਧਿਕਾਰੀ ਜੇ. ਬੀ. ਟੀ. ਦੀ ਆਸਾਮੀ ਨੂੰ ਨਿਯੁਕਤੀ ਕਰਨ ਸਮੇਂ ਹਰੀਜਨਾਂ ਨੂੰ ਛੁੱਟੀ ਗਏ ਅਧਿਆਪਕ ਜਾਂ ਥੋੜ੍ਹੇ ਸਮੇਂ ਲਈ ਭਰਤੀ ਕਰਦੇ ਹਨ ਤੇ ਸਰਕਾਰ ਨੂੰ ਰਾਖਵੀਆਂ ਸੀਟਾਂ ਪੂਰੀਆਂ ਕਰਨ ਦੀ ਰੀਪੋਰਟ ਘੱਲ ਦਿੰਦੇ ਹਨ ਜਿਹੜੀਆਂ ਕੇ ਉਸ ਤਰ੍ਹਾਂ ਹੀ ਗਲਤ ਹੁੰਦੀਆਂ ਹਨ। ਇਸਦੇ ਨਾਲ ਹੀ ਕਿਸੇ ਹਾਈ ਸਕੂਲ ਵਿਚ ਕੋਈ ਭੀ ਅਧਿਆਪਕ ਦੀ ਆਸਾਮੀ ਦੀ ਥਾਂ ਖਾਲੀ ਹੋਵੇ ਤਾਂ ਉਹ ਰੋਜ਼ਗਾਰ ਦਫ਼ਤਰ ਵਲੋਂ ਭਰਤੀ ਕਰ ਲਈ ਜਾਂਦੀ ਹੈ ਅਤੇ ਰੀਜ਼ਰਵੇਸ਼ਨ ਦਾ ਕੋਈ ਧਿਆਨ ਨਹੀਂ ਰਖਿਆ ਜਾਂਦਾ।

ਇਸ ਲਈ ਅਸੀਂ ਇਹ ਸੁਝਾਓ ਦਿੰਦੇ ਹਾਂ ਕਿ ਰੀਜ਼ਰਵੇਸ਼ਨ ਨੂੰ ਪੂਰੀ ਕਰਨ ਲਈ ਜ਼ਿਲ੍ਹੇਵਾਰ ਕਮੇਟੀ ਨਿਯੁਕਤ ਕੀਤੀ ਜਾਵੇ ਜਿਸ ਵਿਚ ਸਰਕਾਰੀ ਤੇ ਗੈਰ-ਸਰਕਾਰੀ ਮੈਂਬਰ, ਜਿਹੜੇ ਹਰੀਜਨਾਂ ਦੀ ਰਾਜਨੀਤਕ ਪਾਰਟੀ ਦੇ ਮੈਂਬਰ ਹੋਣ, ਲਏ ਜਾਣ।

(2) ਸ਼ਾਮਲਾਤ ਭੂਮੀ ਬਾਰੇ

ਪੰਜਾਬ ਸਰਕਾਰ ਨੇ 1963 ਵਿਚ ਸ਼ਾਮਲਾਤ ਭੂਮੀ, ਜਿਹੜੀ ਕਿ ਪੰਚਾਇਤਾਂ ਦੇ ਕਬਜ਼ੇ ਵਿਚ ਹੈ, ਦਾ 1/3 ਹਿੱਸਾ ਹਰੀਜਨਾਂ ਲਈ ਕਾਸ਼ਤ ਕਰਨ ਵਾਸਤੇ ਰੀਜ਼ਰਵ ਕੀਤਾ ਹੈ। ਜ਼ਿਲ੍ਹਾ ਪਟਿਆਲਾ ਵਿਚ ਲੱਖਾਂ ਏਕੜ ਭੂਮੀ ਸ਼ਾਮਲਾਤ ਦੀ ਹੈ ਜਿਸ ਵਿਚ ਪੂਰਾ ਹਿੱਸਾ ਅਨੁਸੂਚਿਤ ਜਾਤੀਆਂ ਨੂੰ ਨਹੀਂ ਮਿਲਦਾ। ਪੰਚਾਇਤਾਂ ਤੇ ਮਹਿਕਮਾਂ ਬਲਾਕ ਮਿਲ ਮਿਲਾ ਕੇ ਨਿਕੰਮੀ ਭੂਮੀ ਇਹਨਾਂ ਜਾਤੀਆਂ ਲਈ ਰੀਜ਼ਰਵ ਕਰ ਦਿੰਦੇ ਹਨ ਜਿਸ ਨਾਲ ਹਰੀਜਨ ਬੋਲੀ ਦੇਣ ਤੋਂ ਕਤਰਾਂਦੇ ਹਨ ਤੇ ਹਰੀਜਨ ਪੰਚਾਂ ਦੀ ਪੰਚਾਇਤ ਵਿਚ ਕੋਈ ਪਰਵਾਹ ਨਹੀਂ ਕੀਤੀ ਜਾਂਦੀ।

ਇਸ ਲਈ ਮੰਗ ਕੀਤੀ ਜਾਂਦੀ ਹੈ ਕਿ ਸ਼ਾਮਲਾਤ ਭੂਮੀ ਦਾ 1/3 ਹਿਸਾ ਜ਼ੋਰ ਨਾਲ ਹਰੀਜਨਾਂ ਨੂੰ ਦਿਵਾਇਆ ਜਾਵੇ ਤੇ ਉਸ ਦੀ ਬੋਲੀ ਕਰਨ ਦੀ ਥਾਂ ਪੱਕੇ ਤੌਰ ਤੇ ਹਰੀਜਨਾਂ ਨੂੰ ਅਲਾਟ ਕੀਤੀ ਜਾਵੇ ਜਿਸਦੀ ਆਮਦਨੀ ਨਾਲ ਉਹ ਆਪਣੀ ਉਸਾਰੀ ਕਰ ਸਕਣ, ਜਿਵੇਂ ਗਲੀਆਂ ਪੱਕੀਆਂ ਕਰਨੀਆਂ,

*Printed as received from the Government.

ਬਿਜਲੀ ਦੇ ਖੰਬੇ ਲਵਾਏ ਤੇ ਹੋਰ ਕਈ ਪਰਕਾਰ ਦੀਆਂ ਸਹੂਲਤਾਂ ਤੇ ਮਕਾਨਾਂ ਦੀ ਸਫਾਈ ਆਦਿ ਰੱਖ ਸਕਣ ।

(3) ਨਜ਼ੂਲ ਭੂਮੀ ਸਬੰਧੀ

ਜ਼ਿਲ੍ਹਾ ਪਟਿਆਲਾ ਵਿਚ ਨਜ਼ੂਲ ਭੂਮੀ ਲਗਭਗ ਕਾਫ਼ੀ ਪਿੰਡਾਂ ਵਿਚ ਹੈ ਜਿਹੜੀ ਕਿ ਅਨੁਸੂਚਿਤ ਜਾਤੀਆਂ ਨੂੰ ਸਹਿਕਾਰਤਾ ਸਭਾਵਾਂ ਬਣਾਕੇ 1956 ਵਿਚ ਨਜ਼ੂਲ ਭੂਮੀ ਐਕਟ ਬਣਾ ਕੇ ਦਿਤੀ ਗਈ ਸੀ। ਜਿਸ ਤੇ ਅੱਜ ਤਕ ਇਹਨਾਂ ਦਾ ਕਬਜ਼ਾ ਹੈ ਤੇ ਕਾਸ਼ਤਕਾਰੀ ਹੈ ਪਰੰਤੂ ਜ਼ਿਲ੍ਹਾ ਪਟਿਆਲਾ ਵਿਚ 1963 ਤੋਂ ਡੀ. ਸੀ. ਪਟਿਆਲਾ ਵਲੋਂ ਇਹ ਰੋਕ ਲਾਈ ਹੋਈ ਹੈ ਕਿ ਨਜ਼ੂਲ ਭੂਮੀ ਹਰੀਜਨ ਸਹਿਕਾਰਤਾ ਨੂੰ ਪੱਕੀ ਤੌਰ ਤੇ ਅਲਾਟਮੈਂਟ ਨਾਂ ਕੀਤੀ ਜਾਵੇ । ਹਾਲਾਂਕਿ ਜ਼ਿਲ੍ਹਾ ਬਠਿੰਡਾ-ਸੰਗਰੂਰ, ਕਪੂਰਥਲਾ ਆਦਿ ਵਿਚ ਕਿਧਰੇ ਭੀ ਕਿਸੇ ਡਿਪਟੀ ਕਮਿਸ਼ਨਰ ਨੇ ਅਜਿਹਾ ਹੁਕਮ ਜਾਰੀ ਨਹੀਂ ਕੀਤਾ ।

ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਡਿਪਟੀ ਕਮਿਸ਼ਨਰ, ਪਟਿਆਲਾ ਵਲੋਂ ਲਾਈ ਗਈ ਰੋਕ ਨੂੰ ਤੁਰੰਤ ਦੂਰ ਕੀਤਾ ਜਾਵੇ ਤੇ ਨਜ਼ੂਲ ਭੂਮੀ ਪੱਕੇ ਤੌਰ ਤੇ ਹਰੀਜਨ ਸਹਿਕਾਰਤਾ ਸਭਾਵਾਂ ਨੂੰ ਤਬਦੀਲ ਕੀਤੀ ਜਾਵੇ ਤਾਂ ਜੋ ਇਹ ਸਭਾਵਾਂ ਭੂਮੀ ਦਾ ਸੁਧਾਰ ਕਰਕੇ ਆਪਣੀ ਉੱਨਤੀ ਕਰ ਸਕਣ ਤੇ ਉਪਜ ਵਿਚ ਵਾਧਾ ਕਰ ਸਕਣ ।

(4) ਨਿਕਾਸੀ ਭੂਮੀ ਸਬੰਧੀ

ਪੰਜਾਬ ਸਰਕਾਰ ਨੇ ਜੋ ਨਿਕਾਸੀ ਭੂਮੀ ਹਰੀਜਨਾਂ ਨੂੰ ਦੇਣ ਦਾ ਬਚਨ ਕੀਤਾ ਸੀ ਪਰੰਤੂ ਅਜੇ ਤਕ ਉਸਤੇ ਕੋਈ ਅਮਲ ਨਹੀਂ ਹੋਇਆ । ਇਸ ਲਈ ਮੰਗ ਕੀਤੀ ਜਾਂਦੀ ਹੈ ਕਿ ਨਿਕਾਸੀ ਭੂਮੀ ਜੋ ਹਰੀਜਨਾ ਦੇ ਕਬਜ਼ੇ ਵਿਚ ਹੈ ਅਤੇ ਆਪ ਖੇਤੀ ਕਰਦੇ ਹਨ ਉਹਨਾਂ ਨੂੰ ਹੀ ਪੱਕੇ ਤੌਰ ਤੇ ਘੱਟ ਮੁੱਲ ਪਰ ਅਲਾਟ ਕੀਤੀ ਜਾਵੇ ।

ਜਿਹੜੀ ਨਿਕਾਸੀ ਭੂਮੀ ਫ਼ਾਲਤੂ (ਵਾਧੂ) ਪਈ ਹੈ ਉਸ ਨੂੰ ਸਹਿਕਾਰੀ ਸਭਾਵਾਂ ਬਣਾਕੇ ਉਥੋਂ ਦੇ ਪੰਜ ਮੀਲ ਦੇ ਏਰੀਏ ਦੇ ਹਰੀਜਨਾਂ ਨੂੰ ਦਿਤੀ ਜਾਵੇ । ਇਸ ਭੂਮੀ ਨੂੰ ਸੁਧਾਰਨ ਲਈ ਬਿਨਾਂ ਮਿਆਦ ਕਰਜ਼ਾ ਲੰਮੇ ਸਮੇਂ ਲਈ ਦਿਤਾ ਜਾਵੇ ।

(5) ਸਰਪਲਸ ਭੂਮੀ ਸਬੰਧੀ

ਪੰਜਾਬ ਵਿਚ ਭੂਮੀ ਦੀ ਹਦਬੰਦੀ ਦੇ ਦੋ ਕਾਨੂੰਨ ਲਾਗੂ ਹਨ । ਇਕ ਪੰਜਾਬ ਤੇ ਦੂਜਾ ਸਾਬਕਾ ਪੈਪਸੂ, ਪਰੰਤੂ ਅਜੇ ਤਕ ਇਹਨਾਂ ਕਾਨੂੰਨਾਂ ਅਧੀਨ ਹੋਈ ਭੂਮੀ ਤੇ ਕਿਸੇ ਮਜਾਰੇ ਜਾਂ ਹਰੀਜਨ ਨੂੰ ਪੱਕੇ ਤੌਰ ਤੇ ਕਬਜ਼ਾ ਨਹੀਂ ਮਿਲਿਆ ।

ਜਿਸ ਕਰਕੇ ਮੰਗ ਕੀਤੀ ਜਾਂਦੀ ਹੈ ਕਿ ਜਦੋਂ ਕਿਸੇ ਦੀ ਭੂਮੀ ਇਸ ਸਕੀਮ ਤਹਿਤ ਜਿੰਨੀ ਭੀ ਸਰਪਲਸ ਨਿਕਲੀ ਹੋਵੇ ਸਰਕਾਰ ਉਸਦਾ ਬਤੌਰ ਮਾਲਕੀ ਤੇ ਤੁਰੰਤ ਕਬਜ਼ਾ ਕਰੇ ਅਤੇ ਪਿਛੋਂ ਅਲਾਟ-ਮੈਂਟ ਕਰੇ ਅਤੇ ਮਜਾਰਾ ਮੰਨਣ ਲਈ ਖਸਰਾ ਗਿਰਦਾਵਰੀ ਦੇ ਫ਼ਸਲਾਂ ਭਾਵੇਂ ਉਹ ਚਕੌਤਾ ਜਾਂ ਬਟਾਈ ਤੇ ਹੋਵੇ ਨਹੀਂ ਫਿਰ ਜਿਹੜੀ ਹਰੀਜਨ ਘੱਟ ਤੋਂ ਘੱਟ ਪੰਜ ਸਾਲ ਤੋਂ ਸਾਂਝੀ (ਸਾਰੀ) ਦਾ ਕੰਮ ਕਰਦੇ ਹਨ ਉਹਨਾਂ ਨੂੰ ਇਹ ਭੂਮੀ ਅਲਾਟ ਕੀਤੀ ਜਾਵੇ ਅਤੇ ਇਹ ਭੀ ਮੰਗ ਕੀਤੀ ਜਾਂਦੀ ਹੈ ਕਿ ਭੂਮੀ ਦਾ ਹਦਾ ਘਟਾ ਕੇ ਸਧਾਰਨ 20 ਏਕੜ ਕੀਤਾ ਜਾਵੇ ।

(6) ਕਾਰਪੋਰੇਸ਼ਨ ਸੰਬੰਧੀ

ਪੰਜਾਬ ਸਰਕਾਰ ਨੇ ਪਹਿਲੀ ਨਵੰਬਰ 1970 ਤੋਂ ਇਕ ਕਰੋੜ ਰੁਪੈ ਦੀ ਕਾਰਪੋਰੇਸ਼ਨ ਬਣਾਈ ਹੈ ਪਰੰਤੂ ਅਜੇ ਤਕ ਇਸਦਾ ਕਿਧਰੇ ਭੀ ਦਫ਼ਤਰ ਜਾਂ ਕੰਮ ਕਾਰ ਨਜ਼ਰ ਨਹੀਂ ਆਇਆ ਤੇ ਨਾਂ ਹੀ ਇਸ ਢੇ

[ਸਮਾਜ ਭਲਾਈ ਮੰਤਰੀ]
ਨਿਯਮ, ਉਪ ਨਿਯਮਾਂ ਬਾਰੇ ਪਤਾ ਲਗਦਾ ਹੈ। ਪਿੰਡਾਂ ਦੇ ਭੋਲੇ ਹਰੀਜਨ ਕਚਹਿਰੀਆਂ ਵਿਚ ਤੁਰੇ ਫਿਰਦੇ ਹਨ।

ਇਸ ਲਈ ਮੰਗ ਕੀਤੀ ਜਾਂਦੀ ਹੈ ਕਿ ਇਸ ਕਾਰਪੋਰੇਸ਼ਨ ਦਾ ਦਫ਼ਤਰ ਤਹਿਸੀਲ ਪੱਧਰ ਤੇ ਖੋਲ੍ਹਿਆ ਜਾਣਾ ਚਾਹੀਦਾ ਹੈ ਤੇ ਪੇਂਡੂ ਹਰੀਜਨਾਂ ਦੇ ਕੰਮ ਧੰਦੇ ਪ੍ਰਫੁਲਤ ਕਰਨ ਲਈ ਕਰਜ਼ਾ ਦਿਤਾ ਜਾਵੇ। ਨਹੀਂ ਫਿਰ ਸਾਰੇ ਪੰਜਾਬ ਵਿਚ ਹਰ ਤਹਿਸੀਲ ਪੱਧਰ ਤੇ ਇਕ ਟਰਾਂਸਪੋਰਟ ਸੋਸਾਇਟੀ ਕੇਵਲ ਹਰੀਜਨਾਂ ਦੀ ਬਣਾਈ ਜਾਵੇ ਜਿਸਨੂੰ ਘੱਟੋ ਘੱਟ 10 ਰੂਟ ਬਸਾਂ, ਟੈਂਪੂ, ਟਰੱਕਾਂ ਆਦਿ ਦੇ ਦਿਤੇ ਜਾਣ ਤੇ ਇਸ ਸੋਸਾਇਟੀ ਵਿਚ ਡਰਾਈਵਰ, ਕੰਡਕਟਰ, ਇੰਸਪੈਕਟਰ, ਮੈਨੇਜਰ ਕੇ ਕਲਰਕ ਹਰੀਜਨ ਕੇਵਲ ਨਿਯੁਕਤ ਕੀਤੇ ਜਾਣ। ਅਜਿਹਾ ਕਰਨ ਲਾਲ ਹਰੀਜਨਾਂ ਦੀ ਮਾਲੀ ਆਰਥਿਕ ਦਸ਼ਾ ਦਾ ਕਾਫੀ ਸੁਧਾਰ ਹੋ ਸਕਦਾ ਹੈ ਅਤੇ ਸਰਕਾਰ ਦਾ ਇਹ ਰਖਿਆ ਹੋਇਆ ਪੈਸਾ ਇਨ੍ਹਾਂ ਦੀ ਭਲਾਈ ਲਈ ਹੀ ਲਗ ਸਕਦਾ ਹੈ।

ਇਸੇ ਤਰ੍ਹਾਂ ਹੀ ਇਸ ਪੈਸੇ ਨਾਲ ਕਪੜਾ ਮਿਲ, ਸਾਇਕਲ ਇੰਡਸਟਰੀ, ਖੇਡਾਂ ਦਾ ਸਾਮਾਨ, ਤੇਲ ਦਾ ਕਾਰਖਾਨਾ, ਰੂਈ ਦਾ ਕਾਰਖਾਨਾ ਤੇ ਆਟਾ ਮਿਲਾਂ ਵੱਡੇ ਵੱਡੇ ਸ਼ਹਿਰਾਂ ਕਸਬਿਆਂ ਵਿਚ ਲਾਉਣ ਨਾਲ ਇਹਨਾਂ ਦੀ ਉੱਨਤੀ ਹੋ ਸਕਦੀ ਹੈ।

(7) ਭਲਾਈ ਵਿਭਾਗ ਪੰਜਾਬ ਬਾਰੇ

ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀਆਂ ਦੀ ਭਲਾਈ ਤੇ ਉੱਨਤੀ ਲਈ ਭਲਾਈ ਮਹਿਕਮਾ ਨਿਯੁਕਤ ਕੀਤਾ ਹੋਇਆ ਹੈ। ਪਰ ਇਸ ਵਿਭਾਗ ਦੇ ਵਾਰਸ਼ਕ ਫੰਡ ਬਹੁਤ ਘੱਟ ਹਨ। ਜਿਸ ਨਾਲ ਅਨੁਸੂਚਿਤ ਜਾਤੀਆਂ ਦੀ ਤਰੱਕੀ ਨਹੀਂ ਕਰ ਸਕਦਾ। ਜਿਵੇਂ ਸਰਕਾਰ ਨੇ ਫੈਸਲਾ ਕੀਤਾ ਹੈ ਕਿ :—

(ੳ) ਘੱਟ ਆਮਦਨੀ ਵਾਲੇ ਮਕਾਨਾਂ ਲਈ ਕਰਜ਼ਾ ਸਕੀਮ ਵਿਚ 35% ਹਰੀਜਨਾਂ ਲਈ ਰਾਖਵਾਂ ਕੀਤਾ ਹੈ। ਇਹ ਪੈਸਾ ਬਹੁਤ ਘੱਟ ਹੈ ਤੇ ਇਸ ਨੂੰ ਮਨਜ਼ੂਰ ਕਰਨ ਦਾ ਅਧਿਕਾਰ ਕੇਵਲ ਕਮੇਟੀ ਨੂੰ ਹੈ। ਇਹ ਅਧਿਕਾਰ ਜ਼ਿਲ੍ਹਾ ਐਡਹਾਕ ਕਮੇਟੀ ਨੂੰ ਹੋਣਾ ਚਾਹੀਦਾ ਹੈ ਅਤੇ ਰਕਮ ਜ਼ਿਲ੍ਹਾ ਪੱਧਰ ਤੇ ਰੱਖੀ ਜਾਣੀ ਚਾਹੀਦੀ ਹੈ।

(ਅ) ਉਦਯੋਗਕ ਵਿਭਾਗ ਵਿਚ 33% ਹਰੀਜਨਾਂ ਲਈ ਮੰਨੀ ਜਾਂਦੀ ਹੈ ਪਰੰਤੂ ਇਹ ਪੂਰੀ ਨਹੀਂ ਦਿਤੀ ਜਾਂਦੀ। ਇਸ ਰਕਮ ਦਾ ਵੀ ਅਧਿਕਾਰ ਜ਼ਿਲ੍ਹਾ ਐਡਹਾਕ ਕਮੇਟੀ ਨੂੰ ਹੋਣਾ ਚਾਹੀਦਾ ਹੈ ਤਾਂ ਜੋ ਲੋੜਵੰਦ ਹਰੀਜਨ ਆਸਾਨੀ ਨਾਲ ਕਰਜ਼ਾ ਲੈ ਸਕਣ ਅਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ/ਜਾਤੀਆਂ ਤੇ ਵਿਦਿਆਰਥੀਆਂ ਨੂੰ ਵਜ਼ੀਫਾ ਭਲਾਈ ਮਹਿਕਮੇ ਰਾਹੀਂ ਵੰਡਿਆ ਜਾਣਾ ਚਾਹੀਦਾ ਹੈ।

(ੲ) ਤਹਿਸੀਲ ਦੇ ਹੋਰ ਅਫਸਰਾਂ ਨੂੰ ਮੁੱਖ ਰਖਦਿਆਂ ਹੋਇਆਂ ਭਲਾਈ ਵਿਭਾਗ ਦਾ ਆਫੀਸਰ ਭੀ ਗਜ਼ਟਿਡ ਹੋਣਾ ਚਾਹੀਦਾ ਹੈ ਅਤੇ ਦੂਜਿਆਂ ਤਹਿਸੀਲ ਭਲਾਈ ਅਧਿਕਾਰੀਆਂ ਵਾਂਗ ਅਧਿਕਾਰ ਹੋਣੇ ਚਾਹੀਦੇ ਹਨ।

(8) ਸਮਾਜ ਨਾ-ਮਿਲਵਰਤਣ ਸਬੰਧੀ

ਪਿੰਡਾਂ ਵਿਚ ਆਮ ਤੌਰ ਤੇ ਰਾਮਦਾਸੀਏ, ਮਜ਼੍ਹਬੀ ਜਾਤੀ ਨਾਲ ਸਮਾਜਿਕ ਨਾ-ਮਿਲਵਰਤਣ ਦੀ ਲਹਿਰ ਪੂਰੇ ਜ਼ੋਰਾਂ ਤੇ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਜ਼ਿਮੀਂਦਾਰਾਂ ਦਾ ਅਨਪੜ੍ਹ ਤਬਕਾ ਆਪਣੀ ਮਾਲੀ ਹਾਲਤ ਚੰਗੀ ਹੋਣ ਦੇ ਕਾਰਨ ਮਜ਼ਦੂਰਾਂ ਨੂੰ ਤੇ ਦਸਤਕਾਰਾਂ ਨੂੰ ਪੂਰੀ ਮਜ਼ਦੂਰੀ ਦੇਣ ਤੋਂ ਕਤਰਾਂਦੇ ਹਨ ਤੇ ਉਹਨਾਂ ਨੂੰ ਇਹ ਧਮਕੀ ਹੀ ਨਹੀਂ ਦਿੰਦੇ ਸਗੋਂ ਸਮਾਜਿਕ ਨਾ-ਮਿਲਵਰਤਣ ਦਾ ਵਤੀਰਾ ਅਪਣਾ

ਲੈਂਦੇ ਹਨ । ਜਿਹਾ ਕਿ ਪਿੰਡ ਬੜੈਚਾਂ, ਟਿਬਾਸਰਸੂਲ ਪੁਰ ਸ਼ਹੀਦਗੜ੍ਹ ਆਦਿ ਵਿਚ ਹੋਈ ਹੈ ਤੇ ਜ਼ਿਲ੍ਹਾ ਅਧਿਕਾਰੀ ਇਕ ਤਮਾਸ਼ਾਈ ਬਣਕੇ ਵੇਖਦੇ ਰਹਿੰਦੇ ਹਨ ।

ਇਸ ਲਈ ਮੰਗ ਕੀਤੀ ਜਾਂਦੀ ਹੈ ਕਿ ਪੁਲਿਸ ਵਲੋਂ ਤੇ ਉਚ ਅਧਿਕਾਰੀਆਂ ਵਲੋਂ ਇਸ ਮਾਮਲੇ ਨੂੰ ਨਜਿਠਣ ਲਈ ਤੁਰੰਤ ਕਾਰਵਾਈ ਹੋਣੀ ਚਾਹੀਦੀ ਹੈ, ਅਤੇ ਛੂਆਛਾਤ ਕਾਨੂੰਨ ਅਧੀਨ ਅਜਿਹੇ ਵਿਅਕਤੀਆਂ ਨੂੰ ਸਖਤ ਦੰਡ ਦੇਣਾ ਚਾਹੀਦਾ ਹੈ ।

(9) **ਸਾਂਝੀ/ਸੀਰੀਆਂ ਸਬੰਧੀ**

ਪੰਜਾਬ ਵਿਚ ਅਨੁਸੂਚਿਤ ਰਾਮਦਾਸੀਏ, ਮਜ਼ੀਦੇ ਲੋਕੀ ਪਿੰਡ ਵਿਚ ਸਾਂਝੀ ਸੀਰੀ ਰਲਣ ਦਾ ਕਾਰੋ-ਬਾਰ 80% ਕਰਦੇ ਹਨ । ਪਰੰਤੂ ਪੰਜਾਬ ਸਰਕਾਰ ਵਲੋਂ ਇਸ ਤਬਕੇ ਦੀ ਉੱਨਤੀ ਲਈ ਕੋਈ ਵੀ ਸਹੂਲਤ ਨਹੀਂ ਦਿਤੀ ਗਈ ਹਾਲਾਂਕਿ ਕਾਰਖਾਨੇ ਦੇ ਭੱਠੇ ਦੇ ਮਜ਼ਦੂਰਾਂ ਨੂੰ ਕਾਫੀ ਸਹੂਲਤਾਂ ਜਿਵੇਂ ਕਿ ਹਰ ਹਫਤੇ ਪਿਛੋਂ ਇਕ ਛੁੱਟੀ ਅੱਠ ਘੰਟੇ ਦੀ ਡੀਊਟੀ ਵਰਸ਼ ਦੀ ਆਮਦਨੀ ਦਾ ਬੋਨਸ ਆਦਿ ਮਾਲਕਾਂ ਵਲੋਂ ਇਹਨਾਂ ਨੂੰ ਦਿਤੇ ਜਾਂਦੇ ਹਨ । ਪਰੰਤੂ ਸੀਰੀਆਂ ਨੂੰ ਜ਼ਿਮੀਂਦਾਰ ਕੁਝ ਭੀ ਨਹੀਂ ਦਿੰਦੇ ਤੇ ਇਥੋਂ ਤਕ ਵੇਖਣ ਵਿਚ ਆਇਆ ਹੈ ਕਿ ਸਾਰੀ ਫ਼ਸਲ ਦੀ ਕਟਾਈ ਵਢਾਈ ਸਮੇਂ ਆਪਣੀਆਂ ਲਤਾਂ ਬਾਹਾਂ ਮਸ਼ੀਨਾਂ ਰਾਹੀਂ ਕਟਵਾ ਲੈਂਦੇ ਹਨ, ਸਾਰੀ ਉਮਰ ਲਈ ਨਾਕਾਰਾ ਹੋ ਜਾਂਦੇ ਹਨ ਅਤੇ ਉਸ ਦਾ ਪਰੀਵਾਰ ਹੋਰ ਭੀ ਗਰੀਬ ਹੋ ਜਾਂਦਾ ਹੈ ।

ਪਰ ਜ਼ਿਮੀਂਦਾਰ ਜਾਂ ਸਰਕਾਰ ਵਲੋਂ ਮਾਲੀ ਸਹਾਇਤਾ ਜਾਂ ਪੈਨਸ਼ਨ ਨਹੀਂ ਦਿਤੀ ਜਾਂਦੀ । ਸੋ ਮੰਗ ਕੀਤੀ ਜਾਂਦੀ ਹੈ ਕਿ ਹੁਣ ਮਸ਼ੀਨਰੀ ਯੁੱਗ ਹੋਣ ਕਰਕੇ ਖੇਤੀ ਬਾੜੀ ਭੀ ਮਸ਼ੀਨਰੀ ਨਾਲ ਕੀਤੀ ਜਾਂਦੀ ਹੈ ਅਤੇ ਭੂਮੀ ਨੂੰ ਇਕ ਕਾਰਖਾਨਾ ਸਮਝਿਆ ਜਾਂਦਾ ਹੈ।

ਇਸ ਲਈ ਸਾਂਝੀ/ਸੀਰੀਆਂ ਦੀ ਭਲਾਈ ਕਰਨ ਲਈ, ਜਿਹੜੇ ਨਿਯਮ ਜਾਂ ਉਪ-ਨਿਯਮ ਭੱਠੇ ਮਜ਼ਦੂਰਾਂ ਤੇ ਲਾਗੂ ਹਨ, ਉਹ ਇਹਨਾਂ ਤੇ ਲਾਗੂ ਕੀਤੇ ਜਾਣ ।

ਵਲੋਂ/ਸਹੀ ਸਾਹਿਬ ਸਿੰਘ ਚੰਦੜ
ਪਰਧਾਨ ਜ਼ਿਲ੍ਹਾ ਰੀਪਬਲੀਕਨ ਪਾਰਟੀ

ਮਿਤੀ 29-11-1970

ਮਾਰਫਤ ਪੰਡਤ ਨੰਦ ਕਿਸ਼ੋਰ ਐਡਵੋਕੇਟ ਰਾਜਪੁਰਾ,
ਮੁਕਾਮ ਪਟਿਆਲਾ ।

Starred Question No. 2127

ਨੰ: 6850-ਆਰ-1-70/475

ਆਤਮਾ ਸਿੰਘ

ਮੰਤਰੀ
ਮਾਲ ਅਤੇ ਚੱਕਬੰਦੀ ਵਿਭਾਗ, ਪੰਜਾਬ,
ਚੰਡੀਗੜ੍ਹ ।

ਚੰਡੀਗੜ੍ਹ, ਮਿਤੀ 20 ਜਨਵਰੀ,1971

ਵਿਸ਼ਾ :—ਵਿਧਾਨ ਸਭਾ ਦਾ ਸਟਾਰਡ ਸੁਆਲ ਨੰ: 2127 ਵਲੋਂ ਮੇਜਰ ਹਰਿੰਦਰ ਸਿੰਘ, ਐਮ. ਐਲ. ਏ. ਬਾਬਤ ਸਟੇਟ ਵਿਚ ਭੋਂ ਪ੍ਰਾਪਤੀ ਅਫ਼ਸਰਾਂ ਵਲੋਂ ਸੁਣਾਏ ਗਏ ਐਲਾਨਾਂ ਬਾਰੇ ।

[ਮਾਲ ਅਤੇ ਚੱਕਬੰਦੀ ਮੰਤਰੀ]

ਪਿਆਰੇ ਸਰਦਾਰ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2127, ਜੋ ਮਿਤੀ 20 ਜਨਵਰੀ, 1971, ਲਈ ਸੁਆਲਾਂ ਦੀ ਸੂਚੀ ਵਿਚ ਮੇਜਰ ਹਰਿੰਦਰ ਸਿੰਘ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 30 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਹਿਤੂ/-
ਸਹੀ/-
(ਆਤਮਾ ਸਿੰਘ)

ਸਰਦਾਰ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

Starred Question No. 2312

ਆਤਮਾ ਸਿੰਘ

ਮਾਲ ਅਤੇ ਚੱਕਬੰਦੀ ਮੰਤਰੀ,
ਪੰਜਾਬ।

ਅ: ਸ: ਨੰ: 199-ਏ-1-71/800
ਚੰਡੀਗੜ੍ਹ, ਮਿਤੀ 19-1-71।

ਵਿਸ਼ਾ:—ਵਿਧਾਨ ਸਭਾ ਦਾ ਸਟਾਰਡ ਸਵਾਲ ਨੰ: 2312 ਵਲੋਂ ਸ਼੍ਰੀ ਕਿਰਪਾਲ ਸਿੰਘ ਐਮ. ਐਲ. ਏ.।

ਪਿਆਰੇ ਸਰਦਾਰ ਜੀ,

ਪੰਜਾਬ ਵਿਧਾਨ ਸਭਾ ਦਾ ਸਟਾਰਡ ਸਵਾਲ ਨੰ: 2312, ਜੋ ਮਿਤੀ 20-1-1971 ਲਈ ਸਵਾਲਾਂ ਦੀ ਸੂਚੀ ਵਿਚ ਸ਼੍ਰੀ ਕਿਰਪਾਲ ਸਿੰਘ ਐਮ. ਐਲ. ਏ. ਦੇ ਨਾ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 25-1-1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸਪਾਤਰ,
ਸਹੀ/-
(ਆਤਮਾ ਸਿੰਘ)

ਸਰਦਾਰ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਆਨ ਸਭਾ,
ਚੰਡੀਗੜ੍ਹ।

CALL ATTENTION NOTICES

(ਕ੍ਰਮ ਨੰ: 13)

ਸਰਦਾਰ ਕਿਰਪਾਲ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਕੁਝ ਵਕਤ ਪਹਿਲਾਂ ਪੰਜਾਬ ਵਿਚ ਡਾਕਟਰਾਂ ਦੀ ਹੜਤਾਲ ਹੋਈ ਸੀ ਜੋ ਸਿਹਤ ਮੰਤਰੀ ਅਤੇ ਖਜ਼ਾਨਾ ਮੰਤਰੀ ਦੇ ਨਾਲ ਹੋਏ ਫ਼ੈਸਲੇ ਨਾਲ ਖ਼ਤਮ ਹੋ ਗਈ ਸੀ। ਇਸ ਫ਼ੈਸਲੇ ਵਿਚ ਇੰਟਰਨੀ, ਹਾਊਸ ਸਰਜਨ, ਜੂਨੀਅਰ ਤੇ ਸੀਨੀਅਰ ਅਤੇ ਰਜਿਸਟਰਾਰ, ਪੋਸਟ ਗਰੇਜੂਏਟ ਅਤੇ ਕੁਝ ਹੋਰ ਅਸਾਮੀਆਂ ਲਈ ਮੁਤਾਲਬੇ ਮੰਨੇ ਗਏ ਸਨ ਪਰ ਇਸ ਵੇਲੇ ਤਕ ਇਕ ਅੱਧ ਤੋਂ ਛੁੱਟ ਬਾਕੀ ਅਸਾਮੀਆਂ ਲਈ ਹੋਏ ਫੈਸਲੇ ਸਰਕਾਰ ਦੀ ਪਰਵਾਨਗੀ ਉਡੀਕ ਰਹੇ ਹਨ, ਪਰਵਾਨਗੀ ਤੋਂ ਬਾਅਦ ਵੀ ਹਾਊਸ ਸਰਜਨਾਂ ਅਤੇ ਰਜਿਸਟਰਾਰਾਂ ਦੀ ਰਿਹਾਇਸ਼ ਦੇ ਮਾਮਲੇ ਕਾਫ਼ੀ ਵਕਤ ਲੈ ਜਾਣਗੇ। ਫੈਸਲੇ ਕਰ ਲੈਣ ਤੋਂ ਬਾਅਦ ਸਿਰੇ ਚੜ੍ਹਾਉਣ ਵਿਚ ਹੋਈ ਦੇਰੀ ਸਰਕਾਰ ਦੇ ਵਕਾਰ ਲਈ ਘਾਟੇ ਵਾਲੀ ਗੱਲ ਹੁੰਦੀ ਹੈ ਅਤੇ ਕਰਮਚਾਰੀਆਂ ਨੂੰ ਮੁੜ ਹੜਤਾਲ ਵਰਗੇ ਦੁਖਦਾਈ ਹਥਿਆਰ ਇਸਤੇਮਾਲ ਕਰਨ ਤੇ ਮਜ਼ਬੂਰ ਕਰਦੀ ਹੈ। ਸਰਕਾਰ ਇਸ ਮਸਲੇ ਬਾਰੇ ਆਪਣੀ ਪੁਜ਼ੀਸ਼ਨ ਵਾਜ਼ਿਆ ਕਰਕੇ ਡਾਕਟਰਾਂ ਵਿਚ ਜੋ ਸਮਾਜ ਦਾ ਬੜਾ ਬਾਵਕਾਰ ਹਿੱਸਾ ਹਨ, ਵਧ ਰਹੀ ਬੇਚੈਨੀ ਦੂਰ ਕਰੇ।

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

(Serial No. 44)

Comrade Babu Singh Master : I beg to draw the attention of the Government towards an urgent matter of public importance, namely, the failure of the Government in absorbing the trained graduates since 1965 who have been officiating against vacant posts in Government service by relaxing their age.

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

(ਕ੍ਰਮ ਨੰ: 50)

ਸਰਦਾਰ ਕਿਰਪਾਲ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਬਰਤਾਨਵੀ ਸਰਮਾਏ ਨਾਲ ਚਲ ਰਹੀ ੲ. ਸੀ. ਐਮ. ਕੰਪਨੀ ਦੇ ਮਾਲਕ ਇਸ ਨੂੰ ਵੇਚ ਰਹੇ ਹਨ ਅਤੇ ਅੰਮ੍ਰਿਤਸਰ ਦੇ ਕੁਝ ਉਦਯੋਗਪਤੀਆਂ ਨਾਲ ਇਕ ਕਰੋੜ ਰੁਪਏ ਵਿਚ ਸੌਦਾ ਹੋ ਗਿਆ ਸੀ। ਖਰੀਦਾਰਾਂ ਨੇ ਪੰਜਾਬ ਸਰਕਾਰ ਨੂੰ ਕੰਪਨੀ ਦੀ ਮਸ਼ੀਨਰੀ ਅਤੇ ਬਿਲਡਿੰਗ ਗਹਿਣੇ ਰਖ ਕੇ 50 ਲੱਖ ਰੁਪਏ ਦੀ ਗਰੰਟੀ ਮਾਲਕਾਂ ਨੂੰ ਦੇਣ ਲਈ ਬਿਨੈ ਕੀਤੀ ਜੋ ਸਰਕਾਰ ਨੇ ਪਰਵਾਨ ਨਾ ਕੀਤੀ। ਹੁਣ ਬਿਰਲਾ ਇਸ ਕੰਪਨੀ ਨੂੰ ਇਕ ਕਰੋੜ ਅੱਠ ਲੱਖ ਰੁਪਏ ਵਿਚ ਖਰੀਦਣ ਲੱਗਾ ਹੈ ਜਿਸ ਤੋਂ ਕਰੰਸੀ ਦੀ ਬਲੈਕ ਹੋਣ ਦਾ ਸ਼ੱਕ ਪੈਦਾ ਹੁੰਦਾ ਹੈ। ਸਬੰਧਤ ਮੰਤਰੀ ਇਸ ਬਾਰੇ ਬਿਆਨ ਦੇ ਕੇ ਸਰਕਾਰ ਦੀ ਪੋਜੀਸ਼ਨ ਸਪਸ਼ਟ ਕਰਨ ਦੀ ਕਿਰਪਾ ਕਰਨ ਕਿ ਕੀ ਸਰਕਾਰ ਪੰਜਾਬ ਦੇ ਹਿਤ ਅਤੇ

[ਸਰਦਾਰ ਕਿਰਪਾਲ ਸਿੰਘ]
ਮਜ਼ਦੂਰਾਂ ਦੇ ਭਵਿਖ ਨੂੰ ਧਿਆਨ ਵਿਚ ਰਖਦੇ ਹੋਏ ਅੰਮ੍ਰਿਤਸਰ ਦੇ ਸਨਅਤਕਾਰਾਂ ਨਾਲ ਮਿਲ ਕੇ ਜਾਂ ਕਿਸੇ ਹੋਰ ਢੰਗ ਨਾਲ ਇਸ ਮਿੱਲ ਨੂੰ ਖਰੀਦਣ ਲਈ ਤਿਆਰ ਹੈ ਜਾਂ ਇਸ ਮਸਲੇ ਦਾ ਕੋਈ ਹੋਰ ਹਲ ਲਭਣ ਦਾ ਜਤਨ ਕਰੇਗੀ ।

ਸ਼੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement.)

(ਕ੍ਰਮ ਨੰ: 52)

ਸਾਥੀ ਰੂਪ ਲਾਲ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਮਿਤੀ 14-8-70 ਤੋਂ ਮੁੱਖ ਮੰਤਰੀ ਦੀ ਕੋਠੀ ਅਗੇ ਪੰਜਾਬ ਗੌਰਮਿੰਟ ਮਕੈਨੀਕਲ ਵਰਕਰਜ਼ ਯੂਨੀਅਨ ਦੀ ਪੀ. ਡਬਲਿਊ. ਡੀ., ਬੀ. ਐਂਡ ਆਰ. ਦੇ ਕਰਮਚਾਰੀਆਂ ਨੇ ਭੁਖ ਹੜਤਾਲ ਕੀਤੀ ਹੋਈ ਹੈ ਕਿ ਸਰਕਾਰ ਨੇ ਇਨ੍ਹਾਂ ਕਰਮਚਾਰੀਆਂ ਦੀਆਂ ਮੰਗਾਂ ਨੂੰ ਕਾਫ਼ੀ ਸਮੇਂ ਤੋਂ ਸਵੀਕਾਰ ਕਰ ਲਿਆ ਹੋਇਆ ਹੈ ਅਤੇ ਇਸ ਹਾਊਸ ਵਿਚ ਬਾਰ ਬਾਰ ਇਸ ਗਲ ਦਾ ਯਕੀਨ ਦੁਆਇਆ ਗਿਆ ਹੈ ਪਰ ਸਰਕਾਰ ਆਪਣੇ ਵਾਅਦੇ ਤੋਂ ਮੁਕਰ ਕੇ ਕਰਮਚਾਰੀਆਂ ਨਾਲ ਧੱਕਾ ਕਰ ਰਹੀ ਹੈ । ਜਿਸ ਨਾਲ ਇਹ ਕਰਮਚਾਰੀ ਬਹੁਤ ਦੁਖੀ ਤੇ ਬੇਚੈਨ ਹਨ । ਸਰਕਾਰ ਆਪਣਾ ਵਾਅਦਾ ਪੂਰਾ ਕਰੇ ਅਤੇ ਕਰਮਚਾਰੀਆਂ ਦੀ ਬੇਚੈਨੀ ਤੇ ਹੜਤਾਲ ਖਤਮ ਕਰਾਏ । ਵਜ਼ੀਰ ਸਾਹਿਬ ਇਸ ਮਸਲੇ ਤੇ ਹਾਊਸ ਵਿਚ ਬਿਆਨ ਦੇਣ ।

ਸ਼੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement.)

(Serial No. 53)

Shri Tulsi Ram Chauhan : I beg to draw the attention of the Government towards an urgent matter of public importane, namely, for the last six months the Kandi Ilaqa of Tehsil Balachaur, Hoshiarpur District, has suffered from severe drought, with the result that the crops of the zemindars have withered away. The Government has failed to make arrangements for the installation of tubewells for irrigation and for providing electric power supply. The Government should remit land revenue for this year and make suitable arrangements for the amelioration of the lot of the zemindars. The Government should make a statement in the House in this regard.

ਸ਼੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement.)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਨੰ: 39 ਦਾ ਕੀ ਬਣਿਆ ?

ਸ਼੍ਰੀ ਸਪੀਕਰ : ਉਹ ਤਾਂ ਲੈਪਸ ਹੋ ਗਈ ਹੈ ਨਵਾਂ ਨੋਟਿਸ ਦੇਣਾ ਪਵੇਗਾ। (ਵਿਘਨ)

(That has lapsed. The hon. Member will have to give a fresh notice.) (Interruption.)

ਚੌਧਰੀ ਸੱਤ ਦੇਵ : ਸਪੀਕਰ ਸਾਹਿਬ 45 ਨੰਬਰ ਦਾ ਕੀ ਬਣਿਆ ਹੈ ?

Mr. Speaker : That is covered by Call Attention Motion No. 25 which has already been admitted.

(ਕ੍ਰਮ ਨੰ: 54)

ਚੌਧਰੀ ਕੇਵਲ ਕ੍ਰਿਸ਼ਨ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿਛੜੇ ਜ਼ਿਲ੍ਹੇ ਵਿਚ ਤਲਵਾੜਾ ਬਲਾਕ ਨੂੰ ਪਛੜਿਆ ਬਲਾਕ ਐਲਾਨ ਕੀਤਾ ਹੈ। ਪਰ ਕ੍ਰਿਆਤਮਕ ਢੰਗ ਨਾਲ ਇਸ ਇਲਾਕੇ ਦੇ ਲੋਕਾਂ ਨੂੰ ਦੂਜਿਆਂ ਨਾਲੋਂ ਵਧੇਰੇ ਸਹੂਲਤਾਂ ਦੇਣ ਦੀ ਥਾਂ ਸਰਕਾਰ ਨੇ ਹੁਣੇ ਹੀ ਬਲਾਕ ਦੇ ਦਰਮਿਆਨ ਵਿਚ ਸੇਲਜ਼ ਟੈਕਸ ਅਤੇ ਫੂਡ ਗ੍ਰੇਨ ਦੀ ਚੈਕਿੰਗ ਦੀਆਂ ਦੋ ਚੌਕੀਆਂ ਇਕ ਪਾਸੇ ਤੋਂ ਤਿੰਨ ਅਤੇ ਦੂਸਰੇ ਪਾਸੇ ਤੋਂ ਚੌਦਾਂ ਕਿਲੋ ਮੀਟਰ ਅੰਦਰ ਲਗਾ ਕੇ ਪੰਜਾਬ ਵਿਚ ਵੱਸਣ ਵਾਲੇ ਪਹਾੜੀ ਹਿਮਾਚਲ ਸੀਮਾਂ ਦੇ ਨੇੜੇ ਦੇ ਲੋਕਾਂ ਲਈ ਬੜੀ ਭਾਰੀ ਮੁਸੀਬਤ ਖੜੀ ਕਰ ਦਿਤੀ ਹੈ। ਲੋਕ ਦੁਖੀ ਹਨ ਕਿ ਹਿਮਾਚਲ ਬਾਰਡਰ ਦੇ ਨਾਲ ਲਗਣ ਵਾਲੀਆਂ ਚੌਕੀਆਂ ਅੰਦਰ ਕਿਉਂ ? ਕੀ ਸਰਕਾਰ ਪਹਾੜੀ ਇਲਾਕੇ ਨੂੰ ਹਿਮਾਚਲ ਵਿਚ ਧਕੇਲਣਾ ਚਾਹੁੰਦੀ ਹੈ ਕਿਉਂਕਿ ਤਲਵਾੜਾ ਮੁਬਾਰਕਪੁਰ ਸੜਕ ਤੇ ਕੰਮ ਕਰਦੇ ਬੁਲਡੋਜ਼ਰ ਵਾਪਸ ਬੁਲਾ ਲਏ ਗਏ ਹਨ। ਸਰਕਾਰ ਇਸ ਸਬੰਧ ਵਿਚ ਆਪਣੀ ਨੀਤੀ ਸਦਨ ਵਿਚ ਸਪਸ਼ਟ ਕਰੇ।

ਸ਼੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

(Serial No. 56)

Comrade Satya Pal Dang : I beg to draw the attention of the Government towards an urgent matter of public importance, namely, serious labour situation exists in Chheharta. Workers of Hindustan Embroidery Mills have not been paid Salary for the last 6 months and are now neither being given work nor are retrenched. About 100 have been suspended for taking out demonstration to demand wage arrears. About five hundred workers of Punjab Woollen Mills have been on strike for the last seven weeks for implementation of Government notification regarding wages and existing agreements. Management has hired goondas to harass them and they have been opening fire and even threatening murder. The

[Comrade Satya Pal Dang]

management of the New India Embroidery Mills has retrenched and dismissed number of workers, has given on benami lease 9 out of 18 machines to an officer of the Mills and got new workers from Faridabad for them. The 300 workers of the Mills are struggling against this attack. There has been no high powered intervention by the Government to settle these disputes.

ਸ਼੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 57)

ਕਾਮਰੇਡ ਦਰਸ਼ਨ ਸਿੰਘ ਝਬਾਲ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਲਗਾਤਾਰ ਨਹਿਰ ਬੰਦੀਆਂ ਕਾਰਨ ਹਾੜੀ ਦੀ ਫ਼ਸਲ ਅਤੇ ਚਾਰੇ ਨੂੰ ਭਾਰੀ ਨੁਕਸਾਨ ਹੋਇਆ ਹੈ । ਕਿਸਾਨਾਂ ਵਿਚ ਬੜੀ ਸਖਤ ਬੇਚੈਨੀ ਪੈਦਾ ਹੋ ਰਹੀ ਹੈ । ਸਬੰਧਤ ਮੰਤਰੀ ਜਵਾਬ ਦੇਣ ਦੀ ਕਿਰਪਾਲਤਾ ਕਰਨ ।

ਸ਼੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement.)

(Serial No. 61)

Shri Gurdial Saini (moved by Ch. Kewal Krishan) : I beg to draw the attention of the Government towards an urgent matter of public importance, namely, the employees of non-teaching staff working in non-Government affiliated Colleges in Punjab recently submitted a Memorandum to the Director Public Instruction Punjab, for the release of grants for the revision of their grades w.e.f. 1-2-1968 (as are being paid to the Punjab Government Employees). As desired by the DPI, Punjab, data showing the additional expenditure to be incurred for the period 1-2-68 to 28-2-70 was supplied. The Punjab Government should release the grants to the colleges which have submitted required information regarding additional expenditure to be incured on account of revision of grades w.e.f. 1-2-68 of the non-teaching staff without any further delay. This is, therefore, a fit case to be discussed, on the floor of the House, through this Call Attention Motion,

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The hon. Minister concerned may please make a statement.)

(ਕ੍ਰਮ ਨੰ: 63)

ਚੌਧਰੀ ਬਲਬੀਰ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ, ਬੱਸੀ ਗੁਲਾਮ ਹੁਸੈਨ ਦੇ ਸਰਪੰਚ ਨੇ ਕੁਝ ਗੁੰਡਿਆ ਨੂੰ ਟਰੱਕ ਵਿਚ ਲਿਆ ਕੇ ਹੁਸ਼ਿਆਰਪੁਰ ਵਿਚ ਇਕ ਸੰਸਾਰ ਚੰਦ ਕੋਹਲੀ ਅਤੇ ਉਸ ਦੇ ਲੜਕਿਆਂ ਤੇ ਹਮਲਾ ਕਰ ਦਿਤਾ। ਬੰਦੂਕ ਨਾਲ ਗੋਲੀਆਂ ਵੀ ਚਲਾਈਆਂ ਗਈਆਂ। ਪੁਲਿਸ ਤਕ ਮਾਮਲਾ ਪੁਜਿਆ ਲੇਕਿਨ ਰਾਜਨੀਤਕ ਦਬਾਉ ਨਾਲ ਇਸ ਕੇਸ ਨੂੰ ਹਜ਼ਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜ (20-1-71) ਦੀ ਪਰਤਾਪ ਅਤੇ ਹਿੰਦ ਸਮਾਚਾਰ ਅਖਬਾਰ ਵਿਚ ਵੀ ਇਹ ਖਬਰ ਛਪੀ ਹੈ। ਇਹ ਸਰਪੰਚ ਪਹਿਲਾਂ ਵੀ ਸਜ਼ਾ ਕੱਟ ਚੁਕਾ ਹੈ। ਲੋਕਾਂ ਵਿਚ ਬੇਚੈਨੀ ਹੈ। ਸਰਕਾਰ ਇਸ ਬਾਰੇ ਕਾਰਵਾਈ ਕਰੇ ਅਤੇ ਬਿਆਨ ਦੇ ਕੇ ਲੋਕਾਂ ਦੀ ਬੇਚੈਨੀ ਦੂਰ ਕਰੇ।

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The hon. Minister concerned may please make a statement.)

DISCUSSION ON SUPPLEMENTARY ESTIMATES FOR THE YEAR 1970-71.

Mr. Speaker : The next item on the Agenda is discussion on the Estimates of the Expenditure charged on the revenues of the state. If any Member wants to discuss any Charged Demand he may do so.

(No Member rose to speak)

ਸਰਦਾਰ ਉਮਰਾਓ ਸਿੰਘ : ਸਪੀਕਰ ਸਹਿਬ ਐਸਟੀਮੇਟਸ ਕਮੇਟੀ ਦੀ ਰਿਪੋਰਟ ਪੂਰੀ ਨਹੀਂ ਆਈ। ਇਨ੍ਹਾਂ ਨਾਲ ਕੋਈ ਉਨ੍ਹਾਂ ਆਪਣੇ ਕੁਮੈਂਟਸ ਲਿਖ ਕੇ ਨਹੀਂ ਭੇਜੇ ਸਿਰਫ ਡੀਮਾਂਡਾਂ ਹੀ ਲਿਖ ਕੇ ਭੇਜ ਦਿਤੀਆਂ ਹਨ। ਇਕ ਸਫੇ ਦੀ ਰਿਪੋਰਟ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਕੰਪਲੀਟ ਰਿਪੋਰਟ ਹੈ ਜਾਂ ਵਿਧਾਨ ਸਭਾ ਸੱਕਤ੍ਰੇਤ ਨੇ ਇਸ ਦਾ ਕੁਝ ਹਿਸਾ ਵਿਦਹੋਲਡ ਕਰ ਲਿਆ ਹੈ ?

ਸ੍ਰੀ ਸਪੀਕਰ : ਕੀ ਤੁਸੀਂ ਐਸਟੀਮੇਟਸ ਕਮੇਟੀ ਦੇ ਖਿਲਾਫ ਕੋਈ ਸਟ੍ਰਿਕਚਰ ਪਾਸ ਕਰਨਾ ਚਾਹੁੰਦੇ ਹੋ ? (Does the hon. Member want to pass some strictures against the Estimates Committee.)

ਸਰਦਾਰ ਉਮਰਾਓ ਸਿੰਘ : ਨਹੀਂ ਜੀ । ਮੈਂ ਤਾਂ ਸਿਰਫ 'ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਕੰਮਪਲੀਟ ਰਿਪੋਰਟ ਹੈ ਜਾਂ ਕੋਈ ਹਿੱਸਾ ਰਹਿ ਗਿਆ ਹੈ । (ਵਿਘਨ)

Mr. Speaker : As far as I know this is the complete Report.

DISCUSSION AND VOTING OF THE DEMANDS FOR SUPPLEMENTARY GRANTS

Mr. Speaker. : The next item on the Agenda is discussion and voting of the Demands for Supplementary Grants. If the hon. Members agree all the Demands for Supplementary Grants may be deemed to have been read and moved as per past practice I would request that while raising discussion the Demand No. on which discussion is sought to be raised may please be indicated by the hon. Member concerned. The guillotine will be applied at 6.00 p.m. today.

Mr. Speaker : Motion moved :

Demand No. 1. that a Supplementary sum not exceeding Rs. 2,20,300 be granted to the Governor to defray the charges that will come in course of payment for the year ending 31st March, 1971 in respect of 11-Taxes on Vehicles.

Demand No. 2. that a Supplementary sum not exceeding Rs. 7,45,880 be granted to the Governor to defray the charges that will come in course of payment for the year ending 31st March, 1971 in respect of 12-Sales Taxes.

Demand No. 3. that a Supplementary sum not exceeding Rs. 15,69,490 be granted to the Governor to defray the charges that will come in course of payment for the year ending 31st March, 1971 in respect of 18-Parliament, State/Union Territory Legislatures.

Demand No. 4. that a Supplementary sum not exceeding Rs. 26,17,880 be granted to the Governor to defray the charges that will come in course of payment for the year ending 31st March, 1971 in respect of 19-General Administration.

Demand No. 5. that a Supplementary sum not exceeding Rs. 10,720 be granted to the Governor to defray the charges that will come in course of payment for the year ending 31st March, 1971 in respect of 21-Administration of Justice.

Demand No. 6. that a Supplementary sum not exceeding Rs. 21,000 be granted to the Governor to defray the charges that will come in course of payment for the year ending 31st March, 1971 in respect of 25-Supplies and Disposals.

Demand No 7. that a Supplementary sum not exceeding Rs. 4,87,34,000 be granted to the Governor to defray the charges that will come in course of payment for the year ending 31st March, 1971 in respect of 37-Community Development Projects, N.E.S. and Local Development works.

Demand No. 8. that a Supplementary sum not exceeding Rs. 4,57,220 be granted to the Governor to defray the charges that will come in course of payment for the year ending 31st March, 1971 in respect of 39-Misc., Social and Development Organisations.

Demand No. 9. that a Supplementary sum not exceeding Rs. 14,35,310 be granted to the Governor to defray the charges that will come in course of payment for the year ending 31st March, 1971 in respect of charges on Irrigation Establishment.

Demand No. 10. that a Supplementary sum not exceeding Rs. 10,47,000 be granted to the Governor to defray the charges that will come in course of payment for the year ending 31st March, 1971 in respect of 51-Public Works.

Demand No. 11. that a Supplementary sum not exceeding Rs. 4,85,59,000 be granted to the Governor to defray the charges that will come in course of payment for the year ending 31st March, 1971 in respect of 52-Capital Outlay on Public Works.

Demand No. 12. that a Supplementary sum not exceeding Rs 40,64,700 be granted to the Governor to defray the charges that will come in course of payment for the year ending 31st March, 1971 in respect of 65-Pension and other Retirement benefits.

Demand No. 13. that a Supplementary sum not exceeding Rs. 2,16,930 be granted to the Governor to defray the charges that will come in course of payment for the year ending 31st March, 1971 in respect of 70-Forests.

Demand No. 14. that a Supplementary sum not exceeding Rs. 76,69,590 be granted to the Governor to defray the charges that will come in course of payment for the year ending 31st March, 1971 in respect of 71-Miscellaneous.

Demand No. 15. that a Supplementary sum not exceeding Rs. 50,140, be granted to the Governor to defray the charges that will come in course of payment for the year ending 31st March, 1971 in respect of 76-other Miscellaneous Compensation and assignments.

Demand No. 16. that a Supplementary sum not exceeding Rs. 1,24,90,000 be granted to the Governor to defray the charges that will come in course of payment for the year ending 31st March, 1971 in respect of 96-Capital Outlay on Industrial and Economic Development.

Demand No. 17. that a Supplementary sum not exceeding Rs. 11,92,890 be granted to the Governor to defray the charges that will come in course of payment for the year ending 31st March, 1971 in respect of 99-Capital Outlay on Irrigation, Navigation, Embankment and Drainage Works (Commercial)

Demand No. 18. that a Supplementary sum not exceeding Rs. 4,84,09,000 be granted to the Governor to defray the charges that will come in course of payment for the year ending 31st March, 1971 in respect of 103-Capital Outlay of Public Works.

Demand No. 19. that a Supplementary sum not exceeding Rs. 38,21,000 be granted to the Governor to defray the charges that will come in course of payment for the year ending 31st March, 1971 in respect of 114-Capital Outlay on Road and Water Transport Schemes,

[Mr. Speaker]

Demand No. 20. that a Supplementary sum not exceeding Rs. 10 be granted to the Governor to defray the charges that will come in course of payment for the year ending 31st March, 1971 in respect of 26-Miscellaneous Department.

Demand No. 21. that a Supplementary sum not exceeding Rs. 10 be granted to the Governor to defray the charges that will come in course of payment for the year ending 31st March, 1971 in respect of Loans to Local Funds-Private Parties etc.

ਸ੍ਰੀ ਸਰਦਾਰੀ ਲਾਲ ਕਪੂਰ (ਸਭਾਪਤੀ, ਅਨੁਮਾਨ ਕਮੇਟੀ) : ਸਪੀਕਰ ਸਾਹਿਬ, ਉਸ ਕਮੇਟੀ ਵਿਚ ਮੈਂਬਰ ਸਾਹਿਬਾਨ ਦੇ ਕਮੈਂਟਸ ਵੀ ਦਿਤੇ ਹੋਏ ਸਨ ਉਹ ਤਾਂ ਇਸ ਰਿਪੋਰਟ ਵਿਚ ਨਹੀਂ ਆਏ ਉਹ ਵੀ ਆਣੇ ਚਾਹੀਦੇ ਸਨ ।

ਸ੍ਰੀ ਸਪੀਕਰ : ਹਾਊਸ ਵਿਚ ਤਾਂ ਰਿਪੋਰਟ ਹੀ ਪੇਸ਼ ਕੀਤੀ ਜਾ ਸਕਦੀ ਹੈ ਪ੍ਰੋਸੀਡਿੰਗਜ਼ ਨਹੀਂ ਆਂਦੀਆਂ। (Only the report can be placed before the House and not the entire proceedings of the Estimates Committee.)

ਚੌਧਰੀ ਰਾਮ ਸਿੰਘ (ਪਠਾਨਕੋਟ) : ਸਪੀਕਰ ਸਾਹਿਬ, ਅਜ ਹਾਊਸ ਦੇ ਸਾਹਮਣੇ ਸਪਲੀਮੈਂਟਰੀ ਅਸਟੀਮੇਟਸ ਸਾਲ 1970-71 ਦੇ ਪਰਵਾਨਗੀ ਲਈ ਪੇਸ਼ ਕੀਤੇ ਗਏ ਹਨ । ਇਸ ਦੇ ਬਾਰੇ ਵਿਚ ਮੈਂ ਕੁਝ ਬੇਨਤੀਆਂ ਕਰਨੀਆਂ ਹਨ ।

ਸਭ ਤੋਂ ਪਹਿਲਾਂ ਮੈਂ ਡੀਮਾਂਡ ਨੰ: 1 ਦਾ ਜਿਕਰ ਕਰਨਾ ਚਾਹੁੰਦਾ ਹਾਂ ਜਿਸ ਅਧੀਣ 2,20,300 ਰੁਪਏ ਦੀ ਮੰਗ ਕੀਤੀ ਗਈ ਹੈ । ਇਸ ਵਿਚ ਇਹ ਦਸਿਆ ਗਿਆ ਹੈ ਕਿ ਜਿਹੜੇ ਟ੍ਰਾਂਸਪੋਰਟ ਅਫਸਰ ਗੌਰਮਿੰਟ ਨੇ ਲਗਾਏ ਸੀ ਉਨ੍ਹਾਂ ਦਾ ਕੰਮ ਵਧ ਗਿਆ ਹੈ ਅਤੇ ਉਹ ਸੁਪਰਵੀਜ਼ਨ ਨਹੀਂ ਕਰ ਸਕਦੇ ਇਸ ਲਈ ਉਨ੍ਹਾਂ ਲਈ 13 ਜੀਪਾਂ ਦਾ ਖਰਚ ਚਾਹੀਦਾ ਹੈ । ਇਸ ਸਬੰਧ ਵਿਚ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦ ਪਹਿਲਾਂ ਟ੍ਰਾਂਸਪੋਰਟ ਅਫਸਰ ਲਗਾਏ ਗਏ ਸਨ ਤਾਂ ਹਾਊਸ ਵਿਚ ਇਸ ਗੱਲ ਦੀ ਵਿਰੋਧਤਾ ਕੀਤੀ ਗਈ ਸੀ ਅਤੇ ਰੀਜ਼ੈਂਟਮੈਂਟ ਸ਼ੋ ਕੀਤੀ ਸੀ । ਉਸ ਵੇਲੇ ਦੇ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਡਿਸਟ੍ਰਿਕਟ ਟ੍ਰਾਂਸਪੋਰਟ ਅਫਸਰ ਲਗਾਣੇ ਜ਼ਰੂਰੀ ਹਨ ਅਤੇ ਹਰ ਜ਼ਿਲ੍ਹੇ ਵਿਚ ਟ੍ਰਾਂਸਪੋਰਟ ਅਫਸਰ ਦੇ ਦਫਤਰ ਇਕਠੇ ਕਰਨੇ ਹਨ ਪਰ ਹੁਣ ਇਨ੍ਹਾਂ ਲਈ ਜੀਪਾਂ ਦੀ ਮੰਗ ਕੀਤੀ ਗਈ ਹੈ । ਇਹ ਨਾਜਾਇਜ਼ ਮੰਗ ਹੈ । ਹੁਣ ਜਦ ਕਿ ਟ੍ਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾ ਰਿਹਾ ਹੈ ਅਤੇ 60% ਤਕ ਰੂਟ ਲੈ ਲਏ ਗਏ ਹਨ ਫਿਰ ਖਰਚਾ ਤਾਂ ਘਟਣਾ ਚਾਹੀਦਾ ਸੀ ਪਰ ਹੋ ਕੀ ਰਿਹਾ ਹੈ ਕਿ ਬਾਵਜੂਦ ਘਟਨ ਦੇ ਖਰਚਾ ਵਧ ਰਿਹਾ ਹੈ । ਅਗੇ ਹੈਡਕੁਆਟਰ ਤੇ ਇਕ ਅਸੈਸਿੰਗ ਅਥਾਰਿਟੀ ਹੁੰਦੀ ਸੀ ਅਤੇ ਉਸ ਦੇ ਨਾਲ ਇਕ ਕਲਰਕ ਹੁੰਦਾ ਸੀ ਅਤੇ ਕੰਮ ਚਲ ਰਿਹਾ ਸੀ ਹੁਣ ਜਦ ਕਿ ਰੂਟ ਲਏ ਜਾ ਰਹੇ ਹਨ ਤਾਂ ਫਿਰ ਇਹ ਖਰਚਾ ਵਧਾਇਆ ਜਾ ਰਿਹਾ ਹੈ । ਰਿਜਨਲ ਟ੍ਰਾਂਸਪੋਰਟ ਅਥਾਰਿਟੀ, ਡਿਸਟ੍ਰਿਕਟ ਟ੍ਰਾਂਸਪੋਰਟ ਅਫਸਰ ਅਤੇ ਫਿਰ ਪਾਸਿੰਗ ਅਫਸਰ ਅਤੇ ਉਨ੍ਹਾਂ ਦੇ ਦਫਤਰ ਅਤੇ ਹੁਣ ਇਹ ਜੀਪਾਂ ਲਈਆਂ ਜਾ ਰਹੀਆਂ ਹਨ ਇਸ ਨਾਲ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕਿੰਨਾ ਭਾਰੀ ਖਰਚ ਕੀਤਾ ਜਾ ਰਿਹਾ ਹੈ । ਹਾਲਾਂ ਕਿ ਪ੍ਰਾਈਵੇਟ ਟ੍ਰਾਂਸਪੋਰਟ 40% ਰਹਿ ਗਈ ਹੈ । ਇਸ ਦਾ ਨਤੀਜਾ ਇਹ ਹੋਵੇਗਾ ਕਿ ਜਿਹੜੇ ਟ੍ਰਾਂਸਪੋਰਟਰ ਹਨ ਉਨ੍ਹਾਂ ਨੂੰ ਜ਼ਿਆਦਾ ਤੰਗ ਕੀਤਾ ਜਾਵੇਗਾ । ਤੁਸੀਂ ਆਪ ਵੇਖ ਸਕਦੇ ਹੋ ਕਿ ਇਕ ਟੈਫਿਕ ਤੇ ਹੀ ਤਿੰਨ ਤਿੰਨ ਅਫ਼ਸਰ ਲਗਾਏ ਹੋਏ ਹਨ ਇਕ ਪੰਜਾਬ ਦੀ ਟ੍ਰੈਫਿਕ ਦਾ, ਇਕ ਡਿਸਟ੍ਰਿਕਟ ਟ੍ਰੈਫਿਕ ਦਾ ਅਤੇ ਇਕ ਲੋਕਲ

ਟ੍ਰੈਫਿਕ ਦਾ ਇਨ੍ਹਾਂ ਦੇ ਨਾਲ ਹੀ ਡਿਸਟ੍ਰਿਕਟ ਟ੍ਰਾਂਸਪੋਰਟ ਅਫਸਰ ਫਿਰ ਪਾਸਿੰਗ ਅਥਾਰਟੀ ਅਤੇ ਫਿਰ ਇਨ੍ਹਾਂ ਨੂੰ ਡੀ. ਐਸ. ਪੀ. ਦਾ ਰੈਂਕ ਦਿਤਾ ਜਾ ਰਿਹਾ ਹੈ । ਇਸ ਤਰ੍ਹਾਂ ਐਨੇ ਅਫਸਰ ਰਖ ਕੇ ਟ੍ਰਾਂਸਪੋਰਟਰਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ ਅਤੇ ਵਧੀਕੀ ਕੀਤੀ ਜਾ ਰਹੀ ਹੈ । ਇਹ ਉਹੀ ਹਨ ਜਿਨ੍ਹਾਂ ਨੇ ਅਸਾਡੇ ਦੇਸ਼ ਦੇ ਬਾਰਡਰ ਦੀ ਰਖਿਆ ਵਿਚ ਹਿੱਸਾ ਪਾਇਆ ਸੀ । ਜਦ ਪਾਕਿਸਤਾਨ ਨਾਲ ਜੰਗ ਹੋਈ ਸੀ ਤਾਂ ਇਨ੍ਹਾਂ ਨੇ ਆਪਣੀ ਜਾਨ ਤਲੀ ਤੇ ਰਖ ਕੇ ਅਜੇਹੀਆਂ ਥਾਵਾਂ ਤੇ ਅਸਲਾ ਪਹੁੰਚਾਇਆ ਸੀ ਜਿਥੇ ਕਿ ਸਿਪਾਹੀ ਵੀ ਜਾਣ ਤੋਂ ਸੰਕੋਚ ਕਰਦੇ ਸਨ ।

(ਇਸ ਸਮੇਂ ਸਭਾਪਤੀ ਨਾਮਾਵਲੀ ਦੇ ਇਕ ਮੈਂਬਰ ਸਰਦਾਰ ਸ਼ਸ਼ਪਾਲ ਸਿੰਘ ਨੇ ਕੁਰਸੀ ਸੰਭਾਲੀ।

ਦੇਸ਼ ਤੇ ਅਤੇ ਇਸ ਸੂਬੇ ਤੇ ਜਦ ਮੁਸੀਬਤ ਬਣੀ ਤਾਂ ਇਨ੍ਹਾਂ ਨੇ ਨੁਮਾਇਆ ਹਿਸਾ ਪਾਇਆ ਸੀ ਪਰ ਅਜ ਇਨ੍ਹਾਂ ਤੇ ਵਧ ਤੋਂ ਵਧ ਚੈਕ ਲਗਾਏ ਜਾ ਰਹੇ ਹਨ ਅਤੇ ਇਸ ਤਰ੍ਹਾਂ ਦੇ ਅਫਸਰ ਲਗਾਏ ਜਾ ਰਹੇ ਹਨ ਤਾਂ ਕਿ ਇਨ੍ਹਾਂ ਦੇ ਹੌਂਸਲੇ ਪਸਤ ਕੀਤੇ ਜਾਣ, ਤੁਹਾਨੂੰ ਯਾਦ ਹੋਵੇਗਾ, ਚੇਅਰਮੈਨ ਸਾਹਿਬ, ਤੁਸੀਂ ਅੰਮ੍ਰਿਤਸਰ ਦੇ ਰਹਿਣ ਵਾਲੇ ਹੋ, ਕਿ ਕਿਸ ਤਰ੍ਹਾਂ ਜੰਗ ਹੋਈ ਤੇ ਬਾਰਡਰ ਤੇ ਇਨ੍ਹਾਂ ਨੇ ਆਪਣੀਆਂ ਜਾਨਾਂ ਤੇ ਖੇਲ੍ਹ ਕੇ ਸਮਾਨ ਪਹੁੰਚਾਇਆ ਸੀ । ਅਜ ਟ੍ਰਾਂਸਪੋਰਟਰ ਦਾ ਜੀਵਨ ਕਿੰਨਾਂ ਖਤਰੇ ਵਾਲਾ ਹੈ ਜਦ ਮਾਲ ਭਰ ਕੇ ਇਹ ਦਿਲੀ ਜਾਂ ਹੋਰ ਕਿਤੇ ਜਾਂਦਾ ਹੈ ਤਾਂ ਇਹ ਪਤਾ ਨਹੀਂ ਹੁੰਦਾ ਕਿ ਇਸ ਨੇ ਵਾਪਸ ਘਰ ਆ ਜਾਣਾ ਹੈ ਜਾਂ ਨਹੀਂ, ਜਾਂ ਇਸ ਦਾ ਟਰਕ ਵਾਪਿਸ ਆਂਦਾ ਹੈ ਜਾਂ ਨਹੀਂ । ਬਜਾਏ ਇਸ ਦੇ ਕਿ ਇਸ ਦੇ ਕੰਮ ਨੂੰ ਐਪਰੀਸੀਏਟ ਕੀਤਾ ਜਾਵੇ, ਇਸ ਨੂੰ ਟ੍ਰੈਫਿਕ ਦੇ ਅਫ਼ਸਰਾਂ ਦੇ ਰਹਿਮ ਤੇ ਛਡਿਆ ਜਾ ਰਿਹਾ ਹੈ । ਮੈਂ ਇਸ ਲਈ ਪ੍ਰਾਰਥਨਾ ਕਰਾਂਗਾ ਕਿ ਇਹ ਜਿਹੜੀ ਡੀ. ਟੀ. ਓ. ਦੀ ਇਨਸਟੀਚੂਸ਼ਨ ਹੈ ਇਸ ਨੂੰ ਖਤਮ ਹੀ ਕਰਨਾ ਚਾਹੀਦਾ ਹੈ ਅਤੇ ਇਹ ਖਰਚਾ ਜਿਹੜਾ ਇਸ ਮੰਗ ਹੇਠ ਰਖਿਆ ਗਿਆ ਹੈ ਇਹ ਇਨ੍ਹਾਂ ਨੂੰ ਨਹੀਂ ਦੇਣਾ ਚਾਹੀਦਾ ਹੈ ਜਦ ਕਿ ਟ੍ਰਾਂਸਪੋਰਟ ਬਤਦਰੀਜ ਨੈਸ਼ਨੇਲਾਇਜ਼ ਹੋ ਰਹੀ ਹੈ ।

ਇਸ ਤੋਂ ਅਗੇ ਮੈਂ ਡੀਮਾਂਡ ਨੰ: 2 ਵਲ ਆਉਂਦਾ ਹਾਂ । ਇਹ 7,45,880 ਰੁਪਏ ਦੀ ਮੰਗ ਸੇਲਜ਼ ਟੈਕਸ ਦੇ ਬਾਰੇ ਵਿਚ ਹੈ ਇਸ ਵਿਚ ਇਹ ਕਿਹਾ ਗਿਆ ਹੈ ਕਿ ਇਹ ਰਕਮ ਚੈਕ ਬੈਰੀਅਰਾਂ ਦੇ ਸਟਾਫ ਅਤੇ ਸਮਾਨ ਤੇ ਖਰਚ ਕੀਤੀ ਜਾਣੀ ਹੈ । ਇਹ ਠੀਕ ਹੈ ਕਿ ਚੈਕ ਬੈਰੀਅਰ ਲਗਾਏ ਜਾ ਰਹੇ ਹਨ ਪਰ ਇਸ ਦੇ ਨਾਲ ਹੀ ਸਰਕਾਰ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਸੇਲਜ਼ ਟੈਕਸ ਦੀਆਂ ਲੋਕਾਂ ਨੂੰ ਸਹੂਲਤਾਂ ਵੀ ਦਿਤੀਆਂ ਜਾਣ । ਤਾਂਕਿ ਵਿਉਪਾਰੀਆਂ ਨੂੰ ਦਿਕਤ ਪੇਸ਼ ਨਾ ਆਵੇ । ਮੈਨੂੰ ਇਹ ਪਤਾ ਹੈ ਕਿ ਪੰਜਾਬ ਸਰਕਾਰ ਨੇ ਪਠਾਨਕੋਟ ਵਿਚ ਸੇਲਜ਼ ਟੈਕਸ ਨੂੰ ਘਟਾਇਆ ਹੈ ਤਾਂ ਕਾਰੋਬਾਰ ਵਧ ਗਿਆ ਹੈ ਪਰ ਇਸ ਦੇ ਨਾਲ ਕਈ ਥਾਵਾਂ ਤੇ ਜਿਥੇ ਚੁੰਗੀਆਂ ਕਾਇਮ ਕੀਤੀਆਂ ਗਈਆਂ ਹਨ ਉਥੇ ਲੋਕਾਂ ਨੂੰ ਦਿਕਤ ਪੇਸ਼ ਆ ਰਹੀ ਹੈ । ਚੁੰਗੀਆਂ ਅਜੇਹੀਆਂ ਥਾਵਾਂ ਤੇ ਹਨ ਜੋ ਪੰਜ ਸਤ ਮੀਲ ਉਰੇ ਜਾਂ ਪਰੇ ਹਨ ਜਿਸ ਨਾਲ ਲਗਦੇ ਇਲਾਕੇ ਦੇ ਲੋਕਾਂ ਨੂੰ ਬਹੁਤ ਦਿਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਉਨ੍ਹਾਂ ਦੇ ਸਮਾਨ ਦੀ ਤਲਾਸ਼ੀ ਲਈ ਜਾਂਦੀ ਹੈ । ਸਮਾਨ ਨੂੰ ਫਰੋਲਿਆ ਜਾਂਦਾ ਹੈ ਅਤੇ ਇਥੇ ਤਕ ਕਿ ਇਕ ਦੋ ਮੌਤਾਂ ਵੀ ਹੋ ਗਈਆਂ ਹਨ । ਇਸ ਲਈ ਮੇਰੀ ਬੇਨਤੀ ਇਹ ਹੈ ਕਿ ਇਕ ਐਂਡ ਤੇ ਬੈਰੀਅਰ ਲਗਾਏ ਜਾਣ ਤਾਂਕਿ ਇਲਾਕੇ ਦੇ ਲੋਕਾਂ ਨੂੰ ਤਕਲੀਫ ਨਾ ਹੋਵੇ ।

ਇਸ ਦੇ ਨਾਲ ਹੀ ਮੈਂ ਚੇਅਰਮੈਨ ਸਾਹਿਬ, ਇਹ ਅਰਜ਼ ਕਰ ਦੇਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਗੌਰਮਿੰਟ ਵੀ ਕਈ ਵਾਰ ਕਹਿ ਚੁਕੀ ਹੈ ਜਿਵੇਂ ਸੇਲਜ਼ ਟੈਕਸ ਵਧੇਗਾ ਇਸੇ ਤਰ੍ਹਾਂ ਟਰੇਡ ਵਿਚ ਵੀ ਵਾਧਾ ਹੋਵੇਗਾ । ਪਰ ਮੈਂ ਇਸ ਖਿਆਲ ਦਾ ਹਾਂ ਕਿ ਜੇ ਸੇਲਜ਼ ਟੈਕਸ ਦਾ ਦਰ ਘਟਾ ਦਿੱਤਾ ਜਾਵੇ ਤਾਂ ਇਸ ਦੇ

[ਚੌਧਰੀ ਰਾਮ ਸਿੰਘ]
ਨਾਲ ਟਰੇਡ ਵਿਚ ਹੋਰ ਵੀ ਵਾਧਾ ਹੋਵੇਗਾ । ਜੇਕਰ ਟੈਕਸ ਵਧ ਜਾਵੇ ਤਾਂ ਇਸ ਦਾ ਮਤਲਬ ਇਹ ਹੈ ਕਿ ਆਮਦਨ ਦੇ ਵਿਚ ਅਜ਼ਾਫਾ ਹੋਇਆ ਹੈ ।

ਇਸ ਤੋਂ ਅਗੇ ਮੈਂ ਸਰਕਾਰ ਦਾ ਧਿਆਨ ਇਸ ਮਦ ਵਲ ਦਵਾਉਂਦਾ ਹਾਂ ਜਿਸ ਰਾਹੀਂ ਵੋਟਰ ਲਿਸਟ ਦੇ ਛਪਾਉਣ ਦੇ ਵਾਸਤੇ 5 ਲੱਖ ਰੁਪਏ ਦੀ ਮੰਗ ਕੀਤੀ ਗਈ ਹੈ । ਇਹ ਕਿਉਂ ਜੋ ਪਾਰਲੀਮੈਂਟ ਦੀਆਂ ਮਧਕਾਲੀਨ ਚੋਣਾਂ ਆ ਰਹੀਆਂ ਹਨ ਇਹ ਉਸ ਦੇ ਲਈ 5 ਲੱਖ ਰੁਪਿਆ ਮੰਗ ਰਹੇ ਹਨ । ਮੈਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਪਹਿਲਾਂ ਜਦੋਂ ਵੀ ਵੋਟਰ ਲਿਸਟਾਂ ਬਣਦੀਆਂ ਰਹੀਆਂ ਹਨ ਹਮੇਸ਼ਾਂ ਹਿੰਦੀ ਅਤੇ ਪੰਜਾਬੀ ਦੇ ਵਿਚ ਬਣਦੀਆਂ ਰਹੀਆਂ ਹਨ, ਇਹ 1967 ਦੀ ਇਲੈਕਸ਼ਨ ਦੇ ਵਿਚ ਵੀ ਹੋਇਆ ਹੈ ਅਤੇ 1969 ਦੀਆਂ ਇਲੈਕਸ਼ਨਾਂ ਦੇ ਵਿਚ ਵੀ ਹੋਇਆ ਹੈ, ਪਰ ਹੁਣ ਸਰਕਾਰ ਨੇ ਇਹ ਪਾਲਿਸੀ ਅਪਨਾਈ ਹੈ ਕਿ ਹਿੰਦੀ ਵਿਚ ਵੋਟਰ ਲਿਸਟਾਂ ਨਾ ਛਪਾਈਆਂ ਜਾਣ । ਮੈਂ ਜਾਨਣਾ ਚਾਹੁੰਦਾ ਹਾਂ ਕਿ ਇਸ ਦੀ ਕੀ ਵਜ੍ਹਾ ਹੈ ਕਿ ਇਹ ਵੋਟਰ ਲਿਸਟਾਂ ਇਸ ਵਾਰ ਹਿੰਦੀ ਦੇ ਵਿਚ ਨਹੀਂ ਛਪਾਈਆਂ ਜਾ ਰਹੀਆਂ ਜਦੋਂ ਕਿ ਹਰ ਸਾਲ ਇਹ ਛਪਦੀਆਂ ਹਨ । ਮੈਂ ਚੀਫ ਮਨਿਸਟਰ ਸਾਹਿਬ ਨੂੰ ਇਹ ਵੀ ਕਹਾਂਗਾ ਕਿ ਇਲੈਕਸ਼ਨਾ ਜਿਹੜੀਆਂ ਹੋਣ ਉਹ ਬਿਲਕੁਲ ਫਰੀਲੀ ਹੋਣੀਆਂ ਚਾਹੀਦੀਆਂ ਹਨ । ਐਸਾ ਨਾ ਹੋਵੇ ਜਿਵੇਂ ਕਿ ਅਗੇ ਡਕਾਲੇ ਦੇ ਵਿਚ ਹੋਇਆ ਸੀ, ਉਹ ਇਲੈਕਸ਼ਨਾਂ ਅਜੇ ਤਕ ਲੋਕਾਂ ਨੂੰ ਭੁਲੀਆਂ ਨਹੀਂ । ਜਿਸ ਤਰ੍ਹਾਂ ਬਿਜਲੀ ਦੇ ਖੰਭੇ ਸੜਕਾਂ ਤੇ ਸੁਟੇ ਗਏ, ਇਸ ਦਾ ਸਾਰਿਆਂ ਨੂੰ ਹੀ ਪਤਾ ਹੈ । ਹੁਣ ਇਲੈਕਸ਼ਨ ਦੇ ਰਾਹੀਂ ਹਿੰਦੁਸਤਾਨ ਦਾ ਨਕਸ਼ਾ ਬਦਲਨ ਵਾਲਾ ਹੈ, ਇਹ ਮੁਲਕ ਹੁਣ ਇਕ ਤਰ੍ਹਾਂ ਨਾਲ ਇਕ ਨਵੀਂ ਕਰਵਟ ਲੈ ਰਿਹਾ ਹੈ, ਇਸ ਲਈ ਜਿਤਨੀਆਂ ਵੀ ਫਰੀਲੀ ਇਹ ਇਲੈਕਸ਼ਨਾਂ ਹੋ ਸਕਣ ਉਤਨਾ ਹੀ ਚੰਗਾ ਹੈ । ਅਸੀਂ ਚਾਹੁੰਦੇ ਹਾਂ ਕਿ ਇਸ ਮੁਲਕ ਦੀ ਉਸਾਰੀ ਵਿਚ ਜਿਤਨੀ ਵੀ ਫਰਾਖਦਿਲੀ ਦੇ ਨਾਲ ਹਿੱਸਾ ਪਾਇਆ ਜਾਵੇ ਉਤਨਾ ਹੀ ਚੰਗਾ ਹੈ । ਜਿਸ ਤਰ੍ਹਾਂ ਹਿੰਦੁਸਤਾਨ ਦੀ ਪ੍ਰਾਈਮ ਮਨਿਸਟਰ ਨੇ ਮਿਡ-ਟਰਮ ਦਾ ਐਲਾਨ ਜਿਸ ਭਾਵਨਾ ਦੇ ਨਾਲ ਕੀਤਾ ਹੈ, ਇਹ ਸਾਰਾ ਮਕਸਦ ਤਦ ਹੀ ਪੂਰਾ ਹੋ ਸਕਦਾ ਹੈ ਜੇ ਇਹ ਫੇਅਰ ਅਤੇ ਫਰੀਲੀ ਹੋਵੇ । ਮੈਂ, ਚੀਫ ਮਨਿਸਟਰ ਸਾਹਿਬ, ਆਪ ਜੀ ਨੂੰ ਵੀ ਇਸੇ ਭਾਵਨਾ ਨਾਲ ਕਹਾਂਗਾ ਕਿ ਤੁਸੀਂ ਮੁਲਕ ਦੀ ਉਸਾਰੀ ਵਿਚ ਫਰੀਲੀ ਇਲੈਕਸ਼ਨਾਂ ਕਰਾਉਣ ਦਾ ਯਤਨ ਕਰੋ ।

ਜਿਹੜਾ ਉਨ੍ਹਾਂ ਨੇ ਮਨਿਸਟਰਾਂ ਦੀਆਂ ਕਾਰਾਂ ਦੇ ਵਾਸਤੇ ਰੁਪਿਆ ਮੰਗਿਆ ਹੈ, ਇਹਦੇ ਸਬੰਧ ਵਿਚ ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਪਹਿਲਾਂ ਪੰਜਾਬ ਐਡਮਨਿਸਟ੍ਰੇਟਿਵ ਰੀਫਾਰਮ ਕਮਿਸ਼ਨ ਦੀ ਰਿਪੋਰਟ ਪੜ੍ਹਨ । ਉਸ ਦੇ ਵਿਚ ਇਹ ਸਾਫ ਲਿਖਿਆ ਹੋਇਆ ਹੈ ਕਿ ਪੰਜਾਬ ਸਰਕਾਰ ਦੇ 10 ਵਜ਼ੀਰ ਹੋਣਗੇ, 10 ਸੈਕਟਰੀ ਹੋਣਗੇ ਅਤੇ ਉਨ੍ਹਾਂ ਦੀਆਂ ਜ਼ਰੂਰੀਆਤ ਦੇ ਮੁਤਾਬਕ ਖਰਚ ਕਰਨ ਦੀ ਵੀ ਸਿਫਾਰਸ਼ ਜਿਥੇ ਕੀਤੀ ਹੈ ਉਥੇ ਉਨ੍ਹਾਂ ਪਟਵਾਰੀ ਅਤੇ ਚੌਕੀਦਾਰ ਦੇ ਲੈਵਲ ਤਕ ਵੀ ਸਿਫਾਰਸ਼ਾਂ ਕੀਤੀਆਂ ਹਨ । ਪਰ ਅਜ ਅਸੀਂ ਕੀ ਵੇਖਦੇ ਹਾਂ ਉਹ ਸਿਫਾਰਸ਼ਾਂ ਉਥੇ ਹੀ ਪਈਆਂ ਰਹਿ ਗਈਆਂ ਹਨ ਅਤੇ ਲੱਖਾਂ ਰੁਪਿਆ ਉਨ੍ਹਾਂ ਤੋਂ ਬਾਹਰ ਖਰਚ ਹੋ ਰਿਹਾ ਹੈ । 10 ਦੀ ਬਜਾਏ ਪੰਜਾਬ ਦੇ ਅਜ 26-27 ਮਨਿਸਟਰ ਹਨ ਇਸੇ ਤਰ੍ਹਾਂ ਹੋਰ ਵੀ ਅਮਲਾ ਵਧ ਗਿਆ ਹੈ ।

ਪੰਜਾਬ ਵਿਚ ਇਸ ਤਰ੍ਹਾਂ ਲਗ ਰਿਹਾ ਹੈ ਕਿ ਜਿਵੇਂ ਸਿਵਲ ਰਾਜ ਖਤਮ ਹੋ ਗਿਆ ਹੋਵੇ ਅਜ ਇਥੇ ਪੁਲੀਸ ਰਾਜ ਹੈ । ਜਿਧਰ ਵੇਖੋ ਗਰੀਬ ਨੂੰ ਦੁਖ ਦਿੱਤਾ ਜਾ ਰਿਹਾ, ਹਰੀਜਨਾਂ ਨੂੰ ਸਤਾਇਆ ਜਾ ਰਿਹਾ ਹੈ । ਕਦੇ ਇਨ੍ਹਾਂ ਨੇ ਇਹ ਵੀ ਸੋਚਿਆ ਹੈ ਕਿ ਪੰਜਾਬ ਦਾ ਅਮਨ ਆਖਿਰ ਖਰਾਬ ਕਿਉਂ ਹੋਇਆ ਹੈ । ਇਸ ਦਾ ਜੇ ਕੋਈ ਕਾਰਨ ਹੈ ਤਾਂ ਉਹ ਸਿਰਫ ਇਕੋ ਇਕ ਪੁਲੀਸ ਰਾਜ ਹੈ । ਕਮਿਸ਼ਨ ਨੇ ਲਿਖਿਆ ਹੈ ਅਤੇ ਇਹ ਬਹੁਤ ਸਾਰੀਆਂ ਸਟੇਟਾਂ ਵਿਚ ਹੁੰਦਾ ਆਇਆ ਹੈ ਕਿ ਇਕ ਐਸ. ਪੀ. ਦੀ ਜਿਹੜੀ ਕਨਫੀਡੈਂਸ਼ਲ ਰਿਪੋਰਟ ਹੈ ਉਹ ਡੀ. ਸੀ. ਨੂੰ ਹੀ ਕਰਨੀ ਚਾਹੀਦੀ ਹੈ, ਪਰ ਹਾਲਤ ਇਹ ਹੈ ਕਿ ਐਸ. ਪੀ. ਨੂੰ

ਇਤਨੀਆਂ ਪਾਵਰਜ਼ ਹਨ ਕਿ ਉਹ ਇਕ ਆਈ. ਏ. ਐਸ. ਆਫੀਸਰ ਦੀ ਪਰਵਾਹ ਨਹੀਂ ਕਰਦਾ ਇਸਦਾ ਨਤੀਜਾ ਇਹ ਹੁੰਦਾ ਹੈ ਕਿ ਹਰ ਜ਼ਿਲੇ ਦੇ ਵਿਚ ਵਾਰਦਾਤਾਂ ਹੁੰਦੀਆਂ ਹਨ, ਜ਼ਬਰੀ ਕਤਲ ਹੁੰਦੇ ਹਨ ਅਤੇ ਪੁਲੀਟੀਕਲ ਮਰਡਰ ਤਕ ਹੁੰਦੇ ਹਨ। ਇਨ੍ਹਾਂ ਤੋਂ ਬਚਣ ਦਾ ਸਿਰਫ ਇਕੋ ਇਕ ਇਹੋ ਢੰਗ ਹੈ ਕਿ ਸਰਕਾਰ ਨੂੰ ਆਪਣੇ ਸਾਰੇ ਕੰਮ ਰਿਫਾਰਮ ਕਮਿਸ਼ਨ ਦੀ ਰਿਪੋਰਟ ਦੇ ਆਧਾਰ ਤੇ ਹੀ ਕਰਨੇ ਚਾਹੀਦੇ ਹਨ। ਕਮਿਸ਼ਨ ਦੀ ਰਿਪੋਰਟ ਦੇ ਵਿਚ ਇਹ ਸਾਫ ਦਰਜ ਹੈ ਕਿ ਜਦੋਂ ਆਈ. ਜੀ. ਪੁਲੀਸ ਹੈ ਤਾਂ ਜੁਆਇੰਟ ਆਈ. ਜੀ. ਪੁਲੀਸ ਦੀ ਕੀ ਜ਼ਰੂਰਤ ਹੈ ? ਫੇਰ ਇਸ ਨੂੰ ਪਾਵਰਜ਼ ਇਤਨੀਆਂ ਹਨ ਕਿ ਉਹ ਇਕ ਆਈ. ਏ. ਐਸ. ਆਫੀਸਰ ਦੀ ਪਰਵਾਹ ਤਕ ਨਹੀਂ ਕਰਦਾ। ਕਮਿਸ਼ਨ ਨੇ ਸਾਫ ਲਿਖਿਆ ਹੈ ਕਿ ਜੁਆਇੰਟ ਆਈ. ਜੀ. ਪੁਲੀਸ ਦਾ ਕੰਮ ਹੋਮ ਸੈਕਟਰੀ ਨੇ ਵੇਖਣਾ ਹੈ, ਪਰ ਇਥੇ ਹੋਮ ਸੈਕਟਰੀ ਦੇ ਪਾਸ ਸਿਵਾਏ ਵਰਦੀਆਂ ਖਰੀਦਣ ਦੇ ਹੋਰ ਕੋਈ ਕੰਮ ਨਹੀਂ। ਜੇ ਇਸੇ ਤਰ੍ਹਾਂ ਕੰਮ ਚਲ ਸਕਦਾ ਸੀ ਤਾਂ ਇਕ ਆਈ. ਏ. ਐਸ. ਆਫੀਸਰ ਨੂੰ ਤਨਖ਼ਾਹ ਦੇਣ ਦੀ ਕੀ ਲੋੜ ਸੀ ? ਇਹ ਇਕ ਬਹੁਤ ਹੀ ਗ਼ੈਰ ਵਾਜਬ ਗਲ ਹੋਈ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਟਰਾਂਸਫਰ ਤੋਂ ਲੈ ਕੇ ਸਾਰੀਆਂ ਪਾਵਰਜ਼ ਇਕ ਆਈ. ਏ. ਐਸ. ਆਫੀਸਰ ਨੂੰ ਹੋਣੀਆਂ ਚਾਹੀਦੀਆ ਹਨ, ਸਰਕਾਰ ਨੇ ਜੇ ਐਡਮਨਿਸਟ੍ਰੇਸ਼ਨ ਦੇ ਢਾਂਚੇ ਨੂੰ ਠੀਕ ਕਰਨਾ ਹੈ ਤਾਂ ਆਈ. ਏ. ਐਸ. ਦੇ ਇਨਸਟੀਟੀਊਸ਼ਨ ਨੂੰ ਬਰਕਰਾਰ ਰਖਦੇ ਹੋਏ ਇਸ ਦੇ ਹੱਥ ਮਜ਼ਬੂਤ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਇਹ ਜਿਹੜਾ ਪੰਜਾਬ ਤੇ ਪੁਲੀਸ ਰਾਜ ਛਾਇਆ ਹੋਇਆ ਹੈ ਇਸ ਦਾ ਖ਼ਾਤਮਾ ਹੋਣਾ ਚਾਹੀਦਾ ਹੈ। ਜਿਹੜਾ ਡੀ. ਸੀ. ਕੰਫੀਡੈਂਸ਼ੀਅਲ ਰਿਪੋਰਟ ਨਹੀਂ ਕਰਦਾ, ਇਹ ਵੀ ਇਕ ਬੜੀ ਭਾਰੀ ਕਮੀ ਹੈ, ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਇਕ ਗਲ ਮੈਂ ਹੋਰ ਚੀਫ ਮਨਿਸਟਰ ਸਾਹਿਬ ਦੇ ਧਿਆਨ ਦੇ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਤੁਹਾਡੀ ਇਹ ਅਕਾਲੀ ਸਰਕਾਰ ਜਾਂ ਜਥੇਦਾਰਾਂ ਦੀ ਸਰਕਾਰ ਪੰਜਾਬ ਦੀ ਜਨਤਾ ਤੇ ਬੇਹਦ ਜ਼ੁਲਮ ਕਰ ਰਹੀ ਹੈ ਜਿਧਰ ਦੇਖੋ ਨਾਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ, ਹਰ ਥਾਂ ਤੇ ਪੁਲੀਸ ਰਾਜ ਨਜ਼ਰ ਆ ਰਿਹਾ ਹੈ, ਸਰਕਾਰ ਇਸ ਨੂੰ ਸਿਵਲ ਰਾਜ ਦੇ ਵਿਚ ਬਦਲਣ ਦੀ ਜੇ ਕੋਸ਼ਿਸ਼ ਕਰੇ ਤਾਂ ਹੀ ਲੋਕਾਂ ਦਾ ਕੁਝ ਭਲਾ ਹੋ ਸਕਦਾ ਹੈ।

ਇਕ ਚੀਜ਼ ਮੈਂ ਸਰਕਾਰ ਦੇ ਧਿਆਨ ਵਿਚ ਜਿਹੜੀ ਲਿਆਉਣੀ ਹੈ ਉਹ ਇਹ ਹੈ ਕਿ ਸਰਕਾਰ ਨੇ ਕਈ ਸ਼ਹਿਰਾਂ ਦੇ ਵਿਚ ਆਪਣੇ ਪ੍ਰਾਵੀਜ਼ਨਲ ਹੈਡ ਕੁਆਰਟਰਜ਼ ਬਣਾਏ ਹੋਏ ਹਨ, ਪਰ ਇਸ ਵਿਚ ਦਿੱਕਤ ਇਹ ਕਿ ਦਫਤਰ ਦੂਰ ਦੂਰ ਹਨ, ਸਰਕਾਰ ਨੂੰ ਉਥੇ ਸਬ-ਸੈਕਟਰੀਏਟ ਬਨਾਉਣੇ ਚਾਹੀਦੇ ਹਨ ਅਤੇ ਸਾਰੇ ਦਫਤਰਾਂ ਨੂੰ ਇਕੋ ਥਾਂ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਇਸ ਦੇ ਨਾਲ ਇਹ ਹੋਵੇਗਾ ਕਿ ਲੋਕਾਂ ਦੇ ਟਾਈਮ ਦੀ ਬਚਤ ਹੋਵੇਗੀ ਅਤੇ ਲੋਕ ਇਧਰ ਉਧਰ ਦੀ ਭਜ ਨਠ ਤੋਂ ਵੀ ਬਚ ਜਾਣਗੇ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਬਹੁਤ ਆਰਾਮ ਹੋਵੇਗਾ।

ਮੈਂ, ਇਕ ਹੋਰ ਅਰਜ਼ ਪੰਜਾਬ ਸਰਕਾਰ ਨੂੰ ਕਰਨੀ ਚਾਹੁੰਦਾ ਹਾਂ ਕਿ ਗੌਰਮਿੰਟ ਆਫ ਇੰਡੀਆ ਨੇ ਕੁਝ ਸ਼ਹਿਰੀ ਅਤੇ ਕੁਝ ਦਿਹਾਤੀ ਜ਼ਮੀਨ ਪੰਜਾਬ ਸਰਕਾਰ ਨੂੰ ਗਰੀਬਾਂ ਦੇ ਵਿਚ ਤਕਸੀਮ ਕਰਨ ਲਈ ਦਿੱਤੀ ਹੈ, ਇਸ ਦੇ ਲਈ ਪੰਜਾਬ ਸਰਕਾਰ ਨੇ ਸੈਂਟਰ ਦੀ ਸਰਕਾਰ ਤੋਂ ਅਮਲੇ ਦੀ ਵੀ ਮੰਗ ਕੀਤੀ ਹੈ। ਪਰ ਇਨ੍ਹਾਂ ਦੀ ਜਥੇਦਾਰਾਂ ਦੀ ਸਰਕਾਰ ਵਿਚ ਕਬਜ਼ਿਆਂ ਦਾ ਇਹ ਹਾਲ ਹੈ ਕਿ ਜਿਥੇ ਵੀ ਕੋਈ ਨਾਜਾਇਜ਼ ਕਬਜ਼ਾ ਕਰਨਾ ਚਾਹੁੰਦਾ ਹੈ ਉਹ ਉਥੇ ਆਪਣਾ ਝੰਡਾ ਗਡ ਦਿੰਦਾ ਹੈ। ਇਸ ਤਰ੍ਹਾਂ ਦੀਆਂ ਬੇਮਿਸਾਲ ਖਬਰਾਂ ਅਖਬਾਰਾਂ ਦੇ ਵਿਚ ਮਿਲਦੀਆਂ ਹਨ। ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਇਹ ਜਿਹੜੀਆਂ ਜ਼ਮੀਨਾਂ ਦਿੱਤੀਆਂ ਜਾਣ ਉਹ ਉਨ੍ਹਾਂ ਗ਼ਰੀਬ ਲੋਕਾਂ ਨੂੰ, ਹਰੀਜਨਾਂ ਨੂੰ ਹੀ ਦਿੱਤੀਆਂ ਜਾਣ ਜਿਨ੍ਹਾਂ

[ਚੌਧਰੀ ਰਾਮ ਸਿੰਘ]

ਦੇ ਪਾਸ ਜ਼ਮੀਨਾਂ ਨਹੀਂ ਹਨ। ਜੇ ਇਸ ਤਰ੍ਹਾਂ ਨਾ ਹੋਇਆਂ ਤਾਂ ਜਿਸ ਪਰਪਜ਼ ਲਈ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਨੂੰ ਜ਼ਮੀਨਾਂ ਦਿੱਤੀਆਂ ਸਨ. ਉਨ੍ਹਾਂ ਦਾ ਇਹ ਸਾਰਾ ਪਰਪਜ਼ ਹੀ ਖਤਮ ਹੋ ਜਾਵੇਗਾ।

ਇਨ੍ਹਾਂ ਸਪਲੀਮੈਂਟਰੀ ਡੀਮਾਂਡਜ਼ ਦੇ ਵਿਚ ਹਾਈ ਕੋਰਟ ਦੇ ਅਮਲੇ ਨੂੰ ਅੰਤਰਮ ਰੀਲੀਫ ਦਿਤਾ ਜਾ ਰਿਹਾ ਹੈ। ਇਹ ਜਿਹੜੇ ਇਨਸਾਫ ਦੇ ਠੇਕੇਦਾਰ ਬੈਠੇ ਹਨ ਉਨ੍ਹਾਂ ਨੇ ਜੇ ਆਪਣੇ ਅਮਲੇ ਲਈ ਰੀਲੀਫ ਦਿਤਾ ਹੈ ਤਾਂ ਦੂਸਰੇ ਅਮਲੇ ਲਈ ਵੀ ਤਾਂ ਮੰਗ ਕਰਨੀ ਚਾਹੀਦੀ ਸੀ, ਨਹੀਂ ਤਾਂ ਖੁਦ ਨਹੀਂ ਲੈਣਾ ਚਾਹੀਦਾ ਸੀ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਹ ਅਲਾਉਂਸ ਉਨ੍ਹਾਂ ਨੂੰ ਪੰਜਾਬ ਦੇ ਸਾਰੇ ਮੁਲਾਜ਼ਮਾਂ ਨੂੰ ਦੇਣਾ ਚਾਹੀਦਾ ਹੈ ਜਦੋਂ ਕਿ ਉਹ ਵੀ ਇਸੇ ਸਰਕਾਰ ਦੇ ਮੁਲਾਜ਼ਮ ਹਨ ਅਤੇ ਹਾਈ ਕੋਰਟ ਦਾ ਅਮਲਾ ਵੀ ਉਸੇ ਸਰਕਾਰ ਦੇ ਮੁਲਾਜ਼ਮ ਹੈ। ਕਿਸੇ ਦੇ ਬੋਨਸ ਦੇ ਵਿਚ ਵਾਧਾ ਹੁੰਦਾ ਹੈ, ਕਿਸੇ ਨੂੰ ਤਾਂ ਪੈਸੇ ਮਿਲਦੇ ਹਨ ਜਦੋਂ ਉਸ ਦੇ ਕਾਰੋਬਾਰ ਦੇ ਵਿਚ ਵਾਧਾ ਹੋਵੇ ਪਰ ਮੁਲਾਜ਼ਮ ਨੂੰ ਤਾਂ ਉਸ ਵੇਲੇ ਹੀ ਪੈਸੇ ਮਿਲਦੇ ਹਨ ਜਦੋਂ 5-10-20 ਰੁਪੈ ਬਤੌਰ ਰੀਲੀਫ ਦੇ ਉਸ ਨੂੰ ਦਿੱਤਾ ਜਾਵੇ।

ਮੈਂ ਹਾਈ ਕੋਰਟ ਦੇ ਮੁਲਾਜ਼ਮਾਂ ਦੇ ਖਿਲਾਫ਼ ਕੁਝ ਕਹਿਣਾ ਨਹੀਂ ਚਾਹੁੰਦਾ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਨੂੰ ਵੀ ਇਹ ਅੰਤਰਮ ਰਿਲੀਫ ਨਹੀਂ ਸੀ ਲੈਣੀ ਚਾਹੀਦੀ ਕਿਉਂਕਿ ਪੰਜਾਬ ਸਰਕਾਰ ਦੇ ਕਿਸੇ ਮੁਲਾਜ਼ਮ ਨੂੰ, ਕਿਸੇ ਕਲਰਕ ਨੂੰ, ਕਿਸੇ ਚਪੜਾਸੀ ਨੂੰ, ਇਹ ਨਹੀਂ ਮਿਲ ਸਕੀ। ਮੈਂ ਚੇਅਰਮੈਨ ਸਾਹਿਬ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਵੀ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਹਾਈਕੋਰਟ ਦੇ ਮੁਲਾਜ਼ਮਾਂ ਨੂੰ ਇਹ ਰਿਲੀਫ ਦਿਤੀ ਹੈ ਤਾਂ ਆਪਣੇ ਕਰਮਚਾਰੀਆਂ ਨੂੰ ਵੀ ਜ਼ਰੂਰ ਦੇਣੀ ਚਾਹੀਦੀ ਹੈ। ਇਨ੍ਹਾਂ ਨਾਲ ਵੀ ਇਨਸਾਫ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਿਬ ਮੈਂ ਹਾਈਕੋਰਟ ਦੇ ਜੱਜਾਂ ਦਾ ਬਹੁਤ ਸਤਿਕਾਰ ਕਰਦਾ ਹਾਂ ਪਰ ਉਨ੍ਹਾਂ ਨੂੰ ਵੀ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨਾਲ ਹੋ ਰਹੀ ਬੇਇਨਸਾਫ਼ੀ ਵਿਰੁੱਧ ਅਵਾਜ਼ ਉਠਾਣੀ ਚਾਹੀਦੀ ਸੀ ਅਤੇ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਨਾਲ ਵੀ ਇਨਸਾਫ਼ ਕਰਨਾ ਚਾਹੀਦਾ ਸੀ। ਇਸ ਦੇ ਨਾਲ ਮੈਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਉਨ੍ਹਾਂ ਨੂੰ ਇਸ ਮਾਮਲੇ ਵਿਚ ਜ਼ਿਦ ਨਹੀਂ ਕਰਨੀ ਚਾਹੀਦੀ ਕਿਉਂਕਿ ਪੰਜਾਬ ਦੇ ਲੱਖਾਂ ਮੁਲਾਜ਼ਮ ਉਨ੍ਹਾਂ ਵਲ ਹੀ ਦੇਖ ਰਹੇ ਹਨ ਕਿ ਇਹ ਉਨ੍ਹਾਂ ਨੂੰ ਰਿਲੀਫ ਦੇਣਗੇ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਤੁਸੀਂ ਉਨ੍ਹਾਂ ਨੂੰ ਅੰਤਰਮ ਰਿਲੀਫ ਨਹੀਂ ਦੇਣਾ ਚਾਹੁੰਦੇ ਤਾਂ ਉਨ੍ਹਾਂ ਨੂੰ ਸਸਤੀ ਕਣਕ ਹੀ ਲਾਜ਼ਮੀ ਤੌਰ ਤੇ ਸਪਲਾਈ ਕਰੋ। ਕੁਝ ਨਾ ਕੁਝ ਤਾਂ ਹੋਣਾ ਹੀ ਚਾਹੀਦਾ ਹੈ ਤਾਂ ਕਿ ਉਹ ਵਿਚਾਰ ਵੀ ਇਸ ਮਹਿੰਗਾਈ ਵਿਚ ਆਪਣਾ ਗੁਜ਼ਾਰਾ ਚੰਗੀ ਤਰ੍ਹਾਂ ਕਰ ਸਕਣ।

ਫਿਰ, ਚੇਅਰਮੈਨ ਸਾਹਿਬ, ਇਨ੍ਹਾਂ ਨੇ ਮਾਡਲ ਪਿੰਡਾਂ ਵਾਸਤੇ ਰੁਪਿਆ ਮੰਗਿਆ ਹੈ। ਇਹ ਇਕ ਚੰਗੀ ਗਲ ਹੈ, ਮਾਡਲ ਪਿੰਡ ਬਣਨ। ਪਰ ਚੇਅਰਮੈਨ ਸਾਹਿਬ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਨੂੰ ਜਿਹੜੀ ਗ੍ਰਾਂਟ ਦਿਤੀ ਜਾਂਦੀ ਸੀ ਇਨ੍ਹਾਂ ਨੇ ਉਹ ਖੋਹ ਕੇ ਉਸ ਦੇ ਨਾਲ ਮਾਡਲ ਪਿੰਡ ਬਣਾਉਣੇ ਸ਼ੁਰੂ ਕਰ ਦਿਤੇ ਹਨ। ਇਸ ਦਾ ਨਤੀਜਾ ਇਹ ਹੋਵੇਗਾ ਕਿ ਹਰ ਕੰਸਟੀਚੂਐਂਸੀ ਦੇ ਵਿਚ 5,7 ਪਿੰਡ ਮਾਡਲ ਪਿੰਡ ਬਣ ਜਾਣਗੇ ਪਰ ਬਾਕੀ ਸਾਰਿਆਂ ਪਿੰਡਾਂ ਦੀ ਤਰੱਕੀ ਰੁਕ ਜਾਵੇਗੀ। ਫਿਰ ਚੇਅਰਮੈਨ ਸਾਹਿਬ, ਇਹ ਮਾਡਲ ਪਿੰਡ ਵੀ ਕਿਸ ਤਰ੍ਹਾਂ ਬਣਾ ਰਹੇ ਹਨ। ਇਹ ਉਥੇ ਨਾਲੀਆਂ ਅਤੇ ਗਲੀਆਂ ਪਕੀਆਂ ਕਰ ਰਹੇ ਹਨ। ਚੇਅਰਮੈਨ ਸਾਹਿਬ, ਤੁਸੀਂ ਵੀ ਪਿੰਡ ਦੇ ਹੀ ਰਹਿਣ ਵਾਲੇ ਹੋ ਤੁਹਾਨੂੰ ਵੀ ਪਤਾ ਹੈ ਕਿ ਪਿੰਡਾਂ ਦੀਆਂ ਗਲੀਆਂ ਵਿਚ ਪਸ਼ੂ ਚਲਦੇ ਹਨ ਤਾਂ ਨਾਲੀਆਂ ਅਤੇ ਗਲੀਆਂ ਟੁੱਟ ਜਾਂਦੀਆਂ ਹਨ, ਇਨ੍ਹਾਂ ਨੇ ਉਨ੍ਹਾਂ ਦੀ ਸਫਾਈ ਜਾਂ ਮੁਰੰਮਤ ਲਈ ਕੀ ਪ੍ਰਬੰਧ ਕੀਤਾ ਹੈ? ਮੈਂ ਅਰਜ਼ ਕਰਦਾ ਹਾਂ ਕਿ ਪਹਿਲਾਂ ਤਾਂ ਇਹ ਸਕੀਮ ਸੀ ਕਿ ਹਰ ਇਕ ਪਿੰਡ ਵਿਚ ਇਕ ਡਿਸਪੈਂਸਰੀ ਅਤੇ ਸਕੂਲ ਖੋਲਿਆ ਜਾਵੇਗਾ ਜਾਂ ਸਕੂਲ ਨੂੰ ਅਪਗ੍ਰੇਡ ਕੀਤਾ ਜਾਵੇਗਾ, ਇਹ ਇਕ ਚੰਗੀ ਸਕੀਮ ਸੀ ਪਰ ਹੁਣ ਤਾਂ ਇਹ ਬੰਦ ਕਰ ਦਿਤੀ ਹੈ ਅਤੇ ਕੁਝ ਪਿੰਡਾਂ ਦੀਆਂ ਨਾਲੀਆ ਅਤੇ ਗਲੀਆਂ ਲਈ ਬਾਕੀ ਦੇ ਸਾਰਿਆਂ ਪਿੰਡਾਂ ਦੀ ਤਰੱਕੀ ਰੋਕ ਲਈ ਗਈ ਹੈ। ਚੇਅਰਮੈਨ

ਸਾਹਿਬ, ਅਸਲ ਵਿਚ ਜਿਹੜੀ ਰਕਮ ਅਗੇ ਪੰਚਾਇਤਾਂ ਅਤੇ ਜ਼ਿਲ੍ਹਾ ਪਰੀਸ਼ਦਾਂ ਰਾਹੀਂ ਖਰਚੀ ਜਾਂਦੀ ਸੀ ਹੁਣ ਇਨ੍ਹਾਂ ਨੇ ਉਹ ਕੁਝ ਹੱਥਾਂ ਵਿਚ ਇਕੱਠੀ ਕਰ ਦਿਤੀ ਹੈ। ਮੈਂ ਤੁਹਾਡੇ ਰਾਹੀਂ ਚੇਅਰਮੈਨ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਮਾਡਲ ਪਿੰਡ ਜ਼ਰੂਰ ਹੀ ਬਣਾਉਣੇ ਹਨ ਤਾਂ ਪਹਿਲਾਂ ਜਿਹੜੀ ਗ੍ਰਾਂਟ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਨੂੰ ਮਿਲਦੀ ਸੀ, ਉਹ ਬਹਾਲ ਕੀਤੀ ਜਾਵੇ ਅਤੇ ਫਿਰ ਸਰਕਾਰ ਆਪਣੇ ਖਜ਼ਾਨੇ ਵਿਚੋਂ ਰਕਮ ਮਾਡਲ ਪਿੰਡ ਬਣਾਉਣ ਲਈ ਦੇਵੇ ਤਾਂ ਕੁਝ ਸੁਧਾਰ ਹੋ ਸਕਦਾ ਹੈ, ਨਹੀਂ ਤਾਂ ਪਿੰਡਾਂ ਦੀ ਉੱਨਤੀ ਰੁਕ ਜਾਵੇਗੀ।

ਫਿਰ, ਚੇਅਰਮੈਨ ਸਾਹਿਬ, ਇਨ੍ਹਾਂ ਨੇ ਵਾਟਰ ਸੋਰਸ ਲਈ ਇਨਵੈਸਟੀਗੇਸ਼ਨ ਲਈ ਰੁਪਿਆ ਮੰਗ ਲਿਆ ਹੈ। ਚੇਅਰਮੈਨ ਸਾਹਿਬ, ਇਹ ਕਹਿੰਦੇ ਹਨ ਕਿ ਸਾਡੇ ਪਾਸ ਸੋਰਸ ਨਹੀਂ ਹਨ, ਇਸ ਲਈ ਇਹ ਇਕ ਚੰਗਾ ਕਦਮ ਹੈ। ਪਰ ਮੈਂ ਅਰਜ਼ ਕਰਦਾ ਹਾਂ ਕਿ ਇਨਵੈਸਟੀਗੇਸ਼ਨ ਤਾਂ ਈਅਰ ਟੂਗੈਦਰ ਹੀ ਚਲਦੀਆਂ ਰਹਿੰਦੀਆਂ ਹਨ। ਇਸ ਸਮੇਂ ਦੇ ਦੌਰਾਨ ਇਨ੍ਹਾਂ ਨੂੰ ਹਰਿਆਣੇ ਦੀ ਤਰ੍ਹਾਂ ਦਰਿਆਵਾਂ ਵਿਚ ਲਿਫਟ ਇਰੀਗੇਸ਼ਨ ਦੀ ਸਕੀਮ ਚਾਲੂ ਕਰ ਦੇਣੀ ਚਾਹੀਦੀ ਹੈ ਤਾਂ ਕਿ ਜਿਹੜੀ ਜ਼ਮੀਨ ਰਬ ਦੇ ਆਸਰੇ ਤੇ ਹੈ ਅਤੇ ਜਦੋਂ ਬਾਰਸ਼ਾਂ ਨਾ ਹੋਣ ਤਾਂ ਸੁਕੀ ਹੀ ਰਹਿ ਜਾਂਦੀ ਹੈ, ਉਸ ਨੂੰ ਵੀ ਕੁਝ ਪਾਣੀ ਮਿਲ ਸਕੇਗਾ। ਇਸ ਲਈ ਲਿਫ਼ਟ ਇਰੀਗੇਸ਼ਨ ਦੀ ਸਕੀਮ ਜ਼ਰੂਰ ਚਾਲੂ ਕਰਨੀ ਚਾਹੀਦੀ ਹੈ। ਇਰੀਗੇਸ਼ਨ ਲਈ ਇਕ ਕਰੋੜ ਰੁਪਿਆ ਖਰਚਿਆ ਗਿਆ ਹੈ ਪਰ ਅਜੇ ਤਕ ਉਸ ਬਾਰੇ ਇਸ ਹਾਊਸ ਵਿਚ ਕੇਸ ਚਲ ਰਿਹਾ ਹੈ। ਚੇਅਰਮੈਨ ਸਾਹਿਬ ਤੁਸੀਂ ਜਾਣਦੇ ਹੀ ਹੋ ਕਿ ਪੰਜਾਬ ਦੇ ਲੋਕਾਂ ਨੂੰ ਬਿਜਲੀ ਦੇ ਨਾ ਹੋਣ ਕਾਰਣ ਅਤੇ ਹੋਰ ਚੀਜ਼ਾਂ ਨਾਲ ਕਿਤਨਾ ਨੁਕਸਾਨ ਪਹੁੰਚ ਰਿਹਾ ਹੈ ਕਿ ਜਿਸ ਦਾ ਅੰਦਾਜ਼ਾ ਨਹੀਂ। ਇਸ ਲਈ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨਵੈਸਟੀਗੇਸ਼ਨ ਤਾਂ ਈਅਰਜ਼ ਟੂਗੈਦਰ ਚਲਣੀ ਹੈ ਇਸ ਲਈ ਤੁਸੀਂ ਪੰਜਾਬ ਦੀ ਭਲਾਈ ਲਈ ਲਿਫਟ ਇਰੀਗੇਸ਼ਨ ਦੀ ਸਕੀਮ ਚਾਲੂ ਕਰ ਦਿਓ।

ਫਿਰ, ਚੇਅਰਮੈਨ ਸਾਹਿਬ, ਇਨ੍ਹਾਂ ਨੇ ਡਿਮਾਂਡ ਨੰ: 12 ਰਾਹੀਂ 40,64,700 ਰੁਪਏ ਪੈਨਸ਼ਨਾਂ ਆਦਿ ਲਈ ਮੰਗੇ ਸਨ। ਮੈਂ ਖੁਸ਼ ਹਾਂ ਕਿ ਇਨ੍ਹਾਂ ਨੇ ਇਤਨੀ ਵਡੀ ਰਕਮ ਪੈਨਸ਼ਨਾਂ ਆਦਿ ਲਈ ਮੰਗੀ ਹੈ। ਪਰ ਮੈਂ ਇਸ ਦੇ ਨਾਲ ਹੀ ਇਕ ਹੋਰ ਅਰਜ਼ ਕਰਦਾ ਹਾਂ ਕਿ ਪਿਛਲੇ ਸਾਲ ਇਸ ਸਰਕਾਰ ਨੇ ਅਨਾਮਲੀਜ਼ ਦੂਰ ਕਰਨ ਦਾ ਵਾਹਿਦਾ ਕੀਤਾ ਸੀ ਪਰ ਅਜੇ ਤਕ ਕੁਝ ਨਹੀਂ ਕੀਤਾ ਗਿਆ। ਹਾਲਾਂ ਕਿ ਸਰਕਾਰ ਇਸ ਹਾਊਸ ਵਿਚ ਵਚਨ ਬਧ ਸੀ। ਮੈਂ ਅਰਜ਼ ਕਰਦਾ ਹਾਂ ਕਿ ਜਿਥੇ ਮੁਲਾਜ਼ਮਾਂ ਨੂੰ ਰਿਲੀਫ ਦੇਣੀ ਚਾਹੀਦੀ ਹੈ ਉਥੇ ਘੱਟੋ ਘੱਟ ਉਨ੍ਹਾਂ ਦੀਆਂ ਅਨਾਮਲੀਜ਼ ਤਾਂ ਜ਼ਰੂਰ ਹੀ ਦੂਰ ਕਰ ਦੇਣੀਆਂ ਚਾਹੀਦੀਆਂ ਹਨ ਤਾਂਕਿ ਉਨ੍ਹਾਂ ਦਾ ਫਾਇਦਾ ਰਿਟਾਇਰ ਹੋਣ ਵਾਲੇ ਕਰਮਚਾਰੀਆਂ ਨੂੰ ਵੀ ਮਿਲ ਸਕੇ। ਪਰ ਇਸ ਵਲ ਧਿਆਨ ਦੇਣ ਲਈ ਸਰਕਾਰ ਕੋਲ ਵਕਤ ਹੀ ਨਹੀਂ ਹੈ। । ਮੈਂ ਕਹਾਂਗਾ ਕਿ ਸਰਕਾਰ ਇਸ ਪਾਸੇ ਤਵੱਜੋ ਦੇਵੇ ਅਤੇ ਜੋ ਮੁਲਾਜ਼ਮਾਂ ਦੀ ਇਹ ਮੰਗ ਹੈ ਕਿ ਅੰਤਰਮ ਰਿਲੀਫ ਦੇ ਨਾਲ ਅਨਾਮਲੀਜ਼ ਦੂਰ ਕੀਤੀਆਂ ਜਾਣ ਇਹ ਵੀ ਮੰਨ ਕੇ ਹਰਾਸਮੈਂਟ ਦੂਰ ਕੀਤੀ ਜਾਵੇ। ਫਿਰ, ਚੇਅਰਮੈਨ ਸਾਹਿਬ, ਮੈਂ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਕਿਸੇ ਵੀ ਕਰਮਚਾਰੀ ਦੇ ਰਿਟਾਇਰ ਹੋਣ ਤੋਂ ਇਕ ਮਹੀਨੇ ਦੇ ਅੰਦਰ ਅੰਦਰ ਉਸ ਦੀ ਪੈਨਸ਼ਨ ਦੇ ਕਾਗਜ਼ਾਤ ਤਿਆਰ ਹੋ ਜਾਣੇ ਚਾਹੀਦੇ ਸਨ। ਪਰ ਇਥੇ ਕਈ ਕਈ ਸਾਲ ਲਗ ਜਾਂਦੇ ਹਨ। ਜਿਸ ਕਰਮਚਾਰੀ ਦਾ ਬਿਹੇਵੀਅਰ ਠੀਕ ਹੋਵੇ, ਉਸ ਦੀ ਸਰਵਿਸ ਬੁਕ ਠੀਕ ਹੋਵੇ, ਉਸ ਦੀ ਰਿਟਾਇਰਮੈਂਟ ਤੋਂ ਇਕ ਮਹੀਨੇ ਦੇ ਅੰਦਰ ਅੰਦਰ ਉਸ ਦੀ ਪੈਨਸ਼ਨ ਦੇ ਕਾਗਜ਼ ਤਿਆਰ ਹੋ ਜਾਣ। ਕਿਉਂਕਿ ਹਰ ਕਰਮਚਾਰੀ ਨੇ ਸੋਚਿਆ ਹੁੰਦਾ ਹੈ ਕਿ ਪੈਨਸ਼ਨ ਲੈਣ ਤੋਂ ਬਾਦ ਉਸ ਨੇ ਇਸ ਤਰੀਕੇ ਦੇ ਨਾਲ ਆਪਣਾ ਗੁਜ਼ਾਰਾ ਕਰਨਾ ਹੈ। ਪਰ ਜੇ ਉਸ ਨੂੰ ਵਕਤ ਤੇ ਪੈਨਸ਼ਨ ਨਾ ਮਿਲੇ ਤਾਂ ਉਸ ਦਾ ਸਾਰਾ ਪਲਾਨ ਰਹਿ ਜਾਂਦਾ ਹੈ। ਕਈ ਵਾਰ ਉਸ ਨੂੰ ਮਨਿਸਟਰਾਂ ਅਤੇ ਅਫਸਰਾਂ ਦੇ ਗੇੜੇ ਕਢਣੇ ਪੈਂਦੇ ਹਨ ਤਾਂ ਜਾ ਕੇ ਫਿਰ ਪੈਨਸ਼ਨ ਮਿਲਦੀ ਹੈ। ਇਸ ਵਿਚ ਕਰਮਚਾਰੀਆਂ ਨੂੰ ਨਜਾਇਜ਼ ਤੰਗ

[ਚੌਧਰੀ ਰਾਮ ਸਿੰਘ]

ਨਹੀਂ ਕੀਤਾ ਜਾਣਾ ਚਾਹੀਦਾ । ਮੈਂ ਇਕ ਮਿਸਾਲ ਦਿੰਦਾ ਹਾਂ ਕਿ ਸਰਦਾਰ ਹਜ਼ੂਰਾ ਸਿੰਘ ਡਿਸਟ੍ਰਿਕਟ ਐਂਡ ਸੈਸ਼ਨ ਜੱਜ ਰਿਟਾਇਰ ਹੋਇਆ ਸੀ ਉਸ ਦੀ ਪੈਨਸ਼ਨ ਵਿਚੋਂ 30% ਦੀ ਕਟੌਤੀ ਚੀਫ਼ ਸੈਕਟਰੀ ਨੇ ਕਰ ਲਈ ਸੀ । ਹਾਈ ਕੋਰਟ ਦੇ ਫੈਸਲੇ ਅਨੁਸਾਰ ਹੁਣ ਉਸ ਨੂੰ ਤਕਰੀਬਨ 6 ਹਜ਼ਾਰ ਰੁਪਿਆ ਦੇਣਾ ਪਿਆ ਹੈ ਕੇਸ ਭਾਵੇਂ ਹਾਲੇ ਚਲ ਰਿਹਾ ਹੈ । ਪਰ ਚੇਅਰਮੈਨ ਸਾਹਿਬ, ਇਹ ਕਿਤਨੀ ਸ਼ਰਮ ਦੀ ਗਲ ਹੈ ਕਿ ਇਕ ਡਿਸਟ੍ਰਿਕਟ ਐਂਡ ਸੈਸ਼ਨ ਜੱਜ ਦੇ ਨਾਲ ਇਹ ਹੋਇਆ ਹੈ ਤਾਂ ਫਿਰ ਤੁਸੀਂ ਆਪ ਅੰਦਾਜ਼ਾ ਲਗਾਉ ਕਿ ਆਮ ਕਰਮਚਾਰੀ ਦੇ ਨਾਲ ਕੀ ਹੁੰਦਾ ਹੋਵੇਗਾ । ਇਸ ਲਈ ਮੈਂ ਫਿਰ ਕਹਾਂਗਾ ਕਿ ਰਿਟਾਇਰ ਹੋਣ ਤੋਂ ਇਕ ਮਹੀਨੇ ਦੇ ਅੰਦਰ ਅੰਦਰ ਉਸ ਨੂੰ ਪੈਨਸ਼ਨ ਅਤੇ ਹੋਰ ਜੋ ਕੁਝ ਵੀ ਮਿਲਣਾ ਹੈ ਮਿਲ ਜਾਣਾ ਚਾਹੀਦਾ ਹੈ ਤਾਂ ਕਿ ਜਿਸ ਤਰ੍ਹਾਂ ਉਸ ਨੇ ਆਪਣੀ ਆਉਣ ਵਾਲੀ ਜ਼ਿੰਦਗੀ ਬਾਰੇ ਸੋਚਿਆ ਹੁੰਦਾ ਹੈ ਉਸ ਤੇ ਅਮਲ ਕਰ ਸਕੇ । ਮਨਥਸ ਟੂ-ਗੈਦਰ ਉਸ ਦੀ ਪੈਨਸ਼ਨ ਨਹੀਂ ਰੋਕ ਲੈਣੀ ਚਾਹੀਦੀ । ਇਸ ਲਈ ਕੋਈ ਅਜਿਹਾ ਠੀਕ ਤਰੀਕਾ ਅਖਿਤਿਆਰ ਕਰਨਾ ਚਾਹੀਦਾ ਹੈ ਜਿਸ ਨਾਲ ਕਿਸੇ ਨੂੰ ਤਕਲੀਫ ਨਾ ਹੋਵੇ ।

ਫਿਰ, ਚੇਅਰਮੈਨ ਸਾਹਿਬ, ਇਸ ਵਿਚ ਫਾਰੈਸੱਟਸ ਦੇ ਵਾਸਤੇ ਕੁਝ ਰਕਮ ਮੰਗੀ ਗਈ ਹੈ ਕਿ ਉਥੇ ਰੋਡਜ਼ ਬਣਾਉਣੀਆਂ ਹਨ ਅਤੇ ਅਮਲਾ ਰਖਣਾ ਹੈ । ਇਹ ਬੜੀ ਚੰਗੀ ਗਲ ਹੈ । ਪਰ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਦੇ ਵਿਚ ਹੁਣ ਬਹੁਤ ਘਟ ਸਬ-ਮਾਊਂਟੇਨੀਅਸ ਏਰੀਆ ਰਹਿ ਗਿਆ ਹੈ । ਇਸ ਲਈ ਜੰਗਲਾਤ ਵੀ ਘਟ ਹਨ । ਪਰ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਜੰਗਲਾਤ ਬਾਰੇ ਉਹ ਰੂਲ ਅਪਣਾਉਣੇ ਚਾਹੀਦੇ ਹਨ ਜੋ ਕਿ ਹਿਮਾਚਲ ਵਾਲਿਆਂ ਦੇ ਹਨ । ਹਰ ਇਕ ਆਦਮੀ ਜੋ ਜੰਗਲ ਦੇ ਵਿਚ ਵਸਦਾ ਹੈ ਉਹ ਇਹ ਸਮਝੇ ਕਿ ਇਹ ਜੰਗਲ ਮੇਰਾ ਹੀ ਹੈ । ਤਾਂ ਹੀ ਜੰਗਲਾਂ ਦੀ ਉੱਨਤੀ ਹੋ ਸਕਦੀ ਹੈ । ਪਰ ਹੁਣ ਤਾਂ ਇਤਨੇ ਹਾਰਡ ਅਤੇ ਫਾਸਟ ਰੂਲ ਹਨ ਕਿ ਕੋਈ ਲਕੜੀ ਤਕ ਨਹੀਂ ਤੋੜ ਸਕਦਾ ਜੇ ਕਿਸੇ ਦੇ ਘਰ ਦਾ ਕੋਈ ਆਦਮੀ ਮਰ ਜਾਵੇ ਤਾਂ ਵੀ 2, 2 ਅਤੇ 3, 3 ਦਿਨ ਤਕ ਲਕੜੀ ਨਹੀਂ ਤੋੜਨ ਦਿਤੀ ਜਾਂਦੀ । ਇਸ ਤਰੀਕੇ ਦੇ ਨਾਲ ਜੰਗਲਾਤਾਂ ਦੀ ਉਨਤੀ ਨਹੀਂ ਹੋ ਸਕਦੀ । ਇਸ ਲਈ ਹਿਮਾਚਲ ਦੇ ਰੂਲ ਅਪਣਾਉਣੇ ਚਾਹੀਦੇ ਹਨ ਤਾਂ ਹੀ ਜੰਗਲ ਵਧਣਗੇ ।

ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਮੈਂ ਗੌਰਮੈਂਟ ਨੂੰ ਅਰਜ਼ ਕਰ ਰਿਹਾ ਸੀ । ਅਸੀਂ ਅਜ ਵੇਖਿਆ ਹੈ ਕਿ ਜਲੰਧਰ ਦੀ ਮਿਊਂਸਪਲ ਕਮੇਟੀ ਨੂੰ ਕੁਝ ਰੁਪਿਆ ਦਿਤਾ ਗਿਆ ਹੈ । ਇਹ ਰੁਪਿਆ ਜਲੰਧਰ ਸ਼ਹਿਰ ਦੀ ਡਿਵੈਲਪਮੈਂਟ ਵਾਸਤੇ ਜਿਹੜਾ ਦਿਤਾ ਗਿਆ ਹੈ, ਇਹ ਬੜੀ ਅਛੀ ਗਲ ਕੀਤੀ ਗਈ ਹੈ । ਸਰਕਾਰ ਦੀ ਤਵਜੋ ਸ਼ਹਿਰਾਂ ਵਲ ਵੀ ਹੋਈ ਹੈ । ਪਰ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਜਿੰਨੀਆਂ ਵੀ ਫਸਟ ਕਲਾਸ ਮਿਊਂਸਪਲ ਕਮੇਟੀਆਂ ਹਨ ਉਨ੍ਹਾਂ ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਇਨ੍ਹਾਂ ਕਮੇਟੀਆਂ ਨੂੰ ਰੁਪਿਆ ਦੇਣਾ ਚਾਹੀਦਾ ਹੈ । ਇਨ੍ਹਾਂ ਸ਼ਹਿਰਾਂ ਦੀ ਆਬਾਦੀ ਦਿਨ ਬਦਿਨ ਵਧਦੀ ਜਾ ਰਹੀ ਹੈ । ਮਿਊਂਸਪਲ ਕਮੇਟੀਆਂ ਦੇ ਸਟਾਫ ਦੀਆਂ ਤਨਖਾਹਾਂ ਵਿਚ ਵੀ ਵਾਧਾ ਹੋ ਰਿਹਾ ਹੈ ਕਿਉਂ-ਕਿ ਚੀਜ਼ਾਂ ਦੀ ਕੀਮਤ ਵਿਚ ਵੀ ਕਾਫ਼ੀ ਵਾਧਾ ਹੋ ਰਿਹਾ ਹੈ । ਪੰਜਾਬ ਸਰਕਾਰ ਨੇ ਇਨਕੁਆਇਰੀ ਕਮੇਟੀ ਬਿਠਾਉਣ ਦੇ ਬਾਅਦ ਇਹ ਵਾਇਦਾ ਕੀਤਾ ਸੀ ਕਿ ਜਿਹੜਾ ਪਰਾਪਰਟੀ ਟੈਕਸ, ਐਂਟਰਟੇਨਮੈਂਟ ਟੈਕਸ ਅਤੇ ਹੋਰ ਡਿਊਟੀ ਟੈਕਸ ਸਰਕਾਰ ਲਵੇਗੀ ਉਹਦਾ ਕੁਝ ਹਿੱਸਾ ਮਿਊਂਸਪਲ ਕਮੇਟੀਆਂ ਨੂੰ ਦਿਤਾ ਜਾਵੇਗਾ ਪਰ ਇਹ ਹਿੱਸਾ ਮਿਊਂਸਪਲ ਕਮੇਟੀਆਂ ਨੂੰ ਨਹੀਂ ਦਿਤਾ ਜਾ ਰਿਹਾ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਜਿਹੜੇ ਵਾਇਦੇ ਸਰਕਾਰ ਨੇ ਕੀਤੇ ਹਨ, ਉਹ ਪੂਰੇ ਕਰਨੇ ਚਾਹੀਦੇ ਹਨ । ਜਦ ਕਮੇਟੀਆਂ ਕੋਲ ਅਗੇ ਹੀ ਰੁਪਏ ਦੀ ਥੋੜ ਹੈ ਤਾਂ ਉਹ ਸ਼ਹਿਰਾਂ ਦੀ ਗੰਦਗੀ ਨੂੰ ਕਿਸ ਤਰ੍ਹਾਂ ਹਟਾ ਸਕਦੀਆਂ ਹਨ । ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ, ਜਿਹੜੇ ਕਿ ਸਰਕਾਰ ਨੇ ਹੁਣ ਡਿਵੈਲਪਮੈਂਟ ਕਰਨ ਦੀ ਸਕੀਮ ਵਿਚ ਲੈ ਲਿਤੇ ਹਨ, ਤੋਂ ਇਲਾਵਾ ਜਿੰਨੀਆਂ ਵੀ ਫਸਟ ਕਲਾਸ ਮਿਊਂਸਪਲ

ਕਮੇਟੀਆਂ ਹੋਰ ਹਨ ਉਨ੍ਹਾਂ ਸਾਰਿਆਂ ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਸਰਕਾਰ ਨੂੰ ਰੁਪਿਆ ਦੇਣਾ ਚਾਹੀਦਾ ਹੈ। ਅਤੇ ਇਸ ਡਿਵੈਲਪਮੈਂਟ ਦੀ ਸਕੀਮ ਹੇਠ ਲੈ ਆਉਣੇ ਚਾਹੀਦੇ ਹਨ ਤਾਕਿ ਇਸ ਨਾਲ ਉਨ੍ਹਾਂ ਸ਼ਹਿਰਾਂ ਦੇ ਲੋਕ ਵੀ ਆਪਣੀ ਅਛੀ ਜ਼ਿੰਦਗੀ ਬਸਰ ਕਰ ਸਕਣ ।

ਇਨ੍ਹਾਂ ਨੇ ਸ਼ਡਿਊਲਡ ਕਾਸਟ ਲੈਂਡ ਕਾਰਪੋਰੇਸ਼ਨ ਬਣਾਈ ਹੈ ਪਰ ਅਜ ਤਕ ਇਸ ਦਾ ਕੋਈ ਪੈਸਾ ਖਰਚ ਨਹੀਂ ਕੀਤਾ ਗਿਆ ਹੈ। ਸਰਦਾਰ ਬਲਵੰਤ ਸਿੰਘ, ਡਾਕਟਰ ਭਗਤ ਸਿੰਘ ਹੋਰਾਂ ਨਾਲ ਮਖ਼ੌਲ ਕਰ ਰਹੇ ਹਨ। ਉਨ੍ਹਾਂ ਨੂੰ ਪੈਸਾ ਕੋਈ ਨਹੀਂ ਦਿਤਾ। ਡਾਕਟਰ ਭਗਤ ਸਿੰਘ ਹੋਰੀਂ ਸ਼ਡਿਊਲਡ ਕਾਸਟ ਹਨ ਅਤੇ ਕੰਮ ਵੀ ਸ਼ਡਿਊਲਡ ਕਾਸਟਸ ਵਰਗੇ ਹੀ ਕਰ ਰਹੇ ਹਨ। ਭੀਖ ਮੰਗਣ ਵਾਲਿਆਂ ਵਾਸਤੇ ਆਰਡੀਨੈਂਸ ਜਾਰੀ ਕਰ ਦਿਤਾ ਹੈ। (ਸ਼ੋਰ) (ਵਿਘਨ) ਸਰਦਾਰ ਬਲਵੰਤ ਸਿੰਘ ਵਰਗੇ ਡਾਕਟਰ ਭਗਤ ਸਿੰਘ ਨੂੰ ਖਾਣੇ ਤੇ ਬੁਲਾਉਣ ਵਾਸਤੇ ਮਿਸਿਜ਼ ਭਗਤ ਸਿੰਘ ਲਿਖ ਕੇ ਭੇਜ ਦਿੰਦੇ ਹਨ। (ਸ਼ੋਰ) (ਵਿਘਨ)।

चौधरी बलबीर सिंह : सभापति महोदय, इन्होंने स्पीच करते हुए कहा कि काम भी इनके Scheduled Castes जैसे हैं। यह एक आनरेबल मैम्बर पर ऐस्पर्शन है।

ਚੌਧਰੀ ਰਾਮ ਸਿੰਘ : ਚੇਅਰਮੈਨ ਸਾਹਿਬ, ਮੈਂ ਇਹ ਲਫਜ਼ ਜੋ ਕਹੇ ਹਨ ਤਾਂ ਮੈਂ ਇਨ੍ਹਾਂ ਲਫਜ਼ਾਂ ਨੂੰ ਵਾਪਸ ਲੈਂਦਾ ਹਾਂ। ਇਹ ਮਜ਼ਾਕ ਵਿਚ ਨਿਕਲ ਗਏ, ਮੈਂ ਵਾਪਸ ਲੈਂਦਾ ਹਾਂ। (ਸ਼ੋਰ) (ਵਿਘਨ) ਹਾਂ ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਸਰਕਾਰ ਜਿੰਨੇ ਵੀ ਵਾਇਦੇ ਇਨ੍ਹਾਂ ਹਰੀਜਨਾਂ ਨਾਲ ਕਰਦੀ ਹੈ, ਉਹ ਪੂਰੇ ਕਰਨੇ ਚਾਹੀਦੇ ਹਨ। ਜਿਵੇਂ ਕਿ ਇਨ੍ਹਾਂ ਨੇ ਕਿਹਾ ਕਿ ਇਨ੍ਹਾਂ ਵਾਸਤੇ ਕਾਰਪੋਰੇਸ਼ਨ ਬਣਾਈ ਹੈ, ਲੈਂਡਜ਼ ਦੇ ਰਹੇ ਹਾਂ, ਕਾਰਖਾਨੇ ਖੋਲ੍ਹ ਰਹੇ ਹਾਂ, ਪਰ ਹਾਲੇ ਤਕ ਇਕ ਵੀ ਪੈਸਾ ਇਨ੍ਹਾਂ ਗਰੀਬ ਅਤੇ ਪਛੜੇ ਹੋਏ ਲੋਕਾਂ ਨੂੰ ਸਰਕਾਰ ਨੇ ਨਹੀਂ ਦਿਤਾ ਹੈ।

ਆਰਡੀਨੈਂਸ ਜਾਰੀ ਕੀਤਾ ਕਿ ਮੰਗਤੇ ਬੰਦ ਕਰ ਦਿਤੇ ਜਾਣਗੇ ਪਰ ਅਮਲੀ ਤੌਰ ਤੇ ਇਸ ਸਬੰਧ ਵਿਚ ਹਾਲੇ ਤਕ ਕੁਝ ਵੀ ਨਹੀਂ ਹੋਇਆ ਹੈ। ਇਹ ਗਲਾਂ ਤਾਂ ਸਿਰਫ ਲੋਕਾਂ ਨੂੰ ਦਸਣ ਵਾਸਤੇ ਹੀ ਕੀਤੀਆਂ ਜਾਂਦੀਆਂ ਹਨ। ਸਵੇਰੇ ਦੇ ਸੈਸ਼ਨ ਵਿਚ ਇਨ੍ਹਾਂ ਨੇ ਕਿਹਾ ਕਿ ਇਨ੍ਹਾਂ ਵਾਸਤੇ ਸਰਾਏਂ ਬਣਾਉਣੀਆਂ ਹਨ ਪਰ ਇਸ ਕੰਮ ਵਿਚ ਵੀ ਇਨ੍ਹਾਂ ਨੇ ਜਿਥੇ ਇਹ ਬਣਾਈਆਂ ਜਾਣੀਆਂ ਹਨ, ਉਸ ਵਿਚ ਈਕੁਅਲ ਡਿਸਟ੍ਰੀਬਿਊਸ਼ਨ ਨਹੀਂ ਕੀਤੀ ਹੈ। ਇਹ ਚੀਜ਼ਾਂ ਸਰਕਾਰ ਨੂੰ ਸ਼ੋਭਾ ਨਹੀਂ ਦੇਂਦੀਆਂ।

ਸ਼੍ਰੀ ਸਭਾਪਤੀ : ਕਾਰਪੋਰੇਸ਼ਨ ਨੇ ਅਗਰ ਫੰਕਸ਼ਨ ਕਰਨਾ ਹੈ ਤਾਂ ਟਾਈਮ ਤਾਂ ਆਖਰ ਲਗਣਾ ਹੀ ਹੈ। (It will take time for the Corporation to start functioning properly.)

ਚੌਧਰੀ ਰਾਮ ਸਿੰਘ : ਚੇਅਰਮੈਨ ਸਾਹਿਬ, ਇਹ ਕਾਰਪੋਰੇਸ਼ਨ ਬਣਦੇ ਨੂੰ ਸਾਲ ਹੋਣ ਲਗਿਆ ਹੈ। ਅੱਜ ਦੇ ਬਦਲਦੇ ਹਾਲਾਤ ਵਿਚ ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਤਿੰਨ ਗਲਾਂ ਕਹਾਂਗਾ ਇਕ ਤਾਂ ਇਹ ਕਿ ਜੋ ਕੁਝ ਸਰਕਾਰ ਕਹਿ ਰਹੀ ਹੈ ਉਸ ਤੇ ਅਮਲ ਦਰਾਮਦ ਹੋਣਾ ਚਾਹੀਦਾ ਹੈ, ਇਲੈਕਸ਼ਨਜ਼ ਜਿਹੜੇ ਹੁਣ ਹੋ ਰਹੇ ਹਨ ਉਹ ਬਿਲਕੁਲ ਨਿਰਪਖ ਤੌਰ ਤੇ ਹੋਣੇ ਚਾਹੀਦੇ ਹਨ, ਇਸ ਤਰ੍ਹਾਂ ਨਾ ਹੋਵੇ ਜਿਸ ਤਰ੍ਹਾਂ ਕਿ ਪਿਛੇ ਜਿਹੇ ਹੋਈਆਂ ਡਕਾਲਾ ਅਤੇ ਆਨੰਦਪੁਰ ਦੇ ਇਲੈਕਸ਼ਨਾਂ ਵਿਚ ਹੋਇਆ ਹੈ। ਤੀਸਰੀ ਗਲ ਇਹ ਹੈ ਕਿ ਮੁਲਾਜ਼ਮਾਂ ਦੀਆਂ ਦਿੱਕਤਾਂ ਨੂੰ ਦੂਰ ਕੀਤਾ ਜਾਵੇ। ਹਮੇਸ਼ਾਂ ਇਹ

[ਚੌਧਰੀ ਰਾਮ ਸਿੰਘ]
ਸਰਕਾਰ ਕਹਿੰਦੀ ਹੈ ਕਿ ਗ਼ਰੀਬਾਂ ਨੂੰ ਉਚਿਆਂ ਕੀਤਾ ਜਾ ਰਿਹਾ ਹੈ, ਇਸ ਲਈ ਮੁਲਾਜ਼ਮਾਂ ਦੀ ਹਾਲਤ ਵਲ ਵੇਖਣਾ ਚਾਹੀਦਾ ਹੈ ਅਤੇ ਇਨ੍ਹਾਂ ਦੀਆਂ ਦਿੱਕਤਾਂ ਨੂੰ ਦੂਰ ਕਰਨਾ ਚਾਹੀਦਾ ਹੈ। ਇਨਾਂ ਕਹਿੰਦੇ ਹੋਏ ਮੈਂ ਆਪਣੀ ਸੀਟ ਲੈਂਦਾ ਹਾਂ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ) (ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦਸਣਾ ਚਾਹੁੰਦਾ ਹਾਂ ਕਿ ਚੰਗਾ ਹੁੰਦਾ ਕਿ ਜੇ ਇਹ ਸਪਲੀਮੈਂਟਰੀ ਡਿਮਾਂਡਜ਼ ਆਟਮ ਸੈਸ਼ਨ ਵਿਚ ਪਾਸ ਕਰਾਈਆਂ ਜਾਂਦੀਆਂ, ਪਰ ਜੇ ਇਹ ਹੁਣ ਆਈਆਂ ਹਨ ਤਾਂ ਇਨ੍ਹਾਂ ਵਿਚ ਮੈਂ ਅਰਜ਼ ਕਰਦਾ ਹਾਂ ਕਿ ਡਿਮਾਂਡ ਨੰ: 4 ਵਿਚ 26,17,880 ਦੀ ਮੰਗ ਰਖੀ ਗਈ ਹੈ। ਇਸ ਵਿਚ ਵਜ਼ੀਰ ਸਾਹਿਬਾਨ ਦੀਆਂ ਕਾਰਾਂ ਵਾਸਤੇ 7,14,000 ਰੁਪਿਆ ਰਖਿਆ ਗਿਆ ਹੈ। ਇਹ 37 ਕਾਰਾਂ ਵਾਸਤੇ ਹੈ ਜਿਨ੍ਹਾਂ ਵਿਚ ਕੁਝ ਕਾਰਾਂ ਦੀ ਮੁਰੰਮਤ ਵੀ ਕਰਨੀ ਹੈ ਅਤੇ ਕੁਝ ਨਵੀਆਂ ਵੀ ਖਰੀਦਣੀਆਂ ਹਨ। ਇਹ ਦਰੁਸਤ ਹੈ ਕਿ ਐਡਮਨਿਸਟਰੇਸ਼ਨ ਲਈ ਇਸ ਚੀਜ਼ ਦੀ ਲੋੜ ਹੁੰਦੀ ਹੈ ਲੇਕਿਨ ਸਮਝ ਨਹੀਂ ਆਉਂਦੀ ਕਿ ਜਦੋਂ ਪੰਜਾਬ ਦੇ 36 ਜ਼ਿਲ੍ਹੇ ਸੀ ਉਦੋਂ 6 ਮਨਿਸਟਰਜ਼ ਸਨ ਅਤੇ ਤਾਂ ਵੀ ਐਡਮਨਿਸਟਰੇਸ਼ਨ ਚਲਦੀ ਸੀ ਪਰ ਅਜ ਜੇ ਪੰਜਾਬ ਉਸ ਵੇਲੇ ਨਾਲੋਂ ਤੀਜਾ ਹਿਸਾ ਜਾਂ ਚੌਥਾ ਹਿੱਸਾ ਰਹਿ ਗਿਆ ਹੈ ਕਿਉਂਕਿ ਇਸ ਵਿਚੋਂ ਪਾਕਿਸਤਾਨ ਨਿਕਲ ਗਿਆ ਹੈ, ਹਰਿਆਣਾ ਅਤੇ ਹਿਮਾਂਚਲ ਪਰਦੇਸ਼ ਦੇ ਹਿੱਸੇ ਵੀ ਨਿਕਲ ਗਏ ਹਨ ਅਤੇ ਮਨਿਸਟਰਾਂ ਨੂੰ ਕੰਮ ਚਲਾਉਣ ਲਈ 37 ਕਾਰਾਂ ਚਾਹੀਦੀਆਂ ਹਨ। ਇਹ ਠੀਕ ਹੈ, ਲੇਕਿਨ ਦੂਸਰੇ ਪਾਸੇ ਇਹ ਚੀਜ਼ ਹੈ ਕਿ ਮੁਲਾਜ਼ਮਾਂ ਨੂੰ ਦੇਣ ਵਾਸਤੇ ਸਰਕਾਰ ਕੋਲ ਰੁਪਿਆ ਨਹੀਂ ਹੈ। ਸਰਕਾਰ ਕਹਿੰਦੀ ਹੈ ਕਿ ਅੰਤਰਮ ਰਿਲੀਫ ਦੇਣ ਵਾਸਤੇ ਸਰਕਾਰ ਨੂੰ ਛੇ ਕਰੋੜ ਰੁਪਿਆ ਦੇਣਾ ਪਏਗਾ ਜਿਹੜਾ ਕਿ ਸਰਕਾਰ ਕੋਲ ਨਹੀਂ ਹੈ। ਇਹ ਸਮਝ ਨਹੀਂ ਆਉਂਦੀ ਕਲ ਇਥੇ ਪਾਂਧੀ ਸਾਹਿਬ ਨੇ ਪੂਰੇ ਜ਼ੋਰਦਾਰ ਲਫਜ਼ਾਂ ਵਿਚ ਕਿਹਾ ਸੀ ਕਿ ਪਜਾਬ ਸਰਕਾਰ ਸਭ ਨਾਲੋਂ ਚੰਗੀ ਐਂਪਲਾਇਰ ਹੈ। ਇਸ ਬਾਰੇ ਵਿਚ ਮੈਂ ਪੰਜਾਬ ਦਾ ਕੰਪੇਰੇਜ਼ਨ ਹੋਰ ਸਟੇਟਾਂ ਨਾਲ ਕਰਕੇ ਦਸਦਾ ਹਾਂ :—

	ਪੰਜਾਬ	ਗੁਜਰਾਤ	ਮਹਾਰਾਸ਼ਟਰ	ਬੰਗਾਲ
ਕਲਾਸ ਫੋਰਥ :	70-95	95-100	75-95	100-220
ਕਲਰਕ :	110-250	130-310	115-300	125-280

ਜੇ ਹੁਣ ਇਥੇ ਦੇ ਕਰਮਚਾਰੀਆਂ ਨੇ ਅੰਤਰਮ ਰਿਲੀਫ ਲੈਣ ਵਾਸਤੇ ਹੜਤਾਲ ਕੀਤੀ ਹੈ ਤਾਂ ਸਰਕਾਰ ਉਨ੍ਹਾਂ ਮੁਲਾਜ਼ਮਾਂ ਨੂੰ ਦਫਤਰਾਂ ਵਿਚੋਂ ਫੜ ਫੜ ਕੇ ਲਿਆ ਰਹੀ ਹੈ। ਸਿਵਿਲ ਹਸਪਤਾਲ, ਮੋਗਾ ਵਿਚ ਸਾਰੇ ਦਾ ਸਾਰਾ ਸਟਾਫ਼ ਫੜ ਲਿਆ ਗਿਆ ਅਤੇ ਉਥੇ ਲਾਠੀ ਚਾਰਜ ਕੀਤੀ ਗਈ। ਇਸ ਲਈ ਸਰਕਾਰ ਦੀ ਜਿਹੜੀ ਇਹ ਨੀਤੀ ਹੈ ਇਹ ਦਰੁਸਤ ਨਹੀਂ ਹੈ। ਇਸ ਚੀਜ਼ ਤੋਂ ਸਾਫ਼ ਜ਼ਾਹਿਰ ਹੈ ਕਿ ਸਰਕਾਰ ਇਹ ਕਹਿੰਦੀ ਹੈ ਕਿ ਕਰਮਚਾਰੀ ਮੰਗ ਕਿਉਂ ਕਰਦੇ ਹਨ। ਦੂਜੇ ਪਾਸੇ ਸਰਕਾਰ ਮੰਗ ਕਰਦੀ ਹੈ ਕਿ ਉਨ੍ਹਾਂ ਦੀਆਂ ਕਾਰਾਂ ਵਾਸਤੇ ਰੁਪਿਆ ਮਿਲਣਾ ਚਾਹੀਦਾ ਹੈ। ਇਹ ਠੀਕ ਨਹੀਂ ਹੈ ਇਸ ਬਾਰੇ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ। (ਸ਼ੋਰ) (ਵਿਘਨ) ਸਰਕਾਰ ਨੇ ਇਸ ਡਿਮਾਂਡ ਵਿਚ ਮੰਗ ਕੀਤੀ ਹੈ ਕਿ ਪਬਲਿਕ ਸਰਵਿਸ ਕਮਿਸ਼ਨ ਦੇ ਹੈਡ ਆਫਿਸ ਨੂੰ ਏਅਰ ਕੰਡੀਸ਼ਨ ਕਰਨ ਲਈ 66,000 ਰੁਪਿਆ ਚਾਹੀਦਾ ਹੈ। ਇਕ ਪਾਸੇ ਤਾਂ ਪੰਜਾਬ ਸਰਕਾਰ ਇਨਾਂ ਸਟੈਂਡਰਡ ਉਚਾ ਕਰਨ ਦੀ ਸੋਚ ਰਹੀ ਹੈ ਅਤੇ ਦੂਜੇ ਪਾਸੇ ਐਂਪਲਾਈਜ਼ ਨਾਲ ਇਹ ਹਾਲ ਹੋ ਰਿਹਾ ਹੈ। ਚੀਫ਼ ਮਨਿਸਟਰ ਦੇ ਸਟਾਫ ਵਿਚ ਫਲਾਇੰਗ ਸੁਕਐਡ ਲਈ ਰੁਪਏ ਦੀ ਮੰਗ ਕੀਤੀ ਗਈ ਹੈ। ਇਸ ਦੀ ਬਜਾਏ ਜੇ ਹਾਈ ਪਾਵਰਡ ਕਮਿਸ਼ਨ ਬਣਾਇਆ ਜਾਵੇ ਤਾਂ ਉਸ ਨਾਲ ਕੁਰਪਸ਼ਨ ਰੁਕ ਸਕਦੀ ਹੈ।

ਉਸ ਦੇ ਨਾਲ ਅਫਸਰਾਂ ਦੀ, ਮਨਿਸਟਰਜ਼ ਦੀ ਅਤੇ ਐਮ. ਐਲ. ਏਜ਼ ਦੀ ਸਾਰੀ ਇਨਕੁਆਇਰੀ ਦੇ ਕਾਰਨ ਕੁਰਪਸ਼ਨ ਘਟ ਹੋਣੀ ਸੀ, ਉਸ ਵਲ ਤਾਂ ਧਿਆਨ ਨਹੀਂ ਦਿਤਾ ਗਿਆ ਪਰ ਇਸ ਫਲਾਈਇੰਗ ਸੁਕੇਡ ਲਈ ਮੰਗ ਕੀਤੀ ਜਾ ਰਹੀ ਹੈ ਜਿਸ ਦੁਆਰਾ ਰਿਸ਼ਵਤ ਖਤਮ ਹੋਣੀ ਹੈ, ਉਸ ਪਾਸੇ ਤਾਂ ਧਿਆਨ ਨਹੀਂ ਦਿਤਾ ਗਿਆ। ਪਿਛਲੀ ਵਾਰੀ ਮੁੱਖ ਮੰਤਰੀ ਜੀ ਨੇ ਐਸ਼ੋਰੈਂਸ ਵੀ ਦਿਤੀ ਸੀ ਕਿ ਹਾਈ ਪਾਵਰਡ ਕਮੇਟੀ ਬਣਾਵਾਂਗੇ ਪਰ ਇਸ ਪਾਸੇ ਧਿਆਨ ਨਹੀਂ ਦਿਤਾ ਗਿਆ। ਪੰਜਾਬ ਦੇ ਹਾਇਰ ਅਥਾਰਿਟੀ ਦੇ ਅਫਸਰਾਂ, ਐਮ. ਐਲ. ਏਜ਼ ਅਤੇ ਮਨਿਸਟਰਜ਼ ਦੀ ਇਨਕੁਆਇਰੀ ਕਰਨ ਵਾਸਤੇ ਇਕ ਕਮਿਸ਼ਨ ਬਣਨਾ ਚਾਹੀਦਾ ਹੈ ਤਾਂਕਿ ਇਹ ਜਿਹੜੀ ਰਿਸ਼ਵਤ ਉਪਰ ਤੋਂ ਹੇਠਾਂ ਨੂੰ ਜਾਂਦੀ ਹੈ ਇਹ ਰੋਕੀ ਜਾਵੇ ਪਰ ਇਸ ਪਾਸੇ ਸਰਕਾਰ ਦਾ ਕੋਈ ਧਿਆਨ ਨਹੀਂ ਹੈ।

ਇਸ ਤੋਂ ਬਾਅਦ, ਚੇਅਰਮੈਨ ਸਾਹਿਬ, ਮੈਂ ਡੀਮਾਂਡ ਨੰ: 7 ਤੇ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਜਿਸ ਦੇ ਵਿਚ 4,87,34,000 ਰੁਪਏ ਦੀ ਮੰਗ ਕੀਤੀ ਗਈ ਹੈ ਮਾਡਲ ਪਿੰਡ ਬਣਾਉਣ ਲਈ। ਚੇਅਰਮੈਨ ਸਾਹਿਬ, ਸਰਕਾਰ ਦਾ ਇਹ ਜਿਹੜਾ ਕੰਮ ਹੈ, ਇਹ ਦਰੁਸਤ ਹੈ, ਇਹ ਠੀਕ ਹੈ ਕਿ ਸਰਕਾਰ ਚਾਹੁੰਦੀ ਹੈ ਕਿ ਮਾਡਲ ਪਿੰਡ ਬਣਾਏ ਜਾਣ ਅਤੇ ਜੋ ਸ਼ਹਿਰਾਂ ਵਿਚ ਫਸਿਲਟੀਜ਼ ਹਨ ਉਹ ਪਿੰਡਾਂ ਵਿਚ ਦਿਤੀਆਂ ਜਾਣ। ਲੇਕਿਨ, ਚੇਅਰਮੈਨ ਸਾਹਿਬ, ਜਿਹੜੇ ਮਾਡਲ ਪਿੰਡ ਬਣਾਏ ਗਏ ਹਨ, ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਪਹਿਲਾਂ ਬਲਾਕ ਦੇ ਵਿਚ ਇਕ ਇਕ ਪਿੰਡ ਬਣਾਇਆ ਗਿਆ ਸੀ ਉਨ੍ਹਾਂ ਵਿਚੋਂ ਅਜੇ ਤਕ ਕੋਈ ਇਕ ਵੀ ਪਿੰਡ ਮੁਕੰਮਲ ਨਹੀਂ ਕੀਤਾ ਗਿਆ। (ਵਿਘਨ) ਜਾਂ ਸਰਕਾਰ ਕਿਸੇ ਇਕ ਪਿੰਡ ਦਾ ਨਾਂ ਲੈ ਕੇ ਕਹਿ ਦੇਵੇ ਕਿ ਮੁਕੰਮਲ ਕੀਤਾ ਗਿਆ ਹੈ। ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਜਿਹੜੇ ਪਿੰਡ ਮਾਡਲ ਬਣਾਵਾਂਗੇ, ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਦਿਆਂਗੇ, ਸਕੂਲ ਅਪਗਰੇਡ ਹੋਣਗੇ ਆਦਿ, ਲੇਕਿਨ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਪਿੰਡਾਂ ਦੇ ਕੰਮ ਉਸੇ ਤਰ੍ਹਾਂ ਹੀ ਪਏ ਹਨ ਅਤੇ ਕੀਤਾ ਕੁਝ ਨਹੀਂ। ਮੈਂ ਕਹਿੰਦਾ ਹਾਂ ਕਿ ਜਿਹੜੀ ਬਾਦਲ ਸਾਹਿਬ ਨੇ ਮਾਡਲ ਪਿੰਡ ਬਣਾਉਣ ਦੀ ਸਕੀਮ ਲਿਆਂਦੀ ਸੀ ਉਹ ਦੂਜਰੇ ਪਾਸੇ ਚਲੀ ਗਈ। ਕਿਸੇ ਬਲਾਕ ਵਿਚ 5 ਪਿੰਡ ਲੈ ਲਏ, ਕਿਸੇ ਬਲਾਕ ਵਿਚ 8 ਲੈ ਲਏ ਅਤੇ ਕਿਸੇ ਵਿਚ 10 ਪਿੰਡ ਲੈ ਲਏ, ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਮਾਡਲ ਪਿੰਡ ਬਣਾਉਣ ਦੀ ਸਕੀਮ ਸਿਰੇ ਨਹੀਂ ਚੜ੍ਹਨੀ, ਇਸ ਤਰ੍ਹਾਂ ਉਨ੍ਹਾਂ ਦੀ ਡੀਵੈਲਪਮੈਂਟ ਨਹੀਂ ਹੋਵੇਗੀ। ਹਰ ਬਲਾਕ ਨਾਲ ਇਕੋ ਜਿਹਾ ਸਲੂਕ ਹੋਣਾ ਚਾਹੀਦਾ ਹੈ ਅਤੇ ਇਕ ਹੀ ਅਸੂਲ ਤੇ ਕੰਮ ਹੋਣਾ ਚਾਹੀਦਾ ਹੈ। ਦੂਸਰੇ ਪਾਸੇ ਹੋਰ ਜਿਹੜੀ ਮਾਰਕਿਟ ਸੁਸਾਇਟੀਆਂ ਰਾਹੀਂ ਜਾਂ ਬਲਾਕ ਸੰਮਤੀਆਂ ਆਦਿ ਰਾਹੀਂ ਜਿਹੜੀ ਡੀਵੈਲਪਮੈਂਟ ਹੁੰਦੀ ਸੀ ਉਹ ਵੀ ਇਨ੍ਹਾਂ ਪਿੰਡਾਂ ਵਿਚ ਆ ਗਈ ਹੈ ਉਹ ਵੀ ਕੁਝ ਨਹੀਂ ਕਰਦੇ ਅਤੇ ਸਭ ਛੱਡੀ ਬੈਠੇ ਹਨ। ਇਨ੍ਹਾਂ ਨੇ ਹੋਰ ਕੀਤਾ ਹੈ ਕਿ ਇਕ ਬਲਾਕ ਦਾ ਹਿੱਸਾ ਦੂਸਰੇ ਬਲਾਕ ਵਿਚ ਪਾ ਦੇਣਾ, ਇਹ ਦਰੁਸਤ ਨਹੀਂ। ਇਹ ਵੀ ਠੀਕ ਨਹੀਂ ਕਿ ਇਕ ਬਲਾਕ ਵਿਚ 2 ਮਾਡਲ ਪਿੰਡ ਬਣਾਏ ਜਾਣ ਅਤੇ ਦੂਸਰੇ ਵਿਚ 4 ਬਣਾਏ ਜਾਣ, ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਹ ਜਿਹੜੀ 5-5 ਪਿੰਡਾਂ ਦੀ ਟਰਮ ਆਈ ਹੈ, ਇਸ ਨਾਲ ਸਾਰੇ ਪਿੰਡਾਂ ਵਿਚ ਕੰਮ ਸ਼ੁਰੂ ਕੀਤਾ ਹੈ, ਮੈਂ ਦਸਦਾ ਹਾਂ ਕਿ ਕਈ ਬਲਾਕ ਐਸੇ ਹਨ ਕਿ ਜਿਥੇ ਇਕ ਇਕ ਪਿੰਡ ਵਿਚ ਹੀ ਕੰਮ ਸ਼ੁਰੂ ਹੋਇਆ ਹੈ ਅਤੇ ਬਾਕੀ ਦੇ ਚਾਰ ਚਾਰ ਪਿੰਡ ਐਵੇਂ ਹੀ ਪਏ ਹਨ। ਇਹ ਠੀਕ ਨਹੀਂ ਹੈ। ਇਹ ਨੀਤੀ ਬਦਲ ਕੇ ਅੱਛੀ ਨੀਤੀ ਨਾਲ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਜਿਹੜੇ ਪਿੰਡਾਂ ਵਿਚ ਗੁਰਦੁਆਰੇ ਹਨ, ਜਾਂ ਜਿਹੜੇ ਹਿਸਟਾਰੀਕਲ ਪਲੇਸ ਹਨ ਜਾਂ ਜਿਥੋਂ ਦੇ ਅਗੂ ਹੋਏ ਹਨ ਉਹ ਮਾਡਲ ਪਿੰਡ ਬਣਾਉਣੇ ਹਨ। ਮੈਂ, ਚੇਅਰਮੈਨ ਸਾਹਿਬ, ਕਹਿੰਦਾ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਗੁਰਦੁਆਰੇ ਜਿਥੇ ਹਨ ਜਾਂ ਜਿਹੜੇ ਇਤਿਹਾਸਕ ਪਲੇਸਿਜ਼ ਹਨ, ਉਥੇ ਮਾਡਲ ਪਿੰਡ ਬਣਾਉਣੇ ਹਨ, ਬਣ ਗਏ ਹੋਣਗੇ। ਪਰ ਮੈਂ ਕਹਿੰਦਾ ਹਾਂ ਕਿ ਜਿਹੜੀ ਖਾਸ ਹਿਸਟਾਰੀਕਲ ਥਾਂ ਹੈ, ਜਿਸ ਤਰ੍ਹਾਂ ਕਿ ਸੱਗੋਵਾਲ

[ਕਾਮਰੇਡ ਕੁਲਵੰਤ ਸਿੰਘ]

ਪਿੰਡ ਹੈ ਜਿਥੇ ਦੇ ਦੋ ਯੋਧਿਆਂ ਨੇ ਘਾਲਣਾ ਘਾਲੀ, ਇਸ ਬਾਰੇ ਅਸੀਂ ਡਿਪਟੀ ਕਮਿਸ਼ਨਰ ਨੂੰ ਵੀ ਕਿਹਾ ਕਿ ਇਹ ਪਿੰਡ ਵੀ ਮਾਡਲ ਪਿੰਡ ਬਣਨਾ ਚਾਹੀਦਾ ਹੈ, ਪਰ ਸਰਕਾਰ ਨੇ ਇਸ ਪਿੰਡ ਵਲ ਕੋਈ ਧਿਆਨ ਨਹੀਂ ਦਿਤਾ। ਜਿਹੜੇ ਅਜਿਹੇ ਪਿੰਡ ਪੁਰਾਣੇ ਪਿੰਡ ਹਨ ਜਿਥੋਂ ਦੇ ਜੋਧਿਆਂ ਨੇ ਦੇਸ਼ ਦੀ ਆਜ਼ਾਦੀ ਲਿਆਉਣ ਵਿਚ ਬੜਾ ਭਾਰੀ ਹਿੱਸਾ ਪਾਇਆ, ਉਨ੍ਹਾਂ ਪਿੰਡਾਂ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਉਨ੍ਹਾਂ ਦੀ ਵੀ ਤਰੱਕੀ ਹੋ ਸਕੇ। ਇਨ੍ਹਾਂ ਨੇ ਇਕ ਹੋਰ ਕਰਾਈਟੇਰੀਆ ਬਣਾਇਆ ਸੀ ਕਿ ਜਿਹੜੇ ਪਿੰਡ ਸੜਕ ਤੇ ਹੋਣ ਅਤੇ ਜਿਨ੍ਹਾਂ ਦੀ ਆਬਾਦੀ ਹਜ਼ਾਰ ਜਾਂ 12 ਸੌ ਹੋਵੇਗੀ ਅਤੇ ਸੇਮ ਨਾ ਹੋਵੇ ਉਹ ਲਏ ਜਾਣਗੇ ਪਰ ਹੁਣ ਇਹ ਕਰਾਈਟੇਰੀਆ ਛੱਡ ਦਿੱਤਾ ਗਿਆ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਦਾ ਹਾਂ ਕਿ ਜਿਹੜੇ ਮਾਡਲ ਪਿੰਡ ਬਣਾ ਦਿੱਤੇ, ਗਜ਼ਟ ਨੋਟੀਫੀਕੇਸ਼ਨ ਹੋ ਗਈ ਔਰ ਹੁਣ ਜਿਹੜੀਆਂ ਸੜਕਾਂ ਬਣਾਉਣੀਆਂ ਹਨ ਉਹ ਉਸੀ ਪਲਾਨ ਤੇ ਬਣਨ ਕਿਤੇ ਇਹ ਨਾ ਹੋਵੇ ਕਿ ਜਿਥੋਂ ਵੋਟਾਂ ਲੈਣੀਆਂ ਹਨ ਇਕੱਲੀਆਂ ਉਥੇ ਹੀ ਨਾ ਬਣਾਈ ਜਾਣ। ਜਿਹੜੇ ਮਾਡਲ ਪਿੰਡ ਬਣੇ ਹਨ, ਲਿੰਕ ਰੋਡਜ਼ ਵੀ ਉਸੀ ਹਿਸਾਬ ਨਾਲ ਬਣਾਈਆਂ ਜਾਣ। ਜਿਸ ਤਰ੍ਹਾਂ ਕਿ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅਸੀਂ 3 ਸਾਲਾਂ ਦੇ ਵਿਚ ਸਾਰੀਆਂ ਪੱਕੀਆਂ ਸੜਕਾਂ ਕਰਾ ਦਿਆਂਗੇ ਤਾਂਕਿ ਕਿਤੇ ਇਹ ਨਾ ਹੋਵੇ ਕਿ ਕਿਸੇ ਪਿੰਡ ਨੂੰ ਦੋ ਸੜਕਾਂ ਬਣ ਜਾਣ ਅਤੇ ਕਿਸੇ ਪਿੰਡ ਨੂੰ ਇਕ ਵੀ ਨਾ ਬਣੇ। ਮੈਂ ਕਹਿੰਦਾ ਹਾਂ ਕਿ ਜਿਹੜੀਆਂ ਸੜਕਾਂ ਬਹੁਤੇ ਪਿੰਡਾਂ ਨੂੰ ਮਿਲਾਉਂਦੀਆਂ ਹਨ, ਉਨ੍ਹਾਂ ਨੂੰ ਬਣਾ ਦਿੱਤਾ ਜਾਵੇ।

ਚੇਅਰਮੈਨ ਸਾਹਿਬ, ਹੁਣ ਮੈਂ ਡੀਮਾਂਡ ਨੰ: 17 ਵੱਲ ਆਉਂਦਾ ਹਾਂ। ਇਸ ਡੀਮਾਂਡ ਦੁਆਰਾ ਇਨ੍ਹਾਂ ਨੇ ਡਰੇਨਜ਼ ਲਈ ਪੈਸੇ ਮੰਗੇ ਹਨ। ਇਹ ਦਰੁਸਤ ਹੈ ਕਿਉਂਕਿ ਪੰਜਾਬ ਜਿਹੜਾ ਸੇਮ ਦਾ ਮਾਰਿਆ ਹੋਇਆ ਸੂਬਾ ਹੈ, ਇਥੇ ਡਰੇਨਾਂ ਬਣਨਗੀਆਂ। ਲੇਕਿਨ ਡਰੇਨਾਂ ਦਾ ਜਿਹੜਾ ਕੰਮ ਹੈ, ਉਹ ਮੈਂ ਦੱਸਦਾ ਹਾਂ ਕਿ ਕੁਝ ਡਰੇਨਾਂ ਵਿਚੋਂ ਅੱਧੀਆਂ ਅੱਧੀਆਂ ਡਰੇਨਾਂ ਤਾਂ ਬਣੀਆਂ ਹੋਈਆਂ ਹਨ ਅੱਧੀਆਂ ਅੱਧੀਆਂ ਬਣਨ ਵਾਲੀਆਂ ਰਹਿੰਦੀਆਂ ਹਨ, ਇਸ ਦਾ ਕੋਈ ਫਾਇਦਾ ਨਹੀਂ। ਇਹ ਪੂਰੀਆਂ ਮੁਕੰਮਲ ਬਣਨੀਆਂ ਚਾਹੀਦੀਆਂ ਹਨ ਤਾਂ ਹੀ ਇਨ੍ਹਾਂ ਦਾ ਫਾਇਦਾ ਹੋ ਸਕਦਾ ਹੈ। ਪਿਛਲੇ ਦੋ ਸਾਲਾਂ ਵਿਚ ਬਾਰਸ਼ਾਂ ਘੱਟ ਹੋਈਆਂ ਹਨ ਬਚਾ ਰਿਹਾ ਹੈ ਨਹੀਂ ਤਾਂ ਡਰੇਨਾਂ ਦਾ ਸਿਸਟਮ ਚੰਗਾ ਨਾ ਹੋਣ ਕਰਕੇ ਪਹਿਲੇ ਬਾਰਿਸ਼ਾਂ ਨੇ ਬਹੁਤ ਤਬਾਹੀ ਲਿਆਂਦੀ ਹੈ। ਪਿਛੇ ਡਰੇਨਾਂ ਸਹੀ ਢੰਗ ਦੀਆਂ ਨਾ ਹੋਣ ਕਰਕੇ 36-40 ਕਰੋੜ ਰੁਪਏ ਦਾ ਫ਼ਸਲਾਂ ਦਾ ਨੁਕਸਾਨ ਹੋਇਆ ਹੈ। ਇਸ ਲਈ ਇਨ੍ਹਾਂ ਵਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਹੜੀ ਡਰੇਨ ਦਾ ਕੰਮ ਸ਼ੁਰੂ ਕੀਤਾ ਹੈ ਉਸ ਨੂੰ ਸਿਰੇ ਲਾਇਆ ਜਾਣਾ ਚਾਹੀਦਾ ਹੈ। ਜਿਹੜੀਆਂ ਪੁਰਾਣੀਆਂ ਡਰੇਨਾਂ ਕੱਚੀਆਂ ਹਨ, ਉਨ੍ਹਾਂ ਵਿਚ ਕਾਹੀ ਘਾਹ ਅਤੇ ਬੂਝੇ ਆਦਿ ਖੜੇ ਹਨ ਜਿਸ ਕਰਕੇ ਉਨ੍ਹਾਂ ਦੇ ਵਿਚ ਦੀ ਪਾਣੀ ਨਹੀਂ ਲੰਘ ਸਕਦਾ ਅਤੇ ਪਾਣੀ ਬਾਹਰ ਖੜੀਆਂ ਫਸਲਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉਨ੍ਹਾਂ ਦੇ ਬੈਡ ਦੀ ਸਫਾਈ ਹੋਣੀ ਚਾਹੀਦੀ ਹੈ। ਮਹਿੰਗਰਵਾਲ ਡਰੇਨ ਹੁਸ਼ਿਆਰਪੁਰ ਵਿਚ ਹੈ, ਉਸ ਦੇ ਉਤੇ ਕੁਝ ਆਦਮੀ ਲਗਾਏ ਗਏ ਹਨ ਪਰ ਉਹ ਠੀਕ ਕੰਮ ਨਹੀਂ ਕਰਦੇ ਪਏ। ਉਹ ਬਾਹਰੋਂ ਜ਼ਮੀਨ ਮਾਲਕਾਂ ਦੀ ਜ਼ਮੀਨ ਵਿਚੋਂ ਮਿੱਟੀ ਪੁੱਟ ਕੇ ਉਨ੍ਹਾਂ ਦੀ ਫਸਲ ਖਰਾਬ ਕਰ ਰਹੇ ਹਨ ਅਤੇ ਡਰੇਨ ਦੀ ਸਫਾਈ ਅੱਛੀ ਤਰ੍ਹਾਂ ਨਹੀਂ ਕਰ ਰਹੇ। ਜਿਨ੍ਹਾਂ ਮਾਲਕਾਂ ਨੇ ਆਪਣੀ ਜ਼ਮੀਨ ਡਰੇਨ ਵਾਸਤੇ ਦਿਤੀ ਹੈ, ਉਨ੍ਹਾਂ ਦੀ ਫਸਲ ਨੂੰ ਕਿਉਂ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਸਗੋਂ ਡਰੇਨ ਦੇ ਬੈਡ ਦੀ ਸਫਾਈ ਕਰਨੀ ਚਾਹੀਦੀ ਹੈ। ਠੀਕ ਢੰਗ ਨਾਲ ਡਰੇਨ ਦੀ ਸਫਾਈ ਕਰਨੀ ਚਾਹੀਦੀ ਹੈ। ਇਹ ਜਿਹੜੇ ਡਰੇਨਾਂ ਵਿਚ ਕਾਹੀ, ਘਾਹ ਅਤੇ ਬੂਝੇ ਹੋ ਗਏ ਹਨ, ਇਨ੍ਹਾਂ ਦੀ ਮਸ਼ੀਨ ਦੇ ਨਾਲ ਸਫਾਈ ਕਰਨੀ ਚਾਹੀਦੀ ਹੈ ਤਾਂਕਿ ਜਿਨ੍ਹਾਂ ਲੋਕਾਂ ਨੇ ਆਪਣੀ ਜ਼ਮੀਨ ਡਰੇਨ ਵਾਸਤੇ ਦਿਤੀ ਹੈ, ਉਨ੍ਹਾਂ ਦੀ ਫਸਲ ਖਰਾਬ ਨਾ ਹੋਵੇ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਇਹ ਚੀਜ਼ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਨੇ ਬੜਾ ਵਾਵੇਲਾ ਕੀਤਾ ਸੀ ਕਿ ਪੰਜਾਬ ਦੇ ਵਿਚ ਜਿਹੜੀਆਂ

ਬੈਂਕਾਂ ਨੈਸ਼ਨੇਲਾਈਜ਼ਡ ਹੋਈਆਂ ਹਨ ਉਹ ਲੋਕਾਂ ਨੂੰ ਕਰਜ਼ੇ ਦੇਣਗੀਆਂ ਪਰ ਕਮਰਸ਼ੀਅਲ ਬੈਂਕਾਂ ਜਿਹੜੀਆਂ ਹਨ ਉਹ ਪੰਜਾਬ ਦੇ ਲੋਕਾਂ ਨੂੰ ਕਰਜ਼ੇ ਨਹੀਂ ਦਿੰਦੀਆਂ । ਮੈਨੂੰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਦਿਨਾਂ ਵਿਚ ਜਦੋਂ ਕਮਿਊਨਿਸਟ ਪਾਰਟੀ, ਕਿਸਾਨ ਸਭਾ ਅਤੇ ਦਿਹਾਤੀ ਮਜ਼ਦੂਰ ਸਭਾ ਨੇ ਇਨ੍ਹਾਂ ਬੈਂਕਾਂ ਦਾ ਘੇਰਾ ਪਾਇਆ ਸੀ ਤਾਂ ਇਸ ਕਰਕੇ ਇਨ੍ਹਾਂ ਬੈਂਕਾਂ ਵਿਚ 4-00 P.M. ਜਿਹੜਾ ਪੈਸਾ ਜਮ੍ਹਾਂ ਹੁੰਦਾ ਹੈ ਪੰਜਾਬ ਦੇ ਬੈਂਕਾਂ ਦਾ 75 ਫੀ ਸਦੀ ਰੁਪਿਆ ਪੰਜਾਬ ਦੇ ਲੋਕਾਂ ਨੂੰ ਕਰਜ਼ੇ ਵਜੋਂ ਦਿਤਾ ਜਾਵੇ ਜਿਹੜਾ ਕਿ ਆਮ ਤੌਰ ਤੇ ਸਾਰੇ ਦਾ ਸਾਰਾ ਬਾਹਰ ਦਿਤਾ ਜਾਂਦਾ ਹੈ । ਇਹ ਜੋ ਕੁਝ ਇਨ੍ਹਾਂ ਨੇ ਕੀਤਾ ਹੈ ਕਿ ਇਹ ਬੈਂਕ ਨੈਸ਼ਨੇਲਾਈਜ਼ੇਸ਼ਨ ਦੀ ਪਾਲਿਸੀ ਦੇ ਖਿਲਾਫ਼ ਕੀਤਾ ਹੈ । ਬੈਂਕਾਂ ਵਿਚ 55 ਫੀ ਸਦੀ ਐਗਰੀਕਲਚਰ ਨੂੰ, 25 ਫੀ ਸਦੀ ਛੋਟੀ ਇੰਡਸਟਰੀ ਨੂੰ ਦਿਤਾ ਜਾਵੇ ਅਤੇ ਬਾਕੀ ਜਿਹੜਾ 20% ਹੈ ਉਹ ਛੋਟਾ ਕਿੱਤਾ ਕਰਨ ਵਾਲਿਆਂ ਨੂੰ ਅਰਥਾਤ ਜੁਤੀਆਂ ਗੰਢਣ ਵਾਲਿਆਂ ਨੂੰ, ਰਿਕਸ਼ਾ ਚਲਾਉਣ ਵਾਲਿਆਂ ਆਦਿ ਨੂੰ ਦਿਤਾ ਜਾਵੇ । ਉਸ ਸਬੰਧ ਵਿਚ ਜਿਹੜੀ ਐਜੀਟੇਸ਼ਨ ਚਲ ਰਹੀ ਸੀ ਪੰਜਾਬ ਦੀ ਸਰਕਾਰ ਨੇ 7 ਕ੍ਰਿਮੀਨਲ ਐਕਟ ਦੇ ਤਹਿਤ ਗਰਿਫਤਾਰੀਆਂ ਸ਼ੁਰੂ ਕੀਤੀਆਂ । ਚੇਅਰਮੈਨ ਸਾਹਿਬ, ਮੈਨੂੰ ਵੀ ਜਲੰਧਰ ਵਿਚ ਗ੍ਰਿਫਤਾਰ ਕੀਤਾ ਗਿਆ । ਕਪੂਰਥਲੇ ਵਿਚ ਵੀ ਗ੍ਰਿਫਤਾਰੀ ਕੀਤੀ ਗਈ । ਇਹ ਜਿਹੜਾ ਐਕਟ ਹੈ ਇਸ ਦੀ ਇਨ੍ਹਾਂ ਨੇ ਸਖਤੀ ਨਾਲ ਵਰਤੋਂ ਕੀਤੀ, ਇਸ ਦੀ ਦਰੁਸਤ ਵਰਤੋਂ ਨਹੀਂ ਕੀਤੀ ਹੈ । ਇਹ ਜਿਹੜੇ ਨੈਸ਼ਨਲਾਈਜ਼ਡ ਬੈਂਕਸ ਸਨ, ਉਨ੍ਹਾਂ ਦੀ ਨੀਤੀ ਦੇ ਖਿਲਾਫ ਜਿਹੜੀ ਨੀਤੀ ਪੰਜਾਬੀਆਂ ਦੇ ਹੱਕ ਵਿਚ ਨਹੀਂ ਸੀ ਉਸ ਵਿਚ ਕ੍ਰਿਮੀਨਲ ਐਕਟ ਦੇ ਥਲੇ ਇਨ੍ਹਾਂ ਨੇ 250 ਆਦਮੀਆਂ ਨੂੰ ਜਲਧੰਰ ਵਿਚੋਂ ਗ੍ਰਿਫਤਾਰ ਕੀਤਾ ਅਤੇ 100 ਆਦਮੀਆਂ ਨੂੰ ਕਪੂਰਥਲੇ ਤੋਂ ਗ੍ਰਿਫਤਾਰ ਕੀਤਾ । ਇਹ ਠੀਕ ਨਹੀਂ ਹੈ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀ ਪੰਜਾਬ ਦੀ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਬੜੇ ਬੜੇ ਦਾਵੇ ਕਰਦੀ ਹੈ । (ਵਿਘਨ) ਇਥੇ ਕਲ ਹੀ ਸਰਦਾਰ ਗੁਰਮੀਤ ਸਿੰਘ ਜੀ ਨੇ ਕਿਹਾ ਸੀ ਕਿ 1920 ਦੇ ਪਤਾ ਨਹੀਂ ਕਿਹੜੇ ਮਹੀਨੇ ਤੇ ਕਿਹੜੀ ਤਾਰੀਖ ਸੀ ਜਦੋਂ ਹਰੀਜਨਾਂ ਨੂੰ ਗੁਰਦੁਆਰਿਆਂ ਵਿਚ ਵੜਨ ਨਹੀਂ ਸੀ ਦਿਤਾ ਜਾਂਦਾ । ਇਹ ਅਕਾਲੀ ਪਾਰਟੀ ਉਸ ਵੇਲੇ ਹੋਂਦ ਵਿਚ ਆਈ ਅਤੇ ਉਨ੍ਹਾਂ ਨੇ ਜ਼ੁਲਮ ਦਾ ਨਾਸ ਕੀਤਾ । ਮੈਂ ਇਸ ਸਰਕਾਰ ਨੂੰ ਦਸਣਾ ਚਾਹੁੰਦਾ ਹਾਂ ਕਿ ਜਦੋਂ ਬੇਦੀ ਫਾਰਮ ਦਾ ਖੱਲਲ ਪਾਇਆ ਜਾ ਰਿਹਾ ਸੀ । (ਵਿਘਨ) ਬੇਦੀ ਫਾਰਮ ਦੀ ਜਾਇਦਾਦ ਇਸ ਇਵਜ਼ ਵਿਚ ਉਨ੍ਹਾਂ ਅੰਗਰੇਜ਼ਾਂ ਤੋਂ ਮਿਲੀ ਸੀ ਕਿ ਉਥੇ ਨਨਕਾਣਾ ਸਾਹਿਬ ਵਿਚ ਇਨ੍ਹਾਂ ਨੇ 219 ਆਦਮੀਆਂ ਨੂੰ ਸ਼ਹੀਦ ਕਰਵਾਇਆ ਸੀ ਅਤੇ ਇਸ ਇਵਜ਼ ਵਿਚ ਅੰਗਰੇਜ਼ਾਂ ਤੋਂ ਇਨ੍ਹਾਂ ਨੂੰ ਜ਼ਮੀਨ ਮਿਲੀ ਸੀ । (ਵਿਘਨ) ਜੇ ਅੱਜ ਲੈਂਡ ਰੀਫਾਰਮ ਕਰਾਉਣ ਵਾਸਤੇ ਕਮਿਊਨਿਸਟ ਪਾਰਟੀ ਲੜਾਈ ਕਰ ਰਹੀ ਹੈ ਅਤੇ ਜਿਹੜੀ ਕਿ ਸ਼ਾਂਤੀ ਪੂਰਵਕ ਢੰਗ ਨਾਲ ਕਰ ਰਹੀ ਹੈ ਤਾਂ ਪੰਜਾਬ ਸਰਕਾਰ ਨੇ ਜੋ ਅਤਿਆਚਾਰ ਕੀਤੇ ਉਹ ਆਪ ਦੇ ਸਾਹਮਣੇ ਹੀ ਹਨ । ਮੈਂ ਸਰਦਾਰ ਗੁਰਮੀਤ ਸਿੰਘ ਦਾ ਧਿਆਨ ਇਸ ਪਾਸੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਕਿ ਅਕਾਲੀ ਪਾਰਟੀ ਦੀ ਹੋਂਦ ਜ਼ੁਲਮ ਦੇ ਖਿਲਾਫ ਹੋਈ ਸੀ ਔਰ ਜ਼ੁਲਮ ਨੂੰ ਖ਼ਤਮ ਕਰਨ ਵਾਸਤੇ ਹੋਈ ਸੀ । ਮੈਂ ਅਰਜ਼ ਕਰਾਂਗਾ ਕਿ ਘੱਟੋ ਘੱਟ ਉਨ੍ਹਾਂ ਲੋਕਾਂ ਦੀ ਜਿਨ੍ਹਾਂ ਨੇ ਹਜ਼ਾਰਾਂ ਏਕੜ ਜ਼ਮੀਨ ਲੈਣ ਵਾਸਤੇ ਨਨਕਾਣਾ ਸਾਹਿਬ ਵਿਖੇ ਸਿੱਖਾਂ ਨੂੰ ਸ਼ਹੀਦ ਕਰਵਾਇਆ ਉਨ੍ਹਾਂ ਦੀ ਇਹ ਸਰਕਾਰ ਰਾਖੀ ਨਾ ਕਰੇ । (ਵਿਘਨ)

ਚੇਅਰਮੈਨ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਅੱਜ ਜਿਹੜੇ ਹਾਲਾਤ ਹਨ ਇਸ ਹਾਲਾਤ ਵਿਚ ਸਰਕਾਰ ਆਪਣੀ ਨੀਤੀ ਬਦਲੇ ਅਤੇ ਇਹ ਨੀਤੀ ਬਦਲ ਕੇ ਆਮ ਲੋਕਾਂ ਵਲ ਲਿਆਵੇ । (ਵਿਘਨ) ਜਿਹੜੇ ਆਦਮੀਆਂ ਨੂੰ ਇਨ੍ਹਾਂ ਨੇ ਗ੍ਰਿਫਤਾਰ ਕੀਤਾ ਹੈ, ਜਿਹੜੇ 100 ਆਦਮੀਆਂ ਤੇ ਕੇਸਿਜ਼ ਚਲਦੇ ਹਨ ਉਹ ਵਾਪਸ ਲਵੇ ਅਤੇ ਉਨ੍ਹਾਂ ਨੂੰ ਰਿਹਾ ਕਰੇ । ਮੈਂ ਸਰਕਾਰ ਦਾ ਧਿਆਨ ਇਸ ਗੱਲ ਵਲ ਦਿਵਾਉਣਾ

[ਕਾਮਰੇਡ ਕੁਲਵੰਤ ਸਿੰਘ]

ਚਾਹੁੰਦਾ ਹਾਂ ਜੋ ਇਹ ਸਮਝਦੀ ਹੈ ਅਤੇ ਇਹ ਦਾਵਾ ਕਰਦੀ ਹੈ ਕਿ ਅਕਾਲੀ ਪਾਰਟੀ ਦੇ ਵਿਰਸੇ ਵਿਚ ਇਹ ਚੀਜ਼ ਮਿਲੀ ਹੈ ਕਿ ਜ਼ੁਲਮ ਦਾ ਨਾਸ਼ ਕਰਨਾ ਅਤੇ ਜ਼ੁਲਮ ਦੇ ਖਿਲਾਫ ਲੜਨਾ ਹੈ ਤਾਂ ਅੱਜ ਜੋ ਪੰਜਾਬ ਵਿਚ ਜ਼ੁਲਮ ਅਤੇ ਅਤਿਆਚਾਰ ਹੋ ਰਹੇ ਹਨ ਉਹ ਖ਼ਤਮ ਕਰੇ। (ਵਿਘਨ) ਇਹ ਜੋ 100 ਆਦਮੀਆਂ ਦੇ ਖਿਲਾਫ ਜਿਨ੍ਹਾਂ ਵਿਚ, ਚੇਅਰਮੈਨ ਸਾਹਿਬ, ਇਕ ਦਸ ਸਾਲ ਦਾ ਬੱਚਾ ਵੀ ਹੈ ਜੇ ਮੈਂ ਉਸ ਦੇ ਖਿਲਾਫ ਦਫ਼ਾ ਦਸਣ ਲਗਾਂ ਤਾਂ ਤਕਰੀਬਨ 15 ਤਾਂ ਉਸ ਤੇ ਦਫ਼ਾ ਲਾਈਆਂ ਹਨ, ਜੋ ਝੂਠੇ ਕੇਸਿਜ਼ ਬਣਾਏ ਹਨ ਉਹ ਵਾਪਸ ਲਏ ਜਾਣ ਅਤੇ ਉਨ੍ਹਾਂ ਨੂੰ ਰਿਹਾ ਕੀਤਾ ਜਾਵੇ। ਇਨ੍ਹਾਂ ਸ਼ਬਦਾਂ ਨਾਲ ਚੇਅਰਮੈਨ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਵਾਸਤੇ ਸਮਾਂ ਦਿਤਾ ਹੈ।

ਭਗਤ ਗੁਰਾਂ ਦਾਸ ਹੰਸ (ਸ਼ਾਮ ਚੌਰਾਸੀ ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਡੀਮਾਂਡ ਨੰਬਰ 7 ਤੇ ਬੋਲਣਾ ਚਾਹੁੰਦਾ ਹਾਂ ਜਿਹੜੀ ਕਿ 4,87,34,000 ਰੁਪਏ ਦੀ ਹੈ ਅਤੇ ਜੋ ਕਿ ਮਾਡਲ ਪਿੰਡਾਂ, ਆਦਰਸ਼ ਪਿੰਡਾਂ ਬਾਰੇ ਹੈ। ਚੇਅਰਮੈਨ ਸਾਹਿਬ, ਇਹ ਬੜੀ ਖੁਸ਼ੀ ਦੀ ਗਲ ਹੈ ਕਿ ਸਾਡੇ ਪੰਜਾਬ ਦੀ ਤਰੱਕੀ ਹੋਣੀ ਚਾਹੀਦੀ ਹੈ ਪਰ ਅਸਲ ਵਿਚ ਇਹ ਤਰੱਕੀ ਹੋ ਨਹੀਂ ਰਹੀ। ਜਿਸ ਕਿਸੇ ਪਿੰਡ ਵਿਚ ਤੁਸੀਂ ਚਲੇ ਜਾਓ ਤੁਹਾਨੂੰ ਪਤਾ ਲਗ ਜਾਵੇਗਾ ਕਿ ਕਿਤਨੀ ਕੁ ਤਰੱਕੀ ਹੋਈ ਹੈ। ਚੇਅਰਮੈਨ ਸਾਹਿਬ ਮੇਰੀ ਅਰਜ਼ ਹੈ ਕਿ ਤੁਸੀਂ ਦੇਖੋਗੇ ਕਿ ਹਰ ਸੜਕ ਤੇ ਪੱਥਰ ਲਗਿਆ ਹੈ ਪਰ ਉਹ ਪੱਥਰ ਹੀ ਪੱਥਰ ਲਗਿਆ ਹੋਇਆ ਹੈ ਅਸਲੀਅਤ ਵਿਚ ਉਥੇ ਕੁਝ ਨਹੀਂ। ਮੈਂ ਆਪਣੇ ਹਲਕੇ ਦੀ ਗਲ ਕਰਦਾ ਹਾਂ ਕਿ ਮੇਰੇ ਹਲਕੇ ਵਿਚ ਮਨਿਸਟਰ ਸਾਹਿਬ ਨੇ ਕਿਤਨੇ ਪੱਥਰ ਰਖੇ ਹਨ। ਮਨਿਸਟਰ ਸਾਹਿਬ ਕਹਿੰਦੇ ਹਨ ਕਿ ਪੱਥਰ ਰਖਣ ਮੈਂ ਆਉਣਾ ਹੈ ਹੋਰ ਕੋਈ ਨਾ ਆਵੇ। ਚੇਅਰਮੈਨ ਸਾਹਿਬ, ਉਹ ਕਹਿੰਦੇ ਹਨ ਕਿ ਜਦ ਮੈਂ ਪੱਥਰ ਰਖਾਂਗਾ ਤਾਂ ਹੀ ਸੜਕ ਬਣਨੀ ਹੈ, ਮਾਡਲ ਪਿੰਡ ਬਣਨਾ ਹੈ ਨਹੀਂ ਤਾਂ ਨਹੀਂ ਬਣਨਾ। ਇਹੋ ਜਿਹੀ ਗਲ ਅਗੇ ਕਦੇ 20 ਸਾਲਾਂ ਵਿਚ ਨਹੀਂ ਸੀ ਹੋਈ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਇਕ ਪਿੰਡ ਨੇ 10 ਹਜ਼ਾਰ ਰੁਪਿਆ ਦਿਤਾ। ਔਰ ਜੋ 10 ਹਜ਼ਾਰ ਰੁਪਿਆ ਪਿੰਡ ਤੋਂ ਲਿਆਇਆ ਗਿਆ ਉਸ ਵਿਚੋਂ ਇਕ ਹਜ਼ਾਰ ਤਾਂ ਪਾਰਟੀਆਂ ਅਤੇ ਮੁਰਗਿਆਂ ਤੇ ਖਰਚ ਕਰ ਦਿਤਾ ਪਰ ਹਾਲੇ ਤਕ ਉਥੇ ਕੁਝ ਵੀ ਨਹੀਂ ਬਣਿਆ। ਚੇਅਰਮੈਨ ਸਾਹਿਬ, ਇਹ ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਸਾਡਾ ਅਕਾਲੀ ਪਾਰਟੀ ਨਾਲ ਕੁਝ ਪ੍ਰੇਮ ਹੈ ਅਤੇ ਅਸੀਂ ਉਨ੍ਹਾਂ ਦੀ ਸਪੋਰਟ ਕੀਤੀ ਹੈ ਜੇ ਉਹ ਕੋਈ ਚੰਗੇ ਕੰਮ ਕਰਨਗੇ ਤਾਂ ਸਾਨੂੰ ਵੀ ਲੋਕੀਂ ਕਹਿਣਗੇ ਕਿ ਇਨ੍ਹਾਂ ਨੇ ਚੰਗਾ ਕੰਮ ਕੀਤਾ ਹੈ। ਪਰ ਇਹ ਅਕਾਲੀ ਸਰਕਾਰ ਚੰਗੇ ਕੰਮ ਕਰਦੀ ਨਹੀਂ। ਚੇਅਰਮੈਨ ਸਾਹਿਬ, ਇਥੇ ਇਸ ਹਾਊਸ ਵਿਚ ਅੱਜ ਹੀ ਇਕ ਮਾਨਯੋਗ ਉਪ ਮੰਤਰੀ ਸਾਹਿਬ ਨੇ ਕਿਹਾ ਕਿ ਤੂੰ ਲਿਖਾਈਂ ਇਸ ਤਰ੍ਹਾਂ ਮੈਂ ਛੇ ਮਹੀਨੇ ਲਈ ਅੰਦਰ ਕਰ ਦਿਆਂਗਾ। (ਵਿਘਨ) ਮੇਰੀ ਅਰਜ਼ ਹੈ ਕਿ ਜੇ ਇਸ ਤਰ੍ਹਾਂ ਦੇ ਇਨ੍ਹਾਂ ਦੇ ਦੋਸਤ ਹਨ ਤਾਂ ਇਨ੍ਹਾਂ ਨੂੰ ਦੁਸ਼ਮਣਾਂ ਦੀ ਕੋਈ ਲੋੜ ਨਹੀਂ। ਸੋ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹੋ ਜਿਹੇ ਗੈਰ ਜ਼ਿਮੇਦਾਰਾਨਾ ਲਫਜ਼ ਇਨ੍ਹਾਂ ਨੂੰ ਨਹੀਂ ਕਹਿਣੇ ਚਾਹੀਦੇ। ਜੇ ਇਹ ਇਸ ਤਰ੍ਹਾਂ ਕਰਦੇ ਹਨ ਤਾਂ ਮੈਂ ਇਹ ਸਮਝਦਾ ਹਾਂ ਕਿ ਇਹੋ ਜਿਹੀ ਮਨਿਸਟਰੀ ਨੂੰ ਡਿਸਮਿਸ ਕਰ ਦੇਣਾ ਚਾਹੀਦਾ ਹੈ। (ਵਿਘਨ)

ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਤਰੱਕੀ ਪਿੰਡਾਂ ਦੀ ਕਰ ਰਹੇ ਹਨ ਇਹ ਸਿਰਫ ਸੰਗਰੂਰ ਔਰ ਬਠਿੰਡਾ ਜ਼ਿਲ੍ਹਾ ਦੀ ਤਰਫ ਹੀ ਧਿਆਨ ਦਿਤਾ ਜਾ ਰਿਹਾ ਹੈ। ਮੇਰੀ ਅਰਜ਼ ਹੈ ਕਿ ਮੇਰਾ ਜ਼ਿਲ੍ਹਾ ਹੁਸ਼ਿਆਰਪੁਰ ਇਕ ਐਸਾ ਜ਼ਿਲ੍ਹਾ ਹੈ ਜਿਹੜਾ ਕਿ ਬੜਾ ਪਛੜਿਆ ਹੋਇਆ ਹੈ ਅਤੇ ਉਸ ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ। ਮੈਂ ਇਹ ਗਲ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਅੰਗਰੇਜ਼ਾਂ ਦੇ ਵੇਲੇ ਇਸ ਜ਼ਿਲ੍ਹੇ ਨੇ ਬੜੇ ਬੜੇ ਬੱਬਰ ਪੈਦਾ ਕੀਤੇ, ਜਿਨ੍ਹਾਂ ਨੇ ਅੰਗਰੇਜ਼ਾਂ ਨਾਲ ਲੜਾਈ ਕੀਤੀ ਅਤੇ ਅੰਗਰੇਜ਼ਾਂ ਨੇ ਉਨ੍ਹਾਂ ਲੋਕਾਂ ਨੂੰ ਬੜਾ ਤੰਗ ਕੀਤਾ ਉਨ੍ਹਾਂ

ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਅਤੇ ਉਨ੍ਹਾਂ ਦੀਆਂ ਬੇਦਖ਼ਲੀਆਂ ਕੀਤੀਆਂ । ਉਸ ਵੇਲੇ ਅੰਗਰੇਜ਼ਾਂ ਦੀ ਸਰਕਾਰ ਸੀ ਅਤੇ ਉਨ੍ਹਾਂ ਨਾਲ ਟੱਕਰ ਸੀ, ਪਰ ਹੁਣ ਤਾਂ ਸਾਡੀ ਆਪਣੀ ਹਕੂਮਤ ਹੈ ਆਪਣੇ ਬੰਦੇ ਹਨ (ਵਿਘਨ) ਤੁਸੀਂ ਜ਼ਰਾ ਹੁਸ਼ਿਆਰਪੁਰ ਦੇ ਕੰਡੀ ਇਲਾਕੇ ਵਿਚ ਜਾ ਕੇ ਵੇਖੋ (ਵਿਘਨ) (ਟ੍ਰੈਜ਼ਰੀ ਬੈਂਚਾਂ ਵਲੋਂ ਵਿਘਨ) ਕੰਡੀ ਦਾ ਜੋ ਇਲਾਕਾ ਹੈ ਉਹ ਰੋਪੜ ਤੋਂ ਲੈ ਕੇ ਗਨਾਹੇ ਤਕ ਅਤੇ ਅਗੇ ਪਠਾਨਕੋਟ ਤਕ ਚਲਾ ਜਾਂਦਾ ਹੈ ਅਤੇ ਉਥੇ ਕਿਸੇ ਕਿਸਮ ਦੀ ਕੋਈ ਜ਼ਰਾਇਤੀ ਸਹੂਲੀਆਤ ਨਹੀਂ ਦਿਤੀਆਂ ਗਈਆਂ। ਉਥੇ ਦੀਆਂ ਜ਼ਮੀਨਾਂ ਬਹੁਤ ਅਛੀਆਂ ਹਨ ਪਰ ਪਾਣੀ ਦੀ ਕਮੀ ਦੇ ਕਾਰਨ ਓਨਾਂ ਦਾ ਬੁਰਾ ਹਾਲ ਹੈ। ਇਹ ਰਿਗ ਵੀ ਉਥੇ ਲਗਾਉਂਦੇ ਹਨ, ਜਿਥੇ ਨਹਿਰਾਂ ਹਨ। ਮੈਂ ਅਰਜ਼ ਕਰਾਂਗਾ ਕਿ ਇਨਾਂ ਨੂੰ ਰਿਗ ਓਥੇ ਲਾਉਣੇ ਚਾਹੀਦੇ ਹਨ, ਜਿਥੇ ਪਾਣੀ ਦੀ ਲੋੜ ਹੋਵੇ ਉਸ ਇਲਾਕੇ ਵਿਚ ਉਸ ਵੇਲੇ ਮੁਸਲਮਾਨ ਰਹਿੰਦੇ ਸਨ ਅਤੇ ਉਹ ਕੁਝ ਜ਼ਿਮੀਦਾਰੀ ਕਰਕੇ ਅਤੇ ਕੁਝ ਹੋਰ ਧੰਦੇ ਕਰਕੇ ਆਪਣਾ ਗੁਜ਼ਾਰਾ ਕਰੀ ਜਾਂਦੇ ਸਨ ਹੁਣ ਉਹ ਉਥੋਂ ਚਲੇ ਗਏ ਹਨ। ਪਾਣੀ ਦੀ ਘਾਟ ਕਰਕੇ ਹੁਣ ਉਥੇ ਇਸ ਤਰ੍ਹਾਂ ਦੀ ਜ਼ਮੀਨ ਬਣ ਗਈ ਹੈ, ਕਿ ਉਥੇ ਲੋਕੀ ਜ਼ਮੀਨਾਂ ਦੇ ਕਬਜ਼ੇ ਤਕ ਨਹੀਂ ਲੈਣ ਜਾਂਦੇ। ਅੱਜ ਕੁਝ ਜ਼ਮੀਨਾਂ ਦੀ ਬੁਰ ਹੋ ਗਈ ਹੈ ਅਤੇ ਜਿਨ੍ਹਾਂ ਲੋਕਾਂ ਨੇ ਕੁਝ ਇਧਰੋਂ ਉਧਰੋਂ ਪੈਸੇ ਕਮਾਏ ਹਨ ਅਤੇ ਉਨ੍ਹਾਂ ਨੇ ਉਥੇ ਜਾ ਕੇ ਆਪਣੇ ਪੈਸੇ ਲਗਾ ਕੇ ਅਤੇ ਟਿਊਬਵੈਲ ਆਦਿ ਦਾ ਇੰਤਜ਼ਾਮ ਕਰਕੇ ਕੰਮ ਸ਼ੁਰੂ ਕੀਤਾ ਹੈ, ਪਰ ਗਰੀਬ ਤਾਂ ਉਥੇ ਕੋਈ ਖੇਤੀਬਾੜੀ ਨਹੀਂ ਕਰ ਸਕਦਾ, ਕਿਉਂਕਿ ਨਾ ਤਾਂ ਉਨ੍ਹਾਂ ਕੋਲ ਇਤਨੇ ਪੈਸੇ ਹੁੰਦੇ ਹਨ, ਜਿਸ ਨਾਲ ਉਹ ਉਸ ਜ਼ਮੀਨ ਦਾ ਸੁਧਾਰ ਕਰ ਸਕਣ ਅਤੇ ਨਾ ਹੀ ਉਹ ਟਿਊਬਵੈਲ ਆਦਿ ਪ੍ਰੋਵਾਈਡ ਕਰ ਸਕਦੇ ਹਨ। ਜੇ ਕਰ ਇਹ ਉਸ ਇਲਾਕੇ ਦੀ ਡਿਵੈਲਪਮੈਂਟ ਕਰਨਾ ਚਾਹੁੰਦੇ ਹਨ ਤਾਂ ਉਥੇ ਵੱਡੇ ਵੱਡੇ ਰਿਗ ਲਾਏ ਜਾਣ ਅਤੇ ਉਥੇ ਪਾਣੀ ਦੀ ਸਪਲਾਈ ਠੀਕ ਕੀਤੀ ਜਾਵੇ। ਇਹ ਆਬਿਆਨਾ ਲੈਂਦੇ ਹਨ, ਇਹ ਸਾਡੇ ਕੋਲੋਂ ਆਬਿਆਨਾ ਲੈ ਲੈਣ ਅਸੀਂ ਆਬਿਆਨਾ ਦੇਣ ਨੂੰ ਤਿਆਰ ਹਾਂ। ਸਾਡੇ ਛੋਟੇ ਛੋਟੇ ਯੂਨਿਟ ਬਣਾ ਦਿਤੇ ਜਾਣ ਅਤੇ ਸਾਨੂੰ ਜ਼ਮੀਨਾਂ ਦਿਤੀਆਂ ਜਾਣ, ਤਾਂਕਿ ਅਸੀਂ ਕੋਆਪ੍ਰੇਟਿਵ ਬੇਸਿਜ਼ ਤੇ ਰਲ ਮਿਲ ਕੇ ਕੁਝ ਕਰ ਸਕੀਏ ਅਤੇ ਆਪਣੇ ਬੱਚਿਆਂ ਨੂੰ ਪਾਲ ਸਕੀਏ।

ਇਥੇ ਸਾਡੇ ਵੈਲਫੇਅਰ ਮਨਿਸਟਰ ਸਾਹਿਬ ਬੈਠੇ ਹਨ, ਇਹ ਕਹਿੰਦੇ ਹਨ ਕਿ ਹਰੀਜਨਾਂ ਨੂੰ ਜ਼ਮੀਨਾਂ ਦਿਤੀਆਂ ਹਨ। ਹਰੀਜਨਾਂ ਨੂੰ ਬੰਜਰ ਜ਼ਮੀਨਾਂ ਦਿਤੀਆਂ ਜਾਂਦੀਆਂ ਹਨ, ਉਹ ਉਥੇ ਕੀ ਕਰਨਗੇ ? ਉਨ੍ਹਾਂ ਕੋਲ ਨਾ ਤੇ ਇਤਨੇ ਪੈਸੇ ਹੁੰਦੇ ਹਨ ਕਿ ਉਹ ਉਸਦਾ ਸੁਧਾਰ ਕਰ ਸਕਣ ਅਤੇ ਖੇਤੀ ਕਰਕੇ ਆਪਣਾ ਗੁਜ਼ਾਰਾ ਚਲਾ ਸਕਣ। ਅਗਰ ਗੌਰਮਿੰਟ ਉਨ੍ਹਾਂ ਲੋਕਾਂ ਦੀ ਭਲਾਈ ਕਰਨਾ ਚਾਹੁੰਦੀ ਹੈ ਤਾਂ ਉਨ੍ਹਾਂ ਨੂੰ ਟਿਊਬਵੈਲ ਆਦਿ ਲਗਾ ਕੇ ਦੇਵੇ ਉਨ੍ਹਾਂ ਨੂੰ ਅਛੀ ਕਿਸਮ ਦੇ ਬੀਜ ਸਪਲਾਈ ਕਰੇ ਅਤੇ ਖਾਦ ਆਦਿ ਹੋਰ ਜਿਹੜੀਆਂ ਜ਼ਰੂਰੀਆਤ ਦੀਆਂ ਚੀਜ਼ਾਂ ਹਨ, ਸਪਲਾਈ ਕਰੇ, ਭਾਵੇਂ ਕਰਜ਼ ਤੇ ਹੀ ਕਰੇ, ਤਾਂਕਿ ਉਹ ਲੋਕ ਜ਼ਮੀਨਾਂ ਤੇ ਆਬਾਦ ਹੋ ਸਕਣ ਅਤੇ ਆਪਣਾ ਗੁਜ਼ਾਰਾ ਕਰ ਸਕਣ।

ਚੇਅਰਮੈਨ ਸਾਹਿਬ, ਮੈਂ ਡਾਕਟਰ ਸਾਹਿਬ ਦੀ ਕਦਰ ਕਰਦਾ ਹਾਂ, ਇਹ ਪੜ੍ਹੇ ਲਿਖੇ ਹਨ, ਇਨ੍ਹਾਂ ਨੇ ਜਦੋਂ ਕਾਰਪੋਰੇਸ਼ਨ ਦਾ ਇਲਾਨ ਕੀਤਾ ਸਾਨੂੰ ਬੜੀ ਖੁਸ਼ੀ ਹੋਈ ਕਿ ਸਾਨੂੰ ਕਰਜ਼ੇ ਮਿਲਣੇ ਹਨ ਅਤੇ ਸਾਡਾ ਫਾਇਦਾ ਹੋਵੇਗਾ ਅਤੇ ਸਾਡੇ ਦੁਖ ਦੂਰ ਹੋਣਗੇ। ਸਾਡਾ ਪਛੜਿਆਪਨ ਦੂਰ ਹੋਵੇਗਾ। ਮੈਂ ਤਾਂ ਇਹ ਵੀ ਕਿਹਾ ਸੀ ਕਿ ਹਰੀਜਨ ਜਾਂ ਪਛੜਿਆ ਹੋਇਆ ਉਹ ਆਦਮੀ ਹੈ, ਜਿਸਦੀ ਮਾਲੀ ਹਾਲਤ ਖ਼ਰਾਬ ਹੈ, ਚਾਹੇ ਉਹ ਹਰੀਜਨ ਹੈ ਜਾਂ ਨਾਨ-ਹਰੀਜਨ ਹੈ। ਸਭ ਗਰੀਬਾਂ ਦੇ ਪਛੜੇਪਨ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਮੈਂ ਅਰਜ਼ ਕਰਾਂ ਕਿ ਹਰੀਜਨਾਂ ਨੂੰ ਤਾਂ ਪਹਿਲੀ ਤੋਂ ਲੈ ਕੇ ਐਮ. ਏ. ਤਕ ਵਿਦਿਆ ਬਿਨਾਂ ਫ਼ੀਸ ਦੇ ਮਿਲ ਜਾਂਦੀ ਹੈ, ਪਰ ਜਿਹੜਾ ਗ਼ਰੀਬ ਆਦਮੀ ਹੈ, ਉਸਦਾ ਬੱਚਾ ਕਦੇ ਵੀ ਵਿਦਿਆ ਹਾਸਿਲ ਨਹੀਂ ਕਰ ਸਕਦਾ। (ਵਿਘਨ)

ਗਿਆਨੀ ਕੁੰਦਨ ਸਿੰਘ ਪਤੰਗ : ਕਦੇ ਕਿਸੇ ਪੰਡਿਤ ਨੂੰ ਵੀ ਹਰੀਜਨ ਕਹਿ ਕੇ ਵੇਖਿਆ ਹੈ । (ਵਿਘਨ)

ਭਗਤ ਗੁਰਾਂਦਾਸ ਹੰਸ : ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂ ਕਿ ਸ਼ਾਇਦ ਮੇਰੇ ਦੋਸਤ ਨੂੰ ਪੰਡਿਤ ਦੇ ਮਾਇਨੇ ਨਹੀਂ ਆਉਂਦੇ ਅਤੇ ਉਨ੍ਹਾਂ ਨੇ ਇਹ ਕਹਿ ਦਿਤਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਮੈਂ ਤਾਂ ਪੰਡਿਤ ਉਸ ਨੂੰ ਸਮਝਦਾ ਹਾਂ, ਜਿਹੜਾ ਕੋਈ ਵਿਦਵਾਨ ਹੈ । ਸਾਨੂੰ ਅਛੀ ਵਿਦਿਆ ਮਿਲੇ ਕਲ ਨੂੰ ਅਸੀਂ ਵਿਦਵਾਨ ਬਣ ਸਕਦੇ ਹਾਂ । ਮੈਂ ਕਿਹਾ ਸੀ ਕਿ ਹਰੀਜਨ ਜਿਹੜਾ ਸ਼ਬਦ ਹੈ ਇਹ ਗਰੀਬੀ ਕਰਕੇ ਹੀ ਵਰਤਿਆ ਜਾਂਦਾ ਹੈ । ਜਿਸ ਆਦਮੀ ਦੀ ਗ਼ਰੀਬੀ ਦੂਰ ਹੋ ਜਾਵੇ, ਜਿਸ ਆਦਮੀ ਦਾ ਪਛੜਿਆਪਨ ਦੂਰ ਹੋ ਜਾਵੇ, ਮੈਂ ਉਸਨੂੰ ਹਰੀਜਨ ਨਹੀਂ ਸਮਝਦਾ । ਅਸੀਂ ਮੰਨਦੇ ਹਾਂ ਕਿ ਅਸੀਂ ਸਮਾਜ ਦਾ ਪਛੜਿਆ ਹੋਇਆ ਅੰਗ ਹਾਂ, ਇਹ ਸਿਰਫ਼ ਇਸ ਕਰਕੇ ਹੈ ਕਿਉਂਕਿ ਅਸੀਂ ਮਾਲੀ ਹਾਲਤ ਤੋਂ ਪਿਛੜੇ ਹੋਏ ਹਾਂ । ਗਾਂਧੀ ਜੀ ਨੇ ਅਤੇ ਸਾਡੀ ਕਾਂਗਰਸ ਪਾਰਟੀ ਨੇ ਇਹ ਵਿਚਾਰ ਕੀਤਾ ਕਿ ਅਸੀਂ ਇਸ ਪਛੜੇ ਅੰਗ ਨੂੰ ਅੱਛਾ ਕਰਨਾ ਹੈ ਅਤੇ ਉਨ੍ਹਾਂ ਨੇ ਇਸ ਦੇ ਲਈ ਬੜੇ ਯਤਨ ਕੀਤੇ, ਅਸੀਂ ਉਨ੍ਹਾਂ ਦੇ ਯਤਨਾਂ ਨੂੰ ਕਦੀ ਵੀ ਨਹੀਂ ਭੁਲ ਸਕਦੇ । ਕਾਰਪੋਰੇਸ਼ਨਾਂ ਬਣਾਉਣ ਨਾਲ ਸਾਡਾ ਪਛੜਾਪਨ ਦੂਰ ਨਹੀਂ ਹੋ ਸਕਦਾ । ਸਾਨੂੰ ਐਜੂਕੇਸ਼ਨ ਚੰਗੀ ਦਿਓ । ਜਿਹੜਾ ਵੀ ਕੋਈ ਗਰੀਬ ਹੈ ਉਸ ਦੀ ਮਦਦ ਕਰਨੀ ਚਾਹੀਦੀ ਹੈ । ਸਾਡੇ ਬੱਚੇ ਨੌਵੀਂ ਵਿਚ ਪੜ੍ਹਦੇ ਹਨ, ਉਨ੍ਹਾਂ ਦੀਆਂ ਨਾਲੇ ਫ਼ੀਸਾਂ ਮਾਫ਼ ਹਨ ਅਤੇ ਨਾਲ ਹੀ ਜੇਬ ਖ਼ਰਚ ਵੀ ਮਿਲ ਜਾਂਦਾ ਹੈ, ਦੂਜੇ ਪਾਸੇ ਸਾਡੇ ਇਕ ਗਰੀਬ ਮਜ਼ਦੂਰ ਦਾ ਬੱਚਾ ਭਾਵੇਂ ਕਿਤਨਾਂ ਸ਼ਾਈਨਿੰਗ ਕਿਉਂ ਨਾ ਹੋਵੇ, ਮਾਲੀ ਹਾਲਤ ਕਮਜ਼ੋਰ ਹੋਣ ਕਰਕੇ ਪੜ੍ਹ ਨਹੀਂ ਸਕਦਾ ਅਤੇ ਵਿਦਿਆ ਦੀ ਘਾਟ ਕਰਕੇ ਪਛੜਿਆ ਰਹਿੰਦਾ ਹੈ । ਸਾਡੀ ਕਾਂਗਰਸ ਪਾਰਟੀ ਨੇ ਗਰੀਬੀ ਅਤੇ ਹਰੀਜਨਾਂ ਨੂੰ ਮੁਫ਼ਤ ਵਿਦਿਆ ਦੇਣ ਲਈ ਬੜੇ ਉਪਰਾਲੇ ਕੀਤੇ । ਪਰ ਇਸ ਸਰਕਾਰ ਦੇ ਬਾਰੇ ਅਸੀਂ ਵੇਖਦੇ ਹਾਂ ਕਿ ਸਾਲ ਹੋ ਗਿਆ ਹਾਲੇ ਤਕ ਕਾਰਪੋਰੇਸ਼ਨ ਸ਼ੁਰੂ ਹੀ ਨਹੀਂ ਹੋਈ । ਇਹ ਸਾਡੀ ਬਦਕਿਸਮਤੀ ਹੈ ਕਿ ਅਸੀਂ 23 ਐਮ. ਐਲ. ਏ. ਇਸ ਹਾਊਸ ਵਿਚ ਹਾਂ ਅਤੇ ਅਸੀਂ ਯੂਨਾਈਟ ਨਹੀਂ ਹੋ ਸਕਦੇ ਅਤੇ ਜੇਕਰ ਅਸੀਂ ਯੂਨਾਈਟ ਹੋ ਜਾਈਏ ਤਾਂ ਸਾਡਾ ਬਹੁਤ ਕੁਝ ਸੰਵਰ ਸਕਦਾ ਹੈ ।

ਇਹ ਕਰੋੜਾਂ ਰੁਪਏ ਡੰਗਰਾਂ ਤੇ ਖ਼ਰਚ ਕਰ ਰਹੇ ਹਨ, ਪਰ ਜਿਹੜੇ ਗਰੀਬ ਹਰੀਜਨ ਹਨ, ਉਨ੍ਹਾਂ ਤੇ ਲੱਖਾਂ ਰੁਪਏ ਵੀ ਨਹੀਂ ਖਰਚ ਕਰ ਸਕਦੇ । ਇਸ ਲਈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਕਾਰਪੋਰੇਸ਼ਨਾਂ ਨਾਲ ਸਾਡਾ ਪਛੜਿਆਪਨ ਦੂਰ ਨਹੀਂ ਹੋਣ ਲਗਾ (ਵਿਘਨ) ਚੇਅਰਮੈਨ ਸਾਹਿਬ, ਇਨ੍ਹਾਂ ਨੇ ਸਾਡੇ ਲਈ ਧਰਮਸ਼ਾਲਾਵਾਂ ਬਣਾਉਣੀਆਂ ਸ਼ੁਰੂ ਕੀਤੀਆਂ । ਉਨ੍ਹਾਂ ਦੇ ਲਈ ਐਡਹਾਕ ਕਮੇਟੀਆਂ ਬਣਾਈਆਂ ਹਨ, ਜਿਹੜੀਆਂ ਰੇਜ਼ੋਲਿਊਸ਼ਨ ਪਾਸ ਕਰਦੀਆਂ ਹਨ ਕਿ ਫਲਾਣੀ ਜਗ੍ਹਾ ਤੇ ਧਰਮਸ਼ਾਲਾ ਹੋਣੀ ਚਾਹੀਦੀ ਹੈ । ਉਨ੍ਹਾਂ ਕਮੇਟੀਆਂ ਦੇ ਚੇਅਰਮੈਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਾਹਿਬ ਹਨ । ਅਸੀਂ ਸਮਝਦੇ ਹਾਂ ਕਿ ਬੜਾ ਨੇਕ ਕੰਮ ਹੈ । ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਧਰਮਸ਼ਾਲਾ ਕਿਥੇ ਬਣਾਉਂਦੇ ਹਨ । ਇਹ ਸਿਰਫ਼ ਅਕਾਲੀਆਂ ਦੇ ਹਲਕਿਆਂ ਵਿਚ ਹੀ ਬਣਦੀਆਂ ਹਨ । ਮੈਂ ਮਿਸਾਲ ਦਿੰਦਾ ਹਾਂ ਕਿ ਤੁਸੀਂ ਵੈਦ ਕਰਤਾਰ ਸਿੰਘ ਜੀ ਦੇ ਹਲਕੇ ਵਿਚ ਜਾ ਕੇ ਵੇਖੋ, ਹਰ ਜਗ੍ਹਾ ਧਰਮਸ਼ਾਲਾ ਬਣ ਚੁਕੀ ਹੈ ਅਤੇ ਇਧਰ ਜੇ ਕਰ ਤੁਸੀਂ ਮੇਰੇ ਹਲਕੇ ਵਿਚ ਝਾਤੀ ਮਾਰੋ ਤਾਂ ਤੁਹਾਨੂੰ ਕਿਤੇ ਵੀ ਨਹੀਂ ਮਿਲੇਗੀ । ਮੈਂ ਪੁਛਦਾ ਹਾਂ ਕਿ ਕੀ ਉਸ ਇਲਾਕੇ ਨੂੰ ਹੀ ਸਿਰਫ਼ ਧਰਮਸ਼ਾਲਾ ਦੀ ਲੋੜ ਹੈ, ਕੀ ਸਿਰਫ਼ ਉਥੇ ਹੀ ਹਰੀਜਨ ਵਸਦੇ ਹਨ ? ਤੁਸੀਂ ਲਿਸਟ ਮੰਗਵਾ ਕੇ ਵੇਖੋ 95% ਧਰਮਸ਼ਾਲਾਵਾਂ ਇਨ੍ਹਾਂ ਦੇ ਆਪਣੇ ਹਲਕੇ ਵਿਚ ਹੀ ਬਣੀਆਂ ਹਨ । ਧਰਮਸ਼ਾਲਾਵਾਂ ਦੇ ਬਾਰੇ ਵਿਚ ਮੈਂ ਪਿਛਲੇ ਸਾਲ ਵੀ ਕਿਹਾ ਸੀ ਕਿ ਇਨ੍ਹਾਂ ਨਾਲ ਸਾਡੀ ਗ਼ਰੀਬੀ ਦੂਰ ਨਹੀਂ ਹੋਣ ਲਗੀ ਜੇਕਰ ਤੁਸੀਂ ਸਾਡੀ ਗ਼ਰੀਬੀ ਦੂਰ ਕਰਨਾ ਚਾਹੁੰਦੇ ਹੋ ਤਾਂ ਸਾਨੂੰ ਜ਼ਮੀਨਾਂ ਦਿਓ ਅਤੇ ਜ਼ਮੀਨਾਂ ਤੋਂ ਇਲਾਵਾ ਸਾਨੂੰ ਦਸਤਕਾਰੀਆਂ ਲਗਾ ਕੇ ਦਿਓ, ਭਾਵੇਂ ਕਰਜ਼ੇ ਦੇ ਤੌਰ ਤੇ ਹੀ ਦਿਉ ਅਤੇ

ਸਾਡੇ ਕੋਲੋਂ ਕਿਸ਼ਤਾਂ ਵਿਚ ਲੈ ਲਵੋ । ਸਾਡੀ ਮਾਲੀ ਹਾਲਤ ਤਾਂ ਇਸ ਤਰ੍ਹਾਂ ਹੀ ਸੁਧਰੇਗੀ ਅਤੇ ਸਾਡਾ ਪਿਛੜਾਪਨ ਇਸ ਤਰ੍ਹਾਂ ਹੀ ਦੂਰ ਹੋ ਸਕਦਾ ਹੈ । ਇਸ ਤੋਂ ਇਲਾਵਾ ਮੈਂ ਇਹ ਅਰਜ਼ ਕਰਦਾ ਹਾਂ ਕਿ ਕੇਵਲ ਪਿੰਡਾਂ ਵਿਚ ਹੀ ਹਰੀਜਨ ਜਾਂ ਗ਼ਰੀਬ ਨਹੀਂ ਵਸਦੇ । ਸ਼ਹਿਰਾਂ ਵਿਚ ਜਿਹੜੇ ਹਰੀਜਨ, ਗ਼ਰੀਬ ਕੋਈ ਜੁਤੇ ਗੰਢਦਾ ਹੈ, ਕੋਈ ਮਜ਼ਦੂਰੀ ਕਰਦਾ ਹੈ, ਉਨ੍ਹਾਂ ਦੀ ਹਾਲਤ ਨੂੰ ਵੀ ਸੁਧਾਰਣ ਲਈ ਧਿਆਨ ਦਿਉ । ਮੈਂ, ਚੇਅਰਮੈਨ ਸਾਹਿਬ, ਆਪ ਦੇ ਰਾਹੀਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਸਾਰਿਆਂ ਨੂੰ ਇਕੋ ਅੱਖ ਨਾਲ ਵੇਖਣ, ਪਰ ਪਤਾ ਨਹੀਂ ਇਨ੍ਹਾਂ ਦੀ ਨਜ਼ਰ ਕਿਉਂ ਸ਼ਹਿਰਾਂ ਦੇ ਹਰੀਜਨ ਅਤੇ ਗ਼ਰੀਬਾਂ ਵਲ ਨਹੀਂ ਜਾਂਦੀ । ਅਸੀਂ ਮੰਨਦੇ ਹਾਂ ਕਿ ਪਿੰਡਾਂ ਵਿਚ ਗਰੀਬ ਲੋਕ ਬਹੁਤ ਹਨ, ਪਰ ਸ਼ਹਿਰਾਂ ਵਿਚ ਉਹੀ ਲੋਕ ਵਸਦੇ ਹਨ ।

ਇਕ ਗਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਇੰਪਰੂਵਮੈਂਟ ਟਰਸਟਸ ਬਣਾਈਆਂ ਜਾਂਦੀਆਂ ਹਨ, ਪਰ ਉਨ੍ਹਾਂ ਵਿਚ ਕੋਈ ਵੀ ਹਰੀਜਨ ਮੈਂਬਰ ਨਹੀਂ ਲਿਆ ਜਾਂਦਾ । ਅਸੀਂ ਕਿਹਾ ਕਿ ਇੰਪਰੂਵਮੈਂਟ ਟਰਸਟਾਂ ਵਿਚ ਹਰੀਜਨ ਮੈਂਬਰ ਲੈਣੇ ਚਾਹੀਦੇ ਹਨ, ਕਿਉਂਕਿ ਹਰੀਜਨ ਬਸਤੀਆਂ ਹੀ ਉਜਾੜੀਆਂ ਜਾਂਦੀਆਂ ਹਨ, ਉਨ੍ਹਾਂ ਲੋਕਾਂ ਦੇ ਆਲਟਰਨੇਟਿਵ ਲਈ ਉਨ੍ਹਾਂ ਦਾ ਬੰਦਾ ਹੀ ਚੰਗੀ ਤਰ੍ਹਾਂ ਨੁਮਾਇੰਦਗੀ ਕਰ ਸਕਦਾ ਹੈ । ਪਰ ਇਨ੍ਹਾਂ ਨੇ ਕੋਈ ਗਲ ਨਹੀਂ ਮੰਨੀ ।

ਇਨ੍ਹਾਂ ਨੇ 5 ਕਰੋੜ ਰੁਪਈਆ ਲਾ ਕੇ ਕਾਰਪੋਰੇਸ਼ਨ ਬਣਾ ਦਿਤੀ ਜਿਥੋਂ ਹਰੀਜਨਾਂ ਨੂੰ ਕਰਜ਼ੇ ਮਿਲ ਸਕਣਗੇ । ਮੈਂ ਅਰਜ਼ ਕਰਾਂ ਕਿ 5 ਕਰੋੜ ਰੁਪਏ ਤਾਂ ਅਸੀਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਜ਼ਮਾਨੇ ਵਿਚ ਇਕੱਠਾ ਕਰਕੇ ਦੇ ਦਿੱਤਾ ਸੀ । ਚੇਅਰਮੈਨ ਸਾਹਿਬ, ਮੈਂ ਬੜੇ ਅਦਬ ਨਾਲ ਅਰਜ਼ ਕਰਦਾ ਹਾਂ ਕਿ ਜਿਹੜੀ ਕਾਰਪੋਰੇਸ਼ਨ ਹੈ, ਇਹ ਲੋਕਾਂ ਨੂੰ ਜਿਹੜੇ ਕਰਜ਼ੇ ਦਿੰਦੀ ਹੈ ਉਹ ਮੈਂ ਦਸਦਾ ਹਾਂ ਕਿ ਕਿਸੇ ਨੂੰ ਸੌ ਰੁਪਏ, ਕਿਸੇ ਨੂੰ ਦੋ ਸੌ ਰੁਪਏ ਅਤੇ ਕਿਸੇ ਨੂੰ ਪੰਜ ਸੌ ਰੁਪਏ ਅਤੇ ਜੇਕਰ ਵੱਡੀ ਛਾਲ ਵੀ ਮਾਰਨ ਤਾਂ ਛੇ ਸੌ ਰੁਪਏ ਤੇ ਪਹੁੰਚ ਜਾਂਦੇ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਰਕਮ ਨਾਲ ਇਕ ਗਰੀਬ ਆਦਮੀ ਕੰਮ ਚਲਾ ਸਕਦਾ ਹੈ ? ਇਹ ਰਕਮ ਹਜ਼ਾਰਾਂ ਵਿਚ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਲੋਕ ਆਪਣਾ ਕੋਈ ਅਛਾ ਕਾਰੋਬਾਰ ਸ਼ੁਰੂ ਕਰਕੇ ਆਪਣਾ ਅਤੇ ਆਪਣੇ ਬਚਿਆਂ ਦਾ ਪੇਟ ਪਾਲ ਸਕਣ । ਮੈਂ ਕਹਿੰਦਾ ਹਾਂ ਕਿ ਤੁਸੀਂ ਸਾਡੇ ਕਾਂਗਰਸੀਆਂ ਨੂੰ ਨਾ ਦਿਉ, ਆਪਣੇ ਅਕਾਲੀਆਂ ਨੂੰ ਤਾਂ ਦਿਉ, ਉਹ ਤਾਂ ਠੀਕ ਤਰ੍ਹਾਂ ਨਾਲ ਆਪਣਾ ਕਾਰੋਬਾਰ ਕਰ ਸਕਣ, ਉਨ੍ਹਾਂ ਦਾ ਪਛੜਿਆਪਨ ਤਾਂ ਦੂਰ ਕਰੋ । ਜਿੰਨਾ ਚਿਰ ਸਾਨੂੰ ਦਸਤਕਾਰੀ ਨਹੀਂ ਮਿਲਦੀ ਸਾਨੂੰ ਜ਼ਮੀਨਾਂ ਨਹੀਂ ਮਿਲਦੀਆਂ, ਸਾਡਾ ਸੁਧਾਰ ਨਹੀਂ ਹੋ ਸਕਦਾ, ਭਾਵੇਂ ਸਾਨੂੰ ਜ਼ਮੀਨ ਥੋੜੀ ਦਿਉ, ਪਰ ਦਿਉ ਤਾਂ ਸਹੀ । ਮੈਂ ਨਹੀਂ ਚਾਹੁੰਦਾ ਕਿ ਕਿਸੇ ਵਡੇ ਜ਼ਿਮੀਂਦਾਰ ਦੀ ਖੋਹ ਕੇ ਸਾਨੂੰ ਦਿਉ, ਜਿਹੜੀਆਂ ਜ਼ਮੀਨਾਂ ਵੇਹਲੀਆਂ ਪਈਆਂ ਹਨ, ਉਹੀ ਦੇ ਦਿਉ, (ਵਿਘਨ) ਜੰਗਲਾਤ ਦੇ ਨਾਲ ਨਾਲ ਜਿਹੜੀਆਂ ਜ਼ਮੀਨਾਂ ਪਈਆਂ ਹਨ, ਜਿੱਥੇ ਕੋਈ ਬੂਟੇ ਆਦਿ ਨਹੀਂ ਲਗਾਏ ਹੋਏ ਅਤੇ ਐਵੇਂ ਬਾੜਾਂ ਹੀ ਲਗਾਈਆਂ ਹੋਈਆਂ ਹਨ, ਉਹੀ ਦੇ ਦਿਉ । ਇਸ ਦੇ ਨਾਲ ਇਕ ਤਾਂ ਅੰਨ ਸੰਕਟ ਦੂਰ ਹੋ ਸਕਦਾ ਹੈ, ਦੂਜੇ ਗ਼ਰੀਬ ਹਰੀਜਨਾਂ ਦਾ ਭਲਾ ਹੋ ਸਕਦਾ ਹੈ । ਮੈਂ ਮੰਨਦਾ ਹਾਂ ਕਿ ਜੰਗਲਾਤ ਦੀ ਸਾਨੂੰ ਬੜੀ ਲੋੜ ਹੈ, ਇਨ੍ਹਾਂ ਨਾਲ ਬਾਰਸ਼ਾਂ ਹੁੰਦੀਆਂ ਹਨ ਅਤੇ ਜ਼ਮੀਨਾਂ ਸਰ ਸਬਜ਼ ਹੁੰਦੀਆਂ ਹਨ । ਪਰ ਇਹ ਜੰਗਲ ਪਹਾੜਾਂ ਤੋਂ 4-5 ਮੀਲ ਦੀ ਦੂਰੀ ਤਕ ਹੀ ਹੋਣੇ ਚਾਹੀਦੇ ਹਨ, ਨਾ ਕਿ 40-40 ਮੀਲ ਦੀ ਦੂਰੀ ਤੇ ਸਾਰੀ ਜ਼ਮੀਨ ਰੋਕ ਲੈਣੀ ਚਾਹੀਦੀ ਹੈ ਜਿਹੜੀਆਂ ਜੰਗਲਾਤ ਦੀਆਂ ਜ਼ਮੀਨਾਂ ਹਨ, ਉਨ੍ਹਾਂ ਨੇ ਦਸ ਦਸ ਪੰਦਰਾਂ ਪੰਦਰਾਂ ਮੀਲ ਦੇ ਏਰੀਆ ਵਿਚ ਕਬਜ਼ਾ ਕਰ ਲਿਆ ਅਤੇ ਜੇ ਕਰ ਕਿਸੇ ਗ਼ਰੀਬ ਦਾ ਕੋਈ ਡੰਗਰ ਗਲਤੀ ਨਾਲ ਉਧਰ ਜਾ ਵੜਦਾ ਹੈ ਤਾਂ 10-10 ਰੁਪਏ ਜੁਰਮਾਨੇ ਲੈ ਲੈਂਦੇ ਹਨ, ਹਾਲਾਂਕਿ ਉਸ ਜਗ੍ਹਾ ਵਿਚ ਇਕ ਵੀ ਬੂਟਾ ਨਹੀਂ ਬੀਜਿਆ ਹੁੰਦਾ । ਮੈਂ ਸਮਝਦਾ ਹਾਂ ਕਿ ਜੰਗਲਾਤ ਤੋਂ ਅਗਰ ਇਹ ਫ਼ਾਲਤੂ ਜ਼ਮੀਨਾਂ ਹੀ

[ਭਗਤ ਗੁਰਾਂਦਾਸ ਹੰਸ]

ਲੈ ਲੈਣ ਤਾਂ ਲੱਖਾਂ ਏਕੜ ਜ਼ਮੀਨ ਨਿਕਲ ਸਕਦੀ ਹੈ । ਅਤੇ ਇਸ ਤਰ੍ਹਾਂ ਸਾਡਾ ਪਿਛੜਾਪਨ ਦੂਰ ਹੋ ਸਕਦਾ ਹੈ । ਅਗਰ ਇਨ੍ਹਾਂ ਨੇ ਸਾਨੂੰ ਮਦਦ ਨਹੀਂ ਦੇਣੀ ਤਾਂ ਆਪਣੇ ਆਦਮੀਆਂ ਦੀ ਹੀ ਠੀਕ ਤਰ੍ਹਾਂ ਮਦਦ ਕਰ ਦੇਣ । ਮੈਂ ਪਿਛਲੀ ਵਾਰੀ ਵੀ ਕਿਹਾ ਸੀ ਕਿ ਟਿਊਬਵੈਲ ਲਾਉਣ ਲਈ ਰੁਪਿਆ ਰਖ ਲਉ । ਮੈਂ ਨਹੀਂ ਕਹਿੰਦਾ ਕਿ ਸਿਰਫ ਹਰੀਜਨਾਂ ਨੂੰ ਹੀ ਦਿਉ ਬੇਸ਼ਕ ਦੂਜਿਆਂ ਨੂੰ ਵੀ ਦਿਉ ਪਰ ਇਸ ਦਾ ਇੰਤਜ਼ਾਮ ਤਾਂ ਕਰੋ ਤਾਂ ਜੋ ਕੋਈ ਰੋਟੀ ਤਾਂ ਖਾ ਸਕੇ । ਇਨ੍ਹਾਂ ਦੇ ਮੈਂਬਰ ਗਲਾਂ ਵਿਚ ਕੁਝ ਹੋਰ ਕਹਿੰਦੇ ਹਨ ਪਰ ਜਦੋਂ ਸਪੀਚ ਕਰਦੇ ਹਨ ਤਾਂ ਕੁਝ ਹੋਰ ਹੀ ਕਹਿੰਦੇ ਹਨ ।

ਬਿਜਲੀ ਦੀ ਗਲ ਲਉ । ਚੇਅਰਮੈਨ ਸਾਹਿਬ, ਹੁਸ਼ਿਆਰਪੁਰ ਵਿਚ ਕੋਈ ਨਹਿਰ ਵੀ ਨਹੀਂ ਹੈ ਹੋਰ ਵੀ ਕੋਈ ਵਸੀਲਾ ਨਹੀਂ । ਸਾਡਾ ਅਜਿਹਾ ਪਹਾੜੀ ਇਲਾਕਾ ਹੈ ਜਿਥੇ ਦੇ 80% ਲੋਕ ਫੌਜੀ ਹਨ, ਮੁਲਕ ਦੇ ਵਫਾਦਾਰ ਹਨ । ਉਥੇ ਵਡੇ ਵਡੇ ਸੰਤ ਬਾਬੇ ਵੀ ਹੋਏ ਹਨ । ਅਨੰਦਪੁਰ ਸਾਹਿਬ ਅਤੇ ਭਾਖੜਾ ਵੀ ਉਥੇ ਹੈ । ਭਾਖੜਾ ਬਣਿਆ, ਨਹਿਰਾਂ ਵੀ ਬਣੀਆਂ ਪਰ ਉਸ ਇਲਾਕੇ ਨੂੰ ਕੋਈ ਫਾਇਦਾ ਨਹੀਂ ਹੋਇਆ । ਅਸੀਂ ਕਹਿੰਦੇ ਹਾਂ ਨਾ ਸਹੀ ਚਲੋ ਮੁਲਕ ਦਾ ਫਾਇਦਾ ਤਾਂ ਅਸੀਂ ਕਰ ਦਿਤਾ । ਮਗਰ ਉਸ ਇਲਾਕੇ ਦਾ ਵੀ ਤਾਂ ਖਿਆਲ ਰਖਣਾ ਚਾਹੀਦਾ ਹੈ, ਉਥੇ ਫਸਲ ਤਬਾਹ ਹੋ ਰਹੀ ਹੈ, ਉਹ ਜ਼ਿਮੀਦਾਰ ਵੀ ਫੌਜੀਆਂ ਦੀ ਤਰ੍ਹਾਂ ਹੀ ਦੇਸ਼ ਦੀ ਸੇਵਾ ਕਰਦਾ ਹੈ, ਉਸ ਨੂੰ ਸੋਕਾ ਮਾਰ ਰਿਹਾ ਹੈ, ਉਸ ਨੂੰ ਬਿਜਲੀ ਹੀ ਦਿਓ, ਟਿਊਬਵੈਲ ਹੀ ਲਗਾ ਦਿਉ । ਫਿਰ ਫਲੈਟ ਰੇਟ ਨਾਲ ਵੀ ਬੇਇਨਸਾਫੀ ਹੀ ਹੁੰਦੀ ਹੈ । ਗੁਰਮੀਤ ਸਿੰਘ ਜੀ ਬੜੇ ਚੰਗੇ ਬੋਲਣੇ ਵਾਲੇ ਹਨ ਪਰ ਇਨ੍ਹਾਂ ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਬਿਜਲੀ ਦੇ ਨਾ ਆਉਣ ਕਰਕੇ ਕਿਸਾਨ ਦਾ ਨੁਕਸਾਨ ਹੁੰਦਾ ਹੈ । ਜਾਂ ਤਾਂ ਫਲੈਟ ਰੇਟ ਹਟਾਉ ਜਾਂ ਬਿਜਲੀ ਪੂਰੀ ਦਿਉ । ਫਿਰ ਇਨ੍ਹਾਂ ਨੇ ਕਿਹਾ ਕਿ ਹੁਸ਼ਿਆਰਪੁਰ ਲਈ ਜੈਨਰੇਟਰ ਆ ਰਹੇ ਹਨ । ਸਾਨੂੰ ਬੜੀ ਖੁਸ਼ੀ ਹੋਈ ਮਗਰ ਬਾਅਦ ਵਿਚ ਕਹਿਣ ਲਗੇ ਕਿ 2 ਤਾਂ ਬਠਿੰਡਾ ਜਾਂ ਸੰਗਰੂਰ ਦੇ ਜ਼ਿਲ੍ਹਿਆਂ ਵਿਚ ਲਾ ਦਿਤੇ ਹਨ । ਅਸੀਂ ਕਿਹਾ ਕਿ ਚਲੋ ਬਾਕੀ ਤਾਂ ਤਿੰਨ ਦਿਉ ਉਨ੍ਹਾਂ ਬਾਰੇ ਵੀ ਕਹਿਣ ਲਗੇ ਕਿ ਹਾਲੇ ਬੰਬਈ ਪਏ ਹਨ । ਪਤਾ ਨਹੀਂ ਉਥੋਂ ਆਉਂਦੇ ਵੀ ਹਨ ਜਾਂ ਨਹੀਂ ? ਅਗਰ ਆਏ ਵੀ ਤਾਂ ਕੀ ਪਤਾ ਕਿਸ ਨੂੰ ਦੇ ਦੇਣ । ਮਗਰ ਇਹ ਤਰੀਕਾ ਠੀਕ ਨਹੀਂ ਇਨ੍ਹਾਂ ਨੂੰ ਸਾਰੇ ਸੂਬੇ ਦਾ ਹੀ ਖਿਆਲ ਰਖਣਾ ਚਾਹੀਦਾ ਹੈ ਕਿਸੇ ਖਾਸ ਇਲਾਕੇ ਦਾ ਨਹੀਂ ।

ਫਿਰ ਸੜਕਾਂ ਦੀ ਗਲ ਲੈ ਲਉ । ਹੁਸ਼ਿਆਰਪੁਰ ਤੋਂ ਦਸੂਹੇ ਦੀ ਸੜਕ ਲਈ 5-6 ਸਾਲ ਹੋ ਚੁੱਕੇ ਹਨ ਰੁਪਿਆ ਮਨਜ਼ੂਰ ਹੋ ਚੁੱਕਾ ਹੈ ਕਿ 12 ਫੁੱਟ ਕਰਨੀ ਹੈ, ਸੜਕ ਤੇ ਵਟੇ ਪਏ ਹਨ, ਇਨ੍ਹਾਂ ਕਰਕੇ ਐਕਸੀਡੈਂਟ ਵੀ ਹੁੰਦੇ ਰਹੇ ਹਨ, ਹੁਣ ਕਿਤੇ ਜਾ ਕੇ ਕਈ ਸਾਲ ਮਗਰੋਂ ਵਟੇ ਮਿਟੀ ਹੇਠਾਂ ਦਬੇ ਹਨ । ਅਸੀਂ ਸਾਰੇ ਜ਼ੋਰ ਲਾਉਂਦੇ ਰਹੇ, ਡੀ. ਸੀ. ਨੇ ਵੀ ਕੋਸ਼ਿਸ਼ ਕੀਤੀ ਪਰ ਹਾਲੇ ਤਕ ਇਹ ਸੜਕ ਨਹੀਂ ਬਣੀ । ਅਗਰ ਪਠਾਨਕੋਟ ਨੂੰ ਜਾਣਾ ਹੋਵੇ ਤਾਂ ਹੁਸ਼ਿਆਰਪੁਰ ਤੋਂ ਦਸੂਹੇ ਤਕ 23 ਮੀਲ ਦੇ ਸਫਰ ਵਿਚ ਇੰਨੇ ਹੀ ਚੋ ਪੈਂਦੇ ਹਨ, ਇਨ੍ਹਾਂ ਦਾ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ । ਇਹੀ ਨਹੀਂ ਜਲੰਧਰ ਤੋਂ ਟਾਂਡੇ ਦੀ ਸੜਕ ਤੇ ਇਕ ਚੋ ਬੁੱਲੋਵਾਲ ਦੇ ਲਾਗੇ ਹੈ ਇਸ ਤੇ ਪੁਲ ਦੇ ਐਸਟੀਮੇਟ ਬਣ ਗਏ ਹਨ ਮਗਰ ਉਸ ਦਾ ਕੰਮ ਚਾਲੂ ਨਹੀਂ ਕੀਤਾ ਜਾਂਦਾ ਹਾਲਾਂਕਿ ਸਾਰਾ ਟਰੈਫਿਕ ਰੁਕਦਾ ਹੈ । ਇਨ੍ਹਾਂ ਦੇ ਅਫਸਰ ਕਹਿੰਦੇ ਹਨ ਕਿ ਠੀਕ ਹੈ ਐਸਟੀਮੇਟ ਤਾਂ ਬਣ ਗਿਆ ਪਰ ਇਕ ਹੋਰ ਚੋ ਦੇਖ ਰਹੇ ਹਾਂ ਤਾਂ ਕਿ ਦੋਵਾਂ ਦਾ ਕੰਮ ਇਕਠਾ ਹੀ ਚਾਲੂ ਕਰੀਏ । ਇਕ ਦਾ ਰੁਪਿਆ ਵੀ ਭਾਵੇਂ ਇਸ ਤਰ੍ਹਾਂ ਜ਼ਾਇਆ ਹੋ ਜਾਵੇ । ਇਕ ਹੋਰ ਸੜਕ ਹੁਸ਼ਿਆਰਪੁਰ ਤੋਂ ਸ਼ਾਮ ਚੋਰਾਸੀ ਦੀ ਹੈ । ਇਸ ਲਈ ਜ਼ਿਲ੍ਹਾ ਬੋਰਡ ਨੇ ਜੋ ਹੁਣ ਟੁਟ ਚੁਕਾ ਹੈ, 62,000 ਰੁਪਏ ਜਮ੍ਹਾ ਕਰਵਾਏ ਸੀ ਮਗਰ ਉਹ ਸੜਕ ਵੀ ਨਹੀਂ ਬਣੀ । ਇਹ ਸ਼ਾਇਦ ਇਹ ਸੋਚਦੇ ਹਨ ਕਿ ਇਸ ਸੜਕ ਤੇ ਸ਼ਾਇਦ ਸਿਰਫ ਕਾਂਗਰਸੀਆਂ ਨੇ ਹੀ ਚਲਣਾ ਹੈ । ਮਗਰ ਇਹ ਸਾਰੇ ਕੰਮ ਸਭ ਦੇ ਸਾਂਝੇ ਹੁੰਦੇ ਹਨ । ਇਸ ਸੜਕ ਤੇ ਮਿਟੀ ਦਾ ਖਰਚ 62,000 ਰੁਪਏ ਵੀ ਲੈ ਲਿਆ ਹੈ ਪਰ ਇਸ ਕੰਮ

ਨੂੰ ਸਿਰੇ ਨਹੀਂ ਚੜ੍ਹਾਇਆ । ਇਸ ਲਈ, ਮੈਂ ਇਨ੍ਹਾਂ ਪਾਸ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇਕਰ ਇਸ ਤਰ੍ਹਾਂ ਦੀਆਂ ਗਲਾਂ ਨਾ ਕਰੋਗੇ ਤਾਂ ਹੀ ਮੁਲਕ ਦੀ ਤਰੱਕੀ ਹੋਵੇਗੀ । ਸਾਨੂੰ ਸੜਕਾਂ ਜਾਂ ਬਿਜਲੀ ਆਦਿ ਦੇ ਮਾਮਲੇ ਵਿਚ ਇਗਨੋਰ ਨਾ ਕਰੋ, ਵਰਨਾ ਆਪ ਵਿਚ ਅਜਿਹੇ ਆਦਮੀ ਬੈਠੇ ਹਨ ਕਿ ਆਪ ਨੂੰ ਕਿਸੇ ਦੁਸ਼ਮਨ ਦੀ ਲੋੜ ਨਹੀਂ ।

ਹੁਣ ਮੈਂ ਕੁਝ ਡਰੇਨਜ਼ ਬਾਰੇ ਕਹਿਣਾ ਚਾਹੁੰਦਾ ਹਾਂ । ਇਕ ਮਹਿੰਗਰਵਾਲ ਡਰੇਨ ਕਪੂਰਥਲੇ ਤਕ ਜਾਂਦੀ ਹੈ । ਇਸ ਦੇ ਨਾਲ ਕਾਫੀ ਜ਼ਮੀਨ ਛਡੀ ਗਈ ਹੈ ਜੋ ਕਿ ਕਾਬਲੇਕਾਸ਼ਤ ਹੈ । ਕਹਿੰਦੇ ਹਨ ਕਿ ਇਸ ਵਿਚ ਹੋਰ ਚੋ ਪਾਉਣੇ ਹਨ । ਅਸੀਂ ਬੜਾ ਜ਼ੋਰ ਲਾਉਂਦੇ ਰਹੇ ਹਾਂ ਕਿ ਇਸ ਤੇ ਪੁਲ ਹੀ ਬਣਾ ਦਿਉ, ਲੋਕਾਂ ਨੂੰ 10,10 ਮੀਲ ਦੇ ਫੇਰ ਪੈਂਦੇ ਹਨ ਮਗਰ ਕੋਈ ਫਾਇਦਾ ਨਹੀਂ ਹੋਇਆ । ਹੁਣ ਜਾ ਕੇ ਕਾਸ਼ਤ ਕਰਨ ਦੀ ਇਜਾਜ਼ਤ ਮਿਲੀ ਹੈ ਤਾਂ ਜਾਕੇ ਉਨ੍ਹਾਂ ਲੋਕਾਂ ਦਾ ਕੁਝ ਫਾਇਦਾ ਹੋਇਆ ਹੈ । ਜੇ ਕਿਤੇ ਪੁਲ ਬਣਾਉਂਦੇ ਹਨ ਤਾਂ ਦੇਖਣ ਵਿਚ ਆਇਆ ਹੈ ਕਿ ਪੁਲ ਕਿਤੇ ਹੋਰ ਹੁੰਦਾ ਹੈ ਅਤੇ ਪਾਣੀ ਕਿਤੇ ਹੋਰ । ਇਹ ਪਿੰਡ ਵਾਲਿਆਂ ਦੀ ਸਲਾਹ ਨਹੀਂ ਲੈਂਦੇ । ਠੀਕ ਹੈ ਇੰਜਨੀਅਰ ਪੜ੍ਹੇ ਲਿਖੇ ਹੁੰਦੇ ਹਨ ਪਰ ਪਿੰਡ ਵਾਲੇ ਵੀ ਕੁਝ ਮਦਦ ਕਰ ਸਕਦੇ ਹਨ । ਅਗਰ ਇਹ ਚਾਹੁੰਦੇ ਹਨ ਕਿ ਦੇਸ਼ ਦੀ ਉਸਾਰੀ ਹੋਵੇ ਤਾਂ ਸਾਰਿਆਂ ਨੂੰ ਨਾਲ ਲੈਕੇ ਚਲਣ । ਕਿਸਾਨ ਦੀ ਵੀ ਫੌਜੀ ਦੀ ਤਰ੍ਹਾਂ ਹੀ ਸਹਾਇਤਾ ਕਰਨ । ਜ਼ਿਮੀਂਦਾਰ ਦੀਆਂ ਲੋੜਾਂ ਵਲ ਧਿਆਨ ਦੇਣਾ ਚਾਹੀਦਾ ਹੈ । ਮਨਿਸਟਰ ਸਾਹਿਬ ਕਹਿੰਦੇ ਹਨ ਕਿ ਜ਼ਿਮੀਂਦਾਰ ਨੂੰ ਉਸ ਦੀ ਲੋੜ ਦੀਆਂ ਚੀਜ਼ਾਂ ਉਸ ਦੇ ਪਿੰਡ ਵਿਚ ਮਿਲਣਗੀਆਂ, ਮਗਰ ਅਸਲੀਅਤ ਇਹ ਹੈ ਕਿ ਉਨ੍ਹਾਂ ਨੂੰ ਸ਼ਹਿਰਾਂ ਵਿਚ ਧੱਕੇ ਖਾਣੇ ਪੈਂਦੇ ਹਨ । ਇਨ੍ਹਾਂ ਨੂੰ ਪਾਰਟੀਬਾਜ਼ੀ ਨੂੰ ਇਕ ਪਾਸੇ ਕਰਕੇ ਮੁਲਕ ਦਾ ਮੁਫਾਦ ਸੋਚਣਾ ਚਾਹੀਦਾ ਹੈ । ਮੈਨੂੰ ਦੁਖ ਹੈ ਕਿ ਅਸੀਂ ਟਰਾਂਸਪੋਰਟ ਵਿਚ ਵੀ ਲੋਕਾਂ ਦੀ ਮਦਦ ਨਹੀਂ ਕਰ ਰਹੇ ਜਿਸ ਅਦਾਰੇ ਵਿਚ ਕਿ ਕੁਝ ਫਾਇਦਾ ਹੈ । ਚੇਅਰਮੈਨ ਸਾਹਿਬ, ਜਿਸ ਅਮੀਰ ਦੇ ਪਾਸ ਲੱਖਾਂ ਰੁਪਏ ਹਨ ਉਸ ਨੇ 1965 ਦੀ ਲੜਾਈ ਵਿਚ 500 ਰੁਪਏ ਜਾਂ ਹਜ਼ਾਰ ਦਿਤਾ ਹੋਵੇਗਾ ਪਰ ਜਿਸ ਜ਼ਿਮੀਂਦਾਰ ਨੇ ਆਪਣੀ ਜ਼ਮੀਨ ਵੇਚ ਕੇ ਟਰੱਕ ਖਰੀਦਿਆ ਸੀ ਉਸ ਨੇ ਵੀ ਆਪਣਾ ਟਰੱਕ ਇਨ੍ਹਾਂ ਦੇ ਹਵਾਲੇ ਕਰ ਦਿਤਾ ਅਤੇ ਉਹ ਲੋਕ ਫੌਜ ਤੋਂ ਵੀ ਪਹਿਲਾਂ ਬਰਕੀ ਜਾ ਪੁਜੇ ਸੀ । ਸਾਨੂੰ ਉਨ੍ਹਾਂ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ । ਆਪ ਦਿਲੀ ਚਲੇ ਜਾਓ ਆਪ ਨੂੰ ਪੰਜਾਬ ਦੀਆਂ ਇਕ ਜਾਂ ਦੋ ਬਸਾਂ ਹੀ ਨਜ਼ਰ ਆਉਣਗੀਆਂ ਅਤੇ ਹਰਿਆਣੇ ਦੀਆਂ ਬਹੁਤ ਬਸਾਂ ਹੋਣਗੀਆਂ । ਇਸ ਪਾਸੇ ਵਲ ਇਨ੍ਹਾਂ ਦਾ ਧਿਆਨ ਨਹੀਂ ਜਾਂਦਾ । ਆਪਸ ਵਿਚ ਲੜਦੇ ਹੀ ਰਹਿੰਦੇ ਹਨ । ਮੈਂ ਕਹਾਂਗਾ ਕਿ ਇਨ੍ਹਾਂ ਨੂੰ ਅਜਿਹੇ ਕੰਮ ਕਰਨੇ ਚਾਹੀਦੇ ਹਨ ਜਿਸ ਨਾਲ ਸੂਬੇ ਦਾ ਭਲਾ ਹੋਵੇ, ਲੋਕਾਂ ਦੀ ਤਰੱਕੀ ਹੋਵੇ । ਇਨਾਂ ਕਹਿ ਕੇ ਆਪ ਦਾ ਸ਼ੁੱਕਰੀਆ ਅਦਾ ਕਰਦਾ ਹੋਇਆ ਬੈਠਦਾ ਹਾਂ ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ.) : ਚੇਅਰਮੈਨ ਸਾਹਿਬ, ਇਹ ਬੜੀ ਖੁਸ਼ੀ ਦੀ ਗਲ ਹੈ ਕਿ ਇਕ ਖੜੇ ਸਿਆਣੇ ਫਾਇਨੈਂਸ ਮਨਿਸਟਰ ਨੇ ਇਹ ਸਪਲੀਮੈਂਟਰੀ ਬਜਟ ਪੇਸ਼ ਕੀਤਾ ਹੈ, ਇਸ ਨੂੰ ਪੇਸ਼ ਕਰਕੇ ਇਨ੍ਹਾਂ ਨੇ ਚੰਗਾ ਕੰਮ ਕੀਤਾ ਹੈ । ਇਸ ਨਾਲ ਜਿਨ੍ਹਾਂ ਕੰਮਾਂ ਦੇ ਅਧੂਰੇ ਰਹਿ ਜਾਣ ਦਾ ਖਤਰਾ ਸੀ ਉਹ ਪੂਰੇ ਕਰਨ ਦਾ ਯਤਨ ਕੀਤਾ ਜਾਵੇਗਾ । ਇਸ ਗਲ ਲਈ ਪੰਜਾਬ ਸੁਰਕਾਰ ਮੁਬਾਰਕਬਾਦ ਦੀ ਹਕਦਾਰ ਹੈ । ਜਿਥੇ ਮੈਂ ਇਹ ਕਹਿੰਦਾ ਹਾਂ ਇਸ ਦੇ ਨਾਲ ਹੀ ਮੈਂ ਕੁਝ ਸੁਝਾਉ ਵੀ ਦੇਵਾਂਗਾ ।

ਇਕ ਤਾਂ ਇਹ ਕਿ ਕਮਿਊਨਿਸਟ ਪਾਰਟੀ ਨੇ ਰਣਬੀਰ ਦਿਲੋਂ ਵਰਗੇ ਹੋਲ ਟਾਈਮਰ ਰਖੇ ਹੋਏ ਹਨ ਜਿਨ੍ਹਾਂ ਦਾ ਕੰਮ ਹੀ ਕਰਮਚਾਰੀਆਂ ਤੋਂ ਹੜਤਾਲਾਂ ਕਰਾਉਣਾ ਹੈ । ਉਨ੍ਹਾਂ ਦਾ ਮਤਲਬ ਹੁੰਦਾ ਹੈ ਕਿ ਹੜਤਾਲ ਕਰਾਉ, ਨਾਂ ਅਖਬਾਰਾਂ ਵਿਚ ਆਵੇ ਅਤੇ ਫਿਰ ਇਹ ਸਾਡੇ ਪਾਸ ਆਉਣ ਤਾਂ ਇਨ੍ਹਾਂ ਤੋਂ ਕੰਮ ਕਰਾਏ ਜਾਣ । ਇਹ ਗਲਾਂ ਬੰਦ ਹੋਣੀਆਂ ਚਾਹੀਦੀਆਂ ਹਨ । ਘੇਰਾਓ ਦਾ ਰਿਵਾਜ ਬੰਦ ਹੋ ਗਿਆ

[ਸਰਦਾਰ ਦਲੀਪ ਸਿੰਘ ਪਾਂਧੀ]

ਹੈ, ਇਨ੍ਹਾਂ ਵਲੋਂ ਕਰਵਾਈਆਂ ਜਾ ਰਹੀਆਂ ਹੜਤਾਲਾਂ ਨੂੰ ਵੀ ਸਰਕਾਰ ਨੂੰ ਸਖਤੀ ਨਾਲ ਬੰਦ ਕਰਾਉਣਾ ਚਾਹੀਦਾ ਹੈ। ਮੈਂ ਪਹਿਲਾਂ ਵੀ ਕਿਹਾ ਸੀ ਕਿ ਇਹ ਪੁਲੀਟੀਕਲੀ ਇੰਸਟੀਗੇਟਿਡ ਸਟਰਾਈਕ ਸੀ। ਅਗਰ ਮੁਲਾਜ਼ਮਾਂ ਨੂੰ ਕੋਈ ਸ਼ਿਕਾਇਤ ਹੈ ਤਾਂ ਉਹ ਆਪਣੇ ਦਾਇਰੇ ਵਿਚ ਰਹਿ ਕੇ, ਸਰਕਾਰ ਦੇ ਵਫਾਦਾਰ ਰਹਿ ਕੇ ਹਲ ਕਰਨ। ਅਗਰ ਕੋਈ ਅਫਸਰ ਬੇਇਨਸਾਫੀ ਕਰਦਾ ਹੈ ਤਾਂ ਆਪਣੇ ਹਕਾਂ ਲਈ ਆਪਣੀ ਹਦ ਦੇ ਅੰਦਰ ਰਹਿ ਕੇ ਗਲ ਕਰਨੀ ਚਾਹੀਦੀ ਹੈ ਨਾ ਕਿ ਪੁਲੀਟੀਕਲ ਸ਼ਹਿ ਤੇ ਕੋਈ ਗਲਤ ਕੰਮ ਕਰਨਾ ਚਾਹੀਦਾ ਹੈ। ਮੈਨੂੰ ਅਫਸੋਸ ਹੈ ਕਿ ਇਸ ਤਰ੍ਹਾਂ ਦੀਆਂ ਹੜਤਾਲਾਂ ਹੁੰਦੀਆਂ ਹਨ ਅਤੇ ਜਿਹੜੇ ਕਰਵਾਉਂਦੇ ਹਨ ਉਨ੍ਹਾਂ ਤੇ ਸਖਤ ਨਿਗਾਹ ਰਖਣੀ ਚਾਹੀਦੀ ਹੈ। ਜੋ ਹੜਤਾਲ ਕਰਵਾਉਂਦੇ ਹਨ ਉਹ ਮੁਲਾਜ਼ਮਾਂ ਨੂੰ ਗੁਮਰਾਹ ਕਰਦੇ ਹਨ। ਥਾਂ ਥਾਂ ਤੇ ਹੜਤਾਲਾਂ ਕਰਾਈਆਂ ਜਾਂਦੀਆਂ ਹਨ ਅਤੇ ਇਹ ਲੋਕਾਂ ਨੂੰ ਗੁਮਰਾਹ ਕਰਦੇ ਹਨ ਇਸ ਤਰ੍ਹਾਂ ਇਹ ਨਾ ਸਿਰਫ ਗੁਮਰਾਹ ਹੀ ਕਰਦੇ ਹਨ ਸਗੋਂ ਲੱਖਾਂ ਰੁਪਏ ਦਾ ਫੰਡ ਇਨ੍ਹਾਂ ਨੇ ਇਕੱਠਾ ਕਰ ਲਿਆ ਹੈ ਅਤੇ ਚੰਗੇ ਸ਼ਹਿਰੀਆਂ ਵਾਂਗ ਇਹ ਆਪ ਆਪਣਾ ਗੁਜ਼ਾਰਾ ਕਰਦੇ ਹਨ। ਇਸ ਲਈ ਮੈਂ ਫਿਨਾਂਸ ਮਨਿਸਟਰ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਉਹ ਇਸ ਦੇ ਬਾਰੇ ਵਿਚ ਸਖਤ ਕਾਰਵਾਈ ਕਰਨ ਤਾਂ ਕਿ ਇਹ ਜੋ ਤੀਜੇ ਦਿਨ ਹੜਤਾਲ ਦੀ ਆਵਾਜ਼ ਦੇ ਦਿਤੀ ਜਾਂਦੀ ਹੈ ਅਤੇ ਇਹ ਜਿਹੜੀ ਬਿਮਾਰੀ ਮੁਲਾਜ਼ਮਾਂ ਵਿਚ ਵਧ ਰਹੀ ਹੈ ਇਸ ਨੂੰ ਸਦਾ ਲਈ ਖਤਮ ਕਰ ਦਿਤਾ ਜਾਵੇ। ਅਤੇ ਇਸ ਦੇ ਬਾਰੇ ਵਿਚ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੀਆਂ ਹਦਾਇਤਾਂ ਸਨ ਉਨ੍ਹਾਂ ਤੇ ਸਖਤੀ ਨਾਲ ਅਮਲ ਨਹੀਂ ਕੀਤਾ ਗਿਆ ਸਰਕਾਰ ਵਲੋਂ ਇਹ ਹਿਦਾਇਤ ਸੀ ਕਿ ਜਿਹੜੇ ਅਫਸਰ ਦੇ ਹੇਠਾਂ ਕੰਮ ਕਰਨ ਵਾਲੇ ਕਰਮਚਾਰੀ ਸਟਰਾਈਕ ਵਿਚ ਹਿੱਸਾ ਲੈਣਗੇ ਅਤੇ ਉਹ ਅਫਸਰ ਉਨ੍ਹਾਂ ਨੂੰ ਹੜਤਾਲ ਤੋਂ ਰੋਕ ਨਹੀਂ ਸਕਣਗੇ ਉਨ੍ਹਾਂ ਦੇ ਵਿਰੁਧ ਵੀ ਕਾਰਵਾਈ ਕੀਤੀ ਜਾਵੇਗੀ ਪਰ ਇਸ ਤੇ ਸਖਤੀ ਨਾਲ ਅਮਲ ਨਹੀਂ ਕੀਤਾ ਗਿਆ। ਮੈਨੂੰ ਇਸ ਗਲ ਦੀ ਬੜੀ ਖੁਸ਼ੀ ਹੈ ਕਿ ਬਹੁਤ ਸਾਰੇ ਕਰਮਚਾਰੀ ਡਿਊਟੀ ਤੇ ਆਉਂਦੇ ਸਨ ਪਰ ਰਾਹ ਵਿਚ ਮਾੜੇ ਕਰਮਚਾਰੀ ਉਨ੍ਹਾਂ ਨੂੰ ਰੋਕ ਲੈਂਦੇ ਸਨ ਅਤੇ ਮੈਂ ਤਾਂ ਇਥੇ ਤਕ ਕਹਿਣ ਨੂੰ ਤਿਆਰ ਹਾਂ ਕਿ ਕਈ ਕਈ ਮਾੜੇ ਅਫਸਰ ਵੀ ਇਨ੍ਹਾਂ ਹੜਤਾਲ ਕਰਨ ਵਾਲਿਆਂ ਨੂੰ ਸ਼ਹਿ ਦੇਂਦੇ ਸਨ। ਜਿਹੜੇ ਕਰਮਚਾਰੀ ਡਿਊਟੀ ਤੇ ਆਉਣਾ ਚਾਹੁੰਦੇ ਸਨ ਉਨ੍ਹਾਂ ਦੀ ਪੂਰੀ ਤਰ੍ਹਾਂ ਹਿਫਾਜ਼ਤ ਨਹੀਂ ਕੀਤੀ ਗਈ ਜਿਹੜੀ ਕਿ ਕਰਨੀ ਚਾਹੀਦੀ ਸੀ। ਅਸੀਂ ਹੜਤਾਲ ਦੇ ਬਾਰੇ ਸਾਰੇ ਪੰਜਾਬ ਦਾ ਜਾਇਜ਼ਾ ਲਿਆ ਹੈ ਅਤੇ ਵੇਖਿਆ ਹੈ ਕਿ ਜਿਥੇ ਵੀ ਵਡੇ ਅਫਸਰਾਂ ਨੇ ਸਖਤੀ ਤੋਂ ਕੰਮ ਲਿਆ ਹੈ ਕਰਮਚਾਰੀ ਸਾਰੇ ਹੀ ਹਾਜ਼ਰ ਹੋ ਗਏ ਸਨ। ਮੈਂ ਪਟਿਆਲਾ ਦੇ ਕਮਿਸ਼ਨਰ ਦਾ ਜ਼ਿਕਰ ਕਰਦਾ ਹਾਂ ਕਿ ਉਸ ਨੇ ਦੋ ਦਿਨ ਪਹਿਲਾਂ ਹੁਕਮ ਜਾਰੀ ਕਰ ਦਿਤਾ ਸੀ ਅਤੇ ਕਰਮਚਾਰੀਆਂ ਨੂੰ ਤੰਬੀਹ ਕਰ ਦਿਤਾ ਸੀ ਅਤੇ ਇਸ ਦਾ ਨਤੀਜਾ ਇਹ ਨਿਕਲਿਆ ਕਿ ਕੋਈ ਵੀ ਕਰਮਚਾਰੀ ਹੜਤਾਲ ਤੇ ਨਹੀਂ ਗਿਆ। ਪਰ ਜਿਥੇ ਕੋਈ ਇਨਐਫੀਸ਼ੰਟ ਡੀ. ਸੀ. ਸੀ ਅਤੇ ਉਸ ਨੇ ਸਖਤੀ ਨਾਲ ਕਾਰਵਾਈ ਨਹੀਂ ਕੀਤੀ ਉਥੇ ਸਾਰੇ ਕਰਮਚਾਰੀ ਹੜਤਾਲ ਤੇ ਰਹੇ ਹਨ ਮੈਨੂੰ ਇਸ ਗਲ ਦਾ ਵੀ ਸ਼ਕ ਹੈ ਕਿ ਇਸ ਵਿਚ ਕੁਰਪਟ ਅਫਸਰਾਂ ਦਾ ਵੀ ਹਥ ਸੀ ਅਤੇ ਮੈਂ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਦੇ ਖਿਲਾਫ ਇਨਕੁਆਇਰੀ ਕਰਕੇ ਸਖਤ ਐਕਸ਼ਨ ਲੈਣਾ ਚਾਹੀਦਾ ਹੈ ਤਾਂ ਕਿ ਇਹ ਬੀਮਾਰੀ ਸਦਾ ਲਈ ਖਤਮ ਹੋ ਜਾਵੇ। ਇਨ੍ਹਾਂ ਦੀ ਜਿਸ ਤਰ੍ਹਾਂ ਦੀ ਮੰਗ ਸੀ ਜੇਕਰ 6 ਕਰੋੜ ਰੁਪਿਆ ਸਰਕਾਰੀ ਮੁਲਾਜ਼ਮਾਂ ਨੂੰ ਦਿਤਾ ਜਾਂਦਾ ਤਾਂ ਪੰਜਾਬ ਦੇ ਲੋਕਾਂ ਦਾ ਜਿਹੜਾ ਭਲਾਈ ਦਾ ਕੰਮ ਸੀ ਉਹ ਨਹੀਂ ਸੀ ਹੋ ਸਕਦਾ। ਅਤੇ ਨਾਂ ਹੀ ਅਸੀਂ ਇਨ੍ਹਾਂ ਸਕੂਲਾਂ ਨੂੰ ਅਪਗਰੇਡ ਕਰ ਸਕਦੇ ਡਿਵੈਲਪਮੈਂਟ ਦੇ ਸਾਰੇ ਕੰਮ ਰੁਕ ਜਾਣੇ ਸਨ ਅਤੇ ਬਿਜਲੀ ਦੇ ਬਾਰੇ ਵਿਚ ਜਿਹੜੀਆਂ ਸਕੀਮਾਂ ਹਨ ਉਨ੍ਹਾਂ ਦੀ ਤੋਰ ਨੂੰ ਤੇਜ਼ ਨਹੀਂ ਸੀ ਕੀਤਾ ਜਾ ਸਕਦਾ ਇਸ ਲਈ ਮੈਂ ਫਿਨਾਂਸ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਹ 6 ਕਰੋੜ ਰੁਪਿਆ ਬਚਾਇਆ ਹੈ ਅਤੇ ਪੰਜਾਬ ਨੂੰ ਤਰਕੀ ਦੀ ਰਾਹ ਵਲ ਅਗੇ ਲੈਜਾਣ ਲਈ ਖਰਚ ਕਰਨ ਦਾ ਬਜਟ ਪੇਸ਼ ਕੀਤਾ ਹੈ। ਜੇਕਰ

ਇਸ ਤਰ੍ਹਾਂ ਹੀ ਉਹ ਤਨਦੇਹੀ ਨਾਲ ਕੰਮ ਕਰਦੇ ਰਹੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਨੂੰ ਇਕ ਸਵਰਗ ਬਣਾ ਦੇਣਗੇ (ਪ੍ਰਸ਼ੰਸਾ) ਮੈਨੂੰ ਦੁਖ ਹੁੰਦਾ ਹੈ ਇਹ ਵੇਖ ਕੇ ਕਿ ਸੂਬੇ ਦੀ ਤਰਕੀ ਵਿਚ ਸਾਡੇ ਕਮਿਊਨਿਸਟ ਭਰਾ ਖੁਸ਼ ਨਹੀਂ ਅਤੇ ਇਸ ਤਰ੍ਹਾਂ ਉਹ ਹੜਤਾਲਾਂ ਅਤੇ ਲਾਕ-ਆਊਟ ਲਈ ਲੋਕਾਂ ਨੂੰ ਗੁਮਰਾਹ ਕਰਦੇ ਰਹਿੰਦੇ ਹਨ । ਮੇਰੇ ਪਾਸ ਇਨ੍ਹਾਂ ਦਾ ਇਕ ਹੋਰ ਇਸ਼ਤਿਹਾਰ ਹੈ ਲੋਕਾਂ ਨੂੰ ਗੁਮਰਾਹ ਕਰਨ ਵਾਲਾ । ਇਸ ਲਈ ਮੈਂ ਵਿਨਾਂਸ ਮਨਿਸਟਰ ਸਾਹਿਬ ਅਗੇ ਬੇਨਤੀ ਕਰਾਂਗਾ ਕਿ ਉਹ 'ਦੁਕਾਨਦਾਰੀ ਨਰਮੀ ਦੀ ਅਤੇ ਸਰਕਾਰ ਗਰਮੀ ਦੀ' ਕਹਾਵਤ ਤੇ ਅਮਲ ਕਰਨ ਤੇ ਇਨ੍ਹਾਂ ਹੜਤਾਲਾਂ ਨੂੰ ਸਖਤੀ ਨਾਲ ਦਬਾਣ ਤਾਂ ਹੀ ਸੂਬੇ ਦੀ ਤਰਕੀ ਕੀਤੀ ਜਾ ਸਕਦੀ ਹੈ । ਜਿਸ ਤਰ੍ਹਾਂ ਗਿੱਲ ਸਾਹਿਬ ਨੇ ਡਰਾਇਵਰਾਂ ਦੀ ਹੜਤਾਲ ਨੂੰ ਸਖਤੀ ਨਾਲ ਦਬਾਇਆ ਸੀ ਜਾਂ ਜਿਸ ਤਰ੍ਹਾਂ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਹੜਤਾਲ ਨੂੰ ਦਬਾਇਆ ਸੀ, ਇਸ ਤਰ੍ਹਾਂ ਸਖਤੀ ਨਾਲ ਕਾਰਵਾਈ ਕਰਨੀ ਚਾਹੀਦੀ ਹੈ । ਜਿਹੜੀ ਵੀ ਸਰਕਾਰ ਇਨ-ਪਾਵਰ ਆਉਂਦੀ ਹੈ ਇਹ ਕਿਸੇ ਦੀ ਰਿਆਇਤ ਨਾਲ ਨਹੀਂ ਆਉਂਦੀ ਇਹ ਕੰਪੀਟੀਸ਼ਨ ਨਾਲ ਪਾਵਰ ਵਿਚ ਆਉਂਦੀ ਹੈ (ਵਿਘਨ) ਇਸ ਲਈ ਹਾਲਾਤ ਤੇ ਇਨ੍ਹਾਂ ਨੇ ਆਪ ਹੀ ਕਾਬੂ ਪਾਣਾ ਹੁੰਦਾ ਹੈ ਅਸੀਂ ਪਿਛਲੇ ਵੀਹ ਸਾਲਾਂ ਵਿਚ ਦੇਖਦੇ ਆ ਰਹੇ ਹਾਂ ਕਿ ਕਿਸ ਤਰ੍ਹਾਂ ਉਸ ਸਮੇਂ ਦੀ ਸਰਕਾਰ ਨੇ ਪਿੰਡਾਂ ਵਿਚ ਕੋਈ ਸਹੂਲਤ ਨਹੀਂ ਦਿਤੀ ਅਤੇ ਅਤਿਆਚਾਰ ਕਰਦੀ ਰਹੀ । ਫਿਰ ਮਹਾਰਾਜਿਆਂ ਦਾ ਹਾਲ ਹੋਰ ਵੀ ਸਖਤ ਸੀ । ਮਹਾਰਾਜਾ ਪਟਿਆਲਾ ਅਤੇ ਨਾਭਾ ਦੀ ਇਹ ਹਾਲਤ ਸੀ ਕਿ ਪਿੰਡਾਂ ਵਿਚ ਇਕ ਵੀ ਸਕੂਲ ਨਹੀਂ ਖੋਲਿਆ ਜਾਂਦਾ ਸੀ, ਉਨ੍ਹਾਂ ਨੂੰ ਇਹ ਡਰ ਸੀ ਕਿ ਇਹ ਜੇਕਰ ਲੋਕੀ ਪੜ੍ਹ ਲਿਖ ਜਾਣਗੇ ਤਾਂ ਸਾਡਾ ਰਾਜ ਖੋਹ ਲੈਣਗੇ । ਹੁਣ ਜਦ ਕਿ ਉਨ੍ਹਾਂ ਦਾ ਫਸਤਾ ਵਢਿਆ ਗਿਆ ਹੈ ਇਹ ਤਾਂ ਹੀ ਹੋਇਆ ਹੈ ਕਿ ਪਿੰਡਾਂ ਵਿਚ ਲੋਕੀ ਪੜ੍ਹ ਲਿਖ ਗਏ ਹਨ ਇਸੇ ਤਰ੍ਹਾਂ ਸਾਨੂੰ ਵੀ ਇਸ ਤਰ੍ਹਾਂ ਦੇ ਪ੍ਰਬੰਧ ਕਰਨੇ ਚਾਹੀਦੇ ਹਨ ਕਿ ਲੋਕੀਂ ਆਪਣੇ ਅਸਲੇ ਨੂੰ ਪਹਿਚਾਣ ਲੈਣ ਤਾਂਕਿ ਚੋਣਾਂ ਵਿਚ ਜਿਤ ਕੇ ਇਸ ਤਰ੍ਹਾਂ ਦੀਆਂ ਪਿਛਾਂ ਖਿਚੂ ਪਾਰਟੀਆਂ ਨੂੰ ਪਿਛਾੜ ਕੇ ਆਣ । ਇਹ ਗਲ ਸੱਚੀ ਹੈ ਕਿ ਲੋਕ ਇਨ੍ਹਾਂ ਦੇ ਆਖੇ ਹੁਣ ਗੁਮਰਾਹ ਹੋਣ ਵਾਲੇ ਨਹੀਂ ਅਤੇ ਲੋਕ ਸਭਾ ਦੀਆਂ ਚੋਣਾਂ ਵੀ ਅਸੀਂ ਜਿਤ ਕੇ ਆਵਾਂਗੇ । ਅਤੇ ਇਹ ਜਿਸ ਤਰ੍ਹਾਂ ਥਾਂ ਥਾਂ ਤੇ ਗੱਲ ਗੱਲ ਤੇ ਵਾਕਆਊਟ ਕਰਦੇ ਹਨ ਅਤੇ ਲੋਕਾਂ ਨੂੰ ਗੁਮਰਾਹ ਕਰਦੇ ਹਨ ਇਹ ਅਗਾਂਹ ਤੋਂ ਬੰਦ ਹੋ ਜਾਵੇਗਾ । (ਵਿਘਨ)

ਸ਼੍ਰੀ ਗਿਆਨ ਚੰਦ ਖਰਬਦਾ : ਆਨ ਏ ਪੁਆਇੰਟ ਆਫ ਆਰਡਰ ਸਰ, ਪਾਂਧੀ ਸਾਹਿਬ ਜੋ ਬੋਲ ਰਹੇ ਹਨ ਕੀ ਇਹ ਸਪਲੀਮੈਂਟਰੀ ਐਸਟੀਮੇਟਸ ਦੀ ਬਹਿਸ ਨਾਲ ਰੈਲੇਵੈਂਟ ਹੈ ?

ਸ਼੍ਰੀ ਸਭਾਪਤੀ : ਇਹ ਜਨਰਲ ਐਡਮਨਿਸਟਰੇਸ਼ਨ ਤੇ ਬੋਲ ਰਹੇ ਹਨ । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (The hon. Member is speaking on the General Administration. This is no point of order.)

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਇਥੇ ਜ਼ਿਕਰ ਕੀਤਾ ਗਿਆ ਹੈ ਡੀ. ਟੀ. ਓਜ਼ ਅਤੇ ਉਨ੍ਹਾਂ ਨੂੰ ਜੀਪਾਂ ਦੇਣ ਦਾ ਤਾਂਕਿ ਟਰਾਂਸਪੋਰਟ ਦੀ ਚੈਕਿੰਗ ਹੋ ਸਕੇ । ਇਹ ਜਿਹੜਾ 60 : 40 ਦਾ ਫਾਰਮੂਲਾ ਬਣਾਇਆ ਗਿਆ ਹੈ ਇਹ ਠੀਕ ਹੈ, ਨਹੀਂ ਤਾਂ ਪ੍ਰਾਈਵੇਟ ਆਪਰੇਟਰਾਂ ਨੇ ਆਪਣੀਆਂ ਮਨਾਪਲੀਆਂ ਬਣਾ ਲਈਆਂ ਹੋਈਆਂ ਸਨ । ਇਹੋ ਹੀ ਤਰੀਕਾ ਸੀ ਇਸ ਮਨਾਪਲੀ ਨੂੰ ਬੰਦ ਕਰਨ ਦਾ । ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਜੋ ਪ੍ਰਬੰਧ ਕੀਤੇ ਜਾ ਰਹੇ ਹਨ ਇਨ੍ਹਾਂ ਤੇ ਸਖਤੀ ਨਾਲ ਅਮਲ ਹੋਣਾ ਚਾਹੀਦਾ ਹੈ । ਬੱਸਾਂ ਅਤੇ ਟਰੱਕਾਂ ਵਾਲੇ ਟੈਕਸਾਂ ਦੀ ਚੋਰੀ ਕਰਦੇ ਹਨ ਅਤੇ ਮੈਂ ਸਮਝਦਾ ਹਾਂ ਕਿ ਇਸ ਵਿਚ ਕੁਰਪਟ ਅਫ਼ਸਰਾਂ ਦਾ ਵੀ ਥ ਹੈ । ਉਨ੍ਹਾਂ ਨੂੰ ਟਰੱਕ ਅਤੇ ਬਸਾਂ

[ਸਰਦਾਰ ਦਲੀਪ ਸਿੰਘ ਪਾਂਧੀ]

ਫਰੀ ਸਪਲਾਈ ਕੀਤੀਆਂ ਜਾਂਦੀਆਂ ਹਨ ਇੰਕਮ ਟੈਕਸ ਦਾ ਉਨ੍ਹਾਂ ਤੇ ਕੋਈ ਚੈਕ ਨਹੀਂ ਅਤੇ ਸੇਲਜ਼ ਟੈਕਸ ਵਿਚ ਵੀ ਇਹ ਆਪਰੇਟਰ ਚੋਰੀ ਕਰਦੇ ਹਨ। ਇਸ ਲਈ ਇਹ ਜਿਹੜਾ ਉਪਬੰਧ ਕੀਤਾ ਜਾ ਰਿਹਾ ਹੈ ਇਹ ਠੀਕ ਹੈ ਤਾਂ ਕਿ ਇਨ੍ਹਾਂ ਤੇ ਕੋਈ ਤਾਂ ਚੈਕ ਕਾਇਮ ਰਖਿਆ ਜਾ ਸਕੇ । ਪਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਸ ਵਿਭਾਗ ਵਿਚ ਅਫਸਰ ਪੂਰੀ ਤਰ੍ਹਾਂ ਕੰਮ ਨਹੀਂ ਕਰਦੇ, ਕੀ ਟਰੈਫਿਕ ਰੂਲਜ਼ ਦੀ ਉਲੰਘਣਾ ਕਰਨ ਵਿਚ ਕਿਸੇ ਦਾ ਰੂਟ ਪਰਮਿਟ ਕੈਂਸਲ ਕੀਤਾ ਗਿਆ ਜਾਂ ਕੋਈ ਚਲਾਨ ਪੇਸ਼ ਕੀਤੇ ਗਏ ? ਇਸ ਲਈ ਮੈਂ ਸਮਝਦਾ ਹਾਂ ਕਿ ਸੇਲਜ਼ ਟੈਕਸ ਦੇ ਕਰਮਚਾਰੀ ਇਨ੍ਹਾਂ ਆਪਰੇਟਰਾਂ ਨਾਲ ਮਿਲੇ ਹੁੰਦੇ ਹਨ ਇਸ ਲਈ ਇਸ ਪੱਖ ਵਲ ਵੀ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਟੈਕਸਾਂ ਦੀ ਚੋਰੀ ਜਿਹੜੇ ਆਪਰੇਟਰ ਕਰਦੇ ਹਨ ਉਨ੍ਹਾਂ ਨੂੰ ਯੋਗ ਸਜ਼ਾ ਦਿਤੀ ਜਾ ਸਕੇ ।

ਫਿਰ ਇਥੇ ਇਕ ਡਿਮਾਂਡ ਰਖੀ ਗਈ ਹੈ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਅਤੇ ਬਾਕੀ ਮੈਂਬਰਾਂ ਦੇ ਕਮਰਿਆਂ ਵਿਚ ਏਅਰ ਕੰਡੀਸ਼ਨਰ ਲਗਾਣ ਬਾਰੇ । ਇਹ ਠੀਕ ਹੈ ਪਰ ਇਹ ਬੇਨਤੀ ਕਰਦਾ ਹਾਂ ਕਿ ਜਦ ਜਨਤਾ ਪਾਰਟੀ ਦਾ ਰਾਜ ਸੀ ਤਾਂ ਗਿਆਨੀ ਕੁੰਦਨ ਸਿੰਘ ਪਤੰਗ ਨੂੰ ਕਿਸ ਤਰ੍ਹਾਂ ਇਸ ਕਮਿਸ਼ਨ ਦੇ ਚੇਅਰਮੈਨ ਨੇ ਵਰਗਲਾਣ ਦੀ ਕੋਸ਼ਿਸ਼ ਕੀਤੀ। ਇਸ ਦੀ ਇਨਕੁਆਇਰੀ ਹੋ ਰਹੀ ਹੈ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ ਇਸੇ ਇਕ ਗਲ ਤੇ ਹੀ ਉਸ ਨੂੰ ਹਟਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਥਾਂ ਤੇ ਨਵਾਂ ਆਦਮੀ ਲਗਾਇਆ ਜਾ ਸਕਦਾ ਹੈ। ਇਹ ਮੈਂ ਸਮਝਦਾ ਹਾਂ ਕਿ ਕਹਿਣਾ ਮੁਨਾਸਿਬ ਨਹੀਂ ਕਿ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰਾਂ ਦੇ ਬਾਰੇ ਵਿਚ ਅਸੀਂ ਕੋਈ ਕਾਰਵਾਈ ਨਹੀਂ ਕਰ ਸਕਦੇ। ਸਰਕਾਰ ਉਨ੍ਹਾਂ ਦਾ ਸਾਰਾ ਖਰਚਾ ਦਿੰਦੀ ਹੈ ਇਸ ਲਈ ਉਨ੍ਹਾਂ ਤੇ ਸਰਕਾਰ ਨੂੰ ਆਪਣਾ ਚੈਕ ਰਖਣਾ ਚਾਹੀਦਾ ਹੈ ਤਾਂ ਕਿ ਸੂਬੇ ਦਾ ਭਲਾ ਹੋ ਸਕੇ। ਜਿਹੜਾ ਪਤੰਗ ਸਾਹਿਬ ਨਾਲ ਇਸ ਤਰ੍ਹਾਂ ਦਾ ਸਲੂਕ ਕਰ ਸਕਦਾ ਹੈ ਉਹ ਹੋਰ ਕੀ ਪੰਜਾਬ ਦੇ ਹਿੱਤ ਦੀ ਗਲ ਕਰ ਸਕਦਾ ਹੈ। ਇਥੇ ਇਸ ਤਰ੍ਹਾਂ ਦਾ ਆਦਮੀ ਲਗਾਣਾ ਚਾਹੀਦਾ ਹੈ ਜਿਹੜਾ ਕਿ ਪੰਜਾਬ ਦੇ ਹਿੱਤ ਵਿਚ ਅਤੇ ਸਰਵਿਸਾਂ ਦੇ ਬਾਰੇ ਸਹੀ ਚੋਣ ਕਰ ਸਕੇ । ਇਥੇ ਦੇ ਜਿਹੜੇ ਮੈਂਬਰ ਹਨ ਅਤੇ ਸਾਰੇ ਅਫਸਰ ਹਨ ਜੋ ਮਰਜ਼ੀ ਹੈ ਖਰਚ ਕਰਦੇ ਹਨ ਇਸ ਤੇ ਕੋਈ ਚੈਕ ਸਰਕਾਰ ਦਾ ਹੋਣਾ ਚਾਹੀਦਾ ਹੈ। ਇਥੇ ਸਰਦਾਰ ਬਲਵੰਤ ਸਿੰਘ ਜੀ ਬੈਠੇ ਹਨ ਮੈਂ ਇਨ੍ਹਾਂ ਪਾਸ ਬੇਨਤੀ ਕਰਾਂਗਾ ਕਿ ਜਿਹੜੇ ਇਸ ਤਰ੍ਹਾਂ ਦੇ ਪੁਲੀਟੀਕਲ ਬਾਇਸ ਰਖਣ ਵਾਲੇ ਅਫਸਰ ਹਨ ਭਾਵੇਂ ਉਹ ਕਿੰਨੇ ਹੀ ਉਚੇ ਆਫਿਸ ਵਿਚ ਹੋਣ ਅਤੇ ਜਿਹੜੇ ਲੋਕਾਂ ਨੂੰ ਗਲਤ ਰਾਹ ਤੇ ਲੈ ਜਾਂਦੇ ਹਨ ਅਤੇ ਗੁਮਰਾਹ ਕਰਦੇ ਹਨ ਉਨ੍ਹਾਂ ਨੂੰ ਹਟਾ ਦੇਣ ਵਲ ਧਿਆਨ ਦੇਣਾ ਚਾਹੀਦਾ ਹੈ ਅਤੇ ਯੋਗ ਕਾਰਵਾਈ ਕਰਨੀ ਚਾਹੀਦੀ ਹੈ।

ਇਸ ਤੋਂ ਅਗੇ ਜ਼ਿਕਰ ਕੀਤਾ ਗਿਆ ਹੈ ਹਰੀਜਨਾਂ ਦੇ ਵੈਲਫੇਅਰ ਲਈ ਕਾਰਪੋਰੇਸ਼ਨ ਬਨਾਣ ਦਾ ਇਸ ਦੇ ਬਾਰੇ ਵਿਚ ਇਸ ਸਾਲ ਵਿਚ ਹੀ 1 ਕਰੋੜ ਰੁਪਿਆ ਖਰਚ ਕੀਤਾ ਜਾਣਾ ਹੈ ਅਤੇ ਆਸ ਹੈ ਕਿ ਇਸ ਨਾਲ ਹਰੀਜਨਾਂ ਦਾ ਸੁਧਾਰ ਹੋ ਸਕੇਗਾ। ਇਸ ਖਰਚ ਨੂੰ ਸਰਕਾਰ ਨੇ ਵਧਾ ਕੇ 5 ਕਰੋੜ ਕਰ ਦੇਣਾ ਹੈ (ਵਿਘਨ) ਇਨ੍ਹਾਂ ਨੇ ਤਾਂ ਵੀਹ ਸਾਲਾਂ ਵਿਚ ਇਸ ਸ਼ਰੇਣੀ ਲਈ ਕੁਝ ਨਹੀਂ ਕੀਤਾ ਅਤੇ ਆਪਣੇ ਮੁਫਾਦ ਨੂੰ ਸਾਹਮਣੇ ਰਖ ਕੇ ਇਨ੍ਹਾਂ ਨੂੰ ਪਿਛੇ ਰਖਣ ਦਾ ਯਤਨ ਕੀਤਾ ਸੀ। ਇਹ ਠੀਕ ਹੈ ਕਿ ਇਸ ਕੰਮ ਲਈ ਪੈਸਾ ਘਟ ਰਖਿਆ ਗਿਆ ਹੈ ਪਰ ਜੇਕਰ ਇਹ ਵੀ ਇਮਾਨਦਾਰੀ ਨਾਲ ਖਰਚ ਕੀਤਾ ਜਾਵੇ ਤਾਂ ਹਰੀਜਨ ਸੁਧਾਰ ਦੇ ਰਾਹ ਤੇ ਸਰਕਾਰ ਤੁਰ ਸਕੇਗੀ ਅਤੇ ਇਸ ਸਬੰਧ ਵਿਚ ਮੈਂ ਫਿਨਾਂਸ ਮਨਿਸਟਰ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਇਹ ਜਿਹੜੀ ਰਕਮ 1 ਕਰੋੜ ਦੀ ਰਖੀ ਗਈ ਹੈ ਇਹ ਕਾਗਜ਼ਾਂ ਤੇ ਹੀ ਨਾ ਰਹਿ ਜਾਵੇ ਅਤੇ ਇਸ ਤੇ ਅਮਲ ਕੀਤਾ ਜਾਣਾ ਚਾਹੀਦਾ ਹੈ। ਮੈਨੂੰ ਇਹ ਸੁਣ ਕੇ ਖੁਸ਼ੀ ਹੋਈ ਹੈ ਕਿ ਸਮਾਜ ਭਲਾਈ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਇਸ ਦਾ ਮੈਨੇਜਿੰਗ ਡਾਇਰੈਕਟਰ ਰਾਮ ਗੁਪਾਲ ਆਈ. ਏ. ਐਸ. ਨੂੰ ਲਗਾ ਦਿਤਾ ਹੈ ਜਿਹੜਾ ਕਿ ਹਰੀਜਨ ਹੈ।

ਇਹ ਇਨ੍ਹਾਂ ਨੇ ਚੰਗਾ ਕੰਮ ਕੀਤਾ ਹੈ ਅਤੇ ਆਸ ਹੈ ਕਿ ਇਹ ਰਕਮ ਇਸੇ ਸਾਲ ਵਿਚ ਖਰਚ ਕਰਕੇ, ਲੋਕਾਂ ਨੂੰ ਦੇ ਕੇ ਹਰੀਜਨਾਂ ਦਾ ਸੁਧਾਰ ਕੀਤਾ ਜਾਵੇਗਾ। (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਆਨ ਏ ਪੁਆਇੰਟ ਆਫ ਆਰਡਰ ਸਰ, ਹੁਣੇ ਹੀ ਪਾਂਧੀ ਸਾਹਿਬ ਨੇ ਤਕਰੀਰ ਕਰਦਿਆਂ ਹਰੀਜਨ ਕਾਰਪੋਰੇਸ਼ਨ ਦੇ ਇਕ ਮੈਨੇਜਿੰਗ ਡਾਇਰੈਕਟਰ ਦਾ ਨਾਮ ਦਸਿਆ ਹੈ ਅਤੇ ਕਿਹਾ ਹੈ ਕਿ ਇਹ ਉਨ੍ਹਾਂ ਨੂੰ ਸਮਾਜ ਭਲਾਈ ਮੰਤਰੀ ਨੇ ਦਸਿਆ ਹੈ ਬਾਕੀ ਚਾਰ ਦੇ ਨਾਂ ਕੀ ਹਨ, ਇਹ ਵੀ ਦਸ ਦੇਣ।

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। (This is no Point of Order.).

ਸਰਦਾਰ ਦਲੀਪ ਸਿੰਘ ਪਾਂਧੀ : ਇਹ ਵੀ ਵਡੀ ਖੁਸ਼ੀ ਦੀ ਗਲ ਹੈ ਕਿ ਸਰਕਾਰ ਨੇ ਆਪਣੀ ਮੁਹਾਰ ਪਿੰਡਾਂ ਨੂੰ ਸੁਧਾਰਨ ਵਲ ਮੋੜ ਲਈ ਹੈ ਜਿਨ੍ਹਾਂ ਨੂੰ ਕਿ ਪਿਛੇ ਨਿਗਲੈਕਟ ਕੀਤਾ ਜਾ ਰਿਹਾ ਸੀ। ਇਸ ਤਰ੍ਹਾਂ ਜੇਕਰ ਸਮਾਜ ਭਲਾਈ ਦੇ ਕੰਮਾਂ ਵਲ ਧਿਆਨ ਇਹ ਸਰਕਾਰ ਦਿੰਦੀ ਰਹੀ ਤਾਂ ਪੰਜਾਬ ਨੂੰ ਇਕ ਮਾਡਲ ਸੂਬਾ ਬਣਾਇਆ ਜਾ ਸਕਦਾ ਹੈ। ਜਿਥੇ ਤਕ ਸੜਕਾਂ ਦਾ ਸਬੰਧ ਹੈ ਇਨ੍ਹਾਂ ਲਈ 10 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ ਜੇਕਰ ਇਹ ਰਕਮ ਇਮਾਨਦਾਰੀ ਨਾਲ ਖਰਚ ਕੀਤੀ ਜਾਵੇ ਤਾਂ ਕੋਈ ਪਿੰਡ ਵੀ ਅਜਿਹਾ ਨਹੀਂ ਰਹੇਗਾ ਜਿਥੇ ਕਿ ਸੜਕ ਦਾ ਲਿੰਕ ਨਾ ਹੋਵੇ (ਪ੍ਰਸੰਸਾ) ਮੈਂ ਇਸ ਸਬੰਧ ਵਿਚ ਬਾਸੀ ਸਾਹਿਬ ਨੂੰ ਕਹਾਂਗਾ ਕਿ ਉਹ ਖਾਸ ਤੌਰ ਤੇ ਲੋਕ ਹਿਤ ਨੂੰ ਸਾਹਮਣੇ ਰਖ ਕੇ ਇਹ ਵੇਖਣ ਕਿ ਰਕਮ ਸਹੀ ਤੌਰ ਤੇ ਖਰਚ ਕੀਤੀ ਜਾਵੇ। (ਵਿਘਨ)

ਸਰਦਾਰ ਸਰੂਪ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ। ਇਹ ਜਿਹੜਾ ਵਾਰ ਵਾਰ ਪਾਂਧੀ ਸਾਹਿਬ ਇਮਾਨਦਾਰੀ ਦਾ ਲਫਜ਼ ਵਰਤ ਰਹੇ ਹਨ ਕਿ ਇਮਾਨਦਾਰੀ ਨਾਲ ਪੈਸੇ ਖਰਚ ਕੀਤੇ ਜਾਣ, ਕੀ ਇਨ੍ਹਾਂ ਦੇ ਇਲਮ ਵਿਚ ਹੈ ਕਿ ਉਥੇ ਅੱਧਾ ਪੈਸਾ ਗਬਨ ਕੀਤਾ ਗਿਆ ਹੈ? (ਵਿਘਨ)

ਸ੍ਰੀ ਸਭਾਪਤੀ : ਇਹ ਕੋਈ ਪੁਆਇਟ ਆਫ ਆਰਡਰ ਨਹੀਂ। (This is no point of order.).

ਸਰਦਾਰ ਦਲੀਪ ਸਿੰਘ ਪਾਂਧੀ : ਕੁਝ ਥਾਵਾਂ ਤੇ ਅਫਸਰ ਇਮਾਨਦਾਰੀ ਨਾਲ ਕੰਮ ਨਹੀਂ ਕਰਦੇ ਉਨ੍ਹਾਂ ਦੇ ਵਿਰੁਧ ਐਕਸ਼ਨ ਲੈਣਾ ਚਾਹੀਦਾ ਹੈ। ਚੀਮਾ ਸਾਹਿਬ ਨੇ ਪਿਛੇ ਜਿਹੇ ਛਾਪਾ ਮਾਰਿਆ ਸੀ ਅਤੇ ਕੁਝ ਆਦਮੀ ਸ਼ਕੰਜੇ ਵਿਚ ਆਏ ਹਨ। ਮੈਨੂੰ ਅਫ਼ਸੋਸ ਹੈ ਕਿ ਕਈ ਅਫਸਰ ਆਪਣੀ ਡਿਊਟੀ ਤੇ ਵੀ ਹਾਜ਼ਰ ਨਹੀਂ ਰਹਿੰਦੇ ਇਸ ਲਈ ਮੈਂ ਬਾਸੀ ਸਾਹਿਬ ਅਗੇ ਬੇਨਤੀ ਕਰਾਂਗਾ ਕਿ ਉਹ ਪੀ. ਡਬਲਿਯੂ. ਡੀ. ਵਿਚ ਇਸ ਗੱਲ ਵਲ ਖਾਸ ਧਿਆਨ ਦੇਣ ਕਿਉਂਕਿ ਉਨ੍ਹਾਂ ਨੇ ਹੀ ਸੜਕਾਂ ਤਿਆਰ ਕਰਵਾਣੀਆਂ ਹਨ। ਫਿਰ ਜਿਹੜਾ ਦਫਤਰ ਪੀ. ਡਬਲਿਯੂ. ਡੀ. ਦਾ ਹੈ ਇਹ ਪਟਿਆਲੇ ਵਿਚ ਹੋਣਾ ਚਾਹੀਦਾ ਹੈ। (ਵਿਘਨ)

ਡਾਕਟਰ ਅਮੀਰ ਸਿੰਘ ਕਲਕੱਟ : ਆਨ ਏ ਪੁਆਇੰਟ, ਆਫ਼ ਆਰਡਰ ਸਰ। ਪਾਂਧੀ ਸਾਹਿਬ ਨੇ ਆਪਣੀ ਸਪੀਚ ਦੇ ਵਿਚ ਦਸਿਆ ਹੈ ਕਿ ਉਹ ਹਰ ਗਲ ਇਮਾਨਦਾਰੀ ਵਾਲੀ ਚਾਹੁੰਦੇ ਹਨ, ਉਨ੍ਹਾਂ ਨੇ ਇਮਾਨਦਾਰੀ ਦਾ ਲਫ਼ਜ਼ ਬਹੁਤ ਵਰਤਿਆ ਹੈ। ਪਰ ਜਿਹੜੀਆਂ ਅਖ਼ਬਾਰਾਂ ਵਿਚ

[ਡਾਕਟਰ ਅਮੀਰ ਸਿੰਘ ਕਲਕੱਟ]

ਖ਼ਬਰਾਂ ਆ ਰਹੀਆਂ ਹਨ ਉਨ੍ਹਾਂ ਵਿਚ ਇਹ ਲਿਖਿਆ ਹੁੰਦਾ ਹੈ ਕਿ ਪਾਂਧੀ ਸਾਹਿਬ ਨੇ ਕਈ ਪਲਾਟ ਸਾਂਭ ਲਏ ਹਨ, ਹੋਰ ਜ਼ਮੀਨਾਂ ਤੇ ਕਬਜ਼ੇ ਕੀਤੇ ਹਨ, ਉਹ ਲੋਕਾਂ ਨੂੰ ਇਮਾਨਦਾਰੀ ਦਾ ਹੀ ਸਬਕ ਦੇਂਦੇ ਹਨ ਜਾਂ ਆਪਣੇ ਮੰਜੇ ਹੇਠ ਵੀ ਇਮਾਨਦਾਰੀ ਦਾ ਝਾੜੂ ਫੇਰਨਗੇ ?

ਸਰਦਾਰ ਦਲੀਪ ਸਿੰਘ ਪਾਂਧੀ : ਮੇਰੇ ਮੁਤੱਲਿਕ ਜਿਹੜੀ ਇਹ ਗਲ ਕਹੀ ਗਈ ਹੈ, ਮੈਂ ਚੂੰਕਿ ਆਪਣੇ ਆਪ ਨੂੰ ਇਮਾਨਦਾਰ ਸਮਝਦਾ ਹਾਂ, ਇਸ ਲਈ ਇਸੇ ਹਾਊਸ ਦੇ ਵਿਚ ਕਹਿੰਦਾ ਹਾਂ ਕਿ ਜੇ ਮੈਂ ਕੋਈ ਆਪਣੀ ਜਾਇਦਾਦ ਬਣਾਈ ਹੋਵੇ ਜਾਂ ਮੈਂ ਕਿਸੇ ਜ਼ਮੀਨ ਤੇ ਕਬਜ਼ਾ ਕੀਤਾ ਹੋਵੇ ਜਿਸ ਤੇ ਕਿ ਮੇਰਾ ਨਾਉਂ ਹੋਵੇ, ਜੇ ਕੋਈ ਸਾਬਤ ਕਰ ਦੇਵੇ ਤਾਂ ਜੋ ਵੀ ਸਜ਼ਾ ਇਹ ਹਾਊਸ ਮੈਨੂੰ ਦੇਵੇ ਮੈਨੂੰ ਪ੍ਰਵਾਨ ਹੈ। (ਤਾੜੀਆਂ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਰਕਾਰ ਨੇ ਡਿਸਟ੍ਰਿਕਟ ਟਰਾਂਸਪੋਰਟ ਅਫਸਰਾਂ ਦੇ ਲਈ ਜੀਪਾਂ ਦਿੱਤੀਆਂ ਹਨ, ਇਸੇ ਤਰ੍ਹਾਂ ਦਾ ਪ੍ਰਬੰਧ ਡਿਸਟ੍ਰਿਕਟ ਭਲਾਈ ਅਫਸਰਾਂ ਦੇ ਲਈ ਵੀ ਹੋਣਾ ਚਾਹੀਦਾ ਹੈ। ਇਸ ਦੇ ਨਾਲ ਉਨ੍ਹਾਂ ਲੋਕਾਂ ਨੂੰ ਭਲਾਈ ਦੇ ਕੰਮ ਕਰਨ ਵਿਚ ਬੜੀ ਸਹੂਲਤ ਹੋ ਸਕਦੀ ਹੈ। ਅਜ ਕਾਂਗਰਸੀ ਜਿਹੜੇ ਆਪਣੇ ਆਪ ਨੂੰ ਹਰੀਜਨਾਂ ਦੇ ਠੇਕੇਦਾਰ ਸਮਝਦੇ ਹਨ, ਤੁਸੀਂ ਉਨ੍ਹਾਂ ਦੀਆਂ ਜਾਇਦਾਦਾਂ ਵੇਖੋ ਕਿਵੇਂ ਬਣਾਈਆਂ ਹੋਈਆਂ ਹਨ। ਜਿਹੜੇ ਰਜਵਾੜਿਆਂ ਦੇ ਪਿੱਠੂ ਸਨ ਉਨ੍ਹਾਂ ਨੇ ਵੀ ਇਸੇ ਤਰ੍ਹਾਂ ਜਾਇਦਾਦਾਂ ਬਣਾਈਆਂ। ਜੇ ਕੋਈ ਮਾੜੀ ਜਿਹੀ ਗਲ ਹੁੰਦੀ ਹੈ ਤਾਂ ਉਨ੍ਹਾਂ ਨੂੰ ਪੱਟਾ ਲਿਖ ਦਿੱਤਾ ਜਾਂਦਾ ਹੈ। ਪਰ ਅਜ ਮੈਨੂੰ ਇਹ ਕਹਿਣ ਦੇ ਵਿਚ ਖੁਸ਼ੀ ਹੁੰਦੀ ਹੈ ਕਿ ਡਕਾਲੇ ਦੇ ਹਲਕੇ ਵਿਚ ਹਰੀਜਨਾਂ ਨੇ ਸਾਬਤ ਕਰ ਦਿਤਾ ਹੈ ਕਿ ਉਨ੍ਹਾਂ ਦੀ ਸਹੀ ਨੁਮਾਇੰਦਗੀ ਕਰਨ ਵਾਲੇ ਕੌਣ ਹਨ। ਅਜ ਪੰਜਾਬ ਦਾ ਹਰੀਜਨ, ਇਨ੍ਹਾਂ ਦੀਆਂ ਗ਼ਲਤ ਨੀਤੀਆਂ ਦੇ ਕਾਰਨ ਕਾਂਗਰਸ ਤੋਂ ਬਹੁਤ ਦੂਰ ਚਲਾ ਗਿਆ ਹੈ। ਇਨ੍ਹਾਂ ਨੇ ਆਪਣੇ ਵਕਤ ਨਾ ਹਰੀਜਨਾਂ ਦੇ ਲਈ ਕੋਈ ਧਰਮਸ਼ਾਲਾ ਬਣਾਈ, ਨਾ ਇਨ੍ਹਾਂ 30 ਸਟੈਂਡਰਡ ਏਕੜ ਦੇ ਵਿਚੋਂ ਕਿਸੇ ਨੂੰ ਕੋਈ ਬਚਦੀ ਜ਼ਮੀਨ ਹੀ ਦਿੱਤੀ ਸਾਰੀਆਂ ਦੀਆਂ ਸਾਰੀਆਂ ਜ਼ਮੀਨਾਂ ਵੱਡੇ ਵਡੇ ਰਜਵਾੜਾ ਸ਼ਾਹੀ ਦੇ ਪਿੱਠੂ ਹੀ ਹਜ਼ਮ ਕਰ ਗਏ। ਡਕਾਲੇ ਦੇ ਹਲਕੇ ਵਿਚ ਮੈਂ ਇਹ ਗਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਉਥੇ ਕਿਸੇ ਹਰੀਜਨ ਨੇ ਵੋਟ ਨਹੀਂ ਪਾਈ ਸਵਾਏ 5-4 ਬੰਦਿਆਂ ਦੇ। ਮੈਂ ਇਹ ਵੀ ਸਾਬਤ ਕਰ ਸਕਦਾ ਹਾਂ ਜਿਥੇ ਕਾਂਗਰਸ ਨੂੰ ਵੋਟਾਂ ਪਾਈਆਂ, ਇਨ੍ਹਾਂ ਨੂੰ ਜਿਤਨੀ ਉਮੀਦ ਸੀ ਉਸ ਤੋਂ ਕਿਤੇ ਘਟ ਵੋਟਾਂ ਪਈਆਂ ਹਨ। ਮੈਂ ਜ਼ਮੀਨ ਦੇ ਮਸਲੇ ਦੇ ਮੁਤਾਲਿਕ ਪੰਜਾਬ ਸਰਕਾਰ ਨੂੰ ਇਤਨਾ ਹੀ ਕਹਾਂਗਾ ਕਿ ਇਹ ਮੁਆਮਲਾ ਬੜੇ ਚਿਰ ਤੋਂ ਲਟਕ ਰਿਹਾ ਹੈ, ਹੁਣ ਤੱਕ ਇਨ੍ਹਾਂ ਹਰੀਜਨਾਂ ਨੂੰ ਲਾਲਚ ਦੇ ਵਿਚ ਹੀ ਰਖਿਆ ਹੋਇਆ ਹੈ, ਬਲਕਿ ਪੈਪਸੂ ਦੇ ਬਹੁਤ ਸਾਰਿਆਂ ਜ਼ਿਲ੍ਹਿਆਂ ਦੇ ਵਿਚ ਬਹੁਤ ਸਾਰੀ ਜ਼ਮੀਨ ਲੋਕਾਂ ਨੇ ਨਾਜਾਇਜ਼ ਤੌਰ ਤੇ ਦਬੀ ਹੋਈ ਹੈ, ਇਸ ਦਾ ਲੋਕਾਂ ਨੂੰ ਕੋਈ ਲਾਭ ਨਹੀਂ। ਮੈਂ ਪਜਾਬ ਸਰਕਾਰ ਨੂੰ ਇਸ ਗਲ ਲਈ ਮੁਬਾਰਕਬਾਦ ਦੇਵਾਂਗਾ ਕਿ ਜੇ ਉਹ ਇਸ ਤਰ੍ਹਾਂ ਦੀ ਸਾਰੀ ਜ਼ਮੀਨ ਰੀਕਲੇਮ ਕਰਾਕੇ ਲੋਕਾਂ ਨੂੰ ਦੇਵੇ। ਇਨ੍ਹਾਂ ਜ਼ਮੀਨਾਂ ਦੀ ਵੰਡ ਲਈ ਸਰਕਾਰ ਨੂੰ ਜ਼ਿਮੇਵਾਰ ਐਮ. ਐਲ. ਏਜ਼. ਦੀ ਇਕ ਕਮੇਟੀ ਬਨਾਉਣੀ ਚਾਹੀਦੀ ਹੈ ਜਿਹੜੀ ਰਿਜ਼ਰਵ ਪ੍ਰਾਈਸ ਤੇ ਲੋੜਵੰਦਾਂ ਨੂੰ ਜ਼ਮੀਨਾਂ ਅਲਾਟ ਕਰੇ, ਨਹੀਂ ਤਾਂ ਪੈਸੇ ਵਾਲੇ ਲੋਕਾਂ ਨੇ ਫਿਰ ਬੋਲੀ ਵਧਾ ਚੜ੍ਹਾ ਕੇ ਜ਼ਮੀਨ ਅਲਾਟ ਕਰਵਾ ਲੈਣੀ ਹੈ। ਗ਼ਰੀਬ ਆਦਮੀ ਫਿਰ ਇਸੇ ਤਰ੍ਹਾਂ ਹੀ ਰਹਿ ਜਾਣਗੇ। ਬਹੁਤ ਸਾਰੇ ਥਾਂਈਂ ਮੈਨੂੰ ਪਤਾ ਹੈ ਕਿ ਬਹੁਤ ਸਾਰੀਆਂ ਜ਼ਮੀਨਾਂ ਬੋਲੀਆਂ ਰਾਹੀਂ ਵੀ ਲੋਕਾਂ ਨੇ ਲਈਆਂ ਹਨ ਪਰ ਉਨ੍ਹਾਂ ਤੇ ਅਜੇ ਤੱਕ ਕਿਸੇ ਨੇ ਕਬਜ਼ੇ ਨਹੀਂ ਹੋਣ ਦਿੱਤੇ, ਲੋਕਾਂ ਨੇ ਨਜਾਇਜ਼ ਤੌਰ ਤੇ ਕਬਜ਼ੇ ਕੀਤੇ ਹੋਏ ਹਨ ਸਰਕਾਰ ਨੂੰ ਇਸਪਾਸੇ ਖਾਸ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ। ਮੈਂ ਤਾਂ ਸਮਝਦਾ ਹਾਂ ਕਿ ਜਦੋਂ ਦੀ ਜੁਡੀਸ਼ਰੀ ਐਗਜ਼ੈਕਟਿਵ ਦੇ ਹਥੋਂ ਨਿਕਲ ਗਈ ਹੈ ਉਸ ਵੇਲੇ ਤੋਂ ਇਨਸਾਫ਼ ਖਤਮ ਹੋ ਗਿਆ ਹੈ, ਜੱਜਾਂ ਦਾ ਦਿਮਾਗ਼ ਇਤਨਾ ਖ਼ਰਾਬ ਹੋ ਗਿਆ ਕਿ ਉਹ ਪੈਸਾ ਲੈਣ ਤੋਂ ਬਗੈਰ ਕਿਸੇ ਦਾ ਕੰਮ ਹੀ ਨਹੀਂ ਕਰਦੇ। ਇਸ ਬਾਰੇ ਮੈਂ ਆਪਣੇ ਜ਼ਿਲੇ ਦੀ ਇਕ ਮਿਸਾਲ ਵੀ ਦੇ ਸਕਦਾ

ਹਾਂ, ਬੜੇ ਬੜੇ ਆਦਮੀ ਵੀ ਭਾਵੇਂ ਅਪ੍ਰੋਚ ਕਰਨ ਪਰ ਜਦੋਂ ਤਾਈਂ ਉਸ ਨੂੰ ਪੈਸੇ ਨਾ ਦਿੱਤੇ ਜਾਣ ਉਹ ਕਿਸੇ ਦਾ ਕੰਮ ਹੀ ਨਹੀਂ ਕਰਦਾ। ਫੈਸਲੇ ਵੀ ਹਮੇਸ਼ਾਂ ਗ਼ਲਤ ਦੇਂਦਾ ਹੈ। ਮੈਂ ਬਾਦਲ ਜੀ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਜੁਡੀਸ਼ਰੀ ਨੂੰ ਐਗਜੈਕਟਿਵ ਦੇ ਮਾਤਹਿਤ ਲਿਆਉਣ ਦਾ ਕੋਈ ਯਤਨ ਕਰਨਾ ਚਾਹੀਦਾ ਹੈ। ਤਦ ਹੀ ਇਨਸਾਫ ਹੋ ਸਕਦਾ ਹੈ।

ਜਿਥੋਂ ਤਕ ਸਰਪਲਸ ਜ਼ਮੀਨਾਂ ਦੇ ਵੰਡਨ ਦਾ ਸਵਾਲ ਹੈ, ਇਹ ਉਸ ਵਕਤ ਤਕ ਟੇਨੈਂਟਸ ਨੂੰ ਨਹੀਂ ਦਿੱਤੀਆਂ ਜਾ ਸਕਦੀਆਂ ਜਦੋਂ ਤੱਕ ਗਿਰਦਾਵਰੀਆਂ ਖਤਮ ਨਾ ਕੀਤੀਆਂ ਜਾਣ। ਇਹ ਜ਼ਮੀਨਾਂ ਉਨ੍ਹਾਂ ਲੋਕਾਂ ਦੇ ਵਿਚ ਪੱਕੇ ਤੌਰ ਤੇ ਵੰਡ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਕਾਂਗਰਸ ਪਾਰਟੀ ਦੇ ਪਾਸ ਹੁਣ ਕੋਈ ਪ੍ਰੋਗਰਾਮ ਨਹੀਂ ਹੈ ਕਿਉਂਕਿ ਮਾਡਲ ਗਰਾਮਾਂ ਰਾਹੀਂ ਪਿੰਡਾਂ ਦੀਆਂ ਸਾਰੀਆਂ ਸੜਕਾਂ ਬਣ ਜਾਣੀਆਂ ਹਨ, ਨਾ ਕੋਈ ਹੋਰ ਸਕੂਲ ਹੀ ਬਣਨੇ ਹਨ ਅਤੇ ਨਾ ਕੋਈ ਹੋਰ ਧਰਮਸ਼ਾਲਾ ਹੀ ਬਣਨੀਆਂ ਹਨ। ਇਹ ਉਨ੍ਹਾਂ ਦੀ ਅਜ ਗ਼ਲਤ ਨੀਤੀ ਦਾ ਨਤੀਜਾ ਹੈ ਜਿਹੜਾ ਕਿ ਉਹ ਹੁਣ ਭੁਗਤ ਰਹੇ ਹਨ। ਕਾਂਗਰਸ ਪਾਰਟੀ ਅਤੇ ਕਮਿਊਨਿਸਟ ਪਾਰਟੀ ਜਿਹੜੀਆਂ ਕਿ ਆਪਣੇ ਆਪ ਨੂੰ ਬਹੁਤ ਹੀ ਪ੍ਰੋਗਰੈਸਿਵ ਕਹਾਉਂਦੀਆਂ ਹਨ। ਅਜ ਉਹ ਇਸ ਗਲ ਤੇ ਉਤਰ ਆਈਆਂ ਹਨ ਕਿ ਰਾਜਿਆਂ ਮਹਾਰਾਜਿਆਂ ਦੇ ਬੰਦ ਕੀਤੇ ਹੋਏ ਅਲਾਉਂਸਿਜ਼ ਮੁੜ ਬਹਾਲ ਕੀਤੇ ਜਾਣ। ਜੇਕਰ ਇੰਦਰਾ ਗਾਂਧੀ ਚਾਹੁੰਦੀ ਤਾਂ ਜਿਥੇ ਉਸ ਨੇ ਇਤਨਾ ਕੁਝ ਕੀਤਾ ਸੀ ਉਥੇ ਉਹ ਆਰਡੀਨੈਂਸ ਜਾਰੀ ਕਰਕੇ ਇਸ ਨੂੰ ਆਪਣੇ ਆਪ ਹੀ ਖਤਮ ਕਰ ਸਕਦੀ ਸੀ, ਪਰ ਉਹ ਚੂੰਕਿ ਇਕ ਅਨਕੰਸਟੀਚਿਊਸ਼ਨਲ ਪ੍ਰਾਈਮ ਮਨਿਸਟਰ ਹੈ, ਉਹ ਉਤਨੀ ਕੁ ਹੀ ਗੱਲ ਕਰਦੀ ਹੈ ਜਿਤਨੀ ਉਸ ਨੂੰ ਠੀਕ ਬੈਠਦੀ ਹੋਵੇ। ਹੁਣ ਇਲੈਕਸ਼ਨਾਂ ਆ ਰਹੀਆਂ ਹਨ ਉਸ ਨੇ ਰਾਜਿਆਂ ਨੂੰ ਪੈਸਾ ਦੇਣਾ ਇਸ ਲਈ ਮੰਨ ਲਿਆ ਆਪ ਵੀ ਇਲੈਕਸ਼ਨਾਂ ਲੜੋ ਅਤੇ ਲੋਕਾਂ ਨੂੰ ਵੀ ਲੜਾਓ। ਪੰਜਾਬ ਦੀ ਸਰਕਾਰ ਨੂੰ ਇਨ੍ਹਾਂ ਸਾਰਿਆਂ ਗੱਲਾਂ ਤੋਂ ਖਬਰਦਾਰ ਹੋ ਕੇ ਗ਼ਰੀਬਾਂ ਦੇ ਪੱਖ ਦੀ ਗੱਲ ਕਰਨੀ ਚਾਹੀਦੀ ਹੈ। ਅਜ ਇਹ ਜਿਹੜੇ ਅਮਨ ਦੇ ਠੇਕੇਦਾਰ ਹਨ ਅਤੇ ਗ਼ਰੀਬ ਮੁਲਾਜ਼ਮਾਂ ਦੇ ਹਮਾਇਤੀ ਹਨ ਉਹ ਜ਼ਰਾ ਕੇਰਲ ਸਟੇਟ ਵਿਚ ਜਾ ਕੇ ਵੇਖਣ ਜਿਥੇ ਇਨ੍ਹਾਂ ਦਾ ਰਾਜ ਹੈ ਅਮਨ ਦੀ ਕੀ ਹਾਲਤ ਹੈ ਅਤੇ ਮੁਲਾਜ਼ਮਾਂ ਦੇ ਨਾਲ ਕੀ ਹੋ ਰਿਹਾ ਹੈ ? ਬੰਗਾਲ ਦੀਆਂ ਖਬਰਾਂ ਤਾਂ ਤੁਸੀਂ ਨਿੱਤ ਪੜ੍ਹਦੇ ਹੋ ਕਿ ਥਾਂ ਥਾਂ ਕਤਲ ਹੋ ਰਹੇ ਹਨ, ਕੰਧਾਂ ਉਤੇ 'ਮਾਓਸੇ ਤੁੰਗ' ਦੀਆਂ ਫੋਟੋਆਂ ਲਗੀਆਂ ਹੋਈਆਂ ਹਨ ਇਹ ਉਸ ਨੂੰ ਅਜ ਵੀ ਆਪਣਾ ਲੀਡਰ ਸਮਝਦੇ ਹਨ। ਪਰ ਉਨ੍ਹਾਂ ਨੂੰ ਪਤਾ ਨਹੀਂ ਕਿ 1965 ਦੇ ਵਿਚ ਕੀ ਹੋਇਆ ਸੀ। ਇਹ ਬੰਗਾਲ ਦੇ ਹਾਲਾਤ ਨਹੀਂ ਸੁਧਾਰ ਸਕੇ, ਇਹ ਕੇਰਲ ਦੇ ਹਾਲਾਤ ਠੀਕ ਨਹੀਂ ਕਰ ਸਕੇ, ਉਹ ਜਿਹੜੇ ਕਿ ਆਪ ਭਗੌੜੇ ਹਨ ਕਿਸ ਤਰ੍ਹਾਂ ਭਗੌੜਿਆਂ ਨੂੰ ਕਾਬੂ ਕਰ ਸਕਦੇ ਸਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਗ਼ਰੀਬਾਂ ਦੇ ਹਕ ਦੀ ਗੱਲ ਕਰੇ ਤਾਂ ਜੋ ਵੱਧ ਤੋਂ ਵੱਧ ਲੋਕ ਇਨ੍ਹਾਂ ਦਾ ਸਾਥ ਦੇਣ। ਸਰਦਾਰ ਰਾਜਾ ਸਿੰਘ ਨੇ ਭਾਵੇਂ ਵਾਕ ਆਊਟ ਸਿਆਸੀ ਬਿਨ੍ਹਾਂ ਤੇ ਕੀਤਾ ਪਰ ਮੈਨੂੰ ਕਹਿਣਾ ਪੈਂਦਾ ਹੈ ਕਿ ਬਹੁਤ ਸਾਰੇ ਅਫਸਰ ਐਸੇ ਹਨ, ਜਿਸ ਤਰ੍ਹਾਂ ਕਿ ਸਰਦਾਰ ਰਾਜਾ ਸਿੰਘ ਨੂੰ ਪਰਸਨਲੀ ਦੁਖੀ ਹੋਣ ਕਰਕੇ ਕਹਿਣਾ ਪਿਆ, ਕਿ ਹਰ ਸਰਕਾਰ ਦੇ ਅਗੇ ਲਗ ਤੁਰਦੇ ਹਨ। ਜਿਸ ਤਰ੍ਹਾਂ ਕਿ ਡੀ. ਸੀ. ਰੋਪੜ ਹੈ, ਇਹ ਅਫਸਰ ਮੌਕੇ ਦੀ ਸਰਕਾਰ ਦੇ ਨਾਲ ਨਾਲ ਚਲਦੇ ਹਨ। ਲੋਕਾਂ ਨੂੰ ਇਹ ਗਲ ਵੀ ਸਮਝ ਲੈਣੀ ਚਾਹੀਦੀ ਹੈ ਕਿ ਅਫਸਰ ਹਮੇਸ਼ਾਂ ਸਾਂਝੇ ਹੁੰਦੇ ਹਨ ਕਿਸੇ ਇਕ ਦੇ ਨਹੀਂ ਹੁੰਦੇ। ਐਸੇ ਅਫਸਰ ਜੋ ਮੌਕੇ ਦੀ ਹਕੂਮਤ ਦਾ ਫਾਇਦਾ ਉਠਾ ਕੇ ਬੇਜ਼ਾਬਤਗੀਆਂ ਕਰਦੇ ਹਨ, ਸਰਕਾਰ ਨੂੰ ਉਨ੍ਹਾਂ ਦੇ ਮੂੰਹ ਵਿਚ ਲਗਾਮ ਪਾਉਣੀ ਚਾਹੀਦੀ ਹੈ। ਐਡਮਿਨਸਟਰੇਟਿਵ ਰਿਫਾਰਮਜ਼ ਕਮਿਸ਼ਨ ਨੇ ਆਪਣੀ ਰਿਪੋਰਟ ਦੇ ਵਿਚ ਜ਼ਿਕਰ ਕੀਤਾ ਸੀ ਕਿ ਪੰਜਾਬ ਦੀ ਐਡਮਨਿਸਟ੍ਰੇਸ਼ਨ ਟਾਪ ਹੈਵੀ ਹੈ, ਇਕ ਸੈਕਟਰੀ, ਫੇਰ ਜੁਆਇੰਟ ਸੈਕਟਰੀ, ਡਿਪਟੀ ਸੈਕਟਰੀ, ਅੰਡਰ ਸੈਕਟਰੀ ਇਸ ਤਰ੍ਹਾਂ ਇਹ ਦਸਤਖਤੀ ਮਸ਼ੀਨਾਂ ਦੀ ਇਕ ਡਾਕ ਚਲਦੀ ਰਹਿੰਦੀ ਹੈ ਪੋਸਟਮੈਨਜ਼ ਦੀ ਤਰ੍ਹਾਂ ਨਾ ਇਹ ਕੋਈ ਕੰਮ ਕਰਦੇ ਹਨ ਨਾ

[ਸਰਦਾਰ ਦਲੀਪ ਸਿੰਘ ਪਾਂਧੀ]

ਹੀ ਇਨ੍ਹਾਂ ਪਾਸ ਕੋਈ ਕੰਮ ਹੀ ਹੁੰਦਾ ਹੈ। ਮੈਂ ਪੰਜਾਬ ਦੇ ਫਾਈਨੈਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਮੁਆਮਲੇ ਵਿਚ ਕਾਫੀ ਸਿਆਣੇ ਹਨ, ਬਹੁਤ ਸਾਰੀਆਂ ਪੋਸਟਾਂ ਘਟਾਈਆਂ ਵੀ ਜਾ ਸਕਦੀਆਂ ਹਨ ਅਤੇ ਜਿਥੇ ਨਹੀਂ ਉਥੇ ਹੋਰ ਵੀ ਮੁਲਾਜ਼ਮ ਭੇਜੇ ਜਾ ਸਕਦੇ ਹਨ। ਵਜ਼ੀਰ ਸਾਹਿਬ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ। (ਵਿਘਨ)

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇੰਟ ਆਫ ਆਰਡਰ ਸਰ, ਮੈਂ ਚੇਅਰਮੈਨ ਸਾਹਿਬ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਉਹ ਕਿਸ ਡੀਮਾਂਡ ਤੇ ਬੋਲ ਰਹੇ ਹਨ। ਆਇਆ ਜੋ ਕੁਝ ਵੀ ਉਹ ਕਹਿੰਦੇ ਹਨ ਉਸ ਦੀ ਕਿਸੇ ਡੀਮਾਂਡ ਦੇ ਨਾਲ ਰੈਲੇਵੇਂਸੀ ਵੀ ਹੈ ਜਾਂ ਨਹੀਂ ?

ਸ਼੍ਰੀ ਸਭਾਪਤੀ : ਜਨਰਲ ਐਡਮਨਿਸਟ੍ਰੇਸ਼ਨ ਬਾਰੇ ਬੋਲ ਰਹੇ ਹਨ। (The hon. Member is speaking on General Administration).

ਸਰਦਾਰ ਦਲੀਪ ਸਿੰਘ ਪਾਂਧੀ : ਚੀਫ ਮਨਿਸਟਰ ਸਾਹਿਬ ਨੇ ਮੁਲਾਜ਼ਮਾ ਦੇ ਠੀਕ ਕੰਮ ਕਰਨ ਦੀ ਜਾਂਚ ਪੜਤਾਲ ਵਾਸਤੇ ਜਿਸ ਤਰ੍ਹਾਂ ਇਕ ਫਲਾਇੰਗ ਸੁਕੈਡ ਬਣਾਇਆ ਹੈ, ਮੈਨੂੰ ਇਸ ਗਲ ਦੀ ਬਹੁਤ ਖੁਸ਼ੀ ਹੈ। ਜਿਥੇ ਕਿਤੇ ਵੀ ਜ਼ੁਲਮ ਹੁੰਦਾ ਹੋਵੇ ਇਹ ਝਟ ਉਥੇ ਪੁਜ ਜਾਂਦੇ ਹਨ ਅਤੇ ਉਸ ਦੀ ਸਹਾਇਤਾ ਕਰਦੇ ਹਨ ਅਤੇ ਗ਼ਰੀਬ ਦਾ ਨੁਕਸਾਨ ਹੋਣ ਤੋਂ ਬਚਾਉਂਦੇ ਹਨ। ਮੈਂ ਸਰਕਾਰ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਖਾਸ ਤੌਰ ਤੇ ਵਾਇਰਲੈਸ ਸੈਟ ਦੇਣੇ ਚਾਹੀਦੇ ਹਨ ਤਾਂ ਜੋ ਇਨ੍ਹਾਂ ਦੇ ਕੰਮ ਵਿਚ ਹੋਰ ਵੀ ਤੇਜ਼ੀ ਆ ਸਕੇ। ਇਹ ਹਰੀਜਨਾਂ ਨੂੰ ਬਚਾ ਸਕਦੇ ਹਨ ਅਤੇ ਭਰਿਸ਼ਟਾਚਾਰ ਦੇ ਪੰਜੇ ਤੋਂ ਲੋਕਾਂ ਨੂੰ ਬਚਾ ਸਕਦੇ ਹਨ।

ਇਕ ਹੋਰ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਆਬਾਦੀ ਦੇ ਲਿਹਾਜ਼ ਨਾਲ ਸਾਨੂੰ ਨੌਕਰੀਆਂ ਦੇ ਵਿਚ ਚੌਥਾ ਹਿੱਸਾ ਮਿਲਣਾ ਚਾਹੀਦਾ ਹੈ। ਇਹ ਵਖਰੀ ਗਲ ਹੈ ਜਿਥੇ ਡੀ. ਸੀ. ਹਰੀਜਨ ਹੋਵੇ ਉਥੇ ਦੂਸਰਾ ਅਫਸਰ ਬੇਸ਼ਕ ਦੂਸਰੀ ਕੌਮ ਦਾ ਹੋਵੇ ਪਰ ਹਰੀਜਨਾਂ ਦੀ ਡਿਵੈਲਪਮੈਂਟ ਦੇ ਵਾਸਤੇ ਉਨ੍ਹਾਂ ਨੂੰ ਪੂਰਾ ਹਿੱਸਾ ਮਿਲਣਾ ਚਾਹੀਦਾ ਹੈ। ਧਰਮਸ਼ਾਲਾ ਬਣਨ ਨਾਲ ਸਾਡੀ ਕੋਈ ਤਰੱਕੀ ਨਹੀਂ ਹੋ ਜਾਣੀ ਹੋਰ ਬਹੁਤ ਸਾਰੇ ਪ੍ਰੋਗਰਾਮ ਹਨ ਜਿਨ੍ਹਾਂ ਰਾਹੀਂ ਹਰੀਜਨਾਂ ਦੀ ਤਰੱਕੀ ਹੋ ਸਕਦੀ ਹੈ। ਐਜੂਕੇਸ਼ਨ ਡਿਪਾਰਟਮੈਂਟ ਨੇ ਕੰਪਲਸਰੀ ਐਜੂਕੇਸ਼ਨ ਐਕਟ ਬਣਾਇਆ ਸੀ ਪਰ ਅਜੇ ਤਕ ਐਜੂਕੇਸ਼ਨ ਦੇ ਅਫਸਰ ਨੇ ਕਿਸੇ ਨੂੰ ਕੋਈ ਨੋਟਿਸ ਨਹੀਂ ਦਿੱਤਾ ਕਿ ਫਲਾਂ ਫਲਾਂ ਨੇ ਆਪਣੇ ਬੱਚੇ ਹੁਣ ਤਕ ਸਕੂਲ ਵਿਚ ਦਾਖਿਲ ਕਿਉਂ ਨਹੀਂ ਕਰਵਾਏ ? ਸਰਕਾਰ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ। ਮੈਂ ਹੋਰ ਗਲਾਂ ਛਡਦਾ ਹੋਇਆ ਸਿਰਫ ਅਮਲੋਹ ਸਕੂਲ ਦੀ ਗੱਲ ਕਰਦਾ ਹਾਂ। ਉਥੇ ਕੋਈ ਪੁਛਦਾ ਤੱਕ ਨਹੀਂ 200-200 ਬੱਚੇ ਐਵੇਂ ਹੀ ਤੁਰੇ ਫਿਰਦੇ ਹਨ।

ਸਰਕਾਰ ਨੇ ਇਹ ਚੰਗਾ ਕੀਤਾ ਹੈ ਕਿ ਉਨ੍ਹਾਂ ਨੂੰ ਆਪਣੀਆਂ ਤਹਿਸੀਲਾਂ ਤੋਂ 20-20 ਮੀਲ ਦੂਰ ਲਾ ਦਿਤਾ ਹੈ। ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਸਿਫ਼ਾਰਸ਼ ਕਰਾਂਗਾ ਕਿ ਉਨ੍ਹਾਂ ਇਮਾਨਦਾਰ ਟੀਚਰਾਂ ਨੂੰ ਜਿਹੜੇ ਕਿ ਦਿਲਚਸਪੀ ਦੇ ਨਾਲ ਬੱਚੇ ਪੜ੍ਹਾਉਂਦੇ ਹਨ ਸਪੈਸ਼ਲ ਗ੍ਰੇਡ ਦੇਣੇ ਚਾਹੀਦੇ ਹਨ। ਇਸ ਲਈ ਕੁਝ ਟੀਚਰ ਹਟਾਏ ਵੀ ਜਾ ਸਕਦੇ ਹਨ ਜਿਹੜੇ ਕਿ ਬੱਚਿਆਂ ਨੂੰ ਚੰਗੀ ਤਰ੍ਹਾਂ ਦੇ ਨਾਲ ਨਹੀਂ ਪੜ੍ਹਾਉਂਦੇ। ਚੇਅਰਮੈਨ ਸਾਹਿਬ, ਮੈਨੂੰ ਇਸ ਗਲ ਦਾ ਦੁਖ ਹੈ ਅਤੇ ਮੈਂ ਸਮਝਦਾ ਹਾਂ ਕਿ ਇਸ ਗਲ ਦਾ ਮੁੱਖ ਕਾਰਨ ਅਨਪੜ੍ਹਤਾ ਹੈ ਕਿ ਪੰਜਾਬ ਦੇ ਕਿਸਾਨ ਅਤੇ ਮਜ਼ਦੂਰ ਅਤੇ ਹਰੀਜਨ ਇਕੱਠੇ ਨਹੀਂ ਹੋ ਸਕਦੇ। ਜਿਸ ਤਰ੍ਹਾਂ ਕਿ ਪਿਛੇ ਬਿਜਲੀ ਵਾਲਿਆਂ ਦੀ ਸਟਰਾਈਕ ਦੇ ਸਮੇਂ ਪਿੰਡਾਂ ਦੇ ਲੋਕ ਇਕੱਠੇ ਹੋ ਗਏ ਸੀ ਅਤੇ ਉਨ੍ਹਾਂ ਨੇ ਕਰਮਚਾਰੀਆਂ ਨੂੰ ਦਰੁਸਤ ਕਰ ਦਿਤਾ ਸੀ। ਉਨ੍ਹਾਂ ਨੇ ਸਟਰਾਈਕ ਕਰਨ ਵਾਲਿਆਂ ਨੂੰ ਸਕੂਲਾਂ ਦੇ ਵਿਚ ਵੜਨ ਤੋਂ ਮਨ੍ਹਾਂ ਕਰ ਦਿਤਾ ਸੀ ਕਿ ਅਸੀਂ ਆਪੇ ਕੋਈ ਪ੍ਰਬੰਧ ਕਰ ਲਵਾਂਗੇ। ਮੈਂ ਸਮਝਦਾ ਹਾਂ ਕਿ ਜੇ ਲੋਕ ਇਸ ਤਰੀਕੇ ਦੇ ਨਾਲ ਇਕੱਠੇ ਹੋ ਜਾਇਆ ਕਰਨ ਤਾਂ ਹੀ ਇਹ

ਸਟਰਾਈਕ ਕਰਨ ਵਾਲੇ ਦਰੁਸਤ ਹੋ ਸਕਦੇ ਹਨ । (ਵਿਘਨ) ਮੈਨੂੰ ਖੁਸ਼ੀ ਹੈ ਕਿ ਇਸ ਵੇਲੇ ਪੰਜਾਬ ਵਿਚ ਲੋਕ ਰਾਏ ਭੈੜੇ ਕਰਮਚਾਰੀਆਂ ਦੇ ਵਿਰੁਧ ਹੋ ਚੁਕੀ ਹੈ । ਚੇਅਰਮੈਨ ਸਾਹਿਬ ਤੁਸੀਂ ਆਪ ਕੋਰਟਾਂ ਦੇ ਵਿਚ ਜਾਕੇ ਦੇਖਿਆ ਹੋਵੇਗਾ ਕਿ ਕੋਈ ਵੀ ਉਥੇ ਇਮਾਨਦਾਰੀ ਦੇ ਨਾਲ ਕੰਮ ਨਹੀਂ ਕਰਦਾ । ਤੁਸੀਂ ਉਨ੍ਹਾਂ ਦੀਆਂ ਕੋਠੀਆਂ ਦੇਖੋ, ਉਨ੍ਹਾਂ ਦੀਆਂ ਕਾਰਾਂ ਦੇਖੋ, ਉਹ ਕਿਸ ਤਰ੍ਹਾਂ ਬਣ ਗਈਆਂ ਹਨ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ ਇਸ ਢਾਂਚੇ ਨੂੰ ਬਦਲਣਾ ਚਾਹੀਦਾ ਹੈ ਤਾਂ ਹੀ ਸਾਰੇ ਠੀਕ ਹੋ ਸਕਦੇ ਹਨ । (ਵਿਘਨ)

ਚੇਅਰਮੈਨ ਸਾਹਿਬ, ਅਸੀਂ ਕਾਂਗਰਸ ਦੇ ਰਾਜ ਵਿਚ ਵੀ ਐਮ. ਐਲ. ਏ. ਹੋਸਟਲ ਦੇਖੇ ਹਨ, ਉਥੇ ਲੋਕ ਹੀ ਲੋਕ ਹੁੰਦੇ ਸੀ ਅਤੇ ਵਿਧਾਨ ਸਭਾ ਵਿਚ ਵੀ ਲੰਘਣ ਨੂੰ ਰਾਹ ਨਹੀਂ ਸੀ ਮਿਲਦਾ ਪਰ ਹੁਣ ਤੁਸੀਂ ਦੇਖੋ ਕਿ ਹੋਸਟਲ ਵਿਚ ਕੋਈ ਬੰਦਾ ਵੀ ਨਹੀਂ ਆਉਂਦਾ । ਕਿਉਂਕਿ ਅਸੀਂ ਉਨ੍ਹਾਂ ਦੇ ਨਾਲ ਸਿਰਫ਼ ਵਾਹਦੇ ਹੀ ਨਹੀਂ ਕਰਦੇ ਸਗੋਂ ਪਿੰਡ ਵਿਚ ਬੈਠਿਆਂ ਬੈਠਿਆਂ ਉਨ੍ਹਾਂ ਦੇ ਕੰਮ ਹੋ ਜਾਂਦੇ ਹਨ । ਇਸ ਲਈ ਉਨ੍ਹਾਂ ਨੂੰ ਇਥੇ ਆਉਣ ਦੀ ਲੋੜ ਹੀ ਨਹੀਂ ਪੈਂਦੀ । (ਵਿਘਨ)

ਕਾਮਰੇਡ ਬਾਬੂ ਸਿੰਘ ਮਾਸਟਰ: ਉਥੇ ਤੁਸੀਂ ਦਫਾ 144 ਲਗਵਾ ਰਖੀ ਹੈ, ਇਸ ਲਈ ਲੋਕ ਇਕੱਠੇ ਨਹੀਂ ਹੋ ਸਕਦੇ । (ਹਾਸਾ) (ਥੰਪਿੰਗ)

ਸਰਦਾਰ ਦਲੀਪ ਸਿੰਘ ਪਾਂਧੀ: ਉਹ ਵੀ ਤੁਸੀਂ ਹੀ ਲਗਵਾਈ ਹੈ । ਹੁਣ ਕਹਿੰਦੇ ਹੋ ਕਿ ਸਟਰਾਈਕ ਸਖਤੀ ਦੇ ਨਾਲ ਦਬਾ ਦਿਤੀ ਹੈ । ਚੇਅਰਮੈਨ ਸਾਹਿਬ, ਇਹ ਇਸ ਲਈ ਕਹਿੰਦੇ ਹਨ ਕਿ ਇਨ੍ਹਾਂ ਦਾ ਰੋਜ਼ਗਾਰ ਬੰਦ ਹੋ ਗਿਆ ਹੈ ਅਤੇ ਇਨ੍ਹਾਂ ਦੇ ਕੋਲ ਹੁਣ ਕੋਈ ਨਹੀਂ ਆਉਂਦਾ । ਪਰ ਇਸ ਦੇ ਨਾਲ ਹੀ, ਕੁਝ ਇਮਾਨਦਾਰ ਕਰਮਚਾਰੀ ਹਨ ਜਿਹੜੇ ਸਟਰਾਈਕ ਨਹੀਂ ਕਰਦੇ । ਜਿਵੇਂ ਕਿ ਇਸ ਸੈਕਰੀਟੇਰੀਏਟ ਦੇ ਮੁਲਾਜ਼ਮ ਹਨ ਅਤੇ ਚਪੜਾਸੀ ਹਨ । ਮੈਂ ਫਿਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅਜਿਹੇ ਇਮਾਨਦਾਰ ਮੁਲਾਜ਼ਮਾਂ ਨੂੰ ਕੋਈ ਸਪੈਸ਼ਲ ਤਨਖ਼ਾਹਾਂ ਦੇਣੀਆਂ ਚਾਹੀਦੀਆਂ ਹਨ ਜਿਵੇਂ ਕਿ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਹੁੰਦਾ ਸੀ ਕਿ ਜਿਹੜਾ ਜ਼ਿਆਦਾ ਸਰਕਾਰ ਦੀ ਸੇਵਾ ਕਰਦਾ ਸੀ ਉਸ ਨੂੰ ਸਪੈਸ਼ਲ ਤਨਖਾਹ ਮਿਲਦੀ ਸੀ ਅਤੇ ਜਿਹੜਾ ਕੋਈ ਮਿਲਟਰੀ ਦੇ ਵਿਚ ਬਹਾਦਰੀ ਦਿਖਾਉਂਦਾ ਸੀ ਉਸ ਨੂੰ ਤਗਮੇ ਆਦਿ ਦਿਤੇ ਜਾਂਦੇ ਸਨ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਨ ਦੇ ਨਾਲ ਹੀ ਇਹ ਸਾਰਾ ਕੁਝ ਠੀਕ ਹੋ ਸਕਦਾ ਹੈ ਅਤੇ ਰਣਬੀਰ ਢਿਲੋਂ ਆਦਿ ਦਾ ਝਗੜਾ ਮੁਕ ਸਕਦਾ ਹੈ, ਜਿਹੜਾ ਅਜ ਇਥੇ ਖਪ ਪਾ ਰਿਹਾ ਹੈ ਅਤੇ ਕਲ ਉਥੇ ਖਪ ਪਾ ਰਿਹਾ ਹੈ ।

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੇ ਕਮਿਸ਼ਨ ਦੀ ਰਿਪੋਰਟ ਨੂੰ ਪੂਰੀ ਤਰ੍ਹਾਂ ਲਾਗੂ ਕਰ ਦਿਤਾ ਗਿਆ ਹੈ ਅਤੇ ਜੋ ਤਰੁਟੀਆਂ ਸਨ ਉਨ੍ਹਾਂ ਨੂੰ ਇਸ ਸਰਕਾਰ ਨੇ ਮੁਲਾਜ਼ਮਾਂ ਨੂੰ ਬੁਲਾ ਕੇ, ਪੁਛ ਕੇ ਦੂਰ ਕਰ ਦਿਤਾ ਹੈ । ਫਿਰ ਪਤਾ ਨਹੀਂ ਇਹ ਹੋਰ ਕੀ ਚਾਹੁੰਦੇ ਹਨ, ਚੇਅਰਮੈਨ ਸਾਹਿਬ, ਇਨ੍ਹਾਂ ਲੋਕਾਂ ਨੇ ਸਟਰਾਈਕਾਂ ਕਰਨ ਤੋਂ ਨਹੀਂ ਹਟਣਾ । ਚੇਅਰਮੈਨ ਸਾਹਿਬ, ਜੇ ਤੁਸੀਂ ਉਨ੍ਹਾਂ ਨੂੰ ਬੁਲਾ ਕੇ ਪੁਛੋ ਕਿ ਜੇ ਅਸੀਂ ਤੁਹਾਨੂੰ 6 ਕਰੋੜ ਰੁਪਿਆ ਦੇ ਵੀ ਦੇਈਏ ਤਾਂ ਕੀ ਤੁਸੀਂ ਸਟਰਾਈਕ ਨਹੀਂ ਕਰੋਗੇ, ਤਾਂ ਵੀ ਉਹ ਸਟਰਾਈਕ ਕਰਨਗੇ ਹੀ । ਇਸ ਲਈ ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਹਾਲਤ ਨੂੰ ਪੰਜਾਬ ਦੇ ਵਿਚ ਬਾਕੀ ਵਸਦੇ ਲੋਕਾਂ ਦੇ ਨਾਲ ਕੰਪੇਅਰ ਕਰੋ । (ਵਿਘਨ) ਤੁਸੀਂ ਵੀ ਮੈਨੂੰ ਹੀ ਸਪੋਰਟ ਕਰ ਰਹੇ ਹੋ । (ਵਿਘਨ) ਤੁਸੀਂ ਵੀ ਕਾਂਗਰਸ ਨੂੰ ਜ਼ਿੰਦਾ ਰਖਿਆ ਹੈ । ਅਗੇ ਅਨੰਦਪੁਰ ਅਤੇ ਡਕਾਲੇ ਵਿਚ ਅਤੇ ਹੁਣ ਫਿਰ ਇਸ ਨੂੰ ਜ਼ਿੰਦਾ ਰਖਣ ਦੀ ਕੋਸ਼ਿਸ਼ ਕਰ ਰਹੇ ਹੋ । (ਵਿਘਨ) ਜ਼ਰਾ ਕੇਰਲਾ ਵਿਚ ਤਾਂ ਨਜ਼ਰ ਮਾਰੋ । (ਵਿਘਨ) ਉਥੇ ਕਾਂਗਰਸ ਦੀ ਮਦਦ ਦੇ ਨਾਲ ਵਿਚਾਰੇ ਨੰਬੂਦਰੀਪਾਦ ਨੂੰ ਮਾਰ ਦਿਤਾ ਹੈ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਅਜ ਤੁਸੀਂ ਕਾਂਗਰਸ ਨਾਲ ਇਥੇ ਵੀ ਸਮਝੌਤਾ ਕਰ ਰਹੇ ਹੋ । ਕਿਉਂਕਿ

[ਸਰਦਾਰ ਦਲੀਪ ਸਿੰਘ ਪਾਂਧੀ]
ਤੁਹਾਡੇ ਸਿਰਾਂ ਤੇ ਤਲਵਾਰ ਲਟਕ ਰਹੀ ਹੈ। ਇਸ ਲਈ ਆਪਸ ਵਿਚ ਮਿਲ ਰਹੇ ਹੋ। ਨਹੀਂ ਤਾਂ ਦੋਨੋਂ ਪਾਰਟੀਆਂ ਜ਼ਿੰਦਾ ਨਹੀਂ ਰਹਿ ਸਕਦੀਆਂ ਸੀ। (ਥੰਪਿੰਗ) (ਸ਼ੋਰ) ਤੋ ਚੇਅਰਮੈਨ ਸਾਹਿਬ ਮੈਨੂੰ ਖੁਸ਼ੀ ਹੈ ਕਿ ਮੌਜੂਦਾ ਸਰਕਾਰ ਨੇ ... . (ਵਿਘਨ)

ਕਾਮਰੇਡ ਬਾਬੂ ਸਿੰਘ ਮਾਸਟਰ : ਤੂੰ ਵੀ ਤਾਂ ਅਜ ਕਾਂਗਰਸ ਦੀ ਮਦਦ ਨਾਲ ਹੀ ਜ਼ਿੰਦਾ ਏ (ਵਿਘਨ) ਅਜ ਇਤਨਾ ਤਾਂ ਗ਼ਦਾਰ ਨਾ ਬਣੋ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਫਿਰ ਚੇਅਰਮੈਨ ਸਾਹਿਬ ਮੈਂ ਹਰੀਜਨਾਂ ਬਾਰੇ ਕੁਝ ਕਹਾਂਗਾ ਮੈਨੂੰ ਅਫਸੋਸ ਹੈ ਕਿ ਸੈਂਟਰ ਦੀ ਸਰਕਾਰ ਜੋ ਹਰੀਜਨਾਂ ਦੀ ਵਡੀ ਹਮਦਰਦ ਬਣੀ ਫਿਰਦੀ ਹੈ, ਉਸ ਨੇ ਹਰੀਜਨਾਂ ਲਈ ਕੁਝ ਨਹੀਂ ਕੀਤਾ। (ਵਿਘਨ) ਮੈਨੂੰ ਦਸੋ ਕਿ ਉਸ ਨੇ ਹਾਈ ਕੋਰਟ ਦਾ ਕੋਈ ਜੱਜ ਹਰੀਜਨ ਲਾਇਆ ਹੈ ? (ਵਿਘਨ) ਕੋਈ ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਹਰੀਜਨ ਹੈ ? (ਵਿਘਨ) ਕੋਈ ਪਲੈਨਿੰਗ ਕਮਿਸ਼ਨ ਦਾ ਮੈਂਬਰ ਹਰੀਜਨ ਹੈ ਜਾਂ ਕਿਸੇ ਦੇਸ਼ ਵਿਚ ਅੰਬੈਸਡਰ ਹਰੀਜਨ ਲਾਇਆ ਹੈ ? (ਵਿਘਨ) (ਬਹੁਤ ਸ਼ੋਰ)

ਸਰਦਾਰ ਬਚਨ ਸਿੰਘ ਪਖੋ : ਆਨ ਏ ਪੁਆਇੰਟ ਆਫ਼ ਆਰਡਰ ਸਰ, ਚੇਅਰਮੈਨ ਸਾਹਿਬ, ਇਹ ਪਾਂਧੀ ਜੋ ਕਿ ਇਸ ਵੇਲੇ ਕਾਂਗਰਸ ਦੇ ਦੁਆਲੇ ਹੋਇਆ ਹੈ * * * * * * *

(ਸ਼ੇਮ ਸ਼ੇਮ) (ਵਿਘਨ)

ਸ਼੍ਰੀ ਸਭਾਪਤੀ : ਇਹ ਲਫਜ਼ ਕਾਰਵਾਈ ਦਾ ਹਿੱਸਾ ਨਹੀਂ ਬਣਨਗੇ। (These words will not form part of the Proceedings.).

ਸਰਦਾਰ ਦਲੀਪ ਸਿੰਘ ਪਾਂਧੀ : * * * (ਬਹੁਤ ਸ਼ੋਰ)

ਸ਼੍ਰੀ ਸਭਾਪਤੀ : ਇਹ ਸ਼ਬਦ ਵੀ ਕਾਰਵਾਈ ਦਾ ਹਿੱਸਾ ਨਹੀਂ ਬਣਨਗੇ। (These words will also not form part of the proceedings.).

ਸਰਦਾਰ ਬੇਅੰਤ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ ਸਰ, ਚੇਅਰਮੈਨ ਸਾਹਿਬ, ਸਰਦਾਰ ਬਚਨ ਸਿੰਘ ਜੀ ਨੇ ਜੋ ਲਫਜ਼ ਹਾਊਸ ਵਿਚ ਵਰਤੇ ਹਨ ਉਹ ਠੀਕ ਨਹੀਂ ਹਨ ਇਸ ਲਈ ਉਹ ਐਕਸਪੰਜ ਹੋਣੇ ਚਾਹੀਦੇ ਹਨ।

ਸ਼੍ਰੀ ਸਭਾਪਤੀ : ਮੈਂ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਉਹ ਲਫਜ਼ ਕਾਰਵਾਈ ਦਾ ਹਿੱਸਾ ਨਹੀਂ ਬਣਨਗੇ। (I have already ruled that the words used by the hon. Member Sardar Bachan Singh Pakho will not form part of the Proceedings.).

ਸਰਦਾਰ ਦਲੀਪ ਸਿੰਘ ਪਾਂਧੀ : ਤੋ ਚੇਅਰਮੈਨ ਸਾਹਿਬ ਮੈਂ ਅਰਜ਼ ਕਰ ਰਿਹਾ ਸੀ ਕਿ ਸੈਂਟਰ ਦੀ ਸਰਕਾਰ ਜੋ ਹਰੀਜਨਾਂ ਦੀ ਇਤਨੀ ਹਮਦਰਦ ਹੈ, ਉਸ ਨੇ ਹਰੀਜਨਾਂ ਨੂੰ ਕੋਈ ਥਾਂ ਨਹੀਂ ਦਿਤੀ। ਉਸ ਨੇ ਕੋਈ ਸੁਪਰੀਮ ਕੋਰਟ ਦਾ ਜੱਜ ਹਰੀਜਨ ਨਹੀਂ ਲਾਇਆ ... ...

ਚੌਧਰੀ ਤੁਲਸੀ ਰਾਮ ਚੌਹਾਨ : ਆਨ ਏ ਪੁਆਇੰਟ ਆਫ਼ ਆਰਡਰ ਸਰ, ਚੇਅਰਮੈਨ ਸਾਹਿਬ

*Expunged as ordered by the Chair.

ਮੈਂ ਪਾਂਧੀ ਸਾਹਿਬ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਸਾਡਾ ਤਾਂ ਪ੍ਰਧਾਨ ਹੀ ਇਕ ਹਰੀਜਨ ਹੈ ਜੋ ਕਿ ਇਸ ਦੇਸ਼ ਦਾ ਡੀਫੈਂਸ ਮਨਿਸਟਰ ਵੀ ਹੈ। (ਵਿਘਨ)

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.).

ਚੌਧਰੀ ਤੁਲਸੀ ਰਾਮ ਚੌਹਾਨ : ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ :—

"ਖੁਦਾ ਉਸ ਮੁਸਾਫ਼ਰ ਕੀ ਹਿੰਮਤ ਬੜ੍ਹਾਏ,
ਜੋ ਮੰਜ਼ਲ ਕੋ ਪਾ ਕਰ ਭੀ ਮੰਜ਼ਲ ਨਾ ਪਾਏ।"

ਅਜ ਮਹਾਤਮਾ ਗਾਂਧੀ ਕਰਕੇ ਹੀ ਤੁਸੀਂ ਇਥੇ ਬੈਠੇ ਹੋ ਨਹੀਂ ਤਾਂ ਇਨ੍ਹਾਂ * * * * * (ਵਿਘਨ) (ਬਹੁਤ ਸ਼ੋਰ)

ਸ਼੍ਰੀ ਸਭਾਪਤੀ : ਇਹ ਲਫ਼ਜ਼ ਵੀ ਕਾਰਵਾਈ ਵਿਚੋਂ ਕਢ ਦਿਤੇ ਜਾਣ। (These words may also be expunged from the proceedings.).

ਡਾਕਟਰ ਅਮੀਰ ਸਿੰਘ ਕਲਕੱਟ : ਆਨ ਏ ਪੁਆਇੰਟ ਆਫ਼ ਆਰਡਰ ਸਰ, ਚੇਅਰਮੈਨ ਸਾਹਿਬ, ਤੁਸੀਂ ਜਿਹੜੇ ਇਲਜ਼ਾਮ ਸਰਦਾਰ ਬਚਨ ਸਿੰਘ ਪਖੋ ਨੇ ਪਾਂਧੀ ਸਾਹਿਬ ਵਿਰੁਧ ਲਗਾਏ ਹਨ, ਉਹ ਐਕਸਪੰਜ ਕਰਵਾ ਦਿਤੇ ਹਨ। ਇਹ ਨਹੀਂ ਸੀ ਹੋਣੇ ਚਾਹੀਦੇ— — —

ਸ਼੍ਰੀ ਸਭਾਪਤੀ : ਉਹ ਬੜੇ ਘਟੀਆ ਲਫ਼ਜ਼ ਸਨ। (Those words were undignified).

ਡਾਕਟਰ ਅਮੀਰ ਸਿੰਘ ਕਲਕੱਟ : ਚੇਅਰਮੈਨ ਸਾਹਿਬ, ਇਕ ਮੈਂਬਰ ਨੇ ਪੂਰੀ ਜ਼ਿਮੇਵਾਰੀ ਨਾਲ ਦੂਸਰੇ ਮੈਂਬਰ ਤੇ ਇਲਜ਼ਾਮ ਲਗਾਇਆ ਹੈ ਇਹ ਰਿਕਾਰਡ ਤੇ ਰਹਿਣਾ ਚਾਹੀਦਾ ਹੈ ਅਤੇ ਹਾਊਸ ਨੂੰ ਜਾਂ ਸਰਕਾਰ ਨੂੰ ਇਸ ਬਾਰੇ ਇਨਕੁਆਇਰੀ ਕਰਵਾਉਣੀ ਚਾਹੀਦੀ ਹੈ, ਕਿਉਂਕਿ ਇਹ ਗਲ ਮੈਂਬਰ ਦੇ ਕਰੈਕਟਰ ਨੂੰ ਸ਼ੈਡੋ ਕਰਦੀ ਹੈ, (ਵਿਘਨ) ਇਕ ਇਕ ਮੈਂਬਰ ਇਕ ਇਕ ਲਖ ਲੋਕਾਂ ਦਾ ਰਿਪ੍ਰੀਜ਼ੈਂਟੇਟਿਵ ਹੁੰਦਾ ਹੈ, ਇਸ ਲਈ ਇਹ ਇਲਜ਼ਾਮ ਰਿਕਾਰਡ ਦੇ ਵਿਚ ਰਹਿਣਾ ਚਾਹੀਦਾ ਹੈ। ਇਹ ਇਕ ਕਲੀਅਰ ਇਲਜ਼ਾਮ ਹੈ, ਇਸ ਲਈ ਇਸ ਨੂੰ ਐਕਸਪੰਜ ਨਹੀਂ ਕਰਨਾ ਚਾਹੀਦਾ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਜਗਜੀਵਨ ਰਾਮ (ਸ਼ੋਰ) (ਵਿਘਨ)

ਸ਼੍ਰੀ ਸਰਦਾਰੀ ਲਾਲ ਕਪੂਰ : ਆਨ ਏ ਪੁਆਇੰਟ ਆਫ਼ ਆਰਡਰ ਸਰ, ਮੇਰੀ ਪ੍ਰਾਰਥਨਾ ਇਹ ਹੈ ਕਿ ਪਾਂਧੀ ਸਾਹਿਬ ਡਿਮਾਂਡ ਤੇ ਬੋਲਣ ਅਗਰ ਇਹ ਡਿਮਾਂਡ ਤੇ ਬੋਲਣਗੇ ਤਾਂ ਇਹੋ ਜਿਹੀਆਂ ਗੱਲਾਂ ਨਹੀਂ ਹੋਣਗੀਆਂ।

ਸ਼੍ਰੀ ਸਭਾਪਤੀ : ਠੀਕ ਹੈ ਜੀ। ਡਿਮਾਂਡ ਤੇ ਬੋਲੋ। (That is right. The hon. Member may please confine his speech to the Demands under discussion.).

ਸਰਦਾਰ ਦਲੀਪ ਸਿੰਘ ਪਾਂਧੀ : ਜਗਜੀਵਨ ਰਾਮ ਦੀ ਗੱਲ (ਵਿਘਨ)

*Expunged as ordered by the Chair.

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇੰਟ ਆਫ਼ ਆਰਡਰ ਸਰ, ਚੇਅਰਮੈਨ ਸਾਹਿਬ, * * * * (ਵਿਘਨ)

ਸ੍ਰੀ ਸਭਾਪਤੀ : ਇਹ ਸ਼ਬਦ ਪਾਰਟ ਆਫ ਦੀ ਪ੍ਰੋਸੀਡਿੰਗਜ਼ ਨਹੀਂ ਬਨਣੇ ਚਾਹੀਦੇ । (These words should not form part of the proceedings.)

ਸਰਦਾਰ ਦਲੀਪ ਸਿੰਘ ਪਾਂਧੀ : ਜਗਜੀਵਨ ਰਾਮ ਦੀ ਗਲ ਕਰ ਰਹੇ ਹੋ (ਵਿਘਨ)

ਸ੍ਰੀ ਸਭਾਪਤੀ : ਡਿਮਾਂਡਜ਼ ਤੇ ਹੀ ਬੋਲੋ । (The hon. Member may please confine his speech to the Demands under discussion.).

ਸਰਦਾਰ ਦਲੀਪ ਸਿੰਘ ਪਾਂਧੀ : ਇਹ ਜੋ ਰਿਜ਼ਰਵੇਸ਼ਨਜ਼ ਦਿਤੀਆਂ ਹਨ ਇਹ ਸਾਰੀਆਂ ਡਾਕਟਰ ਅੰਬੇਦਕਰ ਨੇ ਦਿਤੀਆਂ ਹਨ । ਡਾਕਟਰ ਅੰਬੇਦਕਰ ਕਾਂਸਟੀਚੂਐਂਟ ਅਸੈਂਬਲੀ ਦੇ ਚੇਅਰਮੈਨ ਸਨ, ਕਾਂਗਰਸੀਆਂ ਨੇ ਤਾਂ ਇਨ੍ਹਾਂ ਲੋਕਾਂ ਨੂੰ ਮਰਵਾਇਆ ਹੈ । ਕੰਨਸਟੀਚੂਸ਼ਨ ਵਿਚ ਪ੍ਰੋਵੀਜ਼ਨ ਹੋ ਜਾਣ ਤੇ ਇਨ੍ਹਾਂ ਨੇ 20 ਸਾਲ ਲੋਕਾਂ ਤੇ ਅਹਿਸਾਨ ਕੀਤਾ ਕਿ ਅਸੀਂ ਇਨ੍ਹਾਂ ਨੂੰ ਨੌਕਰੀਆਂ ਦਿਤੀਆਂ । ਜੱਟ ਨੇ ਕਾਂਗਰਸ ਨੂੰ ਬਿਲਕੁਲ ਵੋਟ ਨਹੀਂ ਪਾਈ ਬਲਕਿ ਹਰੀਜਨਾਂ ਨੇ ਕਾਂਗਰਸ ਨੂੰ ਵੋਟਾਂ ਪਾਈਆਂ ਸਨ । ਹੁਣ ਡਕਾਲਾ ਨੇ ਇਹ ਵੀ ਸਾਬਤ ਕਰ ਦਿਤਾ ਹੈ ਕਿ ਹਰੀਜਨ ਇਨ੍ਹਾਂ ਦੇ ਨਾਲ ਨਹੀਂ ਹਨ ।

ਡਿਮਾਂਡ ਨੰਬਰ 19 ਵਿਚ ਟਰਾਂਸਪੋਰਟ ਨੂੰ 60 ਅਤੇ 40 ਦੀ ਰੇਸ਼ੋ ਨਾਲ ਨੈਸ਼ਨਲਾਈਜ਼ਡ ਕਰਨਾ ਹੈ । ਇਸ ਵਿਚ ਮੈਂ ਅਰਜ਼ ਕਰਾਂ ਕਿ ਬਹੁਤ ਸਾਰੇ ਰੂਟਾਂ ਉਪਰ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਦੀਆਂ ਬਸਾਂ ਉਸ ਰੇਸ਼ੋ ਨਾਲ ਨਹੀਂ ਪਈਆਂ ਹਨ । ਪੰਜਾਬ ਸਰਕਾਰ ਨੂੰ ਇਸ ਫਾਰਮੂਲੇ ਤੇ ਪੂਰੀ ਤਰ੍ਹਾਂ ਨਾਲ ਅਮਲ ਕਰਨਾ ਚਾਹੀਦਾ ਹੈ । ਬਠਿੰਡੇ ਵਿਚ ਪ੍ਰਾਈਵੇਟ ਬਸਾਂ ਚਲਦੀਆਂ ਹਨ । ਇਥੇ ਇਹ ਫਾਰਮੂਲਾ ਠੀਕ ਤਰ੍ਹਾਂ ਨਾਲ ਇੰਪਲੀਮੈਂਟ ਨਹੀਂ ਹੋ ਰਿਹਾ । ਬਾਕੀ ਟਿਕਟਾਂ ਵਿਚ ਜੋ ਸਕੈਂਡਲ ਸਨ, ਉਸ ਦੀ ਰੋਕ ਥਾਮ ਵਾਸਤੇ ਸਰਕਾਰ ਨੇ ਆਪਣਾ ਛਾਪਾਖਾਨਾ ਜਿਹੜਾ ਲਗਾਣਾ ਹੈ ਇਸ ਨਾਲ ਇਹ ਕੁਰਪਸ਼ਨ ਰੁਕ ਜਾਵੇਗੀ (ਸ਼ੋਰ) (ਵਿਘਨ) ਮੌਜੂਦਾ ਸਰਕਾਰ ਨੇ ਕੰਡੀ ਅਤੇ ਗੁਰਦਾਸਪੁਰ ਦੇ ਏਰੀਆ ਦੀ ਡਿਵੈਲਪਮੈਂਟ ਵਾਸਤੇ ਵੀ ਕਾਫੀ ਕੰਮ ਕੀਤਾ ਹੈ । ਪਠਾਨਕੋਟ ਤੋਂ ਅਗੇ ਜਾਕੇ ਦੇਖੋ ਤਾਂ ਪਤਾ ਚਲਦਾ ਹੈ ਕਿ ਥਾਂ ਥਾਂ ਤੇ ਰੈਸਟ ਹਾਉਸਿਜ਼ ਬਣਾਏ ਹੋਏ ਹਨ । ਕੰਡੀ ਏਰੀਆ, ਆਨੰਦਪੁਰ ਸਾਹਿਬ ਅਤੇ ਨੈਣਾ ਦੇਵੀ ਦੀ ਤਰੱਕੀ ਵਾਸਤੇ ਬੜਾ ਕੰਮ ਕੀਤਾ ਹੈ । ਕੋਈ ਟੈਕਸ ਨਹੀਂ ਲਾਏ ਗਏ । ਸਕੂਲ ਅਪਗਰੇਡ ਕੀਤੇ ਗਏ ਹਨ । ਡੇਢ ਲਖ ਰੁਪਿਆ ਤਾਂ ਪਿੰਡਾਂ ਨੂੰ ਮਾਡਲ ਬਨਾਉਣ ਵਾਸਤੇ ਰਖਿਆ ਹੈ ਜੋ ਕਿ ਬੜੀ ਅਛੀ ਸਕੀਮ ਹੈ । ਇਨ੍ਹਾਂ ਨੂੰ ਹੁਣ ਪਤਾ ਨਹੀਂ ਕੀ ਤਕਲੀਫ ਹੈ ? ਇਨ੍ਹਾਂ ਨੂੰ ਤਕਲੀਫ ਤਾਂ ਇਹ ਹੈ ਕਿ ਤੁਸੀਂ ਚੇਅਰਮੈਨ ਸਾਹਿਬ ਦੀ ਕੁਰਸੀ ਤੇ ਕਿਉਂ ਬੈਠੇ ਹੋ । ਜੇ ਇਨ੍ਹਾਂ ਨੇ ਮਾੜੇ ਕੰਮ ਕੀਤੇ ਤਾਂ ਹੀ ਇਨ੍ਹਾਂ ਦਾ ਇਹ ਹਸ਼ਰ ਹੋਇਆ ਹੈ । ਜੇ ਮੌਜੂਦਾ ਸਰਕਾਰ ਇਸੀ ਤਰ੍ਹਾਂ ਤੇਜ਼ ਰਫਤਾਰੀ ਨਾਲ ਕੰਮ ਕਰੇ ਤਾਂ ਬਹੁਤ ਭਾਰੀ ਕੰਮ ਹੋ ਸਕਦਾ ਹੈ ।

ਡਿਮਾਂਡ ਨੰ: 14 ਵਿਚ ਐਕਸ-ਸਰਵਿਸ-ਮੈਨ ਵਾਸਤੇ ਜੋ ਰਕਮ ਰਖੀ ਗਈ ਹੈ ਇਹ ਬੜਾ ਅਛਾ ਕੰਮ ਹੈ ਜਲੰਧਰ ਸ਼ਹਿਰ ਦੀ ਡਿਵੈਲਪਮੈਂਟ ਵਾਸਤੇ ਜੋ ਰਕਮ ਰਖੀ ਗਈ ਹੈ, ਇਹ ਸ਼ੋ ਕਰਦੀ ਹੈ ਕਿ

*Expunged as ordered by the Chair.

ਸਰਕਾਰ ਦੇ ਕੰਮ ਸੈਕੂਲਰਾਈਜ਼ਡ ਹਨ ਕਿਉਂਕਿ ਜਲੰਧਰ ਸ਼ਹਿਰ ਤੋਂ ਕੋਈ ਅਕਾਲੀ ਮੈਂਬਰ ਨਹੀਂ ਹੈ। ਇਸ ਸ਼ਹਿਰ ਦੀ ਤਰੱਕੀ ਵਾਸਤੇ ਡਿਮਾਂਡ ਦੇ ਐਕਸਪਲਾਨੇਟਰੀ ਮੈਮੋਰੰਡਮ ਵਿਚ ਇਹ ਲਿਖਿਆ ਹੈ ਕਿ :

"(1) Jullundur City Outfall Jamsher Drain from Garha lift-station to East Bein outside Jullundur City Municipal limits.

(2) Construction of syphon for drainage of flood water from Industrial Area to Kala Singha Drain outside limits.

(3) Storm water Sewers within the city municipal limits.———"

ਇਸ ਤਰ੍ਹਾਂ ਨਾਲ ਪੰਜਾਬ ਸਰਕਾਰ ਨੇ ਬਹੁਤ ਚੰਗਾ ਕੰਮ ਕੀਤਾ ਹੈ। ਜਲੰਧਰ ਵਿਚੋਂ ਨਾ ਅਕਾਲੀ ਜਿਤਿਆ ਹੈ ਅਤੇ ਨਾ ਹੀ ਜਿਤਣਾ ਹੈ (ਸ਼ੋਰ) ਇਸ ਸ਼ਹਿਰ ਦੀ ਤਰੱਕੀ ਦੀ ਸਕੀਮ ਬਣਾ ਕੇ ਇਹ ਦਸਣਾ ਹੈ ਕਿ ਇਕ ਸੈਕੂਲਿਰਜ਼ਮ ਦੀ ਨਿਸ਼ਾਨੀ ਹੈ, ਇਕ ਤਰਕੀ ਦੀ ਗਲ ਕੀਤੀ ਹੈ (ਸ਼ੋਰ) (ਵਿਘਨ) ਜਲੰਧਰ ਵਿਚ ਬਾਈਪਾਸ ਬਣਿਆ ਹੈ ਭਾਰਗੋ ਮੁਹੱਲੇ ਵਿਚ ਜਾਉ ਉਥੇ ਹਰੀਜਨਾਂ ਲਈ ਟੱਟੀਆ ਬੈਠਣ ਨੂੰ ਵੀ ਥਾਂ ਨਹੀਂ ਸੀ ਜੋ ਕਿ ਮੌਜੂਦਾ ਸਰਕਾਰ ਨੇ ਪ੍ਰਬੰਧ ਕਰ ਦਿਤਾ ਹੈ ਸੜਕਾਂ ਬਣਾ ਦਿਤੀਆਂ ਹਨ। ਇਹ ਕੋਈ ਮਾੜਾ ਕੰਮ ਨਹੀਂ ਕੀਤਾ ਗਿਆ ਹੈ। ਚਾਹੀਦਾ ਤਾਂ ਇਹ ਹੈ ਕਿ ਇਹ ਸਰਵਸੰਮਤੀ ਨਾਲ ਬਜਟ ਨੂੰ ਪਾਸ ਹੋਣ ਦੇਣ, ਇਸ ਨਾਲ ਲੋਕ ਇਨ੍ਹਾਂ ਦੀ ਵਾਹ ਵਾਹ ਕਰਨਗੇ ਆਪੋਜ਼ੀਸ਼ਨ ਚੰਗੀ ਹੋਣੀ ਚਾਹੀਦੀ ਹੈ। ਇਹ ਨਹੀਂ ਕਿ ਹਰ ਇਕ ਸਵਾਲ ਉਤੇ ਵਾਕ ਆਊਟ ਕਰ ਜਾਣ। ਅਜਿਹੀ ਚੀਪ ਪਾਪੂਲੇਰਿਟੀ ਨਾਲ ਕੰਮ ਨਹੀਂ ਚਲਣਾ। ਜੇ ਇਹ ਅਜਿਹੇ ਕੰਮ ਹੀ ਕਰਨਗੇ ਤਾਂ ਲੋਕਾਂ ਨੇ ਇਨ੍ਹਾਂ ਨੂੰ ਵੋਟਾਂ ਨਹੀਂ ਪਾਉਣੀਆਂ।

ਸ੍ਰੀ ਸਰਦਾਰੀ ਲਾਲ ਕਪੂਰ : ਆਨ ਏ ਪੁਆਇੰਟ ਆਫ ਆਰਡਰ, ਸਰ। ਜੇ ਇਨ੍ਹਾਂ ਨੇ ਇਸ ਤਰੀਕੇ ਨਾਲ ਹੀ ਚਲਣਾ ਹੈ ਤਾਂ ਅਸੀਂ ਵੀ ਇਸੇ ਤਰ੍ਹਾਂ ਹੀ ਚਲਕੇ ਦਿਖਾ ਦਿਆਂਗੇ। ਜੇ ਇਹ ਇਸ ਤਰ੍ਹਾਂ ਕਟਾਕਸ਼ ਦੀ ਗੱਲ ਚਲਾਉਣਾ ਚਾਹੁਣਗੇ ਤਾਂ ਅਸੀਂ ਵੀ ਸ਼ੁਰੂ ਕਰ ਦਿੰਦੇ ਹਾਂ। ਇਨ੍ਹਾਂ ਨੂੰ ਆਪਣੀ ਜ਼ਬਾਨ ਨੂੰ ਲਗਾਮ ਦੇਕੇ ਬੋਲਣਾ ਚਾਹੀਦਾ ਹੈ।

ਸ੍ਰੀ ਸਭਾਪਤੀ : ਪਾਂਧੀ ਜੀ (ਵਿਘਨ) (Sardar Dalip Singh Pandhi may please continue.).

ਚੌਧਰੀ ਤੁਲਸੀ ਰਾਮ ਚੌਹਾਨ : ਵਿਦ ਡਿਊ ਰਿਸਪੈਕਟ ਮੈਂ ਅਰਜ਼ ਕਰਦਾ ਹਾਂ ਕਿ ਕੀ ਇਹ ਡਿਮਾਂਡ ਤੇ ਬੋਲ ਰਹੇ ਹਨ ਜਾਂ ਕਿ ਵੋਟਾਂ ਤੇ ਬੋਲ ਰਹੇ ਹਨ ? ਮੈਂ ਇਨ੍ਹਾਂ ਨੂੰ ਤੁਹਾਡੀ ਮਾਰਫਤ ਦਸ ਦੇਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ ਵਿਚ ਇਹ ਕਾਂਗਰਸ ਦੇ ਹਥੋਂ ਆਪਣੀ ਜ਼ਮਾਨਤ ਜ਼ਬਤ ਕਰਾਕੇ ਆਏ ਹਨ।

Mr. Chairman : This is no Point of Order.

ਵਿੱਤ ਮੰਤਰੀ : ਜਿੰਨਾਂ ਚਿਰ ਅਨਪਾਰਲੀਮੈਂਟਰੀ ਲਫਜ਼ ਨਾ ਹੋਵੇ ਉਨਾਂ ਚਿਰ ਮੈਂਬਰ ਬੋਲ ਸਕਦਾ ਹੈ। ਇਨ੍ਹਾਂ ਨੇ ਕੋਈ ਅਨਪਾਰਲੀਮੈਂਟਰੀ ਲਫਜ਼ ਨਹੀਂ ਕਹੇ ਹਨ। ਇਹ ਬਿਲਕੁਲ ਠੀਕ ਢੰਗ ਨਾਲ ਕਹਿ ਰਹੇ ਹਨ। ਇਨ੍ਹਾਂ ਨੇ ਕੋਈ ਵਾਧੂ ਗਲ ਨਹੀਂ ਕੀਤੀ ਹੈ।

ਸਿਰਦਾਰ ਕਪੂਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰੀ ਬੇਨਤੀ ਇਹ ਹੈ ਕਿ ਮਾਨਯੋਗ ਪਾਂਧੀ ਸਾਹਿਬ ਜੋ ਕੁਝ ਕਹਿ ਰਹੇ ਹਨ ਉਹ ਉਨ੍ਹਾਂ ਨੂੰ ਕਹਿਣ ਦਾ ਹੱਕ ਹੈ ਪਰ ਜਿਹੜਾ ਨਾਂ ਲੈਕੇ

[ਸਿਰਦਾਰ ਕਪੂਰ ਸਿੰਘ]
ਕਿਸੇ ਨੂੰ ਸੰਬੋਧਨ ਕਰਦੇ ਹਨ, ਇਹ ਇਸ ਸਦਨ ਦੇ ਨਿਯਮਾਂ ਦੇ ਅਨੁਕੂਲ ਨਹੀਂ ਹੈ। ਇਹ ਤੁਹਾਨੂੰ ਸੰਬੋਧਨ ਕਰਕੇ ਬੋਲਣ ?

ਸਰਦਾਰ ਦਲੀਪ ਸਿੰਘ ਪਾਂਧੀ : ਕਪੂਰ ਸਾਹਿਬ ਮੇਰੇ ਦੋਸਤ ਨੇ ਤਾਂ ? ਇਨ੍ਹਾਂ ਨੂੰ ਕਿਹਾ ਸੀ।

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ। * * *

ਸ਼੍ਰੀ ਸਭਾਪਤੀ : ਇਹ ਪਾਰਟ ਆਫ ਦੀ ਪਰੋਸੀਡਿੰਗਜ਼ ਨਹੀਂ ਬਣਨਾ ਚਾਹੀਦਾ ਹੈ। (These words should not form part of the proceedings.).

ਸਰਦਾਰ ਦਲੀਪ ਸਿੰਘ ਪਾਂਧੀ : ਮੌਜੂਦਾ ਸਰਕਾਰ ਨੇ ਨਵੀਆਂ ਡਵੀਜ਼ਨਾਂ, ਸਬ-ਡਵੀਜ਼ਨਾਂ ਅਤੇ ਤਹਿਸੀਲਾਂ ਖੋਲ੍ਹੀਆਂ ਹਨ, ਇਹ ਬੜੀ ਖੁਸ਼ੀ ਦੀ ਗੱਲ ਹੈ ਜਿਸ ਤਰ੍ਹਾਂ ਕਿ ਸਮਾਣਾ, ਰਾਮਪੁਰਾ ਫੂਲ ਅਤੇ ਹੋਰ ਕਈ ਸਬ-ਡਵੀਜ਼ਨਾਂ ਬਣੀਆਂ ਹਨ। (ਵਿਘਨ) ਬਲਾਚੌਰ, ਚੌਹਾਨ ਸਾਹਿਬ ਤੁਹਾਡਾ ਹੀ ਹਲਕਾ ਹੈ, ਕੋਈ ਕਿਸੇ ਨਾਲ ਈਰਖਾ ਨਹੀਂ ਕੀਤੀ ਗਈ। ਇਸ ਤਰ੍ਹਾਂ ਬਹੁਤ ਸਾਰੀਆਂ ਤਹਿਸੀਲਾਂ, ਜਿਸ ਤਰ੍ਹਾਂ ਕਿ ਸੁਲਤਾਨਪੁਰ ਲੋਧੀ ਆਦਿ ਹਨ, ਲਈ ਪੈਸੇ ਦਾ ਪਰੋਵੀਜ਼ਨ ਕੀਤਾ ਗਿਆ ਹੈ।

ਚੌਧਰੀ ਤੁਲਸੀ ਰਾਮ ਚੌਹਾਨ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਜੋ ਕੁਝ ਕਿਹਾ ਹੈ, ਉਸਨੂੰ ਐਕਸਪੰਜ ਕਰਾ ਦਿਓ। (ਵਿਘਨ) (ਸ਼ੋਰ) ਇਸ ਕੁੱਤੇ ਦੇ ਮੂੰਹ ਨੂੰ ਲਗਾਮ ਦਿਓ ਜੀ। (ਸ਼ੋਰ) (ਵਿਘਨ)

ਸ਼੍ਰੀ ਸਭਾਪਤੀ : ਚੌਹਾਨ ਸਾਹਿਬ, ਉਹ ਐਕਸਪੰਜ ਕਰਵਾ ਦਿਤੇ ਗਏ ਹਨ। (ਵਿਘਨ) (Chaudhri Sahib, those words have already been expunged.) (Interruptions.).

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਚੇਅਰ ਦਾ ਖਿਆਲ ਕਰਨਾ ਚਾਹੀਦਾ ਹੈ। ਇਕ ਮੈਂਬਰ ਨੇ ਦੂਸਰੇ ਮੈਂਬਰ ਨੂੰ ਕੁੱਤਾ ਕਿਹਾ ਹੈ ਕੀ ਇਹ ਵਾਜਬ ਹੈ ? ਇਸ ਤਰ੍ਹਾਂ ਹਾਊਸ ਦਾ ਡੈਕੋਰਮ ਕਾਇਮ ਨਹੀਂ ਰਹੇਗਾ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਸੁਲਤਾਨਪੁਰ ਲੋਧੀ ਦੇ ਲੋਕਾਂ ਨੂੰ ਬੜੀ ਤਕਲੀਫ ਸੀ। ਨੇੜੇ ਤੇੜੇ ਦੇ ਲੋਕਾਂ ਨੂੰ ਤਕਲੀਫ ਸੀ। ਸਰਕਾਰ ਨੇ ਲੋਕਾਂ ਦੀ ਇਸ ਤਕਲੀਫ ਨੂੰ ਸਮਝ ਕੇ ਉਸ ਨੂੰ ਸਬ-ਡਵੀਜ਼ਨ ਬਣਾਇਆ ਅਤੇ ਇਸ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਸਬ-ਡਵੀਜ਼ਨਜ਼ (ਤਹਿਸੀਲਾਂ) ਬਣਾਈਆਂ ਅਤੇ ਇਹ ਕੋਈ ਸਰਕਾਰ ਨੇ ਮਾੜਾ ਕੰਮ ਨਹੀਂ ਕੀਤਾ, ਸਗੋਂ ਚੰਗਾ ਕੰਮ ਹੀ ਕੀਤਾ ਹੈ। ਇਸ ਦੇ ਵਿਚ ਇਨ੍ਹਾਂ ਦੇ ਦਫ਼ਤਰਾਂ ਲਈ ਪਰੋਵੀਜ਼ਨ ਕੀਤੀ ਗਈ ਹੈ ਅਤੇ ਸਟਾਫ ਅਤੇ ਤਨਖ਼ਾਹ ਦੇ ਲਈ ਪ੍ਰੋਵੀਜ਼ਨ ਕੀਤੀ ਗਈ ਹੈ, ਇਹ ਕੋਈ ਮਾੜਾ ਕੰਮ ਨਹੀਂ ਕੀਤਾ ਗਿਆ। ਮੈਂ ਮਾਲ ਮੰਤਰੀ ਜੀ ਨੂੰ ਕਹਾਂਗਾ ਕਿ ਬਹੁਤ ਸਾਰੇ ਪਿੰਡ ਰਹਿ ਗਏ ਹਨ, ਜਿਸ ਤਰ੍ਹਾਂ ਅਮਲੋਹ ਦੇ, ਸੰਗਰੂਰ, ਪਟਿਆਲਾ, ਜਲੰਧਰ ਅਤੇ ਲੁਧਿਆਣਾ ਦੇ ਵੀ ਹੋਣਗੇ, ਮੈਂ ਕਹਾਂਗਾ ਕਿ ਇਸ ਦੀ ਰੀਆਰਗੇਨਾਈਜੇਸ਼ਨ ਦੁਬਾਰਾ ਕਰ ਲਈ ਜਾਵੇ। ਇਸ ਬਾਰੇ ਲੋਕਾਂ ਦੀ ਰਾਏ ਲੈ ਲਈ ਜਾਵੇ, ਹਾਊਸ ਦੇ ਮੈਂਬਰਜ਼ ਦੀ ਰਾਏ ਲੈ ਲਈ ਜਾਵੇ ਭਾਵੇਂ ਉਹ ਕਾਂਗਰਸ ਪਾਰਟੀ ਵਿਚ ਹੋਣ ਅਤੇ ਭਾਵੇਂ ਕਿਸੇ ਵੀ ਪਾਰਟੀ ਨਾਲ ਤੁਅੱਲਕ ਰੱਖਦੇ ਹੋਣ। ਸਬ-ਡਵੀਜ਼ਨਜ਼ ਦੂਰ ਹੋਣ ਕਰਕੇ ਲੋਕਾਂ ਨੂੰ ਪਹੁੰਚਣ ਵਿਚ ਬੜੀ ਮੁਸ਼ਕਲ ਪੇਸ਼ ਆਉਂਦੀ ਹੈ। ਲੋਕੀਂ ਕੰਮ ਕਾਰ ਨਾਲ

*Expunged as ordered by the Chair.

ਥੱਕੇ ਹੋਏ ਹੁੰਦੇ ਹਨ ਅਤੇ ਉਨ੍ਹਾਂ ਨੂੰ ਜਾਣ ਵਿਚ ਬੜੀ ਮੁਸ਼ਕਲ ਪੇਸ਼ ਆਉਂਦੀ ਹੈ, ਇਸ ਲਈ ਉਨ੍ਹਾਂ ਦੀ ਸਹੂਲਤ ਦਾ ਧਿਆਨ ਰੱਖਿਆ ਜਾਵੇ ਤਾਂ ਕਿ ਲੋਕੀਂ ਇਹ ਵੀ ਮਹਿਸੂਸ ਕਰਨ ਕਿ ਸਰਕਾਰ ਸਾਡੇ ਲਈ ਕੁਝ ਕਰ ਰਹੀ ਹੈ। ਇਸ ਤਰ੍ਹਾਂ ਪੰਜਾਬ ਸਰਕਾਰ ਨੇ ਹੋਰ ਵੀ ਬਹੁਤ ਸਾਰੇ ਅੱਛੇ ਕੰਮ ਕੀਤੇ ਹਨ, ਜਿਸ ਤਰ੍ਹਾਂ ਕਿ ਬਾਸੀ ਸਾਹਿਬ ਨੇ 36 ਡੀਜ਼ਲ ਜੈਨਰੇਟਰ ਖਰੀਦੇ ਹਨ। ਇਸੇ ਤਰ੍ਹਾਂ ਰੋਡ ਰੋਲਰਜ਼ ਖਰੀਦੇ ਹਨ। ਜੇ ਰੋਡ ਰੋਲਰਜ਼ ਨਾ ਹੋਣਗੇ ਤਾਂ ਸੜਕਾਂ ਕਿਸ ਤਰ੍ਹਾਂ ਬਣਨਗੀਆਂ। 1967 ਤੋਂ ਪਹਿਲਾਂ ਸੜਕਾਂ ਦਾ ਕੀ ਹਾਲ ਸੀ? ਚੇਅਰਮੈਨ ਸਾਹਿਬ, ਤੁਸੀਂ ਤਾਂ ਸ਼ਹਿਰ ਵਿਚ ਰਹਿੰਦੇ ਹੋ, ਪਿੰਡ ਵਿਚ ਪਹੁੰਚਣਾ ਜਾਂ ਪਿੰਡ ਵਿਚੋਂ ਸ਼ਹਿਰ ਆਉਣਾ ਬਹੁਤ ਮੁਸ਼ਕਲ ਸੀ। ਜੇ ਕੋਈ ਬੀਮਾਰ ਹੋ ਜਾਂਦਾ ਸੀ ਤਾਂ ਉਹ ਸ਼ਹਿਰ ਪਹੁੰਚ ਹੀ ਨਹੀਂ ਸਕਦਾ ਸੀ। (ਵਿਘਨ) ਬਾਸੀ ਸਾਹਿਬ ਨੇ ਅਤੇ ਸਰਦਾਰ ਬਲਵੰਤ ਸਿੰਘ ਨੇ ਡੀਜ਼ਲ ਜੈਨਰੇਟਰ ਖਰੀਦਣ ਲਈ ਪੈਸੇ ਦੇ ਕੇ ਕੋਈ ਮਾੜਾ ਕੰਮ ਨਹੀਂ ਕੀਤਾ, ਸਗੋਂ ਚੰਗਾ ਕੰਮ ਹੀ ਕੀਤਾ ਹੈ। ਪੰਜਾਬ ਦੇ ਵਿਚ ਸੜਕਾਂ ਹੋਰ ਬਣਨਗੀਆਂ, ਪੰਜਾਬ ਦੀ ਖੇਤੀਬਾੜੀ, ਪੰਜਾਬ ਦੇ ਕਿਸਾਨ ਅਤੇ ਪੰਜਾਬ ਦੀ ਤਰੱਕੀ ਹੋਵੇਗੀ। ਲਿੰਕ ਸੜਕਾਂ ਦਾ ਪ੍ਰੋਗਰਾਮ ਬੜਾ ਅੱਛਾ ਪ੍ਰੋਗਰਾਮ ਹੈ। ਭਾਸ਼ਣ ਵਿਚ ਕਿਹਾ ਗਿਆ ਹੈ ਕਿ ਬਹੁਤ ਸਾਰੀਆਂ ਸੜਕਾਂ ਦੋ ਸਾਲਾਂ ਵਿਚ ਬਣਾ ਦਿਤੀਆਂ ਜਾਣਗੀਆਂ, ਹਰ ਇਕ ਪਿੰਡ ਨੂੰ ਸੜਕਾਂ ਨਾਲ ਮਿਲਾ ਦਿਤਾ ਜਾਵੇਗਾ, ਇਸ ਨਾਲ ਪੇਂਡੂਆਂ ਨੂੰ ਬੜੀ ਸਹੂਲਤ ਹੋਵੇਗੀ। ਮੈਂ ਪੰਜਾਬ ਸਰਕਾਰ ਨੂੰ ਸੁਜੈਸ਼ਨ ਦਿਆਂਗਾ ਕਿ ਜਿਹੜੀਆਂ ਨਹਿਰਾਂ ਦੀਆਂ ਪਟੜੀਆਂ ਹਨ, ਉਹ ਵੀ ਪੱਕੀਆਂ ਕਰ ਦਿਤੀਆਂ ਜਾਣ ਤਾਕਿ ਬਾਕੀ ਕੋਈ ਇਸ਼ੂ ਨਾ ਰਹਿ ਜਾਵੇ ਅਤੇ ਕਿਸੇ ਨੂੰ ਕਹਿਣ ਦਾ ਮੌਕਾ ਨਾ ਮਿਲੇ ਕਿ ਸਰਕਾਰ ਨੇ ਇਹ ਕੰਮ ਨਹੀਂ ਕੀਤਾ ਅਤੇ ਉਹ ਕੰਮ ਨਹੀਂ ਕੀਤਾ। ਜੇ ਇਹ ਨਹਿਰਾਂ ਦੀਆਂ ਪਟੜੀਆਂ ਪੱਕੀਆਂ ਕਰ ਦਿਤੀਆਂ ਜਾਣ ਤਾਂ ਸਾਈਕਲਾਂ ਵਾਲਿਆਂ ਨੂੰ ਬੜਾ ਫਾਇਦਾ ਹੋਵੇਗਾ ਉਹ ਬੜੀ ਆਸਾਨੀ ਨਾਲ ਸਾਈਕਲਾਂ ਤੇ ਭਾਵੇਂ ਉਨ੍ਹਾਂ ਨੇ ਇਲੈਕਸ਼ਨਾਂ ਦਾ ਕੰਮ ਕਰਨਾ ਹੋਵੇ ਜਾਂ ਕੋਈ ਵੀ ਕੰਮ ਹੋਵੇ, ਬੜੀ ਆਸਾਨੀ ਨਾਲ ਆ ਜਾ ਸਕਦੇ ਹਨ। ਲੋਕਾਂ ਨੂੰ ਮੋਗੇ ਵਿਚ ਬੜੀ ਦਿਕੱਤ ਹੁੰਦੀ ਹੈ। ਮੈਂ ਵੀ ਉਥੇ ਗਿਆ ਹਾਂ। ਅਗਰ ਪੰਜਾਬ ਸਰਕਾਰ ਨੇ ਉਥੇ ਬਾਈਪਾਸ ਬਣਾਇਆ ਹੈ ਤਾਂ ਇਸ ਦੀ ਕੋਈ ਵਿਰੋਧਤਾ ਨਹੀਂ ਕਿਉਂਕਿ ਉਥੋਂ ਦੀ ਸਾਰੇ ਲੰਘਦੇ ਹਨ ਭਾਵੇਂ ਕਾਂਗਰਸੀ ਹਨ, ਭਾਵੇਂ ਜਨਸੰਘੀ ਹਨ ਭਾਵੇਂ ਕੋਈ ਵੀ ਹਨ। ਸਾਰਿਆਂ ਨੇ ਉਥੋਂ ਦੀ ਲੰਘਣਾ ਹੈ। ਇਸ ਤਕਲੀਫ ਨੂੰ ਸਮਝ ਕੇ ਇਸ ਵਾਸਤੇ 5 ਲੱਖ ਰੁਪਏ ਦਾ ਪ੍ਰੋਵੀਜ਼ਨ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਹ ਇਕ ਚੰਗਾ ਕੰਮ ਕੀਤਾ ਹੈ। ਇਸੇ ਤਰ੍ਹਾਂ ਹੀ ਇੰਪਰੂਵਮੈਂਟ ਦੀ ਗੱਲ ਹੈ, ਜਿਸ ਤਰ੍ਹਾਂ ਕਿ ਆਨੰਦਪੁਰ ਸਾਹਿਬ, ਮੁਕਤਸਰ ਸਾਹਿਬ ਜਿਹੜੇ ਕਿ ਇਤਿਹਾਸਕ ਸਥਾਨ ਹਨ, ਮੁਕਤਸਰ ਸਾਹਿਬ ਜਿਥੇ ਕਿ ਮਾਘੀ ਦਾ ਮੇਲਾ ਬਹੁਤ ਭਾਰੀ ਲੱਗਦਾ ਹੈ, ਫਤਹਿਗੜ੍ਹ ਸਾਹਿਬ ਆਦਿ ਜੋ ਇਤਿਹਾਸਕ ਸਥਾਨ ਹਨ, ਇਨ੍ਹਾਂ ਦੀ ਡੀਵੈਲਪਮੈਂਟ ਵਾਸਤੇ ਪ੍ਰੋਵੀਜ਼ਨ ਕੀਤੀ ਗਈ ਹੈ, ਪੈਸਾ ਰੱਖਿਆ ਗਿਆ ਹੈ, ਇਹ ਬੜਾ ਅੱਛਾ ਕੰਮ ਕੀਤਾ ਗਿਆ ਹੈ। ਇਸੇ ਤਰ੍ਹਾਂ ਪਟਿਆਲੇ ਦੀ ਗੱਲ ਹੈ। ਇਹ ਮਾਡਲ ਟਾਊਨ ਬਣਿਆ ਹੈ। ਇਹ ਇਕ ਕਾਂਗਰਸੀ ਕਰਨਲ ਰਘਬੀਰ ਸਿੰਘ ਨੇ ਸ਼ਹਿਰ ਬਣਾਇਆ ਸੀ। ਉਸਨੇ ਆਪਣੀ ਜ਼ਮੀਨ ਦਿਤੀ। ਇਹ ਮਾਡਲ ਟਾਊਨ ਤਾਂ ਉਸਾਰਿਆ ਪਰ ਉਥੇ ਪਾਣੀ ਦਾ ਪ੍ਰਬੰਧ ਨਹੀਂ ਸੀ। (ਵਿਘਨ) ਪਟਿਆਲੇ ਦੇ ਲਾਗੇ ਪਿੰਡ ਬਡੂੰਗਰ ਹੈ (ਵਿਘਨ) ਉਥੇ ਲੋਕਾਂ ਦੀ ਮੁਸ਼ਕਲ ਨੂੰ ਦੇਖਦੇ ਹੋਏ ਉਸ ਮਿਊਂਸਪਲ ਕਮੇਟੀ ਦਾ ਖਾਤਮਾ ਕੀਤਾ ਗਿਆ ਤਾਕਿ ਉਸ ਦਾ ਗ਼ਬਨ ਕੱਢਿਆ ਜਾਵੇ। ਪਟਿਆਲਾ ਐਜੂਕੇਸ਼ਨ ਦੇ ਲਿਹਾਜ਼ ਨਾਲ ਅੱਛਾ ਸ਼ਹਿਰ ਹੈ। ਉਥੇ ਪੰਜਾਬੀ ਯੂਨੀਵਰਸਿਟੀ ਹੈ। (ਵਿਘਨ)

ਸਰਦਾਰ ਉਮਰਾਓ ਸਿੰਘ : ਚੇਅਰਮੈਨ ਸਾਹਿਬ, ਇਹ ਕਿਹੜੀ ਡੀਮਾਂਡ ਤੇ ਬੋਲ ਰਹੇ ਹਨ?

ਸਰਦਾਰ ਦਲੀਪ ਸਿੰਘ ਪਾਂਧੀ : ਇਹ ਡੀਮਾਂਡ ਨੰ: 18 ਹੈ। ਇਸ ਦੇ ਵਿਚ ਇਨ੍ਹਾਂ ਨੇ ਪੈਸੇ ਦਾ ਪ੍ਰੋਵੀਜ਼ਨ ਕੀਤਾ ਹੈ। ਉਸ ਪਿੰਡ ਵਿਚ ਨਾ ਗਲੀਆਂ ਪੱਕੀਆਂ ਹਨ, ਨਾ ਪਾਣੀ ਦਾ ਪ੍ਰਬੰਧ ਹੈ ਨਾ

[ਸਰਦਾਰ ਦਲੀਪ ਸਿੰਘ ਪਾਂਧੀ]

ਲਾਈਟ ਦਾ ਪ੍ਰਬੰਧ ਹੈ, ਨਾ ਹੀ ਸੜਕਾਂ ਅਤੇ ਨਾ ਹੀ ਕੋਈ ਸਕੂਲ ਸੀ। ਮੈਨੂੰ ਇਸ ਗੱਲ ਦਾ ਅਫਸੋਸ ਹੈ। ਪਰ ਮੌਜੂਦਾ ਸਰਕਾਰ ਨੇ ਉਥੇ ਆਪਣੇ ਪੈਸੇ ਲਾ ਕੇ ਇਕ ਪ੍ਰਾਇਮਰੀ ਸਕੂਲ ਖੋਲ੍ਹਿਆ ਹੈ। ਸੜਕ ਬਣਾਈ ਹੈ। ਹਾਲਾਂਕਿ ਪਰੋਵੀਜ਼ਨ ਇਹ ਹੈ ਕਿ ਪਿੰਡ ਦੇ ਲੋਕ ਕਰੈਸ਼ ਪ੍ਰੋਗ੍ਰਾਮ ਲਈ ਮਿੱਟੀ ਆਪ ਪਾਉਣ, ਪਰ ਉਥੇ ਸਰਕਾਰ ਨੇ ਆਪਣੇ ਪੈਸੇ ਨਾਲ ਹੀ ਬਣਾ ਦਿਤੀ। ਸ਼ਹਿਰ ਵਿਚ ਤਾਂ ਲੋਕਾਂ ਨੂੰ ਬਣੀਆਂ ਬਣਾਈਆਂ ਹੀ ਸੜਕਾਂ ਮਿਲ ਜਾਂਦੀਆਂ ਹਨ ਪਰ ਪਿੰਡ ਵਿਚ ਬੜੀ ਮਿਹਨਤ ਨਾਲ ਸੜਕਾਂ ਬਣਦੀਆਂ ਹਨ। ਇਹ ਸਾਰਾ ਵਿਤੱਕਰਾ ਪਿੰਡ ਦੇ ਲੋਕਾਂ ਨਾਲ ਕਾਂਗਰਸ ਨੇ ਕੀਤਾ। ਜਿਹੜੇ ਪੰਜ ਲੱਖ ਰੁਪਏ ਰੱਖੇ ਗਏ ਹਨ ਉਸ ਸ਼ਹਿਰ ਨੂੰ ਖੂਬਸੂਰਤ ਬਣਾਉਣ ਲਈ, ਇਹ ਬੜਾ ਚੰਗਾ ਕੰਮ ਕੀਤਾ ਗਿਆ ਹੈ। ਇਨ੍ਹਾਂ ਨੇ ਹੀ ਲੋਕਾਂ ਨੂੰ ਗਲਤ ਪਾਸੇ ਲਗਾਇਆ। (ਵਿਘਨ) ਸਰਦਾਰ ਰਵੇਲ ਸਿੰਘ ਪਾਸ ਕਿੰਨੀਆਂ ਹੀ ਸ਼ਿਕਾਇਤਾ ਆਈਆਂ ਕਿ ਲੋਕਾਂ ਨੂੰ ਬਹੁਤ ਤਕਲੀਫ ਹੈ, ਜਿਹੜੇ ਮਿਊਂਸਪਲ ਕਮਿਸ਼ਨਰ ਹਨ ਜਾਂ ਕਮੇਟੀ ਦਾ ਪਰਧਾਨ ਹੈ, ਉਸ ਦੇ ਘਰ ਵਿਚ ਤਾਂ ਟਿਊਬਾਂ ਜਲਦੀਆਂ ਹਨ ਪਰ ਦੂਸਰੇ ਲੋਕਾਂ ਦੇ ਘਰੀਂ ਹਨੇਰਾ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੋਵੇਗੀ ਜੇਕਰ ਮੌਜੂਦਾ ਸਰਕਾਰ ਲੋਕਾਂ ਦੀ ਇਸ ਬੇਨਤੀ ਨੂੰ ਪਰਵਾਨ ਕਰੇਗੀ ਅਤੇ ਪੰਜਾਬ ਦੇ ਸਾਰੇ ਸ਼ਹਿਰਾਂ ਦਾ ਦੁਬਾਰਾ ਸਰਵੇ ਕਰਾਏਗੀ। ਪਟਿਆਲਾ ਵਿਚ ਬਹੁਤ ਸਾਰੀਆਂ ਐਸੀਆਂ ਗਲੀਆਂ ਹਨ, ਮੁਹੱਲੇ ਹਨ ਜਿਥੇ ਲਾਈਟਾਂ ਨਹੀਂ, ਪਾਣੀ ਨਹੀਂ। ਪਟਿਆਲੇ ਵਿਚ ਹਰੀਜਨਾਂ ਦੀ ਆਬਾਦੀ ਹੈ ਕਿਸੇ ਦਾ ਨਾਂ ਗਾਂਧੀ ਨਗਰ ਹੈ ਅਤੇ ਕਿਸੇ ਦਾ ਪਟੇਲ ਨਗਰ ਹੈ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿਤਾ ਜਾਂਦਾ। ਮੌਜੂਦਾ ਸਰਕਾਰ ਅਗਰ ਉਨ੍ਹਾਂ ਦੀ ਸਫਾਈ ਦਾ, ਉਨ੍ਹਾਂ ਦੀ ਤਰੱਕੀ ਦਾ ਅਤੇ ਉਨ੍ਹਾਂ ਵਾਸਤੇ ਸਕੂਲ ਆਦਿ ਦਾ ਪ੍ਰਬੰਧ ਕਰੇ ਤਾਂ ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੋਵੇਗੀ। ਮੌਜੂਦਾ ਸਰਕਾਰ ਨੇ ਕਮਿਊਨਿਟੀ ਡਿਵੈਲਪਮੈਂਟ ਸੈਂਟਰਸ ਖੋਲ੍ਹੇ ਹਨ ਇਸ ਤਰ੍ਹਾਂ ਉਨ੍ਹਾਂ ਨੂੰ ਦੁੱਧ ਦੇਣ ਦਾ ਪ੍ਰਬੰਧ ਕੀਤਾ ਹੈ। ਮੌਜੂਦਾ ਸਰਕਾਰ ਨੇ ਐਂਟੀ ਬੈਗਰੀ ਵਾਸਤੇ ਜਿਹੜੇ ਮਈਅਰਜ਼ ਲਏ ਹਨ, ਇਹ ਬੜਾ ਚੰਗਾ ਕੰਮ ਕੀਤਾ ਹੈ। ਇਸ ਤਰ੍ਹਾਂ ਇਹ ਮੰਗਣ ਦੀ ਬੀਮਾਰੀ ਖਤਮ ਹੋਵੇਗੀ। ਜਿਨ੍ਹਾਂ ਅਫਸਰਾਂ ਨੇ ਇਸ ਨੂੰ ਚਾਲੂ ਨਹੀਂ ਕੀਤਾ ਉਸ ਤੇ ਐਕਸ਼ਨ ਲੈਣਾ ਚਾਹੀਦਾ ਹੈ। ਲੋਕ ਕਰੇਲਾ ਅਤੇ ਬੰਗਾਲ ਵਿਚੋਂ ਇਥੇ ਆਕੇ ਮੰਗਦੇ ਸਨ, ਉਨ੍ਹਾਂ ਦਾ ਖਾਤਮਾ ਕਰਕੇ ਸਰਕਾਰ ਨੇ ਬੜਾ ਅੱਛਾ ਕੰਮ ਕੀਤਾ ਹੈ।

ਬਾਕੀ ਜਿਥੋਂ ਤੱਕ ਡਰੇਨੇਜ ਦਾ ਸਬੰਧ ਹੈ, ਜਿਥੇ ਪੁਲ ਨਹੀਂ ਸਨ, ਪਾਣੀ ਨਹੀਂ ਸੀ ਲੰਘਦਾ ਇਸ ਦੇ ਬਾਰੇ ਡੀਮਾਂਡ ਨੰਬਰ 17 ਵਿਚ ਲਿਖਿਆ ਗਿਆ ਹੈ ਕਿ ਜੈਤੋ ਡਿਸਟਰੀਬਿਊਟਰੀ ਨੂੰ ਠੀਕ ਕੀਤਾ, ਭਾਖੜਾ ਮੇਨ ਲਾਈਨ ਤੇ ਪੁਲ ਬਣਾਉਣ ਅਤੇ ਫਿਰੋਜ਼ਪੁਰ, ਪਟਿਆਲਾ ਅਤੇ ਬਠਿੰਡਾ ਆਦਿ ਜ਼ਿਲ੍ਹਿਆਂ ਵਿਚ ਹੋਰ ਕਈ ਥਾਈਂ ਅਜਿਹੇ ਕੰਮਾਂ ਲਈ 2 ਕਰੋੜ 35 ਲੱਖ ਰੁਪਿਆ ਦਿਤਾ ਹੈ। ਪਟਿਆਲਾ ਵਿਚ ਚੰਬੋਵਾਲੀ ਚੋਈ, ਸਰਹੰਦ ਚੋਈ, ਇਸ ਵਿਚ ਹੀ ਆ ਜਾਂਦੇ ਹਨ। ਕਿਉਂਕਿ ਇਹ ਪਹਿਲੇ ਜ਼ਿਮੀਂਦਾਰਾਂ ਦੀਆਂ ਫਸਲਾਂ ਦਾ ਬਹੁਤ ਨੁਕਸਾਨ ਕਰਦੇ ਸਨ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿਆਂਗਾ ਕਿ ਉਨ੍ਹਾਂ ਨੇ ਲੋਕਾਂ ਦੀ ਤਕਲੀਫ ਨੂੰ ਸਮਝਿਆ ਹੈ ਅਤੇ ਇਤਨੀ ਵੱਡੀ ਰਕਮ ਇਸ ਕੰਮ ਲਈ ਮਨਜ਼ੂਰ ਕੀਤੀ ਹੈ। ਇਸ ਤਰ੍ਹਾਂ ਉਥੇ ਜਿਹੜਾ ਪਾਣੀ ਫਸਲਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉਹ ਨਿਕਲ ਜਾਵੇਗਾ ਅਤੇ ਫਸਲਾਂ ਚੰਗੀਆਂ ਹੋਣਗੀਆਂ। ਇਸ ਤਰ੍ਹਾਂ ਦੇ ਕੰਮ ਕੀਤਿਆਂ ਹੀ ਲੋਕਾਂ ਨੂੰ ਪਤਾ ਲਗੇਗਾ ਕਿ ਸਰਕਾਰ ਸਾਡੇ ਵਾਸਤੇ ਕੀ ਕੁਝ ਕਰ ਰਹੀ ਹੈ। (ਵਿਘਨ) (ਕਾਂਗਰਸੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਇਹ ਤਾਂ ਹੁਣ ਪਾਰਲੀਮੈਂਟ ਦੀ ਇਲੈਕਸ਼ਨ ਵਿਚ ਇਨ੍ਹਾਂ ਨੂੰ ਪਤਾ ਲੱਗੇਗਾ।

ਸ੍ਰੀ ਸਰਦਾਰੀ ਲਾਲ ਕਪੂਰ : ਚੇਅਰਮੈਨ ਸਾਹਿਬ, ਤੁਸੀਂ ਕੋਈ ਟਾਈਮ ਲਿਮਟ ਰੱਖੋ, ਹੋਰਨਾਂ ਨੇ ਵੀ ਬੋਲਣਾ ਹੈ।

ਸ੍ਰੀ ਸਭਾਪਤੀ : ਉਹ ਆਪਣੀ ਪਾਰਟੀ ਦਾ ਹੀ ਟਾਈਮ ਲੈ ਰਹੇ ਹਨ। (The hon. Member Sardar Dalip Singh Pandhi is taking the time of his party.)

ਸਰਦਾਰ ਦਲੀਪ ਸਿੰਘ ਪਾਂਧੀ : ਸੰਗਰੂਰ, ਪਟਿਆਲਾ ਅਤੇ ਨਾਭਾ ਜਿਹੜੇ ਪੈਪਸੂ ਏਰੀਆ ਕਹਿਲਾਉਂਦੇ ਹਨ, ਵਿਚ ਡਰੇਨਾ ਨਾ ਹੋਣ ਕਰਕੇ ਅਤੇ ਸੇਮ ਜ਼ਿਆਦਾ ਹੋਣ ਕਰਕੇ ਲੋਕਾਂ ਦਾ ਬਹੁਤ ਨੁਕਸਾਨ ਹੁੰਦਾ ਸੀ। ਇਸ ਮਸਲੇ ਨੂੰ ਦੇਖਦੇ ਹੋਏ ਅਗਰ ਸਰਕਾਰ ਨੇ ਪੁਲ ਆਦਿ ਬਣਾਏ ਹਨ ਤਾਂ ਕੋਈ ਮਾੜਾ ਕੰਮ ਨਹੀਂ ਕੀਤਾ, ਚੰਗਾਂ ਹੀ ਕੰਮ ਕੀਤਾ ਹੈ।

ਚੇਅਰਮੈਨ ਸਾਹਿਬ, ਤੁਸੀਂ ਦੇਖੋ ਸੰਗਰੂਰ ਦੇ ਸਜਣ ਇਥੇ ਬੈਠੇ ਹਨ। ਸੰਗਰੂਰ ਨੂੰ ਪਹਿਲਾਂ ਬਹੁਤ ਨੇਗਲੈਕਟ ਕੀਤਾ ਹੋਇਆ ਸੀ ਉਥੇ ਕੋਈ ਸਕੂਲ ਨਹੀਂ ਸੀ, ਕੋਈ ਕਾਲਜ ਨਹੀਂ ਸੀ, ਕੋਈ ਉਸ ਜ਼ਿਲੇ ਵਿਚ ਸੜਕ ਨਹੀਂ ਸੀ। ਅਗਰ ਮੌਜੂਦਾ ਸਰਕਾਰ ਨੇ ਉਸ ਨੂੰ ਖੂਬਸੂਰਤ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਔਰ ਉਥੇ ਜੇ ਕੋਈ ਬਸ ਸਟੈਂਡ ਵਗੈਰਾ ਬਣਾਇਆ ਹੈ ਤਾਂ ਇਸ ਵਿਚ ਇਸ ਸਰਕਾਰ ਨੇ ਕਿਹੜੀ ਮਾੜੀ ਗਲ ਕੀਤੀ ਹੈ ? ਸਵਾਰੀਆਂ ਨੂੰ ਬਸ ਦੀ ਉਡੀਕ ਕਰਨ ਵਿਚ ਤਕਲੀਫ ਹੁੰਦੀ ਸੀ ਇਸ ਮੌਜੂਦਾ ਸਰਕਾਰ ਨੇ ਥਾਂ ਥਾਂ ਤੇ ਬਸ ਸਟੈਂਡ ਬਣਵਾਏ, ਪਿੰਡਾਂ ਵਿਚ ਸੜਕਾਂ ਬਣਾਈਆਂ ਜੇ ਇਹੋ ਜਿਹੇ ਇਸ ਸਰਕਾਰ ਨੇ ਚੰਗੇ ਕੰਮ ਕੀਤੇ ਹਨ ਤਾਂ ਇਸ ਵਿਚ ਮਾੜੀ ਕਿਹੜੀ ਗਲ ਹੈ ਔਰ ਇਸ ਵਿਚ ਵਿਰੋਧਤਾ ਦੀ ਕੀ ਗੱਲ ਹੈ ? (ਵਿਘਨ) (ਹਾਸਾ) ਇਸ ਸਰਕਾਰ ਨੇ ਜੇ ਸ਼ਹਿਰਾਂ ਦੀ ਤਰੱਕੀ ਲਈ, ਪਿੰਡਾਂ ਦੀ ਤਰੱਕੀ ਲਈ ਕੰਮ ਕੀਤੇ ਲਿੰਕ ਰੋਡਜ਼ ਬਣਾਈਆਂ, ਬਸ ਸਟੈਂਡ ਵਗੈਰਾ ਬਣਾਏ ਤਾਂ ਇਸ ਵਿਚ ਕੀ ਉਨ੍ਹਾਂ ਨੇ ਕੋਈ ਮਾੜਾ ਕੰਮ ਕਰ ਲਿਆ ਹੈ ? ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਡਕਾਲਾ ਹਲਕੇ ਵਿਚ ਮਹਾਰਾਜਾ ਦਾ ਕਿਤਨਾ ਜ਼ੋਰ ਸੀ, ਲੋਕੀਂ ਮਹਾਰਾਜਾ ਨੂੰ ਕਿਤਨਾ ਮੰਨਦੇ ਸਨ ਅਤੇ ਉਨ੍ਹਾਂ ਦਾ ਕਿਤਨਾ ਦਬ-ਦਬਾ ਸੀ। ਅਕਾਲੀ ਦਲ ਦੀ ਉਮੀਦਵਾਰ ਉਸ ਹਲਕੇ ਤੋਂ ਖੜੀ ਹੋਈ ਔਰ ਜਿਤ ਪ੍ਰਾਪਤ ਕਰਕੇ ਆਈ। ਇਸ ਤੋਂ ਹੀ ਪੰਜਾਬ ਦੀ ਜਨਤਾ ਨੇ ਇਹ ਸਾਬਤ ਕਰ ਦਿਤਾ ਕਿ ਪੰਜਾਬ ਦੀ ਮੌਜੂਦਾ ਅਕਾਲੀ ਦਲ ਦੀ ਸਰਕਾਰ ਚੰਗੀ ਹੈ, ਇਸੇ ਕਰਕੇ ਹੀ ਅਕਾਲੀ ਦਲ ਦਾ ਉਮੀਦਵਾਰ ਜਿਤਿਆ। (ਵਿਘਨ)

ਇਕ ਆਵਾਜ਼ : ਅਨੰਦਪੁਰ ਸਾਹਿਬ ਦੀ ਸੀਟ ਦੇ ਬਾਰੇ ਵੀ ਦਸ ਦਿਓ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਫਿਰ, ਚੇਅਰਮੈਨ ਸਾਹਿਬ, ਮੈਂ ਡੀਮਾਂਡ ਨੰਬਰ 5 ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ।

ਸ਼੍ਰੀ ਸਭਾਪਤੀ : ਹੁਣ ਵਾਈਂਡ ਅੱਪ ਕਰ ਦਿਓ। (The hon. Member may please wind up now.)

ਸਰਦਾਰ ਦਲੀਪ ਸਿੰਘ ਪਾਂਧੀ : ਬਸ ਜੀ ਮੈਂ ਦੋ ਮਿੰਟ ਵਿਚ ਹੀ ਖ਼ਤਮ ਕਰ ਦਿੰਦਾ ਹਾਂ। ਚੇਅਰ-ਮੈਨ ਸਾਹਿਬ, ਇਥੇ ਰਾਮ ਤੀਰਥ ਦੀ ਗਲ ਹੋਈ। ਮੈਨੂੰ ਅਫਸੋਸ ਹੈ ਕਿ ਗਰੀਬ ਆਦਮੀਆਂ ਦੇ ਗੁਰੂ ਵੀ ਥੱਲੇ ਦੇ ਸਮਝੇ ਜਾਂਦੇ ਹਨ । ਮੈਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਉਸ ਅਸਥਾਨ ਦਾ ਫੈਸਲਾ ਕਰ ਲਿਆ ਜਾਵੇ ਕਿ ਇਹ ਬਾਲਮੀਕ ਦਾ ਸਥਾਨ ਹੈ ਜਾਂ ਰਾਮ ਤੀਰਥ ਦਾ ਅਸਥਾਨ ਹੈ। ਇਸ ਗਲ ਦਾ ਫੈਸਲਾ ਕਰ ਲਿਆ ਜਾਵੇ ਅਤੇ ਲੋਕਾਂ ਤੋਂ ਰਿਫਰੈਂਡਮ ਲਿਆ ਜਾਵੇ ਤਾਂ ਕਿ ਇਹ ਪਤਾ ਚਲ ਸਕੇ ......(ਵਿਘਨ)

ਭਗਤ ਗੁਰਾਂ ਦਾਸ ਹੰਸ : ਆਨ ਏ ਪੁਆਇੰਟ ਆਫ਼ ਆਰਡਰ, ਸਰ ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਸਾਰੇ ਲੋਕਾਂ ਤੋਂ ਲਿਖਵਾ ਲਿਆ ਜਾਵੇ ਕਿ ਇਹ ਰਾਮ ਤੀਰਥ ਹੈ ਜਾਂ ਬਾਲਮੀਕ ਦਾ ਅਸਥਾਨ ਹੈ। (ਵਿਘਨ) ਮੇਰੀ ਅਰਜ਼ ਹੈ ਕਿ ਬਾਲਮੀਕ ਦੇ ਅਸਥਾਨ ਤੇ ਇਹ ਰੁਪਿਆ ਖਰਚ ਕਰਨਾ ਚਾਹੀਦਾ ਹੈ ਜਿਥੇ ਲਵ ਅਤੇ

[ਭਗਤ ਗੁਰਾਂ ਦਾਸ ਹੰਸ]
ਕੁਸ਼ ਦਾ ਜਨਮ ਹੋਇਆ। (ਵਿਘਨ) ਉਥੇ ਇਹ ਰੁਪਿਆ ਖਰਚ ਕਰਨ ਵਿਚ ਸਿਖਾਂ ਨੂੰ ਵੀ ਫਖ਼ਰ ਹੋਣਾ ਚਾਹੀਦਾ ਹੈ ਕਿਉਂਕਿ ਲਵ ਔਰ ਕੁਸ਼ ਦਾ ਸਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਸੀ ਜੋ ਕਿ ਉਸੇ ਕੁਲ ਵਿਚੋਂ ਹਨ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਫਿਰ, ਚੇਅਰਮੈਨ ਸਾਹਿਬ, ਮੈਂ ਲਾਇਲਪੁਰੀ ਸਾਹਿਬ ਦੇ ਮਹਿਕਮੇ ਬਾਰੇ ਅਰਜ਼ ਕਰਾਂਗਾ। (ਵਿਘਨ) ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜੀ ਬਾਕੀ ਦੀ ਫਜ਼ੂਲ ਜ਼ਮੀਨ, ਸਰਪਲੱਸ ਜ਼ਮੀਨ ਹੈ ਉਸ ਨੂੰ ਵੀ ਕਿਧਰੇ ਨਾ ਕਿਧਰੇ ਕਰਨਾ ਚਾਹੀਦਾ ਹੈ। ਇਸ ਸਬੰਧ ਵਿਚ ਵਿਧਾਨ ਸਭਾ ਦੇ ਮੈਂਬਰਾਂ ਦੀ ਜਾਂ ਕੋਈ ਹੋਰ ਕਮੇਟੀ ਬਣਾਈ ਜਾਵੇ ਤਾਂਕਿ ਉਹ ਜ਼ਮੀਨ ਵੀ ਵੰਡੀ ਜਾ ਸਕੇ। ਇਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ ਔਰ ਨਾਲ ਹੀ ਇਹ ਅਰਜ਼ ਕਰਾਂਗਾ ਕਿ ਸਪਲੀਮੈਂਟਰੀ ਐਸਟੀਮੇਟਸ ਨੂੰ ਸਰਬ ਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਮੈਂ ਸਰਦਾਰ ਬਲਵੰਤ ਸਿੰਘ ਜੀ ਨੂੰ ਵੀ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਇਹ ਬੜੇ ਮਾਰਕੇ ਦੇ ਕੰਮ ਕੀਤੇ ਹਨ। ਇਨ੍ਹਾਂ ਸ਼ਬਦਾਂ ਨਾਲ ਮੈਂ, ਚੇਅਰਮੈਨ ਸਾਹਿਬ, ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਚੇਅਰਮੈਨ ਸਾਹਿਬ, ਮੈਂ ਅੱਜ 'ਹੂ ਇਜ਼ ਹੂ' ਵਿਚ ਪਾਂਧੀ ਸਾਹਿਬ ਦੀ ਲਾਈਫ ਹਿਸਟਰੀ ਦੇਖੀ ਤਾਂ ਪਤਾ ਚਲਿਆ ਕਿ ਉਹ ਐਲ. ਐਲ. ਬੀ. ਹਨ (ਵਿਘਨ) ਪਰ ਇਹ ਜਿਹੜੀ ਸਪੀਚ ਉਨ੍ਹਾਂ ਨੇ ਹਾਊਸ ਵਿਚ ਦਿਤੀ ਹੈ........(ਵਿਘਨ)

PERSONAL EXPLANATION BY KANWAR LAJINDER SINGH BEDI

ਕੰਵਰ ਲਾਜਿੰਦਰ ਸਿੰਘ ਬੇਦੀ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ। ਚੇਅਰਮੈਨ ਸਾਹਿਬ, ਬੇਨਤੀ ਇਹ ਹੈ ਕਿ ਮੈਂ ਅੱਜ ਜਿਸ ਵੇਲੇ ਹਾਊਸ ਵਿਚ ਮੌਜੂਦ ਨਹੀਂ ਸੀ ਇਥੇ ਮੇਰੇ ਕਿਸੇ ਦੋਸਤ ਨੇ ਇਲਜ਼ਾਮ ਲਗਾਇਆ ਕਿ ਮੇਰੇ ਖਾਨਦਾਨ ਨੂੰ ਜੋ ਜ਼ਮੀਨ ਮਿਲੀ ਹੈ ਉਹ ਸ਼ਾਇਦ ਸਿਖਾਂ ਨੂੰ ਕਤਲ ਕਰਵਾ ਕੇ ਅੰਗਰੇਜ਼ ਗੌਰਮਿੰਟ ਨੇ ਅਤੀਆ ਦਿਤਾ ਹੈ। ਮੈਂ ਇਸ ਸਬੰਧ ਵਿਚ ਕੁਝ ਪਰਸਨਲ ਐਕਸਪਲੇਨੇਸ਼ਨ ਦੇਣਾ ਚਾਹੁੰਦਾ ਹਾਂ—

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਸਾਹਿਬ ਨੇ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਸ਼ਾਇਦ ਉਸ ਵੇਲੇ ਹਾਊਸ ਵਿਚ ਮੌਜੂਦ ਨਹੀਂ ਸੀ ਮੈਂ ਵੀ ਇਸ ਹਾਊਸ ਵਿਚ ਮੌਜੂਦ ਨਹੀਂ ਸੀ ਪਰ ਕਿਸੇ ਦੋਸਤ ਨੇ ਇਥੇ ਹਾਊਸ ਵਿਚ ਜਦੋਂ ਮੈਂ ਆਇਆ ਤਾਂ ਦਸਿਆ ਕਿ ਇਸ ਪਾਸੇ ਵਲੋਂ (ਕਮਿਊਨਿਸਟ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਮੇਰੇ ਕਿਸੇ ਸਾਥੀ ਨੇ ਮੇਰੇ ਤੇ ਇਲਜ਼ਾਮ ਲਗਾਇਆ ਹੈ ਕਿ ਬੇਦੀ ਫਾਰਮ ਦੀ ਜਿਹੜੀ ਜ਼ਮੀਨ ਹੈ ਉਹ ਸਿਖਾਂ ਨੂੰ ਕਤਲ ਕਰਵਾਉਣ ਵਿਚ ਅੰਗਰੇਜ਼ ਸਰਕਾਰ ਨੇ ਅਤੀਆ ਦਿਤਾ ਸੀ। ਮੈਂ ਉਸ ਦੇ ਮੁੱਤਲਕ ਪਰਸਨਲ ਐਕਸਪਲੇਨੇਸ਼ਨ ਦੇਣ ਵਾਸਤੇ ਖੜਾ ਹੋਇਆ ਹਾਂ। (ਵਿਘਨ)

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਪਹਿਲਾਂ ਸਪੀਚ ਦੇਖ ਲੈਣ ਕਿ ਕੀ ਕਿਹਾ ਹੈ ਫਿਰ ਉਸ ਤੋਂ ਬਾਅਦ ਆਪਣੀ ਪਰਸਨਲ ਐਕਸਪਲੇਨੇਸ਼ਨ ਦੇਣ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਮੈਨੂੰ ਅਫ਼ਸੋਸ ਹੈ ਕਿ ਮੈਂ ਇਥੇ ਨਹੀਂ ਸੀ । ਮੈਨੂੰ ਨਹੀਂ ਪਤਾ ਕਿ ਇਥੇ ਕੀ ਕਿਹਾ ਗਿਆ ਹੈ । ਜੇ ਇਹ ਇਥੇ ਲਫ਼ਜ਼ ਕੋਈ ਇਸਤੇਮਾਲ ਹੋਏ ਹਨ ਤਾਂ ਤੁਹਾਨੂੰ ਹੱਕ ਹੈ ਕਿ ਤੁਸੀਂ ਪਰਸਨਲ ਐਕਸਪਲੇਨੇਸ਼ਨ ਦਿਓ ਪਰ ਉਹ ਥੋੜ੍ਹੇ ਸ਼ਬਦਾਂ ਵਿਚ ਦਿਓ, ਸਪੀਚ ਨਾ ਕਰੋ । (ਵਿਘਨ)

(I am sorry I was not present in the House at that time and I do not know whether any derogatory expressions have been used against the hon. Member. If such words have been used then the hon. Member has a right to give his personal explanation but it should be given briefly. No speech should be made.)

ਕੰਵਰ ਲਜਿੰਦਰ ਸਿੰਘ ਬੇਦੀ : ਜਨਾਬ, ਮੈਂ ਪੰਜ ਮਿੰਟ ਵਿਚ ਹੀ ਆਪਣੀ ਗਲ ਖ਼ਤਮ ਕਰ ਦਿਆਂਗਾ...(ਵਿਘਨ)

ਸ਼੍ਰੀ ਡਿਪਟੀ ਸਪੀਕਰ : ਪੰਜ ਮਿੰਟ ਤਾਂ ਸਪੀਚ ਹੋ ਜਾਵੇਗੀ, ਦੋ ਮਿੰਟ ਵਿਚ ਖ਼ਤਮ ਕਰਨ ਦੀ ਕੋਸ਼ਿਸ਼ ਕਰੋ । (ਵਿਘਨ) (If the hon. Member takes five minutes then it would become a speech. He should try to have his say within two minutes.). (Interruptions)

ਕੰਵਰ ਲਾਜਿੰਦਰ ਸਿੰਘ ਬੇਦੀ : ਬਹੁਤ ਅੱਛਾ ਜੀ, ਮੈਂ ਛੇਤੀ ਹੀ ਖ਼ਤਮ ਕਰਨ ਦੀ ਕੋਸ਼ਿਸ਼ ਕਰਾਂਗਾ । ਅਰਜ਼ ਹੈ ਕਿ ਸ਼ਾਇਦ ਇਨ੍ਹਾਂ ਨੇ ਇਹ ਕਿਹਾ ਹੈ ਕਿ ਨਨਕਾਣਾ ਸਾਹਿਬ ਵਿਚ ਜੋ ਹੋਇਆ ਉਸ ਕਰਕੇ ਇਹ ਜ਼ਮੀਨ ਮਿਲੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਤਾਇਆ ਜੀ ਬਾਬਾ ਕਰਤਾਰ ਸਿੰਘ ਬੇਦੀ ਅਕਾਲੀ ਸਨ ਅਤੇ ਅਕਾਲੀ ਦਲ ਨੇ ਉਨ੍ਹਾਂ ਨੂੰ ਟਿਕਟ ਦਿਤੀ ਸੀ ਜਿਸ ਤੇ ਉਹ ਲੜੇ ਸੀ ਅਤੇ ਚੁਣੇ ਗਏ । ਅਗਰ ਇਹ ਗਲ ਜੋ ਇਨ੍ਹਾਂ ਨੇ ਕਹੀ ਹੈ ਦਰੁਸਤ ਹੁੰਦੀ ਤਾਂ ਅਕਾਲੀ ਦਲ ਬਾਬਾ ਕਰਤਾਰ ਸਿੰਘ ਜੀ ਬੇਦੀ ਨੂੰ ਟਿਕਟ ਕਿਉਂ ਦਿੰਦਾ । ਫਿਰ ਡਿਪਟੀ ਸਪੀਕਰ ਸਾਹਿਬ, 1967 ਦੀ ਇਲੈਕਸ਼ਨ ਵਿਚ ਮੇਰੇ ਸੱਕੇ ਭਾਈ ਟਿੱਕਾ ਜਗਜੀਤ ਸਿੰਘ ਨੂੰ ਅਕਾਲੀ ਦਲ ਨੇ ਟਿਕਟ ਦਿਤੀ ਸੀ ਤੇ ਉਹ ਵੀ ਚੁਣੇ ਗਏ ਸਨ । ਜੇ ਇਹੋ ਜਿਹੀ ਗਲ ਹੁੰਦੀ ਤਾਂ ਅਕਾਲੀ ਦਲ ਉਨ੍ਹਾਂ ਨੂੰ ਟਿਕਟ ਕਿਉਂ ਦਿੰਦਾ । ਸੋ, ਮੈਂ ਅਰਜ਼ ਕਰਦਾ ਹਾਂ ਕਿ ਕੋਈ ਜ਼ਮੀਨ ਅੰਗਰੇਜ਼ ਨੇ ਸਾਨੂੰ ਅਤੀਆ ਦੇ ਤੌਰ ਤੇ ਨਹੀ ਦਿਤੀ । ਜੇ ਇਹ ਸਾਬਤ ਕਰ ਦੇਣ ਕਿ ਇਕ ਮਰਲਾ ਜ਼ਮੀਨ ਵੀ ਅੰਗਰੇਜ਼ਾਂ ਨੇ ਦਿਤੀ ਸੀ ਤਾਂ ਮੈਂ ਇਸ ਹਾਉਸ ਵਿਚ ਦਾਵੇ ਨਾਲ ਕਹਿੰਦਾ ਹਾਂ ਕਿ ਮੈਂ ਸਾਰੀ ਜ਼ਮੀਨ ਕਮਿਊਨਿਸਟਾਂ ਨੂੰ ਮੁਫ਼ਤ ਦੇ ਦੇਵਾਂਗਾ । (ਵਿਘਨ)

Mr. Deputy Speaker : Please take your seat now.

Kanwar Lajinder Singh Bedi : Sir, there is one more point about it.

ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਫਰਮਾਇਆ ਸੀ ਕਿ ਐਜੀਟੇਸ਼ਨ ਦੇ ਦੌਰਾਨ ਮੈਂ ਚੀਫ਼ ਮਨਿਸਟਰ ਦੇ ਅਖ਼ਤਿਆਰ ਵਰਤਦਾ ਰਿਹਾ ਹਾਂ । ਮੈਂ ਹਾਉਸ ਨੂੰ ਦਸਣਾ ਚਾਹੁੰਦਾ ਹਾਂ ਕਿ ਐਜੀਟੇਸ਼ਨ ਦੇ ਦੌਰਾਨ ਮੈਂ ਇਕ ਦਿਨ ਵੀ ਫ਼ਾਰਮ ਤੇ ਨਹੀਂ ਗਿਆ । ਗੌਰਮਿੰਟ ਨੇ ਜੋ ਕੁਝ ਵੀ ਕੀਤਾ ਹੈ, ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਵਾਸਤੇ ਆਪ ਹੀ ਕੀਤਾ ਹੈ । ਇਹ ਜੋ ਕੁਝ ਵੀ ਕਹਿ ਗਏ ਹਨ ਇਹ ਬਿਲਕੁਲ ਪੁਲਿਟੀਕਲੀ ਮੋਟੀਵੇਟਿਡ ਹੈ ।

ਕਾਮਰੇਡ ਬਾਬੂ ਸਿੰਘ ਮਾਸਟਰ : ਡਿਪਟੀ ਸਪੀਕਰ ਸਾਹਿਬ, ਮੇਰੀ ਪਾਰਟੀ ਬਾਰੇ ਕੁਝ ਕਿਹਾ ਗਿਆ ਹੈ, ਮੈਂ ਪਰਸਨਲ ਐਕਸਪਲੇਨੇਸ਼ਨ ਦੇਣਾ ਚਾਹੁੰਦਾ ਹਾਂ (ਵਿਘਨ)

ਸ਼੍ਰੀ ਡਿਪਟੀ ਸਪੀਕਰ : ਤੁਸੀਂ ਇਸ ਤਰ੍ਹਾਂ ਕੋਈ ਐਕਸਪਲੇਨੇਸ਼ਨ ਨਹੀਂ ਦੇ ਸਕਦੇ। ਜੇਕਰ ਤੁਹਾਡੇ ਤੇ ਪਰਸਨਲ ਇਲਜ਼ਾਮ ਲਗੇ ਹਨ ਤਾਂ ਦਸੋ। (ਵਿਘਨ) (The hon. Member cannot give his explanation in this manner. He can do so if personal allegations have been levelled against him.) (Interruption)

ਕਾਮਰੇਡ ਬਾਬੂ ਸਿੰਘ ਮਾਸਟਰ : * * * * (ਵਿਘਨ) (ਵਿਘਨ) (ਸ਼ੋਰ).........

ਸ਼੍ਰੀ ਡਿਪਟੀ ਸਪੀਕਰ : ਇਹ ਸ਼ਬਦ ਜੋ ਕਾਮਰੇਡ ਬਾਬੂ ਸਿੰਘ ਜੀ ਕਹਿ ਰਹੇ ਹਨ, ਪ੍ਰੋਸੀਡਿੰਗ ਦਾ ਭਾਗ ਨਾ ਬਣਨ (ਵਿਘਨ) (These words of Comrade Babu Singh Master should not form part of the proceedings.) (Interruptions)

DISCUSSION AND VOTING OF THE DEMANDS FOR SUPPLEMENTARY GRANTS (RESUMPTION)

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਡਿਪਟੀ ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਐਸਟੀਮੇਟਸ ਤੇ ਬੋਲਣ ਲਈ ਖੜਾ ਹੋਇਆ ਹਾਂ। ਇਹ ਜਿਹੜੇ ਸਪਲੀਮੈਂਟਰੀ ਐਸਟੀਮੇਟਸ ਫਿਨਾਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤੇ ਹਨ, ਇਹ ਬਿਲਕੁਲ ਖੋਖਲੇ, ਥੋਥੇ ਅਤੇ ਨਿਕੰਮੇ ਹਨ। ਇਸ ਦੇ ਨਾਲ ਹੀ ਇਹ ਸਾਡੇ ਟੈਕਸ ਪੇਅਰਜ਼ ਤੇ ਨਿਰਾ ਬੋਝ ਹਨ। (ਵਿਘਨ) ਮੈਂ ਹੁਣੇ ਕਹਿ ਰਿਹਾ ਸੀ ਕਿ ਮੈਂ "ਹੂ ਇਜ਼ ਹੂ" ਵਿਚ ਪੜ੍ਹਿਆ ਕਿ ਪਾਂਧੀ ਸਾਹਿਬ ਐਲ. ਐਲ. ਬੀ. ਹਨ, ਪਰ ਜਦੋਂ ਮੈਂ ਉਨ੍ਹਾਂ ਦੀ ਸਪੀਚ ਸੁਣੀ ਤਾਂ ਬੜੀ ਹੈਰਾਨਗੀ ਹੋਈ ਕਿ ਜਿਸ ਤਰ੍ਹਾਂ ਇਕ ਟਾਂਗੇ ਵਾਲਾ ਲੈਕਚਰ ਦਿੰਦਾ ਹੈ, ਉਸੇ ਤਰ੍ਹਾਂ ਇਕ ਘਟੀਆ ਦਰਜ਼ੇ ਦੀ ਸਪੀਚ ਇਨ੍ਹਾਂ ਨੇ ਦਿਤੀ।

Mr Deputy Speaker : May I request you to please withdraw the word "Tangewala ?"

Dr. Amir Singh Kalkat : Sir, that is not unparliamentary.

Mr. Deputy Speaker. : May I request you to please withdraw it as I consider it unparliamentary.

Dr. Amir Singh Kalkat : Sir, if you consider it unparliamentary then I withdraw it.

ਡਿਪਟੀ ਸਪੀਕਰ ਸਾਹਿਬ, 26 ਲੱਖ ਰੁਪਏ ਫਿਨਾਂਸ ਮਨਿਸਟਰ ਸਾਹਿਬ ਨੇ ਗੱਡੀਆਂ ਵਾਸਤੇ ਮੰਗੇ, ਪਰ ਮੈਨੂੰ ਤਾਂ ਪਹਿਲੇ ਹੀ ਗੱਡੀਆਂ ਵਾਧੂ ਜਾਪਦੀਆਂ ਹਨ। ਇਨ੍ਹਾਂ ਦੇ 27-28 ਮਨਿਸਟਰ ਹਨ ਅਤੇ ਹਰ ਇਕ ਕੋਲ ਨਵੀਂ ਗਡੀ ਹੈ। ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਰੋਜ਼ ਆਪਣੇ ਹਲਕਿਆਂ ਵਿਚ ਜਾਂਦੇ ਹਨ। ਮੈਂ ਸਮਝਦਾ ਹਾਂ ਕਿ ਸਿਵਾਏ 4-5 ਮਨਿਸਟਰਾਂ ਦੇ ਬਾਕੀ ਸਭ ਆਪਣੀਆਂ ਮਾਸੀਆਂ ਫੁਫੀਆਂ ਨੂੰ ਮਿਲਣ ਲਈ ਭਜੇ ਫਿਰਦੇ ਰਹਿੰਦੇ ਹਨ। ਇਥੇ ਸਾਨੂੰ ਪ੍ਰੋਗਰਾਮ ਆ ਜਾਂਦਾ ਹੈ ਕਿ ਫਲਾਣੀ ਜਗ੍ਹਾ ਮਨਿਸਟਰ ਸਾਹਿਬ ਪਹੁੰਚ ਰਹੇ ਹਨ, ਪਰ ਜਦੋਂ ਅਸੀਂ ਉਥੇ ਪਹੁੰਚਦੇ ਹਾਂ ਤਾਂ ਸਾਨੂੰ ਉਥੇ ਕੋਈ ਵੀ

*Expunged as ordered by the Chair.

ਮਨਿਸਟਰ ਨਹੀਂ ਮਿਲਦਾ ਸਿਵਾਏ ਇਸ ਦੇ ਕਿ ਉਥੇ ਇਕ ਪੁਲੀਸ ਦੀ ਲਾਈਨ ਲਗੀ ਹੁੰਦੀ ਹੈ ਅਤੇ ਉਥੋਂ ਦਾ ਡੀ. ਐਸ. ਪੀ. ਜਾਂ ਐਸ. ਪੀ. ਉਥੇ ਉਨ੍ਹਾਂ ਦੀ ਇੰਤਜ਼ਾਰ ਵਿਚ ਸਾਰੀ ਪੁਲੀਸ ਲਈ ਖੜਾ ਹੁੰਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਲਾਅ ਐਂਡ ਆਰਡਰ ਦੀ ਇਕ ਛੋਟੀ ਜਿਹੀ ਗਲ ਕਰਾਂਗਾ ਕਿ ਸਾਡਾ ਹਲਕਾ ਇਕ ਬੜਾ ਸਰੀਫ ਅਤੇ ਨੇਕ ਹਲਕਾ ਹੈ, ਉਥੇ ਕਦੇ ਕਿਸੇ ਨੇ ਕੋਈ ਕਤਲ ਦਾ ਨਾਂ ਤਕ ਵੀ ਨਹੀਂ ਸੁਣਿਆ ਸੀ, ਪਰ ਹੁਣ ਦੋ ਮਹੀਨਿਆਂ ਵਿਚ ਉਥੇ 11 ਕਤਲ ਹੋ ਗਏ ਹਨ (ਵਿਘਨ) ਸਾਡੇ ਉਥੇ ਇਕ ਪਿੰਡ ਦੇ ਸਰਪੰਚ ਸਨ, ਜਿਨ੍ਹਾਂ ਨੇ ਲੱਖਾਂ ਰੁਪਏ ਉਥੇ ਸਾਡੇ ਐਜੂਕੇਸ਼ਨਲ ਇਸਟੀਚਿਊਟਸ ਬਣਾਉਣ ਲਈ ਖਰਚ ਕੀਤੇ, ਖਾਲਸਾ ਸਕੂਲ ਖੜਾ ਕਰਨ ਲਈ ਉਨ੍ਹਾਂ ਨੇ ਬੜੀਆਂ ਕੋਸ਼ਿਸ਼ਾਂ ਕੀਤੀਆਂ ਅਤੇ ਇਸ ਤੋਂ ਇਲਾਵਾ ਪੰਥ ਵਾਸਤੇ ਜਿਹੜਾ ਉਨ੍ਹਾਂ ਨੇ ਕੰਮ ਕੀਤਾ ਤੁਹਾਡੇ ਵਿਚੋਂ ਮੇਰਾ ਕੋਈ ਦੋਸਤ ਵੀ ਨਹੀਂ ਕਰ ਸਕਦਾ। ਕੁਝ ਦਿਨ ਹੋਏ ਉਹ ਵਿਚਾਰਾ ਆ ਰਿਹਾ ਸੀ ਅਤੇ ਉਸ ਦਾ ਪਤਾ ਤਕ ਨਹੀਂ ਲਗਿਆ ਕਿ ਉਸ ਦਾ ਕਤਲ ਕਿਸ ਤਰ੍ਹਾਂ ਕਰ ਦਿਤਾ ਗਿਆ। ਹਾਲੇ ਤਕ ਉਸ ਦੇ ਵਜੂਹਾਤ ਦਾ ਪਤਾ ਤਕ ਨਹੀਂ ਲਗ ਸਕਿਆ। ਪੁਲੀਸ ਦਾ ਜਿਹੜਾ ਅਜ ਕਲ ਦਾ ਕੰਮ ਹੈ, ਉਹ ਮੈਂ ਦਸਦਾ ਹਾਂ ਕਿ ਸਿਵਾਏ ਪੈਸੇ ਲੈਣ ਦੇ ਹੋਰ ਕੋਈ ਗਲ ਹੀ ਨਹੀਂ ਕਰਦੀ। ਜੇ ਕੋਈ ਕਿਸੇ ਕਿਸਮ ਦੀ ਸ਼ਿਕਾਇਤ ਲਿਖਾਉਣ ਲਈ ਜਾਂਦਾ ਹੈ ਤਾਂ ਉਸ ਦੇ ਕੋਲੋਂ ਵੀ ਪੈਸੇ ਲੈ ਲੈਂਦੇ ਹਨ ਅਤੇ ਜੇ ਕੋਈ ਮੁਲਜ਼ਮ ਹੈ ਤਾਂ ਉਸ ਦੇ ਕੋਲੋਂ ਵੀ ਪੈਸੇ ਲੈਂਦੇ ਹਨ ਅਤੇ ਜਿਸ ਨੇ ਵੀ ਬੋਝੇ ਜ਼ਿਆਦਾ ਭਰੇ, ਉਸ ਦਾ ਕੰਮ ਕਰ ਦਿਤਾ। ਮੈਨੂੰ ਇਹ ਚੀਜ਼ ਦੇਖ ਕੇ ਬੜਾ ਦੁੱਖ ਹੁੰਦਾ ਹੈ। ਮੈਂ ਆਪ ਐਕਸ ਸਿਖ ਸਟੂਡੈਂਟਸ ਫੈਡਰੇਸ਼ਨ ਦਾ ਲੀਡਰ ਰਿਹਾ ਹਾਂ ਅਤੇ ਅਸੀਂ ਹਮੇਸ਼ਾਂ ਲੋਕਾਂ ਦੀ ਸੇਵਾ ਦੇ ਕੰਮ ਕਰਦੇ ਰਹੇ ਸੀ। ਚਾਹੇ ਕਿਸੇ ਸਿਖ ਦੀ ਸਰਕਾਰ ਹੋਵੇ ਅਤੇ ਚਾਹੇ ਪੰਥ ਦੀ ਸਰਕਾਰ ਹੋਵੇ, ਸਾਨੂੰ ਲੋਕਾਂ ਦੀ ਭਲਾਈ ਲਈ ਕੰਮ ਕਰਨੇ ਚਾਹੀਦੇ ਹਨ। ਪਰ ਅਜ ਅਸੀਂ ਵੇਖਦੇ ਹਾਂ ਕਿ ਸਾਡੇ ਵਿਚ ਜ਼ਲਾਲਤ ਵੱਧ ਗਈ ਹੈ ਅਤੇ ਸਾਡੇ ਵਿਚ ਸੈਕਰੀਫਾਈਸ ਦਾ ਮਾਦਾ ਨਹੀਂ ਰਿਹਾ ਮੈਂ ਅਰਜ਼ ਕਰਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਪੰਥ ਦੀ ਨੀਂਹ ਰਖੀ, ਉਨ੍ਹਾਂ ਨੇ ਲੋਕਾਂ ਦੀ ਸੇਵਾ ਲਈ, ਪੰਥ ਦੀ ਖ਼ਾਤਰ ਆਪਣਾ ਸਭ ਕੁਝ ਕੁਰਬਾਨ ਕਰ ਦਿਤਾ ਸੀ, ਪਰ ਅਜ ਅਸੀਂ ਕੀ ਵੇਖਦੇ ਹਾਂ ਕਿ ਇਹ ਕੁਰਬਾਨੀ ਦਾ ਮਾਦਾ ਜ਼ਲਾਲਤ ਵਿਚ ਬਦਲ ਗਿਆ ਹੈ। ਮੈਂ ਅਖਬਾਰ ਵਿਚ ਇਕ ਖਬਰ ਪੜ੍ਹੀ ਸੀ ਕਿ ਸੰਤ ਬਾਬਾ ਫ਼ਤਿਹ ਸਿੰਘ ਨੇ ਆਪਣੇ ਵਜ਼ੀਰਾਂ ਨੂੰ ਪੁਛਿਆ ਕਿ ਤੁਹਾਡੇ ਵਿਚੋਂ ਕਿਹੜਾ ਆਪਣੀ ਮਰਜ਼ੀ ਨਾਲ ਵਜ਼ੀਰੀ ਛਡਣਾ ਚਾਹੁੰਦਾ ਹੈ, ਉਨ੍ਹਾਂ ਵਿਚੋਂ ਇਕ ਵੀ ਨਾ ਨਿਕਲਿਆ। ਕੀ ਇਹ ਪੰਥ ਦੀ ਸਰਕਾਰ ਚਲ ਰਹੀ ਹੈ? ਕੀ ਇਹ ਪੰਥ ਦੇ ਅਸੂਲ ਹਨ? ਪੰਥ ਦਾ ਕੰਮ ਸਿਰਫ ਕੁਰਬਾਨੀ ਕਰਨ ਅਤੇ ਲੋਕ ਸੇਵਾ ਅਤੇ ਧਰਮ ਦੀ ਰਖਸ਼ਾ ਦੇ ਸਿਵਾ ਹੋਰ ਕੁਝ ਨਹੀਂ। ਮੈਂ ਇਹ ਜਿਹੜਾ ਕ੍ਰਿਟੀਸੀਜ਼ਮ ਕਰ ਰਿਹਾ ਹਾਂ ਮੈਂ ਇਹ ਕ੍ਰਿਟੀਸੀਜ਼ਮ ਦੀ ਖਾਤਰ ਨਹੀਂ ਕਰ ਰਿਹਾ। ਮੈਂ ਚੰਗਾ ਮਿਤਰ ਉਸ ਨੂੰ ਸਮਝਦਾ ਹਾਂ ਜਿਹੜਾ ਅਸਲੀਅਤ ਨੂੰ ਸਾਹਮਣੇ ਲਿਆਵੇ ਨਾ ਕਿ ਕੇਵਲ ਖੁਸ਼ਾਮਦ ਹੀ ਕਰਦਾ ਰਹੇ। ਮੈਂ ਕਾਂਗਰਸੀ ਹਾਂ ਅਤੇ ਸਾਰੀ ਜ਼ਿੰਦਗੀ ਕਾਂਗਰਸ ਵਿਚ ਰਹਾਂਗਾ (ਕਾਂਗਰਸੀ ਬੈਂਚਾਂ ਵਲੋਂ ਥੰਪਿੰਗ), ਪਰ ਮੈਂ ਅਕਾਲੀ ਵੀ ਰਿਹਾ ਹਾਂ ਅਤੇ ਅਕਾਲੀ ਫ਼ੈਡਰੇਸ਼ਨ ਦਾ ਉਸ ਵੇਲੇ ਲੀਡਰ ਸੀ ਜਦੋਂ ਅਸੀਂ ਅੰਗਰੇਜ਼ਾਂ ਦੇ ਵਿਰੁਧ ਲੜਾਈਆਂ ਲੜਦੇ ਹੋਏ ਉਨ੍ਹਾਂ ਤੇ ਬੰਬ ਸੁਟੇ ਅਤੇ ਦੇਸ਼ ਦੀ ਆਜ਼ਾਦੀ ਲਈ ਕੰਮ ਕੀਤਾ। ਉਸ ਵੇਲੇ ਤਾਂ ਇਹ ਬਾਬਾ ਫਤਹਿ ਸਿੰਘ ਜੀ ਅਕਾਲੀ ਦਲ ਵਿਚ ਜੰਮੇ ਵੀ ਨਹੀਂ ਸਨ। ਅਜ ਮੈਨੂੰ ਪੰਥ ਦੀ ਹਾਲਤ ਵੇਖ ਕੇ ਬੜਾ ਅਫਸੋਸ ਹੁੰਦਾ ਹੈ ਕਿ ਇਹ ਕਿਸ ਰੁਖ ਵਲ ਤੁਰ ਰਿਹਾ ਹੈ। (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਸਾਰਿਆਂ ਤੇ ਲਾਂਛਣ ਨਹੀਂ ਲਾਉਂਦਾ। ਸਾਡੇ ਚੀਫ਼ ਮਨਿਸਟਰ ਸਾਹਿਬ ਬੜੇ ਨੇਕ ਅਤੇ ਇਮਾਨਦਾਰ ਬੰਦੇ ਹਨ, ਸਾਡੇ ਬਾਸੀ ਸਾਹਿਬ ਹਨ, ਸਾਡੇ ਡਿਵੈਲਪਮੈਂਟ ਮਨਿਸਟਰ ਸਾਹਿਬ ਬੈਠੇ ਹਨ ਅਤੇ ਭਗਤ ਸਿੰਘ ਜੀ ਵੀ ਬੈਠੇ ਹਨ ਅਤੇ ਹੋਰ ਵੀ ਕਿਨ੍ਹਾਂ ਵਿਚ ਕੁਝ ਅੱਛੇ ਅਤੇ

[ਡਾਕਟਰ ਅਮੀਰ ਸਿੰਘ ਕਲਕਟ]

ਨੇਕ ਬੰਦੇ ਹਨ । ਮੈਂ ਪੰਥ ਦੀ ਸਰਕਾਰ ਨੂੰ ਚਿਤਾਵਨੀ ਦਿੰਦਾ ਹਾਂ ਕਿ ਜਿਹੜੇ ਕਲ ਇਧਰ ਸੀ ਅੱਜ ਉਧਰ ਚਲੇ ਗਏ ਹਨ, ਜਿਨ੍ਹਾਂ ਦਾ ਕੋਈ ਕਿਰਦਾਰ ਨਹੀਂ ਕੋਈ ਕਰੈਕਟਰ ਨਹੀਂ, ਅਤੇ ਉਨ੍ਹਾਂ ਨੇ ਪੰਜਾਬ ਦਾ ਸਾਰਾ ਮਾਹੌਲ ਖਰਾਬ ਕਰਕੇ ਰਖ ਦਿਤਾ ਹੈ ਅਤੇ ਕਰਦੇ ਫਿਰਦੇ ਹਨ । ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਵਿਚ ਪੰਜਾਬ ਦੀ ਇਕ ਪੋਜ਼ੀਸ਼ਨ ਹੈ ਅਤੇ ਇਹ ਹਿੰਦੁਸਤਾਨ ਦੀ ਸੋਰਡ ਆਰਮ ਹੈ । ਇਸ ਦੀ ਪੁਜ਼ੀਸ਼ਨ ਅਸੀਂ ਤਾਂ ਹੀ ਕਾਇਮ ਰਖ ਸਕਦੇ ਹਾਂ ਜੇਕਰ ਸਾਡਾ ਕਰੈਕਟਰ ਹੋਏ, ਚਰਿਤਰ ਹੋਵੇ ।

ਡਿਪਟੀ ਸਪੀਕਰ ਸਾਹਿਬ, ਮੈਂ ਕਾਰਾਂ ਦੀ ਗਲ ਕਰਦਾ ਹਾਂ । ਮੈਂ ਸਮਝਦਾ ਹਾਂ ਕਿ ਇਸ ਤੇ ਸਾਡੇ ਫਿਨਾਂਸ ਮੰਤਰੀ ਸਾਹਿਬ ਫਿਰ ਧਿਆਨ ਦੇਣ । ਇਹ ਲਗਜ਼ਰੀ ਤੋਂ ਹਟ ਕੇ ਸਾਦਗੀ ਵਲ ਆਉਣ । ਲੋਕਾਂ ਦੀ ਸੇਵਾ ਕਰਨੀ ਹੈ ਤਾਂ ਪੈਦਲ ਚਲ ਕੇ ਵੀ ਕੀਤੀ ਜਾ ਸਕਦੀ ਹੈ । ਮੈਂ ਸਮਝਦਾ ਹਾਂ ਕਿ ਜਦੋਂ ਆਦਮੀ ਸਿਆਸੀ ਜ਼ਿੰਦਗੀ ਵਿਚ ਆਉਂਦਾ ਹੈ ਉਸ ਨੂੰ ਇਹ ਸੋਚ ਕੇ ਨਹੀਂ ਆਉਣਾ ਚਾਹੀਦਾ ਕਿ ਉਸ ਨੇ ਪੈਸੇ ਕਮਾਉਣੇ ਹਨ । ਜੇਕਰ ਪੈਸੇ ਹੀ ਕਮਾਉਣੇ ਹਨ ਤਾਂ ਜਿਹੜਾ ਇਲੈਕਸ਼ਨਾਂ ਤੇ ਖ਼ਰਚ ਕਰਨਾ ਹੈ, ਉਸ ਪੈਸੇ ਨਾਲ ਦੁਕਾਨਦਾਰੀ ਖੋਲ੍ਹ ਲਵੋ ਜਾਂ ਕੋਈ ਬਿਜ਼ਨੈਸ ਕਰ ਲਵੋ ਅਤੇ ਪੈਸੇ ਕਮਾਈ ਜਾਵੋ । ਮੈਂ ਫਿਰ ਪੰਥ ਦੀ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਸੇਵਾ ਕਰਨੀ ਹੈ ਤਾਂ ਸਾਗ ਅਤੇ ਬਾਜਰੇ ਦੀ ਸੁਕੀ ਰੋਟੀ ਤੇ ਰਹਿ ਕੇ ਵੀ ਸੇਵਾ ਹੋ ਸਕਦੀ ਹੈ । ਮੈਂ ਕਹਿੰਦਾ ਹਾਂ ਕਿ ਤੁਸੀਂ ਲੋਕਾਂ ਦੀ ਸੇਵਾ ਕਰੋ ਪੰਜਾਬ ਨੂੰ, ਜਿਸ ਦੇ ਲਈ ਸ਼ਹੀਦਾਂ ਦਾ ਖ਼ੂਨ ਡੁਲ੍ਹਿਆ ਹੈ ਅਤੇ ਜਿਸ ਨੂੰ ਬਣਾਉਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜਿਹੇ ਮਹਾਨ ਪੁਰਸ਼ ਨੇ ਆਪਣੀ ਜਾਨ ਅਤੇ ਆਪਣਾ ਸਭ ਕੁਝ ਕੁਰਬਾਨ ਕਰ ਦਿਤਾ, ਉਸ ਨੂੰ ਖ਼ਰਾਬ ਨਾ ਕਰੋ ਅਤੇ ਇਸ ਧਰਤੀ ਦੀ ਪੂਜਾ ਕਰੋ । (ਵਿਘਨ)

ਮੈਂ ਤੁਹਾਡੇ ਸਾਮ੍ਹਣੇ ਇਕ ਮਿਸਾਲ ਰਖਦਾ ਹਾਂ ਕਿ ਜਾਨਸਮ ਨਾਮ ਦਾ ਇਕ ਮਸ਼ਹੂਰ ਸਿਆਸਤਦਾਨ ਅਮਰੀਕਾ ਵਿਚ ਹੁੰਦਾ ਸੀ । ਉਸ ਨੇ ਵਡੇ ਵਡੇ ਸਿਆਸਤਦਾਨਾਂ ਨੂੰ ਇਕ ਵਾਰ ਦਾਅਵਤ ਤੇ ਸਦਿਆ । ਲੋਕਾਂ ਨੇ ਸਮਝਿਆ ਕਿ ਇਤਨਾ ਵਡਾ ਸਿਆਸਤਦਾਨ ਹੈ ਅਤੇ ਉਥੇ ਬੜੇ ਲਜ਼ੀਜ਼ ਪਕਵਾਨ ਹੋਣਗੇ, ਪਰ ਉਹ ਬੜੇ ਹੈਰਾਨ ਰਹਿ ਗਏ ਜਦੋਂ ਉਨ੍ਹਾਂ ਦੇ ਸਾਹਮਣੇ ਸਾਗ ਅਤੇ ਬਾਜਰੇ ਦੀ ਰੋਟੀ ਰਖੀ । (ਵਿਘਨ) ਉਨ੍ਹਾਂ ਨੇ ਸਾਰਿਆਂ ਨੂੰ ਕੁਝ ਮਾਯੂਸ ਜਿਹਾ ਵੇਖ ਕੇ ਕਿਹਾ ਕਿ :—

"I fear none, I favour none."

ਇਸ ਲਈ ਮੈਂ ਸਾਥੀਓ ਤੁਹਾਨੂੰ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਚਲਾਉਣੀ ਹੈ ਅਤੇ ਜੇ ਪੰਥ ਦਾ ਨਾਂ ਉਚਾ ਕਰਨਾ ਹੈ ਤਾਂ ਉਪਰ ਜਿਹੜੀ ਕਹਾਵਤ ਦੱਸੀ ਹੈ ਉਸ ਦੇ ਮਗਰ ਲਗੋ । ਜੇਕਰ ਤੁਹਾਡਾ ਆਚਰਣ ਠੀਕ ਹੋਵੇ ਤਾਂ ਤੁਸੀਂ ਸੂਬੇ ਦੀ ਸੇਵਾ ਕਰ ਸਕਦੇ ਹੋ । ਬਿਜਲੀ ਦਾ ਸੰਕਟ ਆਇਆ ਤਾਂ ਤੁਸੀਂ ਕਾਂਗਰਸ ਸਰਕਾਰ ਤੇ ਲਾਂਛਣ ਲਾਉਣੇ ਸ਼ੁਰੂ ਕਰ ਦਿਤੇ, ਪਰ ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਟੌਤੀ 1966 ਵਿਚ ਕਿਉਂ ਨਾ ਕੀਤੀ ਗਈ, ਹੁਣ ਕਿਉਂ ਇਸਦੀ ਲੋੜ ਮਹਿਸੂਸ ਕੀਤੀ ਗਈ । ਮੈਂ ਵਡਾ ਜ਼ਿਮੀਂਦਾਰ ਹਾਂ, ਪਰ ਫਿਰ ਵੀ ਪਿਛਲੇ ਸਾਲ ਮੈਂ ਫਲੈਟ ਰੇਟ ਦੀ ਮੁਖ਼ਾਲਫ਼ਤ ਕੀਤੀ ਸੀ ਅਤੇ ਮੈਂ ਹੁਣ ਵੀ ਇਸ ਦੇ ਖ਼ਿਲਾਫ਼ ਹਾਂ । ਤੁਸੀਂ ਹਵਾਈ ਜਹਾਜ਼ ਤੇ ਚੜ੍ਹ ਕੇ (ਵਿਘਨ) ਪੰਜਾਬ ਦਾ ਨਕਸ਼ਾ ਵੇਖੋ ਤਾਂ ਇੰਜ ਲਗਦਾ ਹੈ ਕਿ ਜਿਸ ਤਰ੍ਹਾਂ ਦੀਵਾਲੀ ਮਨਾਈ ਜਾ ਰਹੀ ਹੋਵੇ ਲੋਕਾਂ ਨੇ ਟਿਊਬ-ਵੈਲਾਂ ਤੇ 3-3 ਵਾਹਟ ਦੇ ਬਲਬ ਲਗਾਏ ਹੋਏ ਹਨ, ਹੀਟਰ ਲਗਾਏ ਹੋਏ ਹਨ । ਜਦੋਂ ਬਿਜਲੀ ਦੇ ਇਕ ਇਕ ਵਾਹਟ ਦੀ ਲੋੜ ਹੋਵੇ ਅਤੇ ਉਸ ਦਾ ਇਸ ਤਰ੍ਹਾਂ ਉਪਯੋਗ ਕੀਤਾ ਜਾਵੇ ? ਅਸੀਂ ਟਿਊਬਵੈਲਾਂ ਦੀ ਥਾਂ ਕੂਕਰ ਲਾਏ ਹੋਏ ਹਨ, ਕੋਠੀਆਂ ਵਿਚ ਬਿਜਲੀਆਂ ਚਮਕਾਈਆਂ ਹੋਈਆਂ ਹਨ । ਇਹ ਮਿਸਯੂਜ਼ ਹੈ । ਇਸ ਨਾਲ ਮਰਦਾ ਗਰੀਬ ਹੈ, ਉਹ ਕਿਸਾਨ ਮਰਦਾ ਹੈ ਜਿਸ ਨੇ

3 ੲੇਕੜ ਵਿਚ ਟਿਯੂਬਵੈਲ ਲਾਇਆ ਹੁੰਦਾ ਹੈ ਜਾਂ ਜੋ ਛੋਟੀ ਇੰਡਸਟਰੀ ਰਨ ਕਰਦਾ ਹੈ । ਇਸ ਨਾਲ ਸੂਬਾ ਮਰਦਾ ਹੈ ।

ਇਥੇ ਸਭ ਕੁਝ ਮਾਡਲ ਬਣ ਰਿਹਾ ਹੈ । ਮਾਡਲ ਵਿਲੇਜਿਜ਼, ਮਾਡਲ ਰੋਡਜ਼, ਮਾਡਲ ਦਿਮ, ਮਾਡਲ ਦੇਟ । ਪਰ ਅਸਲ ਵਿਚ ਕੁਝ ਵੀ ਨਹੀਂ ਮਾਡਲ ਬਣਦਾ । ਮਾਡਲ ਪਿੰਡਾਂ ਲਈ 10 ਹਜ਼ਾਰ ਰੁਪਿਆ ਪਿੰਡ ਤੋਂ ਲੈਣਾ ਹੈ ਅਤੇ 90 ਹਜ਼ਾਰ ਸਰਕਾਰ ਨੇ ਦੇਣਾ ਹੈ, ਪਤਾ ਨਹੀਂ ਦੇਣਾ ਵੀ ਹੈ ਜਾਂ ਨਹੀਂ ? ਮੈਨੂੰ ਦਸਿਆ ਗਿਆ ਹੈ ਇਸ ਵਿਚ 20 ਪ੍ਰਤੀਸ਼ਤ ਮਹਿਕਮੇ ਵਾਲਿਆਂ ਨੇ ਖਾ ਜਾਣਾ ਹੈ । ਮੈਂ ਇਕ ਮਿਉਂਸਪਲ ਕਮੇਟੀ ਦਾ ਚੇਅਰਮੈਨ ਹਾਂ; ਮੈਨੂੰ ਪਤਾ ਹੈ ਕਿ ਇਕ ਲਖ ਰੁਪਏ ਨਾਲ ਤਾਂ ਕੁਝ ਵੀ ਨਹੀਂ ਬਣਦਾ ਇਹ ਕੀ ਬਣਵਾਉਣਗੇ । ਇਹ ਲੋਕਾਂ ਨਾਲ ਮਖੌਲ ਹੈ ਹੋਰ ਕੁਝ ਨਹੀਂ । ਡਿਪਟੀ ਸਪੀਕਰ ਸਾਹਿਬ, ਇਹ ਐਮ. ਐਲ. ਏਜ਼ ਲਈ ਰੁਪਏ ਮੰਗਦੇ ਹਨ । ਮੈਂ ਹਮੇਸ਼ਾਂ ਇਸ ਗਲ ਦੇ ਖਿਲਾਫ ਰਿਹਾ ਹਾਂ ।

ਸ੍ਰੀ ਡਿਪਟੀ ਸਪੀਕਰ : ਮੇਰੀ ਇਕ ਅਰਜ਼ ਸੁਣ ਲਉ । ਆਪ ਨੂੰ ਪਤਾ ਹੈ ਕਿ 6 ਵਜੇ ਗਿਲੋਟੀਨ ਲਗਣੀ ਹੈ । ਇਹ ਫੈਸਲਾ ਸਾਰੇ ਹਾਊਸ ਨੇ ਮੰਨ ਲਿਆ ਸੀ । 15 ਮਿੰਟ ਮੈਂ ਵਿੱਤ ਮੰਤਰੀ ਜੀ ਨੂੰ ਦੇਣਾ ਚਾਹੁੰਦਾ ਹਾਂ । ਇਸ ਲਈ ਆਪ ਨੂੰ ਦੋ ਮਿੰਟ ਹੋਰ ਦਿੰਦਾ ਹਾਂ । (ਵਿਘਨ)

I have to make a submission. The hon. Member is aware that Guillotine will be applied at 6.00 p.m. This was agreed to by the House. I would like to allow 15 minutes to the Minister for Finance. So the hon. Member is allowed to speak for two minutes more, (Interruptions). The hon. Member should have raised the objection at the time when that decision was taken.

ਡਾਕਟਰ ਅਮੀਰ ਸਿੰਘ ਕਲਕਟ : ਟਾਈਮ ਥੋੜ੍ਹਾ ਰਹਿ ਗਿਆ ਹੈ ਇਸ ਲਈ ਮੈਂ ਵਾਈਂਡ ਅਪ ਕਰ ਦਿੰਦਾ ਹਾਂ । ਜੋ ਇਹ ਚੰਗਾ ਕੰਮ ਕਰਦੇ ਹਨ ਉਸਦੀ ਅਸੀਂ ਤਾਰੀਫ ਕਰਦੇ ਹਾਂ । ਲੋਕਲ ਬਾਡੀਜ਼ ਮਨਿਸਟਰ ਸਾਹਿਬ ਨੂੰ ਮੈਂ ਕਹਿੰਦਾ ਹਾਂ ਕਿ ਗੜ੍ਹਦੀਵਾਲੇ ਦੀ ਮਿਊਂਸਪਲ ਕਮੇਟੀ ਦਾ ਪਰੈਜ਼ੀਡੈਂਟ ਇਕ ਹਿੰਦੂ ਨੂੰ ਨਾਮੀਨੇਟ ਕੀਤਾ ਗਿਆ ਹੈ । ਇਹ ਚੰਗੀ ਗਲ ਹੈ । ਮੈਂ ਇਹ ਗਲ ਇਸ ਲਈ ਕਹਿੰਦਾ ਹਾਂ ਕਿ ਇਨ੍ਹਾਂ ਦੇ ਇਕ ਆਦਮੀ ਵਲੋਂ ਇਸ ਨੂੰ ਅਨਡੂ ਕਰਾਉਣ ਦੀ ਕੋਸ਼ਿਸ਼ ਹੋ ਰਹੀ ਹੈ । ਇਸ ਨੂੰ ਅਨਡੂ ਨਾ ਕਰਨਾ ਕਿਉਂਕਿ ਇਸ ਤਰ੍ਹਾਂ ਆਪ ਦੇ ਨਾਲ ਸਾਰੇ ਸੈਕਸ਼ਨ ਰਹਿਣਗੇ ।

ਫਿਰ ਜੋ ਨਯੂਟ੍ਰੀਸ਼ਨ ਦਾ ਪ੍ਰੋਗਰਾਮ ਹੈ , ਇਹ ਚੰਗਾ ਹੈ । ਇਸ ਨੂੰ ਚੰਗੀ ਤਰ੍ਹਾਂ ਆਰਗੇਨਾਈਜ਼ ਕਰਕੇ ਸਿਰੇ ਚੜ੍ਹਾਉਣਾ ਚਾਹੀਦਾ ਹੈ । ਇਸ ਤਰ੍ਹਾਂ ਉਸ ਪਿਛੜੇ ਵਰਗ ਨੂੰ ਫਾਇਦਾ ਹੋ ਸਕੇਗਾ ਜੋ ਗਰੀਬੀ ਕਰ ਕੇ ਆਪਣੇ ਬਚਿਆਂ ਨੂੰ ਚੰਗੀ ਸਿਹਤ ਲਈ ਠੀਕ ਖੁਰਾਕ ਨਹੀਂ ਦੇ ਸਕਦਾ ।

ਜੋ ਸਲੂਕ ਇਨ੍ਹਾਂ ਨੇ ਆਪਣੇ ਐਂਪਲਾਈਜ਼ ਨਾਲ ਕੀਤਾ ਹੈ ਉਹ ਠੀਕ ਨਹੀਂ ਕੀਤਾ । ਉਹ ਤਾਂ ਵਿਚਾਰੇ ਘੜੇ ਦੀ ਮਛੀ ਹਨ, ਉਨ੍ਹਾਂ ਨਾਲ ਸਖਤੀ ਕਰਨਾ, ਘਰਾਂ ਤੋਂ ਕਢ ਕੇ ਅਤੇ ਮੂੰਹ ਕਾਲਾ ਕਰਕੇ ਜਲੂਸ ਕਢਣੇ ਇਹ ਚੰਗੀਆਂ ਗਲਾਂ ਨਹੀਂ ਹਨ । ਇਸ ਤਰ੍ਹਾਂ ਕਰਨ ਨਾਲ ਆਪ ਨੂੰ ਨੁਕਸਾਨ ਹੋਵੇਗਾ, ਕਰਮਚਾਰੀ ਬਦਲਾ ਲੈਣਗੇ । ਇਨ੍ਹਾਂ ਨੇ ਮੈਨੂੰ ਪਿਛਲੇਰੇ ਇਲੈਕਸ਼ਨਾਂ ਵਿਚ ਮੇਰੇ ਬਕਸਿਆਂ ਵਿਚੋਂ 10, 10 ਵੋਟਾਂ ਕਢ ਕੇ ਹਰਾ ਦਿਤਾ ਸੀ ਜਿਸ ਨਾਲ ਉਸ ਇਲਾਕੇ ਦਾ ਬੜਾ ਨੁਕਸਾਨ ਹੋਇਆ । (ਘੰਟੀ) ਬਸ ਜੀ ਇਕ ਗਲ ਮੈਂ ਹੋਰ ਕਰਾਂਗਾ ਕਿ ਕੰਡੀ ਦੇ ਇਲਾਕੇ ਲਈ ਜੋ 2·17 ਲਖ ਰੁਪਿਆ ਰਖਿਆ ਗਿਆ ਹੈ ਇਹ ਉਸ ਇਲਾਕੇ ਨਾਲ ਮਖੌਲ ਹੈ । ਉਸ ਇਲਾਕੇ ਵਿਚ ਬੜੀ ਬੇਚੈਨੀ ਹੈ ਕਿ ਉਸ ਇਲਾਕੇ

[ਡਾਕਟਰ ਅਮੀਰ ਸਿੰਘ ਕਲਕਟ]

ਵਲ ਧਿਆਨ ਨਹੀਂ ਦਿਤਾ ਜਾਂਦਾ । ਉਥੇ ਮੀਟਿੰਗਾਂ ਅਤੇ ਕਾਨਫਰੰਸਾਂ ਹੁੰਦੀਆਂ ਹਨ ਕਿ ਉਸ ਇਲਾਕੇ ਨੂੰ ਹਿਮਾਚਲ ਵਿਚ ਮਿਲ ਜਾਣਾ ਚਾਹੀਦਾ ਹੈ, ਇਸ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਲਾਟਰੀ ਬਾਰੇ ਵੀ ਅਰਜ਼ ਕਰ ਦਿਆਂ ਕਿ ਮੈਂ ਇਸਨੂੰ ਜੂਆ ਸਮਝਦਾ ਹਾਂ ਅਤੇ ਇਸ ਦੇ ਹਮੇਸ਼ਾ ਖਿਲਾਫ ਰਿਹਾ ਹਾਂ । ਇਨ੍ਹਾਂ ਨੇ ਚੀਫ਼ ਪਾਪੂਲੈਰਿਟੀ ਲੈਣ ਲਈ ਇਕ ਤਰੀਕਾ ਅਪਣਾਇਆ ਹੈ ਕਿ ਲੋਕਾਂ ਨੂੰ ਕਿਹਾ ਜਾਵੇ ਕਿ ਦੇਖੋ ਅਸੀਂ ਆਪ ਤੇ ਟੈਕਸ ਨਹੀਂ ਲਾਉਂਦੇ। ਮਗਰ ਇਸ ਤਰ੍ਹਾਂ ਲੋਕਾਂ ਨੂੰ ਜੂਏ ਦੀ ਆਦਤ ਪਾਉਣੀ ਕਿ ਉਹ ਸੋਚਣ ਕਿ ਓਵਰਨਾਈਟ ਲਖਪਤੀ ਬਣ ਜਾਈਏ, ਇਹ ਗੱਲ ਚੰਗੀ ਨਹੀਂ ਹੈ । ਇਹ ਇਸੇ ਗੰਦੇ ਦਿਮਾਗ ਦੀ ਇਖਤਰਾਹ ਹੈ ।

ਜਿਥੋਂ ਤਕ ਟਿਯੂਬਵੈਲ ਕਾਰਪੋਰੇਸ਼ਨ ਦਾ ਤਅਲੁਕ ਹੈ ਇਹ ਇਕ ਚੰਗੀ ਸਕੀਮ ਹੈ ਤਾਕਿ ਗਰੀਬਾਂ ਦੀ ਟਿਊਬਵੈਲ ਲਾਉਣ ਵਿਚ ਮਦਦ ਹੋ ਸਕੇ ।

Mr. Deputy Speaker : Please resume your seat.

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਐਸਟੀਮੇਟਸ ਤੇ ਜਿੰਨੀਆਂ ਵੀ ਤਕਰੀਰਾਂ ਹੋਈਆਂ ਹਨ ਧਿਆਨ ਨਾਲ ਸੁਣੀਆਂ ਹਨ । ਮੈਨੂੰ ਇਸ ਗੱਲ ਦੀ ਸੈਟਿਸਫੈਕਸ਼ਨ ਹੈ ਕਿ ਆਪੋਜ਼ੀਸ਼ਨ ਦੇ ਕਿਸੇ ਵੀ ਸੀਨੀਅਰ ਮੈਂਬਰ ਨੇ ਇਸ ਡੀਬੇਟ ਵਿਚ ਹਿੱਸਾ ਨਹੀਂ ਲਿਆ । (ਵਿਘਨ) ਇਹ ਗਲ ਦਸਦੀ ਹੈ ਕਿ ਇਹ ਜੋ ਸਪਲੀਮੈਂਟਰੀ ਐਸਟੀਮੇਟਸ ਪੇਸ਼ ਕੀਤੇ ਹਨ ਇਹ ਚੰਗੇ ਹਨ, ਤਸਲੀਬਖਸ਼ ਹਨ ਅਤੇ ਸਾਰਿਆਂ ਨੂੰ ਪਸੰਦ ਹਨ । (ਵਿਘਨ) ਮੈਨੂੰ ਦੁਖ ਹੈ ਕਿ ਅਸੀਂ ਜਿਸ ਸਰਦਾਰ ਉਮਰਾਓ ਸਿੰਘ ਨੂੰ ਐਲ. ਆਰ. ਸਮਝਦੇ ਸੀ ਉਸ ਨੂੰ ਵੀ ਇਨ੍ਹਾਂ ਨੇ ਜੂਨੀਅਰ ਬਣਾ ਦਿਤਾ ਹੈ । (ਵਿਘਨ)

ਇਕ ਆਵਾਜ਼ : ਤੇਰਾ ਡੈਡੀ ਕਿਥੇ ਬੈਠਾ ਹੈ ? (ਵਿਘਨ)

ਵਿੱਤ ਮੰਤਰੀ : ਫਰੰਟ ਰੋ ਵਿਚ । (ਹਾਸਾ) ਇਹ ਜੋ ਸਪਲੀਮੈਂਟਰੀ ਐਸਟੀਮੇਟਸ ਪੇਸ਼ ਕੀਤੇ ਗਏ ਹਨ ਇਹ $46\frac{1}{2}$ ਕਰੋੜ ਰੁਪਏ ਦੇ ਹਨ । ਇਸ ਰਕਮ ਵਿਚ 10 ਕਰੋੜ ਦੀ ਰਕਮ ਅਕਾਊਂਟਸ ਦੀ ਪਰੋਸੀਜਰ ਕਰਕੇ ਹੀ ਹੈ ਯਾਨੀ ਅਸਲ ਵਿਚ 36 ਕਰੋੜ ਦਾ ਹੀ ਐਸਟੀਮੇਟ ਹੈ । ਇਸ ਵਿਚੋਂ 28 ਕਰੋੜ ਰੁਪਿਆ ਅਜਿਹਾ ਹੈ ਜੋ ਐਕਟਿਵਿਟੀਜ਼ ਲਈ ਹੈ । ਅਸੀਂ ਇਸ ਸਾਲ 10 ਲੱਖ ਟਨ ਕਣਕ ਖਰੀਦੀ ਹੈ । ਉਸ ਲਈ ਵਧ ਪੈਸਾ ਖਰਚ ਕਰਨਾ ਪਿਆ ਹੈ । ਪਿਛਲੇ ਸਾਲ ਸਿਰਫ 3 ਲਖ ਟਨ ਖਰੀਦੀ ਸੀ । ਮੈਨੂੰ ਖੁਸ਼ੀ ਹੈ ਕਿ ਸਰਦਾਰ ਗੁਰਮੀਤ ਸਿੰਘ ਜੀ ਦੇ ਤਹਿਤ ਫੂਡ ਅਤੇ ਸਿਵਿਲ ਸਪਲਾਈਜ਼ ਦੇ ਮਹਿਕਮੇ ਨੇ ਸਟੇਟ ਗੌਰਮਿੰਟ ਅਤੇ ਕਿਸਾਨ ਦੋਵਾਂ ਦਾ ਫਾਇਦਾ ਕੀਤਾ ਹੈ । (ਤਾੜੀਆਂ) ਇਹ ਜੋ 10 ਲਖ ਟਨ ਖਰੀਦਣ ਦਾ ਜਿਹੜਾ ਟਾਰਗੇਟ ਹੈ ਇਸ ਨੂੰ ਹੋਰ ਵਧਾਇਆ ਜਾਵੇ ਅਤੇ ਇਸ ਬਾਰੇ ਅਰਜ਼ ਹੈ ਕਿ ਰਾਜ ਸਰਕਾਰ ਦੀ ਇਹ ਖਾਹਿਸ਼ ਹੈ ਕਿ 2-3 ਸਾਲਾਂ ਵਿਚ ਫੂਡ ਅਤੇ ਸਪਲਾਈਜ਼ ਡਿਪਾਰਟਮੈਂਟ ਦੀ ਮਾਰਫਤ ਸਟੇਟ ਟ੍ਰੇਡਿੰਗ 100 ਪ੍ਰਤੀਸ਼ਤ ਕਰ ਦਿਤੀ ਜਾਵੇ। ਅਲਟੀਮੇਟਲੀ ਅਸੀਂ ਇਹ ਅਚੀਵ ਕਰਨਾ ਚਾਹੁੰਦੇ ਹਾਂ ।

ਕੈਪਟਨ ਰਤਨ ਸਿੰਘ : ਇਹ ਸਪਲੀਮੈਂਟਰੀ ਐਸਟੀਮੇਟ ਕਦ ਤਕ ਲਈ ਹਨ ?

ਵਿੱਤ ਮੰਤਰੀ : ਮਾਰਚ ਤਕ ਲਈ ।

ਕੈਪਟਨ ਰਤਨ ਸਿੰਘ : ਇਹ ਕਣਕ ਕਦੋਂ ਖਰੀਦਦੇ ਹੋ ?

ਵਿੱਤ ਮੰਤਰੀ : ਠੀਕ ਹੈ ਇਹ ਅਗਲੇ ਸਾਲ ਖਰੀਦਣੀ ਹੈ ਪਰ ਮੈਂ ਉਧਰ ਵੀ ਆਉਂਦਾ ਹਾਂ, ਉਸ ਦਾ ਵੀ ਜ਼ਿਕਰ ਹੈ। ਉਸ ਦਾ ਵੀ ਪ੍ਰੋਵੀਜ਼ਨ ਕਰਾਂਗੇ ਜੋ ਆਪ ਦੇ ਸਾਹਮਣੇ ਆ ਰਿਹਾ ਹੈ। (ਵਿਘਨ) ਬਾਕੀ ਜੋ ਰੁਪਿਆ ਮੰਗਿਆ ਹੈ ਉਹ ਇਸ ਕਿਸਮ ਦਾ ਹੈ ਜਿਸ ਨਾਲ ਪੰਜਾਬ ਦੇ ਆਮ ਆਦਮੀ ਦੇ ਫਾਇਦੇ ਦੀਆਂ ਸਕੀਮਾਂ ਬਣਾਈਆਂ ਹਨ। ਇਨ੍ਹਾਂ ਵਿਚ ਇਕ ਹਰੀਜਨ ਕਾਰਪੋਰੇਸ਼ਨ ਹੈ ਜਿਸ ਲਈ ਇਕ ਕਰੋੜ ਰੁਪਿਆ ਰਖਿਆ ਹੈ। (ਵਿਘਨ) ਇਹ ਠੀਕ ਹੈ ਕਿ ਇਸ ਵਿਚੋਂ 50 ਲਖ ਰੁਪਿਆ ਹਰੀਜਨ ਕਲਿਆਣ ਫੰਡ ਵਿਚੋਂ ਲੈ ਰਹੇ ਹਾਂ ਪਰ ਇਸ ਬਾਰੇ ਕੈਬਨਿਟ ਨੇ ਫੈਸਲਾ ਕੀਤਾ ਹੈ ਕਿ ਇਹ ਰਕਮ ਸਰਕਾਰ ਵਲ ਉਧਾਰ ਰਹੇਗੀ ਅਤੇ ਰੀਐਮਬਰਸ ਕਰ ਦਿਤੀ ਜਾਵੇਗੀ। (ਤਾੜੀਆਂ)

ਇਸ ਤਰ੍ਹਾਂ ਟਿਊਬਵੈਲ ਕਾਰਪੋਰੇਸ਼ਨ ਲਈ ਇਕ ਕਰੋੜ ਰੁਪਿਆ ਰਖਿਆ ਗਿਆ ਹੈ। ਇਸ ਕਾਰਪੋਰੇਸ਼ਨ ਦੀ ਸਕੀਮ ਇਸ ਲਈ ਤਿਆਰ ਕੀਤੀ ਗਈ ਹੈ ਕਿ ਇਰੀਗੇਸ਼ਨ 100% ਹੋ ਸਕੇ। ਇਸ ਗੱਲ ਦੇ ਬਾਵਜੂਦ ਕਿ ਅਸੀਂ ਖੁਰਾਕ ਦੀ ਪੈਦਾਵਾਰ ਵਿਚ ਸਾਰੇ ਦੇਸ਼ ਭਰ ਵਿਚੋਂ ਸਾਰਿਆਂ ਤੋਂ ਅਗੇ ਹਾਂ ਅਤੇ ਸਾਰਿਆਂ ਤੋਂ ਵੱਧ ਅਨਾਜ ਪੈਦਾ ਕਰਦੇ ਹਾਂ ਅਤੇ ਦੇਸ਼ ਦੀ ਜਿੰਨੀ ਲੋੜ ਹੈ ਉਸ ਦੀ 75% ਕਮੀ ਅਸੀਂ ਪੂਰੀ ਕਰਦੇ ਹਾਂ ਫਿਰ ਵੀ ਮੈਥਡ ਆਫ ਐਗਰੀਕਲਚਰ, ਸੀਡਜ਼ ਅਤੇ ਇਰੀਗੇਸ਼ਨ ਵਿਚ ਅਜੇ ਹੋਰ ਤਰੱਕੀ ਦੀ ਲੋੜ ਹੈ। ਇਹ ਠੀਕ ਹੈ ਕਿ ਬਾਸੀ ਸਾਹਿਬ ਇਰੀਗੇਸ਼ਨ ਵਾਲੇ ਪਾਸੇ ਬਹੁਤ ਧਿਆਨ ਦੇ ਰਹੇ ਹਨ ਪਰ ਅਸੀਂ 100% ਇਰੀਗੇਸ਼ਨ ਨਹੀਂ ਕਰ ਸਕੇ, ਇਸ ਵਕਤ ਕੋਈ 62% ਇਰੀਗੇਸ਼ਨ ਕਰ ਸਕੇ ਹਾਂ, ਇਸ ਲਈ ਟਿਊਬਵੈਲ ਕਾਰਪੋਰੇਸ਼ਨ ਬਨਾਉਣ ਦਾ ਫੈਸਲਾ ਕੀਤਾ ਗਿਆ ਹੈ, ਤਾਂਕਿ ਪੰਜਾਬ ਦਾ ਗਰੀਬ ਕਿਸਾਨ ਪਾਣੀ ਲੈ ਸਕੇ ਅਤੇ ਇਹ ਸਕੀਮ ਪੈਜ਼ੰਟਰੀ ਦੇ ਹਿਤ ਨੂੰ ਸਾਹਮਣੇ ਰਖ ਕੇ ਲਿਆਂਦੀ ਗਈ ਹੈ।

ਇਸ ਤੋਂ ਅਗੇ ਸਕੀਮ ਮਾਡਲ ਵਿਲੇਜ਼ ਲਈ ਹੈ। ਇਸ ਦੇ ਸਬੰਧ ਵਿਚ ਕੁਝ ਮਾਨਯੋਗ ਮੈਂਬਰਾਂ ਨੇ ਕਾਫੀ ਟੀਕਾ ਟਿਪਣੀ ਕੀਤੀ ਹੈ। ਇਸ ਦੇ ਬਾਰੇ ਵਿਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਕਮੂਨਿਟੀ ਡਿਵੈਲਪਮੈਂਟ ਸਕੀਮ 1952 ਵਿਚ ਸ਼ੁਰੂ ਕੀਤੀ ਗਈ ਸੀ, ਇਕ ਬਲਾਕ ਵਿਚ 100 ਦੇ ਕਰੀਬ ਪਿੰਡ ਕਵਰ ਕੀਤਾ ਜਾਂਦਾ ਸੀ ਅਤੇ ਜੇਕਰ ਇਕ ਬਲਾਕ ਲਈ 50 ਹਜ਼ਾਰ ਰੁਪਿਆ ਰਖਿਆ ਜਾਵੇ ਤਾਂ ਇਸ ਰਕਮ ਨੂੰ ਜੇਕਰ 100 ਪਿੰਡਾਂ ਤੇ ਢਾਲ ਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਕ ਪਿੰਡ ਦੇ ਹਿੱਸੇ 500 ਦੇ ਕਰੀਬ ਰੁਪਿਆ ਆਉਂਦਾ ਹੈ। (ਵਿਘਨ) ਅਤੇ ਇਸ ਨਾਲ ਪਿੰਡ ਦੀ ਕੋਈ ਡਿਵੈਲਪਮੈਂਟ ਨਹੀਂ ਹੋ ਸਕਦੀ। ਇਸ ਲਈ, ਪੰਜਾਬ ਸਰਕਾਰ ਨੇ ਇਹ ਮਹਿਸੂਸ ਕੀਤਾ ਕਿ ਪਿਛਲੇ 17 ਜਾਂ 18 ਸਾਲਾਂ ਵਿਚ ਜਦੋਂ ਦੀ ਕਮੂਨਿਟੀ ਡਿਵੈਲਪਮੈਂਟ ਸਕੀਮ ਚਲੀ ਹੈ ਇਕ ਵੀ ਪਿੰਡ ਮਾਡਲ ਨਹੀਂ ਬਣਾਇਆ ਜਾ ਸਕਿਆ। ਇਸ ਲਈ ਇਸ ਸ਼ਰਮਨਾਕ ਹਾਲਤ ਨੂੰ ਦੂਰ ਕਰਨ ਲਈ ਇਸ ਮਾਡਲ ਸਕੀਮ ਅਧੀਨ ਇਕ ਪਿੰਡ ਤੇ ਇਕ ਇਕ ਲਖ ਰੁਪਿਆ ਖਰਚ ਕਰਨ ਦਾ ਫੈਸਲਾ ਕੀਤਾ ਅਤੇ ਇਸ ਨਾਲ ਪਿੰਡਾਂ ਦੀ ਨਵੀਂ ਨੁਹਾਰ ਹੋ ਗਈ ਹੈ। ਇਨ੍ਹਾਂ ਵਿਚ ਨਵੀਂ ਤਹਿਜ਼ੀਬ ਆ ਗਈ ਹੈ ਅਤੇ ਇਥੇ ਤਕ ਕਿ ਵਿਚਾਰਧਾਰਾ ਅਤੇ ਤਮਦਨ ਵੀ ਬਦਲ ਗਿਆ ਹੈ ਅਤੇ ਲੋਕਾਂ ਦੀ ਕੈਪੈਸਿਟੀ ਟੂ ਵਰਕ ਵੀ ਵਧ ਗਈ ਹੈ। (ਵਿਘਨ)

ਸਰਦਾਰ ਸੰਤੋਖ ਸਿੰਘ : ਆਨ ਏ ਪੁਆਇੰਟ ਆਫ ਆਰਡਰ। ਜਿਸ ਤਰ੍ਹਾਂ ਕਿ ਫਿਨਾਂਸ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਇਹ ਸਕੀਮ 1952 ਤੋਂ ਚਾਲੂ ਸੀ ਪਰ ਪਿੰਡਾਂ ਵਿਚ ਕੁਝ ਨਹੀਂ ਕੀਤਾ ਗਿਆ। ਮੈਂ ਇਨ੍ਹਾਂ ਤੋਂ ਆਪ ਦੀ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਹ ਆਪ ਵੀ ਬੀ. ਡੀ. ਓ. ਰਹੇ ਹਨ ਅਤੇ ਜਿਨ੍ਹਾਂ ਬਲਾਕਾਂ ਵਿਚ ਇਹ ਰਹੇ ਹਨ ਉਨ੍ਹਾਂ ਵਿਚ ਹੋ ਸਕਦਾ ਹੈ ਕਿ ਇਨ੍ਹਾਂ ਵਰਗੇ ਬੀ. ਡੀ. ਓਜ਼. ਨੇ ਪਿੰਡਾਂ ਦੇ ਵਿਕਾਸ ਲਈ ਰਖੀ ਰਕਮ ਖਾ ਲਈ ਹੋਵੇ ਅਤੇ ਇਹ ਮਾਡਲ ਪਿੰਡ ਨਾ ਬਣਾ ਸਕੇ ਹੋਣ ਲੇਕਿਨ ਬਾਕੀ ਬਲਾਕਾਂ ਵਿਚ ਸਾਰੇ ਹੀ ਪਿੰਡ ਮਾਡਲ ਬਣ ਗਏ ਹਨ। ਇਹ ਮੇਰਾ ਖਿਆਲ ਹੈ ਆਪਣੇ ਜ਼ਾਤੀ ਤਜਰਬੇ ਦੀ ਗਲ ਕਰ ਰਹੇ ਹਨ।

Mr. Deputy Speaker : This is no Point of Order.

ਵਿਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਵਾਧੂ ਗਲ ਹੈ ਇਸ ਦਾ ਮੈਂ ਕੀ ਜਵਾਬ ਦੇਵਾਂ ?

ਸਰਦਾਰ ਸਰੂਪ ਸਿੰਘ : ਇਹ ਠੀਕ ਹੈ ਜਵਾਬ ਕੀ ਦੇਣ ਖਾਧਾ ਤਾਂ ਖਾ ਲਿਆ ਸਹੀ । (ਹਾਸਾ)

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਦ ਇਹ ਫਿਨਾਂਸ ਮਨਿਸਟਰ ਸਾਹਿਬ ਬੀ. ਡੀ. ਓ. ਲਗੇ ਹੋਏ ਸਨ ਤਾਂ ਰਾਜ ਵੀ ਇਨ੍ਹਾਂ ਦਾ ਹੀ ਸੀ । ਇਨ੍ਹਾਂ ਨੂੰ ਵੇਖ ਕੇ ਮੈਨੂੰ ਇਕ ਗਲ ਯਾਦ ਆ ਗਈ ਹੈ ਕਿ ਇਕ ਪਿੰਡ ਵਿਚ ......

Mr Deputy Speaker : This is no Point of Order. Please take your seat.

ਸਾਥੀ ਰੂਪ ਲਾਲ : ਮੈਨੂੰ ਗਲ ਤਾਂ ਪੂਰੀ ਕਰ ਲੈਣ ਦਿਓ ।

Mr. Deputy Speaker : Please resume your seat.

(interruptions.)

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਥੇ ਐਮਪਲਾਈਜ਼ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਅਤੇ ਇਥੇ ਕਈ ਮੈਂਬਰ ਸਾਹਿਬਾਨ ਨੇ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਇਹ ਕਿਹਾ ਕਿ ਸਰਕਾਰ ਉਨ੍ਹਾਂ ਤੇ ਜ਼ੁਲਮ ਕਰ ਰਹੀ ਹੈ ਅਤੇ ਕਈਆਂ ਨੇ ਟਵਿਸਟਿਡ ਫੈਕਟਸ ਨੂੰ ਪੇਸ਼ ਕੀਤਾ । ਵੈਸਟ ਬੰਗਾਲ ਦਾ ਵੀ ਜ਼ਿਕਰ ਕੀਤਾ ਗਿਆ ਅਤੇ ਗੁਜਰਾਤ ਅਤੇ ਹੋਰਨਾ ਸਟੇਟਾਂ ਦਾ ਜ਼ਿਕਰ ਕੀਤਾ ਗਿਆ ਕਿ ਉਥੇ ਮੁਲਾਜ਼ਮਾਂ ਦੀਆਂ ਤਨਖਾਹਾਂ ਜ਼ਿਆਦਾ ਹਨ । ਮੈਂ ਇਸ ਸਬੰਧ ਵਿਚ ਡਾਕੂਮੈਂਟਰੀ ਪਰੂਫ, ਆਪ ਦੀ ਰਾਹੀਂ, ਆਨਰੇਬਲ ਮੈਂਬਰਾਂ ਦੇ ਗਿਆਤ ਲਈ ਪੇਸ਼ ਕਰਨਾ ਚਾਹੁੰਦਾ ਹਾਂ ਅਤੇ ਇਸ ਹਾਉਸ ਨੂੰ ਦਸਣਾ ਚਾਹੁੰਦਾ ਹਾਂ ਕਿ ਸਾਡੀ ਸਟੇਟ ਵਿਚ ਲੰਪਸਮ ਗਰੇਡ ਸਾਰੇ ਦੇਸ਼ ਦੇ ਗਰੇਡਾਂ ਨਾਲੋਂ ਵਧ ਹਨ । ਮੈਂ ਇਨ੍ਹਾਂ ਨੂੰ ਫੈਕਟਸ ਅਤੇ ਫਿਗਰਜ਼ ਦਸਦਾ ਹਾਂ । ਜਿਥੇ ਤਕ ਕਲਾਸ ਫੋਰ ਦਾ ਸਬੰਧ ਹੈ, ਪੰਜਾਬ ਵਿਚ ਇਨ੍ਹਾਂ ਦਾ ਪ੍ਰੈਜ਼ੰਟ ਸਕੇਲ 70-95 ਹੈ, 70 ਤੋਂ 80 ਤਕ ਦੋ ਰੁਪਏ ਸਾਲ ਤਰੱਕੀ ਅਤੇ 80 ਤੋਂ 95 ਤਕ 3 ਰੁਪਏ ਸਾਲ ਦੀ ਤਰੱਕੀ ਅਤੇ ਇਸ ਤਰ੍ਹਾਂ ਉਸ ਦੀ ਕੁਲ ਤਨਖਾਹ 166 ਰੁਪਏ ਹੈ ਅਤੇ ਜਦ ਕਿ ਸਾਰੇ ਦੇਸ਼ ਵਿਚ ਜਿਹੜੀ ਪਰੋਗ੍ਰੈਸਿਵ ਰਾਜ ਕੇਰਲ, ਜਿਥੇ ਕਿ ਲੈਫਟਿਸਟ ਸਰਕਾਰ ਵੀ ਰਹੀ ਅਤੇ ਹੁਣ ਰਾਈਟ ਦੀ ਹੋਰ ਪਾਰਟੀਆਂ ਨਾਲ ਮਿਲ ਕੇ ਸਪੋਰਟਿਡ ਸਰਕਾਰ ਹੈ, ਵਿਚ ਇਨ੍ਹਾਂ ਕਲਾਸ ਫੋਰ ਦੇ ਮੁਲਾਜ਼ਮਾਂ ਦੀ ਤਨਖਾਹ ਦਾ ਗਰੇਡ 65 ਤੋਂ 70 ਤਕ ਹੈ ਜਦ ਕਿ ਸਾਡਾ 70 ਤੋਂ 95 ਹੈ । ਸਾਡੀ ਇਨਕਰੀਮੈਂਟ ਪਹਿਲੇ 5 ਸਾਲਾਂ ਵਿਚ 2 ਰੁਪਏ ਤੇ ਅਗੇ ਜਾ ਕੇ ਤਿੰਨ ਰੁਪਏ ਸਲਾਨਾ ਹੈ ਜਦ ਕਿ ਕੇਰਲ ਵਿਚ 8 ਆਨੇ ਸਾਲ ਦੀ ਤਰਕੀ ਹੈ । (ਵਿਘਨ) ਫਿਰ ਜਿਥੋਂ ਤਕ ਡੀ.ਏ. ਦਾ ਸਵਾਲ ਹੈ ਸਾਡੇ ਸੂਬੇ ਵਿਚ ਇਨ੍ਹਾਂ ਦਾ ਡੀ.ਏ. 71 ਰੁਪਏ ਹੈ ਅਤੇ ਕੇਰਲ ਵਿਚ 59 ਰੁਪਏ ਹੈ । ਸਾਡੇ ਚਪੜਾਸੀ ਨੂੰ ਟੋਟਲ 166 ਰੁਪਏ ਮਿਲਦੇ ਹਨ ਅਤੇ ਉਥੇ ਦੇ ਨੂੰ 129 ਰੁਪਏ । ਇਸ ਤੋਂ ਬਾਦ ਦੂਜਾ ਰਾਜ ਬੰਗਾਲ ਲੈ ਲਉ ਜਿਸ ਦਾ ਮੈਂਬਰ ਸਾਹਿਬਾਨ ਨੇ ਜ਼ਿਕਰ ਕੀਤਾ ਹੈ । ਡਾਂਗ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ । ਉਥੇ ਕਦੇ ਲੈਫਟ ਕਮਿਉਨਿਸਟ ਅਤੇ ਕਦੇ ਰਾਈਟ ਕਮਿਊਨਿਸਟ ਸਰਕਾਰ ਰਹੀ ਅਤੇ ਕਦੇ ਜਨ-ਕਾਂਗਰਸ ਦੀ, ਉਥੇ ਇਨ੍ਹਾਂ ਚਪੜਾਸੀਆਂ ਦੇ ਗ੍ਰੇਡ 60 ਤੋਂ 75 ਰੁਪਏ ਤਕ ਜਾਂਦੇ ਹਨ ਅਤੇ ਉਨ੍ਹਾਂ ਦੀ ਤਰੱਕੀ 8 ਆਨੇ ਹੈ, 65 ਰੁਪਏ ਤਕ ਤਰੱਕੀ ਅਠ ਆਨੇ ਤੇ 65 ਤੋਂ ਅਗੇ 75 ਤਕ ਇਕ ਰੁਪਿਆ ਸਾਲ ਦੀ ਤਰਕੀ ਹੈ । ਫਿਰ ਕਲਕਤੇ ਵਰਗੇ ਸ਼ਹਿਰ ਵਿਚ, ਜਿਥੇ ਕਿ ਕੀਮਤਾਂ

ਹਰ ਚੀਜ਼ ਦੀਆਂ ਵਧ ਹਨ, ਡੀ.ਏ. 48 ਰੁਪਏ ਦਿਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਮੈਕਸੀਮਮ ਤਨਖਾਹ 123 ਰੁਪਏ ਮਹੀਨਾ ਬਣਦੀ ਹੈ ਜਦ ਕਿ ਪੰਜਾਬ ਵਿਚ ਇਕ ਚਪੜਾਸੀ ਦੀ ਤਨਖਾਹ 166 ਰੁਪਏ ਬਣਦੀ ਹੈ। (ਵਿਘਨ) ਇਨ੍ਹਾਂ ਨੇ ਗੁਜਰਾਤ ਦਾ ਜ਼ਿਕਰ ਕੀਤਾ ਹੈ ਮੈਂ ਉਥੇ ਦੀਆਂ ਫਿਗਰਜ਼ ਕੋਟ ਕਰਦਾ ਹਾਂ ਕਿ ਉਥੇ ਗਰੇਡ ਸਾਡੇ ਨਾਲੋਂ ਚੰਗਾ ਹੈ 90 ਤੋਂ 110 ਰੁਪਏ ਹੈ ਪਰ ਦੂਜੇ ਪਾਸੇ ਉਥੇ ਡੀ. ਏ. 47 ਰੁਪਏ ਹੈ ਜਦ ਕਿ ਸਾਡੇ ਪਾਸ 71 ਰੁਪਏ ਹੈ। ਸਾਡੇ ਪਾਸ ਤਨਖਾਹ ਦਾ ਟੋਟਲ 166 ਰੁਪਏ ਅਤੇ ਗੁਜਰਾਤ ਵਿਚ 157 ਰੁਪਏ ਯਾਨੀ 9 ਰੁਪਏ ਘਟ ਹੈ। ਇਹ ਬਰੇਜ਼ਨ ਫੈਕਟਸ ਹਨ ਜਿਹੜੇ ਮੈਂ ਆਪ ਦੇ ਸਾਹਮਣੇ ਪੇਸ਼ ਕਰ ਰਿਹਾ ਹਾਂ। ਜਿਥੋਂ ਤਕ ਕਲਾਸ 4 ਦੀ ਤਨਖਾਹ ਦਾ ਸਬੰਧ ਹੈ ਇਨ੍ਹਾਂ ਦੀ ਟੋਟਲ ਤਨਖਾਹ ਸਾਰੇ ਹਿੰਦੁਸਤਾਨ ਦੇ ਬਾਕੀ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਹੈ। ਜਿਥੋਂ ਤੱਕ ਕਲਰਕਾਂ ਦੇ ਗਰੇਡਜ਼ ਦਾ ਸਵਾਲ ਹੈ, ਪੰਜਾਬ ਦੇ ਵਿਚ ਕਲਰਕ ਦਾ ਗਰੇਡ 110 ਤੋਂ 250 ਰੁਪੈ ਤੱਕ ਹੈ ਅਤੇ ਇਸ ਦੇ ਲਈ ਡੀਅਰਨੈਂਸ ਅਲਾਉਂਸ ਵੀ 146 ਰੁਪੈ ਹੈ, ਪਰ ਜੇਕਰ ਹੋਰ ਸਟੇਟਾਂ ਨਾਲ ਮੁਕਾਬਲਾ ਕਰਦੇ ਹਨ ਤਾਂ ਗੁਜਰਾਤ ਲੈ ਲਓ; ਉਥੇ ਇਕ ਕਲਰਕ ਦਾ ਗਰੇਡ 125 ਤੋਂ 180 ਹੈ ਪਰ ਉਨ੍ਹਾਂ ਨੂੰ ਡੀਅਰਨੈਸ ਅਲਾਉਂਸ ਸਿਰਫ 90 ਰੁਪੈ ਮਿਲਦਾ ਹੈ, ਰਾਜਿਸਥਾਨ ਵਿਚ 110 ਤੋਂ 200 ਰੁਪੈ ਤਕ ਹੈ ਅਤੇ ਡੀਅਰਨੈਂਸ ਅਲਾਉਂਸ 114 ਰੁਪੈ ਹੈ। ਇਸੇ ਤਰ੍ਹਾਂ ਕੇਰਲਾ ਦੇ ਵਿਚ............

6.00 P.M. **Mr. Deputy Speaker** : Since it is 6.00 P. M. I apply the guillotine.

Demand No. 1

Mr. Deputy Speaker : Question is—

That a Supplementary sum not exceeding Rs. 2,20,300 be granted to the Governor to defray the charges that will come in course of payment for the year ending 31st March, 1971 in respect of 11-Taxes on Vehicles.

The motion was carried.

Demand No. 2

Mr. Deputy Speaker : Question is—

That a Supplementary sum not exceeding Rs. 7,45,880 be granted to the Governor to defray the charges that will come in course of payment for the year ending 31st March, 1971 in respect of 12-Sales Taxes.

The motion was carried.

Demand No. 3

Mr. Deputy Speaker : Question is—

That a Supplementary sum not exceeding Rs. 15,69,490 be granted to the Governor to defray the charges that will come in course of payment for the year ending 31st March, 1971 in respect of 18-Parliament, State/Union Territory Legislatures.

The motion was carried.

Demand No. 4

Mr. Deputy Speaker : Question is—

That a Supplementary sum not exceeding Rs. 26,17,880 be granted to the Governor to defray the Charges that will come in course of payment for the year ending 31st March, 1971 in respect of 19-General Administration.

(After ascertaining the votes of the Members present by voices, Mr. Deputy Speaker gave an opinion. The opinion was challenged. The bells were sounded The question was put again and carried by a voice vote.)

The motion was declared carried.

(MR. SPEAKER IN THE CHAIR)

Demand No. 5

Mr. Speaker : Question is—

That a Supplementary sum not exceeding Rs. 10,720 be granted to the Governor to defray the charges that will come in course of payment for the year ending 31st March, 1971 in respect of 21-Administration of Justice.

The motion was carried.

Demand No. 6

Mr. Speaker : Question is—

That a Supplementary sum not exceeding Rs. 21,500 be granted to the Governor to defray the charges that will come in course of payment for the year ending 31st March, 1971 in respect of 25-Supplies and Disposals.

The motion was carried.

Demand No. 7

Mr. Speaker : Question is—

That a Supplementary sum not exceeding Rs. 4,87,34,000 be granted to the Governor to defray the charges that will come in course of payment for the year ending 31st March, 1971 in respect of 37-Community Development Projects, N.E.S. and Local Development Works.

The motion was carried.

Demand No. 8

Mr. Speaker : Question is—

That a Supplementary sum not exceeding Rs. 4,57,220 be granted to the Governor to defray the charges that will come in course of payment for the year ending 31st March, 1971 in respect of 39-Misc. Social and Developmental Organizations.

The motion was carried.

Demand No. 9

Mr. Speaker : Question is—

That a Supplementary sum not exceeding Rs. 14,35,310 be granted to the Governor to defray the charges that will come in course of payment for the year ending 31st March, 1971 in respect of charges on Irrigation Establishment.

The motion was carried.

Demand No. 10

Mr. Speaker : Question is—

That a Supplementary sum not exceeding Rs. 10,47,000 be granted to the Governor to defray the charges that will come in course of payment for the year ending 31st March, 1971 in respect of 50-Public Works.

The motion was carried.

Demand No. 11

Mr. Speaker : Question is—

That a Supplementary sum not exceeding Rs. 4,85,59,000 be granted to the Governor to defray the charges that will come in course of payment for the year ending 31st March, 1971 in respect of 52-Capital Outlay on Public Works.

The motion was carried.

Demand No. 12

Mr. Speaker : Question is—

That a Supplementary sum not exceeding Rs. 40,64,700 be granted to the Governor to defray the charges that will come in course of payment for the year ending 31st March, 1971 in respect of 65-Pension and other Retirement benefits.

The motion was carried.

Demand No. 13

Mr. Speaker : Question is—

That a Supplementary sum not exceeding Rs. 2,16,930 be granted to the Governor to defray the charges that will come in course of payment for the year ending 31st March, 1971 in respect of 70-Forests.

The motion was carried.

Demand No. 14

Mr. Speaker : Question is—

That a Supplementary sum not exceeding Rs. 76,69,590 be granted to the Governor to defray the charges that will come in course of payment for the year ending 31st March, 1971 in respect of 71-Miscellaneous

The motion was carried.

Demand No. 15

Mr. Speaker : Question is—

That a Supplementary sum not exceeding Rs. 50,140 be granted to the Governor to defray the charges that will come in course of payment for the year ending 31st March, 1971 in respect of 76-other Miscellaneous Compensation and assignments.

The motion was carried.

Demand No. 16

Mr. Speaker : Question is—

That a Supplementary sum not exceeding Rs. 1,24,90,000 be granted to the Governor to defray the charges that will come in course of payment for the year ending 31st March, 1971 in respect of 96-Capital Outlay on Industrial and Economic Development.

The motion was carried.

Demand No. 17

Mr. Speaker : Question is—

That a Supplementary sum not exceeding Rs. 11,92,890 be granted to the Governor to defray the charges that will come in course of payment for the year ending 31st March, 1971 in respect of 99-Capital Outlay on Irrigation, Navigation, Embankment and Drainage Works (Commercial).

The Motion was carried.

Demand No. 18

Mr. Speaker : Question is—

That a Supplementary sum not exceeding Rs. 4,84,09,000 be granted to the Governor to defray the charges that will come in course of payment for the year ending 31st March, 1971 in respect of 103-Capital Outlay on Public Works.

The motion was carried.

Demand No. 19

Mr. Speaker : Question is—

That a Supplementary sum not exceeding Rs. 38,21,000 be granted to the Governor to defray the charges that will come in course of payment for the year ending 31st March, 1971 in respect of 114-Capital Outlay on Road and Water Transport Schemes.

The motion was carried.

Demand No. 20

Mr. Speaker : Question is—

That a Supplementary sum not exceeding Rs. 10 be granted to the Governor to defray the charges that will come in course of payment for the year ending 31st March, 1971 in respect of 26-Miscellaneous Department.

The motion was carried.

Demand No. 21

Mr. Speaker : Question is—

That a Supplementary sum not exceeding Rs. 10 be granted to the Governor to defray the charges that will come in course of payment for the year ending 31st March, 1971 in respect of Loans to Local Funds-Private Parties etc.

The motion was carried.

Mr. Speaker : The House stands adjourned till 9-00 A.M. on Thursday, the 21st January, 1971.

6.15 P.M. | *(The Sabha then adjourned till 9-00 A.M. on Thursday, the 21st January, 1971)*

APPENDIX
to
Punjab Vidhan Sabha Debates
Vol. 1, No. 4
Dated 20th January, 1971

OFFICERS APPOINTED TO SUPERVISE CENSUS OPERATIONS IN THE STATE.

*2091. **Shri Gian Chand Karbanda** : Will the Chief Minister be pleased to :—

(a) lay on the Table of the House a list of the officers of the Punjab Government who have been appointed to supervise census operations in the State on State and District levels;

(b) State the amount of extra allowances sanctioned for them ?

Sardar Parkash Singh Badal :

(a) A list containing the requisite information is laid on the Table of the House.

(b) No extra allowances have been sanctioned by the Punjab Government for them.

The following officers of the Punjab Government have been appoined to supervise Census Operations in the Punjab State.

1.	Shri	P.L. Sondhi, IAS	Director Census Operations, Punjab, Chandigarh.	
2.	,,	H.S. Kwatra, PCS	Deputy Director Census Operations, Punjab (Headquarters).	
3.	,,	S.S. Giani, PCS	-do-	Jullundur
4.	,,	D.K.Jain, PCS	-do-	Patiala
5.	,,	Pyare Lal Bhagat, PCS	-do-	Amritsar
6.	,,	Amarjit Singh Gulati, PCS	District Census Officer,	Amritsar
7.	,,	I.D. Kanwar, PCS	-do-	Bhatinda
8.	,,	M.R. Dhawan PCS	-do-	Ferozepur
9.	,,	K.S. Mahi, PCS	-do-	Gurdaspur
10.	,,	M.K. Sehgal, PCS	-do-	Hoshirpur
11.	,,	T.C. Gupta, PCS	-do-	Jullundur
12.	,,	Mohinder Singh, PCS	-do-	Kapurthala
13.	,,	Gurdev Singh, PCS	-do-	Ludhiana
14.	,,	Y.P. Singh Ahluwalia, PCS	-do-	Patiala
15.	,,	Manmohan Kalia, PCS	-do-	Rupar
16.	,,	H.S. Rakhra, PCS	-do-	Sangrur

MARGINDPURA APPROACH ROAD DISTRICT AMRITSAR

***2311. Sardar Kirpal Singh** : Will the Minister for Irrigation and Power be Pleased to state :—

(a) whether any complaint was sent by Sardar Sajjan Singh margindpuri, Ex-M.L.A. under registered cover on 5-7-70 to the Superintending Engineer, P.W.D., Amritsar, about Margindpura Approach Road which was received by the said officer between 10-7-70 and 16-7-70; if so, the date on which the said letter was received in his office;

(b) if the reply to part (a) above be in the affirmative, the details of the contents of the complaint referred to in part (a) above;

(c) whether any enquiry has been held into the said complaint; if so, the name of the officer who held the enquiry;

(d) whether the said officer gave any opportunity to the complainant, Sardar Sajjan Singh Margindpuri, to prove the complaint by summoning him during the course of enquiry; if not, the reasons therefor ;

(e) whether Sardar Sajjan Singh Margindpuri sent another complaint to the Superintending Engineer, Public Works Department, Amritsar, under registered cover about the matter referred to above which was received in his office on 21-12-70; if so, the details of the said complaint;

(f) whetherany enquiry has been held into the complaint referred to in part (e) above; if so, the name of the officer who held the enquiry;

(g) whether the enquiry Officer contacted Sardar Sajjan Singh Margindpur during the course of enquiry; if so, when; if not, the reasons therefor ?

Sardar Sohan Singh Bassi :

(a) Yes, on 14-7-70.

(b) The complaint mentioned as under :

(i) That bajri was not used on a piece of road near school building Margindpura;

(ii) No bajri was used for a length of 200 feet on the reach Dyalpura to the bridge on canal.

(iii) Only 10% bajri was used on the length of the road between the tubewell of Shri Guridial Singh upto the fall of the Canal.

(iv) Only 5% of Store Metal was used on the reach between Margindpura and Dyalpura;

(v) There is much difference in the quality of bajri used in approach road to village Manihala Jai Singh and Village Margindpura ;

(vi) That the field Officers are guilty of corruption;

(c) Yes; by Shri J.B. Kohli, the then Executive Engineer;

(d) No. The Executive Engineer was only to see whether the work had been executed according to P.W.D. specification or not. The presence of the complainant was not needed.

(e) Yes; the allegations were the same as in (b) above;

(f) As in (c) above.

(g) As in (d) above.

RECOVERY OF LOCAL RATE AND NAMBARDAR FEE FROM THE LAND OWNERS OF VILLAGE KHARLA DODE AND KALSIAN IN AMRITSAR DISTRICT.

*2312. **Sardar Kirpal Singh** : Will the Minister for Revenue and Consolidation of Holdings be pleased to State :—

(a) whether the Revenue Department has imposed and recovered any Local Rate and Nambardari Fee from the Land owners of village Khalra, Dode and Kalsian Khurd, Tehsil Patti, District Amritsar, from Rabi 1955 to Rabi 1970 on the basis of owner's rate imposed by the Canal Department under Section 38 of the Northern India Canal and Drainage Act since Rabi crop 1955, if so, the law under which the said demand and recovery have been made ;

(b) the total amount recovered by way of Local Rate and Nambardari Fee, respectively, from each of the said villages during the period referred to in para (a) above ?

Sardar Atma Singh :

(a) Yes. Under Section 61 (I) of the Punjab Panchayat Samitis and Zila Parishads Act, 1961.

[Sardar Atma Singh]

(b) Total amount recovered, village-wise, which includes Nambardari Fee is under :—

Name of village	Rs.
Khalra	3725·09
Dode	5670·60
Kalsian Khurd	306·29

[(ੳ) ਹਾਂ ਜੀ । ਪੰਜਾਬ ਪੰਚਾਇਤ ਸੰਮਤੀ ਅਤੇ ਜ਼ਿਲਾ ਪ੍ਰੀਸ਼ਦ ਐਕਟ 1961 ਦੀ ਧਾਰਾ 61 (1) ਦੇ ਤਹਿਤ ।

(ਅ) ਪਿੰਡਾਂ ਵਿਚੋਂ ਕੁਲ ਰਕਮ ਦੀ ਵਸੂਲੀ, ਜਿਸ ਵਿਚ ਨੰਬਰਦਾਰੀ ਫੀਸ ਵੀ ਸ਼ਾਮਲ ਹੈ, ਹੇਠ ਦਿੱਤੀ ਜਾਂਦੀ ਹੈ :—

ਨਾਮ ਪਿੰਡ	ਰੁਪਏ
ਖਾਲੜਾ	3725·09
ਦੋਦੇ	5670·60
ਕਲਸੀਆਂ ਖੁਰਦ	306·29]

---

*ਧਿਆਨ ਦਿਵਾਊ ਮਤਿਆਂ ਬਾਰੇ ਸਰਕਾਰੀ ਬਿਆਨ

(ਕ੍ਰਮ ਨੰ: 50)

ਰਾਜ ਮੰਤਰੀ ਉਦਯੋਗ : ਪੰਜਾਬ ਸਰਕਾਰ ਨੂੰ ਇਸ ਤਰ੍ਹਾਂ ਦੀ ਕੋਈ ਜਾਣਕਾਰੀ ਨਹੀਂ ਹੈ ਕਿ ਅੰਮ੍ਰਿਤਸਰ ਦੀ ਓ. ਸੀ. ਐਮ. ਕੰਪਨੀ ਨੂੰ ਵੇਚਿਆ ਜਾ ਰਿਹਾ ਹੈ। ਸਾਡੇ ਨੋਟਿਸ ਵਿੱਚ ਇਹ ਗਲ ਵੀ ਨਹੀਂ ਕਿ ਅੰਮ੍ਰਿਤਸਰ ਦੇ ਕੁਝ ਉਦਯੋਗਪਤੀਆਂ ਨਾਲ ਕਰੋੜ ਰੁਪਏ ਵਿੱਚ ਸੌਦਾ ਹੋ ਗਿਆ ਸੀ। ਪੰਜਾਬ ਸਰਕਾਰ ਨੂੰ ਇਹੋ ਜਿਹੀ ਕੋਈ ਤਜਵੀਜ਼ ਅੰਮ੍ਰਿਤਸਰ ਦੇ ਉਦਯੋਗਪਤੀਆਂ ਵਲੋਂ ਨਹੀਂ ਮਿਲੀ ਜਿਸ ਵਿਚ ਉਨ੍ਹਾਂ ਨੇ ਬੇਨਤੀ ਕੀਤੀ ਹੋਵੇ ਕਿ ਓ. ਸੀ. ਐਮ. ਦੀ ਮਸ਼ੀਨਰੀ ਅਤੇ ਇਮਾਰਤ ਨੂੰ ਖਰੀਦਣ ਵਾਸਤੇ 50 ਲੱਖ ਰੁਪਏ ਦੇ ਕਰਜ਼ੇ ਵਾਸਤੇ ਸਰਕਾਰ ਕਿਸੀ ਵਿੱਤੀ ਸੰਸਥਾ ਨੂੰ ਗਰੰਟੀ ਦੇਵੇ। ਸਰਕਾਰ ਦੇ ਧਿਆਨ ਵਿਚ ਇਹ ਗਲ ਵੀ ਨਹੀਂ ਹੈ ਕਿ ਇਹ ਮਿਲ ਬਿਰਲਾ ਨੂੰ 1 ਕਰੋੜ 8 ਲੱਖ ਰੁਪਏ ਵਿੱਚ ਵੇਚੀ ਜਾ ਰਹੀ ਹੈ। ਐਸ ਵੇਲੇ ਜਿਹੜਾ ਪ੍ਰਬੰਧ ਹੈ ਉਹਨੂੰ ਕਾਨੂੰਨੀ ਤੌਰ ਤੇ ਮਿਲ ਵੇਚਣ ਤੋਂ ਮਨ੍ਹਾ ਨਹੀਂ ਕੀਤਾ ਜਾ ਸਕਦਾ। ਇਹ ਸਮਝ ਵਿੱਚ ਨਹੀਂ ਆਉਂਦਾ ਕਿ ਜੇਕਰ ਬਿਰਲਾ ਇਸ ਨੂੰ ਖਰੀਦ ਵੀ ਰਿਹਾ ਹੈ ਤਾਂ ਕਰੰਸੀ ਦੇ ਬਲੈਕ ਹੋਣ ਦਾ ਕਿਸ ਤਰ੍ਹਾਂ ਸਵਾਲ ਪੈਦਾ ਹੁੰਦਾ ਹੈ। ਵੈਸੇ ਤਾਂ ਸਰਕਾਰ ਦੇ ਧਿਆਨ ਵਿਚ ਇਹੋ ਜਿਹੀ ਕੋਈ ਸੂਚਨਾ ਨਹੀਂ ਜਿਸ ਤੋਂ ਪਤਾ ਲਗੇ ਕਿ ਮਿਲ ਵੇਚੀ ਜਾ ਰਹੀ ਹੈ, ਫਿਰ ਵੀ ਜੇਕਰ ਇਹ ਮੰਨ ਲਿਆ ਜਾਵੇ ਕਿ ਮਿਲ ਵੇਚੀ ਜਾ ਰਹੀ ਹੈ, ਅਤੇ ਨਵਾਂ ਪ੍ਰਬੰਧ ਇਸ ਨੂੰ ਚਲਾਉਣ ਲਗਿਆ ਹੈ ਤਾਂ ਰਾਜ ਦੇ ਹਿਤਾਂ ਅਤੇ ਲੇਬਰ ਨੂੰ ਇਸ ਨਾਲ ਕੋਈ ਅਸਰ ਨਹੀਂ ਪਵੇਗਾ। ਕਿਉਂਕਿ ਜੇਕਰ ਮਿਲ ਵੇਚੀ ਵੀ ਗਈ ਤਾਂ ਨਵਾਂ ਪ੍ਰਬੰਧ ਇਸ ਨੂੰ ਅੰਮ੍ਰਿਤਸਰ ਵਿਖੇ ਚਲਾਈ ਰਖੇਗਾ। ਨਵਾਂ ਪ੍ਰਬੰਧ ਮਿਲ ਨੂੰ ਰਾਜ ਤੋਂ ਬਾਹਰ ਬਿਨਾਂ ਇੰਡਸਟਰੀਜ਼ (ਡਿਵਲਪਮੈਂਟ ਤੇ ਰੈਗੂਲੇਸ਼ਨ ਐਕਟ) ਦੇ ਅਧੀਨ ਭਾਰਤ ਸਰਕਾਰ ਤੋਂ ਲਾਈਸੈਂਸ ਲੈਕੇ ਕਿਸੇ ਹੋਰ ਥਾਂ ਸ਼ਿਫਟ ਨਹੀਂ ਕਰ ਸਕਦਾ। ਇਸ ਤਰ੍ਹਾਂ ਦੇ ਲਾਈਸੈਂਸ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ ਭਾਰਤ ਸਰਕਾਰ ਰਾਜ ਸਰਕਾਰ ਦੀ ਸਹਿਮਤੀ ਲੈਂਦੀ ਹੈ। ਜੇਕਰ ਮਿਲ ਨੂੰ ਕਿਸੇ ਹੋਰ ਰਾਜ ਵਿਚ ਸ਼ਿਫਟ ਕਰਨ ਦਾ ਕੋਈ ਯਤਨ ਕੀਤਾ ਤਾਂ ਸਰਕਾਰ ਇਸ ਦਾ ਹਰ ਤਰ੍ਹਾਂ ਵਿਰੋਧ ਕਰੇਗੀ। ਚਲਦੀ ਹੋਈ ਮਿਲ ਨੂੰ ਲੈਣ ਦੀ ਜਾਂ ਖਰੀਦਣ ਦੀ ਸਰਕਾਰ ਦੀ ਪਾਲਸੀ ਨਹੀਂ ਹੈ। ਸਰਕਾਰ ਅੰਮ੍ਰਿਤਸਰ ਦੇ ਉਦਯੋਗਪਤੀਆਂ ਨਾਲ ਮਿਲ ਕੇ ਵੀ ਇਸ ਨੂੰ ਖਰੀਦਣ ਲਈ ਤਿਆਰ ਨਹੀਂ।

(Serial No. 53)

Sardar Sohan Singh Bassi (Irrigation & Power Minister) : 1. Scheme for installation of deep State tubewells in Balachaur Block of District Hoshiarpur is under investigation on priority basis and reconnaissance has been completed. It is necessary to explore the sub-soil strata by means of drill holes to find out the quantity of ground water available. These bores are to be drilled by the Central Ground Water Board (Government of India) Exploratory bores at villages Dhaktana and Kathgarh of Balachaur Block have been included in the Drilling Programme for the year 1970-71 by the Central Ground Water Board. If these bores are successful, project estimate for installation of deep tubewells in the Balachaur Block will be prepared.

2. As regards supply of electric connections to tube-wells the State is facing acute shortage of power owing to lower inflows of water in the

*ਇਹ ਧਿਆਨ ਦਿਵਾਊ ਮਤੇ ਇਸੇ ਵਾਦਵਿਵਾਦ ਵਿਚ ਪੰਨੇ 53 ਤੋਂ 56 ਵਿਚ ਛਪੇ ਹੋਏ ਹਨ।

Gobind Sagar Lake. According to the policy of the Punjab State Electricity Board applications for tubewell connections received upto 31-10-1967, are to be connected for the present. It has also been decided by the Board that applications received from 1-11-67 to 31-3-68 should also be included in the group estimates and work taken up. The tubewells will be energized progressively on commissioning of the Diesel Sets which are expected to start functioning from March, 1971 to July, 1971. 35 applications from the Kandi Ilaqa of Tehsil Balachaur, District Hoshiarpur are pending with the Board. These applications were received by the Board on or after 6-3-1969. Action on these applications will be taken according to the prevalent policy of the Punjab State Electricity Board.

3. According to a report received from the Deputy Commissioner, Hoshiarpur on the 9th November, 1970, the information regarding drought in the concerned District was Nil'. After that due to lack of rains, situation regarding drought in the whole of the district is similar and Kandi area is no exception If, after conducting special Gardawri, any proposal to remit land revenue is received from the Deputy Commissioner, Hoshiarpur, the same will be considered.

[1. ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਚੌਰ ਵਿਕਾਸ ਖੰਡ ਵਿਖੇ ਡੂੰਘੇ ਸਰਕਾਰੀ ਨਲ ਖੂਹ ਲਗਾਉਣ ਦੀ ਯੋਜਨਾ ਅਤੇ ਪੱਧਰ ਤੇ ਖੋਜ ਅਧੀਨ ਹੈ ਅਤੇ ਮੁਢਲੀ ਪੜਤਾਲ ਮੁਕੰਮਲ ਹੋ ਚੁਕੀ ਹੈ । ਪ੍ਰਾਪਤ ਹੋਣ ਵਾਲੇ ਜਲ ਭੰਡਾਰ ਦਾ ਪਤਾ ਲਗਾਉਣ ਲਈ ਅਜ਼ਮਾਇਸ਼ੀ ਛੇਕਾਂ ਦਵਾਰਾ ਧਰਤੀ ਹੇਠਲੇ ਸਟਰਾਟੇ ਦੀ ਪਰਖ ਕਰਨੀ ਜ਼ਰੂਰੀ ਹੈ । ਇਹ ਛੇਕ ਸੈਂਟਰਲ ਗਰਾਊਂਡ ਵਾਟਰ ਬੋਰਡ (ਭਾਰਤ ਸਰਕਾਰ) ਦਵਾਰਾ ਕੀਤੇ ਜਾਣੇ ਹਨ । ਬਲਾਚੌਰ ਵਿਕਾਸ ਖੰਡ ਦੇ ਪਿੰਡ ਧਕਤਾਲਾ ਅਤੇ ਕਾਠਗੜ੍ਹ ਵਿਚ ਅਜ਼ਮਾਇਸ਼ੀ ਛੇਕਾਂ ਸੈਂਟਰਲ ਗਰਾਊਂਡ ਵਾਟਰ ਬੋਰਡ (ਭਾਰਤ ਸਰਕਾਰ) ਦੇ 1970-71 ਦੇ ਅਜ਼ਮਾਇਸ਼ੀ ਛੇਕਾਂ ਦੇ ਪਰੋਗਰਾਮ ਵਿਚ ਸ਼ਾਮਲ ਹਨ । ਜੇ ਇਹ ਛੇਕ ਸਫਲ ਹੋ ਗਏ ਤਾਂ ਬਲਾਚੌਰ ਵਿਕਾਸ ਖੰਡ ਵਿਖੇ ਡੂੰਘੇ ਨਲ ਖੂਹ ਲਾਉਣ ਦਾ ਪ੍ਰੋਜੈਕਟ ਅਨੁਮਾਨ ਤਿਆਰ ਕੀਤਾ ਜਾਵੇਗਾ ।

2. ਜਿਥੋਂ ਤਕ ਟਿਊਬਵੈਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਦੇਣ ਦਾ ਸਬੰਧ ਹੈ, ਗੋਬਿੰਦ ਸਾਗਰ ਝੀਲ ਦੇ ਵਿਚ ਪਾਣੀ ਥੋੜਾ ਆਉਣ ਕਾਰਨ ਪੰਜਾਬ ਰਾਜ ਨੂੰ ਪਾਣੀ ਦੀ ਭਾਰੀ ਥੁੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪੰਜਾਬ ਰਾਜ ਬਿਜਲੀ ਬੋਰਡ ਦੀ ਨੀਤੀ ਦੇ ਅਨੁਸਾਰ ਹਾਲਾਂ ਤਕ ਟਿਊਬਵੈਲਾਂ ਲਈ 31-10-67 ਤਕ ਆਈਆਂ ਅਰਜ਼ੀਆਂ ਨੂੰ ਕੁਨੈਕਸ਼ਨ ਦੇਣੇ ਹਨ । ਬੋਰਡ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਮਿਤੀ 1-11-67 ਤੋਂ 31-3-68 ਤਕ ਆਈਆਂ ਅਰਜ਼ੀਆ ਨੂੰ ਗਰੁਪ ਐਸਟੀਮੇਟ ਵਿਚ ਸ਼ਾਮਲ ਕਰ ਦਿਤਾ ਜਾਵੇ ਅਤੇ ਕੰਮ ਸ਼ੁਰੂ ਕਰ ਦਿਤਾ ਜਾਵੇ । ਇਨ੍ਹਾਂ ਨੂੰ ਬਿਜਲੀ ਡੀਜ਼ਲ ਸੈੱਟ ਲਗਾਣ ਦੇ ਨਾਲ ਨਾਲ ਦਿਤੀ ਜਾਵੇਗੀ ਅਤੇ ਆਸ ਹੈ ਕਿ ਡੀਜ਼ਲਸੈੱਟ ਮਾਰਚ, 1971 ਤੋਂ ਲੈਕੇ ਜੁਲਾਈ, 1971 ਤਕ ਲਗ ਜਾਣਗੇ । ਜ਼ਿਲ੍ਹਾ ਹੁਸ਼ਿਆਰਪੁਰ ਦੇ ਕਾਂਡੀ ਇਲਾਕੇ ਦੀਆਂ 35 ਅਰਜ਼ੀਆਂ ਟਿਊਬ-ਵੈਲ ਕੁਨੈਕਸ਼ਨਾਂ ਲਈ ਬਿਜਲੀ ਬੋਰਡ ਪਾਸ ਪੈਂਡਿੰਗ ਹਨ, ਇਹ ਅਰਜ਼ੀਆਂ ਬੋਰਡ ਪਾਸ ਮਿਤੀ 6-3-69 ਨੂੰ ਜਾਂ ਇਸ ਤੋਂ ਮਗਰੋਂ ਪੁਜੀਆਂ ਹਨ । ਇਨ੍ਹਾਂ ਅਰਜ਼ੀਆਂ ਤੇ ਬੋਰਡ ਦੀ ਵਰਤਮਾਨ ਪਾਲਿਸੀ ਅਨੁਸਾਰ ਕਾਰਵਾਈ ਕੀਤੀ ਜਾਵੇਗੀ ।

3. ਡੀ. ਸੀ. ਹੁਸ਼ਿਆਰਪੁਰ ਤੋਂ ਮਿਤੀ 9-11-70 ਨੂੰ ਆਈ ਰੀਪੋਰਟ ਅਨੁਸਾਰ ਸਬੰਧਤ ਜ਼ਿਲ੍ਹੇ ਵਿਚ ਸੋਕੇ ਦੀ ਸੂਚਨਾ ਨਿਲ ਸੀ । ਉਸ ਤੋਂ ਬਾਦ ਬਾਰਸ਼ ਨਾ ਹੋਣ ਵਜੋਂ ਸੋਕੇ ਦੀ ਸਥਿਤੀ ਸਾਰੇ

ਹੁਸ਼ਿਆਰਪੁਰ ਜ਼ਿਲ੍ਹੇ ਵਿਚ ਇਕ ਜੈਸੀ ਹੈ ਅਤੇ ਕਾਂਡੀ ਦਾ ਇਲਾਕਾ ਕੋਈ ਵਖਰਾ ਨਹੀਂ । ਡੀ. ਸੀ. ਹੁਸ਼ਿਆਰਪੁਰ ਤੋਂ ਸਪੈਸ਼ਲ ਗਿਰਦਾਵਰੀ ਉਪਰੰਤ ਜੇ ਭੌਂ ਮਾਲੀਏ ਦੀ ਮੁਆਫੀ ਬਾਰੇ ਤਜਵੀਜ਼ ਆਈ ਤਾਂ ਇਸ ਵਿਸ਼ੇ ਤੇ ਵਿਚਾਰ ਕੀਤਾ ਜਾ ਸਕਦਾ ਹੈ ।]

(ਕ੍ਰਮ ਨੰ: 57)

ਸਰਦਾਰ ਸੋਹਨ ਸਿੰਘ ਬਾਸੀ (ਸਿੰਜਾਈ ਤੇ ਬਿਜਲੀ ਮੰਤਰੀ) : ਰਾਵੀ ਦਰਿਆ ਦੇ ਕੈਚਮੈਂਟ ਖੇਤ ਵਿਚ ਕੋਈ ਬਾਰਸ਼ ਨਹੀਂ ਹੋਈ ਜਿਸ ਕਰਕੇ ਸਾਰੇ ਖੇਤਰ ਵਿਚ ਸੋਕ ਦੀ ਹਾਲਤ ਪਾਈ ਜਾਂਦੀ ਹੈ । ਜ਼ਿਲ੍ਹਾ ਅੰਮ੍ਰਿਤਸਰ ਵਿਚ ਸਿੰਜਾਈ ਯੂ. ਬੀ. ਡੀ. ਸੀ. ਨਹਿਰ ਦੁਆਰਾ ਹੀ ਕੀਤੀ ਜਾਂਦੀ ਹੈ ਜੋ ਦਰਿਆ ਰਾਵੀ ਵਿਚੋਂ ਕਢੀ ਗਈ ਹੈ । ਦਰਿਆ ਰਾਵੀ ਵਿਚ ਇਸ ਸਾਲ ਪਾਣੀ ਪਿਛਲੇ ਸਾਲਾਂ (1944-64) ਦੇ ਮੁਕਾਬਲੇ ਬਹੁਤ ਘੱਟ ਹੈ ।

ਸਾਰੀਆਂ ਨਹਿਰਾਂ ਇਕ ਨਿਸਚਿਤ ਵਾਰਾਬੰਦੀ ਦੇ ਢੰਗ ਨਾਲ ਲਾਈਆਂ ਗਈਆ ਹਨ ਅਤੇ ਜਿਨ੍ਹਾਂ ਵੀ ਪਾਣੀ ਮਾਧੋਪੁਰ ਹੈਡਵਰਕਸ ਤੇ ਉਪਲੱਬਧ ਸੀ, ਉਸ ਵਿਚੋਂ ਜੰਮੂ ਅਤੇ ਕਸ਼ਮੀਰ ਨੂੰ ਉਸਦੇ ਹਿਸੇ ਦਾ ਪਾਣੀ ਦੇਣ ਮਗਰੋਂ ਬਾਕੀ ਸਾਰੇ ਦਾ ਸਾਰਾ ਪਾਣੀ ਯੂ. ਬੀ. ਡੀ. ਸੀ. ਦੇ ਰਕਬੇ ਵਿਚ ਹੀ ਵਰਤਿਆ ਗਿਆ ।

ਨਿਮਨ ਲਿਖਤ ਸ਼ਰੇਣੀ ਉਪਲੱਬਧੀ ਅਤੇ ਵਰਤੋਂ ਕੀਤੀ ਗਈ ਮਾਤਰਾ ਦਾ ਸਪਸ਼ਟੀਕਰਣ ਦੇਂਦੀ ਹੈ :—

ਮਹੀਨੇ ਦਾ ਨਾਂ	ਯੂ. ਬੀ. ਡੀ. ਸੀ. ਦੀ ਔਸਤ ਰੋਜ਼ਾਨਾ ਮੰਗ	ਦਰਿਆ ਰਾਵੀ ਦੀ ਰੋਜ਼ਾਨਾਂ ਔਸਤ ਡਿਸਚਾਰਜ 1941-65	1970-71 ਰਬੀ ਦੇ ਦੌਰਾਨ ਰੋਜ਼ਾਨਾਂ ਔਸਤ ਮਿਲਣਯੋਗ ਮਾਤਰਾ	ਯੂ.ਬੀ.ਡੀ.ਸੀ.ਦੇ ਹੈਡ ਤੋਂ ਰੋਜ਼ਾਨਾ ਔਸਤ ਵਰਤੀ ਗਈ ਮਾਤਰਾ
16 ਅਕਤੂਬਰ ਤੋਂ 31 ਅਕਤੂਬਰ	6475 ਕਿਊਸਿਕਸ	3985 ਕਿਊਸਿਕਸ	3821 ਕਿਊਸਿਕਸ	3614 ਕਿਊਸਿਕਸ
ਨਵੰਬਰ 1970	5200 ,,	2928 ,,	2106 ,,	1895 ,,
ਦਸੰਬਰ 1970	5240 ,,	2452 ,,	1757 ,,	1649 ,,
ਜਨਵਰੀ 1-20 1971	4990 ,,	2971 ,,	1660 ,,	1370 ,,

ਮੰਗ ਅਨੁਸਾਰ ਮਾਤਰਾ ਕੇਵਲ ਥੀਨ ਡੈਮ ਦੀ ਉਸਾਰੀ ਮਗਰੋਂ ਹੀ ਦਿਤੀ ਜਾ ਸਕਦੀ ਹੈ । ਸਥਿਤੀ ਵਿਚ ਸੁਧਾਰ ਤਾਂ ਹੀ ਸੰਭਵ ਹੈ ਜੇ ਦਰਿਆ ਰਾਵੀ ਦੇ ਕੈਚਮੈਂਟ ਖੇਤਰ ਵਿਚ ਚਾਲੂ ਸਰਦੀਆਂ ਵਿਚ ਤਸੱਲੀ ਬਖਸ਼ ਬਾਰਸ਼ ਹੋ ਜਾਵੇ ।

[There had been no rains this year in the catchment are as of rivers and the drought conditions are prevailing all over this region.

The Canal serving the District of Amritsar received their supplies through U.B.D.C. and the supplies in the river Ravi had been abnormally low this year as compared to the preceding years.

The Canals were run on rotation and all the available discharge at Madhopur in River Ravi was utilized in U.B.D.C. after giving shared supplies to Jammu & Kashmir.

The following table will clarify the position of supplies available and the Irrigation requirements to U.B.D.C.

Name of the Month	Average Daily Requirement U.B.D.C	Average Daily Discharge of River Ravi from 1941-65.	Average Daily Discharge of available River Ravi during Ravi 1970-71.	Average Daily Discharge Utilized by U.B.D.C. at Head.
16 Oct. to 31 Oct. 1970.	6575 Cs	3985 Cs	3821 Cs	3614 Cs
Nov. 1970	5290 Cs	2928 Cs	2106 Cs	1895 Cs
Dec. 1970	5240 Cs	2452 Cs	1757 Cs	1649 Cs
January 1-20 1971	4990Cs	29 71 Cs	1460Cs	1370 Cs

The assured supplies during Rabi will only be possible after the Construction of Thein Dam.

The position may improve if there are Winter rains in the Catchment of River Ravi.]

(Serial No. 61.)

Sardar Surjit Singh (Education Minister) : The grades of the non-teaching staff working in non-Government Colleges have not been revised and as such the question of provision of funds and release of grants to non-Government Colleges for the reimbursement of additional expenditure, does not arise.

In accordance with the recommendations made by the University Grants Commission as embodied in the Kothari Commission Report, the grades of the teaching personnel working in non-Government Colleges were revised with effect from 1-11-1966. The additional expenditure involved in consequence of this revision is being borne by the State and Central Government on 20% and 80% basis respectively. No Central Government assistance is available for the revision of pay grades of non-teaching staff working in non-Government Colleges and the State Government is not in a position to undertake the additional financial liability.

[ਗੈਰ-ਸਰਕਾਰੀ ਕਾਲਜਾਂ ਵਿਚ ਕੰਮ ਕਰ ਰਹੇ ਗੈਰ-ਅਧਿਆਪਕ ਅਮਲੇ ਦੇ ਗਰੇਡਾਂ ਦੀ ਸੁਧਾਈ ਨਹੀਂ ਕੀਤੀ ਗਈ । ਇਸ ਲਈ ਇਨ੍ਹਾਂ ਸੰਬੰਧੀ ਫੰਡਜ਼ ਦੀ ਪ੍ਰੋਵੀਯਨ ਕਰਨ ਦਾ ਅਤੇ ਗੈਰ-ਸਰਕਾਰੀ ਕਾਲਜਾਂ ਨੂੰ ਵਧੀਕ ਖਰਚੇ ਸੰਬੰਧੀ ਪ੍ਰਤਿਪੂਰਤੀ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੀ ਸਿਫਾਰਸ਼ਾਂ ਅਨੁਸਾਰ ਜਿਹੜੀਆਂ ਕੋਠਾਰੀ ਕਮਿਸ਼ਨ ਦੀ ਰਪੋਟ ਵਿਚ ਅੰਕਤ ਹਨ, ਗੈਰ-ਸਰਕਾਰੀ ਕਾਲਜਾਂ ਦੇ ਅਧਿਆਪਕ ਅਮਲੇ ਦੇ ਗਰੇਡ ਮਿਤੀ 1-11-1966 ਤੋਂ ਸੋਧੇ ਗਏ ਹਨ । ਇਸ ਸੁਧਾਈ ਕਾਰਨ ਹੋਣ ਵਾਲੇ ਵਾਧੂ ਖਰਚੇ ਦੀ ਪ੍ਰਤਿਪੂਰਤੀ ਰਾਜ ਸਰਕਾਰ ਅਤੇ ਕੇਂਦਰੀ ਸਰਕਾਰ ਕ੍ਰਮਵਾਰ 20 ਫ਼ੀ ਸਦੀ ਅਤੇ 80 ਫ਼ੀ ਸਦੀ ਦੇ ਅਨੁਪਾਤ ਅਨੁਸਾਰ ਕਰ ਰਹੀ ਹੈ । ਗੈਰ-ਸਰਕਾਰੀ ਕਾਲਜਾਂ ਵਿਚ ਕੰਮ ਕਰ ਰਹੇ ਗੈਰ-ਅਧਿਆਪਕ ਅਮਲੇ ਦੇ ਗਰੇਡਾਂ ਦੀ ਸੁਧਾਈ ਸੰਬੰਧੀ ਕੇਂਦਰੀ ਸਰਕਾਰ ਨੇ ਕੋਈ ਸਹਾਇਤਾ ਨਹੀਂ ਦੇਣੀ ਅਤੇ ਰਾਜ ਸਰਕਾਰ ਇਸ ਬਾਰੇ ਵਧੀਕ ਭਾਰ ਆਪਣੇ ਜ਼ਿਮੇ ਲੈਣ ਤੋਂ ਅਸਮਰੱਥ ਹੈ ।]

Published under the authority of the Punjab Vidhan Sabha
Printed by : Standard Printers, Jullundur City.

PUNJAB VIDHAN SABHA

DEBATES

21st January, 1971

(Morning Sitting)

Vol. I—No. 5

OFFICIAL REPORT

CONTENTS

Thursday, the 21st January, 1971

Punjab Vidhan Sabha Sectt.

Rs. 1.50

ERRATA

To

Punjab Vidhan Sabha Debates

Dated 21-1-1971 (Morning Sitting)
Vol. 1—No, 5

Read	*For*	*Page*	*Line*
Sabha	*Sahha*	(5)1	4
Sector 1,	*Sector*,	(5)1	4
Chandigarh	Chandlgarh	(5)9	2nd from below
of	af	(5)13	28th from below
and	apd	(5)18	7th from below
and	ahd	(5)23	19th from below
Subject	Subjeet	(5)24	last
of syllabus	us; of syllab	(5)28	9
officials	fficials	(5)30	24th from below
Zila	Zilae	(5)30	16th from below
Authority	Authorlty	(5)31	16
conferred	conferrd	(5)82	3rd from below
ਦਾ ਹੁੰਦਾ	ੲਾ ਸੀ ਹੁੰਦਾ	(5)35	7th from below
ਸਰਦਾਰ ਸਰੂਪ ਸਿੰਘ	ਸਿਰਦਾਰ ਸਰੂਪ ਸਿੰਘ	(5)36	11
ਕੀ	ਕਿ	(5)36	14
ਲਿਆਂਦੀਆਂ	ਲਿਆਂਦਿਆਂ	(5)37	10
ਨਹੀਂ	ਨਰੀਂ	(5)41	10th from below
Sardar Parkash Singh Badal	Sardar Pakash Singh Badal	(5)44	5

P.T.O.

Read	*For*	*Page*	*Line*
WRITTEN	WRITEEN	(5)51	Heading
said	sidd	(5)57	1
cultural activities	culturalctivities	(5)63	15th from below
Agriculture	agrlculture	(5)68	3
Ludhiana	Ludhuiana	(5)86	9
Harijan Basti	Harjan Basti	(5)87	16th from below
Amritsar	Amrisar	(5)91	9
ਚੌਧਰੀ ਬਲਬੀਰ ਸਿੰਘ	ਚੌਧਰੀ ਲਬੀਰ ਸਿੰਘ	(5)97	13
कांग्रेस	कांग्रेम	(5)103	19
सोशलिज़्म	सोज़ालितम	(5)105	4th from below and last line
की	को	(5)109	8
ਜ਼ਿਆਦਾ ਮਿਕਦਾਰ	ਜ਼ਿਆ ਕਦਾਰ	(5)127	last line
ਸਰਦਾਰ ਪ੍ਰਤਾਪ ਸਿੰਘ ਕਾਦੀਆਂ (ਕੁਮਕਲਾਂ)	ਸਰਦਾਰ ਪਰਤਾਪ ਸਿੰਘ (ਕੁਮਕਲਾਂ) ਕਾਦੀਆਂ	(5)137	9
Utilized	Utillzed	(Appendix) vii	19
Amount	Amouut	(Appendix) x	4

PUNJAB VIDHAN SABHA

Thursday, the 21st January, 1971

(Morning Sitting)

The Sabha met in the Hall of the Vidhan Bhavan, Sector, Chandigarh, at 9-00 a.m. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

STARRED QUESTION No. 2309

ਸ਼੍ਰੀ ਸਪੀਕਰ : ਸਵਾਲ ਨੰ : *2309 ਅਗੇ ਪਾਉਣ ਲਈ ਕਿਹਾ ਗਿਆ ਹੈ । (Extension has been applied for in respect of starred question No. 2309)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਮੈਂ ਡਿਊ ਨੋਟਿਸ ਦਿਤਾ ਹੈ ਅਤੇ ਇਸ ਵਿਚ ਕੋਈ ਐਸੀ ਗੱਲ ਨਹੀਂ ਹੈ ਜਿਸ ਕਾਰਨ ਕਿ ਇਹ ਸਵਾਲ ਅੱਗੇ ਪਾਇਆ ਜਾਵੇ ।

ਸ਼੍ਰੀ ਸਪੀਕਰ : ਇਸ ਸਵਾਲ ਵਾਸਤੇ ਫੀਲਡ ਵਿਚੋਂ ਹਾਲੇ ਇਨਫਰਮੇਸ਼ਨ ਆਉਣੀ ਰਹਿੰਦੀ ਹੈ । (Some information is still awaited from out-stations with regard to this question)

ਸਰਦਾਰ ਦਲੀਪ ਸਿੰਘ ਪਾਂਧੀ : ਇਸ ਚੀਜ਼ ਦੀ ਅਸ਼ੋਰੈਂਸ ਆਉਣੀ ਚਾਹੀਦੀ ਹੈ ਅਤੇ ਇਸ ਸਵਾਲ ਦਾ ਜਵਾਬ ਇਸੇ ਸੈਸ਼ਨ ਵਿਚ ਆਉਣਾ ਚਾਹੀਦਾ ਹੈ ਨਹੀਂ ਤਾਂ ਮੈਂ ਇਸ ਗੱਲ ਤੇ ਪਰੋਟੈਸਟ ਕਰਾਂਗਾ ।

ਕਾਮਰੇਡ ਸੱਤ ਪਾਲ ਡਾਂਗ : ਇਸ ਸਵਾਲ ਦਾ ਜਵਾਬ ਹਾਊਸ ਦੀ ਟੇਬਲ ਤੇ ਪਿਆ ਹੋਇਆ ਹੈ ਫੇਰ ਐਕਸਟੈਨਸ਼ਨ ਕਿਉਂ ਮੰਗੀ ਗਈ ਹੈ ?

ਸ਼੍ਰੀ ਸਪੀਕਰ : ਵਜ਼ੀਰ ਸਾਹਿਬ ਨੇ ਲਿਖਿਆ ਹੈ ਕਿ ਇਹ ਇਨਫਰਮੇਸ਼ਨ ਉਹਨਾਂ ਦੀ ਸੈਟਿਸਫੈਕਸ਼ਨ ਦੇ ਮੁਤਾਬਿਕ ਨਹੀ ਹੈ । (The hon. Minister has written to say that the information given in the reply to this question is not to his satisfaction)

Comrade Satya Pal Dang : Sir, the reply has already been laid on the table of the House. We have just now read it. So, there is no reason to postpone it.

ਸ੍ਰੀ ਸਪੀਕਰ : ਵਜ਼ੀਰ ਸਾਹਿਬ ਕਹਿੰਦੇ ਹਨ ਕਿ ਉਹ ਇਸ ਜਵਾਬ ਤੋਂ ਸੰਤੁਸ਼ਟ ਨਹੀਂ ਹਨ, ਇਸ ਲਈ ਹੋਰ ਟਾਇਮ ਮੰਗਿਆ ਗਿਆ ਹੈ । (The hon. Minister says that he is not satisfied with the reply. As such extension has been asked for.)

ਚੌਧਰੀ ਬਲਬੀਰ ਸਿੰਘ : ਇਸ ਸਵਾਲ ਦਾ ਜਵਾਬ ਹਾਊਸ ਦੀ ਮੇਜ਼ ਤੇ ਰਖਿਆ ਜਾ ਚੁਕਿਆ ਹੈ । (ਵਿਘਨ) ਜਦੋਂ ਜਵਾਬ ਮੇਜ਼ ਤੇ ਰੱਖ ਦਿਤਾ ਜਾਵੇ (ਵਿਘਨ)....

ਸ੍ਰੀ ਸਪੀਕਰ : ਜਦੋਂ ਤਕ ਕੋਈ ਸਵਾਲ ਪੁੱਛ ਨਾ ਲਿਆ ਜਾਵੇ ਉਦੋਂ ਤਕ ਉਹ ਸਵਾਲ ਕਾਰਵਾਈ ਵਿਚ ਬਿਲਕੁਲ ਨਹੀਂ ਆਉਂਦਾ । (Unless a question is actually put in the House, it does not form part of the proceedings.)

ਚੌਧਰੀ ਬਲਬੀਰ ਸਿੰਘ : ਜਦੋਂ ਸਵਾਲ ਦਾ ਜਵਾਬ ਹਾਊਸ ਦੀ ਟਬਲ ਉਪਰ ਰਖ ਦਿਤਾ ਜਾਵੇ..

ਸਰਦਾਰ ਸਰੂਪ ਸਿੰਘ : ਹਾਊਸ ਨੇ ਜੋ ....(ਵਿਘਨ)

ਚੋਧਰੀ ਜਗਤ ਰਾਮ : ਇਹ ਮੈਂਬਰ ਤਾਂ ਐਮ. ਪੀ. ਬਣਨ ਲਈ ਤਿਆਰੀ ਕਰ ਰਹੇ ਹਨ (ਵਿਘਨ)

ਚੌਧਰੀ ਬਲਬੀਰ ਸਿੰਘ : ਜਦੋਂ ਸਵਾਲ ਦਾ ਜਵਾਬ ਮਨਿਸਟਰ ਦੀ ਅਪਰੂਵਲ ਨਾਲ ਹਾਊਸ ਦੀਂ ਮੇਜ਼ ਤੇ ਰਖ ਦਿਤਾ ਜਾਵੇ, ਤਾਂ ਫੇਰ ਉਹੀ ਮਨਿਸਟਰ ਉਸ ਜਵਾਬ ਨਾਲ ਸੰਤੁਸ਼ਟ ਕਿਵੇਂ ਨਹੀਂ ਹੈ ?

चौधरी केवल कृष्ण : मैं यह कह रहा हूं कि जब तक सैकुलरिज्म नहीं आता लोगों को रोटी, कपड़ा और मकान नहीं मिल सकते ।

ਸ੍ਰੀ **ਸਭਾਪਤੀ** : ਇਹ ਰੈਲੇਵੇਂਟ ਤਾਂ ਨਜ਼ਰ ਨਹੀਂ ਆਉਂਦਾ ਪਰ ਹਿੰਦੀ ਦੀ ਗੱਲ ਹੈ ਸ਼ਾਇਦ ਕੁਝ ਸਬੰਧ ਹੋਵੇ । (This topic of Hindi language does not appear to be connected with the subject matter of the Resolution. However, let us see if it has some bearing upon it.)

चौधरी केवल कृष्ण : फिर गुरू नानक और पंजाब यूनिवर्सिटियों का झगड़ा है । गुरू नानक यूनिवर्सिटी वाले कहते हैं कि इस तरह से इम्तिहान नहीं हो सकता पंजाब यूनिवर्सिटी वाले कहते हैं कि ज़रूर होगा । फिर मील पत्थरों और बसों पर हिन्दी लिखाई की मामूली बातें स्पष्ट करती हैं कि हम कहां खड़े हैं और इस सरकार की नीति क्या है ? (विघ्न) अगर सरकार इस ओर ध्यान दे तो ठीक है नहीं तो ताकत तो आप के हाथ में हैं ही । फिर म्युनिसिपल वोटर्ज की लिस्टें पंजाबी में ही छपेंगी हिन्दी में छापने से रोक दिया गया हैं ।

ਸ੍ਰੀ **ਸਭਾਪਤੀ** : ਡਾਕਟਰ ਸਾਹਿਬ, ਕਿਸੇ ਹੋਰ ਮੌਕੇ ਤੇ ਕਹਿ ਲੈਣਾ । *Addressing Dr. Keval Krishan* : You may please refer to this topic on some other occasion.)

चौधरी केवल कृष्ण : मैं सेकुलरिज्म की बात कर रहा हूं । यहां पर फिरकाप्रस्ती की हद हो गई है । हम ने अखबार में पढ़ा है, सरदार उमराओ सिंह जी ने भी कहा था कि इन की मीटिंग में बात हुई थी और यह आज अखबारों में निकला है कि उन का निशाना, तो सिख स्टेट है, पंजाबी सूबा नहीं, यह तो पहला मरहला है । (विघ्न) अगर इन्हों ने सचमुच ही यह बात कही है तो यह शेख अब्दुल्ला की पैरवी कर रहे हैं और इनका हशर भी वही होगा जो उस का हुआ है । उन्हें समझना चाहिए कि उन्हें विधान के प्रतिकूल बात नहीं करनी चाहिये । (विघ्न) अगर यह कह दें कि इन्हों ने नहीं कहा तो हम यह शब्द वापिस ले लेंगे ।

ਸਰਦਾਰ ਰਾਜਾ ਸਿੰਘ : ਹਿੰਦੀ ਦਾ ਰੌਲਾ ਪਾਕੇ ਹੀ ਤਾਂ ਇਹ ਸਿੱਖ ਸਟੇਟ ਬਣਵਾ ਰਹੇ ਹਨ . . . . .(ਵਿਘਨ)

चौधरी केवल कृष्ण : हिन्दी को दूसरी भाषा बनाने के लिए कहा था । मुझे दुख है कि हिन्दी को दूसरी भाषा की बात को सुनकर इन्हों ने एक नया शोशा छोड़ दिया है कि उर्दू दूसरी भाषा हो । रियास्ती जी के बयान की

कटिंग मेरे पास है । बादल साहिब ने भी कहा कि उर्दू को दूसरी भाषा बनाए जाने के बारे में सोचा जा सकता है । क्या यह फिरकाप्रस्ती नहीं है ? मरदमशुमारी की बात है । इनके एक वज़ीर साहिब यहां हाऊस में कहते हैं कि तुम लिखाओ अपनी मातृ भाषा हिन्दी मैं तुम्हें 6 महीने के लिये अन्दर करवा दूंगा । मैं कहता हूं भला हो इस मन्त्री जी का इन्हों ने पंजाब के लोगों को जगा दिया है और बताया है कि इन के हृदय में क्या है । मगर मैं कहूंगा कि वह ऐसी बातों से अकाली पार्टी की विचारधारा को तकवीयत नहीं दे रहे । कई साथी हंस रहे हैं । जब आनन्दपुर निर्वाचन क्षेत्र को इलैक्शन के लिये सरदार करतार सिंह वैद...।

ਸ੍ਰੀ ਸਭਾਪਤੀ : ਆਪ ਰੇਜ਼ੋਲਿਊਸ਼ਨ ਤੇ ਬੋਲੋ ਇਹ ਰੈਲੇਵੈਂਟ ਨਹੀਂ ਹੈ । (This is not relevant, please speak on the Resolution.)

चौधरी केवल कृष्ण : इस सम्बन्ध में एक बात और कहूंगा कि पंजाबी सूबा छोटा हो गया है । पंजाबी बोली तो कुल्लू मनाली से लेकर अम्बाले तक बोली जाती है । में स्पष्ट कहूं कि भाषा के आधार पर यह सूबा नहीं बना यह सूबा बना है तअस्सुब के आधार पर, भाषा के आधार पर बनता तो सूबा बड़ा होता (तालियां) जो ज़िला होशयारपुर है वह पंजाबी बोलता है, उसे बैकवर्ड करार दिया गया है । वहां पर आबादी अकलीयत की ज्यादा है, इस लिये उस से बे-इन्साफी होती है । सारे पंजाब में सड़कें जो बनी हैं उन में से होश्यारपुर में बहुत कम बनी हैं । पंजाब में 350 स्कूल अपग्रेड हुए मगर होश्यारपुर ज़िले में सिर्फ 22—23 ही हुए । इस तरह से हर बात में उन लोगों से जानबूझ कर बेइन्साफी की जा रही है ।

फिर फाज़िलका और अबोहर पंजाब से निकल गया । अकाली पार्टी कहती है कि हम ने नहीं निकाला . . . .

ਸ੍ਰੀ ਸਭਾਪਤੀ : ਤੁਸੀਂ 2 ਮਿੰਟ ਹੋਰ ਬੋਲ ਸਕਦੇ ਹੋ । (You have two minutes more)

चौधरी केवल कृष्ण : Resolution का mover एक घन्टा बोल सकता है . . . ।

ਸ੍ਰੀ ਸਭਾਪਤੀ : ਨਹੀਂ, ਤੁਸੀਂ 30 ਮਿੰਟ ਅਤੇ ਬਾਕੀ 15 ਮਿੰਟ । (No. You can speak for 30 minutes while others can speak for 15 minutes each.)

चौधरी केवल कृष्ण : मुझे 10 मिंट और दें ।

ਸ੍ਰੀ ਸਭਾਪਤੀ : 2-4 ਮਿੰਟ । (You can have 2 to 4 minutes more)

चौधरी केवल कृष्ण : मेरे पास कटिंग है सरदार गुरनाम सिंह के उस ब्यान की जो इन्हों ने मुख्य मन्त्री के पद से अस्तीफा देने के फौरन बाद दिया । इन्हों ने कहा कि संत जी ने अपनी जान बचाने के लिए फाज़िलका और अबोहर का इलाका तशतरी में रख कर दे दिया । इस में और भी बातें हैं । (विघ्न) मैं यह बता रहा हूं कि यह सरकार कितनी सैकुलर है । फिर आप देखें जो म्युनिसिपल कमेटियां तोड़ी गई हैं वह हैं, जालन्धर, लुध्याना, पटियाला, होश्यारपुर, गुरदासपुर, पठानकोट, सब का सफाया कर दिया । क्या बात है ? क्या अब ही उन में करप्शन इन को नज़र आई ? क्या अब वहां, गड़बड़ शुरू हो गई ? इस के पीछे भी तास्सुब की भावना ही है । इन को तोड़ा गया क्योंकि इन में अकाली म्यूनिसिपल कमिश्नर नहीं हैं, इस लिये दूसरों का सफाया करके इनको लाना चाहते हैं । यह गलत बात है । सब को अपने साथ लेना चाहिये, आप तो एक ही वर्ग की नुमायंदगी कर रहे हैं । अब रही जमहुरियत की बात । यह कहते हैं हम 'Government of the people, for the people and by the people' चला रहे हैं । हमारे देश में इंगलैंड के लार्ड चांसलर, लार्ड हेलशम स्पीकर्ज़ कांफरैंस में भाग लेने के लिये अभी दिल्ली आए थे । उन्हों ने एक इन्टरवियू में कहा यह अखबारों में आया है :

> "पिछले 20 साल से अधिक अर्सा से हिन्दोस्तान में जमहूरी तरीका कामयाबी से चल रहा है । मुल्क की कौमी आमदनी दुगनी हो गई है । आप की फौज बड़ी और मज़बूत है । यहां जमहूरियत को कोई खतरा नही हैं । जमहूरियत जड़ें पकड़ चुकी है ।

इस लिये मैं प्रान्तीय सरकार से कहूंगा कि यह अकलियत के साथ अच्छा सलूक करें । इस लिए अकाली सरकार सोचे कि इस ने अकलियत के साथ अच्छा सलूक करना है ताकि वह गुस्से में न आए ।

इस के साथ ही मैं यह कहूंगा कि जमहूरियत को बचाना आप का धर्म है । चंडीगढ़ के बारे में ऐजीटेशन के दौरान क्या कुछ इन की तरफ से नहीं किया गया । इस पंजाब के अन्दर राषट्रीय ध्वज को, कौमी झंडे को जलाया गया और उसका अपमान किया गया और राष्ट्र पिता महात्मा गांधी जी के बुत का अपमान किया गया । (विघ्न)

ਸਿਰਦਾਰ ਕਪੂਰ ਸਿੰਘ : ਇਨ੍ਹਾਂ ਗੱਲਾਂ ਦਾ ਇਸ ਮਤੇ ਨਾਲ ਕੀ ਸਬੰਧ ਹੈ, ਪਰਧਾਨ ਸਾਹਿਬ ?

Mr. Chairman : This is not relevant. Please resume your seat now.

. चौधरी केवल कृष्ण : सिख होम लैंड के नारे लगाए गए । जुदा हो जाने और फौज में बगावत करवा देने की धमकियां दीं । अभी अभी हमारे वजीर खजाना ने विधान जला देने की बात कही । इस तरह की बातें ठीक नहीं हैं ।

Mr. Chairman : Please resume your seat now.

चौधरी केवल कृष्ण : मैं इतना कह कर अपनी बात को खत्म करता हूं कि लोगों को रोटी, कपड़ा, मकान, सेहत और तालीम देनी चाहिए । अगर इन सब का प्रबन्ध करना हो तो जमहूरियत की नींव सैकुलरिज्म और सोशलिज़म पर आधारित होनी चाहिए और इस के ईंट पत्थर और गारे से इस पर एक महल खड़ा करना चाहिए और इस में हम सब को मिल कर काम करना चाहिए ताकि देश का और हमारे सूबे का भला हो सके । इन शबदों के साथ मैं इस प्रस्ताव को पेश करता हूँ ।

Mr. Chairman (Sardar Shashpal Singh): Motion moved :

This House recommends to the Government to take steps so that basic needs of every individual in the State are ensured and essential requirements in respect of food, clothing, housing, education and health are provided as soon as possible.

ਸਿਰਦਾਰ ਕਪੂਰ ਸਿੰਘ (ਸਮਰਾਲਾ): ਪਰਧਾਨ ਸਾਹਿਬ, ਜਿਸ ਵੇਲੇ ਇਹ ਮਤਾ ਪੇਸ਼ ਹੋਣ ਲਗਾ ਅਤੇ ਇਸ ਦੀ ਨਕਲ ਮੈਨੂੰ ਦਿਤੀ ਗਈ ਤਾਂ ਮੈਂ ਇਸ ਨੂੰ ਪੜ੍ਹਿਆ ਅਤੇ ਇਹ ਅਨੁਭਵ ਕੀਤਾ ਕਿ ਇਸ ਵਿਚ ਜਨਤਾ ਦੀ ਭਲਾਈ ਲਈ ਅਤੇ ਲੋਕਾਂ ਦੀ ਉਨਤੀ ਵਾਸਤੇ ਗਲ ਕੀਤੀ ਗਈ ਹੈ, ਪਰ ਜਦ ਮੈਂ ਆਪਣੇ ਮਾਨਯੋਗ ਮਿਤ੍ਰ ਦਾ ਭਾਸ਼ਨ ਸੁਣਿਆ ਤਾਂ ਮੈਂ ਇਹ ਸਮਝਿਆ ਕਿ ਉਨ੍ਹਾਂ ਦੀ ਮੰਗ ਲੋਕਾਂ ਨੂੰ ਰੋਟੀ, ਕਪੜਾ, ਘਰ, ਵਿਦਿਆ, ਸੇਹਤ ਆਦਿ ਦੇਣ ਦੀ ਨਹੀਂ ਸਗੋਂ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾ ਵਿਚ ਸ੍ਰੀਮਤੀ ਇੰਦਰਾ ਗਾਂਧੀ ਲਈ ਵੋਟਾਂ ਮਗਣ ਤੇ ਲੈਣ ਦੀ ਹੈ । ਕਿਸ ਤਰ੍ਹਾਂ ਇੰਦਰਾ ਜੀ ਦੇ ਗੁਟ ਨੂੰ ਵੋਟਾ ਪਾਈਆਂ ਜਾਣ ਅਤੇ ਕਿਸ ਤਰ੍ਹਾਂ ਅਕਾਲੀ ਪਾਰਟੀ ਦੀ ਸਰਕਾਰ ਨੂੰ ਗਦੀਆਂ ਤੋਂ ਲਾਹਿਆ ਜਾਵੇ । (ਵਿਘਨ)

ਸਰਦਾਰ ਉਮਰਾਓ ਸਿੰਘ : ਇਨ੍ਹਾਂ ਦੀਆਂ ਗੱਦੀਆਂ ਤਾਂ ਕਾਇਮ ਹਨ ਇਹ ਇਲੈਕਸ਼ਨਾਂ ਲੋਕ ਸਭਾ ਦੀਆਂ ਹੋ ਰਹੀਆਂ ਹਨ ਇਸ ਅਸੈਂਬਲੀ ਦੀਆਂ ਨਹੀਂ ਹੋ ਰਹੀਆਂ । (ਵਿਘਨ) ।

ਸ੍ਰੀ ਸਭਾਪਤੀ : ਮੈਂ ਮਾਨਯੋਗ ਮੈਂਬਰ ਨੂੰ ਕਹਾਂਗਾ ਕਿ ਇਸ ਤਰ੍ਹਾਂ ਇਨਟਰੱਪਟ ਨਾ ਕਰਨ (I would request the hon. Member not to interrupt in this manner)

ਸਿਰਦਾਰ ਕਪੂਰ ਸਿੰਘ : ਮਾਨਯੋਗ ਮੈਂਬਰ ਨੇ ਇਸ ਮਤੇ ਤੇ ਬੋਲਦਿਆਂ ਇਹ ਮੰਗ ਭੀ ਕਰ ਦਿਤੀ ਹੈ ਕਿ ਹਿੰਦੀ ਨੂੰ ਰਾਸ਼ਟਰ ਭਾਸ਼ਾ ਬਣਾਇਆ ਜਾਵੇ ਅਤੇ ਪੰਜਾਬੀ ਨੂੰ ਪ੍ਰਾਦੇਸ਼ਕ ਭਾਸ਼ਾ ਦਾ ਦਰਜਾ ਦਿਤਾ ਜਾਵੇ । ਇਹ ਸਾਰੀਆਂ ਗਲਾਂ ਇਸ ਮਤੇ ਨਾਲ ਅਸੰਗਤ ਅਤੇ ਅਜੋੜ ਸਨ ਅਤੇ ਇਸ ਮਤੇ ਦਾ ਭਾਵ ਨਹੀਂ ਪਰਗਟ ਕਰਦੀਆਂ ।

ਜਿਸ ਵੇਲੇ ਕਲ੍ਹ ਇਹ ਮਤਾ ਆਇਆ ਅਤੇ ਇਸ ਦਾ ਨੋਟਿਸ ਆਇਆ ਤਾਂ ਮੈਂ ਇਸ ਮਤੇ ਵਿਚ ਇਕ ਸੰਸ਼ੋਧਨ ਪੇਸ਼ ਕਰਨ ਦੀ ਮੰਗ ਕੀਤੀ । ਮੇਰਾ ਸੰਸ਼ੋਧਨ ਇਹ ਸੀ ਕਿ ਇਸ ਮਤੇ ਵਿੱਚ ਜਿਥੇ ਰੋਟੀ, ਕਪੜਾ, ਘਰ, ਵਿਦਿਆ ਅਤੇ ਸਿਹਤ ਦਾ ਪ੍ਰਬੰਧ ਸਰਕਾਰ ਵਲੋਂ ਕਰਨ ਦੀ ਮੰਗ ਕੀਤੀ ਗਈ ਹੈ ਕਿ ਉਹ ਸਿੱਧਾ ਇਨ੍ਹਾਂ ਲੋੜਾਂ ਨੂੰ ਪੂਰਿਆਂ ਕਰੇ ਇਸ ਦੇ ਨਾਲ ਹੀ ਇਹ ਸ਼ਬਦ ਵੀ ਸ਼ਾਮਿਲ ਕਰ ਦਿਤੇ ਜਾਣ ਕਿ "ਅਧਿਆਤਮਕ ਲੋੜਾਂ" ਵੀ ਪੂਰੀਆਂ ਕੀਤੀਆਂ ਜਾਣ । ਪਰ ਮੈਨੂੰ ਹੁਣੇ, ਬੈਠੇ ਬੈਠੇ, ਦੋ ਮਿੰਟ ਹੋਏ, ਇਕ ਕਾਗਜ਼, ਸਪੀਕਰ ਸਾਹਿਬ, ਵਲੋਂ ਮਿਲਿਆ ਹੈ, ਮੇਰੇ ਉਸ ਸੰਸ਼ੋਧਨ ਦੇ ਉਤਰ ਵਿਚ, ਕਿ ਇਹ ਸੰਸ਼ੋਧਨ "ਅਸਪਸ਼ਟ" ਹੈ ਅਤੇ 'ਵੇਗ' (vague) ਹੈ । ਇਸ ਲਈ ਇਸ ਸੰਸ਼ੋਧਨ ਨੂੰ ਰੱਦ ਕੀਤਾ ਗਿਆ ਹੈ । ਮੈਂ ਇਸ ਗੱਲ ਨੂੰ ਸਮਝ ਨਹੀਂ ਸਕਿਆ ਕਿ ਇਹ ਕਿਸ ਤਰ੍ਹਾਂ 'ਅਸਪਸ਼ਟ' ਹੈ । ਜੇਕਰ ਇਥੇ "ਦੋ ਬੈਲਾਂ ਦੀ ਜੋੜੀ" ਦਾ ਜ਼ਿਕਰ ਕੀਤਾ ਜਾਵੇ ਜਾਂ ਲੋਕ ਸਭਾ ਦੀਆਂ ਚੋਣਾਂ ਦਾ ਜ਼ਿਕਰ ਕੀਤਾ ਜਾਵੇ ਅਤੇ ਹੋਰ ਸੰਸਾਰ ਭਰ ਦੀਆਂ ਗੱਲਾਂ ਦਾ ਜ਼ਿਕਰ ਹੁੰਦਾ ਰਹੇ ਤਾਂ ਸੰਗਤ ਹੈ ਅਤੇ ਸਪਸ਼ਟ ਹੈ ਪਰ 'ਅਧਿਆਤਮਕ ਲੋੜਾਂ' ਨੂੰ ਪੂਰਾ ਕਰਨ ਵਾਲੀ ਗਲ 'ਅਸਪਸ਼ਟ' ਕਿਸ ਤਰ੍ਹਾਂ ਬਣ ਗਈ। ਮੈਂ ਇਹ ਸਮਝਦਾ ਹਾਂ ਕਿ ਜਿੰਨਾ ਚਿਰ ਤਕ ਧਰਮ ਆਧਾਰਤ ਰਾਜ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਮਿਥੇ ਗਏ ਨਿਸ਼ਾਨੇ ਨੂੰ ਪੂਰੀ ਤਰ੍ਹਾਂ ਅਮਲ ਵਿਚ ਨਹੀਂ ਲਿਆਵਾਂਗੇ ਇਸ ਮਤੇ ਵਿਚ ਦਿਤੀਆਂ ਮੰਗਾਂ ਨੂੰ ਠੀਕ ਢੰਗ ਨਾਲ ਪੂਰਾ ਨਹੀਂ ਕੀਤਾ ਜਾ ਸਕੇਗਾ । ਅਜੇਹਾ ਕਰਨਾ ਅਸੰਭਵ ਹੋਵੇਗਾ । (ਵਿਘਨ) ਮੈਂ ਇਸੇ ਲਈ ਹੀ ਆਪਣਾ ਸੰਸ਼ੋਧਨ ਦਿਤਾ ਸੀ, ਕਿ ਰੋਟੀ, ਕਪੜਾ, ਘਰ, ਵਿਦਿਆ, ਸਿਹਤ ਦੀ ਮੰਗ ਤਾਂ ਸਪਸ਼ਟ ਹੈ ਪਰ ਅਧਿਆਤਮਕ ਲੋੜਾਂ ਨੂੰ ਪੂਰਾ ਕਰਨ ਦੀ ਮੰਗ ਕਰਨਾ ਅਸਪਸ਼ਟ ਹੈ ? ਇਸ ਤਰ੍ਹਾਂ ਦੇ ਨਿਰਵਿਚਾਰ ਭਰਪੂਰ ਵਾਤਾਵਰਣ ਵਿਚ ਇਸ ਮਤੇ ਉਤੇ ਠੰਡੀ ਅਤੇ ਗੰਭੀਰ ਵਿਚਾਰ ਲਗ ਭਗ ਅਸੰਭਵ ਹੈ । (ਵਿਘਨ) ਇਸ ਮਤੇ ਵਿਚ ਜਿਨ੍ਹਾਂ ਗੱਲਾਂ ਦੀ ਮੰਗ ਕੀਤੀ ਗਈ ਹੈ ਇਨ੍ਹਾਂ ਬਾਰੇ ਅਤੇ ਇਸ ਮੰਗ ਦੇ ਬਾਰੇ ਕੁਝ ਗੱਲਾਂ ਸੋਚਣ ਵਾਲੀਆਂ ਹਨ ਜਿਨ੍ਹਾਂ ਨੂੰ, ਆਸ ਹੈ, ਆਪ ਠੰਡੇ ਦਿਲ ਨਾਲ ਸੋਚੋਗੇ ।

ਮੈਂ ਇਸ ਮਤੇ ਨੂੰ ਵੇਖ ਕੇ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਇਨ੍ਹਾਂ ਮੰਗਾਂ ਦੀ ਪੂਰਤੀ ਲਈ ਕਿਸੇ ਖਾਸ ਕਿਸਮ ਦੇ ਵਾਤਾਵਰਨ ਦੀ ਲੋੜ ਹੈ । ਅਜੋਕੇ ਯੁਗ ਵਿੱਚ ਕੋਈ ਵੀ ਸਰਕਾਰ ਜਾਂ ਕੋਈ ਵੀ ਰਾਜ ਕਾਇਮ ਨਹੀਂ ਰਹਿ ਸਕਦਾ ਜਿਹੜਾ ਇਸ ਮਤੇ ਵਿਚ ਦਿਤੀਆਂ ਮੰਗਾਂ ਦੀ ਵਿਰੋਧਤਾ ਕਰੇ । ਇਸ ਲਈ ਇਸ ਮਤੇ ਵਿਚ ਦਿਤੇ ਅਸੂਲ ਅਤੇ ਆਧਾਰ ਦੀ ਵਿਰੋਧਤਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਇਸ ਮਤੇ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਮੈਂ ਇਹ ਬੇਨਤੀ ਕਰਦਾ ਹਾਂ ਕਿ ਸੋਸ਼ਲਿਜ਼ਮ ਜਾਂ ਸਮਾਜਵਾਦ ਦੇ ਅਰਥਾਂ ਬਾਰੇ ਬਹੁਤ ਮਤ ਭੇਦ ਹਨ । ਇਸ ਸ਼ਬਦ ਦੇ ਅਰਥ ਬਹੁਤ ਬੁਧੀਵਾਨਾਂ ਤੋਂ ਪੁਛੇ ਗਏ ਹਨ ਕਿ 'ਸੋਸ਼ਲਿਜ਼ਮ' ਕੀ ਹੈ ਪਰ ਉਹ ਸਪਸ਼ਟ ਨਹੀਂ ਦਸ ਸਕੇ । ਮੁਲਕ ਦੀ ਪਰਧਾਨ ਮੰਤਰੀ ਨੂੰ ਭੀ ਇਸ ਦੇ ਅਰਥ ਪੁਛੇ ਗਏ ਸਨ ਜਿਹੜੇ ਕਿ 'ਸੋਸ਼ਲਿਜ਼ਮ' ਦੇ ਵੱਡੇ ਸਮਰਥਕ ਆਪਣੇ ਆਪ ਨੂੰ ਮੰਨਦੇ ਹਨ, ਪਰ ਉਹ ਵੀ ਸਪਸ਼ਟ ਉੱਤਰ ਨਹੀਂ ਦਸ ਸਕੇ । ਸਿਆਣੇ ਅਤੇ ਸਮਾਜਵਾਦੀ ਨੇਤਾਵਾਂ ਨੂੰ ਪੁਛਿਆ ਗਿਆ ਹੈ ਕਿ 'ਸਮਾਜਵਾਦ' ਕੀ ਹੈ ਪਰ ਕੋਈ ਉਤਰ ਸਪਸ਼ਟ ਨਹੀਂ ਦਿਤਾ ਗਿਆ । ਪੰਡਤਾਂ ਦੀ ਰਾਏ ਹੈ ਕਿ ਸਮਾਜਵਾਦ ਦੇ ਅਰਥ ਸ਼ੁਧ ਤੌਰ ਤੇ ਨਿਰੂਪਣ ਨਹੀਂ ਹੋ

ਸਕਦੇ । ਪਰ 'ਸਮਾਜਵਾਦ' ਦੇ ਅਰਥ ਇਸ ਮਤੇ ਨੂੰ ਪੇਸ਼ ਕਰਨ ਵਾਲੇ ਮਾਨਯੋਗ ਮਿੱਤਰ ਨੇ ਇਹ ਲਏ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨਾ ਰਹੇ, ਪੰਜਾਬੀ ਪ੍ਰਾਦੇਸ਼ਕ ਭਾਸ਼ਾ ਹੋਵੇ ਅਤੇ ਹਿੰਦੀ ਪਰਧਾਨ ਭਾਸ਼ਾ ਰਹੇ, ਹਿੰਦੂਆਂ ਨੂੰ ਹਰੀਜਨਾਂ ਨਾਲ ਮਿਲਾ ਕੇ ਸਿੱਖਾਂ ਦੇ ਖਿਲਾਫ ਖੜ੍ਹਾ ਕੀਤਾ ਜਾਵੇ । ਇਹ ਸਮਾਜਵਾਦ ਇਕ ਮਦਾਰੀ ਦਾ ਝੋਲਾ ਹੈ ਕਿ ਜਿਸ ਵਿਚ ਜਿਸ ਵਸਤੂ ਨੂੰ ਚਾਹੁਣ ਉਸ ਦਾ ਨਾਮ ਲੈ ਕੇ, ਬਾਹਰ ਕਢ ਕੇ, ਪਸ਼ ਕਰ ਦੇਣ । ਇਨ੍ਹਾਂ ਨੇ ਸਮਾਜਵਾਦ ਦੇ ਸਿਧਾਂਤਾਂ ਬਾਰੇ ਕੋਈ ਗੱਲ ਆਪਣੇ ਭਾਸ਼ਣ ਵਿਚ ਨਹੀਂ ਕਹੀ ।

ਸਮਾਜਵਾਦ ਬਾਰੇ ਜਿਨਾਂ ਕੁ ਮੈਂ ਅਧਿਅਨ ਕੀਤਾ ਹੈ ਅਤੇ ਇਸ ਨੂੰ ਸਮਝ ਸਕਿਆ ਹਾਂ ਉਹ ਇਹ ਹੈ ਕਿ, ਇਸ ਦੇ ਤਿੰਨ ਸਿਧਾਂਤ ਮੰਨੇ ਜਾ ਸਕਦੇ ਹਨ । ਇਕ, ਇਹ ਕਿ ਜਿਹੜੇ ਕਿਸੇ ਜਾਤੀ ਜਾਂ ਦੇਸ਼ ਦੀ ਉਪਜ ਦੇ ਸੋਮੇ ਹਨ ਉਹ ਸਾਰੇ ਹੀ ਰਾਜਯ ਸ਼ਕਤੀ ਦੇ ਕਬਜ਼ੇ ਵਿਚ ਚਲੇ ਜਾਣ ਅਤੇ ਵਿਅਕਤੀਗਤ ਕਬਜ਼ੇ ਵਿਚ ਨਾ ਰਹਿਣ । ਦੂਜਾ, ਇਹ ਕਿ ਉਪਜ ਨੂੰ ਵਧਾਣ ਲਈ ਭਰਪੂਰ ਪਰੋਤਸਾਹਨ ਦਿਤਾ ਜਾਵੇ । ਉਪਜ ਨੂੰ ਵਧਾਣ ਦੇ ਕਈ ਨਵੇਂ ਤਕਨੀਕੀ ਤਰੀਕੇ ਨਿਕਲ ਆਏ ਹਨ, ਅਤੇ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ । ਜਿਥੇ ਕਣਕ ਦੇ ਪਹਿਲਾਂ ਚਾਰ ਦਾਣੇ ਪੈਦਾ ਕੀਤੇ ਜਾਂਦੇ ਸਨ ਉਥੇ ਹੁਣ 40 ਦਾਣੇ ਪੈਦਾ ਕੀਤੇ ਜਾ ਸਕਦੇ ਹਨ ਇਸ ਲਈ ਜਦ ਰਾਜਯ ਉਪਜ ਦੇ ਸੋਮਿਆਂ ਤੇ ਆਪਣਾ ਕਬਜ਼ਾ ਕਰ ਲਏ ਤਾਂ ਉਪਜ ਨੂੰ ਵੱਧ ਤੋਂ ਵੱਧ ਵਧਾਏ ।

ਸੋਸ਼ਲਿਜ਼ਮ ਦਾ ਤੀਜਾ ਸਿਧਾਂਤ ਇਹ ਹੈ ਕਿ ਇਸ ਵਧ ਗਈ ਉਪਜ ਨੂੰ ਇਸ ਤਰੀਕੇ ਨਾਲ ਸ਼ਹਿਰੀਆਂ ਵਿਚ ਵੰਡਿਆ ਜਾਵੇ ਕਿ ਬਰਾਬਰੀ ਅਤੇ ਭ੍ਰਾਤਰਤਾ ਦਾ ਭਾਵ ਪੈਦਾ ਹੋਵੇ, ਜਨਤਾ ਨੂੰ ਰੋਟੀ, ਕਪੜਾ, ਮਕਾਨ, ਵਿਦਿਆ, ਸਿਹਤ, ਰੋਗ ਨਿਵਾਰਣ ਆਦਿ ਦੀ ਸਹੂਲਤ ਦਿਤੀ ਜਾਵੇ । ਮੈਂ ਸਮਝਦਾ ਹਾਂ ਕਿ ਇਸ ਮੱਤੇ ਦੇ ਪੇਸ਼ ਕਰਨ ਵਾਲਿਆਂ ਨੇ ਇਸ ਨਾਲ ਕਈ ਗੱਲਾਂ ਵਾਧੂ ਦੀਆਂ ਜੋੜ ਦਿਤੀਆਂ ਹਨ ਜਿਨ੍ਹਾਂ ਦਾ ਸਬੰਧ ਇਸ ਮਤੇ ਦੇ ਨਾਲ ਨਹੀਂ ।

ਇਕ ਹੋਰ ਚੌਥਾ ਸਿਧਾਂਤ ਵੀ ਹੈ ਕਿ ਇਸ ਸਾਰੀ ਯੋਜਨਾ ਨੂੰ ਪੰਚਾਇਤ ਵਾਦ ਦੁਆਰਾ ਸਿਰੇ ਚੜ੍ਹਾਇਆ ਜਾਵੇ । ਪ੍ਰਜਾ ਤੰਤਰ ਰਾਜ ਸਾਸ਼ਨ ਦੁਆਰਾ ਸਿਰੇ ਚੜ੍ਹਾਇਆ ਜਾਵੇ । ਜੇਕਰ ਕੋਈ ਹੋਰ ਤਰੀਕਾ ਹੋਵੇ ਤਾਂ ਮੇਰੇ ਮਿੱਤਰ ਚੌਧਰੀ ਬਲਬੀਰ ਸਿੰਘ ਹੋਰੀਂ ਜਦ ਉਠਣਗੇ ਤਾਂ ਦਸਣਗੇ (ਵਿਘਨ) ਮੈਂ ਇਹ ਗੱਲ ਐਵੇਂ ਰਸਮੀ ਤੌਰ ਤੇ ਨਹੀਂ ਕਹੀ, ਇਹ ਸਮਾਜਵਾਦ ਦੇ ਸੰਚਾਲਕ ਹਨ ਅਤੇ ਇਸ ਦੇ ਅਰਥਾਂ ਨੂੰ ਸਮਝਦੇ ਹਨ ਕਿ ਸਮਾਜਵਾਦ ਕੀ ਹੈ ।

ਫਿਰ, ਸਮਾਜਵਾਦ ਵਿਚੋਂ ਕਮਿਊਨਿਜ਼ਮ ਜਨਮ ਲੈਂਦਾ ਹੈ, ਸਾਂਮਵਾਦ ਉਤਪੰਨ ਹੁੰਦਾ ਹੈ ਇਨ੍ਹਾਂ ਦੋਹਾਂ ਦੀਆਂ ਜੜ੍ਹਾਂ ਅਤੇ ਨੀਹਾਂ ਇਕੋ ਹੀ ਹਨ ਪਰ ਫਲ ਵਖਰੇ ਵੱਖਰੇ ਹਨ । ਕਮਿਊਨਿਜ਼ਮ ਦੇ ਤਿੰਨ ਚਾਰ ਪੈਰ ਹਨ । ਪਹਿਲਾ ਪਗ ਜਾਂ ਪੈਰ ਤਾਂ ਉਹੀ ਹੈ ਜਿਹੜਾ ਕਿ ਸਮਾਜਵਾਦ ਦਾ ਹੈ ਕਿ ਉਪਜ ਦੇ ਸੋਮਿਆਂ ਤੇ ਵਿਅਕਤੀਗਤ ਕਬਜ਼ਾ ਨਾ ਹੋਵੇ । (ਵਿਘਨ)

(**ਕਾਮਰੇਡ ਕੁਲਵੰਤ ਸਿੰਘ** : ਕਮਿਊਨਿਜ਼ਮ ਤਾਂ ਸਮਾਜਵਾਦ ਤੋਂ ਬਾਅਦ ਆਉਂਦਾ ਹੈ)

ਦੂਜਾ ਪਗ ਵੀ ਇਨ੍ਹਾਂ ਕਾਮਰੇਡਾਂ ਦਾ ਉਹੀ ਹੈ ਕਿ ਉਪਜ ਵੱਧ ਤੋਂ ਵੱਧ ਹੋਵੇ । ਇਥੇ ਤਕ ਤਾਂ ਦੋਨੋਂ ਹਮ ਕਦਮ ਹਨ । ਤੀਜਾ ਕਦਮ ਵੀ ਇਹ ਇਕੱਠਾ ਹੀ ਚੁਕਦੇ ਹਨ ਕਿ ਬਿਨਾ ਕਿਸੇ

(ਸਿਰਦਾਰ ਕਪੂਰ ਸਿੰਘ)

ਵਿਤਕਰੇ ਦੇ ਲੋੜ ਅਨੁਸਾਰ ਇਸ ਉਪਜ ਦੀ ਵੰਡ ਕੀਤੀ ਜਾਵੇ । ਇਸ ਤੋਂ ਅਗਲਾ ਕਦਮ ਹੈ ਕਿ ਇਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਪ੍ਰਾਪਤੀ ਕਿਵੇਂ ਕੀਤੀ ਜਾਵੇ । ਸਮਾਜਵਾਦ ਵਾਲੇ ਕਹਿੰਦੇ ਹਨ ਕਿ ਲੋਕਾਂ ਦੀ ਮਰਜ਼ੀ ਨਾਲ ਕੀਤੀ ਜਾਵੇ, ਲੇਕਿਨ ਕਮਿਊਨਿਸਟ ਕਹਿੰਦੇ ਹਨ ਕਿ ਇਹ ਯੋਜਨਾ ਰਾਜ ਪਾਰਟੀ ਅਤੇ ਡਿਕਟੇਟਰਸ਼ਿਪ ਦੁਆਰਾ ਸਿਰੇ ਚੜ੍ਹਾਈ ਜਾਵੇ । ਇਹ ਅੰਤਰ ਹੈ ਸਮਾਜਵਾਦ ਅਤੇ ਸਾਂਮਵਾਦ ਵਿਚ ।

ਮੇਰੇ ਮਿੱਤਰ ਨੇ ਹੁਣੇ ਹੀ ਆਪਣੀ ਗੱਲ ਕਰਦਿਆਂ ਸੰਕੇਤ ਕੀਤਾ ਹੈ ਕਿ ਪਹਿਲਾਂ ਸਮਾਜਵਾਦ ਦੀ ਗੱਲ ਕਰਦੇ ਚਲੋ ਫੇਰ ਡੈਮੋਕਰੈਸੀ ਦੇ ਖਾਤਮੇ ਦੀ ਗੱਲ, ਤੇ ਸਾਮਵਾਦ ਦੀ ਗੱਲ ਛੇੜਾਂਗੇ, ਦੇਣ ਦੁਆਉਣ ਦੀ, ਕਿ ਰੋਟੀ ਕਿਸ ਨੂੰ ਦਿੱਤੀ ਜਾਵੇ, ਕੱਪੜਾ ਕਿਸ ਨੂੰ ਦਿੱਤਾ ਜਾਵੇ ਅਤੇ ਰੋਟੀ, ਟੁਕ ਅਤੇ ਕੱਪੜੇ ਤੋਂ ਬਾਅਦ ਰਿਹਾਇਸ਼ ਆਦਿ ਉਸ ਨੂੰ ਹੀ ਦਿੱਤੀ ਜਾਵੇ ਜਿਸ ਨੂੰ ਕਿ ਉਹ ਮੁਨਾਸਬ ਸਮਝਣ, ਜਿਸਨੂੰ ਕਿ ਪਾਰਟੀ ਠੀਕ ਸਮਝੇ। ਇਹ ਉਨ੍ਹਾਂ ਕਮਿਊਨਿਸਟਾਂ ਦਾ ਚੌਥਾ ਪੈਰ ਹੈ ।

ਕਮਿਊਨਿਜ਼ਮ ਦਾ ਪੰਜਵਾਂ ਸਿਧਾਂਤ ਇਹ ਹੈ ਕਿ ਇਸ ਪਰਕਾਰ ਦੇ ਸਮਾਜ਼ ਦੀ ਸਿਰਜਨਾ ਕਰਨੀ ਹੈ ਜਿਹੜਾ ਕਿ ਬੁਨਿਆਦੀ ਤੌਰ ਤੇ ਪਦਾਰਥਵਾਦੀ ਹੋਵੇ, ਨਾਸਤਕ ਹੋਵੇ, ਅਤੇ ਅਨਾਤਮਵਾਦੀ ਅਤੇ ਬਾਹਰਮੁਖੀ ਰੁਚੀਆ ਵਾਲਾ ਹੋਵੇ । ਇਹ ਉਨ੍ਹਾਂ ਦੇ ਸਮਾਜਵਾਦ ਦਾ ਅਸਲੀ ਨਿਸ਼ਾਨਾ ਹੈ । ਇਸ ਦੇ ਨਾਲ ਕੋਈ ਰੋਟੀ ਕੱਪੜੇ ਦੀ ਗੱਲ ਕਰਦਾ ਹੈ, ਕੋਈ ਕਹਿੰਦਾ ਹੈ ਕਿ ਅਸੀਂ ਗਰੀਬਾਂ ਦਾ ਭਲਾ ਕਰਨਾ ਹੈ, ਕੋਈ ਹਰੀਜਨਾਂ ਦਾ ਨਾਉਂ ਲੈਂਦਾ ਹੈ, ਇਸ ਤਰ੍ਹਾਂ ਇਹ ਲੋਕ ਕਈ ਨਾਹਰਿਆਂ ਅਤੇ ਅਨੇਕ ਝੰਡਿਆਂ ਦੇ ਹਾਮੀ ਤੇ ਸਮਰਥਕ ਹਨ ਜਿਹੜੇ ਕਿ ਪਦਾਰਥ ਵਾਦ, ਨਾਸਤਿਕਤਾ, ਅਨਾਤਮਵਾਦ ਅਤੇ ਬਾਹਰਮੁਖੀ ਰੁਚੀਆਂ ਦਾ ਪ੍ਰਚਾਰ ਕਰਦੇ ਹਨ । ਗੱਲ ਵਿਚੋਂ ਇਹ ਹੈ ਪਰ ਬੋਲੀਆਂ-ਭਾਂਤ ਭਾਂਤ ਦੀਆਂ ਬੋਲਦੇ ਹਨ । ਜਿਸ ਨੇ ਕਿਸੇ ਨਾਹਰੇ ਯਾ ਝੰਡੇ ਦੀ ਹਮਾਇਤ ਕਰਨੀ ਹੈ ਉਸ ਨੇ ਅਸਲੀਅਤ ਵੇਖਣੀ ਹੈ ਕਿ ਇਸ ਦੇ ਪਿਛੇ ਹੈ ਕੀ । ਇਥੇ ਇਕ ਗੱਲ ਇਹ ਵੀ ਛਿੜੀ ਸੀ ਕਿ ਬੀਬੀ ਇੰਦਰਾ ਨੂੰ ਵੋਟਾ ਪਾਈਆਂ ਜਾਣ, ਠੀਕ ਹੈ, ਮੈਂ ਬੀਬੀ ਇੰਦਰਾ ਨੂੰ ਵੋਟਾਂ ਪਾਣ ਦੇ ਖਿਲਾਫ ਨਹੀਂ । ਉਹ ਇਕ ਬੜੀ ਦਲੇਰ ਤੇ ਸਿਆਣੀ ਇਸਤ੍ਰੀ ਹੈ, ਮੈਂ ਇਸ ਵੋਟਾਂ ਦੀ ਬਹਿਸ ਵਿੱਚ ਪੈਣਾ ਨਹੀਂ ਚਾਹੁੰਦਾ । ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜਿਸ ਕਿਸੇ ਨੇ ਵੀ ਕਮਿਊਨਿਜ਼ਮ ਦੇ ਨਾਉਂ ਤੇ, ਗਰੀਬਾਂ ਦੇ ਨਾਉਂ ਤੇ, ਰੋਟੀ ਟੁਕ ਦੇਣ ਦੇ ਨਾਉਂ ਤੇ, ਵੋਟ ਪਾਉਣੀ ਹੈ, ਉਸਨੂੰ ਪਹਿਲਾਂ ਆਪਣੇ ਮਨ ਦਾ ਧੋਖਾ ਦੂਰ ਕਰ ਲੈਣਾ ਚਾਹੀਦਾ ਹੈ ਕਿ ਅੰਤ ਨੂੰ ਜਿਸ ਖੂਹ ਦੇ ਵਿਚ ਉਨ੍ਹਾਂ ਨੇ ਡਿਗਣਾ ਹੈ, ਉਹ ਕਿਹੋ ਜਿਹਾ ਹੋਵੇਗਾ । ਉਹ ਪਦਾਰਥ ਵਾਦ, ਨਾਸਤਿਕਤਾ, ਅਨਾਤਮ ਵਾਦ ਅਤੇ ਬਾਹਰਮੁਖੀ ਰੁਚੀਆਂ ਦਾ ਸਮਾਜ ਹੀ ਹੋਵੇਗਾ । ਇਸ ਵਿਚ ਕੋਈ ਸੰਦੇਹ, ਸੰਸੇ ਨਹੀਂ ਹੈ ।

ਸਾਡੀ ਲੱਖਾਂ, ਕਰੋੜਾਂ ਸਾਲਾਂ ਦੀ ਆਦੀ ਜੁਗਾਦੀ ਪੁਰਾਣੀ ਸਨਾਤਨ ਸੰਸਕ੍ਰਿਤੀ ਹੈ । ਇਹ ਵਿਚਾਰਧਾਰਾ ਅਨੰਤਕਾਲ ਤੋਂ ਚਲੀ ਆ ਰਹੀ ਹੈ । ਮੇਰਾ ਕਹਿਣ ਦਾ ਭਾਵ ਇਹ ਹੈ ਕਿ ਸਾਡੇ ਦੇਸ਼ ਦੀਆਂ ਭਾਵੇਂ ਕਈ ਪ੍ਰਮਪਰਾਵਾਂ, ਭਿੰਨ-ਭਿੰਨ ਹਨ ਪਰ ਉਸਦੀ ਸਾਂਸਕ੍ਰਿਤਿਕ ਨੀਂਹ ਇਕੋ ਹੈ । ਇਨ੍ਹਾਂ ਪਰਮਪਰਾਵਾਂ ਅਨੁਸਾਰ ਜਿਹੜਾ ਸਾਡਾ ਰਾਜਨੀਤੀ ਦਾ ਸ਼ਾਸਤਰ ਹੈ ਇਸ ਦੀ ਤਾਰੀਖ ਭੀ ਬੜੀ ਪੁਰਾਣੀ ਹੈ । ਇਹ ਰਾਜਨੀਤੀ ਤੇ ਸ਼ਾਸਨ ਸਿਧਾਂਤ ਵੈਦ-ਕਾਲ ਤੋਂ ਲੈ ਕੇ ਹੁਣ ਤੱਕ ਉੱਨਤੀ ਕਰਦਾ ਚਲਿਆ ਆ ਰਿਹਾ ਹੈ । ਹਜ਼ਾਰਾਂ ਸਾਲ ਹੋ ਗਏ ਹਨ । ਇਸ ਦੇ ਸਿਧਾਂਤਾਂ ਨੂੰ ਮੈਂ ਆਪ ਜੀ ਦੇ ਸਾਹਮਣੇ ਨਿਰੂਪਣ ਕਰਨਾ ਚਾਹੁੰਦਾ ਹਾਂ ।

ਇਹਨਾਂ ਸਿਧਾਤਾਂ ਅਨੁਸਾਰ ਰਾਜ ਸ਼ਾਸਨ ਤੋਂ ਭਾਵੇਂ ਇਕ ਪੁਰਖੀ ਰਾਜ ਹੋਵੇ ਅਤੇ ਭਾਵੇਂ ਪੰਚਾਇਤ ਵਾਦੀ, ਬੁਨਿਆਦਾਂ ਤੇ ਨਿਸ਼ਾਨੇ ਉਹੀ ਪਰਵਾਨ ਹਨ। ਸਾਡੇ ਇਕ ਪੁਰਖੀ ਰਾਜ ਦਾ ਅਤੇ ਪੰਚਾਇਤੀ ਰਾਜ ਦਾ ਅੰਤਮ ਨਿਸ਼ਾਨਾ, ਅੰਤਮ ਰੂਪ ਰੇਖਾ ਅਤੇ ਅੰਤਮ ਮੰਤਵ ਇਹੋ ਹੈ ਕਿ ਪਰਜਾ ਖੁਸ਼ਹਾਲ ਹੋਵੇ, ਉਸ ਦੇ ਜਾਨ ਮਾਲ ਦੀ ਪੂਰੀ ਸੁਰਖਿਆ ਹੋਵੇ। ਪਹਿਲਾ ਅਤੇ ਅੰਤਮ ਨਿਸ਼ਾਨਾ ਸਾਡੇ ਰਾਜਤੰਤਰ ਦਾ ਤਾਂ ਇਹੋ ਹੈ।

ਦੂਸਰਾ ਨਿਸ਼ਾਨਾ ਇਸ ਰਾਜ ਤੰਤਰ ਦਾ ਇਹ ਹੈ ਕਿ ਧਾਰਮਕ ਲੀਹਾਂ ਤੇ ਚਲਦਿਆਂ ਹੋਇਆਂ ਧਰਮ ਦੀ ਰੱਖਿਆ ਕਰਨਾ। ਸਮੇਂ ਦੀ ਲੋੜ ਅਨੁਸਾਰ, ਇਸ਼ ਨਿਸ਼ਾਨੇ ਦੇ ਰੂਪ ਰੇਖਾ ਵਿਚ ਪਰਿਵਰਤਨ ਹੁੰਦਾ ਰਿਹਾ ਹੈ। ਹਰ ਇਕ ਰਾਜ ਦੇ ਸਮੇਂ ਸਮੇਂ ਅਨੁਸਾਰ, ਬੁਨਿਆਦੀ ਸਿਧਾਂਤ ਰਹੇ ਹਨ। ਧਰਮ ਦੇ ਰਾਜ ਦਾ ਅੰਤਮ ਨਿਸ਼ਾਨਾ ਹੈ ਕਿ ਮੁਲਕ ਖੁਸ਼ਹਾਲ ਹੋਵੇਂ, ਸ਼ਹਿਰੀਆਂ ਦੀ ਵਿੱਦਿਆ ਦੇ ਪੱਧਰ ਵਿਚ ਉਨਤੀ ਹੋਵੇ, ਨਿਆਏ-ਆਧਾਰ ਤੇ ਸਮਾਜ ਦਾ ਨਿਰਮਾਣ ਕੀਤਾ ਜਾਵੇ। ਲੋਕਾਂ ਦੀ ਸੇਹਤ ਦੀ ਰਖਿਆ ਕੀਤੀ ਜਾਵੇ ਅਤੇ ਇਸ ਸਮਾਜ ਵਿਚ ਭੁਖ-ਨੰਗ ਦੂਰ ਹੋਣੀ ਚਾਹੀਦੀ ਹੈ। ਇਸ ਲਈ ਜ਼ਰੂਰੀ ਹੈ ਕਿ ਕਿਸੇ ਨਾਅਰਾ ਬਾਜ਼ੀ ਦੇ ਭੁਲੇਖੇ ਵਿਚ ਆ ਕੇ ਅਸੀਂ ਐਸਾ ਫ਼ੈਸਲਾ ਨਾ ਕਰੀਏ, ਐਸਾ ਕਦਮ ਨਾ ਚੁਕੀਏ ਜਿਸ ਦੇ ਅੰਤ ਦੇ ਨਤੀਜੇ ਚੰਗੇ ਨਾ ਨਿਕਲਣ।

ਪ੍ਰਧਾਨ ਜੀ, ਮੈਂ ਦੋ ਹਜ਼ਾਰ ਸਾਲ ਪੁਰਾਣੀ ਪੁਸਤਕ ਅਰਥ ਸ਼ਾਸ਼ਤਰ ਦੀ ਇਕ ਟੂਕ ਬਿਆਨ ਕਰਦਾ ਹਾਂ, ਉਹ ਇਹ ਹੈ ਕਿ, "ਜਿਸ ਨਾਲ ਰਾਜਾ ਆਪ ਸੰਤੁਸ਼ਟ ਤੇ ਪ੍ਰਸੰਨ ਹੋਵੇ, ਉਹ ਕਰਮ ਨਹੀਂ, ਸਗੋਂ ਉਹ ਕਰੱਤਵਯ ਜਿਸ ਨਾਲ ਪਰਜਾ ਸੰਤੁਸ਼ਟ ਤੇ ਪ੍ਰਸੰਨ ਹੋਵੇ, ਉਹ ਹੀ ਰਾਜੇ ਨੂੰ ਕਰਨਾ ਉਚਿਤ ਹੈ।" ਢਾਈ ਹਜ਼ਾਰ ਸਾਲ ਪੁਰਾਣਾ ਬੋਧੀ-ਗਰੰਥ 'ਦਿਘਨਿਕਾਯ' ਹੈ ਜਿਸ ਵਿਚ ਅੰਕਤ ਹੈ : "ਪਰਜਾ ਰੰਜਯਤਿ ਇਤਿ ਰਾਜਾ" ਭਾਵ ਇਹ ਕਿ, ਰਾਜ ਉਹ ਹੀ ਉਚਿਤ ਹੈ ਜਿਸ ਨਾਲ ਪ੍ਰਜਾ ਪ੍ਰਸੰਨ ਰਹੇ। ਪ੍ਰਜਾ ਸੰਤੁਸ਼ਟ ਰਹੇ। ਪ੍ਰਜਾ ਦੀਆਂ ਪੁਰਾਣੀਆਂ ਪ੍ਰੰਪਰਾਵਾਂ ਨੂੰ ਸੁਰਖਿਅਤ ਕਰਦੇ ਹੋਏ ਉਨ੍ਹਾਂ ਦੀਆਂ ਸਾਰੀਆਂ ਸ਼ਰੀਰਕ ਲੋੜਾਂ ਪੂਰੀਆਂ ਹੋਣ, ਉਹੀ ਰਾਜ ਸ਼ਾਸ਼ਨ ਉਚਿਤ ਹੈ। ਜਿਹੜਾ ਰਾਜਸ਼ਾਸਨ ਸਾਡੇ ਸਮਾਜ ਦੀਆਂ ਸਨਾਤਨ ਨੀਹਾਂ ਢਾਉਣਾ ਚਾਹੁੰਦਾ ਹੈ, ਮੈਂ ਉਸ ਦਾ ਵਿਰੋਧ ਕਰਦਾ ਹਾਂ। ਅਸੀਂ ਕਿਸੇ ਤਰ੍ਹਾਂ ਵੀ ਇਸ ਪ੍ਰਕਾਰ ਦੀ ਅਨੁਮਤੀ ਨਹੀਂ ਦੇ ਸਕਦੇ ਜਿਸ ਦੁਆਰਾ ਕਿ ਸਨਾਤਨ ਅਤੇ ਸਦੀਆਂ ਤੋਂ ਦ੍ਰਿੜ੍ਹ ਸ਼ਾਸਨ ਦਾ ਸ਼ਤਰੂ ਹੋਵੇ। ਇਹ ਜੋ ਵਿਚਾਰ ਮੈਂ ਇਥੇ ਦੇ ਰਿਹਾ ਹਾਂ ਉਸ ਦੁਆਰਾ ਮੈਂ ਇਹ ਕਹਿੰਦਾ ਹਾਂ ਕਿ ਇਸ ਤਰ੍ਹਾਂ ਦਾ ਸ਼ਾਸਨ ਹੋਵੇ ਜਿਹੜਾ ਅਧਿਆਤਮ ਲੋੜਾਂ ਦੀ ਵੀ ਪੂਰਤੀ ਕਰਦਾ ਹੋਵੇ। ਇਹ ਰਾਜ ਦਾ ਮੁੱਖ ਕਰਤਵਯ ਮੰਨ ਲਿਆ ਜਾਵੇ ਕਿ ਉਸ ਨੇ ਲੋਕਾਂ ਨੂੰ ਰੋਟੀ, ਕੱਪੜਾ, ਵਿਦਿਆ ਅਤੇ ਸਿਹਤ ਆਦਿ ਦਾ ਪ੍ਰਬੰਧ ਅਵੱਸ਼ ਕਰਨਾ ਹੈ। ਪਰ ਜਿਹੜੀਆਂ ਸਮਾਜ ਦੀਆਂ ਅਧਿਆਤਮਕ ਲੋੜਾਂ ਹਨ ਉਹ ਭੀ ਪੂਰੀਆਂ ਕਰਨੀਆਂ ਹਨ ਅਤੇ ਇਸ ਤਰ੍ਹਾਂ ਸਮਾਜ ਦੀਆਂ ਜੜ੍ਹਾਂ ਨੂੰ ਪ੍ਰਪਕ ਤੇ ਅਸਥਿਰ ਕਰਨਾ ਹੈ। ਇਹ ਮੇਰੀ ਬੇਨਤੀ ਹੈ, ਕਿ ਜੋ ਵਿਆਖਿਆ ਮੈਂ ਕਰ ਰਿਹਾ ਹਾਂ ਉਸ ਦੇ ਅਧੀਨ ਇਸ ਮੱਤੇ ਨੂੰ ਪ੍ਰਵਾਨ ਕਰ ਲਿਆ ਜਾਵੇ। ਇਸ ਦਾ ਪਹਿਲਾ ਸਿੱਟਾ ਇਹ ਨਿਕਲੇਗਾ ਕਿ ਸਾਡੇ ਦੇਸ਼ ਦੀ ਪ੍ਰੰਮਪਰਾ ਉਤੇ ਆਧਾਰਤ ਰਾਜ ਸ਼ਾਸ਼ਨ ਸਥਾਪਤ ਹੋ ਜਾਵੇਗਾ। ਦੂਜਾ ਲਾਭ ਇਹ ਹੋਵੇਗਾ ਕਿ ਸਾਡਾ ਰਾਜਸ਼ਾਸਨ ਸਾਡੇ ਵਿਧਾਨ ਦੀ ਪ੍ਰਸਮ ਧਾਰਾ ਦੇ ਅਨੁਕੂਲ ਹੋ ਜਾਵੇਗਾ ਜਿਸ ਵਿਚ ਕਿਹਾ ਗਿਆ ਹੈ ਕਿ ਇਹ ਵਿਧਾਨ ਉਸ ਦੇਸ਼ ਦਾ ਹੈ ਜਿਸ ਦਾ ਨਾਮ ਕਿ "ਇੰਡੀਆ" ਅਥਵਾ "ਭਾਰਤ" ਹੈ। ਇਸ ਦਾ ਮਤਲਬ

(ਸਿਰਦਾਰ ਕਪੂਰ ਸਿੰਘ) ਇਹ ਹੈ ਕਿ ਇੰਡੀਆ ਇਕ ਐਸਾ ਦੇਸ਼ ਹੈ ਜਿਸ ਦੀ ਸਦੀਆਂ ਦੀ ਪੁਰਾਣੀ ਸੰਸਕਿਰਤੀ ਦੀ ਨੀਂਹ ਅੱਜ ਵੀ ਉਹੀ ਹੈ ਜਿਹੜੀ ਕਿ ਪ੍ਰਾਚੀਨ ਕਾਲ ਵਿਚ ਸੀ । ਉਹ ਅੱਜ ਵੀ ਉਸੇ ਤਰ੍ਹਾਂ ਹੀ ਸੁਰਖਿਅਤ ਹੈ । ਅਜਿਹਾ ਰਾਜ ਸ਼ਾਸਨ ਸਾਡੇ ਵਿਧਾਨ ਦੇ ਅਨੁਕੂਲ ਬਣ ਜਾਵੇਗਾ । ਇਹ ਮੇਰੀ ਤਸ਼ਰੀਹ ਜੇ ਮੰਨ ਲਈ ਜਾਵੇ, ਤਦ ਸਾਡੇ ਵਿਧਾਨ ਦਾ ਗੌਰਵ ਵਧੇਗਾ । ਜੇ ਇਹ ਤਸ਼ਰੀਹ ਨਹੀਂ ਮੰਨੀ ਜਾਂਦੀ ਤਾਂ ਇਹ ਸਪਸ਼ਟ ਤੌਰ ਤੇ ਵਿਧਾਨ ਦੇ ਵਿਰੁਧ ਹੋਵੇਗਾ ।

ਇਸ ਸੰਸ਼ੋਧਨ ਅਤੇ ਤਸ਼ਰੀਹ ਦੀ ਪ੍ਰਵਾਨਗੀ ਨਾਲ ਸਿੱਖ ਹੋਮ ਲੈਂਡ ਦੀ ਸਥਾਪਤੀ ਭੀ ਨਿਰ ਵਿਲੰਬ ਸਾਕਾਰ ਹੋ ਆਉਂਦੀ ਹੈ, ਜਿਹੜਾ ਸਿੱਖ ਹੋਮ ਲੈਂਡ ਉੱਤਰੀ ਹਿੰਦੁਸਤਾਨ ਦੀ ਤਵਾਰੀਖੀ ਹੋਣੀ ਹੈ । ਉੱਤਰੀ ਹਿੰਦੁਸਤਾਨ ਦੀ ਇਸ ਅਵੱਸ਼ ਹੋਣਹਾਰ, ਸਿੱਖ ਹੋਮ ਲੈਂਡ ਦੀ ਬਾਬਤ ਅਨੇਕ ਪ੍ਰਕਾਰ ਦੇ ਭੁਲੇਖੇ ਪਾਏ ਹੋਏ ਹਨ । ਸਿੱਖ ਹੋਮ ਲੈਂਡ ਤੋਂ ਭਾਵ ਕਿਸੇ ਇਕ ਧਰਮ ਜਾਂ ਇਕ ਫਿਰਕੇ ਦਾ ਰਾਜ ਤੇ ਸਰਦਾਰੀ ਸਥਾਪਤ ਕਰਨੀ ਨਹੀਂ । ਮੇਰੇ ਮਿੱਤਰ ਜਿਸ ਨੇ ਇਹ ਮਤਾ ਪੇਸ਼ ਕੀਤਾ ਹੈ ਉਨ੍ਹਾਂ ਨੇ ਆਪਣੀ ਸਪੀਚ ਵਿਚ ਕੁਝ ਸਿਆਸੀ ਵਿਚਾਰ ਪ੍ਰਗਟ ਕੀਤੇ ਹਨ, ਪਰ ਮੈਂ ਆਪਣੇ ਮਿੱਤਰ ਨੂੰ ਇਹ ਵਿਸ਼ਵਾਸ਼ ਦਿਵਾਉਣਾ ਚਾਹੁੰਦਾ ਹਾਂ ਅਤੇ ਇਹ ਮੈਂ ਬੜੀ ਗੰਭੀਰਤਾ ਅਤੇ ਸੰਜੀਦਗੀ ਨਾਲ ਕਹਿ ਰਿਹਾ ਹਾਂ ਕਿ ਸਿੱਖ ਹੋਮ ਲੈਂਡ ਦਾ ਕਿਸੇ ਇਕ ਫਿਰਕੇ ਦਾ ਕਿਸੇ ਧਾਰਮਕ ਸੰਪ੍ਰਦਾਇ ਦਾ ਰਾਜ ਭਾਗ ਕਾਇਮ ਕਰਨਾ ਨਹੀਂ ਹੈ ਜਾਂ ਹੋਰ ਕਿਸੇ ਪ੍ਰਕਾਰ ਅਧਿਕਾਰ ਦੂਸਰਿਆਂ ਉਤੇ ਜਮਾਉਣ ਦਾ ਕੋਈ ਮੰਤਵ ਨਹੀਂ ਹੈ । ਸਿੱਖ ਹੋਮ ਲੈਂਡ ਦਾ ਭਾਵ, ਇਸ ਤਰ੍ਹਾਂ ਦਾ ਸਿੱਖ ਹੋਮ ਲੈਂਡ ਨਹੀਂ ਜਿਸ ਤਰ੍ਹਾਂ ਦੀਆਂ ਉਹ ਲੋਕ ਗੱਲਾਂ ਕਰਦੇ ਹਨ ਜੋ ਫਿਰਕਾਦਾਰੀ ਦੇ ਕਾਰਨ ਸਿੱਖਾਂ ਤੇ ਸਿੱਖੀ ਦੇ ਸ਼ੱਤਰੂ ਹਨ । ਸਿੱਖ ਹੋਮ ਲੈਂਡ ਇਕ ਐਸਾ ਖਿਤਾ ਹੋਣਾ ਹੈ ਜਿਸ ਰਾਹੀਂ ਕਿ ਹਿੰਦੁਸਤਾਨ ਦੀ ਤਾਰੀਖ ਨੂੰ ਇਕ ਨਵਾਂ ਰੰਗ ਦਿੱਤਾ ਜਾਣਾ ਹੈ, ਜਿਸ ਰਾਹੀਂ ਕਿ ਧਰਮ ਦਾ, ਦੇਸ਼ ਦਾ ਅਤੇ ਸਾਰੇ ਸੰਸਾਰ ਦਾ ਕਲਿਆਣ ਤੇ ਰਖਿਆ ਦਾ ਪ੍ਰਬੰਧ ਕੀਤਾ ਜਾਣਾ ਹੈ ।

ਸਿਖ ਹੋਮ ਲੈਂਡ ਦੀ ਰੂਪ ਰੇਖਾ ਅਜੇਹੀ ਡਰਾਉਣੀ ਅਤੇ ਭਿਆਨਕ ਨਹੀਂ ਹੈ ਜਿਹੜੀ ਕਿ ਮੇਰੇ ਮਿੱਤਰ ਸਿੱਖਾਂ ਤੇ ਸਿਖੀ ਦੇ ਦੋਖੀ ਅਖਬਾਰਾਂ ਵਿਚ ਅਤੇ ਪ੍ਰਾਪੇਗੰਡੇ ਰਾਹੀਂ ਦਸਦੇ ਹਨ । ਮੰਨਣਾ ਜਾਂ ਨਾ ਮੰਨਣਾ ਹੋਰ ਗੱਲ ਹੈ, ਜਿਹੜੇ ਵਿਚਾਰਵਾਨ ਸਜਣ ਇਸ ਸਦਨ ਵਿਚ ਹਨ, ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਠੰਡੇ ਦਿਲ ਨਾਲ, ਪਖਪਾਤ ਤੋਂ ਉਚੇ ਉਠ ਕੇ, ਮੇਰੀ ਗੱਲ ਸੁਣ ਲੈਣ । ਜੇ ਉਨ੍ਹਾਂ ਨੂੰ ਮੇਰੀ ਗੱਲ ਚੰਗੀ ਲਗੇ ਤਾਂ ਮੰਨ ਲੈਣ ਨਹੀਂ ਤਾਂ ਮੈਂ ਕੋਈ ਜ਼ੋਰ ਜਬਰ ਨਹੀਂ ਕੋਈ ਧਕਾ ਨਹੀਂ । ਮੈਨੂੰ ਵਿਸ਼ਵਾਸ਼ ਹੈ ਕਿ ਮੇਰੀ ਗਲ ਸੁਣ ਕੇ ਉਨ੍ਹਾਂ ਨੂੰ ਇਹ ਯਕੀਨ ਹੋ ਜਾਵੇਗਾ ਕਿ ਮੇਰੀ ਗੱਲ ਪੰਜਾਬ ਦੇ, ਹਿੰਦੁਸਤਾਨ ਦੇ ਅਤੇ ਸਾਰੇ ਸੰਸਾਰ ਦੇ ਭਲੇ ਵਿਚ ਹੈ ।

ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਸਿਖ ਹੋਮ ਲੈਂਡ ਹੈ ਕੀ ? ਸਿੱਖ ਹੋਮ ਲੈਂਡ ਦਾ ਪਹਿਲਾ ਅੰਗ ਇਹ ਹੈ ਕਿ ਪੰਜਾਬ ਦਾ ਜੋ ਸੂਬਾ ਇਸ ਵੇਲੇ ਹੈ, ਇਸ ਵਿਚੋਂ ਪੰਜਾਬੀ ਬੋਲਦੇ ਜਿਹੜੇ ਇਲਾਕੇ ਬਾਹਰ ਰਹਿ ਗਏ ਹਨ, ਉਨ੍ਹਾਂ ਨੂੰ ਪੰਜਾਬ ਵਿਚ ਸ਼ਾਮਲ ਕੀਤਾ ਜਾਵੇ । (ਥੰਪਿੰਗ) ਇਉਂ ਇਹ ਸੰਪੂਰਣ ਪੰਜਾਬ ਬਣ ਜਾਵੇਗਾ ।

ਇਸ ਦਾ ਦੂਜਾ ਅੰਗ ਇਹ ਹੈ ਕਿ ਇਸ ਸੰਪੂਰਣ ਪੰਜਾਬ ਨੂੰ ਅੰਦਰੂਨੀ ਖੁਦ-ਮੁਖਤਿਆਰੀ ਦੇ ਦਿਤੀ ਜਾਵੇ । ਅੰਦਰੂਨੀ ਖੁਦ ਮੁਖਤਿਆਰੀ ਦੀ ਗੱਲ ਸੁਣ ਕੇ ਕਈ ਸਜਣ ਇਹ ਸਮਝਦੇ ਹਨ ਕਿ ਸ਼ਾਇਦ ਇਸ ਦਾ ਕੋਈ ਸਬੰਧ ਸ਼ੇਖ ਅਬਦੁਲਾ ਨਾਲ ਹੈ । ਮੈਂ ਬੇਨਤੀ

ਕਰਦਾ ਹਾਂ ਕਿ ਸ਼ੇਖ ਸਾਹਿਬ ਹੋਰ ਵੀ ਕਈ ਗਲਾਂ ਕਰਦੇ ਹਨ ਜਿਨ੍ਹਾਂ ਤੋਂ ਇਹ ਸ਼ਕ ਪੈਦਾ ਹੈ ਕਿ ਉਨ੍ਹਾਂ ਦੀ ਸ਼ਰਧਾ, ਇਸ ਦੇਸ਼ ਦੇ ਰਾਜ, ਧਰਮ ਅਤੇ ਪਰੰਪਰਾ ਤੇ ਨਹੀਂ ਹੈ ਸਗੋਂ ਉਨ੍ਹਾਂ ਦੀ ਸ਼ਰਧਾ ਦਾ ਪਾਤਰ ਪਾਕਿਸਤਾਨ ਹੈ। ਪਰ ਸਿਖਾਂ ਬਾਰੇ ਅਜਿਹਾ ਸ਼ੰਕਾ ਤਾਂ ਸਿਖਾਂ ਦੇ ਦੁਸ਼ਮਣ ਵੀ ਨਹੀਂ ਕਰ ਸਕਦੇ।

ਇਲ ਜਬੀ

ਸਿਖ ਹੋਮ ਲੈਂਡ ਦੀ ਅੰਦਰੂਨੀ ਖੁਦ ਮੁਖਤਿਆਰੀ ਦੇ ਅੰਦਰ ਹੀ ਆਰਥਿਕ ਖੁਦ-ਮੁਖਤਿਆਰੀ ਵੀ ਆ ਜਾਂਦੀ ਹੈ ਕਿਉਂ ਜੋ ਅਜ ਜੋ ਮਤਾ ਇਥੇ ਪੇਸ਼ ਕੀਤਾ ਗਿਆ ਹੈ ਕਿ ਹਰ ਇਕ ਨੂੰ ਰੋਟੀ ਕਪੜਾ ਅਤੇ ਮਕਾਨ ਮਿਲੇ, ਇਹ ਕੇਵਲ ਆਰਥਕ ਤੌਰ ਤੇ ਖੁਦਮੁਖਤਿਆਰ ਹੋਣ ਦੇ ਨਾਲ ਹੀ ਮਿਲ ਸਕਦਾ ਹੈ।

ਸਿਖ ਹੋਮ ਲੈਂਡ ਦਾ ਤੀਸਰਾ ਅੰਗ ਇਹ ਹੈ ਕਿ ਇਸ ਸੰਪੂਰਣ ਅਤੇ ਅੰਦਰੂਨੀ ਤੌਰ ਤੇ ਖੁਦਮੁਖਤਿਆਰ ਸੰਪੂਰਣ ਪੰਜਾਬ ਵਿਚ ਸਿਖਾਂ, ਸਿਖੀ ਅਥਵਾ ਧਰਮ ਨੂੰ ਪ੍ਰਾਥਮਿਕਤਾ ਅਤੇ ਮਾਨਤਾ ਦਿਤੀ ਜਾਵੇ। ਸਿਖਾਂ ਅਤੇ ਸਿਖੀ ਨੂੰ ਮਾਨਤਾ ਦੇਣ ਦਾ ਇਹ ਭਾਵ ਨਹੀਂ ਕਿ ਦੂਸਰੇ ਦੇ ਹਕ ਛੀਨ ਕੇ ਇਨ੍ਹਾਂ ਨੂੰ......

ਕਈ ਮਾਨਯੋਗ ਮੈਂਬਰ : ਕੀ ਇਹ ਰੈਲੇਵੈਂਟ ਬੋਲ ਰਹੇ ਹਨ ?

ਸ਼੍ਰੀ ਸਭਾਪਤੀ : ਆਪਣੇ ਆਪਣੇ ਵਿਚਾਰ ਹਨ (It is a matter of opinion).

ਸਿਰਦਾਰ ਕਪੂਰ ਸਿੰਘ : ਮੈਂ ਬੀਬੀ ਇੰਦਰਾ ਦੀ ਗੱਲ ਕਰ ਚੁਕਾ ਹਾਂ, ਹੁਣ ਮੈਨੂੰ ਸਿਖ ਹੋਮ ਲੈਂਡ ਦੀ ਗਲ ਕਰ ਲੈਣ ਦਿਓ। (ਹਾਸਾ) ਸਾਰੇ ਹਿੰਦੁਸਤਾਨ, ਸਾਰੇ ਸੰਸਾਰ ਵਿਚ, ਇਹ ਇਕ ਸਿਖ ਹੋਮ ਲੈਂਡ ਦਾ ਸਬੰਧ ਹੀ ਹੈ ਜੋ ਧਰਮ ਦੀ ਰਾਖੀ ਕਰਦਾ ਹੈ। ਇਹ ਕਿਸੇ ਦੂਸਰੇ ਧਰਮ ਦੇ ਵਿਰੁਧ ਨਹੀਂ ਹੈ। ਇਨ੍ਹਾਂ ਗੱਲਾਂ ਦੇ ਬਾਵਜੂਦ ਜਿਹੜੇ ਸਜਣ ਸਿਖ ਹੋਮ ਲੈਂਡ ਦੀ ਵਿਰੋਧਤਾ ਕਰਦੇ ਹਨ, ਉਹ ਗਲਤ ਗੱਲਾਂ ਕਰਦੇ ਹਨ ਜਾਂ ਉਨ੍ਹਾਂ ਦੇ ਵਿਚਾਰ ਅਗਿਆਨ ਆਸ਼ਰਤ ਹਨ।

ਮੈਂ ਸਦਨ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਜਿਹੜੇ ਸਮਾਜ ਦੀ ਮੈਂ ਰੂਪ ਰੇਖਾ ਦੱਸੀ ਹੈ ਇਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਤਿੰਨ ਅਸੂਲਾਂ ਉਤੇ ਰਖੀ ਹੈ। (1) ਕਿਰਤ ਕਰਨੀ (2) ਵੰਡ ਛਕਣਾ (3) ਨਾਮ ਜਪਣਾ। ਕਿਰਤ ਕਰਨਾ : ਕੋਈ ਵੀ ਇਸ ਸੰਕਲਪਤ ਸਮਾਜ ਵਿਚ ਵਿਹਲੜ ਨਾ ਰਹੇ। ਵੰਡ ਛਕਣ ਦਾ ਭਾਵ ਹੈ ਕੋਈ ਵੀ ਇਜਾਰੇਦਾਰੀ ਇਸ ਸਮਾਜ ਵਿਚ ਨਾ ਹੋਵੇ। ਜਿਥੇ ਤਕ ਇਨ੍ਹਾਂ ਦੋਹਾਂ ਗੱਲਾਂ ਦਾ ਸਬੰਧ ਹੈ ਇਨ੍ਹਾਂ ਨਾਲ ਨਾਂਹ ਤਾਂ ਅਸਹਿਮਤੀ ਇਥੇ ਇਹ ਮਤਾ ਪੇਸ਼ ਕਰਨ ਵਾਲੇ ਨੂੰ ਹੋ ਸਕਦੀ ਹੈ ਅਤੇ ਨਾ ਹੀ ਮੇਰੇ ਮਿਤਰ ਕਮਿਊਨਿਸਟ ਹੀ ਇਨ੍ਹਾਂ ਉਤੇ ਕਿੰਤੂ ਕਰਨਗੇ। ਪਰ ਜਦੋਂ ਨਾਮ ਜਪਣ ਜਾਂ ਅਧਿਆਤਮਕ ਉਨਤੀ ਦੀ ਗੱਲ ਆਉਂਦੀ ਹੈ ਤਦ ਇਹ ਵਿਰੋਧ ਕਰਦੇ ਹਨ।

ਇਸ ਸਮਾਜ ਵਿਚ ਇਹ ਨਿਸ਼ਚੇ ਹੈ ਕਿ ਕੋਈ ਧਨ ਸੰਗ੍ਰਹ ਨਹੀਂ ਕਰ ਸਕੇਗਾ, ਕੋਈ ਐਵੇਂ ਵਾਧੂ ਸੰਪਤੀ ਨਹੀਂ ਬਣਾ ਸਕੇਗਾ। ਇਸ ਸਮਾਜ ਵਿਚ ਮਨੁਖ ਦੀਆਂ ਜਿਤਨੀਆਂ ਮੁਢਲੀਆਂ ਲੋੜਾਂ ਹਨ ਉਹ ਪੂਰੀਆਂ ਹੋਣਗੀਆਂ ਅਤੇ ਸਮਾਜ ਪ੍ਰਗਤੀਸ਼ੀਲ ਹੋ ਜਾਵੇਗਾ। ਗੁਰੂ ਨਾਨਕ ਦੇਵ ਜੀ ਨੇ ਜੋ ਅਸੂਲ ਇਕ ਸਮਾਜ

[ਸਿਰਦਾਰ ਕਪੂਰ ਸਿੰਘ]

ਦੀ ਸਿਰਜਣਾ ਲਈ ਦਸੇ ਹਨ ਉਨ੍ਹਾਂ ਦੀ ਪੁੱਸ਼ਟਤਾ ਵਿਚ ਮੈਂ ਇਕ ਉਦਾਹਰਣ ਦੇਣੀ ਚਾਹੁੰਦਾ ਹਾਂ। ਅਜੇ ਸਿਖ ਰਾਜ ਪੱਕਾ ਸਥਾਪਤ ਨਹੀਂ ਸੀ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਅਰੰਭ ਕੀਤੀਆਂ ਲੜਾਈਆਂ ਪੰਜਾਬ ਵਿਚ ਚਲ ਰਹੀਆਂ ਸਨ। ਉਸ ਵੇਲੇ ਇਕ ਬੰਦਾ ਜੋ ਪੰਜਾਬ ਦਾ ਜੰਮਪਲ ਸੀ, ਉਹ ਸ਼ਖਸ਼ ਸੀ, ਸਾਈਂ ਬੁਲ੍ਹੇ ਸ਼ਾਹ। ਉਸ ਨੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਸਿਖ ਕਿਹੋ ਜਿਹਾ ਸਮਾਜ ਸਥਾਪਤ ਕਰਨਾ ਚਾਹੁੰਦੇ ਹਨ। ਇਸ ਲਈ ਉਹ ਸਿਖਾਂ ਦੇ ਸੰਗਮਾਂ ਵਿਚ ਗਿਆ, ਸਿਖ ਸਮਾਜ ਦੇ ਨੇੜੇ ਹੋਕੇ ਉਸ ਨੇ ਦੇਖਿਆ ਘੋਖਿਆ; ਉਸ ਨੇ ਸਿਖਾਂ ਦੇ ਹਮਲੇ ਵੀ ਦੇਖੇ ਅਤੇ ਇਸ ਤਰ੍ਹਾਂ ਸਭ ਕੁਝ ਆਪਣੀ ਅਖੀਂ ਦੇਖ ਕੇ ਪਰਖ ਕੇ ਉਸ ਨੇ ਜੋ ਬਚਨ ਕੀਤੇ ਹਨ ਉਹ ਸਾਡੇ ਤਕ ਪੁਜੇ ਹਨ, ਇਕ ਸੂਫੀ ਫਕੀਰ ਦੇ ਬਚਨ। ਉਨ੍ਹਾਂ ਨੇ ਲਿਖਿਆ ਹੈ ਕਿ :—

"ਇੱਟ ਖੜੱਕਾ, ਦੁੱਪੜ ਵਜੇ, ਨਾਲੇ ਤੱਪੇ ਚੁਲ੍ਹਾ,"

ਉਸ ਨੇ ਦਸਿਆ ਹੈ ਕਿ ਸਿਖ ਕਿਸ ਤਰ੍ਹਾਂ ਦਾ ਸਮਾਜ ਬਣਾਉਣਾ ਚਾਹੁੰਦੇ ਸੀ। ਇੱਟ ਖੜੱਕਾ—ਇਸ ਦਾ ਭਾਵ ਹੈ ਕਿ ਹਰ ਇਕ ਨੂੰ ਕੰਮ ਕਰਨਾ ਪੈਂਦਾ ਹੈ ਅਤੇ ਕੋਈ ਵੀ ਵਿਹਲਾ ਨਹੀਂ ਰਹਿਣ ਦਿਤਾ ਜਾਂਦਾ ਹੈ।

ਦੁੱਪੜ ਵੱਜੇ—ਸਾਰੇ ਕੀਰਤਨ, ਹਰੀ ਜਸ ਗਾਇਨ ਕਰਦੇ ਹਨ। ਇਸ ਦੁਆਰਾ ਅਧਿਆਤਮਕ ਉਨਤੀ ਵਲ ਪ੍ਰਗਤੀ ਸ਼ੀਲ ਹੁੰਦੇ ਹਨ।

ਨਾਲੇ ਤੱਪੇ ਚੁਲ੍ਹਾ—ਸਾਰਿਆਂ ਨੂੰ ਰੋਟੀ ਕਪੜਾ ਅਤੇ ਮਕਾਨ ਆਦਿ ਮਿਲਦਾ ਹੈ, ਜਿਸ ਵਿਸ਼ੇ ਬਾਬਤ ਅਜ ਇਥੇ ਮਤਾ ਪੇਸ਼ ਹੋਇਆ ਹੈ। ਇਹੀ ਗੱਲ ਬੁਲ੍ਹੇ ਸ਼ਾਹ ਨੇ ਸਿਖ ਸਮਾਜ ਦੇ ਬਾਰੇ ਕਹੀ ਹੈ। ਫਿਰ ਉਹ ਕਹਿੰਦੇ ਹਨ ਕਿ :—

"ਇਨ੍ਹੀ ਗਲੀਂ ਰਬ ਵੀ ਰਾਜ਼ੀ, ਨਾਲੇ ਰਾਜ਼ੀ ਬੁਲ੍ਹਾ।" (ਥੰਪਿੰਗ)

ਉਸ ਨੇ ਕਿਹਾ ਮੈਂ ਭਾਵੇਂ ਮੁਸਲਮਾਨ ਹਾਂ ਪਰ ਇਸ ਦੇ ਬਾਵਜੂਦ ਮੈਂ ਇਸ ਸਮਾਜ ਨੂੰ ਪਸੰਦ ਕਰਦਾ ਹਾਂ, ਇਸ ਦਾ ਸਮਰਥਕ ਹਾਂ।

ਇਕ ਮਾਨਯੋਗ ਮੈਂਬਰ: ਸਾਰਾ ਮੁੜ ਕੇ ਪੜ੍ਹਨਾ।

ਸਿਰਦਾਰ ਕਪੂਰ ਸਿੰਘ : "ਇੱਟ ਖੜੱਕਾ, ਦੁੱਪੜ ਵੱਜੇ, ਨਾਲੇ ਤੱਪੇ ਚੁਲ੍ਹਾ,
ਇਨ੍ਹੀ ਗਲੀਂ ਰਬ ਵੀ ਰਾਜ਼ੀ, ਨਾਲੇ ਰਾਜ਼ੀ ਬੁਲ੍ਹਾ।"

ਮੈਂ ਬੇਨਤੀ ਕਰਦਾ ਹਾਂ ਕਿ, ਇਸ ਸਮਾਜ ਦੀ ਸਿਰਜਣਾ ਦੁਆਰਾ ਦੋਹਾਂ ਜਹਾਨਾਂ ਵਿਚ ਮੁਖ ਉਜਲਾ ਹੋ ਸਕਦਾ ਹੈ। ਸਿਖ ਸਮਾਜ ਵਿਚ ਰੋਟੀ, ਕਪੜੇ ਅਤੇ ਮਕਾਨ ਦੀ ਸਮੱਸਿਆ ਕਿਵੇਂ ਹਲ ਕੀਤੀ ਜਾਂਦੀ ਰਹੀ ਹੈ, ਮੈਂ ਇਸ ਦੀ ਇਕ ਮਿਸਾਲ ਦੇਣੀ ਚਾਹੁੰਦਾ ਹਾਂ। 1772-73 ਵਿਚ ਅਜੇ ਜਦੋਂ ਕਿ ਸਿਖ ਰਾਜ ਪੱਕਾ ਨਹੀਂ ਸੀ ਹੋਇਆ ਅਨੇਕ ਸਰਦਾਰ ਸਨ ਅਤੇ ਜਿਸ ਸਰਦਾਰ ਦਾ ਦਿਲ ਕਰਦਾ ਸੀ ਉਹ 50—60 ਪਿੰਡ ਮਲ ਕੇ ਬਹਿ ਜਾਂਦਾ ਸੀ। ਉਦੋਂ ਇਕ ਵਾਰ ਕਾਲ ਪੈ ਗਿਆ। ਤਾਂ ਉਨ੍ਹਾਂ ਸਰਦਾਰਾਂ ਵਿਚੋਂ ਇਕ ਸਰਦਾਰ ਬਾਘ ਸਿੰਘ ਨੇ ਜਿਹੜਾ ਕਿ ਝੰਗ ਮਘਿਆਣੇ ਦੀ ਮੱਲ ਮਾਰੀ ਬੈਠਾ ਸੀ ਆਪਣੇ ਪਿੰਡ ਵੇਚ ਵੇਚ ਕੇ ਆਪਣੇ ਲੋਕਾਂ ਦੀ ਰੋਟੀ ਦਾ ਪਰਬੰਧ

ਕੀਤਾ ਅਤੇ ਜਦੋਂ 2 ਸਾਲਾਂ ਪਿਛੋਂ ਕਾਲ ਖਤਮ ਹੋਇਆ ਤਾਂ ਉਸ ਕੋਲ 1,200 ਪਿੰਡਾਂ ਵਿਚੋਂ ਕੇਵਲ 50 ਕੁ ਪਿੰਡ ਹੀ ਰਹਿ ਗਏ ਸਨ, ਬਾਕੀ ਉਸ ਨੇ ਗਹਿਣੇ ਰਖ ਦਿਤੇ ਸਨ ।

ਉਹ ਆਪਣੀ ਮਿਲਖ ਸਰਦਾਰੀ ਦਾ ਇਲਾਕਾ ਵੇਚ ਵੇਚ ਕੇ ਗੁਰੂ ਕੇ ਲੰਗਰ ਵਿਚ ਫਰੀ ਕਿਚਨ ਵਿਚ ਰਸਦ ਪਾਂਦਾ ਰਿਹਾ ਤਾਂ ਜੁ ਉਥੇ ਕੋਈ ਤੋਟ ਨਾ ਆ ਜਾਵੇ । ਦੂਸਰੀ ਮਿਸਾਲ ਮੈਂ ਦੇਣੀ ਚਾਹੁੰਦਾ ਹਾਂ ਸਿੱਖ ਰਾਜ ਦੇ ਸਮੇਂ ਦੀ ਸੰਨ 1811 ਵਿਚ ਇਕ ਵਾਰ ਮਾਝੇ ਵਿਚ ਕਾਲ ਪਿਆ ਤਾਂ ਇਹ ਅੰਗਰੇਜ਼ ਲਿਖਾਰੀ ਦੀਆਂ ਲਿਖਤਾਂ ਤੋਂ ਵਿਦੱਤ ਹੈ ਕਿ ਉਸ ਸਮੇਂ ਦਾ ਮਹਾਰਾਜਾ ਰਣਜੀਤ ਸਿੰਘ ਭੇਸ ਬਦਲ ਕੇ, ਮੋਢੇ ਤੇ ਖੇਸ ਲੈ ਕੇ, ਲੋਕਾਂ ਨੂੰ ਆਪ ਬੋਰੀਆਂ ਢੋ ਢੋ ਕੇ ਅਨਾਜ ਪਹੁੰਚਾਂਦਾ ਰਿਹਾ । ਕਣਕ ਦੀਆਂ ਬੋਰੀਆਂ, ਛੋਲਿਆਂ ਦੀਆਂ ਬੋਰੀਆਂ ਅਤੇ ਬੇਰੜੇ ਦੀਆਂ ਪੰਡਾਂ ਉਹ ਆਪ ਲੋਕਾਂ ਦੇ ਘਰੀਂ ਛਡ ਕੇ ਆਉਂਦਾ ਰਿਹਾ ਸੀ ਤਾਂ ਜੁ ਉਹ ਲੋਕ ਜੋ ਸਰੀਰੋਂ ਕਮਜ਼ੋਰ ਸਨ ਸਰਕਾਰੀ ਗੁਦਾਮਾਂ ਵਿਚੋਂ ਅਨਾਜ ਚੁਕ ਕੇ ਲੈ ਜਾਣ ਦੀ ਤਾਕਤ ਨਹੀਂ ਰਖਦੇ, ਬਾਲ, ਤ੍ਰੀਮਤਾਂ, ਬੁਢੇ, ਰੋਗੀ, ਉਹ ਭੁਖੇ ਨਾ ਮਰ ਜਾਣ ।

ਭਗਤ ਗੁਰਾਂ ਦਾਸ ਹੰਸ : ਆਨ ਏ ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਸਿਰਦਾਰ ਕਪੂਰ ਸਿੰਘ ਜੀ ਨੇ ਜੋ ਗੱਲਾਂ ਦਸੀਆਂ ਹਨ ਉਹ ਬਹੁਤ ਚੰਗੀਆਂ ਹਨ, ਦਿਲ ਨੂੰ ਅਛੀਆਂ ਲਗਦੀਆਂ ਹਨ. ਪਰ ਮੈਂ ਉਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਅਜ ਗੁਰੂ ਸਾਹਿਬ ਦੀ ਸਿਖਿਆਂ ਅਨੁਸਾਰ ਸਾਰੇ ਕੰਮ ਹੋ ਰਹੇ ਹਨ । ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਨੇ ਕਿਹਾ ਕਿ ਅਸੀਂ ਤੁਹਾਨੂੰ ਰਾਜ ਦਿੰਦੇ ਹਾਂ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਗਰੀਬਾਂ ਦੀ ਰਖਿਆ ਕਰਨ ਲਈ ਆਏ ਹਾਂ ਕੋਈ ਰਾਜ ਕਰਨ ਨਹੀਂ ਆਏ । ਉਨ੍ਹਾਂ ਇਕ ਹੀ ਬਰਤਨ ਵਿਚ ਸਾਰਿਆਂ ਨੂੰ ਅੰਮ੍ਰਿਤ ਛਕਾਇਆ ਸੀ ਅਤੇ ਚਮਕੌਰ ਦੀ ਗੜ੍ਹੀ ਵਿਚ ਆਪਣੀ ਕਲਗੀ ਇਕ ਗਰੀਬ ਹਰੀਜਨ ਦੇ ਸਿਰ ਤੇ ਰਖੀ ਸੀ । ਪਰ ਅਜ ਪਿੰਡਾਂ ਵਿਚ ਗਰੀਬ ਹਰੀਜਨਾਂ ਦੇ ਨਾਲ ਧਕੇ ਹੋ ਰਹੇ ਹਨ, ਕੀ ਇਹ ਗੁਰੂ ਸਾਹਿਬ ਦੀਆਂ ਸਿਖਿਆਵਾਂ ਦੇ ਅਨੁਸਾਰ ਹੋ ਰਿਹਾ ਹੈ ? (ਵਿਘਨ)

ਸਿਰਦਾਰ ਕਪੂਰ ਸਿੰਘ : ਪ੍ਰਧਾਨ ਜੀ, ਜੋ ਕੁਝ ਮਾਨਯੋਗ ਮੈਂਬਰ ਨੇ ਕਿਹਾ ਹੈ, ਮੈਂ ਇਨ੍ਹਾਂ ਨੂੰ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਜੋ ਉਨ੍ਹਾਂ ਨੇ ਔਗੁਣ ਦਸੇ ਹਨ ਅਤੇ ਜਿਹੜੇ ਦੂਸ਼ਨ ਉਹਨਾਂ ਨੇ ਕੁਝ ਲੋਕਾਂ ਉਤੇ ਲਗਾਏ ਹਨ, ਮੈਂ ਇਤਨਾ ਹੀ ਕਹਿੰਦਾ ਹਾਂ ਕਿ ਮੈਂ ਤਾਂ ਅਜੇਹੇ ਦੋਸ਼ੀਆਂ ਨੂੰ ਸਿੱਖ ਹੀ ਨਹੀਂ ਮੰਨਦਾ, ਅਕਾਲੀ ਬਣਨਾ ਤਾਂ ਬਹੁਤ ਦੂਰ ਦੀ ਗਲ ਹੈ । ਜੋ ਸਿੱਖ ਹਰੀਜਨਾਂ ਨੂੰ ਘਿਰਣਾ ਕਰਦਾ ਹੈ ਜਾਂ ਜਨਮ ਕਰਕੇ ਉਚ, ਨੀਚ ਮੰਨਦਾ ਹੈ । (ਥੰਪਿੰਗ) ਮੈਂ ਉਸ ਨੂੰ ਸਿੱਖ ਹੀ ਨਹੀਂ ਮੰਨਦਾ, ਅਕਾਲੀ ਤਾਂ ਕੀ ਮੰਨਣਾ ਹੈ । (ਥੰਪਿੰਗ)

(ਇਸ ਸਮੇਂ ਭਗਤ ਗੁਰਾਂ ਦਾਸ ਹੰਸ ਫਿਰ ਕੁਝ ਬੋਲਣ ਲਈ ਉਠੇ ।)

ਸ੍ਰੀ ਸਭਾਪਤੀ : ਤੁਸੀਂ ਹੁਣ ਬੈਠ ਜਾਉ, ਆਪਣੀ ਵਾਰੀ ਤੇ ਬੋਲ ਲੈਣਾ । (The hon. Member may please resume his seat. He may speak in his turn).

ਸਿਰਦਾਰ ਕਪੂਰ ਸਿੰਘ : ਅੰਤ ਵਿਚ ਮੈਂ ਕਹਿੰਦਾ ਹਾਂ ਕਿ ਜਿਹੜਾ ਮਤਾ ਪੇਸ਼ ਹੋਇਆ ਹੈ ਇਸ ਸਦਨ ਵਿਚ, ਉਸ ਮਤੇ ਦੀ ਤਸ਼ਰੀਹ (ਵਿਘਨ) ਅਤੇ ਵਿਆਖਿਆ ਵਿਸ਼ਲੇਸ਼ਨ ਜਿਹੜਾ ਮੈਂ ਕਰਨ ਦਾ ਯਤਨ ਕੀਤਾ ਹੈ ਉਸ ਦੇ ਅਧੀਨ ਇਸ ਮਤੇ ਨੂੰ ਪਰਵਾਨ ਕਰ ਲਿਆ ਜਾਵੇ। ਮੈਂ ਇਸ ਮਤੇ ਨਾਲ ਸਹਿਮਤ ਹਾਂ (ਥੰਪਿੰਗ) (ਵਿਘਨ) ਮੈਂ ਸਾਰੇ ਸਦਨ ਨੂੰ ਬੇਨਤੀ ਕਰਾਂਗਾ ਕਿ ਇਹ ਮਤਾ ਪਰਵਾਨ ਕਰ ਲਿਆ ਜਾਵੇ। ਦੂਸਰੀ ਗੱਲ ਇਹ ਕਹਾਂਗਾ ਕਿ ਇਸ ਮਤੇ ਦੇ ਜਿਹੜੇ ਨਿਸ਼ਾਨੇ ਹਨ ਉਨ੍ਹਾਂ ਦੀ ਪੂਰਤੀ ਉਨ੍ਹਾਂ ਚਿਰ ਹੋ ਨਹੀਂ ਸਕਦੀ ਜਿੰਨਾਂ ਚਿਰ ਕਿ ਇਹ ਜਿਹੜਾ ਉਤਰੀ ਹਿੰਦੁਸਤਾਨ ਦਾ ਖਿੱਤਾ ਹੈ ਜਿਸ ਵਿਚ ਕਿ ਪੰਜਾਬ ਸ਼ਾਮਿਲ ਹੈ, ਇਥੇ ਸਿਖ ਹੋਮ ਲੈਂਡ ਦੀ ਸਥਾਪਨਾ ਨਹੀਂ ਹੋ ਜਾਂਦੀ, (ਵਿਘਨ) ਜਿਸ ਤਰ੍ਹਾਂ ਕਿ ਮੈਂ ਵਿਆਖਿਆ ਕੀਤੀ ਹੈ, ਉਹ ਪੂਰੀ ਨਹੀਂ ਹੋ ਜਾਂਦੀ। ਧੰਨਵਾਦ।

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉਤਰ) : ਜਿਹੜਾ ਮਤਾ ਡਾਕਟਰ ਸਾਹਿਬ ਨੇ ਪੇਸ਼ ਕੀਤਾ ਹੈ ਉਸ ਨੂੰ ਮੈਂ ਕੋਈ ਸਿਆਸੀ ਤੌਰ ਤੇ ਨਹੀਂ ਲੈਂਦਾ ਹਾਂ। ਅਤੇ ਨਾ ਹੀ ਸਿਆਸੀ ਤੌਰ ਤੇ ਕੋਈ ਗਲ ਇਸ ਸਬੰਧੀ ਕਰਨੀ ਚਾਹੀਦੀ ਹੈ। ਜ਼ਰੂਰੀ ਗੱਲ ਤਾਂ ਇਹ ਹੈ ਕਿ ਜਦ ਕਿਸੇ ਦੇ ਪੇਟ ਵਿਚ ਰੋਟੀ ਹੋਵੇ, ਰਹਿਣ ਨੂੰ ਮਕਾਨ ਹੋਵੇ ਅਤੇ ਗੱਲ ਵਿਚ ਕਪੜਾ ਪਿਆ ਹੋਇਆ ਹੋਵੇ ਤਾਂ ਹੀ ਉਹ ਸੁਖ ਸਮਝ ਸਕਦਾ ਹੈ। ਸਿਆਸੀ ਤਕਰੀਰਾਂ ਨਾਲ ਕਿਸੇ ਆਦਮੀ ਦਾ ਪੇਟ ਨਹੀਂ ਭਰ ਸਕਦਾ ਹੈ। (ਸ਼ੋਰ) (ਵਿਘਨ) ਕਪੜਾ, ਰੋਟੀ ਅਤੇ ਮਕਾਨ ਤਿੰਨੇ ਹੀ ਬਹੁਤ ਜ਼ਰੂਰੀ ਹਨ। (ਵਿਘਨ)

ਆਵਾਜ਼ : ਕਪੜੇ ਕਿਸ ਨੇ ਲੁਟ ਕੇ ਪਾਏ ਹਨ। (ਸ਼ੋਰ) (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : ਚੇਅਰਮੈਨ ਸਾਹਿਬ, ਜੇ ਤਾਂ ਇਸੇ ਤਰ੍ਹਾਂ ਹੀ ਇਨ੍ਹਾਂ ਨੇ ਗੱਲ ਕਰਨੀ ਹੈ (ਵਿਘਨ) ਮੈਂ ਤਾਂ ਇਹ ਸਮਝਦਾ ਹਾਂ ਕਿ ਇਥੇ ਇਸ ਵਿਚ ਕੋਈ ਸਿਆਸੀ ਗੱਲ ਕਰਨ ਦੀ ਲੋੜ ਨਹੀਂ ਹੈ। ਇਹ ਗਲ ਮੰਨਣ ਵਾਲੀ ਹੈ ਕਿ ਸਾਡੀ ਪੰਜਾਬ ਸਟੇਟ ਹੋਰ ਦੂਜਿਆਂ ਸੂਬਿਆਂ ਨਾਲੋਂ ਖਾਣ ਪੀਣ ਦੇ ਲਿਹਾਜ਼ ਨਾਲ ਚੰਗੀ ਹੈ। ਸਾਡੇ ਪੰਜਾਬ ਵਿਚ ਜਿਹੜੇ ਲੋਕ ਦੁਖੀ ਹਨ ਉਨ੍ਹਾਂ ਨੂੰ ਰੋਟੀ, ਕਪੜਾ ਅਤੇ ਮਕਾਨ ਦੇਣ ਦੀ ਜ਼ੁਮੇਵਾਰੀ ਸਾਡੀ ਪੰਜਾਬ ਗੌਰਮੈਂਟ ਦੀ ਹੈ। ਸਾਨੂੰ ਇਹ ਚਾਹੀਦਾ ਹੈ ਕਿ ਜ਼ਰਾ ਅਸੀਂ ਪੰਜਾਬ ਵਿਚ ਨਿਗਾਹ ਮਾਰਕੇ ਦੇਖੀਏ ਕਿ ਇਥੇ ਗੁਰਬਤ ਦਾ ਕੀ ਹਾਲ ਹੈ। ਕਈ ਆਦਮੀਆਂ ਨੂੰ ਤਾਂ ਸ਼ਾਮ ਨੂੰ ਖਾਣ ਨੂੰ ਰੋਟੀ ਨਹੀਂ ਲਭਦੀ ਹੈ। ਇਸ ਦੇ ਦੂਜੇ ਪਾਸੇ ਇਕ ਉਹ ਲੋਕ ਹਨ ਜਿਹੜੇ ਕਿ ਲਖਾਂ ਰੁਪਏ ਲੁੱਟੀ ਜਾਂਦੇ ਹਨ। ਅੰਤੇ ਆਪਣਾ ਘਰ ਭਰ ਰਹੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਕਈ ਬੰਦਿਆਂ ਨੂੰ ਤਾਂ ਸਿਰ ਲੁਕੋਣ ਨੂੰ ਝੋਂਪੜੀ ਵੀ ਨਹੀਂ ਲਭ ਰਹੀ। ਇਸ ਸਿਲਸਿਲੇ ਵਿਚ ਮੈਨੂੰ ਇਕ ਗਲ ਯਾਦ ਆ ਗਈ। ਇਕ ਬੰਦੇ ਨੇ ਮੈਨੂੰ ਆਪਣੇ ਘਰ ਬੁਲਾਇਆ। ਮੈਂ ਉਥੇ ਚਲਾ ਗਿਆ। ਉਥੇ ਤਿੰਨ ਚਾਰਪਾਈਆਂ ਇਕ ਦੂਜੇ ਦੇ ਉਤੇ ਪਈਆਂ ਸਨ। ਦਰਮਿਆਨ ਦੀ ਚਾਰਪਾਈ ਤੇ ਇਕ ਤੀਵੀਂ ਪਈ ਹੋਈ ਸੀ ਜਿਹੜੀ ਕਿ ਟੀ. ਬੀ. ਨਾਲ ਬਿਮਾਰ ਸੀ ਅਤੇ ਉਸ ਦੀ ਘਰ ਵਾਲੀ ਸੀ। ਉਸ ਚਾਰਪਾਈ ਦੇ ਥਲੇ ਵਾਲੀ ਚਾਰਪਾਈ ਤੇ ਉਸ ਦੇ ਦੋ ਬਚੇ ਪਏ ਸਨ। ਉਸ ਨੇ ਮੈਨੂੰ ਦਸਿਆ ਕਿ ਉਹ ਚਾਰ ਮਹੀਨਿਆਂ ਦਾ ਕਰਾਇਆ ਜਿਹੜਾ ਕਿ 15 ਰੁਪਏ ਮਹੀਨਾ ਸੀ ਨਹੀਂ ਦੇ ਸਕਿਆ। ਉਹਨੇ ਦਸਿਆ ਕਿ ਜਾਂ ਤਾਂ ਉਹ ਆਪਣੀ ਬੀਵੀ ਦਾ ਇਲਾਜ ਕਰਾਵੇ ਜਾਂ ਫੇਰ ਕਿਰਾਇਆ ਹੀ ਦੇਵੇ। ਉਸ ਨੇ ਮੈਨੂੰ ਕਿਹਾ ਕਿ ਮੈਂ ਉਸ ਦੀ ਕੀ ਮਦਦ ਕਰ ਸਕਦਾ ਹਾਂ। ਜੇ ਮਦਦ ਨਹੀਂ ਕਰ ਸਕਦੇ ਤਾਂ ਮੈਂ ਖੁਦ ਕਸ਼ੀ ਕਰਕੇ ਮਰ ਜਾਂਦਾ ਹਾਂ। ਮੈਂ ਬਰਾਊਨ ਹਸਪਤਾਲ

ਵਿਚ ਉਸ ਦੀ ਬੀਵੀ ਨੂੰ ਭੇਜਣ ਦੀ ਕੋਸ਼ਿਸ਼ ਕੀਤੀ ਪਰ ਉਥੇ ਮੈਨੂੰ ਦਸਿਆ ਗਿਆ ਕਿ ਉਹ ਇਸ ਲਈ 200 ਰੁਪਏ ਮਹੀਨੇ ਦੇ ਲੈਣਗੇ ਤਾਂ ਕਿਤੇ ਉਸ ਦੀ ਬੀਵੀ ਦਾਖਲ ਹੋ ਸਕਦੀ ਹੈ। ਇਹ ਗੁਰਬਤ ਦੀ ਇਕ ਨਿਸ਼ਾਨੀ ਹੈ। ਗੌਰਮੈਂਟ ਦੇ ਤਰੀਕਾਕਾਰ ਦੇ ਮੁਤਾਬਿਕ ਪਿਛਲੇ ਦਿਨਾਂ ਵਿਚ ਇੰਪਰੂਵਮੈਂਟ ਟਰਸਟ ਨੇ ਸਾਰੇ ਪੰਜਾਬ ਵਿਚ ਲੋਕਾਂ ਨੂੰ ਮਕਾਨ ਦਿਤੇ। ਇਸ ਬਾਰੇ ਕਿਸੇ ਪਾਸੇ ਨਿਗਾਹ ਮਾਰਕੇ ਦੇਖ ਲਵੋ, ਕਿਤੇ ਵੀ ਛੋਟੇ ਮਕਾਨ ਨਹੀਂ ਬਣੇ, ਸਾਰੇ ਪਾਸੇ ਵਡੇ ਵਡੇ ਲੋਕਾਂ ਨੂੰ ਕੋਠੀਆਂ ਬਣਾਉਣ ਵਾਸਤੇ ਪੈਸੇ ਖਰਚ ਕੀਤੇ। ਗਰੀਬਾਂ ਦੇ ਮਕਾਨ ਬਣਾਉਣ ਵਾਸਤੇ ਇਕ ਪੈਸਾ ਵੀ ਖਰਚ ਨਹੀਂ ਕੀਤਾ ਗਿਆ। ਜਿਸ ਸਮਾਜ ਵਿਚ ਗਰੀਬਾਂ ਲਈ ਕੋਈ ਹਿੱਸਾ ਨਹੀਂ ਰਖਿਆ ਜਾਂਦਾ ਉਹ ਸਮਾਜ ਕਦੀ ਵੀ ਕਾਮਯਾਬ ਨਹੀਂ ਹੋ ਸਕਦਾ।

ਦੂਸਰੇ ਪਾਸੇ ਰੋਟੀ ਦੀ ਗੱਲ ਲੈ ਲਵੋ। ਪੰਜਾਬ ਦੇ ਲੋਕ ਭੁਖੇ ਹਨ। ਮਜ਼ਦੂਰ ਜਿਹੜਾ ਕਿ ਕਾਰਖਾਨੇ ਵਿਚ ਕੰਮ ਕਰਦਾ ਹੈ ਜਿਸ ਦੀ ਔਸਤਨ ਆਮਦਨ 100 ਰੁ: ਹੈ, ਉਸ ਦਾ ਤੁਸੀ ਅੰਦਾਜ਼ਾ ਲਗਾਉ ਕਿ ਕਿਸ ਤਰ੍ਹਾਂ ਗੁਜ਼ਾਰਾ ਹੋ ਸਕਦਾ ਹੈ। ਉਸ ਦੇ ਚਾਰ ਬੱਚੇ ਅਤੇ ਬੀਵੀ ਹੈ, ਇਨ੍ਹਾਂ ਛੇ ਬੰਦਿਆਂ ਦਾ 100 ਰੁਪਏ ਵਿਚ ਕਿਸ ਤਰ੍ਹਾਂ ਗੁਜ਼ਾਰਾ ਹੋ ਸਕਦਾ ਹੈ। ਜਦ ਤਕ ਉਨ੍ਹਾਂ ਦੀ ਆਮਦਨ ਵਿਚ ਵਾਧਾ ਨਹੀਂ ਕੀਤਾ ਜਾਂਦਾ ਉਦੋਂ ਤਕ ਇਹ ਲੋਕ ਆਪਣੀ ਜ਼ਿੰਦਗੀ ਚੰਗੀ ਤਰ੍ਹਾਂ ਨਾਲ ਬਸਰ ਨਹੀਂ ਕਰ ਸਕਦੇ। ਇਨਾਂ ਮਜ਼ਦੂਰਾਂ ਦੀ ਜੇ ਇਸ ਹਾਲਤ ਵਲ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਇਹ ਲੋਕ ਕਿੰਨੀ ਮੁਸ਼ਕਿਲ ਵਿਚ ਹਨ। ਲੁਧਿਆਣੇ ਦੇ ਕਾਰਖਾਨਿਆਂ ਵਿਚ ਜਿਹੜੇ ਮਜ਼ਦੂਰ ਕੰਮ ਕਰਦੇ ਹਨ, ਇਨ੍ਹਾਂ ਦਾ ਜਿਹੜਾ ਸਟੈਟਿਸਟਿਕਸ ਕਢਿਆ ਗਿਆ ਹੈ ਉਸ ਤੋਂ ਪਤਾ ਲਗਦਾ ਹੈ ਕਿ ਜ਼ਿਆਦਾ ਤਰ ਮਜ਼ਦੂਰ ਟੀ. ਬੀ. ਨਾਲ ਮੁਬਤਲਾ ਹਨ। ਇਨ੍ਹਾਂ ਦੀ ਬਿਮਾਰੀ ਦਾ ਕਾਰਨ ਸਭ ਤੋਂ ਵਡੀ ਗਲ ਇਨ੍ਹਾਂ ਨੂੰ ਪੂਰੀ ਖੁਰਾਕ ਦਾ ਨਾ ਮਿਲਣਾ ਹੈ। ਜਿਨ੍ਹਾਂ ਕਾਰਖਾਨਿਆਂ ਵਿਚ ਇਹ ਲੋਕ ਕੰਮ ਕਰਦੇ ਹਨ ਉਥੇ ਉ ਦੇ ਰੇਸ਼ੇ ਇਨ੍ਹਾਂ ਅੰਦਰ ਚਲੇ ਜਾਂਦੇ ਹਨ ਜਿਸ ਨਾਲ ਇਨ੍ਹਾਂ ਨੂੰ ਟੀ.ਬੀ. ਹੋ ਜਾਂਦੀ ਹੈ। ਜਿਹੜੇ ਕਾਰਖਾਨਿਆਂ ਦੇ ਮਾਲਕ ਹਨ ਉਹ ਤਾਂ ਸਿਰਫ ਆਪਣੀ ਕਮਾਈ ਵਲ ਧਿਆਨ ਦਿੰਦੇ ਹਨ ਜਿਹੜੀ ਕਿ ਮਜ਼ਦੂਰ ਉਨ੍ਹਾਂ ਨੂੰ ਕਮਾ ਕੇ ਦਿੰਦੇ ਹਨ ਪਰ ਜਿਹੜਾ ਉਨ੍ਹਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਮਜ਼ਦੂਰਾਂ ਦੀ ਸਿਹਤ ਜਾਂ ਹੋਰ ਇਨ੍ਹਾਂ ਗਰੀਬ ਲੋਕਾਂ ਦੇ ਹਿੱਤਾਂ ਵਲ ਧਿਆਨ ਦੇਣ, ਇਹ ਚੀਜ਼ ਇਹ ਨਹੀਂ ਕਰਦੇ। ਕਾਰਖਾਨੇਦਾਰਾਂ ਦੀ ਇਹ ਜ਼ੁਮੇਵਾਰੀ ਹੈ ਕਿ ਮਜ਼ਦੂਰਾਂ ਦੀ ਬੇਹਤਰੀ ਵਲ ਵੀ ਉਹ ਧਿਆਨ ਦਿਆ ਕਰਨ। ਮਿਲ ਮਾਲਕਾਂ ਨੂੰ ਮਜ਼ਦੂਰਾਂ ਦੇ ਵੇਜਿਜ਼ ਵਿਚ ਵਾਧਾ ਕਰਨਾ ਚਾਹੀਦਾ ਹੈ। ਹੋਰ ਜਿਹੜੀਆਂ ਲੋੜੀਂਦੀਆਂ ਸਹੂਲਤਾਂ ਹਨ ਉਹ ਇਨ੍ਹਾਂ ਨੂੰ ਦੇਣੀਆਂ ਚਾਹੀਦੀਆਂ ਹਨ। ਜਦ ਤਕ ਗੌਰਮੈਂਟ ਇਹ ਗੱਲਾਂ ਨਹੀਂ ਕਰਦੀ ਉਨਾਂ ਚਿਰ ਅਸੀਂ ਇਹ ਨਹੀਂ ਕਹਿ ਸਕਦੇ ਕਿ ਲੋਕ ਦੁਖੀ ਨਹੀਂ ਹਨ। (ਵਿਘਨ)

ਚੇਅਰਮੈਨ ਸਾਹਿਬ, ਚਾਰੇ ਪਾਸੇ ਤੁਸੀਂ ਨਿਗਾਹ ਮਾਰੋ ਤਾਂ ਪਤਾ ਲਗਦਾ ਹੈ ਕਿ ਸਾਡੇ ਪਜਾਬ ਵਿਚ ਭਿਖਾਰੀ ਮੌਜੂਦ ਹਨ। ਹੁਣ ਬਿਲ ਲਿਆਂਦਾ ਜਾ ਰਿਹਾ ਹੈ ਕਿ ਭਿਖਾਰੀਆਂ ਨੂੰ ਭੀਖ ਮੰਗਣਾ ਮਨ੍ਹਾਂ ਕੀਤਾ ਜਾਵੇਗਾ। ਇਹ ਠੀਕ ਹੈ ਪਰ ਜਦ ਤਕ ਜਿਹੜੇ ਲੋਕ ਕੰਮ ਕਰ ਸਕਦੇ ਹਨ ਉਨਾਂ ਨੂੰ ਕੰਮ ਸਰਕਾਰ ਮੁਹੱਈਆ ਨਹੀਂ ਕਰ ਸਕਦੀ ਉਹ ਲੋਕ ਹੋਰ ਕੀ ਕਰਨ। ਇਨ੍ਹਾਂ ਲੋਕਾਂ ਨੂੰ ਰੁਜ਼ਗਾਰ ਦੇਣਾ ਚਾਹੀਦਾ ਹੈ। ਜੇ ਰੁਜ਼ਗਾਰ ਦਿਤੇ ਬਗੈਰ ਹੀ ਉਨ੍ਹਾਂ ਲੋਕਾਂ ਨੂੰ ਗਿਰਫਤਾਰ ਕਰ ਲਿਆ ਗਿਆ ਤਾਂ ਇਹ ਕੋਈ ਅਛੀ ਗੱਲ ਨਹੀਂ ਹੋਵੇਗੀ। ਜ਼ਿਆਦਾ ਭਿਖਾਰੀ ਦੂਜਿਆਂ ਸੂਬਿਆਂ ਵਿਚੋਂ ਵੀ ਇਥੇ ਆਉਂਦੇ ਹਨ। (ਵਿਘਨ)

[ਸ਼੍ਰੀ ਸਰਦਾਰੀ ਲਾਲ ਕਪੂਰ]

ਜਦੋਂ ਪਾਕਿਸਤਾਨ ਬਣਿਆ ਤਾਂ ਜਿਹੜੇ ਲੋਕ ਉਧਰੋਂ ਇਧਰ ਆਏ ਉਨ੍ਹਾਂ ਨੇ ਬੜੀ ਮਿਹਨਤ ਕਰਕੇ, ਮਜ਼ਦੂਰੀ ਕਰਕੇ ਆਪਣੇ ਪੇਟ ਭਰੇ । ਜ਼ਮੀਨਾਂ ਉਨ੍ਹਾਂ ਨੇ ਮਿਹਨਤ ਕਰਕੇ ਚੰਗੀ ਪੈਦਾਵਾਰ ਕਰਨ ਦੇ ਕਾਬਲ ਬਣਾ ਦਿੱਤੀਆਂ । ਉਹਦਾ ਇਹ ਸਿਟਾ ਨਿਕਲਿਆ ਹੈ ਕਿ ਅੱਜ ਪੰਜਾਬ ਸਿਰਫ ਆਪਣਾ ਹੀ ਪੇਟ ਨਹੀਂ ਭਰਦਾ ਹੈ ਬਲਕਿ ਹਿੰਦੁਸਤਾਨ ਦੇ ਦੂਜਿਆਂ ਸੂਬਿਆਂ ਨੂੰ ਵੀ ਪਾਲਦਾ ਹੈ । ਪੰਜਾਬੀ ਬਹਾਦਰ ਹੈ ਲੇਕਿਨ ਜੇ ਇਸ ਦੇ ਨਾਲ ਗੌਰਮੈਂਟ ਵੀ ਮਦਦ ਕਰੇ ਤਾਂ ਇਹ ਲੋਕ ਹੋਰ ਵੀ ਅੱਛਾ ਕੰਮ ਕਰ ਸਕਦੇ ਹਨ । ਅਤੇ ਪੰਜਾਬ ਨੂੰ ਖੁਸ਼ਹਾਲ ਬਣਾ ਸਕਦੇ ਹਨ । ਮੈਨੂੰ ਇਕ ਗੱਲ ਯਾਦ ਆ ਗਈ ਕਿ 1947 ਵਿਚ ਇਕ ਲੜਕੀ ਸੜਕ ਦੇ ਕੰਢੇ ਖੜ੍ਹੀ ਗੋਲੀਆਂ ਵੇਚ ਰਹੀ ਸੀ । ਇਹ ਪੈਸੇ ਦੀਆਂ ਦੋ ਗੋਲੀਆਂ ਵੇਚ ਰਹੀ ਸੀ । ਮੈਂ ਉਹਨੂੰ ਕਿਹਾ ਕਿ ਮੈਨੂੰ ਦੋ ਗੋਲੀਆਂ ਦੇਦੇ ਅਤੇ ਇਸ ਦੇ ਬਦਲੇ ਵਿਚ ਮੈਂ ਉਸ ਨੂੰ ਇਕ ਦਵਾਨੀ ਦੇ ਦਿਤੀ । ਉਸ ਲੜਕੀ ਨੇ ਇਕ ਪੈਸਾ ਕਟ ਕੇ ਬਾਕੀ ਦੇ ਪੈਸੇ ਮੈਨੂੰ ਵਾਪਸ ਦੇ ਦਿਤੇ ਅਤੇ ਕਿਹਾ ਕਿ ਉਹ ਭੀਖ ਨਹੀਂ ਲੈ ਸਕਦੀ । ਪੰਜਾਬੀ ਬੜੇ ਬਹਾਦਰ ਹਨ ਲੇਕਿਨ ਜੇ ਗੌਰਮੈਂਟ ਸਿਰਫ ਏਸ ਲਈ ਹੀ ਬਣੀ ਹੈ ਕਿ ਉਹ ਆਪਣੇ ਬੰਦਿਆਂ ਨੂੰ ਹੀ ਦੇਣਾ ਸ਼ੁਰੂ ਕਰ ਦੇਵੇ ਤਾਂ ਇਸ ਨਾਲ ਪੰਜਾਬ ਦਾ ਭਲਾ ਨਹੀਂ ਹੋਵੇਗਾ । ਪਿਛਲੇ ਦਿਨਾਂ ਵਿਚ ਜਿਹੜੀਆਂ ਜ਼ਮੀਨਾਂ ਵੰਡੀਆਂ ਗਈਆਂ ਉਹ ਸਾਡੇ ਮਨਿਸਟਰਜ਼ ਨੇ ਆਪਣੇ ਰਿਸ਼ਤੇਦਾਰਾਂ ਨੂੰ ਹੀ ਵੰਡੀਆਂ । (ਵਿਘਨ) ਹਰੀਜਨਾਂ ਤੋਂ ਜ਼ਮੀਨਾਂ ਖੋਹ ਕੇ ਵਡੇ ਵਡੇ ਜ਼ਿਮੀਂਦਾਰਾਂ ਨੂੰ ਵੰਡੀਆਂ ਗਈਆਂ । ਪਿੰਡ ਰਸੂਲਪੁਰ ਵਿਚ ਹਰੀਜਨ ਵਸਦੇ ਸੀ ਉਥੇ ਟਰੈਕਟਰ ਫੇਰ ਕੇ ਸਾਰੀ ਜਗ੍ਹਾ ਤਬਾਹ ਕਰ ਦਿਤੀ ਅਤੇ ਉਨ੍ਹਾਂ ਗਰੀਬਾਂ ਨੂੰ ਸੜਕ ਤੇ ਬਿਠਾ ਦਿਤਾ । ਉਹ ਬੰਦੇ ਹਾਲੇ ਵੀ ਸੜਕ ਤੇ ਹੀ ਬੈਠੇ ਹੋਏ ਹਨ ਅਤੇ ਉਨ੍ਹਾਂ ਨੂੰ ਕੋਈ ਜਗਾਹ ਨਹੀਂ ਮਿਲੀ ਹੈ ।

ਜਦ ਤੱਕ ਅਸੀਂ ਉਨ੍ਹਾਂ ਨੂੰ ਰੋਟੀ ਨਹੀਂ ਦਿਆਂਗੇ, ਕਪੜਾ ਨਹੀਂ ਦਿਆਂਗੇ ਅਤੇ ਮਕਾਨ ਨਹੀਂ ਦਿਆਂਗੇ ਤਾਂ ਇਸ ਤਰ੍ਹਾਂ ਪ੍ਰਾਪੇਗੰਡੇ ਕਰਨ ਨਾਲ ਜਾਂ ਤਕਰੀਰਾਂ ਕਰਨ ਨਾਲ ਅਸੀਂ ਉਨ੍ਹਾਂ ਦੀ ਭਲਾਈ ਨਹੀਂ ਕਰ ਸਕਾਂਗੇ । ਇਥੇ ਸਿਰਦਾਰ ਕਪੂਰ ਸਿੰਘ ਜੀ ਨੇ ਬਹੁਤ ਕੁਝ ਕਿਹਾ ਹੈ । ਉਹ ਬੜੇ ਕਾਬਲ ਹਨ ਔਰ ਬੜੇ ਵਿਦਵਾਨ ਹਨ । ਉਨ੍ਹਾਂ ਨੇ ਸੰਸਕਾਰ ਦਾ ਜ਼ਿਕਰ ਕੀਤਾ ਹੈ । ਇਹ ਤਾਂ ਹੁਣ ਪੁਰਾਣੇ ਹੋ ਗਏ ਹਨ, ਇਹ ਤਾਂ ਅੱਜ ਦਿਸਦੇ ਨਹੀਂ । ਇਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਬਾਰੇ ਦੱਸਿਆ ਹੈ ਪਰ ਮੈਂ ਕਹਿੰਦਾ ਹਾਂ ਕਿ ਅਸੀਂ ਉਸ ਧਾਰਾ ਵਿਚ ਪੂਰੇ ਨਹੀਂ ਉਤਰਦੇ । ਜਿਸ ਕਿਸੇ ਦਾ ਦਾਅ ਲੱਗਦਾ ਹੈ, ਉਹ ਹੀ ਲਾਈ ਜਾਂਦਾ ਹੈ, ਉਹ ਆਪਣਾ ਹੀ ਪੇਟ ਪਾਲਦਾ ਹੈ, ਪਰ ਗਰੀਬਾਂ ਦੀ ਕੋਈ ਨਹੀਂ ਸੁਣਦਾ । ਇਹ ਕਹਿੰਦੇ ਹਨ ਕਿ ਜੇ ਅਸੀਂ 6 ਜਾਂ ਸਾਢੇ 6 ਕ੍ਰੋੜ ਰੁਪਿਆ ਇੰਪਲਾਈਜ਼ ਨੂੰ ਦੇ ਦਿਤਾ ਤਾਂ ਬੜਾ ਕੰਮ ਖਰਾਬ ਹੋ ਜਾਵੇਗਾ । ਮੈਂ ਕਹਿੰਦਾ ਹਾਂ ਕਿ 4 ਕਰੋੜ ਰੁਪਿਆ ਸ਼ਰਾਬ ਦੇ ਠੇਕੇਦਾਰਾਂ ਨੂੰ ਛੱਡ ਸਕਦੇ ਹੋ ਪਰ ਇੰਪਲਾਈਜ਼ ਨੂੰ 6 ਜਾਂ ਸਾਢੇ 6 ਕਰੋੜ ਦੇਣ ਨਾਲ ਕਹਿੰਦੇ ਹੋ ਕਿ ਬੜਾ ਘਾਟਾ ਪਵੇਗਾ । ਜਿਥੇ 2 ਅਰਬ ਰੁਪਏ ਦਾ ਬੱਜਟ ਹੋਵੇ 6 ਜਾਂ ਸਾਢੇ 6 ਕਰੋੜ ਰੁਪਏ ਦੀ ਕੀ ਗੱਲ ਹੈ । ਪਰ ਜਿਸ ਤਰਾਂ ਇਹ ਕਰਦੇ ਹਨ, ਇਹ ਠੀਕ ਨਹੀਂ ਹੈ । ਜੀਓ ਤੇ ਜੀਣ ਦਿਓ । ਨਾਲੇ ਆਪ ਜੀਓ ਤੇ ਨਾਲੇ ਦੂਜਿਆਂ ਨੂੰ ਜੀਣ ਦਿਓ । ਇਹ ਅਸੂਲ ਹੋਣਾ ਚਾਹੀਦਾ ਹੈ । ਇਹ ਜਿਹੜੀ ਮਹਿੰਗਾਈ ਵਧ ਰਹੀ ਹੈ, ਇਸ ਨੂੰ ਕਾਬੂ ਕਰਨਾ ਚਾਹੀਦਾ ਹੈ । (ਘੰਟੀ) ਬੱਸ ਜੀ ਮੈਂ ਹੁਣੇ ਹੀ ਖਤਮ ਕਰਦਾ ਹਾਂ । ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਰੋਟੀ, ਕਪੜਾ ਅਤੇ ਜਗ੍ਹਾ ਦਾ ਮਸਲਾ ਹੈ, ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਪੰਜਾਬ ਦਾ ਭਲਾ ਕਰਨਾ ਚਾਹੀਦਾ ਹੈ, ਪੰਜਾਬੀਆਂ ਦਾ ਭਲਾ ਕਰਨਾ ਚਾਹੀਦਾ ਹੈ । ਹਰ ਇਕ ਆਦਮੀ ਨੂੰ ਰੋਟੀ ਮਿਲੇ, ਹਰ ਇਕ ਨੂੰ ਕਪੜਾ ਅਤੇ ਮਕਾਨ ਮਿਲੇ । ਗੌਰਮਿੰਟ ਆਪਣੇ ਕੰਮਾਂ ਵਿਚ ਇਕਾਨਿਮੀ ਕਰੇ । ਜਿਥੋਂ ਪੈਸਾ ਬਚੇ ਲੋਕਾਂ ਦੀ ਬਿਹਤਰੀ ਕਰੇ । ਇਹ ਜਿਹੜੇ ਵੱਡੇ ਵੱਡੇ ਅਫਸਰ ਹਨ, ਜਿਨ੍ਹਾਂ ਦੇ ਕੋਲ ਗੌਰਮਿੰਟ ਹੈ, ਇਹ ਇਸ ਮਾਮਲੇ ਵਿਚ ਸਭ ਕੁਝ ਕਰ ਸਕਦੇ ਹਨ । ਜੋ ਕਰਨ ਅਸੀਂ ਉਨ੍ਹਾਂ ਨੂੰ ਮੱਦਦ ਦਿਆਂਗੇ ।

(ਇਸ ਸਮੇਂ ਸ੍ਰੀ ਸਭਾਪਤੀ ਨੇ ਸਾਥੀ ਰੂਪ ਲਾਲ ਨੂੰ ਬੋਲਣ ਵਾਸਤੇ ਕਾਲ ਅਪਾਨ ਕੀਤਾ।)

ਚੌਧਰੀ ਬਲਬੀਰ ਸਿੰਘ : ਚੇਅਰਮੈਨ ਸਾਹਿਬ, ਪਾਰਟੀ ਦੇ ਮੁਤਾਬਿਕ ਟਾਈਮ ਦੇਣਾ ਚਾਹੀਦਾ ਹੈ। ਜਿਹੜੀ ਪਾਰਟੀ ਦੇ ਆਦਮੀ ਨਹੀਂ ਬੋਲੇ, ਉਨ੍ਹਾਂ ਨੂੰ ਟਾਈਮ ਦੇਣਾ ਚਾਹੀਦਾ ਹੈ। (ਵਿਘਨ)

ਸਾਥੀ ਰੂਪ ਲਾਲ (ਮੋਗਾ): ਚੇਅਰਮੈਨ ਸਾਹਿਬ, ਚੌਧਰੀ ਕੇਵਲ ਕ੍ਰਿਸ਼ਨ ਨੇ ਇਹ ਜਿਹੜਾ ਬੁਨਿਆਦੀ ਜ਼ਰੂਰਤਾਂ ਦਾ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੇ ਹੱਕ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਚੌਧਰੀ ਕੇਵਲ ਕ੍ਰਿਸ਼ਨ ਜੀ ਨੇ ਬੋਲਦਿਆਂ ਹੋਇਆਂ ਹਾਊਸ ਨੂੰ ਦਸਿਆ ਹੈ ਕਿ 'ਸਾਡੀ ਭਾਵਨਾ' ਇਨ੍ਹਾਂ ਦਾ ਇਹ ਲਫਜ਼ ਤਾਂ ਹੀ ਠੀਕ ਮੰਨਿਆਂ ਜਾ ਸਕਦਾ ਹੈ ਜੇ ਇਹ ਮੇਰੀ ਗੱਲ ਵੀ ਸੁਣ ਲੈਣ। ਮੈਂ ਕਹਿੰਦਾ ਹਾਂ ਕਿ ਭਾਵਨਾ ਨੂੰ ਪੂਰੀ ਕਰਨ ਵਾਸਤੇ ਕਰਤੱਵ ਵੀ ਜ਼ਰੂਰੀ ਹੈ। (ਵਿਘਨ) ਤੁਹਾਡੀ ਭਾਵਨਾ ਜਾਗ ਪਈ ਕਿਉਂਕਿ ਇਲੈਕਸ਼ਨ ਨੇੜੇ ਆ ਗਏ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਤੁਸੀਂ 24 ਵਰ੍ਹੇ ਰਾਜ ਕੀਤਾ ਹੈ, ਤੁਸੀਂ ਕਰਤੱਵ ਕੀ ਕੀਤਾ ਹੈ। ਇਹ ਗੱਲ ਅਸੂਲੀ ਹੈ ਕਿ ਭਾਵਨਾ ਨਾਲੋਂ ਕਰਤੱਵ ਉਚਾ ਹੈ। ਚੇਅਰਮੈਨ ਸਾਹਿਬ, ਜਿਥੋਂ ਤੱਕ ਬੁਨਿਆਦੀ ਜ਼ਰੂਰਤਾਂ ਦਾ ਤੁਅੱਲਕ ਹੈ, ਜਿਵੇਂ ਰੋਟੀ, ਕਪੜਾ ਅਤੇ ਮਕਾਨ, ਇਸ ਤੋਂ ਕੋਈ ਮੁਨਕਰ ਨਹੀਂ। ਸੋਸ਼ਲਿਜ਼ਮ ਜਾਂ ਸਮਾਜਵਾਦ ਆਉਣਾ ਚਾਹੀਦਾ ਹੈ। ਇਹ ਕੀ ਚੀਜ਼ ਹੈ ਅਤੇ ਕਿਸ ਤਰ੍ਹਾਂ ਆ ਸਕਦਾ ਹੈ ? ਇਹ ਸਮਝਣ ਦੀ ਵੀ ਲੋੜ ਹੈ। ਸਮਾਜਵਾਦ ਦਾ ਮਤਲਬ ਹੈ ਸਭ ਅੱਛਾ। ਇਹ ਕਿਸ ਤਰ੍ਹਾਂ ਆ ਸਕਦਾ ਹੈ ? ਚੌਧਰੀ ਕੇਵਲ ਕ੍ਰਿਸ਼ਨ ਜੀ ਹੋਰਾਂ ਨੂੰ ਪਤਾ ਹੈ ਕਿ ਅੰਗਰੇਜ਼ਾਂ ਤੋਂ ਆਜ਼ਾਦੀ ਕਿਵੇਂ ਸਾਰਿਆਂ ਨੇ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਹੈ। ਜਦੋਂ ਆਜ਼ਾਦੀ ਪ੍ਰਾਪਤ ਕੀਤੀ ਤਾਂ ਉਦੋਂ ਸਾਡੇ ਮਨ ਵਿਚ ਸੀ ਕਿ ਰਾਜ ਸਾਡਾ ਆਵੇਗਾ ਔਰ ਅਸੀਂ ਸੋਸ਼ਲਿਜ਼ਮ ਲਿਆਵਾਂਗੇ। ਔਰ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਾਂਗੇ। ਦੁਧ ਅਤੇ ਘਿਓ ਦੀਆਂ ਨਹਿਰਾਂ ਵਗਣਗੀਆਂ ਉਸ ਵੇਲੇ ਰਾਜ ਦੀ ਵਾਗਡੋਰ ਕਾਂਗਰਸ ਦੇ ਹੱਥ ਵਿਚ ਆਈ। ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਇਕ ਐਸਾ ਮੁਲਕ ਹੈ ਜਿਸ ਦੇ ਵਿਚ ਹਿੰਦੁਸਤਾਨੀਆਂ ਨੇ ਕਾਂਗਰਸ ਦੇ ਅੱਗੇ ਸਿਰ ਝੁਕਾਇਆ। ਇਨ੍ਹਾਂ ਨੂੰ 24 ਸਾਲ ਰਾਜ ਕਰਨ ਦਾ ਮੌਕਾ ਦੇ ਦਿਤਾ (ਵਿਘਨ) ਇਕ ਪਾਰਟੀ ਨਹੀਂ ਮੈਂ ਤਾਂ ਕਹਾਂਗਾ ਕਿ 24 ਸਾਲ ਇਕ ਖਾਨਦਾਨ ਨੂੰ ਰਾਜ ਕਰਨ ਦਾ ਮੌਕਾ ਦਿਤਾ ਗਿਆ ਇਹ ਸੋਚਕੇ ਕਿ ਭਾਵੇਂ ਇਹ ਖਾਨਦਾਨ ਨਹਿਰੂ ਹੋਵੇ ਜਾਂ ਇੰਦਰਾ ਗਾਂਧੀ ਹੋਵੇ (ਵਿਘਨ) ਇਹ ਸੋਸ਼ਲਿਜ਼ਮ ਲਿਆਉਣ ਦੀ ਗੱਲ ਪੂਰੀ ਕਰਨਗੇ, ਬੁਨਿਆਦੀ ਜ਼ਰੂਰਤਾਂ ਦਾ ਹੱਲ ਕਰਨਗੇ। (ਵਿਘਨ) ਇਸ ਤੋਂ ਵੱਧ ਸਾਡੀ ਗੱਲ ਹੋਰ ਕੀ ਹੋ ਸਕਦੀ ਹੈ। ਇਨ੍ਹਾਂ ਨੂੰ 24 ਸਾਲ ਰਾਜ ਕਰਨ ਲਈ ਮੌਕਾ ਦੇ ਦਿਤਾ ਪਰ ਹੁਣ ਸਾਡੇ ਨਾਲ ਇਹ ਨਾਹਰੇਬਾਜ਼ੀ ਕਰਦੇ ਹਨ। ਇਹ ਸਾਰੇ ਇਨ੍ਹਾਂ ਦੇ ਖੋਖਲੇ ਨਾਹਰੇ ਹਨ। ਇਹ ਮੁਲਕ ਦੀ ਤਬਾਹੀ ਲਿਆਉਣਗੇ (ਵਿਘਨ) ਇਸ ਤਰ੍ਹਾਂ ਇਨ੍ਹਾਂ ਨੇ ਮੁਲਕ ਤਬਾਹ ਕੀਤਾ ਹੈ। (ਵਿਘਨ) ਤੁਸੀਂ ਕਹਿੰਦੇ ਹੋ (ਕਾਂਗਰਸ ਵੱਲ ਇਸ਼ਾਰਾ ਕਰਦੇ ਹੋਏ) ਤਬਾਹ ਕਿਸ ਤਰ੍ਹਾਂ ਕੀਤਾ ? (ਵਿਘਨ) ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਹਿੰਦੁਸਤਾਨ ਦੀ ਵਾਗਡੋਰ ਇਨ੍ਹਾਂ ਦੇ ਹੱਥ ਵਿਚ ਆਈ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਸਾਡੇ ਮੁਲਕ ਵਿਚ ਅਨਾਜ ਘਟ ਸੀ ਪਰ ਇਨ੍ਹਾਂ ਨੇ ਤਵੱਜੋ ਨਹੀਂ ਦਿਤੀ ਇਸ ਪਾਸੇ ਵੱਲ। ਇਨ੍ਹਾਂ ਨੇ ਅਨਾਜ ਉਗਾਇਆ ਆਪਣੀਆਂ ਕੋਠੀਆਂ ਵਿਚ, ਇਨ੍ਹਾਂ ਨੇ ਆਨਾਜ ਉਗਾਇਆ ਗਮਲਿਆਂ ਵਿਚ (ਵਿਘਨ) ਇਨ੍ਹਾਂ ਨੇ ਅਨਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਅਮਰੀਕਾ ਤੋਂ ਅਨਾਜ ਮੰਗਾਉਣ ਲਈ 480 ਪੀ. ਐਲ. ਅਧੀਨ ਸੌਦਾ

[ਸਾਥੀ ਰੂਪ ਲਾਲ]

ਕੀਤਾ (ਵਿਘਨ) ਅਸੀਂ ਤਾਂ ਗਿਰਵੀ ਹੋ ਗਏ । ਉਥੋਂ ਅਨਾਜ ਉਧਾਰ ਲਿਆਕੇ ਸਾਨੂੰ ਨਕਦ ਵੇਚਿਆ । ਇਹ ਟਕੇ ਟਕੇ, ਦੁਆਨੀ ਦੁਆਨੀ ਦੀਆਂ ਟੋਪੀਆਂ ਵਾਲੇ ਕਾਂਗਰਸੀ ਲੱਖਾਂ ਦੇ ਬਣੇ......(ਸ਼ੋਰ) (ਵਿਘਨ) ।

ਸ੍ਰੀ ਸਰਦਾਰੀ ਲਾਲ ਕਪੂਰ : ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਰੈਜ਼ੋਲਿਊਸ਼ਨ ਤੇ ਬੋਲਣਾ ਚਾਹੀਦਾ ਹੈ । ਵੈਸੇ ਤਾਂ ਇਨ੍ਹਾਂ ਦੀ ਆਦਤ ਹੀ ਹੈ ਉਲਟਾ ਪੁਲਟਾ ਬੋਲਣ ਦੀ । ਇਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਬੋਲਣਾ ਚਾਹੀਦਾ । ਰੈਜ਼ੋਲਿਊਸ਼ਨ ਤਾਂ ਰੋਟੀ, ਕੱਪੜਾ ਅਤੇ ਮਕਾਨ ਦੇ ਮਸਲੇ ਦਾ ਹੈ, ਉਸ ਦੇ ਉਤੇ ਬੋਲਣ । ਇਸ ਬਾਰੇ ਆਪਣੀ ਰਾਏ ਦੇਣ ।

ਸ੍ਰੀ ਸਭਾਪਤੀ : ਉਨ੍ਹਾਂ ਨੇ ਕੋਈ ਮਾੜੀ ਗੱਲ ਨਹੀਂ ਆਖੀ । ਉਨ੍ਹਾਂ ਨੇ ਤਾਂ ਟੋਪੀ ਦੀ ਗੱਲ ਆਖੀ ਹੈ । (ਵਿਘਨ) (The hon. Member has said nothing derogatory. He has only referred to the caps.) (*Interruption*)

ਸਾਥੀ ਰੂਪ ਲਾਲ : ਚੇਅਰਮੈਨ ਸਾਹਿਬ, ਮੈਂ ਦੱਸਦਾ ਹਾਂ ਕਿ ਇਨ੍ਹਾਂ ਨੇ ਹਿੰਦੁਸਤਾਨ ਵਿਚ ਡਿਪੂ ਔਰ ਕੋਟੇ ਦਾ ਰਾਜ ਕਾਇਮ ਕੀਤਾ । (ਵਿਘਨ) ਸਾਡੀਆਂ ਮਾਵਾਂ, ਭੈਣਾਂ, ਔਰਤਾਂ ਅਤੇ ਬੱਚਿਆਂ ਨੂੰ ਕਤਾਰਾਂ ਵਿਚ ਖਲੋ ਖਲੋ ਕੇ ਆਟਾ, ਘਿਓ ਆਦਿ ਲੈਣਾ ਪਿਆ । (ਵਿਘਨ) ਅਮੀਰ ਜ਼ਿਆਦਾ ਅਮੀਰ ਹੋਏ ਅਤੇ ਗਰੀਬ ਜ਼ਿਆਦਾ ਗਰੀਬ ਹੋਏ । ਇਨ੍ਹਾਂ ਨੇ ਜਿਹੜੇ ਬਿਰਲੇ ਅਤੇ ਟਾਟਿਆਂ ਦਾ 4 ਅਰਬ ਦਾ ਸਰਮਾਇਆ ਸੀ, ਉਥੇ ਉਨ੍ਹਾਂ ਦਾ ਸਰਮਾਇਆ 7 ਅਰਬ ਦਾ ਕੀਤਾ । ਇਹ ਸਾਰਾ ਇਨ੍ਹਾਂ ਦੇ ਰਾਜ ਵਿਚ ਹੋਇਆ । (ਵਿਘਨ) ਨਹਿਰੂ ਦੇ ਰਾਜ ਵਿਚ ਹੋਇਆ, ਇੰਦਰਾ ਦੇ ਰਾਜ ਵਿਚ ਇਹ ਸਾਰਾ ਸਰਮਾਇਆ ਵਧਿਆ । ਹਿੰਦੁਸਤਾਨ ਦੀ ਪੂੰਜੀ ਹਿੰਦੁਸਤਾਨ ਦੇ ਇਕ 11-12 ਸੌ ਆਦਮੀਆਂ ਦੇ ਇਕ ਖਾਨਦਾਨ, (ਕਾਂਗਰਸ ਵੱਲ ਇਸ਼ਾਰਾ ਕਰਕੇ) ਦੇ ਹੱਥਾਂ ਵਿਚ ਦੇ ਦਿਤੀ ਔਰ ਉਸ ਦੇ ਬਦਲੇ ਇਨ੍ਹਾਂ ਨੇ ਕੀ ਕੀਤਾ ਇਨ੍ਹਾਂ ਨੇ ਆਪਣੀਆਂ ਜੇਬਾਂ ਭਰੀਆਂ (ਵਿਘਨ) ਇਲੈਕਸ਼ਨ ਲੜਨ ਲਈ ਬਿਰਲਿਆਂ-ਟਾਟਿਆਂ ਤੋਂ ਪੈਸੇ ਲਏ ਸੀਮਿੰਟ ਦੇ ਭਾਅ ਵਧਾਏ, ਲੋਹੇ ਦੇ ਭਾਅ ਵਧਾਏ । (ਵਿਘਨ) ਇਹ ਸਾਰੀਆਂ ਚੀਜ਼ਾਂ ਇਨ੍ਹਾਂ ਦੇ ਢਿਡਾਂ ਵਿਚ ਗਈਆਂ (ਵਿਘਨ) ਅਜ ਇਹ ਖੋਖਲੇ ਨਾਹਰੇ ਮਾਰਦੇ ਹਨ । ਇਨ੍ਹਾਂ ਨੇ 24 ਸਾਲਾਂ ਵਿਚ ਜੋ ਕੁਝ ਕੀਤਾ, ਮੈਂ ਕੀ ਕੀ ਦੱਸਾਂ ? ਚੇਅਰਮੈਨ ਸਾਹਿਬ, ਮੈਂ ਮਿਸਾਲ ਦਿੰਦਾਂ ਹਾਂ । (ਘੰਟੀ) ਇਨ੍ਹਾਂ ਦੇ ਰਾਜ ਵਿਚ ਇਕ ਮੁਖ ਮੰਤਰੀ ਸ੍ਰੀ ਸ਼ੁਕਲਾ ਮੱਧ ਪਰਦੇਸ਼ ਦੇ ਹਨ, ਉਹ ਸਕੂਲ ਵਿਚ ਹੈਡਮਾਸਟਰ ਹੁੰਦੇ ਸਨ । ਪਰ ਜਦੋਂ ਉਹ ਮਰਿਆ ਤਾਂ ਉਸ ਦੇ ਕੋਲੋਂ ਇਕ ਕਰੋੜ ਰੁਪਿਆ ਨਿਕਲਿਆ । (ਵਿਘਨ)

ਸ੍ਰੀ ਸਭਾਪਤੀ : ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ । (The hon. Member may please confine him elf to the Resolution.)

ਸਾਥੀ ਰੂਪ ਲਾਲ : ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਨੂੰ ਸਮਝਾਉਂਦਾ ਹਾਂ । ਮੈਂ ਰੈਜ਼ੋਲਿਊਸ਼ਨ ਤੇ ਬੋਲਦਾ ਹਾਂ । ਰੈਜ਼ੋਲਿਊਸ਼ਨ ਤੇ ਬੋਲਦਿਆਂ ਹੋਇਆਂ ਮੈਂ ਦੱਸਦਾ ਹਾਂ ਕਿ ਜਿਹੜਾ ਇਨ੍ਹਾਂ ਰਾਜ ਚਲਾਇਆ ਹੈ, ਇਸ ਦੇ ਨਾਲ ਸਮਾਜਵਾਦ ਨਹੀਂ ਆਵੇਗਾ । ਸਮਾਜਵਾਦ ਤਾਂ ਹੀ ਆਵੇਗਾ ਜੇ ਸਭ ਨੂੰ ਇਕੋ ਜਿਹਾ ਕਰਾਂਗੇ । ਜੇ ਅਸੀਂ ਬੁਨਿਆਦੀ ਜ਼ਰੂਰਤਾਂ ਦੇਣਾ

12-00 Noon

ਚਾਹੁੰਦੇ ਹਾਂ ਤਾਂ ਰੁਪਿਆ ਜੋ ਹੈ ਉਹ ਆਮ ਲੋਕਾਂ ਕੋਲ ਹੋਣਾ ਚਾਹੀਦਾ ਹੈ, ਛੋਟੇ ਆਦਮੀਆਂ ਕੋਲ ਹੋਣਾ ਚਾਹੀਦਾ ਹੈ ਇਨ੍ਹਾਂ ਨੇ ਤਾਂ (ਕਾਂਗਰਸ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਵਡੇ ਵਡੇ ਲੋਕਾਂ ਦੇ ਘਰਾਂ ਵਿਚ ਸੁਟਿਆ ਹੈ ਉਨ੍ਹਾਂ ਦੇ ਘਰਾਂ ਨੂੰ

ਭਰਿਆ ਹੈ (ਵਿਘਨ) ਮੈਂ ਇਹ ਭੂਮਿਕਾ ਬੰਨ੍ਹ ਕੇ ਦਸ ਰਿਹਾ ਹਾਂ (ਵਿਘਨ) ਤੇ ਚੇਅਰਮੈਨ ਸਾਹਿਬ, ਮੈਂ ਅਰਜ਼ ਕੀਤੀ ਸੀ ਕਿ ਇਨ੍ਹਾਂ ਨੇ ਪੂੰਜੀਵਾਦ ਸਾਮਰਾਜ ਬਣਾਇਆ। ਅਮੀਰ ਜ਼ਿਆਦਾ ਅਮੀਰ ਹੁੰਦਾ ਰਿਹਾ ਔਰ ਗਰੀਬ ਜ਼ਿਆਦਾ ਗਰੀਬ ਹੁੰਦਾ ਗਿਆ ਜਿਹੜੀ ਕਿ ਸੋਸ਼ਲਿਜ਼ਮ ਦੇ ਖਿਲਾਫ ਗੱਲ ਜਾਂਦੀ ਹੈ। ਇਹ ਕਾਂਗਰਸ ਪਾਰਟੀ ਦੇ ਲੋਕ ਇਥੇ ਧਰਮ ਦੀਆਂ ਗੱਲਾਂ ਕਰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਧਰਮ ਕੋਈ ਮਾੜੀ ਗੱਲ ਨਹੀਂ। ਧਰਮ ਸਾਨੂੰ ਨਿਮਰਤਾ ਸਿਖਾਉਂਦਾ ਹੈ, ਧਰਮ ਸਾਨੂੰ ਗਰੀਬਾਂ ਦੀ ਰਾਖੀ ਕਰਨਾ ਸਿਖਾਉਂਦਾ ਹੈ, ਧਰਮ ਸਾਨੂੰ ਸਾਂਝੀਵਾਲਤਾ ਸਿਖਾਉਂਦਾ ਹੈ। ਗੁਰੂ ਨਾਨਕ ਨੇ ਕੀ ਕਿਹਾ ਉਸ ਨੇ ਸਾਨੂੰ ਸਾਂਝੀਵਾਲਤਾ ਦਾ ਸਬਕ ਦਿਤਾ, ਗੀਤਾ ਕੀ ਕਹਿੰਦੀ ਹੈ ਔਰ ਵੇਦ-ਪੁਰਾਨ ਕੀ ਕਹਿੰਦੇ ਹਨ ਇਹੀ ਕੁਝ ਦਸਦੇ ਹਨ। (ਵਿਘਨ)

ਇਕ ਆਵਾਜ਼ : ਸਰਦਾਰ ਗੁਰਨਾਮ ਸਿੰਘ ਕੀ ਕਹਿੰਦਾ ਹੈ। (ਵਿਘਨ)

ਸਾਥੀ ਰੂਪ ਲਾਲ : ਉਹ ਕਹਿੰਦਾ ਹੈ ਕਿ ਕਾਂਗਰਸੀਆਂ ਦਾ ਮਕੂ ਠਪੋ। ਮੈਂ, ਚੇਅਰ-ਸਾਹਿਬ, ਜਿਥੋਂ ਤਕ ਇਨ੍ਹਾਂ ਗੱਲਾਂ ਦਾ ਤੁਅੱਲਕ ਹੈ ਕਹਿਣਾ ਚਾਹੁੰਦਾ (ਵਿਘਨ) ਇਨ੍ਹਾਂ ਨੂੰ ਮੈਂ ਦਸਦਾ ਹਾਂ।

ਮੈਂ ਕਿਸੀ ਮਗਰੂਰ ਕੇ ਆਗੇ ਸਿਰ ਝੁਕਾ ਨਹੀਂ ਸਕਤਾ
ਮੇਰਾ ਤੁਹਾਡੇ ਵਰਗੇ ਮਗਰੂਰਾਂ ਦੇ ਸਾਹਮਣੇ ਸਿਰ ਨਹੀਂ ਝੁਕਦਾ। (ਵਿਘਨ)

ਇਕ ਆਵਾਜ਼ : ਤੈਨੂੰ ਹੁਣ ਇਨ੍ਹਾਂ ਤੋਂ ਕੀ ਮਿਲਿਆ ਹੈ। (ਵਿਘਨ)

ਸਾਥੀ ਰੂਪ ਲਾਲ : ਤੂੰ ਪੰਜ ਹਜ਼ਾਰ ਰੁਪਿਆ ਮਹੀਨਾ ਅਕਾਲੀਆਂ ਤੋਂ ਲੈਂਦਾ ਰਿਹਾ ਹੈਂ (ਵਿਘਨ) ਤੇ ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਪੰਜਾਬ ਦਾ ਜਿਥੋਂ ਤਕ ਤੁਅੱਲਕ ਹੈ। ਪੰਜਾਬ ਦੇ ਅੰਦਰ 22 ਸਾਲਾਂ ਦੇ ਵਿਚ (ਵਿਘਨ) * * * ਗੱਲ ਵੀ ਕਰਨ ਦੇ ਕੋਈ (ਵਿਘਨ) (ਸ਼ੋਰ)

ਇਕ ਆਵਾਜ਼ : ਚੇਅਰਮੈਨ ਸਾਹਿਬ, ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ।

Mr. Chairman : These words should not form part of the proceedings.

ਇਕ ਆਵਾਜ਼ : ਇਨ੍ਹਾਂ ਨੂੰ ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ। (ਵਿਘਨ)

ਸ੍ਰੀ ਸਭਾਪਤੀ : ਸਾਥੀ ਜੀ ਇਹ ਲਫਜ਼ ਆਪਣੇ ਵਾਪਸ ਲੈ ਲਓ। (ਵਿਘਨ) (ਸ਼ੋਰ) (The hon. Member Sathi Rup Lal should withdraw his words.)

ਸਾਥੀ ਰੂਪ ਲਾਲ : ਚੰਗਾ ਜੀ ਮੈਂ X X X ਲਫਜ਼ ਵਾਪਸ ਲੈਂਦਾ ਹਾਂ। (ਵਿਘਨ) ਚੇਅਰਮੈਨ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਹੁਣੇ ਪਿਛੇ ਜਿਹੇ ਬੀਬੀ ਇੰਦਰਾ ਜੀ ਨੇ ਟਾਟਿਆਂ ਬਿਰਲਿਆਂ ਨੂੰ ਕਰੋੜਾਂ ਰੁਪਏ ਦੇ ਲਾਇਸੰਸ ਦਿਤੇ ਹਨ। ਇਸ ਦੇ ਬਾਰੇ

*Expunged as ordered by the Chair.

[ਸਾਥੀ ਰੂਪ ਲਾਲ]

ਅਖਬਾਰਾਂ ਵਿਚ ਆਇਆ ਸੀ ਕਿ ਪਾਰਲੀਮੈਂਟ ਦੇ ਮੈਂਬਰ ਸਾਹਿਬ ਨੇ ਇਖਤਲਾਫ ਕੀਤਾ ਸੀ । (ਵਿਘਨ) ਇਹ ਕਹਿੰਦੇ ਹਨ ਅਸੀਂ ਸੋਸ਼ਲਿਜ਼ਮ ਲਿਆ ਰਹੇ ਹਾਂ ਮੈਂ ਤਾਂ ਕਹਿੰਦਾ ਹਾਂ ਕਿ ਇਹ ਸੋਸ਼ਲਿਜ਼ਮ ਦੀਆਂ ਜੜ੍ਹਾਂ ਵੱਢ ਰਹੇ ਹਨ । (ਵਿਘਨ) ਚੇਅਰਮੈਨ ਸਾਹਿਬ, ਹੁਣ ਮੈਂ ਇਨ੍ਹਾਂ ਵਲ ਆਉਂਦਾ ਹਾਂ 21-22 ਸਾਲਾਂ ਦੇ ਬਾਦ ਲੋਕਾਂ ਨੇ ਇਨ੍ਹਾਂ ਦੇ (ਕਾਂਗਰਸ ਪਾਰਟੀ ਵਲ ਇਸ਼ਾਰਾ) ਬਹਾਨੇ ਦੇਖ ਇਨ੍ਹਾਂ ਨੂੰ ਆਨੇ ਵਾਲੀ ਥਾਂ ਤੇ ਲੈ ਆਂਦਾ । (ਵਿਘਨ) ਮੈਂ ਚੇਅਰਮੈਨ ਸਾਹਿਬ, ਇਕ ਮਿਸਾਲ ਦੇਣੀ ਚਾਹੁੰਦਾ ਹਾਂ । ਇਕ ਮਰਾਸੀਆਂ ਦਾ ਟਬਰ ਸੀ । ਉਨ੍ਹਾਂ ਨੇ ਸ਼ਿਵ ਜੀ ਮਹਾਰਾਜ ਦੀ ਬੜੀ ਉਪਾਸਨਾ ਕੀਤੀ ਕਿ ਹੇ ਮਹਾਰਾਜ ਸਾਨੂੰ ਸ਼ਕਤੀ ਦੇ, ਸਾਨੂੰ ਬਲ਼ ਦੇ। ਚੇਅਰਮੈਨ ਸਾਹਿਬ, ਮਰਾਸੀ ਦੀ ਮਰਾਸਣ 55 ਸਾਲ ਦੀ ਸੀ । ਜਦੋਂ ਉਨ੍ਹਾਂ ਦੀ ਉਪਾਸਨਾ ਪੂਰੀ ਹੋ ਗਈ (ਵਿਘਨ)

ਇਕ ਮਾਨਯੋਗ ਮੈਂਬਰ : ਕੀ ਇਹ ਰੈਲੇਵੈਂਟ ਹਨ ? (ਵਿਘਨ)

ਸਾਥੀ ਰੂਪ ਲਾਲ : ਚੇਅਰਮੈਨ ਸਾਹਿਬ, ਮੈਂ ਮਿਸਾਲ ਦੇ ਰਿਹਾ ਹਾਂ। ਤਸੱਲੀ ਨਾਲ ਸੁਣ ਲਓ। ਕਲ੍ਹ ਇਨ੍ਹਾਂ ਨੇ ਮੰਜੀ ਤੇ ਮੰਜੀ ਚੜ੍ਹਾਈ ਸੀ, ਕੀ ਉਹ ਰੈਲੈਵੈਂਟ ਸੀ। (ਵਿਘਨ) ਤੇ, ਚੇਅਰਮੈਨ ਸਾਹਿਬ, ਜਦੋਂ ਉਨ੍ਹਾਂ ਦੀ ਉਪਾਸਨਾ ਪੂਰੀ ਹੋ ਗਈ ਤਾਂ ਮਰਾਸਣ ਜਿਹੜੀ 55 ਸਾਲ ਦੀ ਸੀ ਉਸ ਨੇ ਸ਼ਿਵ ਜੀ ਮਹਾਰਾਜ ਅਗੇ ਬੇਨਤੀ ਕੀਤੀ ਕਿ ਮਹਾਰਾਜ ਮੈਨੂੰ ਵਰ ਦਿਉ । ਸ਼ਿਵ ਜੀ ਮਹਾਰਾਜ ਨੇ ਪੁਛਿਆ ਕਿ ਤਥਾਸਤੁ, ਕੀ ਵਰ ਮੰਗਣਾ ਹੈ । ਜੋ ਵਰ ਮੰਗਣਾ ਹੈ ਮੰਗ ਲੈ । ਤਾਂ ਮਰਾਸਣ ਨੇ ਕਿਹਾ ਕਿ ਮਹਾਰਾਜ ਮੈਂ ਇਹ ਵਰ ਮੰਗਦੀ ਹਾਂ ਕਿ ਮੈਂ 18 ਵਰ੍ਹਿਆਂ ਦੀ ਇਕ ਖੂਬਸੂਰਤ ਕੁੜੀ ਬਣ ਜਾਵਾਂ । ਸ਼ਿਵ ਜੀ ਮਹਾਰਾਜ ਨੇ ਕਿਹਾ ਤਥਾਸਤੂ , ਐਸਾ ਹੀ ਹੋਗਾ । ਉਹ ਮਰਾਸਣ 18 ਸਾਲਾਂ ਦੀ ਇਕ ਸੁੰਦਰ ਕੁੜੀ ਬਣ ਗਈ । ਜਦੋਂ ਉਹ 18 ਵਰਿਆਂ ਦੀ ਸੁੰਦਰ ਕੁੜੀ ਬਣ ਗਈ ਤਾਂ ਉਸ ਦਾ ਦਿਲ ਬੇਈਮਾਨ ਹੋ ਗਿਆ । ਉਸ ਨੇ ਸੋਚਿਆ ਕਿ ਮੈਂ ਹੁਣ ਮਰਾਸੀ ਕੋਲ ਕਿਉਂ ਰਹਾਂ । ਉਹ ਉਸ ਨੂੰ ਛਡ ਕੇ ਚਲੀ ਗਈ ਔਰ ਜਦੋਂ ਗਈ ਤਾਂ ਉਧਰੋਂ ਇਕ ਮਹਾਰਾਜੇ ਦਾ ਕੰਵਰ ਪੁੱਤਰ ਘੋੜੇ ਤੇ ਜਾ ਰਿਹਾ ਸੀ । ਮਰਾਸਣ ਨੇ ਸੋਚਿਆ ਕਿ ਇਸ ਦੇ ਨਾਲ ਰਹਿਣਾ ਚਾਹੀਦਾ ਹੈ ਅਤੇ ਉਹ ਉਸ ਤੇ ਡੁਲ੍ਹ ਪਈ । ਉਹ ਉਸ ਦੇ ਘੋੜੇ ਤੇ ਚੜ੍ਹ ਬੈਠੀ । ਕੰਵਰ ਨੇ ਜਦੋਂ ਪਿਛੇ ਮੁੜ ਕੇ ਦੇਖਿਆ ਤਾਂ ਉਸ ਨੇ ਦੇਖਿਆ ਕਿ ਇਕ 18 ਸਾਲਾਂ ਦੀ ਬੜੀ ਖੂਬਸੂਰਤ ਔਰਤ ਜਵਾਨ ਲੜਕੀ ਉਸ ਦੇ ਘੋੜੇ ਤੇ ਬੈਠੀ ਹੈ । ਕੰਵਰ ਨੇ ਸੋਚਿਆ ਕਿ ਇਹ ਬੜੀ ਚੰਗੀ ਗਲ ਹੈ, ਮੈਂ ਇਸ ਨੂੰ ਮਹੱਲਾਂ ਵਿਚ ਲਿਜਾ ਕੇ ਆਪਣੀ ਰਾਣੀ ਬਣਾਵਾਂਗਾ । ਜਦੋਂ ਮਰਾਸੀ ਨੇ ਦੇਖਿਆ ਤਾਂ ਉਸ ਨੇ ਕਿਹਾ ਕਿ ਇਹ ਬੜੀ ਮਾੜੀ ਗੱਲ ਹੈ । ਮੈਂ ਵੀ ਉਸ ਦੇ ਨਾਲ ਹੀ ਸ਼ਿਵ ਜੀ ਮਹਾਰਾਜ ਦੀ ਉਪਾਸਨਾ ਕੀਤੀ ਹੈ । ਜੇ ਇਸ ਨੇ ਕੁਝ ਮੰਗਣਾ ਹੀ ਸੀ ਤਾਂ ਕੋਈ ਚੰਗੀ ਚੀਜ਼ ਮੰਗਦੀ। ਹਿੰਦੁਸਤਾਨ ਦਾ ਭਲਾ ਮੰਗਦੀ, ਕੋਈ ਮਰਾਸੀ ਦਾ ਭਲਾ ਮੰਗਦੀ । ਇਹ ਜੋ ਕੁਝ ਉਸ ਨੇ ਕੀਤਾ ਹੈ ਇਹ ਤਾਂ ਬੜੀ ਮਾੜੀ ਗਲ ਹੈ। ਉਹ ਵੀ ਸ਼ਿਵ ਜੀ ਮਹਾਰਾਜ ਕੋਲ ਗਿਆ ਅਤੇ ਬੇਨਤੀ ਕੀਤੀ ਕਿ ਮਹਾਰਾਜ ਮੈਂਨੂੰ ਵੀ ਕੋਈ ਵਰ ਦਿਉ । ਸ਼ਿਵ ਜੀ ਮਹਾਰਾਜ ਨੇ ਕਿਹਾ ਤੂੰ ਵੀ ਕੁਝ ਮੰਗ ਲੈ । ਮਰਾਸੀ ਨੇ ਕਿਹਾ ਕਿ ਮੇਰੀ ਜਿਹੜੀ ਮਰਾਸਣ ਹੈ ਉਹ ਬਾਂਦਰੀ ਬਣ ਜਾਵੇ । ਇਸੇ ਤਰ੍ਹਾਂ ਹੀ ਹੋਇਆ । ਉਹ ਮਰਾਸਣ ਬਾਂਦਰੀ ਬਣ ਗਈ। ਰਾਜੇ ਦੇ ਕੰਵਰ ਨੇ ਦੇਖਿਆ ਕਿ ਮੇਰੇ ਪਿਛੇ ਤਾਂ ਬਾਂਦਰੀ ਬੈਠੀ ਹੈ ਉਸ ਨੇ ਉਸ ਨੂੰ ਪਿਛੇ ਸੁਟ ਦਿਤਾ। (ਵਿਘਨ) ਜਦੋਂ ਇਹ ਹਾਲਤ ਦੇਖੀ ਮੇਰੇ ਵਰਗੇ ਮਰਾਸੀ ਦੇ ਮੁੰਡੇ ਨੇ...... (ਵਿਘਨ) (ਸ਼ੋਰ) ਠੀਕ ਹੈ ਮੈਂ ਆਪਣੇ

ਤੇ ਹੀ ਗੱਲ ਢੁਕਾਂਦਾ ਹਾਂ। (ਵਿਘਨ) ਮੇਰਾ ਮਤਲਬ ਹੈ ਮੈਂ ਵੀ ਕੁਰਬਾਨੀਆਂ ਕੀਤੀਆਂ ਹਨ। ਇਹ ਮਾਲ ਖਾਂਦੇ ਰਹੇ ਔਰ ਹਿੰਦੁਸਤਾਨ ਦੇ ਲੋਕਾਂ ਦੀ ਇਹ ਬੇਇਜ਼ਤੀ ਕਰਦੇ ਰਹੇ। ਮੈਂ ਕਿਹਾ ਸ਼ਿਵ ਜੀ ਮਹਾਰਾਜ.. ...... (ਵਿਘਨ) (ਸ਼ੋਰ)।

ਸਰਦਾਰ ਸਰੂਪ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਮੇਰੇ ਵਰਗੇ ਮਰਾਸੀ ਦੇ ਪੁਤਰ ਨੇ......(ਵਿਘਨ) ਮੈਨੂੰ ਦਸਿਆ ਜਾਵੇ ਕਿ ਇਨ੍ਹਾਂ ਦੇ ਅਸਲੀ ਪਿਉ ਦਾ ਨਾਮ ਕੀ ਹੈ। (ਵਿਘਨ)।......

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸਾਥੀ ਰੂਪ ਲਾਲ : ਇਹ ਜਿਹੜਾ ਕੁਝ ਹੋਇਆ ਹੈ। ਇਨ੍ਹਾਂ ਦੀਆਂ ਕਰਤੂਤਾਂ ਕਰਕੇ ਹੋਇਆ ਹੈ। ਇਨ੍ਹਾਂ ਦੇ ਕਾਰਣ ਹੀ ਸਾਰਾ ਹਿੰਦੁਸਤਾਨ ਬੇਇਜ਼ਤ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਮੰਗ ਮੰਗ, ਉਸ ਨੇ ਕਿਹਾ ਸ਼ਿਵ ਜੀ ਜਿਹੜੀ ਮੇਰੀ ਮਾਂ ਹੈ, ਉਹ 50, 60 ਸਾਲਾਂ ਦੀ ਉਸੇ ਤਰ੍ਹਾਂ ਹੋ ਜਾਏ ਅਤੇ ਇਸ ਦੇ ਸਾਰੇ ਕਪੜੇ ਲੀੜੇ ਉਸੇ ਤਰ੍ਹਾਂ ਪਾਟੇ ਹੋਏ ਹੋ ਜਾਣ। ਇਸ ਤਰ੍ਹਾਂ ਇਨ੍ਹਾਂ (ਕਾਂਗਰਸੀ ਬੈਚਾਂ ਵੱਲ ਇਸ਼ਾਰਾ ਕਰਦੇ ਹੋਏ) ਹਿੰਦੁਸਤਾਨ ਦੀ ਸਾਰੀ ਜਨਤਾ ਦਾ ਬੁਰਾ ਹਾਲ ਕਰ ਦਿਤਾ ਹੈ।

ਸ੍ਰੀ ਸਭਾਪਤੀ : ਸਾਥੀ ਜੀ, ਦੋ ਮਿੰਟਾਂ ਵਿਚ ਹੀ ਮੁਕਾ ਦਿਓ (Sathi Ji, please wind up within two minutes.)

ਸਾਥੀ ਰੂਪ ਲਾਲ: ਚੇਅਰਮੈਨ ਸਾਹਿਬ, ਹੁਣ ਇਨ੍ਹਾਂ ਨੂੰ ਸੋਸ਼ਲਿਜ਼ਮ ਦੀ ਯਾਦ ਆਈ ਹੈ। ਜਤੋਂ ਕਿ ਸਾਰੇ ਪੰਜਾਬ ਦਾ ਬੁਰਾ ਹਾਲ ਕਰਕੇ ਰੱਖ ਦਿਤਾ। ਇਸ ਹਾਲਤ ਵਿਚ ਪੰਜਾਬ ਬੁਨਿਆਦੀ ਚੀਜ਼ਾਂ ਇਤਨੀ ਜਲਦੀ ਕਿਥੋ ਤਿਆਰ ਕਰ ਸਕਦਾ ਹੈ ? ਇਨ੍ਹਾਂ ਨੇ ਸਾਡੇ ਨਾਲ ਹੁਣ ਤਕ ਬੜਾ ਵਿਤਕਰਾ ਕੀਤਾ। ਬਿਜਲੀ ਪੈਦਾ ਅਸੀਂ ਕੀਤੀ ਪੈਸਾ ਸਾਡਾ ਲਗਾ, ਪਰ ਬਿਜਲੀ ਦੇ ਦਿਤੀ ਨੰਗਲ ਫੈਕਟਰੀ ਨੂੰ, ਦਿਲੀ ਨੂੰ, ਰਾਜਿਸਥਾਨ ਨੂੰ, ਹਰਿਆਣਾ ਨੂੰ, ਜੰਮੂ ਕਸ਼ਮੀਰ ਨੂੰ, ਅਸੀਂ ਤਾਂ ਭੁਖੇ ਮਰਨ ਵਾਲੇ ਕਰ ਦਿਤੇ। ਇਸ ਦੇ ਬਾਵਜੂਦ ਵੀ ਪੰਜਾਬ ਨੇ ਆਪਣੀ ਪੈਦਾਵਾਰ ਵਧਾਉਣ ਵਿਚ ਪੂਰਾ ਪੂਰਾ ਯਤਨ ਕੀਤਾ (ਵਿਘਨ) ਮੈਂ ਅਰਜ ਕਰਾਂ ਕਿ ਸੈਂਟਰ ਦੀ ਸਰਕਾਰ ਨੇ ਸਾਡੇ ਹੱਥ ਬੰਨ੍ਹ ਦਿਤੇ ਸਾਡੀ ਮਾਲੀ ਸਾਧਨਾ ਤੇ ਸਾਰਾ ਮਰਕਜ਼ ਦਾ ਹੱਥ ਹੈ। ਅਸੀਂ ਆਪ ਕੁਝ ਨਹੀਂ ਕਰ ਸਕਦੇ। ਸਾਡੇ ਸਾਰੇ ਅਖਤਿਆਰਾਂ ਤੇ ਛਾਪਾ ਮਾਰਿਆ ਹੋਇਆ ਹੈ ਮਰਕਜ਼ ਨੇ। ਅਸੀਂ ਕਹਿੰਦੇ ਹਾਂ ਕਿ ਮਰਕਜ਼ ਨੂੰ ਚਾਹੀਦਾ ਹੈ ਕਿ ਉਹ ਸਟੇਟਾਂ ਨੂੰ ਹੋਰ ਵਧੇਰੇ ਅਖਤਿਆਰ ਦੇਵੇ ਤਾਂ ਕਿ ਸਟੇਟਾਂ ਆਪਣੀ ਮਾਲੀ ਹਾਲਤ ਸੁਧਾਰ ਸਕਣ, ਸਾਨੂੰ ਮਾਲੀ ਹਾਲਾਤ ਵਧਾਉਣ ਲਈ ਖੁਲ੍ਹ ਦੇਣੀ ਚਾਹੀਦੀ ਹੈ। ਮੈਂ ਅਰਜ਼ ਕਰਾਂ ਕਿ ਇਕ ਲਿਸਟ ਹੁੰਦੀ ਹੈ ਯੂਨੀਅਨ ਦੀ, ਇਕ ਸਟੇਟ ਦੀ ਅਤੇ ਇਕ ਮੁਸ਼ਤਰਕਾ ਲਿਸਟ ਹੁੰਦੀ ਹੈ। ਅਸੀਂ ਚਾਹੁੰਦੇ ਕਿ ਜਿਹੜੀ ਮੁਸ਼ਤਰਕਾ ਵਾਲੀ ਹੈ, ਉਹ ਸਟੇਟਾਂ ਦੇ ਜ਼ਿੰਮੇ ਲਾਈ ਜਾਵੇ। ਜਿਹੜੀਆਂ ਆਮ ਵਰਤੋਂ ਦੀਆਂ ਚੀਜ਼ਾਂ ਹਨ ਜਿਸ ਤਰ੍ਹਾਂ ਬਨਾਸਪਤੀ ਘੀ ਹੈ, ਕਪੜਾ ਹੈ ਅਤੇ ਹੋਰ ਵੀ ਇਹੋ ਜਿਹੀਆਂ ਅਨੇਕਾਂ ਚੀਜ਼ਾਂ ਹਨ ਜਿਨ੍ਹਾਂ ਤੇ ਐਕਸਾਈਜ਼ ਡਿਊਟੀ ਲਗਦੀ ਹੈ, ਉਹ ਡਿਊਟੀ ਸੂਬਿਆਂ ਨੂੰ ਦਿਤੀ ਜਾਵੇ। ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂ ਕਿ ਇਨ੍ਹਾਂ ਚੀਜ਼ਾਂ ਤੇ ਜਿਹੜੀ ਡਿਊਟੀ ਲਗਦੀ ਹੈ, ਉਸ ਦਾ ਸਡੇ ਹਿਸੇ ਦਾ ਬਹੁਤ ਜ਼ਿਆਦਾ ਪੈਸਾ ਹੁੰਦਾ ਹੈ, ਕਿਉਂਜੋ ਅਸੀਂ ਇਹ ਚੀਜ਼ਾਂ ਬਹੁਤ ਜ਼ਿਆ ...ਦਾਰ ਵਿਚ ਵਰਤਦੇ ਹਾਂ, ਜੇ ਕਰ ਉਹ ਪੈਸਾ ਸਾਨੂੰ

[ਸਾਥੀ ਰੂਪ ਲਾਲ]
ਦਿਤਾ ਜਾਵੇ ਤਾਂ ਅਸੀਂ ਉਸ ਦੇ ਨਾਲ ਪੰਜਾਬ ਦੀ ਖ਼ੁਸ਼ਹਾਲੀ ਲਈ ਕਈ ਕੰਮ ਕਰ ਸਕਦੇ ਹਾਂ। ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੈਂਟਰ ਨੇ ਸਨਅਤ ਦੇ ਸਿਲਸਲੇ ਵਿਚ ਪਲਾਨ ਵਿਚ ਕਰੋੜਾਂ ਰੁਪਏ ਰਖੇ, ਪਰ ਪੰਜਾਬ ਨੂੰ ਇਕ ਪੈਸਾ ਵੀ ਨਹੀਂ ਦਿਤਾ। ਜੇ ਕਰ ਇਸ ਤਰ੍ਹਾਂ ਹੋਵੇਗਾ ਤਾਂ ਇਹ ਜਿਹੜੇ ਫੋਕੇ ਨਾਅਰੇ ਲਗਾਉਂਦੇ ਹਨ, ਕੀ ਇਨ੍ਹਾਂ ਨਾਲ ਪੰਜਾਬ ਖੁਸ਼ਹਾਲ ਹੋਵੇਗਾ, ਕੀ ਇਸ ਤਰ੍ਹਾਂ ਸੋਸ਼ਲਿਜ਼ਮ ਆਵੇਗਾ। ਮੈਂ ਅਰਜ਼ ਕਰਾਂ ਜੇ ਕਰ ਸੈਂਟਰ ਸਾਨੂੰ ਵਧ ਤਾਕਤ ਦੇ ਦੇਵੇ ਤਾਂ ਮੈਂ ਦਾਵੇ ਨਾਲ ਕਹਿੰਦਾ ਹਾਂ ਕਿ ਅਸੀਂ ਪੰਜਾਂ ਸਾਲਾਂ ਵਿਚ ਹੀ ਪੰਜਾਬ ਵਿਚ ਸੋਸ਼ਲਿਜ਼ਮ ਲੈ ਆਈਏ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣ): ਚੇਅਰਮੈਨ ਸਾਹਿਬ, ਇਹ ਰੈਜ਼ੋਲਿਊਸ਼ਨ ਜਿਹੜਾ ਅਸਲ ਵਿਚ ਅਵਾਮ ਦਾ ਅਜੰਡਾ ਹੈ, ਤੁਹਾਡੇ ਸਾਰਿਆਂ ਤੋਂ ਵਡੀ ਜਿਹੜੀ ਹੋਰ ਸਰਕਾਰ ਹੈ ਉਹ ਵੀ ਇਸ ਦੀ ਗਾਰੰਟੀ ਨਹੀਂ ਕਰ ਸਕੀ। ਉਹ ਸਰਕਾਰ ਸਭਿਯ ਅਤੇ ਜ਼ਿਮੇਵਾਰ ਅਖਵਾਉਣ ਦੇ ਕਾਬਲ ਨਹੀਂ ਜਿਹੜੀ ਇਹ ਚੀਜ਼ ਦੇਸ਼ ਵਿਚ ਲਿਆਉਣ ਤੋਂ ਅਸਫਲ ਰਹੀ ਹੈ। ਇਹ ਜਿਹੜਾ ਮਸਲਾ ਹੈ ਇਹ ਕਿਸੇ ਸਟੇਟ ਸਰਕਾਰ ਦਾ ਨਹੀਂ, ਇਹ ਮਸਲਾ ਸਾਰੇ ਰਾਸ਼ਟਰ ਦਾ ਮਸਲਾ ਹੈ। ਇਸ ਨੂੰ ਹਲ ਕਰਨ ਲਈ ਸਾਰੇ ਹਿੰਦੁਸਤਾਨ ਨੂੰ ਕਦਮ ਮਿਲਾ ਕੇ ਚਲਣਾ ਹੈ। ਇਹ ਵਕਤ ਦੀ ਆਵਾਜ਼ ਹੈ ਕਿ ਉਹ ਲੋਕ ਸਾਰੇ ਇਕੱਠੇ ਹੋਣ ਜਿਹੜੇ ਇਸ ਚੀਜ਼ ਨੂੰ ਮਹਿਸੂਸ ਕਰਦੇ ਹਨ। ਏਥੇ ਤਫਰੀਕ ਨਹੀਂ ਹੋਣੀ ਚਾਹੀਦੀ। ਅਜ ਜਿਸ ਚੀਜ਼ ਤੇ ਬਹਿਸ ਹੋਣੀ ਚਾਹੀਦੀ ਸੀ, ਉਹ ਮਸਲਾ ਅਸੀਂ ਸਾਰਿਆਂ ਨੇ ਵਿਗਾੜ ਦਿਤਾ ਹੈ। ਜੇ ਅਸਲ ਤੇ ਨਜ਼ਰ ਰਖੀਏ ਤਾਂ ਪਤਾ ਚਲੇਗਾ ਕਿ ਸਾਡੇ ਸਾਮ੍ਹਣੇ ਕੀ ਪ੍ਰਸਤਾਵ ਸੀ ਅਤੇ ਅਸੀਂ ਕਿਸ ਪ੍ਰਸਤਾਵ ਤੇ ਬਹਿਸ ਕਰਦੇ ਰਹੇ ਹਾਂ। ਇਸ ਵਿਚ ਕਿਸੇ ਨੇ ਧਰਮ ਦੀ ਗੱਲ ਕਹੀ ਅਤੇ ਕਿਸੇ ਨੇ ਧਰਮ ਦੇ ਵਿਰੁਧ ਕੋਈ ਹੋਰ ਮਸਲਾ ਛੇੜ ਦਿਤਾ ਪਰ ਅਸਲੀ ਮਜ਼ਮੂਨ ਤੋਂ ਸਾਰੇ ਹੀ ਲਾਂਬੇ ਚਲੇ ਗਏ। ਇਥੇ ਧਰਮ ਦੀ ਗੱਲ ਹੋਵੇ ਤਾਂ ਡਾਂਗ ਸਾਹਿਬ ਨੂੰ ਚਿੜ ਹੋਣ ਲਗ ਜਾਂਦੀ ਹੈ। ਜੇ ਸਿਰਦਾਰ ਕਪੂਰ ਸਿੰਘ ਜੀ ਗੱਲ ਕਰਨ ਤਾਂ ਉਹ ਧਰਮ ਦੇ ਮਾਇਨੇ ਜ਼ਥੇਬੰਦ ਟਾਇਪ ਦੇ ਲੋਕਾਂ ਨੂੰ ਦਸਦੇ ਹਨ। ਮੈਂ ਇਸ ਬਾਰੇ ਕੁਝ ਨਹੀਂ ਕਹਿਣਾ ਅਤੇ ਮੇਰੀ ਸਬਮਿਸ਼ਨ ਇਹ ਹੈ ਕਿ ਇਹ ਮਸਲਾ ਬੜਾ ਨਾਜ਼ੁਕ ਹੈ। ਮੈਂ ਇਕ ਚੀਜ਼ ਕਹਾਂਗਾ ਕਿ ਧਰਮ ਦੋ ਕਦੇ ਨਹੀਂ ਹੋ ਸਕਦੇ। ਵਾਹਿਗੁਰੂ ਇਕ ਹੈ ਤਾਂ ਧਰਮ ਵੀ ਇਕੋ ਹੀ ਹੈ। ਜਿਹੜੇ ਲੋਕ ਇਹ ਖਿਆਲ ਕਰਦੇ ਹਨ ਕਿ ਖ਼ਾਲਸਾ ਧਰਮ ਹੈ, ਇਹ ਹਿੰਦੂ ਧਰਮ ਹੈ, ਇਹ ਮੁਸਲਮਾਨ ਧਰਮ ਹੈ ਇਹ ਠੀਕ ਨਹੀਂ ਹੈ। ਕੁਝ ਵੈਸਟਿਡ ਇੰਟਰੈਸਟ ਦੇ ਤਬਕੇ, ਧਰਮ ਦਾ ਨਾਂ ਲਾ ਕੇ ਰਾਜ, ਸਟੇਟ ਬਣਾਉਂਦੇ ਹਨ, ਕੋਈ ਖਾਲਸਾ ਰਾਜ ਕਹਿ ਕੇ ਸਿਖ ਹੋਮ ਲੈਂਡ ਕਹਿ ਰਿਹਾ ਹੈ। ਸਿਰਦਾਰ ਕਪੂਰ ਸਿੰਘ ਨੇ ਕਿਹਾ ਹੈ ਕਿ ਸਾਨੂੰ ਵੱਧ ਅਖਤਿਆਰ ਦੇ ਦਿਓ, ਇਹ ਸਿਖ ਹੋਮ ਲੈਂਡ ਹੋ ਜਾਵੇਗੀ। ਜੇ ਕਰ ਇਹ ਵੱਧ ਅਖ਼ਤਿਆਰ ਦਾ ਨਾਮ ਸਿਖ ਹੋਮ ਲੈਂਡ ਹੈ ਤਾਂ ਜਿਹੜਾ ਇਸ ਸੈਸ਼ਨ ਵਿਚ ਗਵਰਨਰ ਦਾ ਐਡਰੈਸ ਜਾਂ ਬਜਟ ਸਪੀਚ ਪੇਸ਼ ਕੀਤਾ ਹੈ ਤਾਂ ਉਹ ਪੜ੍ਹ ਕੇ ਵੇਖੋ, ਉਸ ਦੇ ਵਿਚ ਆਮਦਨੀ ਦੇ ਵਸੀਲੇ ਵਧਾਉਣ ਲਈ ਜ਼ਿਆਦਾ ਜ਼ੋਰ ਸ਼ਰਾਬ ਤੇ ਹੀ ਦਿਤਾ ਗਿਆ ਹੈ। ਅੰਗੂਰਾਂ ਦੀ ਸ਼ਰਾਬ ਦੇ ਇਕ ਕਾਰਖਾਨੇ ਦਾ ਵਿਸ਼ੇਸ਼ ਕਰ ਜ਼ਿਕਰ ਕੀਤਾ ਗਿਆ ਹੈ। ਪਤਾ ਨਹੀਂ ਇਸ ਨੂੰ ਸਿਖ ਹੋਮ ਲੈਂਡ ਕਿਹਾ ਹੈ ਜਿਸ ਦੇ ਵਿਚ ਅੰਮ੍ਰਿਤ ਨਾਲੋਂ ਸ਼ਰਾਬ ਦਾ ਜ਼ਿਆਦਾ ਪ੍ਰਚਾਰ ਹੋਵੇ। ਪਰ ਮੈਂ ਇਹ ਕਹਾਂਗਾ ਕਿ ਜਿਸ ਗੱਲ ਦਾ ਪ੍ਰਚਾਰ ਸ੍ਰੀ ਗੁਰੂ ਨਾਨਕ ਦੇਵ ਜੀ ਮਾਹਾਰਾਜ ਨੇ ਕੀਤਾ ਸੀ, ਉਹ ਇਕ ਯੂਨੀਵਰਸਲ ਟਰੁੱਥ ਸੀ, ਉਸ ਦੀ ਅੱਜ ਉਤਨੀ ਲੋੜ ਹੈ ਔਰ ਜਿੰਨਾਂ ਚਿਰ ਤਕ ਇਸ ਸੰਸਾਰ ਵਿਚ ਇਹ ਬੇਇਨਸਾਫੀਆਂ ਰਹਿਣਗੀਆਂ ਉਸਦੀ ਲੋੜ ਰਹੇਗੀ। ਉਸ ਵੇਲੇ ਵੀ ਧਰਮ ਦੇ ਨਾਂ ਤੇ ਤਾਣਾ ਤਣਿਆ ਹੋਇਆ ਸੀ, ਹਿੰਦੂ

ਧਰਮ, ਮੁਸਲਮਾਨ ਧਰਮ ਆਦਿ ਉਸੇ ਵੇਲੇ ਵੀ ਧਰਮ ਦਾ ਨਾਂ ਲੈ ਕੇ ਲੜਾਈ ਚਲ ਰਹੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਖਿਆ ਅਤੇ ਕਿਹਾ ਕਿ ਇਨ੍ਹਾਂ ਲੋਕਾਂ ਦੇ ਪੱਲੇ ਧਰਮ ਨਹੀਂ ਹੈ ਇਹ ਧਾੜਵੀਏ ਧਰਮ ਦਾ ਨਾਂ ਲੈ ਕੇ ਆਪਣਾ ਕੰਮ ਕਰਦੇ ਹਨ। ਅਗਰ ਅੱਜ ਇਹ ਸਰਕਾਰ ਧਰਮ ਦੀ ਗੱਲ ਕਰਦੀ ਹੈ ਤਾਂ ਇਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਉਸ ਧਰਮ ਤੇ ਅਮਲ ਕਰਨਾ ਚਾਹੀਦਾ ਹੈ ਅਤੇ ਉਸ ਧਰਮ ਨੂੰ ਆਪਣੇ ਅਮਲਾਂ ਵਿਚ ਲਿਆ ਕੇ ਤੇ ਫਿਰ ਧਰਮ ਦੀ ਗੱਲ ਕਰਨ, ਨਹੀਂ ਤਾਂ ਇਸ ਤਰ੍ਹਾਂ ਧਰਮ ਦਾ ਨਾਂ ਲੈ ਕੇ ਕੋਈ ਫ਼ਾਇਦਾ ਨਹੀਂ ਜਦ ਤਕ ਕਿ ਇਸ ਦੇ ਉਤੇ ਅਮਲ ਨਾ ਕਰਨ। ਇਨ੍ਹਾਂ ਨੂੰ ਆਪਣਾ ਕਰੈਕਟਰ ਠੀਕ ਕਰਨਾ ਚਾਹੀਦਾ ਹੈ, ਬਿਨਾਂ ਕਰੈਕਟਰ ਦੇ ਕੋਈ ਪ੍ਰਭਾਵ ਨਹੀਂ ਪੈ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ:

"ਖ਼ਾਲਸਾ ਮੇਰਾ ਰੂਪ ਹੈ ਖ਼ਾਸ"

ਜਦ ਤਕ ਅਸੀਂ ਆਪਣੇ ਵਿਚ ਖ਼ਾਸੀਅਤ ਪੈਦਾ ਨਹੀਂ ਕਰਾਂਗੇ, ਅਸੀਂ ਦੀਨ ਔਰ ਦੇਸ਼ ਦਾ ਕੋਈ ਭਲਾ ਨਹੀਂ ਕਰ ਸਕਾਂਗੇ। ਭਾਈ ਨੰਦ ਲਾਲ ਜੀ ਨੇ ਧਰਮ ਦੀ ਤਸ਼ਰੀਹ ਕਰਦਿਆਂ ਇਹ ਕਿਹਾ ਸੀ:

"ਕੁਫਰ ਅਸਤ ਦਰ ਤਰੀਕਤੇ ਮਾਅ ਕੀਨਾ ਦਾਸ਼ਤਨ
ਆਈਨੇ ਮਾਸਤ ਸੀਨਾਂ ਚੂੰ ਆਈਨੇ ਦਾਸ਼ਤਨ"

ਉਨ੍ਹਾਂ ਨੇ ਇਹ ਕਿਹਾ ਸੀ ਕਿ ਮੇਰਾ ਕੀਨਾ ਇਹ ਹੈ ਕਿ ਮੈਂ ਆਪਣਾ ਸੀਨਾ ਸ਼ੀਸ਼ੇ ਵਰਗਾ ਸਾਫ਼ ਬਣਾ ਕੇ ਵਿਖਾਵਾਂ, ਇਹ ਉਹ ਆਪਣਾ ਇੰਪ੍ਰੈਸ਼ਨ ਦਿੰਦੇ ਸਨ। ਪਰ ਇਨ੍ਹਾਂ ਨੇ ਆਪਣੇ ਧਰਮ ਤੋਂ ਲੋਕਾਂ ਨੂੰ ਕੀ ਇੰਪਰੈਸ਼ਨ ਦੇਣਾ ਹੈ ਅਤੇ ਕੀ ਇਹ ਦੇ ਰਹੇ ਹਨ ? ਮੈਂ ਆਪਣੇ ਦੋਸਤਾਂ ਨੂੰ ਕਹਾਂਗਾ ਕਿ ਇਥੇ ਧਰਮ ਦਾ ਸੁਆਲ ਨਹੀਂ, ਇਥੇ ਅਕਾਲੀ, ਕਮਿਊਨਿਸਟ ਹਿੰਦੂ ਸਿਖ ਦਾ ਸੁਆਲ ਨਹੀਂ ਇਹ ਤਾਂ ਹਿੰਦੁਸਤਾਨ ਦਾ ਸੁਆਲ ਹੈ। ਹਾਲਾਂਕਿ ਇਹ ਬਹਿਸ ਦਾ ਸਬਜੈਕਟ ਨਹੀਂ, ਪਰ ਇਥੇ ਬਦੋ-ਬਦੀ ਧਰਮ ਨੂੰ ਲਿਆ ਕੇ ਰਖਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਰਮ ਵਿਚ ਕਿਸੇ ਐਸੇ ਆਦਮੀ ਦੇ ਘਰ ਰੋਟੀ ਖਾਣਾ ਮਨ੍ਹਾਂ ਹੈ ਜਿਸ ਦੀ ਕਮਾਈ ਅਯੋਗ ਹੋਵੇ। ਤੁਸੀਂ ਦਸੋ ਕਿ ਮਲਿਕ ਭਾਗੋ ਨੇ ਕੀ ਕੀਤਾ ਸੀ ? ਉਸ ਨੇ ਉਸ ਸਮੇਂ ਦੇ ਰਸਮੋ ਰਿਵਾਜ ਦੇ ਮੁਤਾਬਕ ਪਾਠ ਪੂਜਾ ਕਰਾਈ। ਗਰੀਬਾਂ ਲਈ ਭੰਡਾਰੇ ਖੋਲ੍ਹੇ ਅਤੇ ਅਮੀਰ ਵੀ ਉਥੇ ਬੁਲਾਏ ਗਏ, ਸਾਰੇ ਚਲੇ ਗਏ, ਪਰ ਗੁਰੂ ਜੀ ਉਥੇ ਸਿਰਫ ਇਸ ਲਈ ਨਹੀਂ ਗਏ ਸੀ ਕਿਉਂਕਿ ਮਲਿਕ ਭਾਗੋ ਦੀ ਕਮਾਈ ਅਯੋਗ ਸੀ ਅਤੇ ਇਸ ਲਈ ਉਸ ਦੀ ਰੋਟੀ ਨਹੀਂ ਖਾਧੀ ਸੀ।

ਇਹ ਰੈਜ਼ੋਲਿਊਸ਼ਨ ਮੇਰੇ ਦੋਸਤ ਨੇ ਰਖਿਆ ਹੈ। ਮੈਂ ਇਸ ਦੇ ਮੁਤੱਅਲਕ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਕਾਂਗਰਸ ਪਾਰਟੀ ਦਾ ਤਅੱਲੁਕ ਹੈ ਇਹ ਰੈਜ਼ੋਲਿਊਸ਼ਨ ਲਿਆਉਣ ਦੀ ਲੋੜ ਹੀ ਨਹੀਂ ਸੀ ਪੈਣੀ, ਕਿਉਂਕਿ ਇਹ ਆਪਣੀ ਪਿਛਲੀ 24 ਸਾਲ ਦੀ ਹਕੂਮਤ ਵਿਚ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਪਾਸ ਕਰ ਸਕਦੀ ਸੀ। ਅੱਜ ਸਾਨੂੰ ਇਤਿਹਾਸ ਯਾਦ ਆ ਰਿਹਾ ਹੈ ਕਿ 1945 ਵਿਚ ਇਕ ਹਿੰਦੁਸਤਾਨੀ ਵਫਦ ਬਰਤਾਨੀਆ ਵਿਚ ਗਿਆ। ਉਸ ਦਾ ਮੰਤਵ ਇਹ ਸੀ ਕਿ ਅੰਗਰੇਜ਼ ਹਿੰਦੁਸਤਾਨ ਵਿਚੋਂ ਜਾ ਰਹੇ ਹਨ ਅਤੇ ਹਿੰਦੁਸਤਾਨ ਕੋਲ ਟੈਕਨੀਕ ਨਹੀਂ ਇਸ ਵਾਸਤੇ ਅੰਗਰੇਜ਼ਾਂ ਨੂੰ ਕਿਹਾ ਜਾਏ ਕਿ ਹਿੰਦੁਸਤਾਨ ਦੇ ਸਰਮਾਏ ਅਤੇ ਉਨ੍ਹਾਂ

[ਸਰਦਾਰ ਕਿਰਪਾਲ ਸਿੰਘ]

ਦੀ ਟੈਕਨੀਕ ਨਾਲ ਕੋਲੈਬੋਰੇਸ਼ਨ ਕਰਕੇ ਅਸੀਂ ਤਰੱਕੀ ਕਰ ਸਕਦੇ ਹਾਂ । ਮਤਲਬ ਸੀ ਕਿ ਹਿੰਦੁਸਤਾਨੀ ਸਰਮਾਏ ਨੂੰ ਤਕੜਾ ਕਰ ਲੈਣਗੇ । ਉਦੋਂ ਹਾਲੇ ਪਾਕਿਸਤਾਨ ਦੇ ਇਸ਼ੂ ਦਾ ਫੈਸਲਾ ਨਹੀਂ ਸੀ ਹੋਇਆ । ਅੰਗਰੇਜ਼ਾਂ ਨੇ ਕਿਹਾ ਕਿ ਹਿੰਦੁਸਤਾਨ ਵਿਚ ਤਾਂ ਸਿਵਲ ਵਾਰ ਦਾ ਖ਼ਤਰਾ ਹੈ, ਅਸੀਂ ਆਪਣੇ ਇੰਟਰੈਸਟਸ ਲੈ ਕੇ ਇਥੋਂ ਚਲੇ ਜਾਣਾ ਚਾਹੁੰਦੇ ਹਾਂ । ਇਹ ਅੰਦਰ ਦੀਆਂ ਗੱਲਾਂ ਹਨ, ਸ਼ਾਇਦ ਮੇਰੇ ਦੋਸਤਾਂ ਨੂੰ ਇਸ ਗੱਲ ਦਾ ਪਤਾ ਨਾ ਹੋਵੇ । ਅੰਗਰੇਜ਼ ਇਥੋਂ ਜਾਣਾ ਚਾਹੁੰਦੇ ਸਨ, ਅਗਰ ਉਹ ਹਾਲੇ ਤਾਈਂ ਵੀ ਇਥੇ ਮੌਜੂਦ ਹਨ ਤਾਂ ਇਨ੍ਹਾਂ ਦੋਸਤਾਂ ਦੀ ਮਿਹਰਬਾਨੀ ਨਾਲ ਹਨ । ਬਿਰਲੇ ਨੇ ਪਟੇਲ ਨੂੰ ਟੈਲੀਫੂਨ ਕੀਤਾ ਕਿ ਉਹ ਇਸ ਤਰ੍ਹਾਂ ਕਹਿੰਦੇ ਹਨ । ਪਟੇਲ ਨੇ ਕਿਹਾ ਕਿ ਉਨ੍ਹਾਂ ਨੂੰ ਯਕੀਨ ਦਿਵਾਓ, ਪਰਸੂਏਡ ਕਰੋ । ਅੰਗਰੇਜ਼ ਸਮਝ ਗਏ ਕਿ ਇਹ ਜਲਦੀ ਪਾਵਰ ਲੈਣਾ ਚਾਹੁੰਦੇ ਹਨ । ਉਨ੍ਹਾਂ ਨੇ ਆਪਣੇ ਇੰਟਰੈਸਟਸ ਨੂੰ ਸਾਹਮਣੇ ਰਖਦੇ ਹੋਏ ਤਕਸੀਮ ਦੀ ਤਜਵੀਜ਼ ਰਖੀ ਅਤੇ ਤਕਸੀਮ ਹੋ ਗਈ । ਜਨਸੰਘ ਵਾਲਿਆਂ ਨੇ ਬਦੇਸ਼ੀ ਸਰਮਾਏ ਦੇ ਭਾਰਤੀ-ਕਰਨ ਦੀ ਗੱਲ ਕਹੀ ਹੈ । ਮਤਲਬ ਦੇਸੀ ਸਰਮਾਏਦਾਰ ਬਦੇਸ਼ੀ ਸਰਮਾਏ ਨੂੰ ਖਰੀਦ ਲੈਣ, ਉਨ੍ਹਾਂ ਦੀ ਮਨਾਪਲੀ ਹੋ ਜਾਵੇ, ਇਨ੍ਹਾਂ ਨੇ ਕੌਮੀਕਰਨ ਦੀ ਗੱਲ ਨਹੀਂ ਕਹੀ । ਇਨ੍ਹਾਂ ਦਾ ਮੈਨੀਫੈਸਟੋ ਦੇਖ ਲਉ । ਮੇਰਾ ਇਹ ਕਹਿਣ ਤੋਂ ਭਾਵ ਇਹ ਹੈ ਕਿ ਜਦ ਤਕ ਵੈਸਟਿਡ ਇੰਟਰੈਸਟ ਮੌਜੂਦ ਹੈ ਗਰੀਬ ਨੂੰ ਨਾ ਰੋਟੀ, ਨਾ ਕੱਪੜਾ ਅਤੇ ਨਾ ਮਕਾਨ ਮਿਲ ਸਕਦਾ ਹੈ । ਫਿਰ ਕੋਈ ਸਟੇਟ ਆਪਣੇ ਹੀ ਰਿਸੋਰਸਿਜ਼ ਵਿਚੋਂ ਇਹ ਗੱਲ ਕਰ ਵੀ ਨਹੀਂ ਸਕਦੀ । ਹੁਣ ਇੰਦਰਾ ਜੀ ਨੇ ਨਾਅਰਾ ਦਿਤਾ ਹੈ, ਵਾਹਿਗੁਰੂ ਕਰੇ ਉਨ੍ਹਾਂ ਨੇ ਇਹ ਈਮਾਨਦਾਰੀ ਨਾਲ ਦਿਤਾ ਹੋਵੇ । ਪੰਡਿਤ ਜੀ ਵੀ ਨਾਅਰਾ ਦਿੰਦੇ ਹੁੰਦੇ ਸੀ । 22 ਵਰ੍ਹਿਆਂ ਤੋਂ ਕਈ ਤਰ੍ਹਾਂ ਦੀਆਂ ਗੱਲਾਂ ਸੁਣ ਰਹੇ ਹਾਂ ਪਰ ਹਾਲਾਤ ਉਸੇ ਤਰ੍ਹਾਂ ਦੇ ਹੀ ਹਨ :

ਤੌਬਾ ਤੌਬਾ ਫਰੇਬ-ਮੰਜ਼ਿਲ ਕੇ
ਰਾਹਜ਼ਨ ਨੇ ਭੀ ਰਾਹਬਰੀ ਕੀ ਹੈ ।

ਮਨਿਸਟਰੀਆਂ ਜਿਸ ਤਰ੍ਹਾਂ ਬਣਦੀਆਂ ਹਨ ਉਸ ਦਾ ਨਤੀਜਾ ਸਾਡੇ ਸਾਹਮਣੇ ਹੈ । ਅਗਰ ਮੈਂ ਕਹਾਂ ਕਿ ਇਹ ਗਵਰਨਮੈਂਟ ਲੋਕਾਂ ਨੂੰ ਰੋਟੀ, ਕਪੜਾ ਅਤੇ ਮਕਾਨ ਦੇਣ ਵਲ ਚਲ ਰਹੀ ਹੈ ਤਾਂ ਇਹ ਗ਼ਲਤ ਹੋਵੇਗਾ, ਇਹ ਨਾ ਚਲ ਸਕਦੀ ਹੈ ਨਾ ਚਲਣਾ ਚਾਹੁੰਦੀ ਹੈ । ਮੈਨੂੰ ਅਫਸੋਸ ਹੁੰਦਾ ਹੈ ਜਦੋਂ ਅਸੀਂ ਇਨ੍ਹਾਂ ਦੋਸਤਾਂ ਨੂੰ ਐਗਰੇਰੀਅਨ ਰਿਫਾਰਮਜ਼ ਦੀਆਂ ਗੱਲਾਂ ਕਰਦੇ ਸੁਣਦੇ ਹਾਂ । ਅਗਰ ਕੋਈ ਟੱਬਰ ਨੂੰ ਜਾਂ ਫੈਮਿਲੀ ਯੂਨਿਟ ਬਣਾਉਣ ਦੀ ਦਰੁਸਤ ਗੱਲ ਕਰਦਾ ਹੈ ਤਾਂ ਇਨ੍ਹਾਂ ਨੂੰ ਕੰਡਾ ਚੁਭਦਾ ਹੈ । ਸਾਡੀ ਸਟੇਟ ਦੀ ਇਕਾਨੋਮੀ ਜਿਸ ਗੱਲ ਤੇ ਨਿਰਭਰ ਹੈ ਉਹ ਜ਼ਮੀਨ ਹੈ ਅਤੇ ਇਹ ਜੋ ਜ਼ਮੀਦਾਰ ਹੈ ਉਹ ਐਗਰੇਰੀਅਨ ਰਿਫਾਰਮਜ਼ ਬਰਦਾਸ਼ਤ ਨਹੀਂ ਕਰ ਸਕਦਾ । ਜਦੋਂ ਇਸ ਸਟੇਟ ਵਿਚ ਕਾਂਗਰਸ ਦੀ ਸਰਕਾਰ ਸੀ ਉਹ ਸ਼ਹਿਰੀ ਸਰਮਾਏਦਾਰਾਂ ਅਤੇ ਦਿਹਾਤੀ ਜਗੀਰਦਾਰਾਂ ਨੂੰ ਰੈਪਰੇਜ਼ੈਂਟ ਕਰਦੀ ਸੀ, ਉਨ੍ਹਾਂ ਦੇ ਇੰਟਰੈਸਟ ਦਾ ਖਿਆਲ ਰਖਦੀ ਸੀ । ਉਨ੍ਹਾਂ ਦੇ ਵੇਲੇ ਐਗਰੇਰੀਅਨ ਰਿਫਾਰਮਜ਼ ਦੀ ਜੋ ਮਿੱਟੀ ਪਲੀਤ ਹੋਈ ਹੈ ਉਹ ਸਭ ਨੂੰ ਪਤਾ ਹੈ । ਕਿਤੇ ਮੈਕੇਨਾਈਜ਼ਡ ਫਾਰਮ, ਕਿਤੇ ਮਾਡਲ ਫਾਰਮ, ਕਿਤੇ ਗਾਰਡਨ ਕਾਲੋਨੀ ਦੇ ਨਾਂ ਤੇ ਸਭ ਨੂੰ ਛੱਡ ਦਿਤਾ ਅਤੇ ਕਿਸੇ ਗਰੀਬ ਨੂੰ ਇਕ ਇੰਚ ਜ਼ਮੀਨ ਨਾ ਮਿਲੀ । ਹੁਣ ਸ਼ਹਿਰੀ ਸਰਮਾਏਦਾਰ ਦੇ ਇੰਟਰੈਸਟ ਸੈਂਟਰਲ ਸਰਕਾਰ ਦੇ ਪਰਵਿਊ ਵਿਚ ਆਉਂਦੇ ਹਨ ਅਤੇ ਇਹ ਕਿਸਾਨ ਦਾ ਨਾਂ ਲੈ ਕੇ ਜ਼ਿਮੀਂਦਾਰਾਂ ਨੂੰ ਪਾਲਦੇ ਹਨ । ਜੋ ਅਸਲੀ ਕਿਸਾਨ ਹੈ ਹਰੀਜਨ ਉਸ ਦਾ ਇਨ੍ਹਾਂ ਨੇ ਬਾਈਕਾਟ ਕੀਤਾ ਹੋਇਆ ਹੈ । ਉਸ ਨੂੰ ਚਾਰ ਰੁਪਏ ਦਿਹਾੜੀ ਵੀ ਨਹੀਂ ਦਿੰਦੇ । ਡਾਕਟਰ ਕੇਵਲ ਕ੍ਰਿਸ਼ਨ ਹੋਰਾਂ ਨੇ ਜੋ ਰੈਜ਼ੋਲਿਊਸ਼ਨ ਰਖਿਆ ਹੈ ਉਸ ਬਾਰੇ ਕਿਸੇ ਕਿਸਮ

ਦੀ ਆਸ ਨਹੀਂ ਰਖੀ ਜਾ ਸਕਦੀ, ਉਹ ਵੀ ਨਿਰਾ ਇਕ ਫੋਕਾ ਨਾਅਰਾ ਹੀ ਹੈ ਇਸ ਦੇ ਪਿਛੇ ਕੁਝ ਵੀ ਨਹੀਂ ।

ਸੀਰਤ ਨਾ ਹੋ ਤੋ ਆਰਜ਼ੋ ਰੁਖਸਾਰ ਸਭ ਗ਼ਲਤ
ਖੁਸ਼ਬੂ ਉੜੀ ਤੋ ਫੂਲ ਫਕਤ ਰੰਗ ਰਹਿ ਗਿਆ ।

ਅਨਾਰ ਦੀ ਕਲੀ ਬਾਰੇ ਵੀ ਕਿਹਾ ਹੈ:

ਸੁੰਦਰ ਕਲੀ ਅਨਾਰ ਜਦੋਂ ਵਿਚ ਅੱਖ ਬਾਗ ਦੇ ਖੋਲ੍ਹੀ ।
ਨਾ ਭੌਰੇ ਕਿਸੇ ਘੂੰ ਘੂੰ ਕੀਤੀ ਨਾ ਕੋਈ ਬੁਲਬੁਲ ਬੋਲੀ ।
ਫੂਲ ਵਿਚਾਰਾ ਬਾਝ ਸੁਗੰਧੀ ਅਡ ਨਾ ਮੂਲ ਵਿਕਾਇਆ,
ਜੋਬਨ ਬਿਨਾਂ ਪਰੀਤਾਂ ਸੁੰਞਾ ਸੋਤਾਂ ਇਹ ਗੱਲ ਖੋਲ੍ਹੀ ।

ਇਸ ਤਰ੍ਹਾਂ ਦੇ ਨਾਅਰੇ ਕੀ ਕਰਨਗੇ, ਇਹ ਵੀ ਇਕ ਫਰੇਬ ਹਨ, ਪੁਲੀਟੀਕਲ ਚਾਲਾਂ ਹਨ । ਅਸੀਂ ਦੇਖਣਾ ਹੈ ਕਿ ਇੰਦਰਾ ਜੀ ਸੋਸ਼ਲਿਜ਼ਮ ਵਲ ਚਲ ਰਹੇ ਹਨ ਜਾਂ ਨਹੀਂ । ਉਨ੍ਹਾਂ ਦੇ ਲੜਕੇ ਨੂੰ ਉਸ ਫੈਕਟਰੀ ਦਾ ਲਾਈਸੈਂਸ ਦੇਣਾ ਚਾਹੀਦਾ ਹੈ ਜਾਂ ਨਹੀਂ ਜਿਸ ਦਾ ਲਾਈਸੈਂਸ ਪਬਲਿਕ ਸੈਕਟਰ ਨੂੰ ਦਿਤਾ ਜਾਣਾ ਹੋਵੇ ......(ਵਿਘਨ) ਸੁਣ ਲਓ । ਇਹ ਲਾਈਸੈਂਸ ਕਿਸੇ ਪਰਾਈਵੇਟ ਆਦਮੀ ਨੂੰ ਦੇਣਾ ਚਾਹੀਦਾ ਹੈ ਜਾਂ ਨਹੀਂ । ਇਥੇ ਬੜੀ ਗਰੀਬੀ । (ਵਿਘਨ) ਸੁਣ ਲਉ । ਇਸ ਹਾਊਸ ਵਿਚ ਗਰੀਬਾਂ ਦੀ ਮੇਜਾਰਿਟੀ ਹੈ ਅਤੇ ਇਹ ਗਰੀਬਾਂ ਦੀ ਮੇਜਾਰਿਟੀ ਦੀ ਨੁਮਾਇੰਦਗੀ ਕਰਦੇ ਹਨ । ਅੱਜ ਜੋ ਇਨ੍ਹਾਂ ਵਿਚ ਜੱਥੇਦਾਰ ਕਹੇ ਜਾਂਦੇ ਹਨ, ਇਨ੍ਹਾਂ ਆਪਣੀ ਜ਼ਿੰਦਗੀ ਲੋਕਾਂ ਵਿਚ ਗੁਜ਼ਾਰੀ ਹੈ, ਅਜ ਅਗਰ ਇਹ ਉਥੇ ਬੈਠੇ ਹਨ ਤਾਂ ਇਹ ਤਾਨੇ ਦੀ ਗੱਲ ਨਹੀਂ । ਆਪ ਨੇ 24 ਸਾਲ ਰਾਜ ਕੀਤਾ, ਆਪ ਨੇ ਕੀ ਕੀਤਾ, ਸਾਰੀ ਗੱਲ ਠੀਕ ਤਰ੍ਹਾਂ ਦੇਖਣੀ ਚਾਹੀਦੀ ਹੈ । ਹੁੰਦਾ ਇਹ ਹੈ ਕਿ ਚੰਦ ਸਰਮਾਏਦਾਰ ਲਾਟੂ ਬਣ ਕੇ ਅਗੇ ਆ ਜਾਂਦੇ ਹਨ ਕਦੇ ਇਧਰ ਤੇ ਕਦੇ ਉਧਰ । ਉਨ੍ਹਾਂ ਨੇ ਦੋ ਪਗੜੀਆਂ ਰੱਖੀਆਂ ਹੁੰਦੀਆਂ ਹਨ ਇਕ ਕਾਲੀ ਤੇ ਇਕ ਚਿੱਟੀ । ਉਹੀ ਚੰਦ ਆਦਮੀ ਇਧਰੋਂ ਉਧਰ ਤੇ ਉਧਰੋਂ ਇਧਰ ਆਉਂਦੇ ਜਾਂਦੇ ਰਹਿੰਦੇ ਹਨ । ਹੁੰਦੇ ਉਹੀ ਨੇ । ਗਲ ਉਹੀ ਰਹਿੰਦੀ ਹੈ । ਇਧਰ ਉਧਰ ਆਉਂਦੇ ਜਾਂਦੇ ਰਹਿੰਦੇ ਹਨ । ਹੁੰਦੇ ਉਹੀ ਹਨ । ਗੱਲ ਉਹੀ ਰਹਿੰਦੀ ਹੈ । ਇਹ ਸਬਜੈਕਟ ਅਜਿਹਾ ਹੈ ਕਿ ਜਿਸ ਤੇ ਬਹਿਸ ਵਿਚ ਅਗਰ ਕੋਈ ਹਿੱਸਾ ਨਾ ਪਾਇਆ ਜਾਵੇ ਤਾਂ ਠੀਕ ਨਹੀਂ ਲਗਦਾ ਇਸ ਸੈਸ਼ਨ ਵਿਚ ਮੈਂ ਸਿਵਾਏ ਮਾਤਮੀ ਰੈਜ਼ੋਲਿਊਸ਼ਨ ਦੇ ਹੋਰ ਕਿਸੇ ਗੱਲ ਤੇ ਨਹੀਂ ਕੁਝ ਕਿਹਾ । ਇਹ ਜੋ ਮੌਜੂਦਾ ਰੈਜ਼ੋਲਿਊਸ਼ਨ ਸਾਡੇ ਸਾਹਮਣੇ ਹੈ ਇਸ ਵਿਚ ਬੁਨਿਆਦੀ ਗੱਲ ਨਹੀਂ ਕਹੀ ਗਈ । ਅਸਲ ਗੱਲ ਇਹ ਹੈ ਕਿ ਬੁਨਿਆਦੀ ਢਾਂਚੇ ਨੂੰ ਬਦਲਣ ਦੀ ਲੋੜ ਹੈ । ਉਸ ਤੋਂ ਬਿਨਾਂ ਕੰਮ ਨਹੀਂ ਬਣਨਾ । ਇਸ ਲਈ ਸੋਸ਼ਲਿਜ਼ਮ ਦੇ ਨਾਅਰਿਆਂ ਦੀ ਲੋੜ ਨਹੀਂ, ਲੋੜ ਅਮਲ ਦੀ ਹੈ । ਸੋਚ ਦੀ ਲੋੜ ਨਹੀਂ ।

ਅਮਲ ਔਰ ਸੋਚ ਮੇਂ ਹੈ ਫਰਕ ਕਿਤਨਾ
ਕਿਨਾਰਾ ਚੁਪ ਹੈ ਔਰ ਦਰਿਆ ਰਵਾਂ ਹੈ ।

ਅਮਲ ਅਤੇ ਸੋਚ ਵਿਚ ਬੜਾ ਫਰਕ ਹੈ । ਅਜ ਤਕ ਮੁਲਕ ਨੂੰ ਸੋਚ ਹੀ ਦਿਤੀ ਜਾਂਦੀ ਰਹੀ ਹੈ । 1948 ਵਿਚ ਅਗਰ ਕੋਈ ਕਹਿੰਦਾ ਸੀ ਕਿ ਸੋਸ਼ਲਿਜ਼ਮ ਨਾਲ ਦੇਸ਼ ਦਾ ਭਲਾ ਹੋਵੇਗਾ, ਆਪ ਉਦੋਂ ਦੇ ਅਖਬਾਰ ਕਢਾ ਕੇ ਦੇਖ ਲਉ, ਸਾਡੇ ਸਤਿਕਾਰਯੋਗ ਉਸ ਸਮੇਂ ਦੇ ਪਰਧਾਨ ਮੰਤਰੀ

[ਸਰਦਾਰ ਕਿਰਪਾਲ ਸਿੰਘ]

ਕਹਿੰਦੇ ਹੁੰਦੇ ਸੀ ਕਿ ਇਹ ਤਾਂ ਪੋਲੀਟੀਕਲੀ ਇਨਸਪਾਇਰਡ ਨਾਅਰੇ ਹਨ, ਜਨੂਨੀ ਕਿਸਮ ਦੇ ਲੋਕਾਂ ਵਲੋਂ ਲਗਾਏ ਜਾਂਦੇ ਹਨ, ਅਸੀਂ ਤਾਂ ਸੁਸਾਇਟੀ ਨੂੰ ਹੀ ਬਦਲਣਾ ਹੈ, ਇਹ ਸੋਸ਼ਲਿਜ਼ਮ ਦਾ ਨਾਅਰਾ ਤਾਂ ਬੈਰੂਨੀ ਇਮਪੋਰਟਿਡ ਨਾਅਰਾ ਹੈ, ਇਸ ਨਾਲ ਕੀ ਬਣੇਗਾ। ਇਸ ਤਰ੍ਹਾਂ ਸੋਚ ਤਾਂ ਅਸੀਂ ਬੜੀ ਦੇਰ ਤੋਂ ਲੋਕਾਂ ਨੂੰ ਦੇ ਰਹੇ ਹਾਂ ਪਰ ਅਜ ਅਮਲ ਦੀ ਲੋੜ ਹੈ। ਠੀਕ ਹੈ ਰੋਟੀ, ਕਪੜੇ ਅਤੇ ਮਕਾਨ ਦੀ ਜ਼ਰੂਰਤ ਸਭ ਨੂੰ ਹੈ ਅਤੇ ਇਸ ਦਾ ਪਰੋਵਾਈਡ ਕੀਤਾ ਜਾਣਾ ਜ਼ਰੂਰੀ ਹੈ, ਪਰ ਕੀ ਕੋਈ ਸਟੇਟ ਦੇ ਜ਼ਰਾਏ ਵਿਚ ਕੋਈ ਕੁਝ ਕਰ ਸਕਦਾ ਹੈ ? ਆਪ ਨੂੰ ਪਤਾ ਹੋਵੇਗਾ ਕਿ ਬੁਢ਼ਾਪੇ ਦੀ ਪੈਨਸ਼ਨ ਦੀ ਗੱਲ ਸੀ। ਸਟੇਟ ਸਰਕਾਰ ਨੇ ਇਸ ਲਈ ਇਸ ਵਾਰ 9 ਲੱਖ ਰੁਪਿਆ ਵਧ ਰਖਿਆ ਹੈ। ਮਗਰ ਇਸ ਸਿਲਸਿਲੇ ਵਿਚ ਜਿੰਨੀਆਂ ਅਰਜ਼ੀਆਂ ਪੈਂਡਿੰਗ ਪਈਆਂ ਹਨ ਉਨ੍ਹਾਂ ਲਈ ਵੀ 9 ਲੱਖ ਰੁਪਿਆ ਪੂਰਾ ਨਹੀਂ ਹੋਣਾ, ਨਵੀਆਂ ਅਰਜ਼ੀਆਂ ਦੀ ਤਾਂ ਗੱਲ ਹੀ ਛਡੋ।

ਇਸ ਵਾਸਤੇ ਇਨ੍ਹਾਂ ਲੋਕਾਂ ਲਈ ਕੋਈ ਸਕੀਮ ਬਨਾਉਣੀ ਜ਼ਰੂਰੀ ਹੈ। ਜਿਥੇ ਤਕ ਅਵਾਮ ਦਾ ਤੁਅਲਕ ਹੈ ਉਹ ਹੁਣ ਕਿਸੇ ਫਰੇਬ ਵਿਚ ਨਹੀਂ ਆ ਸਕਦੇ।

Mr. Chairman : Please wind up.

ਸਰਦਾਰ ਕਿਰਪਾਲ ਸਿੰਘ : ਬਸ ਜੀ ਮੈਂ ਵਾਇੰਡ ਅਪ ਹੀ ਕਰਨ ਲਗਾ ਹਾਂ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜਿਹੜਾ ਗੁਰੂ ਨਾਨਕ ਦੇਵ ਜੀ ਦਾ ਧਰਮ ਹੈ ਇਹ ਪੰਜਾਬ ਦਾ ਨਹੀਂ ਅਤੇ ਸਾਰੇ ਸੰਸਾਰ ਦਾ ਹੈ ਅਤੇ ਇਹ ਨਾਕਾਬਲੇ ਤਰਦੀਦ ਹੈ। ਇਸ ਦੇ ਨਾਮ ਲੇਵਾ ਦੇ ਹੱਥਾਂ ਵਿਚ ਅੱਜ ਦੀ ਮੌਜੂਦਾ ਸਰਕਾਰ ਹੈ ਇਸ ਲਈ ਇਨ੍ਹਾਂ ਨੂੰ ਉਨ੍ਹਾਂ ਦੇ ਅਸੂਲਾਂ ਤੇ ਚਲਣ ਦਾ ਯਤਨ ਕਰਨਾ ਚਾਹੀਦਾ ਹੈ। ਬਾਬਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸ਼ਰਾਬ ਪੇਸ਼ ਕੀਤੀ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਤਾਂ ਨਾਮ ਖੁਮਾਰੀ ਹੀ ਚਾਹੀਦੀ ਹੈ ਜਿਸ ਵਿਚ ਮੈਂ ਸਦਾ ਰਹਿੰਦਾ ਹਾਂ। ਪਰ ਇਸ ਸਰਕਾਰ ਨੇ ਜਿਹੜੀ ਕਿ ਉਨ੍ਹਾਂ ਦੇ ਅਸੂਲਾਂ ਦਾ ਜ਼ਿਕਰ ਕਰਦੀ ਹੈ ਮੈਖਾਨਿਆਂ ਦੀ ਪੰਜਾਬ ਵਿਚ ਭਰਮਾਰ ਕਰ ਦਿਤੀ ਹੈ।

ਇਥੇ ਤੁੜ ਸਾਹਿਬ ਵੀ ਬੈਠੇ ਹਨ ਜਿਹੜੇ ਕਿ ਆਪ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਰਹੇ ਹਨ ਅਤੇ ਬਾਕੀ ਵਜ਼ੀਰ ਵੀ ਬੈਠੇ ਹਨ। ਇਨ੍ਹਾਂ ਨੂੰ ਕਹਾਂਗਾ ਕਿ ਇਸ ਤਰ੍ਹਾਂ ਮੈਖਾਨਿਆਂ ਦੀ ਭਰਮਾਰ ਬੰਦ ਕਰ ਦਿੱਤੀ ਜਾਵੇ ਨਹੀਂ ਤਾਂ ਸੂਫੀਆਂ ਨੂੰ ਕਹਿਣਾ ਪਏਗਾ ਕਿ ਉਹ ਆਪਣੇ ਇਮਾਨ ਵਿਚ ਹੀ ਇਸ ਤਰ੍ਹਾਂ ਦੀ ਐਡਜੈਸਟਮੈਂਟ ਕਰ ਲੈਣ ਤਾਂ ਕਿ ਮੈਖਾਨਿਆਂ ਦੇ ਦੌਰ ਵਿਚ ਰਹਿ ਸਕਣ। ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰਾਂਗਾ ਕਿ ਸਟੇਟ ਗੌਰਮੈਂਟ ਨੂੰ ਆਮਦਨ ਦੇ ਜ਼ਰਾਏ ਹੋਰ ਲਭ ਲੈਣੇ ਚਾਹੀਦੇ ਹਨ ਨਹੀਂ ਤਾਂ ਇਨ੍ਹਾਂ ਦੀ ਸਰਕਾਰ ਜਿਹੜੀ ਆਪਣੇ ਧਰਮ ਤੇ ਸਿਆਸਤ ਦਾ ਸਬੰਧ ਜਾਣਦੀ ਹੈ ਉਹ ਬਦਨਾਮ ਹੋ ਜਾਵੇਗੀ। ਇਹ ਜਿਹੜੇ ਆਪਣੇ ਆਪ ਨੂੰ ਖਾਲਸਾ ਰਾਜ ਦੇ ਉਤਰ ਅਧਿਕਾਰੀ ਸਮਝਦੇ ਹਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੱਲਾਂ ਦਾ ਜ਼ਿਕਰ ਕਰਦੇ ਹਨ, ਉਨ੍ਹਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ, ਨਹੀਂ ਤਾਂ ਤੁਹਾਡੇ ਮੁਖਾਲਿਫ ਬੈਠੇ ਸਿਖਾਂ ਨੂੰ ਵੀ ਹਾਨੀ ਹੋਵੇਗੀ। ਤੁਸੀਂ ਧਰਮ ਦਾ ਨਾਮ ਇਸਤੇਮਾਲ ਕਰਦੇ ਹੋ, ਇਸ ਲਈ ਤੁਹਾਨੂੰ ਇਸ ਪਾਸੇ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਮੈਂ ਅੰਤ ਵਿਚ ਇਹ ਕਹਾਂਗਾ ਕਿ ਤੁਸੀਂ ਇਸ ਰੈਜ਼ੂਲਿਊਸ਼ਨ ਵਲ ਧਿਆਨ ਦਿਓ ਅਤੇ ਆਪਣੀ ਸਟੇਟ ਦੇ ਜ਼ਰਾਏ ਸਾਹਮਣੇ ਰਖ ਕੇ ਜਿੰਨਾ ਅਤੇ ਜਿਥੇ ਤਕ ਕਰ ਸਕੋ, ਕਰੋ। ਇਹੀ ਇਕ ਸਹੀ ਕਦਮ ਹੋਵੇਗਾ ਸੋਸ਼ਲਿਜ਼ਮ ਲਿਆਣ ਵਲ। ਆਪ ਦਾ ਧੰਨਵਾਦ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ) : ਚੇਅਰਮੈਨ ਸਾਹਿਬ, ਮੈਂ ਇਸ ਮਤੇ ਦੀ ਤਾਈਦ ਕਰਨ ਲਈ ਖੜ੍ਹਾ ਹੋਇਆ ਹਾਂ । ਮੇਰੇ ਤੋਂ ਪਹਿਲਾਂ ਬੋਲਣ ਵਾਲਿਆਂ ਨੇ ਵਖ ਵਖ ਵਿਚਾਰ ਕਈ ਪਾਸਿਆਂ ਤੋਂ ਦਿਤੇ ਹਨ ਮੈਂ ਉਨ੍ਹਾਂ ਨੂੰ ਦੁਹਰਾਣਾ ਨਹੀਂ ਚਾਹੁੰਦਾ । ਪਰ ਕੁਝ ਜ਼ਰੂਰੀ ਗੱਲਾਂ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਣਾ ਚਾਹੁੰਦਾ ਹਾਂ । ਇਹ ਦਰੁਸਤ ਹੈ ਕਿ ਰੋਟੀ, ਕਪੜਾ, ਮਕਾਨ, ਸਿਹਤ ਅਤੇ ਵਿਦਿਆ ਆਦਿ ਗੱਲਾਂ ਦਾ ਮੁਲਕ ਨਾਲ ਸਬੰਧ ਹੈ ਅਤੇ ਮੁਲਕ ਦੀ ਸਰਕਾਰ ਨਾਲ ਹੈ । ਮੇਰੇ ਤੋਂ ਪਹਿਲਾਂ ਬੋਲਣ ਵਾਲਿਆਂ ਨੇ ਦੱਸਿਆ ਹੈ ਕਿ ਇਸ ਮੁਲਕ ਦੀ ਸਰਕਾਰ ਇਨ੍ਹਾਂ ਗੱਲਾਂ ਨੂੰ ਲੋਕਾਂ ਤਕ ਪਹੁੰਚਾਣ ਵਿਚ ਫੇਲ੍ਹ ਹੋਈ ਹੈ। ਇਹ ਮੈਂ ਨਹੀਂ ਬੋਲ ਰਿਹਾ ਇਸ ਦੇ ਬਾਰੇ ਵਿਚ ਜਿਹੜਾ ਅਜਾਰਾਦਾਰੀ ਕਮਿਸ਼ਨ ਬੈਠਾ ਸੀ ਉਸ ਦੀ ਰਿਪੋਰਟ ਵਿਚ ਵੀ ਇਸ ਗੱਲ ਦਾ ਜ਼ਿਕਰ ਆਇਆ ਹੈ । ਉਸ ਵਿਚ ਇਹ ਕਿਹਾ ਗਿਆ ਸੀ ਕਿ ਦੇਸ਼ ਦੀ ਅਧੇ ਤੋਂ ਵਧ ਦੌਲਤ ਦੇਸ਼ ਦੇ 75 ਘਰਾਣਿਆਂ ਪਾਸ ਚਲੀ ਗਈ ਹੈ । ਸਾਡੇ ਵਿਧਾਨ ਵਿਚ ਵੀ ਇਹ ਗੱਲ ਹੈ ਕਿ ਮੁਲਕ ਦੀ ਦੌਲਤ ਕੁਝ ਹੱਥਾਂ ਵਿਚ ਇਕੱਠੀ ਹੋ ਜਾਵੇ ਤਾਂ ਮੁਲਕ ਤਰੱਕੀ ਨਹੀਂ ਕਰ ਸਕਦਾ ਅਤੇ ਇਹ ਜ਼ਰੂਰੀ ਹੈ ਕਿ ਇਸ ਦੌਲਤ ਦੀ ਦਰੁਸਤ ਵੰਡ ਕੀਤੀ ਜਾਵੇ । ਰੋਟੀ, ਕਪੜਾ, ਮਕਾਨ, ਸਿਹਤ ਅਤੇ ਵਿਦਿਆ ਸਾਰਿਆਂ ਨੂੰ ਮਿਲ ਸਕੇ । ਮੇਰੇ ਤੋਂ ਪਹਿਲਾਂ ਕਾਂਗਰਸੀ ਬੈਂਚਾਂ ਤੋਂ ਬੋਲਣ ਵਾਲੇ ਇਕ ਮੈਂਬਰ ਸਾਹਿਬ ਨੇ ਕਿਹਾ ਸੀ ਕਿ ਇਸ ਗੱਲ ਦਾ ਸਿਆਸਤ ਨਾਲ ਤੁਅਲਕ ਨਹੀਂ, ਪਰ ਜਿੰਨਾ ਚਿਰ ਮੁਲਕ ਦਾ ਢਾਂਚਾ ਇਸ ਤਰ੍ਹਾਂ ਦਾ ਨਹੀ ਕੀਤਾ ਜਾਂਦਾ ਲੋਕਾਂ ਨੂੰ ਰੋਟੀ ਕਪੜਾ ਮਕਾਨ ਆਦਿ ਦੀਆਂ ਸਹੂਲਤਾਂ ਬਿਨਾਂ ਵਿਤਕਰੇ ਦੇ ਨਹੀਂ ਦਿਤੀਆਂ ਜਾ ਸਕਦੀਆਂ । (ਵਿਘਨ) ਜਿਸ ਤਰ੍ਹਾਂ ਦਾ ਮੌਜੂਦਾ ਢਾਂਚਾ ਹੈ ਇਸ ਨਾਲ ਆਮ ਗਰੀਬਾਂ ਨੂੰ ਕੋਈ ਫਾਇਦਾ ਨਹੀਂ ਹੋ ਸਕਦਾ । ਮੈਨੂੰ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਵੀਹ ਸਾਲਾਂ ਵਿਚ ਜਿਹੜਾ ਸਿਆਸੀ ਢਾਂਚਾ ਇਸ ਦੇਸ਼ ਵਿਚ ਰਿਹਾ ਹੈ ਉਸ ਨਾਲ ਗਰੀਬ ਦਾ ਕੁਝ ਵੀ ਨਹੀਂ ਸੰਵਰ ਸਕਿਆ । (ਪ੍ਰਸ਼ੰਸਾ) ਇਕ ਗਲ ਸਰਦਾਰ ਕਿਰਪਾਲ ਸਿੰਘ ਹੋਰਾਂ ਕਹੀ ਕਿ ਅਗੇ ਨੂੰ ਇਸ ਪਾਸੇ ਧਿਆਨ ਆਪਣੇ ਜ਼ਰਾਏ ਸਾਹਮਣੇ ਰਖ ਕੇ ਦੇਈਏ । ਇਹ ਗੱਲ ਦਰੁਸਤ ਨਹੀਂ ਕਿ ਇਹ ਹੋ ਹੀ ਨਹੀਂ ਸਕਦਾ ।

ਇਹ ਠੀਕ ਹੈ ਕਿ ਕੁਝ ਮਸਲੇ ਅਜਿਹੇ ਹਨ, ਜਿਨ੍ਹਾਂ ਦਾ ਸਬੰਧ ਸੈਂਟਰ ਦੀ ਸਰਕਾਰ ਨਾਲ ਹੈ ਅਤੇ ਜਿਨ੍ਹਾਂ ਦੀ ਲੋੜ ਹੈ ਇਨ੍ਹਾਂ ਕੰਮਾਂ ਦੀ ਪੂਰਤੀ ਲਈ । ਮੇਰਾ ਭਾਵ ਵੱਡੀ ਇੰਡਸਟਰੀ ਤੋਂ ਹੈ । ਸੈਂਟਰ ਨੇ ਪੰਜਾਬ ਦੀ ਇਸ ਮੰਗ ਨੂੰ ਨਜ਼ਰ ਅੰਦਾਜ਼ ਕਰ ਦਿਤਾ ਹੈ ਕਿ ਪੰਜਾਬ ਵਿਚ ਹੈਵੀ ਇੰਡਸਟਰੀ ਕਾਇਮ ਕੀਤੀ ਜਾਵੇ । ਜਦ ਤਕ ਇਹ ਇੰਡਸਟਰੀ ਕਾਇਮ ਨਹੀਂ ਕੀਤੀ ਜਾਂਦੀ ਸੂਬੇ ਦੀ ਤਰੱਕੀ ਨਹੀਂ ਹੋ ਸਕਦੀ । ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਬਜਟ ਵਿਚ ਸਰਦਾਰ ਬਲਵੰਤ ਸਿੰਘ, ਵਿੱਤ ਮੰਤਰੀ, ਨੇ ਇਹ ਗੱਲ ਕਹੀ ਕਿ ਅਸੀਂ ਸੋਸ਼ਲਿਸਟਿਕ ਪੈਟਰਨ ਤੇ ਜਾਣਾ ਚਾਹੁੰਦੇ ਹਾਂ ਅਤੇ ਸਾਡਾ ਇਕ ਅਗਾਂਹ ਵਧੂ ਸੂਬਾ ਹੈ ਪਰ ਇਸ ਬਾਰੇ ਅਮਲੀ ਕਦਮ ਨਹੀਂ ਚੁਕੇ ਗਏ । ਇਸ ਬਜਟ ਵਿਚ ਤਿੰਨ ਅਰਬ ਤੋਂ ਵੀ ਵਧ ਖਰਚ ਜੋ ਕੀਤਾ ਜਾ ਰਿਹਾ ਹੈ ਇਸ ਦਾ ਰੁਖ ਮੋੜਿਆ ਜਾ ਸਕਦਾ ਹੈ । ਇਸ ਦੇ ਬਾਰੇ ਵਿਚ ਸਰਦਾਰ ਕਿਰਪਾਲ ਸਿੰਘ ਹੋਰਾਂ ਜ਼ਿਕਰ ਕੀਤਾ ਹੈ ਕਿ ਸ਼ਰਾਬ ਦੇ ਸੋਮਿਆਂ ਦੀ ਭਰਮਾਰ ਹੈ ਪਰ ਦੂਜੇ ਪਾਸੇ ਸਰਦਾਰ ਬਲਵੰਤ ਸਿੰਘ ਨੇ ਇਹ ਕਿਹਾ ਕਿ ਸਾਡੇ ਪਾਸ ਜ਼ਰਾਏ ਨਹੀਂ ਕਿ ਅਸੀਂ ਛੋਟੇ ਮੁਲਾਜ਼ਮਾਂ ਦੀ ਮੰਗ ਨੂੰ ਮੰਨ ਲਈਏ । ਕਿਉਂਕਿ ਇਹ ਖਰਚ ਬਚਾ ਕੇ ਦੇਸ਼ ਦੀ ਤਰੱਕੀ ਵਲ ਲਗਾਇਆ ਜਾ ਰਿਹਾ ਹੈ । ਮੈਂ ਉਨ੍ਹਾਂ ਦੀ

[ਕਾਮਰੇਡ ਕੁਲਵੰਤ ਸਿੰਘ]

ਇਸ ਗਲ ਨੂੰ ਚੈਲੰਜ ਕਰਦਾ ਹਾਂ ਜਿਹੜਾ ਕਿ ਉਨ੍ਹਾਂ ਨੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਬਾਰੇ ਵਿਚ ਫਿਗਰਜ਼ ਦਿਤੀਆਂ ਹਨ । ਮੈਂ ਤਾਂ ਇਹ ਕਹਾਂਗਾ ਕਿ ਉਨ੍ਹਾਂ ਨੇ ਗਲਤ ਇਸ ਹਾਊਸ ਵਿਚ ਦੱਸਿਆ ਹੈ । ਕਈ ਅਜੇਹੇ ਸੂਬੇ ਹਨ ਜਿਨ੍ਹਾਂ ਵਿਚ ਮੁਲਾਜ਼ਮਾਂ ਦੀਆਂ ਤਨਖਾਹਾਂ ਪੰਜਾਬ ਨਾਲੋਂ ਕਿਤੇ ਵਧ ਹਨ । (ਪ੍ਰਸ਼ੰਸਾ) ਉਨ੍ਹਾਂ ਦੇ ਟੋਟਲ ਅਮਾਲੂਮੈਂਟਸ ਵਧ ਹਨ । ਮੈਂ ਉਨ੍ਹਾਂ ਦੀ ਤਫ਼ਸੀਲ ਵਿਚ ਨਹੀਂ ਜਾਣਾ ਚਾਹੁੰਦਾ । ਪੰਜਾਬ ਦੀ ਸਰਕਾਰ ਜਿਹੜਾ ਕਹਿੰਦੀ ਹੈ ਕਿ ਪੈਸਾ ਨਹੀਂ ਹੈ । 6 ਕਰੋੜ ਇਸ ਕੰਮ ਲਈ ਦਿਤਾ ਨਹੀਂ ਜਾ ਸਕਦਾ ਇਹ ਠੀਕ ਨਹੀਂ ਅਤੇ ਇਹ ਜਿਹੜੀ ਇਨਟੈਰਿਮ ਰੀਲੀਫ ਦੇਣ ਵਿਚ ਫੇਲ ਹੋਈ ਹੈ ।......(ਵਿਘਨ)

ਸ੍ਰੀ ਸਭਾਪਤੀ : ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ । (I would request the hon. Member to confine himself to the Resolution.)

ਕਾਮਰੇਡ ਕੁਲਵੰਤ ਸਿੰਘ : ਮੈਂ ਤਾਂ ਇਸੇ ਮਸਲੇ ਤੇ ਹੀ ਬੋਲ ਰਿਹਾ ਹਾਂ । ਰੋਟੀ ਦਾ ਮਸਲਾ ਅਹਿਮ ਮਸਲਾ ਹੈ ਸਰਕਾਰੀ ਮੁਲਾਜ਼ਮਾਂ ਨੂੰ ਇਹ ਨਹੀਂ ਦਿਤੀ ਜਾ ਰਹੀ । ਉਨ੍ਹਾਂ ਤੇ ਅਤਿਆਚਾਰ ਕੀਤੇ ਜਾ ਰਹੇ ਹਨ, ਘਰਾਂ ਵਿਚੋਂ ਫੜ ਫੜ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁਟਿਆ ਜਾ ਰਿਹਾ ਹੈ । ਅੱਜ ਹੜਤਾਲ ਬੰਦ ਹੋਈ ਨੂੰ ਕਈ ਦਿਨ ਹੋ ਗਏ ਹਨ ਪਰ ਇਹ ਜ਼ੁਲਮ ਅਜ ਤਕ ਜਾਰੀ ਹੈ । ਇਹ ਕਹਿੰਦੇ ਫਿਰਦੇ ਹਨ ਕਿ ਇਨ੍ਹਾਂ ਨੂੰ ਖਤਮ ਕਰ ਦਿਤਾ ਜਾਵੇ ਅਤੇ ਜਿਹੜੇ ਟੈਂਪਰੇਰੀ ਹਨ ਉਨ੍ਹਾਂ ਨੂੰ ਨੋਟਿਸ ਦੇ ਕੇ ਨੌਕਰੀਆਂ ਤੋਂ ਅਲਗ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਦਸ, ਦਸ ਸਾਲ ਦੀ ਸਰਵਿਸ ਨੂੰ ਖਤਮ ਕੀਤਾ ਜਾ ਰਿਹਾ ਹੈ ।......(ਵਿਘਨ)

ਸ੍ਰੀ ਸਭਾਪਤੀ : ਇਸ ਲਈ ਵੱਖਰਾ ਟਾਇਮ ਮੁਕੱਰਰ ਕੀਤਾ ਗਿਆ ਹੈ ਉਥੇ ਇਹ ਗੱਲਾਂ ਡਿਸਕਸ ਕਰ ਲੈਣਾ । (Separate time has been allocated to discuss this matter. Please be relevant.)

ਕਾਮਰੇਡ ਕੁਲਵੰਤ ਸਿੰਘ : ਮੈਂ ਤਾਂ ਰੈਜ਼ੋਲਿਊਸ਼ਨ ਤੇ ਹੀ ਬੋਲ ਰਿਹਾ ਹਾਂ ਕਿ ਕਪੜਾ ਅਤੇ ਰੋਟੀ ਮੁਲਾਜ਼ਮਾਂ ਨੂੰ ਨਹੀਂ ਦਿਤੀ ਜਾਂਦੀ । ਮੁਲਾਜ਼ਮਾਂ ਦੀ ਅੱਜ ਕੀ ਮੰਗ ਹੈ ? ਇਹੋ ਹੀ ਕਿ ਰੋਟੀ ਕਪੜਾ ਦਿਤਾ ਜਾਵੇ ਅਤੇ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਇੰਤਜ਼ਾਮ ਕੀਤਾ ਜਾਵੇ । ਪੰਜਾਬ ਦੀ ਸਰਕਾਰ ਉਨ੍ਹਾਂ ਨਾਲ ਧੱਕਾ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਇੰਟੈਰਿਮ ਰਿਲੀਫ ਨਹੀਂ ਦੇ ਰਹੀ। ਇਹ ਜਿਹੜਾ 6 ਕਰੋੜ ਦਾ ਖਰਚ ਇਸ ਕੰਮ ਲਈ ਦੱਸਿਆ ਜਾਂਦਾ ਹੈ ਕਿ ਹੋਣਾ ਹੈ ਇਹ ਤਾਂ ਇਕ ਬਹਾਨਾ ਹੈ। ਜੇਕਰ ਇਹ ਆਪਣੇ ਹੋਰਨਾਂ ਰਿਸੋਰਸਿਜ਼ ਨੂੰ ਸੰਭਾਲਣ ਅਤੇ ਬਾਕੀ ਪਾਸਿਆਂ ਤੋਂ ਬੱਚਤ ਕਰਨ ਤਾਂ ਇਹ 6 ਕਰੋੜ ਦਾ ਘਾਟਾ ਪੂਰਾ ਹੋ ਸਕਦਾ ਹੈ । ਇਥੇ ਸਰਕਾਰੀ ਮੁਲਾਜ਼ਮਾਂ ਨੂੰ ਕੁਚਲਣ ਲਈ ਕੁਝ ਮੈਂਬਰਾਂ ਵਲੋਂ ਅਕਲ ਦਸੀ ਜਾਂਦੀ ਹੈ ਕਿ ਇਸ ਤਰ੍ਹਾਂ ਸਖ਼ਤੀ ਕੀਤੀ ਜਾਵੇ । ਪਰ ਮੈਂ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਮੁਲਾਜ਼ਮ ਹੜਤਾਲ ਕਰਨੋਂ ਨਹੀਂ ਰੁਕ ਸਕਦੇ ਇਹ ਉਨ੍ਹਾਂ ਦਾ ਬੁਨਿਆਦੀ ਹੱਕ ਹੈ । ਅੱਜ ਜਿਹੜੇ ਸਰਕਾਰੀ ਬੈਂਚਾਂ ਤੇ ਹਨ ਇਨ੍ਹਾਂ ਵੀ ਹੜਤਾਲਾਂ ਕੀਤੀਆਂ ਹਨ ਅਤੇ ਇਸ ਸਰਕਾਰ ਨੂੰ ਇਹ ਵੀ ਪਤਾ ਹੈ ਕਿ ਹੜਤਾਲ ਕੋਈ ਵੀ ਫੇਲ੍ਹ ਨਹੀਂ ਹੋਈ ਅਤੇ ਜਿਹੜੀ ਮੰਗ ਹੁੰਦੀ ਹੈ ਉਹ ਲੈ ਕੇ ਛੱਡੀ ਜਾਂਦੀ

ਹੈ ਅਤੇ ਦਿਤੀ ਗਈ ਹੈ। ਇਸ ਲਈ, ਸਰਕਾਰੀ ਮੁਲਾਜ਼ਮਾਂ ਦੀ ਮੰਗ ਨੂੰ ਮੰਨ ਲੈਣਾ ਚਾਹੀਦਾ ਹੈ । ਇਹ ਜਿਹੜਾ ਇਸ ਸਬੰਧ ਵਿਚ 6 ਕਰੋੜ ਦਾ ਖਰਚ ਦਸਦੇ ਹਨ ਇਹ ਇਕ ਥੋਥਾ ਬਹਾਨਾ ਹੈ ।

ਇਸ ਦੇ ਨਾਲ ਹੀ ਮੈਂ ਇਹ ਕਹਾਂਗਾ ਕਿ ਪੰਜਾਬ ਸਰਕਾਰ ਸੈਂਟਰ ਦੀ ਸਰਕਾਰ ਤੇ ਜ਼ੋਰ ਦੇਵੇ ਤਾਕਿ ਹੈਵੀ ਇੰਡਸਟਰੀ ਇਥੇ ਆਵੇ ਅਤੇ ਪੰਜਾਬ ਦੀ ਬਿਹਤਰੀ ਹੋ ਸਕੇ । ਜਿਥੇ ਤਕ ਜ਼ਮੀਨ ਦਾ ਮਸਲਾ ਹੈ ਜਿਹੜੀ ਦਰਿਆ ਦੇ ਕੰਢੇ ਜਾਂ ਹੋਰ ਕਾਗਜ਼ਾਂ ਵਿਚ ਇਧਰ ਉਧਰ ਪਈ ਹੈ ਇਹ ਕੋਈ ਦੋ ਲੱਖ ਏਕੜ ਦੇ ਕਰੀਬ ਹੈ ਜਿਸ ਦੇ ਬਾਰੇ ਵਿਚ ਫੈਸਲਾ ਕੀਤਾ ਗਿਆ ਕਿ ਹਰੀਜਨਾਂ ਨੂੰ ਨੀਲਾਮ ਕੀਤੀ ਜਾਵੇਗੀ। ਮੈਂ ਇਸ ਦੀ ਵਿਆਖਿਆ ਵਿਚ ਨਹੀਂ ਜਾਣਾ ਚਾਹੁੰਦਾ। ਕਈਆਂ ਤੇ ਰਿਫਿਊਜੀ 59 ਤੋਂ ਬੈਠੇ ਹਨ । ਇਸ ਵਿਚੋਂ ਕੇਵਲ 6000 ਏਕੜ ਹੀ ਸਰਕਾਰ ਨੀਲਾਮ ਕਰ ਸਕੀ ਹੈ ਅਤੇ ਇਹ ਵੀ ਵਾਹੀ ਨਹੀਂ ਗਈ। ਪਤਾ ਨਹੀਂ ਕੀ ਹੋਵੇ ਅਤੇ ਉਠਣਾ ਨਾ ਪਏ, ਇਸ ਖਿਆਲ ਨਾਲ ਇਹ ਵਾਹੀ ਨਹੀਂ ਗਈ । ਜੇਕਰ ਇਸ ਨੂੰ ਪਹਿਲਾਂ ਵੰਡ ਦਿਤਾ ਜਾਂਦਾ ਤਾਂ ਕਈ ਹਜ਼ਾਰ ਆਦਮੀਆਂ ਨੂੰ ਰੋਟੀ ਮਿਲ ਜਾਂਦੀ, ਰੁਜ਼ਗਾਰ ਮਿਲ ਜਾਂਦਾ, ਰੋਟੀ ਕੱਪੜਾ ਮਿਲ ਜਾਂਦਾ।

ਚੇਅਰਮੈਨ ਸਾਹਿਬ, ਮੈਂ ਜਿਹੜੀ ਅਗਲੀ ਗੱਲ ਤੁਹਾਡੇ ਕੋਲ ਦੱਸਣੀ ਹੈ, ਉਹ ਇਹ ਹੈ, ਇਹ ਗੱਲ ਸਰਦਾਰ ਕਿਰਪਾਲ ਸਿੰਘ ਨੇ ਵੀ ਕਹੀ ਸੀ ਕਿ ਏਥੇ ਦੀ ਸਰਕਾਰ ਤਾਂ ਲੈਂਡ ਲਾਰਡਾਂ ਦੀ ਸਰਕਾਰ ਹੈ । ਇਹ ਸਿਰਫ ਇਨ੍ਹਾਂ ਲੋਕਾਂ ਦੇ ਹੱਕਾਂ ਦੀ ਹੀ ਰਾਖੀ ਕਰਦੀ ਹੈ । ਇਹੋ ਮੇਰਾ ਖਿਆਲ ਹੈ। ਇਥੇ ਸਰਦਾਰ ਗੁਰਮੀਤ ਸਿੰਘ ਹੋਰਾਂ ਨੇ ਦਸਿਆ ਸੀ ਕਿ ਏਥੇ ਲੈਂਡ ਰੀਫਾਰਮ ਦੀ ਲੋੜ ਨਹੀਂ ਕਿਉਂਕਿ ਸਾਰਿਆਂ ਤੋਂ ਸਰਪਲਸ ਜ਼ਮੀਨ ਲੈ ਲਈ ਹੈ ਅਤੇ ਇਥੇ ਤਾਂ ਸਿਰਫ ਜਿਸ ਦੇ ਕੋਲ ਹੈ ਤਾਂ ਉਹ 30 ਸਟੈਂਡਰਡ ਏਕੜ ਤੋਂ ਵਧ ਨਹੀਂ ਹੈ । ਮੈਂ ਅੱਗੇ ਵੀ ਗੱਲ ਕੀਤੀ ਸੀ, ਅੱਜ ਵੀ ਤੁਹਾਡੇ ਰਾਹੀਂ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਦੇ ਆਪਣੇ ਕਹਿਣ ਦੇ ਮੁਤਾਬਿਕ ਇਹ ਸਾਰੀ 1,75,000 ਏਕੜ ਜ਼ਮੀਨ ਸੀ, ਜਿਸ ਦੇ ਵਿਚੋਂ ਕੁਝ ਵੰਡੀ ਜਾ ਚੁਕੀ ਹੈ । ਹੁਣ ਇਹ ਕੋਈ 60-62 ਹਜ਼ਾਰ ਏਕੜ ਦੇ ਕਰੀਬ ਹੈ । ਜੇ ਇਹ ਗਰੀਬਾਂ ਨੂੰ ਦੇ ਦਿੱਤੀ ਜਾਵੇ ਤਾਂ ਇਸ ਨਾਲ ਮੁਜ਼ਾਰਿਆਂ ਦਾ ਗਰੀਬ ਲੋਕਾਂ ਲਈ ਰੋਟੀ ਦਾ ਅਤੇ ਰੁਜ਼ਗਾਰ ਦਾ ਮਸਲਾ ਹੱਲ ਹੋ ਜਾਵੇਗਾ । ਪਰ ਪੰਜਾਬ ਸਰਕਾਰ ਬਹਾਨੇ ਬਣਾਉਂਦੀ ਹੈ ਕਿ ਇਨ੍ਹਾਂ ਪਾਸ ਕੋਈ ਸਰਪਲਸ ਜ਼ਮੀਨ ਹੈ ਨਹੀਂ । ਜੇ ਹੈ ਤਾਂ ਉਹ ਇਨ੍ਹਾਂ ਦੇ ਆਪਣੇ ਲੋਕਾਂ ਨੇ ਦੱਬੀ ਹੋਈ ਹੈ । ਜਦੋਂ ਕਾਨੂੰਨ ਦੇ ਮੁਤਾਬਿਕ ਇਕ ਟੁਕੜਾ ਸਰਪਲਸ ਕਰਾਰ ਦੇ ਦਿੱਤਾ ਜਾਂਦਾ ਹੈ ਤਾਂ ਕੀ ਵਜ੍ਹਾ ਹੈ ਉਹ ਸਰਕਾਰ ਦੇ ਹਵਾਲੇ ਨਹੀਂ ਹੁੰਦਾ । ਜੇ ਇਹ ਸਰਪਲਸ ਜ਼ਮੀਨ ਲੋਕਾਂ ਵਿਚ ਵੰਡੀ ਜਾਵੇ ਤਾਂ ਇਸ ਦੇ ਨਾਲ ਅਨਾਜ ਦੀ ਪੈਦਾਵਾਰ ਦੇ ਵਿਚ ਵਾਧਾ ਹੋਵੇ ਅਤੇ ਹਜ਼ਾਰਾਂ ਲੋਕਾਂ ਨੂੰ ਰੋਜ਼ਗਾਰ ਮਿਲੇ। ਮੈਂ ਆਪਦਾ ਧਿਆਨ ਸਰਕਾਰ ਦੇ ਟੈਕਸ ਲਗਾਉਣ ਦੇ ਤਰੀਕੇ ਵਲ ਦਿਵਾਉਣਾ ਚਾਹੁੰਦਾ ਹਾਂ । ਇਨ੍ਹਾਂ ਨੇ ਜਿਤਨੇ ਵੀ ਟੈਕਸ ਲਗਾਏ ਉਹ ਸਿਧੇ ਟੈਕਸ ਲਗਾਏ ਹਨ। ਇਸ ਤਰ੍ਹਾਂ ਇਨ੍ਹਾਂ ਨੇ ਗਰੀਬ ਲੋਕਾਂ ਤੋਂ ਰੁਪਿਆ ਲੁੱਟਣ ਦਾ ਇਕ ਨਵਾਂ ਤਰੀਕਾ ਇਖਤਿਆਰ ਕੀਤਾ ਹੈ। ਜਦੋਂ ਕਿਸੇ ਗਰੀਬ ਆਦਮੀ ਤੋਂ ਜੇਕਰ ਇਕ ਰੁਪਿਆ ਲੈ ਲਿਆ ਜਾਵੇ ਤਾਂ ਜ਼ਰੂਰੀ ਹੈ ਕਿ ਉਸ ਦੀ ਖਰੀਦ ਸ਼ਕਤੀ ਨੇ ਘਟਣਾ ਹੈ। ਜਿਸ ਤਰ੍ਹਾਂ ਪੰਜਾਬ ਦੀ ਸਰਕਾਰ ਨੇ ਸਿਧੇ ਟੈਕਸ ਲਗਾਏ ਹਨ ਉਸ ਦਾ ਨਤੀਜਾ ਇਹੋ ਹੋਣਾ ਹੈ ਕਿ ਗ਼ਰੀਬ ਦੀ ਖਰੀਦ ਸ਼ਕਤੀ ਘਟੇਗੀ ਉਹ ਹੋਰ ਗ਼ਰੀਬ ਹੋਵੇਗਾ ਅਤੇ ਅਮੀਰ ਹੋਰ ਅਮੀਰ ਹੋਣਗੇ। ਮੈਂ ਪੰਜਾਬ ਸਰਕਾਰ ਦਾ ਧਿਆਨ ਆਪਦੇ ਰਾਹੀਂ ਵੈਲਥ ਟੈਕਸ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਇਹ ਸੈਂਟਰ ਦੀ ਸਰਕਾਰ ਨੇ

[ਕਾਮਰੇਡ ਕੁਲਵੰਤ ਸਿੰਘ]

ਸੁਜੈਸਟ ਕੀਤਾ ਸੀ ਕਿ ਜਿਸ ਦੇ ਪਾਸ 2 ਢਾਈ ਲੱਖ ਰੁਪਿਆ ਹੋਵੇ 2-3 ਟਰੈਕਟਰਾਂ ਦਾ ਮਾਲਕ ਹੋਵੇ ਜੇਕਰ ਉਸ ਤੋਂ ਕੁਝ ਰਕਮ ਵੈਲਥ ਟੈਕਸ ਰਾਹੀਂ ਉਗਰਾਹ ਲਈ ਜਾਵੇ ਤਾਂ ਇਸ ਦੇ ਵਿਚ ਕੋਈ ਹਰਜ ਨਹੀਂ। ਇਹ ਰੁਪਿਆ ਪੰਜਾਬ ਦੀਂ ਡੀਵੈਲਪਮੈਂਟ ਤੇ ਲਾਇਆ ਜਾ ਸਕਦਾ ਹੈ। ਪਰ ਪੰਜਾਬ ਦੀ ਸਰਕਾਰ ਨੇ ਇਸ ਇਸ਼ੂ ਦੇ ਖਿਲਾਫ ਹਾਈਕੋਰਟ ਦੇ ਵਿਚ ਕੇਸ ਲੜਿਆ (ਸ਼ੇਮ-ਸ਼ੇਮ) ਟੈਕਸ ਮੁਆਫ ਕਰਵਾਇਆ। ਜਿਸ ਟੈਕਸ ਰਾਹੀਂ ਕਰੋੜਾਂ ਰੁਪਿਆ ਪੰਜਾਬ ਸਰਕਾਰ ਨੂੰ ਆਉਣਾ ਸੀ ਉਹ ਤਾਂ ਇਨ੍ਹਾਂ ਨੇ ਲਗਣ ਨਹੀਂ ਦਿੱਤਾ ਕਿਉਂ ਜੋ ਅਮੀਰ ਆਦਮੀਆਂ ਤੇ ਇਹ ਲਗਣਾ ਸੀ। ਪਰ ਇਹ ਆਮ ਆਦਮੀਆਂ ਦੀਆਂ ਜੇਬਾਂ ਕਟਣ ਲਗੇ ਹੋਏ ਹਨ, ਉਨ੍ਹਾਂ ਲੋਕਾਂ ਦੀਆਂ ਜਿਨ੍ਹਾਂ ਨੂੰ ਰੋਟੀ ਕਪੜਾ ਅਗੇ ਨਹੀਂ ਮਿਲਦਾ। ਜਿਥੇ ਸੈਂਟਰ ਦੀ ਸਰਕਾਰ ਕਹਿੰਦੀ ਹੈ ਲਾਓ ਉਥੇ ਇਨ੍ਹਾਂ ਦੀ ਨੀਤੀ ਬਦਲ ਜਾਂਦੀ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਟੈਕਸਾਂ ਦਾ ਭਾਰ ਗ਼ਰੀਬ ਆਦਮੀਆਂ ਤੋਂ ਘਟਾਕੇ ਅਮੀਰ ਲੋਕਾਂ ਤੇ ਪਾਉਣਾ ਚਾਹੀਦਾ ਹੈ।

ਅਖੀਰ ਵਿਚ ਇਕ ਗੱਲ ਮੈਂ ਤੁਹਾਡੇ ਕੋਲ ਦੱਸਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਇਥੇ ਪੜ੍ਹੇ ਲਿਖੇ ਲੋਕਾਂ ਨੂੰ ਜਿਹੜੇ ਕਿ ਬੇਰੁਜ਼ਗਾਰ ਹਨ ਅਲਾਊਂਸ ਦੇਣ ਬਾਰੇ ਬੜੀ ਦੇਰ ਤੋਂ ਗੱਲ ਚਲੀ ਆ ਰਹੀ ਹੈ। ਇਹ ਗੱਲ ਕਲ੍ਹ ਵੀ ਚਲੀ ਸੀ 250/- ਤੱਕ ਇਕ ਬੇਕਾਰ ਇੰਜੀਨੀਅਰ ਨੂੰ ਦਿੱਤਾ ਜਾਵੇਗਾ, ਪਰ ਇਹ ਨਿਰੀਆਂ ਫੋਕੀਆਂ ਗੱਲਾਂ ਹੀ ਬਣ ਕੇ ਰਹਿ ਗਈਆਂ ਹਨ, ਕਿਸੇ ਨੂੰ ਅਜੇ ਤੱਕ ਇਕ ਪੈਸਾ ਵੀ ਨਹੀਂ ਮਿਲਿਆ, ਪੜ੍ਹਿਆਂ ਲਿਖਿਆਂ ਦੀ ਧਾੜ ਪਈ ਫਿਰਦੀ ਹੈ। ਇਹ ਸਿਰਫ ਲੋਕਾਂ ਦਾ ਧਿਆਨ ਖਿਚਣ ਵਾਸਤੇ ਇਸ ਤਰ੍ਹਾਂ ਦੀਆਂ ਗੱਲਾਂ ਕਰ ਦੇਂਦੇ ਹਨ ਪਰ ਅਸਲ ਵਿਚ ਇਨ੍ਹਾਂ ਦਾ ਕਿਸੇ ਨੂੰ ਕੁਝ ਦੇਣ ਦਾ ਤਾਂ ਸਵਾਲ ਹੀ ਨਹੀਂ ਹੈ।

ਇਕ ਗੱਲ ਅਖੀਰਲੀ ਕਹਿਕੇ ਮੈਂ ਆਪਣੀ ਤਕਰੀਰ ਖਤਮ ਕਰਾਂਗਾ ਉਹ ਇਹ ਕਿ ਪਿਛੇ ਜਿਹੇ ਜਦੋਂ ਬਿਜਲੀ ਦੇ ਮਹਿਕਮੇ ਦੀ ਹੜਤਾਲ ਚਲੀ ਤਾਂ ਲੋਕ ਬਿਜਲੀ ਦੇ ਬਿਲ ਪੇ ਤੱਕ ਨਹੀਂ ਕਰ ਸਕੇ ਅਤੇ ਉਨ੍ਹਾਂ ਦੇ 5-4 ਦਿਨਾਂ ਦੇ ਬਾਅਦ ਹੀ ਕੁਨੈਕਸ਼ਨ ਕਟ ਦਿੱਤੇ ਗਏ, 5-7/- ਰੁਪਏ ਤੱਕ ਉਨ੍ਹਾਂ ਨੂੰ ਕੁਨੈਕਸ਼ਨ ਕਰਾਉਣ ਦਾ ਜੁਰਮਾਨਾ ਖਾਹ-ਮਖਾਹ ਹੋ ਗਿਆ। ਪਰ ਇਨ੍ਹਾਂ ਨੇ ਇਹ ਨਹੀਂ ਸੋਚਿਆ ਕਿ ਇਸ ਦੇ ਵਿਚ ਲੋਕਾਂ ਦਾ ਕੋਈ ਕਸੂਰ ਨਹੀਂ। ਜਦੋਂ ਉਥੇ ਕੋਈ ਬਿਲ ਲੈਣ ਵਾਲਾ ਹੈ ਹੀ ਨਹੀਂ ਤਾਂ ਬਿਲ ਦੇਣ ਵਾਲਿਆਂ ਦੀ ਤਾਂ ਮਜਬੂਰੀ ਹੀ ਸੀ। ਅਖੀਰ ਵਿਚ ਮੈਂ ਇਹੋ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਬਿਨਾਂ ਕਿਸੇ ਹੀਲੋ ਹੁਜਤ ਦੇ ਪਾਸ ਕਰ ਦਿੱਤਾ ਜਾਵੇ।

ਸ੍ਰੀ ਸਰਦਾਰੀ ਲਾਲ ਕਪੂਰ : ਆਨ ਏ ਪੁਆਇੰਟ ਆਫ ਆਰਡਰ ਸਰ, ਚੇਅਰਮੈਨ ਸਾਹਿਬ, ਮੈਂ ਬੜੇ ਅਦਬ ਨਾਲ ਅਰਜ਼ ਕਰਾਂਗਾ ਕਿ ਕਾਫੀ ਅਕਾਲੀ ਮੈਂਬਰ ਬੋਲ ਚੁੱਕੇ ਹਨ, ਤੁਸੀਂ ਭਾਵੇਂ ਟਰਨ ਵੀ ਵੇਖ ਲਓ ਹੁਣ ਸਾਡੀ ਪਾਰਟੀ ਦੇ ਮੈਂਬਰ ਨੂੰ ਬੁਲਾਉਣਾ ਚਾਹੀਦਾ ਹੈ।

ਸ੍ਰੀ ਸਭਾਪਤੀ : ਮੈਂ ਤੁਹਾਡੀ ਪਾਰਟੀ ਦਾ ਟਾਈਮ ਵੇਖ ਕੇ ਹੀ ਸ. ਪ੍ਰਤਾਪ ਸਿੰਘ ਨੂੰ ਕਾਲ ਅਪੌਨ ਕੀਤਾ ਹੈ। (I have called upon Sardar Partap Singh after taking into consideration the time to be taken by the members of your party.)

ਸ੍ਰੀ ਸਰਦਾਰੀ ਲਾਲ ਕਪੂਰ : ਅਸੀਂ ਸਮਝਦੇ ਹਾਂ। ਇਸ ਟਾਈਮ ਤੁਸੀਂ ਸਾਡੀ ਪਾਰਟੀ ਦੇ ਬੰਦੇ ਨੂੰ ਬੋਲਣ ਦਾ ਮੌਕਾ ਦਿਓ..... (ਸ਼ੋਰ)..... ਕੁਝ ਕਰੋ ਸਾਡੀ ਪਾਰਟੀ ਦੇ ਬੰਦਿਆਂ

ਨੂੰ ਬੋਲਣ ਦਿਓ ਭਾਵੇਂ ਹਾਊਸ ਦਾ ਟਾਈਮ ਹੋਰ ਵਧਾ ਲਉ । ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਚੇਅਰਮੈਨ ਸਾਹਿਬ, ਸਾਡੀ ਪਾਰਟੀ ਦਾ ਕੋਈ ਬੰਦਾ ਨਹੀਂ ਬੋਲਿਆ । ਮੈਂ ਬਾਰ ਬਾਰ ਉਠਦਾ ਰਿਹਾ ਹਾਂ ਤੁਸੀਂ ਸਾਡੀ ਪਾਰਟੀ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ।

ਸ੍ਰੀ ਸਭਾਪਤੀ : ਤੁਸੀਂ ਤਸ਼ਰੀਫ ਰਖੋ, ਤੁਹਾਨੂੰ ਭੀ ਮੌਕਾ ਦਿੱਤਾ ਜਾਵੇਗਾ । (The Hon'ble Member may please resume his seat. He will also be given time.)

ਸਰਦਾਰ ਪਰਤਾਪ ਸਿੰਘ(ਕੁਮ ਕਲਾਂ) ਕਾਦੀਆਂ: ਸਪੀਕਰ ਸਾਹਿਬ, ਇਹ ਰੇਜ਼ੋਲੀਊਸ਼ਨ ਜਿਹੜਾ ਕਿ ਚੌਧਰੀ ਕੇਵਲ ਕ੍ਰਿਸ਼ਨ ਨੇ ਪੇਸ਼ ਕੀਤਾ ਹੈ, ਜਦੋਂ ਮੈਂ ਇਸ ਨੂੰ ਪੜ੍ਹਿਆ ਤਾਂ ਮੈਨੂੰ ਇਉਂ ਮਾਲੂਮ ਹੋਇਆ ਕਿ ਇਹ ਪੰਜਾਬ ਅਸੈਂਬਲੀ ਦੀ ਬਜਾਏ ਪਾਰਲੀਮੈਂਟ ਦੇ ਵਿਚ ਪੇਸ਼ ਹੋਣਾ ਚਾਹੀਦਾ ਸੀ । ਮੈਂ ਇਸ ਦੇ ਸਬੰਧ ਵਿਚ ਆਪਣੀ ਇਕ ਅਮੈਂਡਮੈਂਟ ਵੀ ਦਿੱਤੀ ਸੀ ਜਿਹੜੀ ਕਿ ਮਨਜ਼ੂਰ ਨਹੀਂ ਹੋਈ, ਉਹ ਇਸ ਤਰ੍ਹਾਂ ਸੀ :

I had given notice of the following amendment to this Resolution.—

> "That in the resolution of Chaudhri Kewal Krishan, M.L.A. the following words may be added between the words 'steps' and 'so'— to approach the Government of India to revise the Fourth Plan in such a way as to make more financial provisions and give more powers to the State."

ਚੇਅਰਮੈਨ ਸਾਹਿਬ, ਜਿਹੜੀ ਅਮੈਂਡਮੈਂਟ ਮੈਂ ਪੇਸ਼ ਕੀਤੀ ਸੀ, ਮੈਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਜਿਥੋਂ ਤੱਕ ਸਾਡੇ ਮੁਲਕ ਦੇ ਖੁਰਾਕ ਦਾ ਮਸਲਾ ਹੈ ਇਹ ਬਹੁਤ ਹੀ ਅਹਿਮ ਮਸਲਾ ਹੈ । ਹਰ ਸ਼ਹਿਰੀ ਦੇ ਵਾਸਤੇ ਆਜ਼ਾਦੀ ਮਿਲਣ ਤੋਂ ਬਾਅਦ ਅਸੀਂ ਕਿਤਨਾ ਕੁ ਕੁਝ ਕਰ ਸਕੇ ਹਾਂ, ਇਹ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪਹਿਲੀ ਪੰਜ-ਸਾਲਾ ਪਲਾਨ ਵਿਚ ਐਗਰੀਕਲਚਰਲ ਗਰੋਥ 3.8% ਸੀ ਜਦੋਂ ਕਿ ਕੰਟਰੀ ਦੀ ਗਰੋਥ ਸਿਰਫ 2.8% ਸੀ ਇਸੇ ਤਰ੍ਹਾਂ ਦੂਸਰੀ ਫਾਈਵ ਈਅਰ ਪਲਾਨ ਦੇ ਵਿਚ ਐਗਰੀਕਲਚਰਲ ਗਰੋਥ 5.1% ਸੀ ਜਦੋਂ ਕਿ ਹਿੰਦੁਸਤਾਨ ਦੇ ਵਿਚ ਪੈਦਾਵਾਰ 3.9% ਹੋਈ । ਅੱਜ ਜਦੋਂ ਕਿ ਇਹ ਰਾਜ ਪ੍ਰਬੰਧ ਸ਼ਰੋਮਣੀ ਅਕਾਲੀ ਦਲ ਦੇ ਹੱਥ ਵਿਚ ਆ ਗਿਆ ਹੈ, ਜਿਹੜੀ ਪਾਰਟੀ ਕਿ ਇਸ ਵੇਲੇ ਇਨ ਪਾਵਰ ਹੈ, ਇਸ ਸਬੰਧ ਵਿਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ (*Interruption*) 1947-48 ਵਿਚ ਹੋਈ ਗਰੋਥ ਨਾਲੋਂ 26.50 ਪ੍ਰਤੀਸ਼ਤ ਵਧ ਹੈ । ਮੈਂ ਸਮਝਦਾ ਹਾਂ ਕਿ ਇਹ ਵਾਧਾ ਇਕ ਤਕੜਾ ਵਾਧਾ ਹੈ ਅਤੇ ਇਸ ਲਈ ਮੈਂ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਥੋਂ ਤਕ ਫੂਡ ਦੀ ਪ੍ਰੋਡਕਸ਼ਨ ਦਾ ਸਬੰਧ ਹੈ, ਚੇਅਰਮੈਨ ਸਾਹਿਬ ਮੈਂ ਅਰਜ਼ ਕਰਦਾ ਹਾਂ ਜਦ ਤਕ ਕੁਝ ਸਹੂਲਤਾਂ ਨਹੀਂ ਮਿਲਦੀਆਂ ਉਨਾਂ ਚਿਰ ਤਕ ਪਰੋਡਕਸ਼ਨ ਵਧ ਨਹੀਂ ਸਕਦੀ । ਸਭ ਤੋਂ ਪਹਿਲੀ ਚੀਜ਼ ਹੈ, ਬੈਟਰ ਕਲਟੀਵੇਸ਼ਨ । ਜਦੋਂ ਤਕ ਕਲਟੀਵੇਸ਼ਨ ਠੀਕ ਢੰਗ ਦੇ ਨਾਲ ਨਹੀਂ ਹੁੰਦੀ ਉਨਾਂ ਚਿਰ ਤਕ ਪਰੋਡਕਸ਼ਨ ਨਹੀਂ ਵਧ ਸਕਦੀ। ਸਭ ਤੋਂ ਪਹਿਲੀ ਗੱਲ ਹੈ ਬੈਟਰ ਕਲਟੀਵੇਸ਼ਨ ਦੇ ਲਈ ਇੰਪਲੀਮੈਂਟਸ । ਚੇਅਰ ਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇੰਪਲੀਮੈਂਟਸ ਦੀ ਇੰਪੋਰਟ ਅਤੇ ਡਿਸਟ੍ਰੀਬਿਊਸ਼ਨ ਸੈਂਟਰ

ਸਰਦਾਰ ਪਰਤਾਪ ਸਿੰਘ ਕਾਦੀਆਂ]

ਦੀ ਸਰਕਾਰ ਦੇ ਪਾਸ ਹੈ। ਮੈਂ ਤੁਹਾਡੇ ਰਾਹੀਂ ਮੈਂਬਰਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਟਰੈਕਟਰ ਜਿਹੜੇ ਕਿ ਸੈਂਟਰ ਦੇ ਅਧਿਕਾਰ ਵਿਚ ਹਨ, ਜਿਵੇਂ ਕਿ ਫਰਗੂਸਨ ਟਰੈਕਟਰ, ਇਨ੍ਹਾਂ ਦੀ ਬਲੈਕ ਅਜ ਵੀ 16-17 ਹਜ਼ਾਰ ਰੁੱਪਏ ਹੈ। ਜਦੋਂ ਤਕ ਕਿਸਾਨਾਂ ਨੂੰ ਚੰਗੇ ਅਤੇ ਸਸਤੇ ਟਰੈਕਟਰ ਨਹੀਂ ਮਿਲ ਜਾਂਦੇ ਉਨੀ ਦੇਰ ਤਕ ਪਰੋਡਕਸ਼ਨ ਨਹੀਂ ਵਧ ਸਕਦੀ। ਇਸ ਲਈ, ਮੈਂ ਅਰਜ਼ ਕਰਦਾ ਹਾਂ ਕਿ ਜੇ ਪਰੋਡਕਸ਼ਨ ਵਧਾਉਣੀ ਹੈ ਤਾਂ ਪਹਿਲਾਂ ਕਿਸਾਨਾਂ ਨੂੰ ਚੰਗੇ ਅਤੇ ਸਸਤੇ ਟਰੈਕਟਰ ਮੁਹੱਈਆ ਕਰਨੇ ਚਾਹੀਦੇ ਹਨ।

ਦੂਸਰੀ ਗੱਲ ਹੈ ਫਰਟੇਲਾਈਜ਼ਰ ਦੀ। ਚੇਅਰਮੈਨ ਸਾਹਿਬ, ਜਦੋਂ ਤਕ ਫਰਟੇਲਾਈਜ਼ਰ ਵੀ ਕਿਸਾਨ ਨੂੰ ਨਹੀਂ ਮਿਲਦੀ ਉਨੀ ਦੇਰ ਤਕ ਪਰੋਡਕਸ਼ਨ ਦੇ ਵਿਚ ਵਾਧਾ ਨਹੀਂ ਹੋ ਸਕਦਾ। ਇਥੇ ਕਿਹਾ ਜਾ ਸਕਦਾ ਹੈ ਕਿ ਖਾਦ ਤਾਂ ਕਿਸਾਨ ਨੂੰ ਮਿਲਦੀ ਹੀ ਰਹੀ ਹੈ, ਪਰ ਮੈਂ ਅਰਜ਼ ਕਰਦਾ ਹਾਂ ਕਿ ਉਹ ਖਾਦ ਬਹੁਤ ਮਹਿੰਗੀ ਮਿਲਦੀ ਰਹੀ ਹੈ ਅਤੇ ਇਹ ਅਨਇਕਨਾਮਿਕ ਸਾਬਤ ਹੁੰਦੀ ਹੈ। ਇਸ ਦਾ ਅਸਰ ਕਲਟੀਵੇਸ਼ਨ ਤੇ ਪੈਂਦਾ ਹੈ। ਟਰੈਕਟਰਾਂ ਦੀ ਇੰਮਪੋਰਟ ਡਿਸਟਰੀਬਿਊਸ਼ਨ ਦੀ ਤਰ੍ਹਾਂ ਖਾਦ ਦੀ ਡਿਸਟ੍ਰੀਬਿਊਸ਼ਨ ਵੀ ਸੈਂਟਰ ਦੀ ਗੌਰਮਿੰਟ ਦੇ ਅਧਿਕਾਰ ਦੇ ਵਿੱਚ ਹੈ। ਚੇਅਰਮੈਨ ਸਾਹਿਬ, ਇਹ ਕਿਹਾ ਗਿਆ ਹੈ ਕਿ ਕਿਸਾਨ ਨੂੰ ਖਾਦ ਦੇ ਪਾਉਣ ਨਾਲ ਬੜਾ ਲਾਭ ਹੁੰਦਾ ਹੈ, ਮੈਂ ਤੁਹਾਡੇ ਰਾਹੀਂ ਸਦਨ ਨੂੰ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਇਹ ਕਿਸਾਨ ਨੂੰ ਅਨਇਕਨਾਮਿਕ ਪੈਂਦੀ ਹੈ। ਉਸ ਦਾ ਨੈੱਟ ਪ੍ਰਾਫਿਟ ਘਟ ਹੁੰਦਾ ਹੈ। ਇਹ ਜੋ ਗਰੀਨ ਰੈਵੋਲਿਊਸ਼ਨ ਦੀ ਗੱਲ ਹੁੰਦੀ ਹੈ, ਇਹ ਖਤਮ ਹੋ ਜਾਵੇਗੀ ਜੇ ਕਿਸਾਨ ਨੂੰ ਚੰਗੀ ਅਤੇ ਸਸਤੀ ਖਾਦ ਨਾ ਸਪਲਾਈ ਕੀਤੀ ਗਈ। ਚੇਅਰਮੈਨ ਸਾਹਿਬ, ਜੋ ਪ੍ਰਾਈਸਿਜ਼ ਵਧਦੀਆਂ ਹਨ ਇਸ ਦੇ ਨਾਲ ਕਿਸਾਨ ਨੂੰ ਜੋ ਵਧ ਆਮਦਨੀ ਹੁੰਦੀ ਹੈ, ਇਸ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ। ਕਿਉਂਕਿ ਪ੍ਰਾਈਸਿਜ਼ ਵਧਣ ਦੇ ਨਾਲ ਇਨਫਲੇਸ਼ਨ ਵਧਦੀ ਹੈ ਅਤੇ ਕੈਸ਼ ਦੀ ਕੀਮਤ ਘਟ ਜਾਂਦੀ ਹੈ। ਜ਼ਿੰਦਗੀ ਦੀਆਂ ਜ਼ਰੂਰਤਾਂ ਮਹਿੰਗੀਆਂ ਹੋ ਜਾਂਦੀਆਂ ਹਨ। ਇਸ ਲਈ, ਕਿਸਾਨ ਨੂੰ ਇਹ ਸਾਰੀ ਪ੍ਰੋਡਕਸ਼ਨ ਅਨਇਕਨਾਮਿਕ ਹੀ ਪੈਂਦੀ ਹੈ। ਇਸ ਲਈ, ਇਹ ਵੀ ਸੈਂਟਰਲ ਸਰਕਾਰ ਦੇ ਅਧਿਕਾਰ ਦੇ ਵਿਚ ਹੈ ਕਿ ਉਹ ਇਸ ਇਨਫਲੇਸ਼ਨ ਨੂੰ ਰੋਕੇ।

ਫਿਰ ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਬੇਟਰ ਕਲਟੀਵੇਸ਼ਨ ਦੇ ਸਬੰਧ ਵਿਚ ਤੀਸਰੀ ਚੀਜ਼ ਹੈ ਇਰੀਗੇਸ਼ਨ। ਇਰੀਗੇਸ਼ਨ ਦੇ ਤਰੀਕਿਆਂ ਵਿਚੋਂ ਸਭ ਤੋਂ ਚੰਗਾ ਅਤੇ ਸਸਤਾ ਤਰੀਕਾ ਹੈ, ਕੈਨਾਲ ਦਾ, ਦੂਸਰਾ ਇਕਨਾਮਿਕ ਤਰੀਕਾ ਹੈ ਬਿਜਲੀ ਦੇ ਟਿਊਬਵੈਲਾਂ ਦਾ ਅਤੇ ਸਭ ਤੋਂ ਮਹਿੰਗਾ ਤਰੀਕਾ ਹੈ ਡੀਜ਼ਲ ਦੇ ਇੰਜਣ ਦਾ। ਮੈਂ ਅਰਜ਼ ਕਰਦਾ ਹਾਂ ਕਿ ਜੇ ਅਸੀਂ ਪੰਜਾਬ ਵਿਚ ਕੈਨਾਲ ਦੇ ਰਾਹੀਂ ਇਰੀਗੇਸ਼ਨ ਨਹੀਂ ਕਰ ਸਕਦੇ ਤਾਂ ਇਹ ਵੀ ਕਿਸਾਨ ਨੂੰ ਅਨਇਕਨਾਮਿਕ ਹੀ ਪਏਗੀ। ਚੇਅਰਮੈਨ ਸਾਹਿਬ, ਮੈਂ ਇਸ ਸਬੰਧ ਵਿਚ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ। ਇਕ ਟ੍ਰਿਟੀ ਦੇ ਅਧਾਰ ਤੇ ਰਾਵੀ ਦਾ ਪਾਣੀ ਪਾਕਿਸਤਾਨ ਨੂੰ ਮਿਲਣਾ ਸੀ ਅਤੇ ਇਹ ਟ੍ਰਿਟੀ 31 ਮਾਰਚ ਨੂੰ ਖਤਮ ਹੋ ਗਈ ਹੈ। ਚਾਹੀਦਾ ਤਾਂ ਇਹ ਸੀ ਕਿ 31 ਮਾਰਚ ਤੋਂ ਬਾਅਦ ਇਹ ਪਾਣੀ ਆਪਣੇ ਸੂਬੇ ਵਿਚ ਵਰਤਣ ਲਈ ਕੋਈ ਸਕੀਮ ਤਿਆਰ ਕੀਤੀ ਹੁੰਦੀ ਪਰ ਇਸ ਬਾਰੇ ਕੋਈ ਸਕੀਮ ਨਹੀਂ ਬਣਾਈ ਗਈ। ਥੀਨ ਡੈਮ ਬਣਾਉਣ ਦੀ ਜੋ ਤਜਵੀਜ਼ ਹੈ ਉਸ ਦੀ ਰਿਪੋਰਟ ਵਿਚ ਇਹ ਕਿਹਾ ਗਿਆ ਹੈ ਕਿ ਇਹ 6-7 ਸਾਲਾਂ ਦੇ ਵਿਚ ਬਣੇਗਾ। ਇਹ ਅਜ ਤੋਂ 6-7 ਸਾਲ ਪਹਿਲਾਂ ਹੀ ਡੈਮ ਬਣਨਾ ਸ਼ੁਰੂ ਹੋ ਜਾਣਾ ਚਾਹੀਦਾ ਸੀ ਤਾਂ ਕਿ ਅਜ ਜਦੋਂ 31 ਮਾਰਚ ਨੂੰ ਟ੍ਰਿਟੀ ਖਤਮ ਹੋਣੀ ਹੈ, ਇਹ ਪਾਣੀ ਪੰਜਾਬ ਵਿਚ ਵਰਤਿਆ ਜਾ ਸਕਦਾ।

ਚੌਧਰੀ ਸੁੰਦਰ ਸਿੰਘ: ਆਨ ਏ ਪੁਆਇੰਟ ਆਫ ਆਰਡਰ ਸਰ । ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਤੇ ਬੋਲਣ ਜਿਸ ਦੇ ਰਾਹੀਂ ਗਰੀਬਾਂ ਨੂੰ ਰੋਟੀ, ਕਪੜਾ ਅਤੇ ਮਕਾਨ ਦੇਣ ਦੀ ਗੱਲ ਕੀਤੀ ਗਈ ਹੈ, ਇਹ ਤਾਂ ਇਥੇ ਥੀਨ ਡੈਮ ਨੂੰ ਲੈ ਕੇ ਆਪਣੀ ਪਾਰਟੀ ਦਾ ਹੀ ਪ੍ਰਾਪੇਗੰਡਾ ਕਰਨ ਲਗ ਪਏ ਹਨ । ਪਰ ਇਹ ਸਿਆਪੇ ਤਾਂ ਫਿਰ ਵੀ ਹੁੰਦੇ ਰਹਿਣਗੇ, ਇਸ ਵੇਲੇ ਇਨ੍ਹਾਂ ਨੂੰ ਰੈਜ਼ੋਲਿਊਸ਼ਨ ਤੇ ਬੋਲਣ ਲਈ ਕਹੋ ।

ਸਰਦਾਰ ਪ੍ਰਤਾਪ ਸਿੰਘ ਕਾਦੀਆਂ: ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਚੌਧਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਪੈਦਾਵਾਰ ਵਧੇਗੀ ਤਾਂ ਹੀ ਲੋਕ ਖਾਣਗੇ । ਜੇ ਇਹ ਥਿਊਰੀ ਹੀ ਰਹਿਣੀ ਹੈ ਕਿ ਅਮਰੀਕਾ ਤੋਂ ਮੰਗਵਾ ਕੇ ਲੋਕਾਂ ਨੂੰ ਕਣਕ ਦੇਣੀ ਹੈ ਤਾਂ ਤੁਸੀਂ 2 ਸਦੀਆਂ ਤਕ ਵੀ ਲੋਕਾਂ ਨੂੰ ਰੋਟੀ ਅਤੇ ਕੱਪੜਾ ਨਹੀਂ ਦੇ ਸਕੋਗੇ । ਇਸ ਲਈ, ਮੈਂ ਅਰਜ਼ ਕਰਦਾ ਹਾਂ ਕਿ ਖੇਤੀ ਬਾੜੀ ਨੂੰ ਵਧਾਉਣ ਲਈ ਇਰੀਗੇਸ਼ਨ ਬਹੁਤ ਜ਼ਰੂਰੀ ਹੈ । ਸੋ ਚੇਅਰਮੈਨ ਸਾਹਿਬ, ਮੈਂ ਰਾਵੀ ਦੇ ਪਾਣੀ ਦੇ ਬਾਰੇ ਕਹਿ ਰਿਹਾ ਸੀ ਕਿ ਥੀਨ ਡੈਮ ਨੂੰ ਅੱਜ ਤੋਂ 6-7 ਸਾਲ ਪਹਿਲਾਂ ਬਣਾਇਆ ਜਾਣਾ ਸ਼ੁਰੂ ਕਰ ਦੇਣਾ ਚਾਹੀਦਾ ਸੀ ....

ਸਰਦਾਰ ਸੰਤੋਖ ਸਿੰਘ: ਆਨ ਏ ਪੁਆਇੰਟ ਆਫ ਆਰਡਰ ਸਰ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ । ਚੇਅਰਮੈਨ ਸਾਹਿਬ, ਤੁਸੀਂ ਅੰਮ੍ਰਿਤਸਰ ਦੇ ਹੋ ਅਤੇ ਮੈਂ ਗੁਰਦਾਸਪੁਰ ਜ਼ਿਲ੍ਹੇ ਦਾ ਹਾਂ । ਇਹ ਰਾਵੀ ਦੇ ਪਾਣੀ ਦੀ ਗੱਲ ਕਰਦੇ ਹਨ, ਪਰ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਹਿਰਾਂ ਸਾਡੇ ਕੋਲ ਵੀ ਹਨ ਉਨ੍ਹਾਂ ਦੇ ਵਿਚ ਵੀ ਪਾਣੀ ਕਿਥੇ ਹੈ ? ਬਾਰਸ਼ ਹੋਈ ਨਹੀਂ ਅਤੇ ਮਾਧੋਪੁਰ ਹੈੱਡ ਵਰਕਸ ਅਤੇ ਅਪਰ ਬਾਰੀ ਦੁਆਬ ਵਿਚ ਮਾੜਾ ਮੋਟਾ ਵੀ ਪਾਣੀ ਨਹੀਂ ਹੈ। (ਵਿਘਨ) ਇਹ ਖ਼ੁਦਾ ਦਾ ਕਹਿਰ ਹੈ ਇਸ ਲਈ, ਤੁਸੀਂ ਕੁਝ ਚੰਗੇ ਸਟੈੱਪ ਲਓ ਤਾਂ ਹੀ ਕੁਝ ਹੋ ਸਕਦਾ ਹੈ ।

ਸਰਦਾਰ ਪ੍ਰਤਾਪ ਸਿੰਘ ਕਾਦੀਆਂ : ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਾਂ ਤਾਂ ਸੈਂਟਰ ਦੀ ਸਰਕਾਰ ਨੂੰ ਉਥੇ ਕੋਈ ਡੈਮ ਬਣਾਉਣਾ ਚਾਹੀਦਾ ਸੀ ਜਾਂ ਉਸ ਵੇਲੇ ਪੰਜਾਬ ਦੀ ਜਿਹੜੀ ਸਰਕਾਰ ਸੀ ਉਸ ਨੂੰ ਇਸ ਪ੍ਰਕਾਰ ਦੀ ਕੋਈ ਤਜਵੀਜ਼ ਸੈਂਟਰ ਕੋਲ ਭੇਜਣੀ ਚਾਹੀਦੀ ਸੀ ਅਤੇ ਸੈਂਟਰ ਨੂੰ ਉਸ ਨੂੰ ਮੰਨਜ਼ੂਰ ਕਰ ਲੈਣਾ ਚਾਹੀਦਾ ਸੀ ਪਰ ਇਸ ਤਰ੍ਹਾਂ ਨਹੀਂ ਹੋਇਆ ਇਸ ਦਾ ਅਸਰ ਇਹ ਹੋਵੇਗਾ ਕਿ ਰਾਵੀ ਦਾ ਪਾਣੀ ਅਸੀਂ ਪੰਜਾਬ ਵਿਚ ਨਹੀਂ ਵਰਤ ਸਕਾਂਗੇ ।

ਫਿਰ ਚੇਅਰਮੈਨ ਸਾਹਿਬ, ਮੈਂ ਇਨਫਲੇਸ਼ਨ ਦੀ ਗੱਲ ਕੀਤੀ ਸੀ । ਮੈਨੂੰ ਯਾਦ ਆ ਗਿਆ ਕਿ 'ਹਿੰਦ ਸਮਾਚਾਰ' ਵਿਚ ਲਿਖਿਆ ਸੀ ਕਿ.........

Mr. Chairman: The House stands adjourned till 2.00 P.M. to-day, the 21st January, 1971.

1.00 P.M. | *[The Sabha then adjourned till 2-00 P.M. on Thursday, the 21st January, 1971.]*

2116—27-3-71—280 Copies C. P. and Stationery Punjab Patiala.

Name
Comm

1. A

2. Jul
3. Bh

APPENDIX

to

PUNJAB VIDHAN SABHA DEBATES

Vol. I—No. 5

Dated 21st January, 1971

GRANTS-IN-AID GIVEN TO LOCAL BODIES

*2189. **Sardar Partap Singh Kadian** : Will the Minister of State for Medical Education and Local Government be pleased to state—

(a) the amount of grant-in-aid given to Local Bodies in the State during the years 1966-67, 1967-68, 1968-69 and 1969-70, separately;

(b) whether the utilisation certificates in respect of the said grant were furnished by the Local Bodies concerned in time;

(c) if the answer to part (b) above be in the negative, the number of such certificates, if any, furnished after delay of over one year, over two years and over three years and so on;

(d) whether there are any unspent grants-in-aid with any Local Bodies, if so, the names and the amount in each case ?

ਸਰਦਾਰ ਰਵੇਲ ਸਿੰਘ :

(ੳ) (ਅ) (ੲ) ਅਤੇ (ਸ) ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟਾਂ ਵਿਚ ਦਿਤੀ ਜਾਂਦੀ ਹੈ ।

Statement showing the amounts of grants-in-aid given to the Municipal Committees during the year 1966-67.

Name of the Committee	Amount	Answer to points raised in (b), (c) and (d)
	Rs.	
1. Abohar	1,392	Utilized & Utlization Certificate has been sent to A. G., Punjab in time.
2. Jullundur	2,625	Ditto
3. Bhatinda	10,000	Amount could not be utilized & had been refunded to the State Govt.

	Name of the Committee	Amount	Answer to points raised in (b), (c) & (d)
		Rs.	
4.	Nurmahal	22,437	Utilized & utilization certificate sent in time
5.	Hoshiarpur	7,000	Ditto
6.	Garhshanker	500	Ditto
7.	Mukerian	2,240	Ditto
8.	Phagwara	7,500	Utilized but certificates has not been sent to audit
9.	Kartarpur	625	Utilized. Certificate furnished.
10.	Giddarbaha	1,080	Rs. 783.59 have been utilized & Rs. 296.41 refunded to Govt.
11.	Dera Bassi	500	Utilized & certificate sent
12.	Jabalabad	3,935	Rs. 1411.85 are unspent. Utilization certificate sent in time for rest of the amount.
13.	Moga	29,000	Utilized. Certificate has been sent to audit in time.
14.	Patiala	3,542	Rs. 1,637.13 have been refunded to Government Rs. 1,904.88, were spent during 1967-68 and utilization certificates sent in time.
15.	N. A. C. Rajpura	5,070	Amount refunded in full.
16.	Nabha	11,500	Utilized & Utilization Certificate has been sent to audit in time.
17.	Sangrur	52,506	Ditto
18.	Sunam	4,000	Utilized & utilization certificate sent to audit in time.
19.	Dhuri	6,017	Ditto
20.	Bhawanigarh	14,570	Ditto
21.	Bhahadur	200	Ditto
22.	Ahmadgarh	201	Ditto
23.	Ludhiana	8,880	Ditto
24.	Khanna	1,375	Ditto
25.	Samrala	2,000	Ditto
26.	Ropar	889	Ditto
27.	Kharar	600	Ditto
28.	Nangal T. Ship	2,267	Ditto
29.	Phillaur	97.31	Ditto
30.	Budhlada	1118.70	Ditto

Name of Committee	Amount	Answer to points raised in (b), (c) and (d)
	Rs.	
31. Maur	1,040	Rs. 487.95 has been refunded to Govt. Rest of the amount has been utilized and certificate has been sent.
32. Kot Kapura	1,67,445	Utilized & utilization certificate has been sent. in time.
33. Gonjana	500	Utilized & utilization certificate has not been sent in time.
34. Ferozepur	90	Dittto Delay for more than two years.
35. Fazilka	240	Utilized & utilization certificate has been sent in time.
36. Zira	500	Ditto
37. Chheharta	2,285	Rs. 935 have been utilized and utilization certificate has been sent in time Rs. 1350 have been refunded to Govt.
38. Ramdass	399	Utilized & utilization certificate has been sent in time.
39. Patti	256.81	Ditto
40. Tarn Taran	11,048	Ditto
41. Amritsar	1,48,000	Rs. 37,500 have been utilized but utilization certificate has not so far been sent to the audit.
42. Khem Karan	30,262,31	No utilization has been sent so far. Delay of four years.
43. Gurdaspur	777	Utilized and utilization certificate sent in time.
44. Sujanpur	13,588	Utilized and utilization certificates has been seut in time.
45. Pathankot	4,940	Ditto
Grand Total :	5,75,028	

[Minister of State for Medical Education and Local Government]

Statement showing the amounts of grant-in-aid given to the Municipal Committees during the year 1967-68

Name of the Committee	Amount	Answer to points raised in (b), (c) & (d)
	Rs.	
1. Abohar	4419.31	Utilized and Utilization Certificate has been sent to A.G. in time.
2. Jullundur	3,500	Ditto
3. Bassi Pathana	5,070	Rs. 3,031 are lying unspent due to non-availability of Facility Planning trained staff. Utilization Certificate is awaited.
4. Bhatinda	2,500	Utilization certificate has been furnished in time.
5. Banga	1,000	Ditto
6. Nurmahal	2,560 24,262	Not yet spent utilized certificate awaited.
7. Hoshiarpur	7,000	Rs. 3,769.35 utilized in time and Rs. 320.79 refunded to Government.
8. Phagwara	2,500	Utilized but certificate is awaited.
9. Kartarpur	4,047 1,000	Rs. 1,844.54 are unspent. No utilization certificate has been furnished
10. Nawanshahar	21,082	Rs. 1,500 have been utilized and certificate sent but Rs. 19,582 have been deposited with Public Health
11. Sanaur	3,560	Rs. 1,410 are unspent. Utilization Certificate for Rs. 2,150 has been sent.
12. Giddarbaha	5,570	Utilized in three years. Certificate sent.
13. Amloh	12,560	No Utilization Certificate has been sent Rs. 394.50 are still unspent.
14. Jalalabad	2,000	Utilized and certificate sent in time.
15. Moga	15,000	Rs. 5,203.92 have been utilized and certificate therefor has been sent to audit. Rs. 9,796.08 are still lying unspent. Because Family Planning Centre was closed from 1st February, 1970.
16. Patiala	8,800	Rs. 500 were refunded to Government Rs. 1,079 were spent and Rs. 7,221 are lying unspent

Name of the Committee	Amount Rs	Answer to points raised in (b), (c) and (d)
17. Sirhind	2,700	Utilized and utilization certificate sent to audit in time.
18. N.A.C. Rajpura	800	Utilized and Utilization Certificate sent in time.
19. Rajpura	500	Ditto
20. Sunam	15,000	Ditto
21. Dhuri	500	Ditto
22. Bhadaur	875	Ditto
23. Dhanaula	40,000	Deposited with the Public Health Department for disposal works.
24. Ahmadgarh	680	Utilized and utilization certificate sent for Rs. 180 But certificate for Rs. 500 is awaited.
25. Ludhiana	31,600	Utilized and utilization certificate has been sent in time.
26. Doraha	2,560	Utilized and utilization certificate has been sent in time.
27. Samrala	2,043	Ditto
28. Raikot	5,183	Ditto
29. Ropar	21,499	Ditto
30. Morinda	2,560	Ditto
31. Kharar	4,918	Ditto
32. Kurali	2,560	Rs. 1,544 are lying unspent with the Committee. Rest of amount has utilized and utilization certificate has been sent.
33. Nangal-Township	2,266	Utilized and utilization certificate has been sent.
34. Phillaur	97.31	Utilized and utilization certificate has been sent in time.
35. Budhlada	1,420	Ditto
36. Maur	500	Refunded to Government.
37. Jaitu	250	Utilized and utilization certificate has been sent in time.

[Minister of State for Medical Education and Local Government]

Name of the Committee	Amount	Answer to points raised in (b), (c) & (d)
	Rs	
38. Ferozepur	6,000	Utilized and utilization certificate has not been sent for more than two years.
39. Abohar	4,419	Utilized and utilization certificate has been sent in time.
40. Fazilka	270	Utilized and utilization certificate sent in time.
41. Zira	1,000	Ditto
42. Dharamkot	2,560	Lying unspent.
43. Tankanwali	5,566	Ditto
44. Talwandi Bhai	2,040	Ditto
45. Guru Har Sahai	1,300	Refunded to Government.
46. Chheharta	8,000	Utilized and utilization certificate has been sent in time.
47. Malout	5,070	Rs. 225 have been utilized. Rs. 4,845 are lying unspent.
48. Ram Dass	399	Utilized and utilization certificate has been sent in time.
49. Patti	16,256.81	Ditto
50. Tarn Taran	17,249.00	Ditto
51. Majitha	12,672	Rs. 9,672 are lying unspent. Utilization Certificate has been sent in time for Rs. 3,000
52. Amritsar	40,539	Utilized and utilization certificate sent in time.
53. Khem Karan	262	Utilized and utilization certificate has been sent in time.
54. Quadian	5,070	Ditto
55. Dhariwal	2,560	Utilized but utilization certificate has not been sent. Delay is of two years
56. Gurdaspur	4,008	Utilized and utilization certificate has been sent in time.
57. Pathankot	15,287.44	Utilized and utilization certificate sent in time.
58. Dina Nagar	2,560	Lying unspent so far.
59. Batala	3,500	Utilized and utilization certificate has been sent in time.
Grand Total	4,00,685.56	

Statement showing the amounts of grant-in-aid given to the Municipal Committees during the year 1968-69.

Name of the Municipal Committee	Amount	Answer to points raised in (b), (c) and (d).
	Rs	
1. Abohar	6,949	Utilization Certificates have been sent to A.G. Punjab, in time.
2. Jullundur	27,700	Ditto
3. Bassi Pathana	20,000	Whole amount has been spent. Utilization Certificate is being sent by the M.C.
4. Nakodar	400	Utilized except Rs 110.
5. Nurmahal	500	Rs. 31 are unspent.
6. Rahon	1,000	Utilized except Rs. 95.03 certificate for partial amount sent to Audit.
7. Hoshiarpur	53,000	Utillzed in time and certificate sent.
8. Kapurthala	10,880	Ditto
9. Kartarpur	27,500	Rs. 25,000 are unspent. The Utilization Certificate for 2,500 has been furnished.
10. Nawanshahar	9,700	Utilized in time and certificate furnished.
11. Dasuya	25,000	Utilized. Certificate is being sent.
12. Sanaur	1,500	Utilized and utilization certificate sent.
11. Amloh	1,500	Ditto
14. Bareta	1,500	Ditto
15. Dera Bassi	32,000	Ditto
16. Jalalabad	1,500	Utilized and certificate sent in time.
17. Dasuya	25,000	Utilized and certificate has not sent to audit in time.
18. Moga	4,000	Ditto
19. Sirhind	2,000	Ditto
20. N.A.C. Rajpura	1,000	Ditto
21. Gobindgarh	1,500	Ditto
22. Rajpura	2,000	Ditto
23. Samana	37,500	Ditto

[Minister of State for Medical Education and Local Government]

	Name of the Committee	Amount Rs	Answer to points raised in (b), (c), and (d)
	1	2	3
24.	Dhuri	1,802	Utilized Certificate has not sent to audit in time.
25.	Barnala	500	Ditto
26.	Ahmadgarh	180	Ditto
27.	Ludhiana	36,600	Ditto
28.	Khanna	4,000	Ditto
29.	Samrala	2,043	Ditto
30.	Jagraon	44,100	Utilized and Utilization certificate was sent after one year.
31.	Raikot	5,744	Utilized & Utilization certificate was sent in time.
32.	Rupar	49,129	Utilized and utilization certificate has been sent in time.
33.	Morinda	3,840	Ditto
34.	Kharar	2,473	Ditto
35.	Anandpur Sahib	6,000	Ditto
36.	Nangal Township	2,266	Ditto
37.	Phillaur	3,797.31	Ditto
38.	Budhlada	1,781	Ditto
39.	Maur	850	Ditto
40.	Raman	5,019	Ditto
41,	Rampura Phul	1,000	Utilized, Utilization certificate has not been sent. Delay more than two years.
42.	Mansa	9,331	Utilized and utilization certificate has not been sent for the last more than two years, except Rs. 625 which are lying unspent.
43.	Kotkapura	3,500	Utilized and utilization certificate has been sent in time.
44.	Jaitu	10,140	Ditto
45.	Bareta	1,500	Ditto
46.	Bhucho Mandi	1,000	Ditto
47.	Ferozepore	1,500	Ditto
48.	Fazilka	285	Ditto
49.	Zira	1,000	Ditto

1		2	3
		Rs	
50.	Dharamkot	750	Utilized but utilization certificate has not been sent for more than two years.
51.	Takanwali	3,381	Lying unspent.
52.	Fatehgarh Churian	3,000	Utilized and utilization certificate sent in time.
53.	Chheharta	1,909	Ditto
54.	Ram Dass	399	Ditto
55.	Patti	27,904.81	Ditto
56.	Tarn Taran	9,840.16	Ditto
57.	Majitha	5,000	Ditto
58.	Amritsar	93,664	Ditto
59.	Khem Karan	262.31	Ditto
60.	Qadian	25,000	Ditto
61.	Gurdaspur	908	Ditto
62.	Pathankot	12,882.44	Ditto
63.	Fatahgarh Churian	3,000	Ditto
64.	Batala	26,000	Ditto
	Grand Total	7,10,510.03	

[Minister of State for Medical Education and Local Government]

Statement showing the amounts of grants-in-aid given to the Municipal Committees during the year 1969-70.

Name of the Municipal Committee	Amount Rs	Answer to points raised in (b). (c) & (d).
1	2	3
1. Abohar	8,017.31	Utilization certificate has been sent to A.G. Punjab.
2. Jullundur	100,000	This amount has been deposited with the C.E.P.H. for the execution of Storm water, Nullah Scheme. Utilization certificate will be sent after the deposited amount is adjusted by the P. H. Department.
3. Bhatinda	11,414	Utilization certificate has been furnished in time.
4. Adampur	20,000	Ditto
5. Hoshiarpur	30,360	Utilized. Utilization certificate is to be sent upto March, 1971.
6. Garhshankar	14,000	Not utilized.
7. Haryana	13,000	Utilized. Certificate will be sent, up to March, 1971.
8. Kapurthala	22,000	Utitization certificate sent in time.
9. Sanaur	1,024	Ditto
10. Phagwara	10,000	Ditto
11. Amloh	210	Ditto
12. Giddarbaha	10,000	Deposited with the Public Health Department for the construction of Treasury.
13. Dera Bassi	20,000	Utilized and certificate has not yet sent.
14. Jalalabad	600	Utilized and certificate sent in time.
15. Moga	50 000	Amount deposited with the Public Health Department for the execution of Sewerage scheme.
16. Rajpura	20,000	Utilized and utilization certificate has been sent in time.
17. Sunam	50,000	Deposited with the Public Health Department.
18. Barnala	20,000	Lying unspent. It is being utilized.

Name of the Municipal Committee	Amount Rs	Answer to points raised in (b), (c) & (d)
19. Bhadhaur	250	Utilized and utilization certificate was sent in time.
20. Doraha	2,437.54	Ditto
21. Khanna	21,044	Ditto
22. Samrala	596	Ditto
23. Raikot	23,264	Ditto
24. Ropar	69,490	Utilized and utilization certificate was sent in time except for Rs. 7,442.15, which are lying unspent.
25. Kharar	2,160	Utilized and Utilization certificate has been sent in time.
26. Kurali	5,000	Ditto
27. Nangal T. Ship	2,517	Ditto
28. Phillaur	139.31	Utilized and utilization certificate has been sent in time.
29. Budhlada	52,407	Ditto
30. Maur	8,467	Utilized and utilisation certificate has been sent in time but Rs. 4,330 are lying unspent.
31. Raman	4,638	Utilized. Utilization certificate has been sent.
32. Rampura Phul	20,000	Lying unspent. Delay more than two years.
33. Mansa	1,800	Utilized and Utilization certificate has been sent for more than two years.
34. Kot Kapura	903	Utilized and utilization certificate has been sent in time.
35. Gonjana	15,129	Utilized and utilization certificate has not been sent in time.
36. Bareta	185	Utilized and utilization certificate has been sent in time.
37. Bhucho Mandi	1,000	Ditto
38. Ferozepore	40,000	Utilized and utilization certificate has not been sent for more than two years.

[Minister of State for Medical Education and Local Government]

Name of the Municipal Committee	Amount Rs	Answer to points raised in (b), (c) & (d)
1	2	3
39. Fazilka	285	Utilized and utilization certificate has been sent in time.
40. Guru Har Sahai	20,000	Ditto
41. Zira	258	Ditto
42. Muktsar	1,478	Ditto
43. Dharamkot	15,000	Lying unspent.
44. Tankanwali	3,006	Ditto
45. Talwandi Bhai	183	Ditto
46. Guru Harshahai	20,000	Utilized and utilization certificate has been sent in time.
47. Chheharta	1.756	Ditto
48. Ram Dass	399	Ditto
49. Patti	454.81	Ditto
50. Taran Taran	6,729	Rs. 3,462.10 are lying unspent Utilization certificate of rest of amount has been sent in time.
51. Amritsar	3,43,441	Utilization certificate has been sent in time.
52. Khem Karan	532.31	Ditto
53. Gurdaspur	22,919.80	Utilized but utilization certificate has not been sent. Delay is of one year.
54. Dhariwal	20,000	Rs. 1,802.76 are lying unspent. Rest of the amount has been utilized and certificate sent.
55. Sri Hargobindpur	14,000	Utilized but utilization certificate has not been sent. Delay is of one year.
56. Pathankot	10,409	Utilized but utilization certificate of Rs. 10,409 has not been sent. Delay is of one year.
57. Dina Nagar	10,000	It is lying unspent.
Grand Total	11,62,902.28	

2116—27-3-71—280 ਕਾਪੀਆਂ ਪੰਜਾਬ ਸਰਕਾਰ ਪਰੈਸ, ਪਟਿਆਲਾ।

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.